# ਕਰਮਾ

(ਸ੍ਵੈ ਜੀਵਨੀ ਮੂਲਕ ਬਿਰਤਾਂਤ)

**ਹੋਰ ਰਚਨਾਵਾਂ :**

1. ਦੁੱਲਾ ਭੱਟੀ (ਸੰਖੇਪ) (2010)
2. ਬੁਲੰਦ ਹਵੇਲੀ (2011)
3. PUNJAB TO PUNJAB (English / Urdu) (2013)
4. ਜੱਗਾ ਡਾਕੂ (2014)
5. ਚੀ ਗੁਵੇਰਾ (ਸ਼ਾਹਮੁਖੀ) (2017)
6. ਮਾਟੀ ਰੂਦਨ ਕਰੇਂਦੀ (2019)
7. ਲੋਹ ਪੁਰਸ਼ ਮਰਜੀਵੜਾ : ਕਾਮਰੇਡ ਤੇਜਾ ਸਿੰਘ ਸੁਤੰਤਰ (ਸ਼ਾਹਮੁਖੀ) (2020)
8. ਅਣਖੀਲਾ ਧਰਤੀ ਪੁੱਤਰ : ਦੁੱਲਾ ਭੱਟੀ (ਗੁਰਮੁਖੀ ਤੇ ਸ਼ਾਹਮੁਖੀ) (2022)
9. ਰਾਵੀ ਦਾ ਰਾਠ : ਰਾਏ ਅਹਿਮਦ ਖਾਨ ਖਰਲ (ਗੁਰਮੁਖੀ ਤੇ ਸ਼ਾਹਮੁਖੀ) (2023)

# ਕਰਮਾ

(ਸ੍ਵੈ ਜੀਵਨੀ ਮੂਲਕ ਬਿਰਤਾਂਤ)

ਧਰਮ ਸਿੰਘ ਗੋਰਾਇਆ

ਪੰਜਾਬੀ ਲੋਕ ਵਿਰਾਸਤ ਅਕਾਦਮੀ
ਲੁਧਿਆਣਾ

**KARMA**
(Biographical Narration)
by : Dharam Singh Goraya
Email : gorayads@yahoo.com
Mob. # 301-653-7029

ISBN No. 978-93-341-7661-2

Price : Rs. 300/-
$ 20 US

First Print : December 2024

*Sole Distributor*
**Singh Brothers**, City Centre, Amritsar.

*Publisher*
**Punjabi Lok Virasat Academy**
Ludhiana

*Printed at*
**Printwell**
146, Industrial Focal Point, Amritsar.
www.printwell.org

## ਸਮਰਪਣ

ਮਾਂ ਮਿੱਟੀ ਰਣਸੀਂਹ ਕੇ ਮੀਰਾ (ਗੁਰਦਾਸਪੁਰ)
ਜਣਨਹਾਰੇ ਮਾਪਿਆਂ ਪਿਤਾ ਸ. ਕਰਤਾਰ ਸਿੰਘ
ਤੇ
ਮਾਤਾ ਸ੍ਰੀਮਤੀ ਪਰਕਾਸ਼ ਕੌਰ
ਸਮੇਤ ਸਮੂਹ ਲੋਕ-ਸ਼ਕਤੀ ਦੀ ਸਮਰਥਾ ਵਿਚ
ਵਿਸ਼ਵਾਸ ਦੇ ਨਾਮ



ਅੱਗਿਉਂ ਹੋ ਕੇ ਫੜਨਾ ਪੈਂਦਾ, ਵਕਤ ਦਾ ਅੱਥਰਾ ਘੋੜਾ।
ਮਾਰ ਪਲਾਕੀ ਜੇ ਚੜ੍ਹ ਜਾਈਏ, ਰਹੇ ਨਾ ਕੋਈ ਤੋੜਾ।
ਆਲਸ ਦੀ ਪੰਡ ਜੇ ਛੰਡ ਦੇਈਏ, ਤੁਰ ਪਈਏ ਲੱਕ ਬੰਨ੍ਹ ਕੇ,
ਹਰ ਮੁਸ਼ਕਿਲ ਨੂੰ ਥੰਮ ਸਕਦੇ ਹਾਂ, ਪਾ ਸਕਦੇ ਹਾਂ ਮੋੜਾ।

ਗੁਰਭਜਨ ਗਿੱਲ

# ਕਰਮਾ ਦੀ ਧਰਮ-ਭੂਮੀ : ਸੁਆਗਤ ਹੈ

ਪੰਜਾਬੀ ਜ਼ੁਬਾਨ ਦੇ ਪ੍ਰਵਾਨਤ ਸਾਹਿੱਤ ਰੂਪਾਂ ਤੋਂ ਬਿਲਕੁਲ ਵੱਖਰੀ ਸਾਹਿੱਤਕ ਵਿਧਾ ਵਾਲੀ ਧਰਮ ਸਿੰਘ ਗੋਰਾਇਆ ਦੀ ਪੁਸਤਕ "ਕਰਮਾ" ਬਹੁਤ ਹੀ ਦਿਲਚਸਪ ਰਚਨਾ ਹੈ। ਇਹ ਸ਼ੁਰੂ ਤਾਂ ਆਪਣੇ ਪਿੰਡ ਰਣਸੀਂਹ ਕੇ ਮੀਰਾ (ਗੁਰਦਾਸਪੁਰ) ਦੇ ਸਭਿਆਚਾਰਕ ਇਤਿਹਾਸ ਤੋਂ ਹੁੰਦੀ ਹੈ ਪਰ ਅੱਗੇ ਤੁਰਦੀ ਤੁਰਦੀ ਸ੍ਵੈ-ਜੀਵਨੀ ਮੂਲਕ ਬਿਰਤਾਂਤ ਬਣ ਜਾਂਦੀ ਹੈ। ਇਹ ਜੀਵਨ ਵੀ ਸਿਰਫ਼ ਧਰਮ ਸਿੰਘ ਦਾ ਨਹੀਂ ਸਗੋਂ ਪੂਰੇ ਕੁਨਬੇ ਦਾ ਸਭਿਆਚਾਰਕ-ਵਿਕਾਸ ਬਿਰਤਾਂਤ ਹੈ। ਕਰਮਾ ਧਰਮ ਸਿੰਘ ਦਾ ਹੀ ਬਦਲਿਆ ਨਾਮ ਹੈ ਜੋ ਆਪਣੇ ਵਿਰਸੇ ਨੂੰ ਨਾਲ ਲੈ ਕੇ ਵਰਤਮਾਨ ਤੀਕ ਪਹੁੰਚਦਾ ਪਹੁੰਚਦਾ ਸਾਰੇ ਪੜ੍ਹਾਵਾਂ ਨੂੰ ਬਾਖ਼ੂਬੀ ਚਿਤਰਦਾ ਹੈ। ਬਚਪਨ, ਸਕੂਲ ਸਿੱਖਿਆ, ਮਾਪਿਆਂ ਦਾ ਖੇਤੀ ਸੰਘਰਸ਼, ਡੇਰਾ ਬਾਬਾ ਨਾਨਕ ਨੇੜਲੀ ਸਰਹੱਦੀ ਪੱਟੀ ਦੇ ਪਿੰਡਾਂ ਦਾ ਜੀਵਨ ਵਿਹਾਰ, ਆਚਾਰ ਤੇ ਕਿਰਦਾਰ ਚਿਤਰਦਾ ਬਿਰਤਾਂਤ ਬੇਹੱਦ ਦਿਲਚਸਪ ਹੈ।

ਮੈਂ ਇਸ ਇਲਾਕੇ ਦਾ ਨਿਕਟ-ਭੇਤੀ ਹੋਣ ਕਰਕੇ ਕਈ ਥਾਈਂ ਇੰਜ ਮਹਿਸੂਸ ਕਰਦਾ ਰਿਹਾ ਕਿ ਮੈਂ ਇਨ੍ਹਾਂ ਘਟਨਾਵਾਂ ਵਾਪਰਨ ਵੇਲੇ ਦਾ ਚਸ਼ਮਦੀਦ ਗਵਾਹ ਹਾਂ।

ਪੰਜਾਬੀ ਬੰਦੇ ਦੀ ਮੜ੍ਹਕ, ਬੁਰਾਈ ਮਿਟਾਉਣ ਲਈ ਅੱਖ ਵਿਚਲੀ ਰੜਕ ਤੇ ਜ਼ਾਲਮ ਦਾ ਜ਼ੁਲਮ ਮੁਕਾਉਣ ਲਈ ਮਾਰੀ ਬੜ੍ਹਕ ਮੇਰੇ ਲਈ ਓਪਰੀ ਨਹੀਂ। ਇਹ ਤਿੰਨੇ ਅੰਗ ਹੀ ਪੂਰੀ ਕਿਤਾਬ ਵਿੱਚ ਰੀੜ੍ਹ ਦੀ ਹੱਡੀ ਹਨ। ਸੁਰਾਂਗਲੀ ਵਾਰਤਕ ਦਾ ਉੱਚਤਮ ਨਮੂਨਾ ਹੈ ਇਹ ਪੁਸਤਕ !

ਧਰਮ ਸਿੰਘ ਗੋਰਾਇਆ ਇਸ ਪੁਸਤਕ ਤੋਂ ਪਹਿਲਾਂ ਦੁੱਲਾ ਭੱਟੀ, (2010) ਬੁਲੰਦ ਹਵੇਲੀ (2010), ਜੱਗਾ ਡਾਕੂ (2014), ਚੀ ਗੁਵੇਰਾ (2017), ਮਾਟੀ ਰੁਦਨ ਕਰੇਂਦੀ (2019) ਲੋਹ ਪੁਰਖ ਮਰਜੀਵੜਾ : ਕਾਮਰੇਡ ਤੇਜਾ ਸਿੰਘ ਸੁਤੰਤਰ (2020), ਅਣਖ਼ੀਲਾ ਧਰਤੀ ਪੁੱਤਰ : ਦੁੱਲਾ ਭੱਟੀ (2022), ਗੁਰਮੁਖੀ ਤੇ ਸ਼ਾਹਮੁਖੀ, ਰਾਵੀ ਦਾ ਰਾਠ : ਰਾਏ ਅਹਿਮਦ ਖਾਂ ਖਰਲ (2023), ਗੁਰਮੁਖੀ ਤੇ ਸ਼ਾਹਮੁਖੀ ਪ੍ਰਕਾਸ਼ਤ ਕਰਵਾ ਚੁੱਕਾ ਹੈ।

ਇੱਕ ਕਿਤਾਬ Punjab to Punjab ਅੰਗਰੇਜ਼ੀ ਤੇ ਉਰਦੂ ਵਿਚ ਸਾਲ 2013 ਅੰਦਰ ਛਪੀ ਸੀ। "ਜੱਗਾ ਡਾਕੂ" ਦਾ ਸੁਧਰਿਆ ਰੂਪ ਨਵੇਂ ਨਾਮਕਰਣ

"ਜੱਗਾ ਸੂਰਮਾ" ਨਾਮ ਹੇਠ ਪ੍ਰਕਾਸ਼ਨ ਅਧੀਨ ਹੈ।

ਧਰਮ ਸਿੰਘ ਗੋਰਾਇਆ ਕਿਰਤੀ ਕਿਸਾਨ ਦਾ ਪੁੱਤਰ ਹੈ। ਕਿਰਤੀ ਕਰਮਸ਼ੀਲ ਵੀਰਾਂ ਦਾ ਵਿਸ਼ਵਾਸਪਾਤਰ ਵੀਰ। ਮੁਹੱਬਤੀ ਤੇ ਮਿਹਨਤੀ ਸਿਰਜਣਸ਼ੀਲ ਭੈਣਾਂ ਦਾ ਸੁਲੱਗ ਵੀਰ।

ਪਿਉ-ਦਾਦਿਓਂ ਘਰ ਵਿੱਚ ਨੰਬਰਦਾਰੀ ਹੋਣ ਕਾਰਨ ਇਲਾਕੇ ਵਿਚ "ਬੁਲੰਦ ਹਵੇਲੀ" ਵਾਲੇ ਇਸ ਦੇ ਪੁਰਖਿਆਂ ਦਾ ਸਮਾਜਿਕ ਦਬਦਬਾ ਵੀ ਬੜਾ ਕਾਇਮ ਸੀ। ਦਾਦਾ ਸੰਤ ਸਿੰਘ ਨੰਬਰਦਾਰ ਦੇ ਘਰ ਜਦ ਵਿਚਕਾਰਲੇ ਪੁੱਤਰ ਪ੍ਰਤਾਪ ਸਿੰਘ ਨੂੰ ਤੀਸਰੇ ਪੁੱਤਰ ਦੀ ਦਾਤ ਮਿਲੀ ਤਾਂ ਉਹ ਧਰਮ ਸਿੰਘ ਕਹਾਇਆ, ਜੋ ਇਸ ਪੁਸਤਕ ਵਿਚ "ਕਰਮਾ" ਹੈ। ਰਾਵੀ ਦਰਿਆ ਦੇ ਕੰਢੇ ਜੰਮਿਆ ਜਾਇਆ ਧਰਮ ਸਿੰਘ ਸਰਕੜਿਆਂ ਦੇ ਨਾਲ ਨਾਲ ਖਹਿੰਦਾ ਖਹਿੰਦਾ ਕਿਵੇਂ ਡੇਰਾ ਬਾਬਾ ਨਾਨਕੋਂ ਸਕੂਲ ਸਿੱਖਿਆ ਹਾਸਲ ਕਰਕੇ ਉਚੇਰੀ ਸਿੱਖਿਆ ਲਈ ਪਹਿਲਾਂ ਗੁਰੂ ਨਾਨਕ ਕਾਲਿਜ ਗੁਰਦਾਸਪੁਰ ਤੇ ਏਥੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਐੱਮ. ਏ. ਕਰਨ ਪਹੁੰਚਿਆ, ਇਹ ਵਾਰਤਾ ਵੀ ਬੜੀ ਦਿਲਚਸਪ ਹੈ। ਗੁਰੂ ਨਾਨਕ ਕਾਲਿਜ ਗੁਰਦਾਸਪੁਰ 'ਚ ਪੜ੍ਹਦਿਆਂ ਕਿਵੇਂ ਵਿਦਿਆਰਥੀ ਸੰਘਰਸ਼ ਕਾਰਨ ਜੇਲ੍ਹ ਯਾਤਰਾ ਕਰਨੀ ਪਈ, ਉਹ ਬਹੁਤ ਹੀ ਦਿਲਚਸਪ ਘਟਨਾ ਹੈ। ਵੱਡੇ ਵੀਰ ਤੇ ਕੌਮੀ ਪ੍ਰਸਿੱਧੀ ਪ੍ਰਾਪਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਰਥ ਸ਼ਾਸਤਰੀ ਡਾ. ਨਿਰਮਲ ਆਜ਼ਾਦ ਦੀ ਪ੍ਰੇਰਨਾ ਤੇ ਜੀਵਨ ਸੇਧ ਕਾਰਨ ਧਰਮ ਸਿੰਘ ਗੋਰਾਇਆ ਦਾ ਅੱਜ ਤੀਕ ਸਾਰਾ ਸਫ਼ਰ ਲੋਕ-ਹਿਤ ਨੂੰ ਪਰਣਾਇਆ ਹੋਇਆ ਹੈ। ਵਿਦਿਆਰਥੀ ਕਾਲ ਵਿਚ ਆਪਣੇ ਕਾਲਿਜ ਪ੍ਰਿੰਸੀਪਲ ਤੇ ਸਿਰਮੌਰ ਪੰਜਾਬੀ ਕਹਾਣੀਕਾਰ ਪ੍ਰਿੰਸੀਪਲ ਸੁਜਾਨ ਸਿੰਘ ਜੀ ਦਾ ਸਾਥੀ ਵਿਦਿਆਰਥੀਆਂ ਨਾਲ ਮਿਲ ਕੇ "ਲੋਕ-ਸਨਮਾਨ" ਕਰਨਾ ਬਹੁਤ ਹੀ ਬੁਲੰਦ ਸੋਚ ਦਾ ਪ੍ਰਤੀਕ ਹੈ। ਨਿੱਕੀਆਂ ਨਿੱਕੀਆਂ, ਖੱਟੀਆਂ ਮਿੱਠੀਆਂ ਅਣਬੋਲੀਆਂ ਮੁਹੱਬਤਾਂ ਦੇ ਵੇਰਵੇ ਇਸ ਲਿਖਤ ਨੂੰ ਰੋਚਕ ਬਣਾਉਂਦੇ ਨੇ।

ਧਰਮ ਸਿੰਘ ਗੋਰਾਇਆ ਦੀ ਹਰ ਲਿਖਤ ਦਾ ਇਹ ਮੀਰੀ ਸੁਭਾਅ ਹੈ ਕਿ ਉਹ ਗੱਲਬਾਤ ਦੇ ਲਹਿਜ਼ੇ ਵਿਚ ਹਰ ਵਾਕਿਆ ਨੂੰ ਰੋਚਕਤਾ ਦੀ ਚਾਸ਼ਨੀ ਨਾਲ ਗੜੁੱਚ ਕਰ ਦੇਂਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਮੈਂ ਵੀ ਇਹ ਪੁਸਤਕ ਦੋ ਵਾਰ ਪੜ੍ਹੀ ਹੈ। ਅਸਲ ਵਿਚ ਇਹ ਕਿਤਾਬ ਨਹੀਂ, ਸਗੋਂ ਵਿਸ਼ਾਲ ਕੈਨਵਸ 'ਤੇ ਵਾਹੀ ਫੁਲਕਾਰੀਆਂ ਵਰਗੀ ਵੱਡ ਆਕਾਰੀ ਪੇਂਟਿੰਗ ਹੈ। ਇਸ ਵਿਚ ਘਟਨਾਵਾਂ ਰੂਪੀ ਰੰਗਾਂ ਦੀ ਘੜਮੱਸ ਨਹੀਂ ਸਗੋਂ ਰੰਗਾਂ ਦੇ ਸੁਮੇਲ ਦਾ ਸਲੀਕਾ ਹੈ। ਇਹ ਸਲੀਕਾ ਵਰਤਮਾਨ ਸਮੇਂ ਵਿਚ ਸ਼ਬਦ-ਸੱਭਿਆਚਾਰ ਵਿੱਚੋਂ ਗ਼ੈਰ ਹਾਜ਼ਰ

ਹੋ ਰਿਹਾ ਹੈ। ਮੈਨੂੰ ਮਾਣ ਹੈ ਕਿ ਮੈਂ ਉਸ ਦੀਆਂ ਦੋ ਕਿਤਾਬਾਂ "ਅਣਖ਼ੀਲਾ ਧਰਤੀ ਪੁੱਤਰ-ਦੁੱਲਾ ਭੱਟੀ" ਅਤੇ "ਰਾਵੀ ਦਾ ਰਾਠ-ਰਾਏ ਅਹਿਮਦ ਖਾਂ ਖ਼ਰਲ" ਵੀ ਛਪਣ ਤੋਂ ਪਹਿਲਾਂ ਪੜ੍ਹੀਆਂ ਤੇ ਵਿਉਂਤੀਆਂ ਹਨ। ਇਨ੍ਹਾਂ ਦੋਹਾਂ ਪੁਸਤਕਾਂ ਉਪਰੰਤ 'ਕਰਮਾ' ਦਾ ਪ੍ਰਕਾਸ਼ਨ ਭਾਵੇਂ ਓਪਰਾ ਲੱਗ ਰਿਹੈ ਪਰ ਇਹ ਵਿਅਕਤੀ-ਵਿਸ਼ੇਸ਼ ਦਾ ਮਹਿਮਾ ਗਾਨ ਨਹੀਂ, ਸਗੋਂ ਧਰਤੀ ਦੀ ਮਰਯਾਦਾ ਵਿੱਚੋਂ ਉੱਸਰੇ ਮਰਦ-ਬੱਚੇ ਦੀ ਆਤਮ-ਬਚਨੀ ਹੈ।

ਬਹੁਤ ਘੱਟ ਕਿਤਾਬਾਂ ਹੁੰਦੀਆਂ ਨੇ ਜੋ ਨੌਜਵਾਨ ਪੀੜ੍ਹੀ ਨੂੰ ਕੋਈ ਸਬਕ -ਸੁਨੇਹਾ ਦੇਂਦੀਆਂ ਹਨ। ਇਹ ਕਿਤਾਬ ਬਿਲਕੁਲ ਡਿੱਗੇ ਬੰਦੇ ਨੂੰ ਪੈਰਾਂ ਸਿਰ ਖੜ੍ਹੇ ਹੋਣ ਦੀ ਪ੍ਰੇਰਨਾ ਦੇਣ ਵਾਲੀ ਹੈ। ਮੈਂ ਵੀ ਇਸ ਪੁਸਤਕ ਨੂੰ ਪੜ੍ਹ ਕੇ ਊਰਜਾਵਾਨ ਹੋਇਆ ਹਾਂ।

ਹੈਂਕੜਬਾਜ਼ੀ ਦਾ ਲੱਕ ਤੇ ਨੱਕ ਲੋਕ ਸ਼ਕਤੀ ਨਾਲ ਕਿਵੇਂ ਭੰਨਣਾ ਹੈ, ਇਸ ਪੁਸਤਕ ਵਿਚ ਥਾਂ ਪਰ ਥਾਂ ਇਸ ਦਾ ਬਹੁਤ ਹੀ ਰੋਚਕ ਜ਼ਿਕਰ ਹੈ। ਲੋਕ ਸ਼ਕਤੀ ਅੱਗੇ ਹਥਿਆਰ ਕਿਵੇਂ ਨਿਗੂਣੇ ਹੋ ਜਾਂਦੇ ਨੇ, ਇਹ ਪੁਸਤਕ ਉਸ ਦ੍ਰਿਸ਼ ਦੇ ਦਰਸ਼ਨ ਕਰਵਾਉਂਦੀ ਹੈ।

ਇਸ ਕਿਤਾਬ ਵਿਚ ਕਤਲ ਉਪਰੰਤ ਵੱਡੇ ਵੀਰ ਕੁਲਵੰਤ ਸਿੰਘ (ਕੰਤਾ) ਦੀ ਜੇਲ੍ਹਬੰਦੀ ਤੇ ਉਥੋਂ ਦਾ ਹਾਲ ਹਵਾਲ ਅੱਖਾਂ ਖੋਲ੍ਹਣ ਵਾਲਾ ਹੈ। ਪੁਲੀਸ ਤੇ ਜੇਲ੍ਹਤੰਤਰ ਦੇ ਭ੍ਰਿਸ਼ਟਾਚਾਰ ਦੀ ਚਾਲ ਅੱਜ ਵੀ ਮੱਠੀ ਨਹੀਂ ਪਈ। ਸਰਕਾਰੀ ਸਰਪ੍ਰਸਤੀ ਤੇ ਸਿਆਸੀ ਪੁਸ਼ਤ-ਪਨਾਹੀ ਦੀ ਮਿਸਾਲ ਕਾਦੀਆਂ ਵਾਲੇ ਬਾਜਵਿਆਂ ਦੇ ਵਰੋਸਾਏ ਜੇਲ੍ਹ 'ਚ ਬੰਦ ਜਰਨੈਲ (ਜੈਲਾ) ਹੁਰਾਂ ਦਾ ਵਿਹਾਰ ਦਰਸਾਉਂਦਾ ਹੈ ਕਿ ਸਰਕਾਰੀ ਤੇ ਸਿਆਸੀ ਛਹਿ ਬਗੈਰ ਅਕਾਲੀ ਨੇਤਾ ਨਿਰਮਲ ਸਿੰਘ ਕਾਹਲੋਂ ਦੀ ਪਿੱਠ ਵਿਚ ਧੱਫਾ ਨਹੀਂ ਵੱਜ ਸਕਦਾ।

ਇਹ ਨਿੱਕੀਆਂ ਨਿੱਕੀਆਂ ਬੁਰਸ਼ ਛੋਹਾਂ ਹੀ ਸੰਪੂਰਨ ਚਿਤਰ ਤਿਆਰ ਕਰਦੀਆਂ ਹਨ।

ਨਿੱਕੀਆਂ ਨਿੱਕੀਆਂ ਨੌਕਰੀਆਂ ਕਰਦਿਆਂ, ਉਚੇਰੀ ਪੜ੍ਹਾਈ ਦੀ ਬੇਕਦਰੀ ਵੇਖਦਿਆਂ ਜਿਵੇਂ ਧਰਮ ਸਿੰਘ ਗੋਰਾਇਆ ਨੇ ਪ੍ਰਦੇਸ਼ ਗਮਨ ਲਈ ਤਰਲੇ ਮਾਰੇ, ਉਹ ਵੀ ਆਪਣੇ ਆਪ ਵਿਚ ਮਿਸਾਲ ਹੈ। ਲਿਆਕਤ ਦੀ ਬੇਕਦਰੀ ਕਰਨ ਵਾਲੇ ਮੁਲਕਾਂ ਦੇ ਗੱਭਰੂ ਬਿਲਕੁਲ ਉਵੇਂ ਹੀ ਬਾਹਰ ਜਾਣ ਦੀ ਕੋਸ਼ਿਸ਼ ਕਰਦੇ ਹਨ ਜਿਵੇਂ ਲਿੱਸੇ ਘਰਾਂ ਦੇ ਬਹੁਤੇ ਪੁੱਤਰਾਂ ਦੀ ਹੋਣੀ ਬਣ ਜਾਂਦੀ ਹੈ। ਫੌਲਾਦੀ ਇਰਾਦੇ ਵਾਲੇ ਮਰਦ-ਬੱਚੇ ਹਮੇਸ਼ਾਂ ਸਾਬਤ ਕਦਮ ਨਾਲ ਤੁਰਦੇ ਨੇ।

ਇੰਦਰਜੀਤ ਹਸਨਪੁਰੀ ਦੀ ਇਸ ਗ਼ਜ਼ਲ ਦੇ ਇਹ ਸ਼ਿਅਰ ਧਰਮ ਸਿੰਘ ਗੋਰਾਇਆ ਜੀ ਦੇ ਜੀਵਨ ਸੰਘਰਸ਼ ਹਾਲ-ਬਿਆਨੀ ਹੀ ਕਰਦੇ ਹਨ।

ਹਿੰਮਤ ਕਰ, ਜੇ ਰਸਤੇ ਵਿੱਚ ਕਠਿਨਾਈਆਂ ਨੇ।
ਹੰਝੂਆਂ ਨੇ ਤਕਦੀਰਾਂ ਕਦ ਪਲਟਾਈਆਂ ਨੇ।

ਜਿਨ੍ਹਾਂ ਨੇ ਠੋਕਰ ਨੂੰ ਠੋਕਰ ਮਾਰੀ ਹੈ,
ਓਨ੍ਹਾਂ ਨੂੰ ਹੀ ਰਾਸ ਠੋਕਰਾਂ ਆਈਆਂ ਨੇ।

ਠੇਡਾ ਖਾਂਨੈਂ, ਡਿੱਗ ਪੈਨੈਂ, ਫਿਰ ਉੱਠ ਖੜ੍ਹਦੈਂ ,
ਤੈਨੂੰ ਮੇਰੇ ਵੱਲੋਂ ਮਨਾਂ ਵਧਾਈਆਂ ਨੇ।

ਨੁਕਤਾਚੀਨੀ ਹੋਵੇ ਤਾਂ ਤੂੰ ਜਰਿਆ ਕਰ,
ਤੈਨੂੰ ਲੈ ਕੇ ਬਹਿ ਜਾਣੈਂ ਵਡਿਆਈਆਂ ਨੇ।

ਚੰਗੀ ਗੱਲ ਇਹ ਹੈ ਧਰਮ ਸਿੰਘ ਗੋਰਾਇਆ ਵਡਿਆਈ ਖ਼ੋਰਾ ਨਹੀਂ ਸਗੋਂ ਨੁਕਤਾਚੀਨੀ ਨੂੰ ਸਾਰਥਕ ਰੂਪ ਵਿਚ ਪ੍ਰਵਾਨ ਕਰਨ ਵਾਲਾ ਪ੍ਰਬੁੱਧ ਲੇਖਕ ਹੈ।

ਅਮਰੀਕਾ ਦੇ ਮੈਰੀਲੈਂਡ ਸੂਬੇ ਵਿੱਚ ਪਰਿਵਾਰ ਸਮੇਤ ਵਧੀਆ ਕਾਰੋਬਾਰ ਸਥਾਪਤ ਕਰਕੇ ਸ਼ਬਦ ਸਭਿਆਚਾਰ ਨੂੰ ਸਮਰਪਿਤ ਧਰਮ ਸਿੰਘ ਸ਼ਬਦ-ਸੇਵਾ ਨੂੰ ਧਰਮ ਵਾਂਗ ਹੀ ਨਿਭਾ ਰਿਹਾ ਹੈ। ਖੋਜ ਆਧਾਰਿਤ ਸਾਹਿੱਤ ਸਿਰਜਣ ਵੀ ਰਚਨਾਤਮਕ ਅਮਲ ਹੈ ਜੋ ਸ੍ਵੈ-ਅਨੁਸ਼ਾਸਨ ਅਤੇ ਨਿਰੰਤਰ ਤੁਰ ਕੇ ਹੀ ਕੀਤੀ ਜਾ ਸਕਦੀ ਹੈ। 'ਦੁੱਲਾ ਭੱਟੀ' ਅਤੇ 'ਰਾਏ ਅਹਿਮਦ ਖਾਂ ਖਰਲ' ਬਾਰੇ ਮੁੱਲਵਾਨ ਪੁਸਤਕਾਂ ਲਿਖਣ ਲਈ ਉਸਨੇ ਪਾਕਿਸਤਾਨ ਦੇ ਕਈ ਚੱਕਰ ਲਾਏ, ਤਦ ਕਿਤੇ ਜਾ ਕੇ ਲਿਖਤਾਂ ਦੀ ਇਤਿਹਾਸਕ ਤੇ ਸਮਾਜਿਕ ਸਾਰਥਕਤਾ ਬਣ ਸਕੀ।

ਅਮਰੀਕਾ ਵੱਸਣ ਦਾ ਉਸਨੂੰ ਵੱਡਾ ਲਾਭ ਇਹੀ ਹੈ ਕਿ ਰੱਜੇ ਮੁਲਕ ਦਾ ਵਾਸੀ ਹੋਣ ਕਾਰਨ ਉਸਨੂੰ ਪੂਰੇ ਪਾਕਿਸਤਾਨ ਵਿਚ ਘੁੰਮਣ ਤੇ ਰਹਿਣ ਦਾ ਮੌਕਾ ਸੌਖਿਆਂ ਮਿਲ ਜਾਂਦਾ ਹੈ। ਇਸ ਮੌਕੇ ਤੋਂ ਲਾਭ ਉਠਾਉਣ ਵਾਲੇ ਵਿਰਲੇ ਲੋਕ ਹਨ। ਉਨ੍ਹਾਂ ਵਿਰਲਿਆਂ ਨੇ ਹੀ ਜ਼ਿੰਦਗੀ ਦੇ ਅਸਲ ਨਾਇਕਾਂ ਦੇ ਨਕਸ਼ ਪਛਾਣੇ ਹਨ।

ਪੂਰਾ ਪਾਕਿਸਤਾਨ ਨਾ ਵੇਖ ਸਕਣ ਵਾਲੇ ਅਭਾਗਿਆਂ ਵਿੱਚ ਮੈਂ ਵੀ ਸ਼ਾਮਿਲ ਹਾਂ। ਤਾਂ ਹੀ ਤਾਂ 2014 ਵਿੱਚ ਮੈਂ ਇਹ ਗ਼ਜ਼ਲ ਲਿਖੀ ਸੀ।

ਆਪਣੇ ਘਰ ਪਰਦੇਸੀਆਂ ਵਾਂਗੂੰ, ਪਰਤਣ ਦਾ ਅਹਿਸਾਸ ਕਿਉਂ ਹੈ?
ਮੈਂ ਸੰਤਾਲੀ ਮਗਰੋਂ ਜੰਮਿਆਂ, ਮੇਰੇ ਪਿੰਡੇ ਲਾਸ ਕਿਉਂ ਹੈ?

ਸ਼ਹਿਰ ਲਾਹੌਰ 'ਚ ਆ ਕੇ ਜੇ ਨਨਕਾਣੇ ਵੀ ਮੈਂ ਜਾ ਨਹੀਂ ਸਕਦਾ,
ਧਾਹ ਗਲਵੱਕੜੀ ਪਾ ਕੇ ਮਿਲਦਾ ਸਤਿਲੁਜ ਨਾਲ ਬਿਆਸ ਕਿਉਂ ਹੈ?

ਇੱਕੋ ਫਾਂਸੀ, ਇੱਕੋ ਗੋਲੀ, ਰਹਿਮਤ ਅਲੀ, ਸਰਾਭਾ, ਬਿਸਮਿਲ,
ਆਜ਼ਾਦੀ ਤੋਂ ਮਗਰੋਂ ਸਾਡਾ ਵੱਖੋ ਵੱਖ ਇਤਿਹਾਸ ਕਿਉਂ ਹੈ?

ਦਿੱਲੀ ਵਰਗੇ ਚੌਂਕ ਚੁਰਸਤੇ, ਕਾਰ ਵਿਹਾਰ, ਬਾਜ਼ਾਰ ਵੀ ਓਹੀ,
ਮਿਕਨਾਤੀਸੀ ਖਿੱਚ ਦੀ ਸ਼ਕਤੀ, ਸ਼ਹਿਰ ਲਾਹੌਰ 'ਚ ਖ਼ਾਸ ਕਿਉਂ ਹੈ?

ਬੁੱਲ੍ਹੇਸ਼ਾਹ ਦਾ ਪ੍ਰੇਮ ਪਿਆਲਾ, ਬਿਨਾਂ ਕਸੂਰੋਂ ਪੀ ਨਹੀਂ ਸਕਦਾ,
ਹਰ ਵਾਰੀ ਹੋਠਾਂ ਤੇ ਆਉਂਦੀ, ਅਜਬ ਤਰ੍ਹਾਂ ਦੀ ਪਿਆਸ ਕਿਉਂ ਹੈ?

ਵਾਰਸ ਦੇ ਜੰਡਿਆਲੇ ਬੈਠੇ, ਮਸਤ ਔਲੀਆ ਹੀਰ ਸੁਣਾਉਂਦੇ,
ਰਾਂਝਣ ਯਾਰ ਫ਼ਕੀਰਾਂ ਨੂੰ ਇਹ, ਪਿਰ ਮਿਲਣੇ ਦੀ ਆਸ ਕਿਉਂ ਹੈ?

ਸਾਡੇ ਪੰਜ ਦਰਿਆਈ ਘੋੜੇ, ਜਦ ਵੀ ਵੇਖਾਂ ਟਾਂਗੇ ਖਿੱਚਦੇ,
ਘੋੜ ਸਵਾਰ ਗੁਆਚਣ ਵਰਗਾ, ਡੰਗ ਰਿਹਾ ਅਹਿਸਾਸ ਕਿਉਂ ਹੈ?

ਸਾਡੇ ਪਿੰਡ ਦੀ ਸੰਤੀ ਵਰਗਾ, ਮੈਲਾ ਸੂਟ ਅਨਾਇਤਾਂ ਪਾਇਆ,
ਪੌਣੀ ਸਦੀ ਗੁਆਚਣ ਮਗਰੋਂ, ਰਾਵੀ ਪਾਰ ਲਿਬਾਸ ਕਿਉਂ ਹੈ?

ਮੈਨੂੰ ਮਾਣ ਹੈ ਕਿ ਧਰਮ ਸਿੰਘ ਗੋਰਾਇਆ ਮੇਰਾ ਪਿਆਰਾ ਵੀਰ ਹੈ। ਸਨੇਹ ਦੇ ਰਿਸ਼ਤੇ ਕਾਰਨ 'ਨਿੱਕਾ' ਜਾਂ 'ਵੱਡਾ' ਸ਼ਬਦ ਹੁਣ ਅਰਥਹੀਣ ਹੋ ਗਿਆ ਹੈ। ਉਹ ਆਪਣੇ ਮਨ ਅੰਦਰ ਵੱਸਦੇ ਪੰਜਾਬ, ਪੰਜਾਬ ਵਿਚੋਂ ਗੁਰਦਾਸਪੁਰ ਤੇ ਗੁਰਦਾਸਪੁਰ ਵਿਚੋਂ ਰਾਵੀ ਦੇ ਪੱਤਣਾਂ ਨੂੰ ਨਾਲ ਨਾਲ ਲਈ ਫਿਰਦਾ ਹੈ।

ਕਰਤਾਰਪੁਰ ਸਾਹਿਬ ਵਿਖੇ ਗੁਰੂ ਨਾਨਕ ਪਾਤਸ਼ਾਹ ਵੱਲੋਂ ਲਗਭਗ 17 ਸਾਲ ਕੀਤੀ ਵਾਹੀ-ਜੋਤੀ ਦਾ ਜ਼ਿਕਰ ਕਰਦਿਆਂ ਉਹ ਭਾਵੁਕ ਹੋ ਜਾਂਦਾ ਹੈ। ਬਾਬੇ ਦੇ ਬਲਦਾਂ ਦੀਆਂ ਟੱਲੀਆਂ ਦੀ ਟੁਣਕਾਰ, ਮੱਝੀਆਂ ਦਾ ਰਾਵੀ ਦਰਿਆ ਵਿਚ ਇਸ਼ਨਾਨ ਉਸਦੀ ਲਿਖਤ ਨੂੰ ਭਰਪੂਰਤਾ ਪ੍ਰਦਾਨ ਕਰਦਾ ਹੈ। ਧਰਮ ਸਿੰਘ ਗੋਰਾਇਆ ਨੇ ਵਕਤ ਕਸ਼ੀਦਿਆ ਹੈ। ਇਸ ਲਿਖਤ ਦਾ ਸੁਆਗਤ ਕਰਦਿਆਂ ਮੈਂ ਹਾਰਦਿਕ 'ਰੱਜ' ਮਹਿਸੂਸ ਕਰ ਰਿਹਾ ਹਾਂ!

ਗੁਰਭਜਨ ਸਿੰਘ ਗਿੱਲ
ਚੇਅਰਮੈਨ,
ਪੰਜਾਬ ਲੋਕ ਵਿਰਾਸਤ ਅਕਾਡਮੀ, ਲੁਧਿਆਣਾ

# ਕਰਮਾ ਦਾ ਸਿਰਜਕ

ਧਰਮ ਸਿੰਘ ਗੋਰਾਇਆ ਹੁਰਾਂ ਦਾ ਲਿਖਿਤ ਕਾਰਜ "ਕਰਮਾ" ਆਤਮ-ਕਥਾ ਵਰਗਾ ਆਪਣੇ ਪਰਿਵਾਰ ਅਤੇ ਸੱਜਣਾਂ-ਮਿੱਤਰਾਂ ਦਾ ਗਲਪ ਰੂਪੀ ਕਾਰਜ ਹੈ, ਜੋ ਕਿ ਪੰਜਾਬ ਅਤੇ ਪੰਜਾਬੀਆਂ ਦੀਆਂ ਰਾਜਨੀਤਿਕ ਲਹਿਰਾਂ ਅਤੇ ਉਨ੍ਹਾਂ ਨੂੰ ਦਰਪੇਸ਼ ਉੱਥਲ-ਪੁੱਥਲ ਦੀਆਂ ਵੱਖ ਵੱਖ ਯਾਦਾਂ ਨਾਲ ਜੁੜਿਆ ਹੋਇਆ ਹੈ।

ਇਨ੍ਹਾਂ ਸਭਨਾਂ ਯਾਦਾਂ ਨੂੰ ਕਿਤਾਬ ਰੂਪ 'ਚ ਸਾਂਭ ਦਿੱਤਾ ਗਿਆ ਹੈ। ਪਰਵਾਰ ਅਤੇ ਨਜ਼ਦੀਕੀ ਮਿੱਤਰਾਂ ਵਾਸਤੇ ਇਹ ਇਕ ਆਤਮ-ਕਥਾਈ ਰਚਨਾ ਹੈ। ਦੂਸਰਿਆਂ ਵਾਸਤੇ ਇਹ ਇਕ ਕਥਾ ਵਾਰਤਾ ਹੈ। ਉਨ੍ਹਾਂ ਲਈ ਜਿਹੜੇ ਕਿ ਵਧੇਰੇ ਕਰਕੇ ਰਾਜਨੀਤਿਕ ਸੋਚ ਵਾਲੇ ਹਨ, ਉਨ੍ਹਾਂ ਲਈ ਇਹ ਇਕ ਰਾਜਨੀਤਿਕ ਕਥਨਾਂ-ਬਿਆਨਾਂ ਦਾ ਜੋੜ-ਮੇਲ ਸੰਯੋਗ ਹੈ। ਮੈਂ ਧਰਮ ਸਿੰਘ ਗੋਰਾਇਆ ਵੱਲੋਂ ਕੀਤੇ ਗਏ ਇਸ ਯਤਨ ਨੂੰ ਕੁਝ ਇੰਞ ਵੇਖਦਾ ਹਾਂ ਜਿਸ ਨਾਲ ਉਹ ਆਪਣੀਆਂ ਜ਼ਿੰਦਗੀ ਦੀਆਂ ਪ੍ਰਾਪਤੀਆਂ, ਹਾਰਾਂ-ਨਿਰਾਸ਼ਾਵਾਂ ਅਤੇ ਦੁਖਾਂਤ ਨੂੰ ਪ੍ਰਤਿਬਿੰਬਤ ਕਰਦਾ ਹੈ।

ਕਈ ਲੋਕ ਜਿਹੜੇ ਕਿ ਵਰਤਮਾਨ ਪੰਜਾਬ ਦੇ ਗੁੰਮ-ਗੁਆਚ ਚੁੱਕੇ ਅੰਤਰ-ਦ੍ਰਿਸ਼ਾਂ, ਅੰਤਰ-ਦ੍ਰਿਸ਼ਟੀਆਂ ਵਿੱਚੋਂ ਵਰਤਮਾਨ ਪੰਜਾਬ ਦਾ ਅਲੋਪ ਹੋ ਚੁੱਕਿਆ ਸੰਸਾਰ ਭਾਲ ਰਹੇ ਹਨ, ਖਾਸ ਕਰਕੇ ਪੇਂਡੂ ਖੇਤਰਾਂ ਦੇ ਪਿਛੋਕੜ ਵਾਲੇ, ਉਨ੍ਹਾਂ ਨੂੰ ਇਸ 'ਚ ਪੁਰਾਣੀਆਂ ਯਾਦਾਂ ਦੀ ਝਲਕ ਦਿਖਾਈ ਦੇਵੇਗੀ।

ਵੇਖਿਆ ਜਾਵੇ ਤਾਂ ਇਹ ਪੰਜਾਬੀ ਸਾਹਿਤ ਨੂੰ ਇਕ ਵੱਖਰੀ ਦੇਣ ਵੀ ਹੈ। ਉਹ ਸ਼ਬਦਾਂ ਦੀ ਜਿਵੇਂ ਵਰਤੋਂ ਕਰਦਾ ਹੈ, ਜਵਾਨ ਪੰਜਾਬੀ ਪੀੜ੍ਹੀਆਂ ਦੇ ਦਿਹਾਤੀ ਨੌਜਵਾਨਾਂ ਲਈ ਓਪਰਾ ਜਿਹਾ ਲੱਗ ਸਕਦਾ ਹੈ। ਖਾਸ ਕਰਕੇ ਉਹਦੀ ਪੰਜਾਬ ਦੇ ਸਰਹੱਦੀ ਖੇਤਰ ਦੀ ਦਿਹਾਤੀ ਅਰਥ-ਵਿਵਸਥਾ, ਸਮਾਜਿਕ ਅਤੇ ਸਭਿਆਚਾਰਕ ਸਰੋਕਾਰਾਂ ਦੀ ਵਿਲੱਖਣ ਪੇਸ਼ਕਾਰੀ।

ਪੇਂਡੂ ਨੌਜੁਆਨ ਪੰਜਾਬੀ ਜੋ ਪੱਛਮੀ ਦੇਸ਼ਾਂ ਵੱਲ ਪਰਵਾਸ ਕਰ ਚੁੱਕੇ ਨੇ ਉਹ ਉਸਦੇ ਵਿਵਰਣ-ਵਰਣਨ- ਬ੍ਰਿਤਾਂਤ 'ਚ ਥਾਂ-ਪਰ-ਥਾਂ ਆਪਣੀਆਂ ਜ਼ਿੰਦਗੀ ਦੀ ਝਲਕ ਵੇਖਣਗੇ। ਇਹ ਮਹੱਤਵਪੂਰਨ ਫ਼ਰਕ ਯਕੀਨਨ ਹੀ ਹੈ ਕਿ ਬਹੁਤ ਥੋੜੇ ਪ੍ਰਵਾਸੀਆਂ ਨੇ ਇੰਞ ਨਹੀਂ ਲਿਖਿਆ, ਜਿਵੇਂ ਕਿ ਧਰਮ ਸਿੰਘ ਗੋਰਾਇਆ ਨੇ ਲਿਖਿਆ ਹੈ। ਇੰਞ ਇਹ ਕਿਤਾਬ ਇਕ ਜੀਵਨ ਦਾ ਸਫਰਨਾਮਾ ਵੀ ਹੈ।

ਇਸ ਸਾਹਿਤਕ ਕਿਰਤ ’ਚ ਉਸ ਨੇ ਆਪਣੀ ਸਖ਼ਤ ਮਿਹਨਤ ਨੂੰ ਸਮੋਇਆ ਹੈ। ਉਹ ਜੀਵਨ ਨਾਮੇ ਵਿੱਚ ਸ਼ਬਦਾਂ ਨੂੰ ਕਿਸ ਤਰ੍ਹਾਂ ਪਰੋਂਦਾ ਹੈ ਜਿਵੇਂ ਬਾਤ ਸੁਣਾ ਰਿਹਾ ਹੋਵੇ।

ਜਿਹੜਾ ਵਿਧੀ-ਵਿਧਾਨ ਉਸ ਨੇ ਆਪਣੀ ਕਲਮ ਨੂੰ ਦਿੱਤਾ ਉਨ੍ਹਾਂ ਦਾ ਆਪਣੀਆਂ ਪਰਿਯੋਜਨਾਵਾਂ ਪ੍ਰਤੀ ਸਮਰਪਣ ਸਪਸ਼ਟ ਪਿਆ ਬੋਲਦਾ ਹੈ। ਹਰੇਕ ਲੇਖਕ ਜੋ ਉਹ ਲਿਖਦਾ ਹੈ ਉਹ ਨਿਵਾਜੇ ਜਾਣ ਤੇ ਮਾਣ-ਸਨਮਾਨ ਪਾਉਣ ਦੀ ਉਮੀਦ ਤਾਂ ਕਰਦਾ ਹੀ ਹੈ ਅਤੇ ਉਹ ਵੀ ਇਹਦਾ ਕੋਈ ਮਿਹਣਾ ਵੀ ਨਹੀਂ ਹੈ। ਇਹ ਸਪਸ਼ਟ ਹੈ ਕਿ ਉਹ ਆਪਣੀ ਜ਼ਿੰਦਗੀ ਦੀ ਉਸ ਅਵਸਥਾ ’ਤੇ ਪੁੱਜ ਚੁੱਕਾ ਹੈ ਜਿੱਥੇ ਉਹ ਕਹਿ ਦੇਣਾ ਚਾਹੁੰਦਾ ਹੈ ਬਿਨਾਂ ਇਹ ਚਿੰਤਾ ਕਰਨ ਦੇ ਕਿ ਉਸ ਦੇ ਕਾਰਜ ਨੂੰ ਸਲਾਹਿਆ ਜਾਏਗਾ ਜਾਂ ਇਹਦੀ ਆਲੋਚਨਾ ਹੋਵੇਗੀ।

ਉਸ ਦੇ ਪਕੇਰੇਪਨ ਦੀ ਅੰਤਰ-ਅਵਸਥਾ ਉੱਪਰ ਪਹੁੰਚਣ 'ਤੇ ਮੈਂ ਉਸ ਨੂੰ ਸਪਸ਼ਟ ਰੂਪ ’ਚ ਵਡਿਆਉਂਦਾ ਹਾਂ। ਪਕੇਰੇਪਨ ਵਿੱਚੋਂ ਨਿਮਰਤਾ ਆ ਜਾਂਦੀ ਹੈ। ਅਤੇ ਇਹ ਇਕ ਬੜੀ ਹੀ ਦਿਲ ਨੂੰ ਛੂਹ ਲੈਣ ਵਾਲੀ ਗੱਲ ਹੈ ਕਿ ਜਦੋਂ ਇਹ ਪੁਸਤਕ ਸਮਾਪਤੀ ਦੇ ਨੇੜੇ-ਤੇੜੇ ਪਹੁੰਚਦੀ ਹੈ ਤਾਂ, ਉਹ ਨਿਮਰਤਾ ਵਾਸਤੇ ਡਡਿਆਉਂਦਾ ਲੱਗਦਾ ਹੈ।

ਮੈਂ ਕਾਮਨਾ ਕਰਦਾ ਹਾਂ ਚਾਹੇ ਉਸ ਨੇ ਇਹ ਕਿਤਾਬ ਪਰਵਾਰਿਕ ਮੈਂਬਰਾਂ, ਮਿੱਤਰਾਂ-ਦੋਸਤਾਂ ਬਾਰੇ ਲਿਖੀ ਹੈ, ਇਹ ਪਾਠਕਾਂ ਦੇ ਵਿਸ਼ਾਲ ਘੇਰੇ ਤੱਕ ਪਹੁੰਚੇ। ਮੇਰੀ ਤਮੰਨਾ ਹੈ ਕਿ ਉਸ ਦੀ ਇਸ ਕਠਿਨ ਮਿਹਨਤ ਤੇ ਪ੍ਰਾਪਤੀ ਉਪਰ ਉਸ ਦੇ ਪਰਵਾਰ ਅਤੇ ਮਿੱਤਰ-ਪਿਆਰੇ ਯਕੀਨੀ ਤੌਰ ’ਤੇ ਖ਼ੁਸ਼-ਪ੍ਰਸੰਨ ਚਿੱਤ ਤਾਂ ਹੋਣਗੇ ਹੀ ਜਿਸ ਢੰਗ-ਤਰੀਕੇ 'ਚ ਉਸ ਨੇ ਆਪਣੇ ਮਿੱਤਰਾਂ ਨੂੰ ਸੰਭਾਲ ਲਿਆ ਹੈ ਉਸ ਦੇ ਆਧਾਰ ’ਤੇ ਇਹ ਪੁਸਤਕ ਆਮ ਸਰਬ-ਸਾਧਾਰਨ ਪਾਠਕਾਂ ਵਾਸਤੇ ਵੀ ਕੀਮਤੀ ਚੀਜ਼ ਹੈ।

ਪ੍ਰੀਤਮ ਸਿੰਘ ਆਕਸਫੋਰਡ
ਪੰਜਾਬੀ ਰੂਪ: ਬਲਬੀਰ ਕੌਰ ਗੋਰਾਇਆ

# ਲੇਖਕ ਵੱਲੋਂ

ਤੁਹਾਨੂੰ ਸ਼ਾਇਦ ਹਰ ਪਿੰਡ, ਸ਼ਹਿਰ ਅਤੇ ਦੂਰ-ਦੁਰਾਡੇ ਥਾਵਾਂ ’ਤੇ ਕਈ ਕਰਮੇ ਮਿਲ ਜਾਣਗੇ। ਉਨ੍ਹਾਂ ਦਾ ਰੰਗ-ਢੰਗ, ਰੂਪ-ਬੋਲੀ-ਸਭਿਆਚਾਰ ਅੱਡ-ਅੱਡ ਹੋ ਸਕਦੇ ਹਨ ਪਰ ਸਮਾਜਿਕ, ਆਰਥਿਕ, ਰਾਜਨੀਤਕ ਧਰਾਤਲ ਵਿੱਚੋਂ ਬਹੁਤ ਕੁਝ ਇਕੋ ਜਿਹਾ ਹੀ ਨਜ਼ਰ ਆਵੇਗਾ।

ਮੇਰੇ ਵਿਚਲੇ ਕਰਮੇ ਨੂੰ ਮਾਣ ਹੈ ਉਹ ਡੇਰਾ ਬਾਬਾ ਨਾਨਕ ਨੇੜਲੀ ਸਰਹੱਦੀ ਪੱਟੀ ਦੇ ਬਹੁਤ ਹੀ ਪੱਛੜੇ, ‘ਕੰਨੀ ਦੇ ਕਿਆਰੇ’ ਵਰਗੇ ਖੇਤਰ ਵਿਚ ਪੈਦਾ ਹੋਇਆ। ਉਹ ਸਮਝਦਾ ਹੈ ਕਿ ਅਜਿਹੇ ਵਾਤਾਵਰਣ ਦੀ ਬਦੌਲਤ ਹੀ ਅੱਜ ਉਸ ਦੇ ਬਹੁਤ ਥੋੜ੍ਹੇ ਦੋਸਤ ਹਨ। ਭੀੜ ਉਸ ਨੂੰ ਕਦੇ ਵੀ ਵਾਰਾ ਨਹੀਂ ਖਾਧੀ।

ਪਤਾ ਨਹੀਂ ਕਿਉਂ ਉਸ ਨੂੰ ਇਕੱਲਿਆਂ ਆਪਣੇ ਆਤਮ ਬਲ ਦੇ ਸਿਰ ’ਤੇ ਲੜਨ ਦਾ ਸ਼ੌਕ ਪੈ ਗਿਆ। ਸਾਹਿਬਾ ਦੇ ਸੱਜਣ ਮਿਰਜ਼ੇ ਦਾ ਪਿੰਡ ਦਾਨਾਬਾਦ ਤਾਂ ਮੇਰੇ ਪਿੰਡ ਤੋਂ ਕਾਫੀ ਦੂਰ ਏ। ਪਿੱਛਲੱਗ ਉਹ ਕਿਸੇ ਦਾ ਬਣਦਾ ਨਹੀਂ ਤੇ ਨਾ ਹੀ ਕਿਸੇ ਨੂੰ ਉਸਤਾਦ ਧਾਰਦਾ।

ਅੱਧੀ ਦੁਨੀਆਂ ਨੂੰ ਗਾਹੁੰਦਾ ਉਹ, ਵੱਖ-ਵੱਖ ਖਿੱਤਿਆਂ ਦੇ ਲੋਕ ਨਾਇਕਾਂ ਦੀ ਭਾਲ ਵਿਚ ਫਿਰਦਾ ਹੈ। 500 ਸਾਲ ਪਿੱਛੇ ਦੇ ਇਤਿਹਾਸ ਦੀਆਂ ਪੈੜਾਂ ਨੂੰ ਨੀਝ ਨਾਲ ਲੱਭਦਾ ਕਿਧਰੇ ਦੁੱਲੇ ਭੱਟੀ ਦੇ ਪਿੰਡ, ਪਿੰਡੀ ਭੱਟੀਆਂ, ਕਦੇ ਜੱਗਾ ਸੂਰਮਾ ਦੇ ਪਿੰਡ ਬੁਰਜ ਰਣਸਿੰਘ ਵਾਲਾ (ਕਸੂਰ), ਕਦੇ ਸੂਰਮੇ ਦੇਸ਼ਭਗਤ ਤੇ ਇਨਕਲਾਬੀ ਯੋਧੇ ਤੇਜਾ ਸਿੰਘ ਸੁਤੰਤਰ ਦੇ ਪਿੰਡ ਅਲੂਣਾ ਤੋਂ ਉਸ ਦੀ ਕਰਮ ਭੂਮੀ ਮਾਲਵਾ ਤੱਕ, ਚੀ ਗੁਵੈਰਾ ਦੇ ਜਿਵੇਂ ਮੋਟਰ ਸਾਈਕਲ ਪਿੱਛੇ ਬੈਠ ਕੇ ਕਿਧਰੇ ਪੀਰੂ, ਚਿਲੀ, ਬੋਲੀਵੀਆ, ਦੱਖਣੀ ਅਮਰੀਕਾ, ਮੈਕਸੀਕੋ ਤੇ ਫਿਰ ਕਿਊਬਾ, ਰਾਏ ਅਹਿਮਦ ਖਾਨ ਖਰਲ ਦੇ ਪਿੰਡ ਗੁਗੇਰਾ ਵਿੱਚ ਜਿਵੇਂ ਉਸ ਦੇ ਘੋੜੇ ਦੇ ਬਰਾਬਰ ਘੋੜਾ ਭਜਾ ਕੇ ਲਾਰਡ ਬਰਕਲੇ ਦਾ ਪਿੱਛਾ ਕਰਦਾ ਕਰਦਾ ਅਖੀਰ ਉਸ ਨੂੰ ਰਾਵੀ ਦੇ ਕੰਢੇ ਲਿਆ ਢਾਉਂਦਾ ਹੋਵੇ।

ਮੇਰੇ ਅੰਦਰਲੇ ਕਰਮੇ ਨੂੰ ਮਾਣ ਹੈ ਕਿ ਉਸ ਨੇ ਕੁਝ ਬਹਾਦਰ, ਜਾਂ-ਬਾਜ਼ ਸੂਰਮਿਆਂ ਦੇ ਇਤਿਹਾਸ ਨੂੰ ਠੀਕ ਇਤਿਹਾਸਕ ਤਰਾਜ਼ੂ ਵਿਚ ਨਿਰਖ ਪਰਖ ਕਰ ਤੋਲ ਕੇ ਪਹਿਲੇ ਲਿਖੇ ਇਤਿਹਾਸ ਦੇ ਤਰਾਜ਼ੂ ਵਿਚੋਂ ਕਾਣ/ਲੁਕਵਾਂ ਪਾਸਕੂ ਕੱਢਣ ਦੀ ਜੁਰਅਤ ਕੀਤੀ ਹੈ। ਫਿਰ ਵੀ ਜੇ ਕਸਰ ਰਹਿ ਗਈ ਹੋਵੇ ਤਾਂ ਦੱਸਿਉ।

ਅਗਲੀ ਵਾਰ ਹੋਰ ਕਸਰਾਂ ਕੱਢ ਦਿਆਂਗੇ।

ਪਹਿਲਾਂ ਮੇਰੀ ਕਿਤਾਬ "ਜੱਗਾ ਡਾਕੂ" ਸੀ ਪਰ ਹੁਣ ਨਵੇਂ ਐਡੀਸ਼ਨ ਵਿੱਚ ਉਹੀ ਜੱਗਾ ਸੂਰਮਾ ਹੋ ਜਾਵੇਗਾ। ਡਾਕੂ ਕਹਿ ਕੇ ਤਾਂ ਫਰੰਗੀਆਂ ਨੇ ਸਾਡਾ ਸੂਰਮਾ ਭੰਡਿਆ ਸੀ। ਇਹ ਸੋਧ ਵੀ ਤਾਂ ਜੱਗੇ ਦੀ ਧੀ ਅਤੇ ਕੁਝ ਹੋਰ ਸਿਆਣਿਆਂ ਨੇ ਮੈਨੂੰ ਸਮਝਾਈ ਸੀ। ਗੱਲ ਜਚ ਗਈ ਤੇ ਮੈਂ ਮੰਨ ਗਿਆ। ਜੱਗਾ ਨੇੜ ਭਵਿੱਖ ਵਿੱਚ ਤੁਹਾਨੂੰ ਸੂਰਮਾ ਬਣ ਕੇ ਮਿਲੇਗਾ।

"ਕਰਮਾ" ਕਿਤਾਬ ਨੂੰ ਸੰਪੂਰਨ ਕਰਨ ਵਿਚ ਬਹੁਤ ਹੀ ਚੰਗੇ ਲੋਕਾਂ ਨਾਲ ਸੰਪਰਕ ਕਰਕੇ ਬੀਤੇ ਇਤਿਹਾਸ ਤੇ ਆਪਣੇ ਪਿਛੋਕੜ ਦੀ ਫੋਲਾ ਫਾਲੀ ਕਰਨੀ ਪਈ, ਜਿਨ੍ਹਾਂ ਵਿਚ ਮੇਰੇ ਵੱਡੇ ਭਰਾਤਾ ਸ. ਕੁਲਵੰਤ ਸਿੰਘ ਸਰਪੰਚ ਸਾਹਿਬ (ਸਾਬਕਾ), ਜੀਵਨ ਭੇਤਣ ਤੇ ਕਦਮ ਕਦਮ 'ਤੇ ਹੱਲਾਸ਼ੇਰੀ ਦੇ ਕੇ ਤੋਰਨ ਵਾਲੀ ਮੇਰੇ ਬੱਚਿਆਂ ਦੀ ਮਾਂ ਸਰਦਾਰਨੀ ਬਲਬੀਰ ਕੌਰ ਗੋਰਾਇਆ, ਬੇਟੇ ਹਰਸ਼ਦੀਪ ਗੋਰਾਇਆ, ਬੇਟੀ ਹਨੀਤ ਗੋਰਾਇਆ, ਵੱਡੇ ਵੀਰ ਪ੍ਰੋ. ਨਿਰਮਲ ਸਿੰਘ ਆਜ਼ਾਦ ਦੀਆਂ 56 ਸਾਲ ਪੁਰਾਣੀਆਂ ਡਾਇਰੀਆਂ ਸ਼ਾਮਲ ਹਨ। ਪਿੰਡੀ ਭੱਟੀਆਂ (ਪਾਕਿਸਤਾਨ) ਤੋਂ ਪ੍ਰੋਫੈਸਰ ਅੱਸਦ ਸਲੀਮ ਸ਼ੇਖ (ਸਾਬਕਾ ਪ੍ਰਿੰਸੀਪਲ) ਹੁਰਾਂ ਦੇ ਸਾਰਥਕ ਸੁਝਾਵਾਂ ਲਈ ਉਨ੍ਹਾਂ ਦੀ ਮੁਹੱਬਤ ਨੂੰ ਸਲਾਮ।

ਤਿੰਨਾਂ ਭੈਣਾਂ ਦਵਿੰਦਰ, ਕੁਲਵੰਤ, ਹਰਦੀਪ ਅਤੇ ਛੋਟੇ ਭਰਾਵਾਂ ਪਲਵਿੰਦਰ ਅਤੇ ਕੁਲਬੀਰ ਦਾ ਬਹੁਤ ਹੀ ਰਿਣੀ ਹਾਂ।

ਅਤਿ ਸਤਿਕਾਰਤ ਸਾਡੀ ਲਾਗਲੀ ਸਰਹੱਦੀ ਮਿੱਟੀ ਦੇ ਜਾਏ (ਪ੍ਰੋ.) ਗੁਰਭਜਨ ਸਿੰਘ ਗਿੱਲ, ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕਾਡਮੀ, ਲੁਧਿਆਣਾ ਦਾ ਸ਼ੁਕਰਾਨਾ! ਜਿਨ੍ਹਾਂ ਦੀ ਸੂਖਮ, ਜ਼ਹੀਨ ਸੋਚ ਨੇ ਆਹਲਾ ਢੰਗ ਨਾਲ ਇਸ ਪੁਸਤਕ ਦੀ ਤਿਆਰੀ ਵਿੱਚ ਬੇਮਸਾਲ ਯੋਗਦਾਨ ਪਾਇਆ। ਉਨ੍ਹਾਂ ਦੇ ਧੰਨਵਾਦ ਲਈ ਸ਼ਬਦ ਨਹੀਂ ਹਨ। ਕੁਝ ਵੀ ਕਦੇ ਸੰਪੂਰਨ ਨਹੀਂ ਹੁੰਦਾ। ਕੋਈ ਅਲਵਿਦਾ ਨਹੀਂ, ਨੇੜ ਭਵਿੱਖ ਵਿੱਚ ਫਿਰ ਮਿਲਾਂਗੇ।

ਸ. ਕੰਵਲਜੀਤ ਸਿੰਘ ਅੰਮ੍ਰਿਤਸਰ ਵਾਲੇ ਅੱਖਰ ਜੜਤ ਲਈ ਅਤੇ ਸੁਰਿੰਦਰ ਸਿੰਘ 'ਨਿਮਾਣਾ' ਮੇਰੀ ਲਿਖਤ ਦੀਆਂ ਗਲਤੀਆ ਫੜਨ ਦੀ ਸੇਵਾ ਲਈ ਤਹਿ ਦਿਲੋਂ ਸ਼ੁਕਰੀਆ ਦੇ ਪਾਤਰ ਹਨ।

-ਧਰਮ ਸਿੰਘ ਗੋਰਾਇਆ-

ਸਫ਼ਰ ਜ਼ਿੰਦਗੀ ਦਾ ਚੁੱਪ-ਚਾਪ, ਐਵੇਂ ਗੁੰਮਨਾਮ ਨਾ ਹੋ ਜਾਏ!
ਏਨਾ ਵੀ ਸ਼ੋਰ ਨਾ ਮਚਾਈਂ, ਕਿ ਹਰ ਪਾਸੇ ਬਦਨਾਮ ਹੋ ਜਾਏ !

## ਕਰਮਾ

ਪਿੰਡ ਦੀ ਹੱਦ-ਬਸਤ ਦਾ ਨੰਬਰ 436 ਸਰਕਾਰੀ ਦਸਤਾਵੇਜ਼ਾਂ ਵਿਚ ਨਾਮ ਹੈ ਮੈਰਾ ਰਸੀਂਕੇ। ਦੱਖਣੀ ਪਾਸੇ ਕਰੀਬ 3 ਮੀਲਾਂ ’ਤੇ ਇਕ ਹੋਰ ਪਿੰਡ ਰਸੀਂਕੇ ਤੱਲਾ। ਦੋਹਾਂ ਪਿੰਡਾਂ ਵਿਚ ਗੋਰਾਇਆ ਗੋਤ ਦੇ ਲੋਕਾਂ ਨੇ ਜਾਂ ਤਾਂ ਪਿੰਡ ਆਬਾਦ ਕੀਤੇ ਹੋਣਗੇ ਜਾਂ ਆ ਕੇ ਕਿਧਰੇ ਵਸੇਬਾ ਕੀਤਾ ਹੋਵੇਗਾ। ਪਰ ਲੱਗਦਾ ਜਿਵੇਂ ਇਨ੍ਹਾਂ ਦੇ ਵੱਡ-ਵਡੇਰਿਆਂ ਨੇ ਹੀ ਇਨ੍ਹਾਂ ਪਿੰਡਾਂ ਦੀ ਮੋਹੜੀ ਗੱਡੀ ਹੋਵੇਗੀ। ਮੈਰਾ ਭਾਵ ਉੱਚਾ ਥਾਂ ਅਤੇ ਤੱਲਾ ਨੀਵੇਂ ਥਾਂ। ਅਸਲ ਵਿਚ ਹੈ ਵੀ ਇੰਝ ਹੀ ਏ। ਸੰਨ 1955 ਦਾ ਵੱਡਾ ਹੜ੍ਹ ਵੀ ਮੈਰਾ ਰਸੀਂਕੇ ਨੂੰ ਬਹੁਤਾ ਗਿੱਲਾ ਨਾ ਕਰ ਸਕਿਆ ਪਰ ਰਸੀਂਕੇ ਤੱਲਾ ਅਜੇ ਕੁਝ ਸਾਲ ਪਹਿਲਾਂ ਤਕ ਪਾਣੀ ਦੇ ਛੰਭ ਨਾਲ ਇਕ- ਮਿੱਕ ਹੁੰਦਾ ਲੋਕ ਵੇਖਦੇ ਰਹੇ। ਦਰਿਆ ਰਾਵੀ ਅਤੇ ਮੈਰਾ ਰਸੀਂਕੇ ਦਰਮਿਆਨ ਕਿਧਰੇ ਇਕ ਪਿੰਡ ਮੇਤਲਾ ਹੱਦ-ਬਸਤ ਨੰਬਰ 440 ਵੱਸਦਾ ਰਿਹਾ। ਉਹ ਪਿੰਡ ਕਦੋਂ ਦਰਿਆ ਰਾਵੀ ਦੀ ਗੋਦ ਵਿਚ ਜਾ ਬੈਠਾ, ਕੋਈ ਪਤਾ ਨਹੀਂ। ਇੰਝ ਕਹਿ ਲਉ ਇਹ ਪਿੰਡ ਬੇ-ਚਰਾਗ਼ ਹੋ ਗਿਆ। ਜਿਹੜੇ 2-3 ਘਰ ਬਚੇ ਉਹ ਮੈਰਾ ਰਸੀਂਕੇ ਆਣ ਬੈਠੇ ਸਨ। ਹੁਣ ਇਹ ਪਿੰਡ ਪਾਕਿਸਤਾਨ ਦੇ ਬਾਰਡਰ ਨਾਲ ਲੱਗਦਾ ਆਖਰੀ ਪਿੰਡ ਕਿਹਾ ਜਾ ਸਕਦਾ ਸੀ।

ਮੈਰਾ ਰਸੀਂਕੇ ਤੋਂ ਰਣਸੀਹਕੇ ਮੀਰਾ ਅਤੇ ਫਿਰ ਇਸ ਨੂੰ ਹਵੇਲੀ ਜਾਂ ਹਵੇਲੀਆਂ ਕਿਹਾ ਜਾਣ ਲੱਗਾ।

ਹਵੇਲੀ ਦੇ ਉੱਤਰੀ ਪਾਸੇ ਏਸੇ ਹੀ ਪਿੰਡ ਦਾ ਇਕ ਹੋਰ ਹਿੱਸਾ ਜਿਸ ਨੂੰ ਪਿਛਲਾ ਪਿੰਡ ਕਿਹਾ ਜਾਂਦਾ, ਬੱਸ ਵਿਚਕਾਰ ਦੋ ਪੈਲੀਆਂ ਦਾ ਫ਼ਾਸਲਾ। ਪਿਛਲੇ ਪਿੰਡ ਦੇ ਥੋੜ੍ਹਾ ਹੋਰ ਉੱਤਰ ਪਾਸੇ ਇਕ ਬਹੁਤ ਪੁਰਾਣਾ ਬੋਹੜ ਦਾ ਦਰਖ਼ਤ ਸ਼ਾਇਦ ਆਪਣੀ ਉਮਰ ਦੇ ਚਾਰ ਸੌ ਸਾਲਾਂ ਵਿਚ ਅਜੇ ਵੀ ਸੁੰਨ-ਸਾਨ ਰੱਕੜ ਮੈਦਾਨ ਵਿਚ ਆਪਣੀ ਸ਼ਾਨ ਬਿਖੇਰ ਰਿਹਾ ਸੀ।

ਇਸ ਸਦੀਆਂ ਪੁਰਾਣੇ ਬੋਹੜ ਤੋਂ ਕੋਈ ਪੰਜ ਕਿੱਲੇ ਅਗਾਂਹ ਇਕ ਡੂੰਘੀ ਨਾਲੀ, ਡੁੰਮ ਜਾਂ ਟੋਬਾ ਕਹਿ ਲਉ ਜੋ ਕਿ ਸਾਉਣ-ਭਾਦਰੋਂ ਵਿਚ ਇਸ ਵਿਚ ਕਰੀਬ 25-25 ਫੁੱਟ ਪਾਣੀ ਆਮ ਹੋ ਜਾਂਦਾ ਸੀ। ਐਰਾਵਤੀ ਜੋ ਬਾਅਦ ਵਿਚ ਰਾਵੀ ਅਖਵਾਈ ਜਿਹੜੀ ਰੋਹਤਾਂਗ ਦੱਰ੍ਹੇ ਲਾਗਿਓਂ ਹਿਮਾਚਲ-ਪ੍ਰਦੇਸ਼ ਦੀਆਂ ਕੁੱਲੂ

ਦੀਆਂ ਪਹਾੜੀਆਂ 'ਚ ਜਨਮ ਲੈ ਕੇ ਮੇਤਲੇ ਦੇ ਰਕਬੇ ਵਿੱਚ ਦੀ ਸ਼ੂਕਦੀ ਤੇ ਕਦੇ ਚੁੱਪ-ਚਾਪ ਕਰਤਾਰਪੁਰ ਤੋਂ ਹੁੰਦੀ ਹੋਈ ਲਾਹੌਰ ਦੇ ਸ਼ਾਹੀ ਕਿਲ੍ਹੇ ਨਾਲ ਜਾ ਟਕਰਾਉਂਦੀ ਸੀ।

ਦਰਿਆਵਾਂ ਦਾ ਆਪਣੀ ਮੌਜ-ਮਸਤੀ ਵਿਚ ਵਹਿਣਾ, ਕਾਦਰ ਦੀ ਕੁਦਰਤ ਨਾਲ ਆਪਣੀ ਹਸਤੀ ਨੂੰ ਜੋੜ ਕੇ ਰੱਖਣਾ। ਹਾਂ, ਕਦੇ-ਕਦੇ ਮਨੁੱਖ ਨੇ ਇਨ੍ਹਾਂ ਦੀ ਚਾਲ ਨੂੰ ਵਿਗਾੜਨ ਦੀ ਗ਼ਲਤੀ ਵੀ ਕੀਤੀ ਫਿਰ ਇਨ੍ਹਾਂ ਨੂੰ ਆਪਣਾ ਗੁੱਸਾ ਵੀ ਠੰਢਾ ਕਰਨਾ ਪਿਆ। ਫਿਰ ਇਨ੍ਹਾਂ ਦਰਿਆਵਾਂ ਨੂੰ ਰਾਹੋਂ ਕੁਰਾਹੇ ਹੋ ਕੇ ਚੱਲਣਾ ਪਿਆ। ਇਹ ਕਿੱਧਰ-ਕਿੱਧਰ ਵਹਿੰਦੇ ਰਹੇ ਸੈਂਕੜੇ ਸਾਲਾਂ ਬਾਅਦ ਵੀ ਉਹ ਪੈੜਾਂ ਮੌਜੂਦ ਹਨ। ਉਦਾਹਰਣ ਵਜੋਂ ਪਿੰਡ ਪੱਖੋ-ਕੇ ਅਤੇ ਡੇਰਾ ਬਾਬਾ ਨਾਨਕ ਦੇ ਦਰਮਿਆਨ ਇਕ ਇਤਿਹਾਸਕ ਸਥਾਨ ‘ਟਾਹਲੀ ਸਾਹਿਬ’ ਨੂੰ ਦਰਿਆ ਰਾਵੀ 1870 ਈ: ਵਿਚ ਆਪਣੇ ਨਾਲ ਵਹਾ ਕੇ ਲੈ ਗਿਆ ਸੀ ਅਤੇ ਉਹ ਨਿਸ਼ਾਨ ਅਜੇ ਵੀ ਮੌਜੂਦ ਹਨ।

ਕਰੀਬ 720 ਕਿਲੋਮੀਟਰ ਦਾ ਪੈਂਡਾ ਕਰਕੇ ਦਰਿਆ ਰਾਵੀ ਦਾ ਸੰਗਮ ਜਿਹਲਮ ਅਤੇ ਝਨਾਬ ਦੇ ਸੁਮੇਲ ਵਿਚ ਹੁੰਦਾ ਹੋਇਆ ਅਖੀਰ ਕਿਰਨ-ਮ-ਕਿਰਨੀ ਪੰਜੇ ਦਰਿਆ ਪੰਚਨਾਦ ਹੁੰਦੇ ਹੋਏ ਅਰਬ ਸਾਗਰ ਵਿੱਚ ਵਿਲੀਨ ਹੋ ਜਾਂਦੇ ਹਨ। ਆਪੋ-ਆਪਣੇ ਆਖ਼ਰੀ ਸਫ਼ਰ ਤਕ ਜਾਣ ਤੋਂ ਪਹਿਲਾਂ ਇਹ ਦਰਿਆ ਆਪਣੇ ਰਾਹਾਂ-ਰਸਤਿਆਂ ਵਿਚ ਕੀ-ਕੀ ਖੇਡਾਂ ਖੇਡਦੇ ਰਹੇ ਇਸ ਸਬੰਧੀ ਹਰ ਇਕ ਦੀ ਆਪਣੀ-ਆਪਣੀ ਦਾਸਤਾਨ ਹੋਵੇਗੀ। ਲੇਕਿਨ ਅਸੀਂ ਏਥੇ ਰਾਵੀ ਦੀ ਹੀ ਗੱਲ ਕਰਾਂਗੇ ਕਿਉਂਕਿ ਬਹੁਤੀ ਗੱਲਬਾਤ ਵੀ ਰਾਵੀ ਦੇ ਕੰਢੇ ਜੰਮਿਆਂ ਦੀ ਹੀ ਹੋਣੀ ਹੈ।

ਸਮੇਂ-ਸਮੇਂ ਰਾਵੀ ਦਰਿਆ ਦੇ ਵਹਿਣ ਕਦੇ-ਕਦੇ ਲਾਹੌਰ ਸ਼ਹਿਰ ਨੂੰ ਲੱਕੋਂ ਘੇਰਾ ਪਾ ਲੈਂਦੇ। ਕਦੇ ਡੇਰਾ ਬਾਬਾ ਨਾਨਕ ਨਾਲ ਗਲਵੱਕੜੀ ਆ ਪਾਉਂਦੇ। ਫਿਰ ਇਕ ਦਿਨ ਪਿੰਡ ਹਵੇਲੀਆਂ ਦੇ ਉੱਤਰੀ ਪਾਸੇ ਆਣ ਦਸਤਕ ਦੇਂਦੇ। ਵੱਡੇ ਬੋਹੜ ਦੀਆਂ ਜੜ੍ਹਾਂ ਤੋਂ ਲੈ ਕੇ ਰਾਵੀ ਦੇ ਪਾਰਲੇ ਪਾਸੇ ਤਕ ਦੇ ਕਰੀਬ ਚਾਰ ਮੀਲਾਂ ਤਕ ਦੇ ਖੇਤਰਫ਼ਲ ਦੀ ਮਿੱਟੀ ਦੀ ਤਾਸੀਰ ਇੱਧਰਲੇ ਪਾਸੇ ਭਾਵ ਹਵੇਲੀਆਂ ਵਾਲੀ ਮਿੱਟੀ ਨਾਲੋਂ ਬਿਲਕੁਲ ਓਪਰੀ ਲੱਗਦੀ ਹੈ। ਦਰਿਆ ਵਿੱਚ ਆਉਂਦੇ ਹੜ੍ਹਾਂ ਨੇ ਦਰਿਆਈ ਮਿੱਟੀ ਦੀਆਂ ਪਰਤਾਂ ਅਤੇ ਭਲ਼ ਜਿਸ ਵਿੱਚ ਰੇਤ ਅਤੇ ਹੋਰ ਕਈ ਕਿਸਮ ਦੇ ਖਣਿਜ-ਪਦਾਰਥ ਰਲੇ-ਮਿਲੇ ਆ ਕੇ ਪੁਰਾਣੀ ਮਿੱਟੀ ਨਾਲ ਆਣ ਮਿਲਾਪ ਕਰਦੇ। ਏਸ ਨਵੇਂ ਮਿਲਾਪ 'ਚ ਨਵੀਂ ਤਰ੍ਹਾਂ ਦੀ ਜ਼ਰਖੇਜ ਮਿੱਟੀ ਦਾ ਜਨਮ ਹੋਇਆ। ਇਸ ਦੀ ਕਿਸਮ ਠੰਢੀ, ਭੁਰਭੁਰੀ, ਰੇਤਲੀ,

ਥੋੜ੍ਹੀ ਕਾਲੇ ਰੰਗ ਦੀ ਭਾਅ ਮਾਰਦੀ। ਇਸ ਨੂੰ ਖੇਤੀ ਲਈ ਤਿਆਰ ਕਰਨਾ ਵੀ ਆਸਾਨ ਹੁੰਦਾ।

ਅਜਿਹੀ ਮਿੱਟੀ ਸੀ ਇਸ ਇਲਾਕੇ ਦੀ ਜਿਸ ਨੂੰ ਯਕੀਨਨ ਬਾਬਾ ਨਾਨਕ ਜੀ ਅਤੇ ਭਾਈ ਮਰਦਾਨਾ ਜੀ ਹੁਰਾਂ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ ਹੋਵੇਗੀ। ਏਥੋਂ ਲਹਿੰਦੇ ਪਾਸੇ ਰਾਵੀਓਂ ਪਾਰ ਕਰਤਾਰਪੁਰ ਵੀ ਤਾਂ ਇਕ ਚੰਗੀ ਦੌੜ ਦੀ ਹੀ ਦੂਰੀ ’ਤੇ ਸੀ। ਫ਼ਕੀਰਾਂ ਲਈ ਉਨ੍ਹਾਂ ਸਮਿਆਂ ਵਿਚ ਕਈ-ਕਈ ਕੋਹ ਪੈਂਡਾ ਕਰਨਾ ਵੀ ਬੜਾ ਸੁਭਾਵਕ ਹੁੰਦਾ ਸੀ।

ਪਿੰਡ ਦੇ ਐਨ ਵਿਚਕਾਰ ਉੱਚੇ ਥਾਂ ’ਤੇ ਕਰੀਬ ਇਕ ਕਿੱਲੇ ਵਿੱਚ ਫ਼ੈਲੀ ਹਵੇਲੀ ਅੰਦਰ ਚਾਰ ਭਰਾਵਾਂ ਦੇ ਸਾਂਝੇ ਪਰਵਾਰ ਰਹਿ ਰਹੇ ਸਨ। ਚੌਂਕੇ-ਚੁੱਲ੍ਹੇ ਤਾਂ ਭਾਵੇਂ ਅੱਡੋ-ਅੱਡ ਸਨ ਪਰ ਖੇਤੀਬਾੜੀ ਦਾ ਸਾਰਾ ਕੰਮ ਸਾਂਝਾ ਚਲਿਆ ਆ ਰਿਹਾ ਸੀ।

ਨੰਬਰਦਾਰ ਸੰਤ ਸਿੰਘ ਦੇ ਚਾਰ ਪੁੱਤਰਾਂ 'ਚ ਦੂਸਰੇ ਪੁੱਤਰ ਦਾ ਨਾਮ ਪਰਤਾਪ ਸਿੰਘ ਸੀ ਜਿਸ ਦੇ ਘਰੇ ਤੀਸਰੇ ਪੁੱਤਰ ਦਾ ਜਨਮ ਹੋਇਆ ਤਾਂ ਪਤਾ ਨਹੀਂ ਉਸ ਦਾ ਨਾਮ ਕਰਮਾ ਕਿਸ ਨੇ ਰੱਖ ਦਿੱਤਾ !

ਦੋਹਾਂ ਪਿੰਡਾਂ ਦੇ ਕੁੱਲ ਮਿਲਾ ਕੇ 40 ਕੁ ਘਰ ਸਨ। ਸਾਰੇ ਕੱਚੇ ਮਿੱਟੀ ਦੇ। ਪਿੰਡ ਦਾ ਰਾਹ ਅਤੇ ਫਿਰਨੀ ਵੀ ਕੱਚੀ। ਕੋਈ ਸਕੂਲ ਨਹੀਂ। ਸਿਰਫ਼ ਦੋ ਨਿੱਕੀਆਂ ਹੱਟੀਆਂ, ਗੁਰਦੁਆਰਾ ਹਵੇਲੀਆਂ ਅਤੇ ਭਗਠਾਣਾ ਤੁਲੀਆਂ ਦੇ ਵਿਚਕਾਰ ਦੱਭ-ਸਰਕੜੇ ਨਾਲ ਘਿਰਿਆ। ਕੱਚੇ ਗੁਰਦੁਆਰੇ ਅੰਦਰ ਸੱਪ ਆਮ ਹੀ ਆ ਜਾਂਦੇ। ਬਰਸਾਤਾਂ ਦੇ ਦਿਨੀਂ ਪੈਰੀਂ ਜੁੱਤੀ ਦੀ ਲੋੜ ਹੀ ਨਾ ਰਹਿਣੀ। ਕਰਮੇ ਦੇ ਕਰਮਾਂ ਦਾ ਬੂਹਾ ਉਦੋਂ ਖੁੱਲ੍ਹਾ ਜਦ ਉਸ ਨੇ ਪਹਿਲਾਂ ਵੱਡਾ ਆਇਆ ਹੜ੍ਹ ਵੇਖਿਆ। ਪਿੰਡ ਦੇ ਚਾਰੇ ਪਾਸੇ ਪਾਣੀ ਹੀ ਪਾਣੀ ਜਿਵੇਂ ਕਰਮੇ ਨੂੰ ਵੰਗਾਰ ਰਿਹਾ ਹੋਵੇ, ਜਿਵੇਂ ਕਹਿ ਰਿਹਾ ਹੋਵੇ ‘ਪੁੱਤ! ਅਜੇ ਤਾਂ ਤੈਨੂੰ ਛੋਟਾ ਜਿਹਾ ਜਲਵਾ ਹੀ ਵਿਖਾਇਆ ਏ, ਜ਼ਰਾ ਥੋੜ੍ਹਾ ਵੱਡਾ ਹੋ ਲੈ ਫਿਰ ਵੇਖੀਂ ਆਪਣੇ ਹੱਥਾਂ ਦੀਆਂ ਲਕੀਰਾਂ !’

ਦਿਨੇ ਗੁੱਲੀ-ਡੰਡਾ ਜਾਂ ਖਿੱਦੋ ਖੂੰਡੀ ਖੇਡਾਂ ਖੇਡਣੀਆਂ ਤੇ ਰਾਤਾਂ ਨੂੰ ਲੁਕਣਮੀਚੀ। ਬਾਹਰ ਖੁੱਲ੍ਹੀਆਂ ਪੈਲੀਆਂ ਤੇ ਬੇਲਿਆਂ ਅੰਦਰ ਪਸ਼ੂ ਚਾਰਨੇ। ਗਰਮੀਆਂ ਵਿਚ ਛੱਪੜਾਂ ਅੰਦਰ ਵੜੇ ਮਹਿਰੂ ਬਾਹਰ ਕੱਢਣੇ ਏਨੇ ਕਠਿਨ ਜਿਵੇਂ ਜੰਗ ਜਿੱਤਣੀ ਹੋਵੇ। ਮਹਿਰੂ ਸਭ ਨੂੰ ਪਤੈ ਕਿ ਪਾਣੀ ਨੂੰ ਬਹੁਤ ਲੋਚਦੇ ਹਨ।

ਲੋਕ ਕੁਦਰਤ ਦੇ ਅਕੀਦੇ ਵਿਚ ਗੁਜ਼ਰ ਕਰਦੇ। ਕੋਲ ਕੁਝ ਵੀ ਨਹੀਂ ਫਿਰ ਵੀ ਖੁਸ਼ ਰਹਿੰਦੇ। ਬਹੁਤੀਆਂ ਗਰਜ਼ਾਂ ਬਾਹਰ ਫਿਰ-ਤੁਰ ਕੇ ਹੀ ਪੂਰੀਆਂ ਕਰ ਲੈਂਦੇ। ਪਸ਼ੂਆਂ ਲਈ ਪੱਠਾ-ਦੱਥਾ, ਚੁੱਲ੍ਹਿਆਂ ਲਈ ਬਾਲਣ, ਰੱਸੇ ਪੀਂਘਾਂ ਵੱਟਣ

ਲਈ ਦੱਭ, ਕਾਹੀ, ਸਰਕੜਾ। ਦਾਤਣ-ਕੁਰਲੇ ਲਈ ਕਿੱਕਰਾਂ, ਟਾਹਲੀਆਂ, ਨਿੰਮ। ਹਲ਼, ਪੰਜਾਲੀ, ਸੁਹਾਗੇ, ਗੱਡੇ, ਰੇੜ੍ਹੀਆਂ ਲਈ ਸਭ ਕੁਝ ਹਾਸਲ। ਕਈ ਵਾਰ ਤਾਂ ਇਕੋ ਚੁੱਲ੍ਹੇ ਦੀ ਧੁਖਦੀ ਅੰਗਿਆਰੀ ਸਾਰੇ ਪਿੰਡ ਦੇ ਚੁੱਲ੍ਹਿਆਂ ਅੰਦਰ ਅੰਗਿਆਰ ਬਾਲ ਦੇਂਦੀ ਸੀ। ਹਵੇਲੀ ਵਾਲਿਆਂ ਦੇ ਵਿਚਲੇ ਘਰੋਂ ਚੁੱਲ੍ਹੇ ਦੀ ਅੱਗ ਕਦੇ ਠੰਢੀ ਨਹੀਂ ਸੀ ਹੁੰਦੀ।

ਸਰਹੱਦ ਨਾਲ ਲੱਗਦੇ ਐਸੇ ਆਖਰੀ ਪਿੰਡਾਂ ਦੀ ਆਉਣ ਵਾਲੇ 50-60 ਸਾਲਾਂ ਬਾਅਦ ਕੀ ਦਸ਼ਾ ਹੋਵੇਗੀ ਕਦੇ ਕਿਸੇ ਨੇ ਅੰਦਾਜ਼ਾ ਵੀ ਨਹੀਂ ਲਾਇਆ ਹੋਵੇਗਾ।

ਕਿਸੇ ਘਰੇ ਜਿੱਥੇ ਸਾਈਕਲ ਵੀ ਨਹੀਂ ਸੀ, ਅੱਜ ਕਾਰਾਂ ਖੜ੍ਹੀਆਂ ਹਨ।

ਪਹਿਲੇ ਵਕਤਾਂ ’ਚ ਘਰਾਂ ਦੀਆਂ ਛੱਤਾਂ ਬਰਸਾਤਾਂ ਵਿਚ ਚੋਣ ਲੱਗ ਜਾਂਦੀਆਂ, ਡਿੱਗ ਜਾਂਦੀਆਂ।

ਲੋਕ ਮਾਰੇ ਜਾਂਦੇ, ਦੱਬੇ ਜਾਂਦੇ। ਅੱਜ ਪੱਕੀਆਂ ਕੋਠੀਆਂ ਹਨ।

ਕੱਚੀਆਂ ਪਗਡੰਡੀਆਂ ਅਤੇ ਰਾਹ ਜਦ ਕਿ ਅੱਜ ਪੱਕੀਆਂ ਸੜਕਾਂ ਹਨ।

5-5; 7-7 ਮੀਲਾਂ ’ਤੇ ਸਕੂਲ ਹੁੰਦੇ ਸਨ। ਅੱਜ ਹਰ ਪਿੰਡ ਵਿਚ ਸਕੂਲ ਤੇ ਕਿਧਰੇ ਤਾਂ ਕਾਲਜ ਵੀ ਹਨ।

ਲੋਕ ਕਦੇ-ਕਦਾਈਂ ਹੀ ਸ਼ਹਿਰ ਜਾਂਦੇ। ਕਿਧਰੇ ਪੈਦਲ ਮੇਲੇ ਵੇਖਣ ਚਲੇ ਜਾਂਦੇ।

ਅੱਜ ਪੱਛੜੇ ਤੋਂ ਪੱਛੜੇ ਇਲਾਕੇ 'ਚ ਵੀ ਹਰ ਘਰ 'ਚ ਔਸਤਨ ਇਕ ਜੀਅ ਬਾਹਰ ਵਿਦੇਸ਼ ਗਿਆ ਮਿਲੇਗਾ ਹੀ। ਬਹੁਤ ਸਾਰੇ ਐਸੇ ਪਿੰਡ ਹਨ ਪੰਜਾਬ ਅੰਦਰ ਜਿੱਥੇ ਅੱਧਿਓਂ ਜ਼ਿਆਦਾ ਘਰਾਂ ਦੇ ਚੁੱਲ੍ਹਿਆਂ ਵਿਚ ਕਦੇ ਅੱਗ ਹੀ ਨਹੀਂ ਬਲਦੀ। ਘਾਹ ਉੱਗ ਚੁੱਕੇ ਹਨ।

ਅਜਿਹੀ ਸਮਾਜਿਕ-ਆਰਥਿਕ ਅਵਸਥਾ ਸੀ ਹਵੇਲੀਆਂ ਦੀ ਜਿਥੇ ਸ਼ਾਇਦ ਤਰੱਕੀ ਯਾਫਤਾ ਰੰਗ-ਢੰਗ ਆਉਣ ਵਿਚ ਬਹੁਤ ਦੇਰ ਲੱਗੀ। ਦੇਰ ਤਾਂ ਭਾਵੇਂ ਹੋਰ ਵੀ ਜ਼ਿਆਦਾ ਲੱਗ ਜਾਂਦੀ ਜੇਕਰ ਕਿਧਰੇ ਏਸ ਹਵੇਲੀ ਅੰਦਰ ਵੱਸਦੇ ਨੰਬਰਦਾਰਾਂ ਦਾ ਵੱਡ-ਵਡੇਰਾ ਇਨ੍ਹਾਂ ਦੇ ਬੱਚਿਆਂ ਨੂੰ ਉਂਗਲੋਂ ਫੜ ਕੇ ਸ਼ਾਹਪੁਰ ਗੋਰਾਇਆ ਦੇ ਸਕੂਲ ਅੰਦਰ ਪੜ੍ਹਨੇ ਪਾਉਣ ਦੀ ਰੀਤ ਸ਼ੁਰੂ ਨਾ ਕਰਦਾ !

ਸਕੂਲ ਜਾਣ ਦੀ ਰੀਤ ਐਸੀ ਸ਼ੁਰੂ ਹੋਈ ਜਿਸ ਨੇ ਆਲੇ-ਦੁਆਲੇ ਦੇ ਪਿੰਡਾਂ ਉੱਪਰ ਵੀ ਅਸਰ ਪਾਇਆ। ਪਿੰਡ ਤੋਂ ਪਹਿਲਾਂ ਨਿੰਮਾ, ਫਿਰ ਕੰਤਾ, ਫਿਰ ਗ੍ਰੀਤਾ ਤੇ ਫਿਰ ਵਾਰੀ ਆਈ ਕਰਮੇ ਦੀ।

ਗਰਮੀਆਂ ਦੇ ਦਿਨ ਸਿਖ਼ਰ ਦੁਪਹਿਰੇ ਸਕੂਲੋਂ ਪਿੰਡ ਨੂੰ ਆਉਂਦਿਆਂ ਖੂਹ

ਗੇੜ੍ਹਿਆ ਗਿਆ ਤੇ ਫਿਰ ਗਾਟ੍ਹੀ ਨੂੰ ਬਿਨਾਂ ਕੁੱਤਾ ਲਾਇਆਂ ਛੱਡ ਦਿੱਤਾ। ਪਹਿਲੀ ਜਮਾਤ ਵਿਚ ਪੜ੍ਹਦਾ ਇਕ ਬੱਚਾ ਜੋ ਗੇੜ੍ਹਨ ਵਾਲਿਆਂ ਦੇ ਮਗਰ-ਮਗਰ ਤੁਰਿਆ ਜਾਂਦਾ ਸੀ—ਗਾਟ੍ਹੀ ਨੇ ਉਸ ਨੂੰ ਐਸੀ ਲਪੇਟ ਮਾਰੀ ਕਿ ਉਹ ਖੂਹ ਦੇ ਬੈੜਾਂ ਵਿੱਚੋਂ ਦੀ ਹੇਠਾਂ ਖੂਹ ਵਿਚ ਜਾ ਡਿੱਗਾ। ਇਸ ਮੌਸਮ ਵਿਚ ਖੂਹ ’ਤੇ ਰੌਣਕ ਲੱਗੀ ਰਹਿੰਦੀ। 8-9 ਅੰਬਾਂ ਦੇ ਦਰਖ਼ਤ ਬੜੇ ਵਧੀਆ। ਅੰਬਾਂ ਨੂੰ ਪਾਣੀ ਦੀਆਂ ਝਲਾਰਾਂ ਹੇਠਾਂ ਸੁੱਟ ਕੇ ਠੰਡੇ ਕਰਨਾ, ਫਿਰ ਉਨ੍ਹਾਂ ਨੂੰ ਚੂਪਣ ਦਾ ਮਜ਼ਾ ਲੈਣਾ। ਪਰ ਐਤਕੀਂ ਮਜ਼ਾ ਕਿਰਕਰਾ ਹੋ ਗਿਆ। ਅੰਬਾਂ ਹੇਠ ਮੰਜਿਆਂ ’ਤੇ ਨੰਬਰਦਾਰ, ਇਕ ਪਟਵਾਰੀ ਤੇ ਹਵੇਲੀਆਂ ਦਾ ਇਕ ਝਿਊਰ ਬੰਤਾ ਸਿੰਘ ਬੈਠੇ ਸਨ। ਚਾਰ-ਚੁਫੇਰੇ ਰੌਲਾ ਪੈ ਗਿਆ। ਓਏ ! ਕੰਮਾ ਖੂਹ ਵਿਚ ਡਿੱਗ ਪਿਆ ! ਦੋਹਰਟਾ ਖੂਹ ਸੀ ਜਿਸ ਵਿਚ ਡੂੰਘਾ ਪਾਣੀ ਰਹਿੰਦਾ ਸੀ। ਖੂਹ ਦਾ ਥੱਲਾ ਉਦੋਂ ਹੀ ਕਦੇ ਦਿੱਸਦਾ ਸੀ ਜਦ ਨੰਬਰਦਾਰਾਂ ਦੀਆਂ ਬੋਤੀਆਂ ਲਗਾਤਾਰ ਦੋਹਾਂ ਪਾਸਿਆਂ ਤੋਂ ਪਾਣੀ ਦੀਆਂ ਟਿੰਡਾਂ ਭਰ-ਭਰ ਬਾਹਰ ਖੁੱਲ੍ਹੇ ਮੈਦਾਨ ਵਿਚ ਸੁੱਟਦੀਆਂ ਸਨ।

ਚੀਕ-ਚਿਹਾੜਾ ਸੁਣਦਿਆਂ ਹੀ ਬੰਤਾ ਸਿੰਘ ਲੀੜਿਆਂ ਸਣੇ ਖੂਹ ਦੀ ਮੌਣ ’ਤੇ ਆ ਕੇ ਹੇਠਾਂ ਨਜ਼ਰ ਮਾਰਦਾ ਤੇ ਧੜੰਮ ਹੇਠਾਂ ਜਾ ਛਾਲ ਮਾਰ ਦਿੱਤੀ। ਬੰਤਾ ਸਿੰਘ ਚੰਗਾ ਚੋਭੀ ਸੀ। ਉਸ ਨੂੰ ਪਤਾ ਸੀ, ਉਸ ਨੇ ਕੀ ਕਰਨਾ ? ਪਾਣੀ ਵਿੱਚ ਉਸ ਦੀ ਨਜ਼ਰ ਖੁੱਲ੍ਹੇ ਵਾਲ ਵੇਖ ਰਹੀ ਸੀ। ਬਸ ਫਿਰ ਕੀ ਸੀ ਉਸ ਨੇ ਚੁੱਭੀ ਮਾਰ ਕੇ ਕੰਮੇ ਨੂੰ ਵਾਲਾਂ ਤੋਂ ਫੜ ਕੇ ਉੱਪਰ ਲੈ ਆਂਦਾ। ਕੰਮੇ ਨੂੰ ਕਿਧਰੇ ਇਕ ਝਰੀਟ ਵੀ ਨਹੀਂ ਸੀ ਲੱਗੀ। ਜਿਸ ਕੋ ਰਾਖੇ ਸਾਈਆਂ .........।

ਖੂਹ ਵਾਲੀ ਘਟਨਾ ਤੋਂ ਅਗਲੇ ਸਾਲ ਫਿਰ ਗਰਮੀਆਂ ਵਿਚ ਛੋਟੇ-ਛੋਟੇ ਬੱਚੇ ਜੱਗ ਕਰਨ ਲੱਗੇ। ਨਿੱਕੇ-ਨਿੱਕੇ ਮੁੰਡਿਆਂ-ਕੁੜੀਆਂ ਨੇ ਖ਼ੁਦ ਦਾਲ, ਖੀਰ ਤੇ ਰੋਟੀਆਂ ਪਕਾਈਆਂ। ਇਹ ਜੱਗ ਹਰੀਜਨਾਂ ਦੇ ਘਰਾਂ ਦੇ ਵਿਹੜਿਆਂ ਵਿਚ ਬਣੀਆਂ ਕੱਖਾਂ-ਕਾਨਿਆਂ ਦੀਆਂ ਛੰਨਾਂ ਵਿਚ ਹੋ ਰਿਹਾ ਸੀ। ਅਚਾਨਕ ਅੱਗ ਲੱਗਦੀ ਹੈ। ਜਿਉਂ-ਜਿਉਂ ਅੱਗ ਦੀਆਂ ਲਾਟਾਂ ਤੇ ਧੂੰਆਂ ਉੱਚਾ ਉੱਠਦਾ ਉਵੇਂ ਹੀ ਬੱਚਿਆਂ ਦੀਆਂ ਉੱਚੀਆਂ-ਉੱਚੀਆਂ ਆਵਾਜ਼ਾਂ ਆਉਂਦੀਆਂ ਹਨ।

ਪਿੰਡ ਵਿਚ ਹਾਲ-ਪਾਹਰਿਆ ਮੱਚ ਜਾਂਦੀ ਹੈ। ਜਦ ਵੇਖਿਆ ਕਿ ਕੰਮਾ ਕਿਧਰੇ ਨਹੀਂ ਪਿਆ ਦਿੱਸਦਾ ਤਾਂ ਸਾਰੇ ਇਧਰ-ਉਧਰ ਦੌੜਦੇ ਤੇ ਰੌਲਾ ਪਾਉਂਦੇ ਹੋਏ 'ਓਏ ਲੰਬੜਾਂ ਦਾ ਕੰਮਾ ਕਿੱਥੇ ਆ? ਤਾਂ ਲਾਗੇ ਇਕ ਬੱਕਰੀਆਂ ਦਾ ਆਜੜੀ ਬੋਲਿਆ, “ਮੈਂ ਇਕ ਜਣੇ ਨੂੰ ਅੰਦਰ ਵੜਦਿਆਂ ਵੇਖਿਆ।” ਕਹਿੰਦਿਆਂ ਹੀ ਉਹ ਕੁੱਲੀ ਅੰਦਰ ਜਾ ਵੜਿਆ। ਏਧਰ-ਓਧਰ ਧੂੰਏਂ ਨੂੰ ਹੱਥ ਮਾਰਦਾ ਕੰਮੇ ਦੀ ਚੀਕ ਸੁਣਦਾ। ਮੰਜੀ ਹੇਠ ਲੁਕੇ ਕੰਮੇ ਨੂੰ ਖਿੱਚ ਕੇ ਬਾਹਰ ਲੈ ਆਇਆ। ਐਵੇਂ

ਨਹੀਂ ਕਹਿੰਦੇ, ਵਧੀ ਹੋਵੇ ਤਾਂ ..... ਮਾਰ ਸਕੇ ਨਾ ਕੋਇ। ਅੱਗ ਨੇ ਉਸ ਦੇ ਸਿਰ ਵਾਲ ਤੇ ਅੱਖਾਂ ਦੇ ਭਰਵੱਟਿਆਂ ਨੂੰ ਜ਼ਰੂਰ ਝੁਲਸ ਸੁੱਟਿਆ ਸੀ।

ਅਤੀਤ ਛੇਤੀ ਕੀਤਿਆਂ ਬੰਦੇ ਦਾ ਪਿੱਛਾ ਨਹੀਂ ਛੱਡਦਾ।

ਬਚਪਨ ਦੀਆਂ ਯਾਦਾਂ ਬੰਦੇ ਨਾਲ ਸਾਰੀ ਉਮਰ ਜੁੜੀਆਂ ਰਹਿੰਦੀਆਂ ਨੇ। ਉਹ ਚਾਹੇ ਚੰਗੀਆਂ ਹੋਣ ਤੇ ਚਾਹੇ ਨਾ ਚੰਗੀਆਂ ਹੋਵਣ ਫਿਰ ਵੀ ਉਨ੍ਹਾਂ ਯਾਦਾਂ ਵਿੱਚੋਂ ਬੜਾ ਕੁਝ ਬੰਦੇ ਨੂੰ ਸਹਿਜ-ਸੁਭਾਅ ਹੀ ਉਸ ਦੀ ਜ਼ਿੰਦਗੀ ਦਾ ਗਾਡੀ-ਰਾਹ-ਦਿਸੇਰਾ ਬਣਨ ਦਾ ਸਬੱਬ ਹੋ ਨਿੱਬੜਦਾ ਐ।

ਕਰਮੇ ਨੇ ਜਦੋਂ ਪਹਿਲੀ ਵੇਰ ਪਾਸਪੋਰਟ ਬਣਵਾਇਆ ਤਾਂ ਕਿਸੇ ਪ੍ਰਤੱਖ ਸਰੀਰਕ ਨਿਸ਼ਾਨ ਦੀ ਪਹਿਚਾਣ ਦੇਣੀ ਸੀ। ਬਿਨਾਂ ਸੋਚੇ ਨੱਕ ਉੱਤੇ ਕੱਟ ਦਾ ਨਿਸ਼ਾਨ।

'ਇਹ ਕਿੰਝ ਹੋ ਗਿਆ?' ਪਾਸਪੋਰਟ ਅਫ਼ਸਰ ਨੇ ਸੁਆਲ ਐਵੇਂ ਹੀ ਕਰ ਦਿੱਤਾ।

'ਐਵੇਂ ਇਕ ਸ਼ਰਾਰਤੀ ਜਮਾਤੀ ਨੇ ਲੱਕੜ ਦੀ ਫੱਟੀ ਨੱਕ 'ਤੇ ਮਾਰ ਦਿੱਤੀ ਸੀ।' ਕਰਮੇ ਨੇ ਨਾ ਚਾਹੁੰਦਿਆਂ ਵੀ ਸੱਚੋ-ਸੱਚ ਦੱਸ ਦਿੱਤਾ।

'ਕਾਕਾ! ਕੋਈ ਪੰਗਾ ਤੂੰ ਵੀ ਤਾਂ ਲਿਆ ਹੋਊ ?'

'ਮੈਂ ਉਹਦੀ ਦਵਾਤ ਉਹਦੀਆਂ ਕਿਤਾਬਾਂ ਉੱਤੇ ਰੋੜ੍ਹ ਦਿੱਤੀ ਸੀ।'

'ਫਿਰ ਤਾਂ ਹਿਸਾਬ ਬਰਾਬਰ ਹੋ ਗਿਆ ਹੋਊ?'

'ਕਿੱਥੇ ਜਨਾਬ, ਭਾਜੀ ਫਿਰ ਉਹਦੇ ਸਿਰ ਚਾੜ੍ਹ ਦਿੱਤੀ ਸੀ।'

'ਉਹ ਕਿਵੇਂ?'

'ਆਪਣੇ ਪਿੰਡ ਵਾਲੀ ਨਹਿਰ ਵਿਚ ਨਹਾਉਂਦਿਆਂ ਮੈਂ ਉਸ ਨੂੰ ਪੁਲ ਦੀ ਠੋਕਰ ਮੂਹਰੇ ਧੱਕਾ ਦਿੱਤਾ ਤਾਂ ਉਹ ਡੁੱਬਦਾ-ਡੁੱਬਦਾ ਮਸਾਂ ਬਚਿਆ ਸੀ, ਜੇ ਉਥੇ ਸਾਡੇ ਪਿੰਡ ਵਾਲਾ ਲੱਖਾ ਉਸ ਨੂੰ ਨਾ ਬਚਾਉਂਦਾ।' ਪਾਸਪੋਰਟ ਅਫਸਰ ਸ਼ਹਿਰੀ ਬਾਬੂ ਸੀ। 'ਬਸ ਇਹੀ ਗੱਲ ਮਾੜੀ ਏ ਤੁਹਾਡੇ ਪੇਂਡੂ ਲੋਕਾਂ ਵਿਚ। ਪੜ੍ਹਾਈ ਵੱਲ ਧਿਆਨ ਨਹੀਂ ਤੇ ਲੜਾਈ ਪੈਸਾ ਸੁੱਟ ਕੇ ਮੁੱਲ ਲੈ ਲੈਣੀ।' ਕਰਮਾ ਕਿਹੜਾ ਘੱਟ ਸੀ ? ਕਹਿਣ ਲੱਗਾ, 'ਜਨਾਬ ਜੇ ਪੰਜਾਬੀਆਂ ਵਿਚ ਇਹ ਕੁਝ ਵੀ ਨਾ ਹੁੰਦਾ ਤਾਂ ਅੱਜ ਸਾਰਾ ਮੁਲਖ 'ਅੱਲਾ ਹੂੰ ਅਕਬਰ' ਕਰ ਰਿਹਾ ਹੁੰਦਾ।' ਕਰਮੇ ਦੇ ਬੋਲਾਂ ਨੇ ਬਾਬੂ ਨੂੰ ਆਪਣੀਆਂ ਐਨਕਾਂ ਥਾਂ ਸਿਰ ਕਰਨ ਵੱਲ ਤੋਰ ਦਿੱਤਾ।

ਕਰਮਾ ਆਪਣੇ ਬਾਪ ਨਾਲ ਘਰੋਂ ਬਾਹਰ ਹਵੇਲੀ ਵਿੱਚ ਸੁੱਤਾ ਪਿਆ ਸੀ। ਜਦੋਂ ਉਸ ਦੇ ਵੱਡੇ ਮਾਮੇ ਫੌਜੀ ਨੇ ਆਪਣੇ ਚਾਚੇ ਦੇ ਮੁੰਡੇ ਨਾਲ, ਜਿਹੜਾ ਨਾਲ ਦੇ ਪਿੰਡ ਅਗਵਾਨ ਵਿਆਹਿਆ ਹੋਇਆ ਸੀ, ਆਣ ਫਤਹਿ ਬੁਲਾਈ।

'ਭਾਈਆ ! ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ'।

ਰਾਤ ਦੇ ਕਰੀਬ ਗਿਆਰ੍ਹਾਂ ਵੱਜੇ ਹੋਵਣਗੇ।

'ਆਓ ਬਈ "ਫਤਿਹ" ਐਸ ਵੇਲੇ ਕਿੱਧਰੋਂ?'

ਅੱਭੜਵਾਹੇ ਦੋਵੇਂ ਉੱਠ ਕੇ ਬਹਿ ਗਏ।

ਇਨ੍ਹਾਂ ਦੋਹਾਂ ਨਵੇਂ ਆਏ ਪ੍ਰਾਹੁਣਿਆਂ ਦੀ ਦਾਰੂ ਪੀਤੀ ਹੋਈ ਸੀ। ਪੀਤੀ ਵੀ ਕਿਉਂ ਨਾ ਹੁੰਦੀ ? ਮਾਮੇ ਦੇ ਚਾਚੇ ਦਾ ਪੁੱਤ ਅਗਵਾਨੀਂ ਵਿਆਹਿਆ ਸੀ ਤੇ ਜੱਟਾਂ ਦੇ ਘਰਾਂ ਵਿਚ ਜਵਾਈਆਂ ਦੀ ਖਾਤਰਦਾਰੀ ਵਿਚ ਘਰ ਦੀ ਦਾਰੂ ਆਪਣਾ ਰੰਗ ਤਾਂ ਜ਼ਰੂਰ ਹੀ ਵਿਖਾਉਂਦੀ ਸੀ।

ਗੱਲਾਂ ਦਾ ਦੌਰ ਚੱਲਦਾ। ਫ਼ਸਲਵਾੜੀ, ਲਵੇਰਾ, ਹੋਰ ਆਂਢ-ਗਵਾਂਢ ਦੇ ਹਾਲ-ਚਾਲ ਤੋਂ ਬਾਅਦ ਮਾਮਾ ਕਹਿਣ ਲੱਗਾ,

'ਓਏ ਪਾੜ੍ਹੂਆ, ਵੇਖ ਸਾਡਾ ਭਾਈਆ ਮਿੱਟੀ ਵਿਚ ਮਿੱਟੀ ਹੋ ਕੇ ਕਿੰਝ ਤੁਹਾਨੂੰ ਪੜ੍ਹਾ ਰਿਹਾ! ਕਦੇ ਪਿੱਛੇ ਘਰ ਦਾ ਖ਼ਿਆਲ ਵੀ ਰੱਖਿਆ ਕਰੋਗੇ ਕਿ ਨਹੀਂ?' ਕਰਮੇ ਦੇ ਮਾਮੇ ਦੇ ਸਹਿਜ ਸੁਭਾਅ ਦੇ ਬੋਲ ਸਨ।

ਕਰਮਾ ਕੁਝ ਨਾ ਬੋਲਿਆ। ਬਹੁਤ ਛੋਟਾ ਸੀ, ਮਾਮੇ ਦੀ ਪੂਰੀ ਗੱਲ ਸਮਝ ਵੀ ਨਹੀਂ ਸੀ ਆਈ। ਪਰ ਕਿਧਰੇ ਇੰਝ ਜ਼ਰੂਰ ਲੱਗਾ ਜਿਵੇਂ ਕੋਈ ਗੁੱਝਾ ਤੀਰ ਹਿੱਕ ਵਿਚ ਆਣ ਵੱਜਾ ਹੋਵੇ!

ਕੁਝ ਬੋਲ ਬੰਦੇ ਨਾਲ ਚੰਗੇ ਇਮਾਨਦਾਰ ਦੋਸਤਾਂ ਵਾਂਗ ਦੋਸਤੀ ਨਿਭਾ ਜਾਂਦੇ ਨੇ। ਉਹ ਦੁਖ-ਸੁਖ ਵਿੱਚ ਵੀ ਤੁਹਾਡਾ ਪਿੱਛਾ ਨਹੀਂ ਛੱਡਦੇ।

ਮਾਮੇ ਦੇ ਕਹੇ ਇਹ ਬੋਲ ਕਰਮੇ ਨਾਲ ਸਦਾ ਤੁਰਦੇ ਰਹੇ। ਕਦੇ-ਕਦੇ ਆਪਣੇ ਮਾਮੇ 'ਤੇ ਮਾਣ ਵੀ ਕਰਦਾ। ਸ਼ਾਇਦ ਇਨ੍ਹਾਂ ਬੋਲਾਂ ਨੇ ਕਰਮੇ ਨੂੰ ਕਈ ਵੇਰ ਕੁਰਾਹੇ ਪੈਣੋਂ ਵੀ ਰੋਕਿਆ ਸੀ ਤੇ ਬਣੀਆਂ ਮੁਸ਼ਕਿਲਾਂ ਵਿਚ ਸਹਾਰਾ ਵੀ ਦਿੱਤਾ ਸੀ। ਉਹਨੇ ਇਉਂ ਡਟ ਕੇ ਉਨ੍ਹਾਂ ਦਾ ਮੁਕਾਬਲਾ ਵੀ ਕੀਤਾ ਸੀ।

ਪੜ੍ਹਾਈ ਵਿੱਚ ਤਾਂ ਬਹੁਤਾ ਹੁਸ਼ਿਆਰ ਹੈ ਨਹੀਂ ਸੀ। ਬਸ ਜੱਕੋ-ਤੱਕਿਆਂ ਨਾਲ ਹੀ ਪੜ੍ਹੀ ਗਿਆ। ਇਕ ਸਮਾਂ ਉਹ ਵੀ ਆਇਆ ਕਿ ਬੰਬਈ ਫਿਲਮਾਂ ਵਿਚ ਚਲਿਆ ਜਾਵੇ। ਪਰ ਪਿੰਡ ਤੋਂ ਬੰਬਈ ਜਾਣਾ ਜਿਵੇਂ ਦੁਨੀਆਂ ਦੇ ਦੂਸਰੇ ਸਿਰੇ ਜਾਣ ਵਰਗਾ ਸੀ। ਖ਼ਰਚੇ ਦਾ ਸੁਆਲ ਵੀ ਸੀ। ਫਿਰ ਇਕ ਵਾਰ ਦਿਲ ਵਿਚ ਆਇਆ, ਚੰਬਲ ਦੀ ਘਾਟੀ ਜਾਇਆ ਜਾਵੇ! ਮੂਹਰੇ ਫਿਰ ਜਿਵੇਂ ਮਾਮਾ ਬੋਲ ਮਾਰ ਰਿਹਾ ਸੀ, 'ਉਹ ਪਾੜ੍ਹੂਆ ..........'

ਔਖੇ ਹਾਲਾਤ ਵਿਚ ਜੋ ਵੀ ਹਿੰਮਤ ਨਾਲ ਉਨ੍ਹਾਂ ਦਾ ਟਾਕਰਾ ਕਰਦਾ ਨਾ ਡੋਲਿਆ, ਸਮਝੋ ਉਸ ਨੇ ਜ਼ਿੰਦਗੀ ਦੀ ਅੱਧੀ ਬਾਜ਼ੀ ਛੋਟੀ ਉਮਰੇ ਹੀ ਜਿੱਤ ਲਈ।

ਸ਼ਾਇਦ ਕਰਮਾ ਵੀ ਉਨ੍ਹਾਂ ਵਿੱਚੋਂ ਇਕ ਸੀ। ਕਰਮੇ ਨੂੰ ਆਮ ਮੱਧ-ਕਿਸਾਨੀ

ਪਰਵਾਰ ਵਿਚ ਪੈਦਾ ਹੋਣ ਦਾ ਦੁੱਖ ਕਦੇ ਨਹੀਂ ਸੀ ਸਤਾਉਂਦਾ। ਹਾਂ, ਇਕ ਦੁੱਖ ਜ਼ਰੂਰ ਬਾਰ-ਬਾਰ ਉਸ ਨੂੰ ਯਾਦ ਆਉਂਦਾ ਰਹਿੰਦਾ ਸੀ।

ਉਂਜ ਇਹ ਕੋਈ ਬੀਮਾਰੀ ਨਹੀਂ ਸੀ।

ਇਹ ਕੋਈ ਘੱਟ ਕੱਪੜੇ, ਘੱਟ ਪੈਸੇ ਹੋਣ ਦਾ ਮਸਲਾ ਨਹੀਂ ਸੀ।

ਇਹ ਕੋਈ ਜ਼ਿਆਦਾ ਘਰੇਲੂ ਕੰਮਾਂ-ਕਾਰਾਂ ਦਾ ਵੀ ਝਮੇਲਾ ਨਹੀਂ ਸੀ।

ਫਿਰ ਇਹ ਕਿਹੋ ਜਿਹਾ ਦੁੱਖ ਸੀ?

ਦੁੱਖ ਸੀ ਤੇ ਹੈ ਵੀ ਬੜਾ ਅਜੀਬ ਸੀ।

ਫਿਰ ਕੀ ਸੀ ?

ਦੁੱਖ ਸੀ ਕਰਮੇ ਦੇ ਵਤਨ ਦੇ ਸੱਜੇ ਪਾਸੇ ਦੇ ਮਾਰੇ ਜਾਣ ਦਾ। ਜਦ ਵੀ ਕਰਮਾ ਆਪਣੇ ਕੋਠੇ ’ਤੇ ਚੜ੍ਹ ਕੇ ਬਾਬੇ ਨਾਨਕ ਦੇ ਕਰਤਾਰਪੁਰ ਵੱਲ ਆਪਣੀ ਨਜ਼ਰ ਟਿਕਾਉਂਦਾ ਉਦੋਂ ਉਸ ਦਾ ਸੱਜਾ ਪਾਸਾ ਦਰਿਆ ਰਾਵੀ ਦੀਆਂ ਛੱਲਾਂ ਨਾਲ ਗੜੁੱਚ ਹੋ ਜਾਂਦਾ। ਦਰਿਆ ਤੋਂ ਪਾਰ ਕਿਸਾਨ ਆਪਣੀਆਂ ਪੈਲੀਆਂ ਵਿਚ ਹਲ-ਪੰਜਾਲੀ, ਸੁਹਾਗਾ ਕਰ ਰਹੇ ਹੁੰਦੇ। ਉਨ੍ਹਾਂ ਦੀਆਂ ਸਵਾਣੀਆਂ ਆਪਣੇ ਜੀਆਂ ਲਈ ਸਿਰ ’ਤੇ ਭੱਤਾ ਚੁੱਕੀ ਆਣ ਪਹੁੰਚਦੀਆਂ। ਭੱਤਾ ਕਿੱਕਰਾਂ ਦੀ ਛਾਂ ਥੱਲੇ ਆਣ ਰੁਕਦਾ। ਉਦੋਂ ਬਲਦਾਂ ਦੇ ਗਲੋਂ ਜੂਲੇ ਲਾਹ ਕੇ ਉਨ੍ਹਾਂ ਨੂੰ ਬੇਲੇ ਅੰਦਰ ਹਿੱਕ ਦਿੱਤਾ ਜਾਂਦਾ।

ਕਰਮਾ ਜੱਟ ਦੀਆਂ ਆਪਣੀ ਸਵਾਣੀ ਨਾਲ ਹੁੰਦੀਆਂ ਗੱਲਾਂ ਕੰਨ ਲਾ ਕੇ ਸੁਣਨ ਦਾ ਵਿਅਰਥ ਯਤਨ ਕਰਦਾ। ਕੁਝ ਪੱਲੇ ਨਾ ਪੈਂਦਾ। ਕਿਉਂਕਿ ਵਕਤ ਨੇ ਫ਼ਾਸਲੇ ਦੂਰ ਕਰ ਦਿੱਤੇ ਸਨ। ਕਰਮਾ ਸੋਚਦਾ, ਐਸਾ ਵਕਤ ਕਦੇ ਕਿਸੇ ਦੁਸ਼ਮਣ ਨੂੰ ਵੀ ਨਾ ਵੇਖਣਾ ਪਵੇ। ਉਹ ਅੰਗਰੇਜ਼ਾਂ ਅਤੇ ਦੇਸੀ ਲਾਲਚੀ ਖ਼ੁਦਗਰਜ਼ ਲੀਡਰਾਂ ਦੀ ਅਹੀ-ਤਹੀ ਕਰਨ ਤੁਰ ਪੈਂਦਾ।

ਆਪਣੇ ਪਿੰਡੋਂ ਡੇਰਾ ਬਾਬਾ ਨਾਨਕ ਸਕੂਲ ਜਾਂਦਿਆਂ ਕਰਮਾ ਰਾਵੀਓਂ ਪਾਰ ਦੇ ਲੋਕਾਂ ਨਾਲ ਗੱਲਾਂ ਕਰਨ ਲਈ ਹਰ ਵੇਲੇ ਕਾਹਲਾ ਪਿਆ ਰਹਿੰਦਾ। ਉਹ ਉਨ੍ਹਾਂ ਦੇ ਦੁੱਖਾਂ-ਮੁਸੀਬਤਾਂ ਬਾਰੇ ਜਾਨਣਾ ਚਾਹੁੰਦਾ।

ਕੀ ਰਾਵੀਓਂ ਪਾਰ ਵੱਸਦਿਆਂ ਦੀਆਂ ਖ਼ੁਸ਼ੀਆਂ-ਗ਼ਮੀਆਂ ਵੀ ਸਾਡੇ ਵਰਗੀਆਂ ਹੀ ਨੇ ?

ਕੀ ਉਹ ਵੀ ਅੰਗਰੇਜ਼ਾਂ ਨੂੰ ਕਦੇ-ਕਦੇ ਮੰਦਾ ਬੋਲਦੇ ਨੇ ?

ਕੀ ਉਹ ਵੀ ਕਰਮੇ ਵਾਂਗ ਇਕ-ਦੂਸਰੇ ਨੂੰ ਗਲ਼ ਲਾਉਣਾ ਲੋਚਦੇ ਨੇ।

ਕੀ ਉਨ੍ਹਾਂ ਦੇ ਸੀਨਿਆਂ ਅੰਦਰ ਵੀ ਵੰਡ ਦੀ ਲੀਕ ਕਦੇ ਖੰਜਰ ਵਾਂਗ ਚੁੱਭਦੀ ਏ ?

ਇਕ ਦਿਨ ਕਰਮੇ ਨੇ ਸੁਹਣੀ-ਸੁਨੱਖੀ ਮੁਟਿਆਰ ਨੂੰ ਰਾਵੀਓਂ ਪਾਰ ਮੱਝਾਂ ਹਿੱਕੀ ਅਤੇ ਆਪਣੇ ਅੱਬਾ ਲਈ ਛਾਹ ਵੇਲਾ ਸਿਰ 'ਤੇ ਚੁੱਕੀ ਦਰਿਆ ਦੇ ਕੰਢੇ ਜਾ ਰਹੀ ਵੇਖਿਆ। ਕਰਮੇ ਨੇ ਬਾਂਹ ਚੁੱਕ ਕੇ ਇਸ਼ਾਰਾ ਕੀਤਾ ਤਾਂ ਉਸ ਦਾ ਮੁਸਕਰਾਉਣਾ ਜਿਵੇਂ ਕਰਮੇ ਨੂੰ ਕਹਿ ਰਿਹਾ ਸੀ, ਔਂਤਰਿਆ ! ਕੁਝ ਲਿਖ ਕੇ ਦਰਿਆ ਵਿਚ ਸੁੱਟ ਘੱਲ। ਕਰਮੇ ਨੇ ਅਗਲੇ ਦਿਨ ਹੀ ਕੁਝ ਲਿਖਿਆ ਤੇ ਕਾਨਿਆਂ ਦੀ ਤ੍ਰਿਕੋਣ ਬਣਾ ਕੇ ਦਰਿਆ ਵਿਚ ਠੇਲ੍ਹ ਦਿੱਤਾ। ਕਿਤੇ-ਕਿਤੇ ਦਰਿਆ ਸੋਕੇ ਨਾਲ ਤਿਰਹਾਇਆ ਪਿਆ ਸੀ। ਉਸ ਦਾ ਰੇਤੇ ਵਿੱਚੋਂ ਦੌੜਨਾ ਅਤੇ ਕਰਮੇ ਦੇ ਰੁੱਕੇ ਨੂੰ ਫੜ ਲੈਣਾ ਜਿਵੇਂ ਕਰਮੇ ਨੂੰ ਕਿਸੇ ਅਗੰਮੀ ਨਸ਼ੇ ਵਿਚ ਲੈ ਗਿਆ। ਬਸ ਸ਼ਾਇਦ ਏਥੇ ਹੀ ਸਭ ਨੇ ਰੁਕ ਜਾਣਾ ਸੀ ਕਿਉਂਕਿ ਉਸ ਦਿਨ ਤੋਂ ਬਾਅਦ ਪੰਜਾਬ ਦੀ ਪੰਜਾਬ ਆਰਮਡ ਪੁਲੀਸ (ਪੀ.ਏ.ਪੀ.) ਨੇ ਬਾਰਡਰ ਨੂੰ ਨਵੇਂ ਸਿਰੇ ਤੋਂ ਸੀਲਬੰਦ ਕਰਨਾ ਸ਼ੁਰੂ ਕਰ ਦਿੱਤਾ ਅਤੇ ਕਿਸੇ ਨੂੰ ਰਾਵੀ ਦਰਿਆ ਲਾਗੇ ਜਾਣ ਦੀ ਇਜਾਜ਼ਤ ਨਾ ਦਿੱਤੀ।

ਕਰਮਾ ਕਦੇ ਹਾਰ ਨਹੀਂ ਸੀ ਮੰਨਦਾ ਚਾਹੇ ਕੁਝ ਵੀ ਪੱਲੇ ਨਾ ਰਿਹਾ ਹੋਵੇ। ਇਸ ਪਿੱਛੇ ਇਕ ਠਿੱਗਰ ਕਾਰਨ ਵੀ ਕਿਉਂਕਿ ਹਵੇਲੀ ਨੰਬਰਦਾਰਾਂ ਦਾ ਟੱਬਰ ਕਾਫ਼ੀ ਖੁੱਲ੍ਹੇ-ਡੁੱਲੇ ਪਰਵਾਰ ਸਨ। ਵੱਡੇ ਨੰਬਰਦਾਰ ਦੀ ਜ਼ਮੀਨੀ ਮਹਿਕਮੇ ਦੀ ਅਫਸਰਸ਼ਾਹੀ ਨਾਲ ਹਮੇਸ਼ਾਂ ਬੜੀ ਨੇੜਤਾ ਰਹੀ। ਨਾਲ ਹੀ ਠਾਣੇਦਾਰਾਂ ਨਾਲ ਗੰਢ-ਤੁੱਪ ਵੀ। ਏਸ ਇਲਾਕੇ ਦੇ ਅੰਦਰ ਸਮਗਲਰਾਂ-ਬਲੈਕੀਆਂ ਦੀ ਉਨ੍ਹਾਂ ਦਿਨਾਂ ਵਿਚ ਬੜੀ ਬੱਲੇ-ਬੱਲੇ ਹੁੰਦੀ ਸੀ। ਇਨ੍ਹਾਂ ਅੰਦਰ ਹਰ ਜਾਤੀ, ਹਰ ਵਰਗ ਦੇ ਲੋਕ ਜਿਨ੍ਹਾਂ ਵਿਚ ਮਾਰ-ਖੋਰ, ਚੋਰ, ਪਹਿਲਵਾਨ ਵੀ ਹੁੰਦੇ ਸਨ। ਇਧਰ ਦੇ ਸਮਗਲਰਾਂ ਦੇ ਉਧਰ ਦਿਆਂ ਸਮਗਲਰਾਂ ਨਾਲ ਸੰਬੰਧ ਹੁੰਦੇ ਅਤੇ ਕਈਆਂ ਨੇ ਤਾਂ ਪੱਗਾਂ ਵੀ ਵਟਾਈਆਂ ਹੁੰਦੀਆਂ ਸਨ।

ਇਕ ਦਿਨ ਹਿੰਮਤ ਕਰਕੇ ਕਰਮੇ ਨੇ ਉਨ੍ਹਾਂ ਦੀ ਹਵੇਲੀ ਬੈਠੇ ਦੋ ਜਣਿਆਂ ਨਾਲ ਬੈਠਿਆਂ ਆਪਣੇ ਦਿਲ ਦੀ ਕਹਿ ਹੀ ਸੁਣਾਈ। ਨਾਲ ਹੀ ਰਾਵੀ ਦਾ ਇਧਰਲਾ ਅਤੇ ਉਧਰਲਾ ਇਸਦੇ ਕਿਨਾਰੇ ਕਿੱਕਰਾਂ ਦੇ ਝੁੰਡ ਦੀਆਂ ਦੱਸੀਆਂ ਨਿਸ਼ਾਨਦੇਹੀਆਂ ਵੀ। ਕਿੱਕਰਾਂ ਦੇ ਝੁੰਡ ਲਾਗੇ ਜ਼ਮੀਨ ਅਤੇ ਦੂਰ ਵੱਸਦੇ ਪਿੰਡ ਗੁਜ਼ਰਤੂਰ ਦਾ ਹਵਾਲਾ ਵੀ ਦੱਸ ਦਿੱਤਾ।

ਕੋਈ ਇਕ ਮਹੀਨੇ ਮਗਰੋਂ ਰਾਵੀਓਂ ਪਾਰ ਤੋਂ ਸਾਰੀ ਜਾਣਕਾਰੀ ਆਣ ਪਹੁੰਚੀ। ਗੁਜ਼ਰਤੂਰ ਦੇ ਟੱਬਰ ਦਾ ਪੂਰਾ ਅਤਾ-ਪਤਾ। ਜੱਟ ਪਰਵਾਰ, ਜਿਨ੍ਹਾਂ ਦੀ ਗੋਤ ਗੋਰਾਇਆ ਹੈ। ਵੰਡ ਤੋਂ ਪਹਿਲਾਂ ਸਿੱਖ ਸਨ, ਬਾਅਦ ਵਿਚ ਮੁਸਲਮਾਨ ਹੋ ਗਏ ਸਨ। ਅਸਲ ਵਿਚ ਸ਼ੱਕਰਗੜ੍ਹ ਤੋਂ ਲੈ ਕੇ ਨਾਰੋਵਾਲ ਤਕ ਦੇ ਆਰ-

ਪਾਰ ਦਰਿਆ ਰਾਵੀ ਦੇ ਦੋਹੀਂ ਪਾਸੀਂ ਕਰੀਬ 40 ਪਿੰਡ ਗੋਰਾਇਆ ਗੋਤੀਆਂ ਦੇ ਸਨ ਜੋ ਕਿ ਸੰਨ ਸੰਤਾਲੀ ਵੇਲੇ ਉਧਰ ਰਹਿ ਗਏ। ਉਨ੍ਹਾਂ ਆਪਣੇ ਪਹਿਲੇ ਨਾਮ ਤਿਆਗ ਕਰਕੇ ਆਪਣੇ ਨਾਮ ਤਾਂ ਮੁਸਲਮਾਨਾਂ ਵਾਲੇ ਰੱਖ ਲਏ ਪਰ ਉਹ ਅੱਜ ਤਕ ਵੀ ਆਪਣੀ ਗੋਤ ਗੋਰਾਇਆ ਨਾਲ ਹੀ ਜਾਣੇ ਜਾਂਦੇ ਸਨ।

ਸਖ਼ਤ ਪਹਿਰੇਦਾਰੀ ਨੇ ਜਿਵੇਂ ਪੈਰਾਂ ਨੂੰ ਬੰਨ੍ਹ ਦਿੱਤਾ ਹੋਵੇ! ਬੇਬਸੀ ਵਿਚ ਬੰਦਾ ਕਈ ਕੁਝ ਕਰਨ 'ਤੇ ਆ ਜਾਂਦਾ। ਸਿਰਫ਼ ਜਜ਼ਬਾਤਾਂ ਦੇ ਵਹਿਣਾਂ ਨਾਲ ਕਿੰਨਾ ਕੁ ਚਿਰ ਦੋਸਤੀ ਰੱਖੀ ਜਾ ਸਕਦੀ ਏ!

ਇਹ ਵੀ ਖ਼ਬਰ ਆ ਗਈ ਕਿ ਗੁਜ਼ਰਤੂਰ ਦੇ ਕਿਸੇ ਵੱਡੇ ਜ਼ਿਮੀਂਦਾਰ ਦੇ ਮੁੰਡੇ ਦੀ ਨੀਅਤ ਖਰਾਬ ਹੋਣ 'ਤੇ ਕੁੜੀ ਦਾ ਵਿਆਹ ਛੋਟੀ ਉਮਰੇ ਹੀ ਪੈੜੇਵਾਲ ਵਿਚ ਕਰ ਦਿੱਤਾ ਸੀ। ਆਪਣੀ ਇੱਜ਼ਤ ਕਿਸ ਨੂੰ ਪਿਆਰੀ ਨਹੀਂ ਹੁੰਦੀ ? ਹੱਦਾਂ-ਬੰਨੇ ਢਾਹੁਣਾ ਕਿਸ ਦੇ ਵੱਸ ਸੀ ?

ਕਰਮੇ ਨੇ ਉਸ ਰੁੱਕੇ ਵਿਚ ਆਪਣੇ ਅੰਦਰੂਨੀ ਜਜ਼ਬਾਤ ਕੁਝ ਇੰਝ ਬਿਆਨ ਕੀਤੇ ਸਨ :

ਜਾਣ ਕੇ ਤੇਰੇ ਪਿੰਡ ਦੀ
ਜੂਹ ਦੇ ਲਾਗੋਂ ਲੰਘਦਾ ਸੀ।
ਲੰਬਾ ਪੈਂਡਾ ਲੈ ਲੈਂਦਾ
ਤੱਕਦਾ ਨਾਲੇ ਸੰਗਦਾ ਸੀ।
ਤੇਰਾ ਸਾਦ-ਮੁਰਾਦਾ ਚਿਹਰਾ
ਵਿੱਚੋਂ ਰੱਬ ਨੂੰ ਤੱਕਦਾ ਸੀ।
ਇੰਜ ਲੱਗਦਾ ਕੋਈ ਪਰੀ ਪਹਾੜੋਂ
ਤੱਕਦਾ ਵੀ ਨਾ ਥੱਕਦਾ ਸੀ।
ਨਾ ਕੋਈ ਜਾਣ-ਪਛਾਣ
ਦਿਲ ਭਟਕਣ ਲੱਗੀ ਰਹਿੰਦੀ ਸੀ।
ਨਦੀ ਕਿਨਾਰੇ ਦੋ ਪੰਛੀ ਬੈਠੇ
ਸਰਹੱਦ ਸੌਂਕਣ ਬਣ ਖਹਿੰਦੀ ਸੀ।
ਦੂਰੀ ਵਿੱਚ ਦਰਿਆ ਦੀ ਸੀ
ਫਿਰ ਵੀ ਲੱਗਦਾ ਨੇੜੇ ਸੀ।
ਹਾਕਮਾਂ ਨੇ ਸਾਡੀ ਭੋਇੰ ਵੰਡ 'ਤੀ
ਇਹ ਮੁਲਕਾਂ ਦੇ ਝੇੜੇ ਸੀ।
ਬਾਪੂ ਤੇਰਾ ਖੇਤ ਸੀ ਹੁੰਦਾ

ਤੂੰ ਛਾਹ ਵੇਲਾ ਲੈ ਕੇ ਆਉਂਦੀ ਸੀ।
ਹੁੰਦਾ ਸਾਂ ਖੂਹ ਦੀ ਗਾਟੀ ਬੈਠਾ
ਤੂੰ ਵੇਖ ਕਦੇ ਮੁਸਕਰਾਉਂਦੀ ਸੀ।
ਹੱਥ ਹਿਲਾ ਗੱਲਾਂ ਕਰ ਲੈਂਦੇ
ਤੂੰ ਸੰਗਦੀ ਸ਼ਰਮਾਉਂਦੀ ਸੀ।
ਤੇਰੇ ਪਿੰਡ ਦਾ ਹਾਲ ਮੈਂ ਪੁੱਛਾਂ
ਤੂੰ ਘੂਰੀ ਮਾਰ ਡਰਾਉਂਦੀ ਸੀ।
ਮੇਰੇ ਪਿੰਡ ਦੀ ਗੱਲ ਤੂੰ ਪੁੱਛੇਂ
ਵਿੱਛੜ ਗਿਆਂ ਦਾ ਦਰਦ ਤੂੰ ਪੁੱਛੇਂ।
ਹੱਥਾਂ ਵਾਲੇ ਰੰਗ ਕੰਧਾਂ 'ਤੇ
ਇਹ ਮੈਂ ਦਸਾਂ, ਇਹ ਤੂੰ ਪੁੱਛੇਂ!
ਮੇਲਿਆਂ ਵਾਲੇ ਚੂੜੀਆਂ-ਗਜਰੇ
ਪੱਟੀਂ ਪੈਂਦੇ ਮੋਰ ਮੈਂ ਦੱਸਾਂ।
ਚੋਰੀ-ਚੋਰੀ ਸੱਜਣ ਮਿਲਦੇ
ਇੱਟ-ਖੜੱਕਾ ਜ਼ੋਰ ਮੈਂ ਦੱਸਾਂ।
ਕੀ ਨਾ ਪੁੱਛਾਂ ਕੀ ਨਾ ਦੱਸਾਂ
ਪੁੱਛੇਂ ਤਾਂ ਮੈਂ ਦਿਲ ਦੀਆਂ ਦੱਸਾਂ।
ਉੱਜੜ ਗਿਆਂ ਦੀਆਂ ਬਾਤਾਂ
ਫਿਰ ਕਿੰਜ ਵੱਸੇ, ਹਾਲ ਮੈਂ ਦੱਸਾਂ!
ਕਿਸੇ ਦੀ ਵੰਝਲੀ ਕਿੱਥੇ ਰਹਿ ਗਈ
ਕਿਸੇ ਦਾ ਸ਼ਮਲਾ ਗੁੰਮ ਹੋ ਗਿਆ।
ਕਿਸੇ ਦਾ ਮਿੱਤਰ-ਬੇਲੀ ਕਿਧਰੇ
ਕਈਆਂ ਦਾ ਚਿੱਤ ਸੁੰਨ ਹੋ ਗਿਆ।
ਮੇਰੇ ਪਿੰਡ ਕਈ ਕਮਲ਼ੇ ਹੋ ਗਏ
ਲੱਗਦਾ ਪਿੰਡ ਫ਼ਕੀਰ ਹੋ ਗਿਆ!
ਰੱਬ ਕਰੇ ਕੋਈ ਕਹਿਰ ਨਾ ਵਰਤੇ
ਹੁਣ ਤਾਂ ਬਸ ਅਖ਼ੀਰ ਹੋ ਗਿਆ!
ਤੇਰੇ ਪਿੰਡ ਲਈ ਕਰਾਂ ਦੁਆਵਾਂ
ਫਿਰ ਸੁਣੀਏ ਰਾਵੀ ਦੀਆਂ ਛੱਲਾਂ!
ਸੱਭੇ ਗੱਭਰੂ ਛੈਲ-ਛਬੀਲੇ

ਮੁਟਿਆਰਾਂ ਦੀਆਂ ਸੁਣੀਏ ਗੱਲਾਂ!
ਇਹੀ ਸੁਨੇਹਾ ਦੇਣ ਲਈ
ਤੇਰੇ ਪਿੰਡ ਦੇ ਲਾਗੋਂ ਲੰਘਦਾ ਸੀ।
ਲੰਬਾ ਪੈਂਡਾ ਲੈ ਲੈਂਦਾ
ਵਲ ਪਾ ਕੇ 'ਕਰਮਾ' ਲੰਘਦਾ ਸੀ।

ਭਰ ਸਿਆਲ ਤੇ ਸਾਲ ਦਾ ਆਖਰੀ ਦਿਨ। ਹਵੇਲੀ ਪਿੰਡ ਦੇ ਚੜ੍ਹਦੇ ਪਾਸੇ ਨੰਬਰਦਾਰਾਂ ਦੇ ਕਮਾਦ ਦੇ ਖੇਤ ਸਨ ਤੇ ਨਾਲ ਹੇਠਲੇ ਪਾਸੇ ਬਰਸੀਮ। ਤੜਕੇ ਸਵੇਰੇ ਰੋਜ਼ਾਨਾ ਇਕ ਸਾਨ੍ਹ ਨੇ ਆ ਕੇ ਬਰਸੀਮ ਦਾ ਬਹੁਤ ਉਜਾੜਾ ਕਰਨਾ। ਕੰਤੇ ਨੇ ਇਕ ਦਿਨ ਚੰਗੇ ਸਵੇਰੇ ਉੱਠ ਕੇ ਪੈਲੀ ਵੱਲ ਗੇੜਾ ਮਾਰਿਆ ਤਾਂ ਕੀ ਵੇਖਦੈ ਕਿ ਇਕ ਬੰਦਾ ਕਮਾਦ ਦੀ ਵੱਟੇ-ਵੱਟੇ ਚੱਲ ਰਿਹੈ।

'ਕਿਹੜਾ ਓਏ ? ਠਹਿਰ ਜ਼ਰਾ ਕੌਣ ਏ ਤੂੰ ?'

ਏਨਾਂ ਸੁਣਦਿਆਂ ਉਹ ਬੰਦਾ ਕਮਾਦ ਅੰਦਰ ਚਲਾ ਗਿਆ। ਇਹ ਵੀ ਬਹੁਤ ਨੇੜੇ ਆ ਚੁੱਕਾ ਸੀ। ਇਸ ਦੇ ਹੱਥ ਵਿਚ ਡਾਂਗ ਸੀ ਤਾਂ ਉਹ ਸਾਨ੍ਹ ਵਾਸਤੇ ਪਰ ਅੱਜ ....

ਜਦ ਉਸ ਵੱਲੋਂ ਕੋਈ ਜਵਾਬ ਨਾ ਆਇਆ ਤਾਂ ਕੰਤੇ ਨੇ ਗਾਲ੍ਹ ਕੱਢ 'ਤੀ

'ਖਲੋ ਤੇਰੀ ... ਨੂੰ ਬਾਹਰ ਆਉਨਾਂ ਜਾਂ ਪਾੜਾਂ ਤੇਰਾ ਸਿਰ ?'

ਉਹ ਬੰਦਾ ਚੁੱਪ-ਚਾਪ ਕਮਾਦੋਂ ਬਾਹਰ ਆ ਗਿਆ। ਕਰੀਬ 25-26 ਸਾਲ ਦੀ ਉਮਰ। ਕੰਤੇ ਨੇ ਉਸ ਨੂੰ ਫੜ ਕੇ ਹਵੇਲੀ ਲੈ ਆਂਦਾ। ਸਰਸਰੀ ਗੱਲਾਂਬਾਤਾਂ ਹੋਈਆਂ। ਠੰਢ ਬਹੁਤ ਸੀ। ਘਰ ਅੱਗ ਦਾ ਧੂੰਆਂ ਲਾ ਕੇ ਉਸ ਨੂੰ ਨਿੱਘਾ ਕੀਤਾ ਤੇ ਚਾਹ ਬਣਾ ਕੇ ਪਿਆਈ। ਬਾਹਰ ਤਾਂ ਕੱਕਰ ਜੰਮਦੇ ਸਨ। ਜਦ ਉਸ ਨੂੰ ਪੁੱਛਿਆ ਕਿ ਤੂੰ ਪਾਰੋਂ ਆਇਆਂ ? ਜਸੂਸੀ ਕਰਦੈਂ ਜਾਂ ਬਲੈਕ? ਸੱਚ ਦੱਸ ਦੇ, ਤੈਨੂੰ ਕੁਝ ਨਹੀਂ ਕਹਿੰਦੇ! ਤੈਨੂੰ ਜਾਣ ਦਿਆਂਗੇ। ਉਸ ਦਾ ਜਵਾਬ ਸੀ, ਮੈਂ ਬਟਾਲੇ ਗਾਂਧੀ ਨਗਰ ਤੋਂ ਹਾਂ ਅਤੇ ਪੈੱਨ ਵੇਚਦਾ ਹਾਂ।

ਅੰਦਰ ਸਬਾਤ ਵਿਚ ਕਰਮਾ ਸੁੱਤਾ ਹੋਇਆ ਉਠਿਆ ਤਾਂ ਇਸ ਬੰਦੇ ਨੇ ਉਸ ਨੂੰ ਇਕ ਛੋਟੀ ਜਿਹੀ ਬੈਟਰੀ ਦੇਣ ਦੀ ਕੋਸ਼ਿਸ਼ ਕੀਤੀ। ਕਰਮਾ ਤਾਂ ਭਾਵੇਂ ਲੈ ਲੈਂਦਾ ਪਰ ਉਸ ਦੇ ਪਿਤਾ ਨੇ ਕਿਹਾ, ਕੋਈ ਸ਼ੈਅ ਨਹੀਂ ਲੈਣੀ!

ਅੱਗ ਦੁਆਲੇ ਬੈਠਿਆਂ ਗੱਲਾਂ-ਗੱਲਾਂ ਵਿਚ ਉਸ ਬੰਦੇ ਨੇ ਨੰਬਰਦਾਰਾਂ ਦੇ ਘਰ ਦੀ ਵਾਹਵਾ ਸਾਰੀ ਜਾਣਕਾਰੀ ਵੀ ਲੈ ਲਈ। ਦਿਨ ਚੜ੍ਹ ਆਇਆ। ਗੱਲ ਚਾਰ-ਚੁਫੇਰੇ ਫ਼ੈਲ ਗਈ ਕਿ ਨੰਬਰਦਾਰਾਂ ਨੇ ਇਕ ਮੁਸਲਮਾਨ ਆਪਣੇ ਕਮਾਦ ਵਿੱਚੋਂ ਫੜਿਐ।

ਕੰਤੇ ਨੂੰ ਸ਼ੱਕ ਹੋ ਗਿਆ ਕਿ ਇਹ ਸੱਚ ਨਹੀਂ ਦੱਸ ਰਿਹਾ। ਕੁਝ ਲੋਕ ਉਸ ਨੂੰ ਡੇਰਾ ਬਾਬਾ ਨਾਨਕ ਠਾਣੇ ਲੈ ਕੇ ਚਲੇ ਗਏ। ਸਰਦਾਰ ਠਾਣੇਦਾਰ ਨੇ ਪੁੱਛਗਿੱਛ ਕੀਤੀ, ਉਸ ਦੇ ਪੱਲੇ ਕੁਝ ਨਾ ਪਿਆ। ਸੀ.ਆਈ.ਡੀ. ਇੰਸਪੈਕਟਰ ਬਿਸ਼ੰਭਰ ਦਾਸ ਆਇਆ ਤੇ ਸਭ ਤੋਂ ਪਹਿਲਾਂ ਉਹਦਾ ਥਾਂ-ਟਿਕਾਣਾ, ਨਾਂ ਤੇ 'ਕਿੰਨਾ ਪੜ੍ਹਿਐਂ ?' ਪੁੱਛਿਆ ? ਕਹਿੰਦਾ ਮੈਂ ਤਿੰਨ ਜਮਾਤਾਂ ਹੀ ਪੜ੍ਹਿਆ ਹੋਇਆ ਹਾਂ। ਉਸ ਨੂੰ ਚਾਹ ਪਿਆਉਣ ਤੋਂ ਪੰਦਰਾਂ ਮਿੰਟਾਂ ਬਾਅਦ ਫਿਰ ਇੰਸਪੈਕਟਰ ਨੇ ਉਹੀ ਸੁਆਲ ਕੀਤਾ। ਐਤਕੀਂ ਇਹ ਛੇ ਜਮਾਤਾਂ ਕਰ ਚੁੱਕਾ ਸੀ। ਇੰਸਪੈਕਟਰ ਨੇ ਠਾਣੇਦਾਰ ਨੂੰ ਐੱਫ.ਆਈ.ਆਰ. ਦਰਜ ਕਰਨ ਲਈ ਕਹਿ ਦਿੱਤਾ। ਏਨੇ ਚਿਰਾਂ ਨੂੰ ਕੰਤਾ ਅਤੇ ਉਸ ਦਾ ਤਾਇਆ ਨੰਬਰਦਾਰ ਵੀ ਠਾਣੇ ਆ ਗਏ। ਠਾਣਿਓਂ ਸੁਨੇਹਾ ਗਿਆ ਸੀ।

ਪੁਲੀਸ ਠਾਣੇਦਾਰ ਨੇ ਇਨ੍ਹਾਂ ਤੋਂ ਪੁੱਛਿਆ ਕਿ ਕੀ ਤੁਸੀਂ ਇਸ ਬੰਦੇ ਨੂੰ ਜਾਣਦੇ ਹੋ ? ਠਾਣੇਦਾਰ ਨੇ ਅੰਦਰ ਬੰਦ ਉਸ ਬੰਦੇ ਵੱਲ ਇਸ਼ਾਰਾ ਕੀਤਾ।

'ਬਿਲਕੁਲ ਅਸੀਂ ਇਸ ਨੂੰ ਨਹੀਂ ਜਾਣਦੇ।'

'ਉਹ ਕਹਿੰਦਾ, ਮੈਂ ਇਨ੍ਹਾਂ ਤੋਂ ਪੈਸੇ ਲੈਣੇ ਨੇ, ਤਾਂ ਹੀ ਇਨ੍ਹਾਂ ਮੈਨੂੰ ਫੜਵਾ ਦਿੱਤਾ !'

'ਇਹ ਕੰਜਰ ਦਾ ਪੁੱਤ ਝੂਠ ਮਾਰਦਾ ਏ ! ਮੈਂ ਤਾਂ ਇਸ ਨੂੰ ਆਪਣੇ ਕਮਾਦ ਵਿੱਚੋਂ ਫੜ ਕੇ ਲਿਆਇਆ ਸੀ ਕਿ ਕਿਧਰੇ ਜਾਸੂਸ ਹੀ ਨਾ ਹੋਵੇ ?'

ਜਦ ਸ਼ਾਮ ਤਕ ਵੀ ਤਾਇਆ ਭਤੀਜਾ ਪਿੰਡ ਨਾ ਮੁੜੇ ਤਾਂ ਹਰੂਵਾਲ ਨੰਬਰਦਾਰ ਦੇ ਯਾਰ ਠਾਣੇਦਾਰ ਸੱਜਣ ਸਿੰਘ ਨੂੰ ਸੁਨੇਹਾ ਘੱਲਿਆ ਕਿ ਐਹ ਗੱਲ ਹੋਈ ਏ। ਉਹ ਹਰੂਵਾਲ ਤੋਂ ਟਾਂਗਾ ਲੈ ਕੇ ਠਾਣੇ ਚਲਿਆ ਗਿਆ ਜਿਥੇ ਉਸ ਦਾ ਮੇਲ ਸੀ.ਆਈ.ਡੀ. ਇੰਸਪੈਕਟਰ ਨਾਲ ਵੀ ਹੋ ਗਿਆ। ਇੰਸਪੈਕਟਰ ਵੀ ਨੰਬਰਦਾਰ ਨੂੰ ਜਾਣਦਾ ਸੀ। ਸੱਜਣ ਸਿੰਘ ਨਾਲ ਤਾਂ ਖਾਣੀ-ਪੀਣੀ ਦੇ ਨਾਲ-ਨਾਲ ਚੰਗੀ ਸਾਂਝ ਵੀ ਸੀ। ਇਨ੍ਹਾਂ ਨੇ ਠਾਣੇਦਾਰ ਨੂੰ ਯਕੀਨ ਦਿਵਾਇਆ ਕਿ ਹਵੇਲੀ ਵਾਲਿਆਂ ਨੂੰ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ। ਇਨ੍ਹਾਂ ਨੂੰ ਘਰੇ ਜਾਣ ਦਿਉ। ਇਹ ਘਰੇ ਆ ਗਏ।

ਬਾਰਡਰ ਲਾਗਲੇ ਇਨ੍ਹਾਂ ਪਿੰਡਾਂ ਵਿਚ ਜਿੱਥੇ ਘਰ ਦੀ ਦਾਰੂ ਦਾ ਆਮ ਬੋਲਬਾਲਾ ਸੀ ਉਥੇ ਥੋੜ੍ਹੇ-ਬਹੁਤੇ ਸਹਿੰਦੇ ਘਰਾਂ ਦੇ ਚੌਧਰੀ ਵੀ ਅਫ਼ੀਮ ਆਮ ਹੀ ਵਰਤ ਲੈਂਦੇ। ਪੁਰਾਣੇ ਸਮਿਆਂ ਤੋਂ ਹੀ ਅਫੀਮ ਨੂੰ ਆਮ ਵਰਤੋਂ ਵਿਚ ਲਿਆਉਣਾ ਰਿਵਾਜ਼ ਜਿਹਾ ਹੀ ਬਣ ਚੁੱਕਾ ਸੀ। ਜਿੱਥੇ ਇਹ ਰਾਜਿਆਂ-ਮਹਾਂਰਾਜਿਆਂ ਦੇ ਸ਼ੌਕ ਸਨ ਉਥੇ ਇਹ ਚੰਗੇ ਵੱਸਦੇ ਘਰਾਂ ਅੰਦਰ ਮਾਣ ਨਾਲ ਵਰਤੀ ਜਾਂਦੀ ਸੀ।

ਇਲਾਕੇ ਦੇ ਸਾਰੇ ਨਾਮੀ ਸਮੱਗਲਰ ਵੱਡੇ ਨੰਬਰਦਾਰ ਨਾਲ ਬਹੁਤ ਨੇੜਤਾ ਰੱਖਦੇ। ਫੜੇ ਜਾਣ ਦੀ ਸੂਰਤ ਵਿਚ ਨੰਬਰਦਾਰ ਪੁਲਿਸ ਕੋਲੋਂ ਇਨ੍ਹਾਂ ਦੀ ਖੱਲੜੀ ਬਚਾ ਦੇਂਦਾ ਸੀ ਕਿਉਂਕਿ ਉਸ ਦੀ ਮਾਲ ਮਹਿਕਮੇ ਵਿਚ ਵੀ ਬਹੁਤ ਚੜ੍ਹਤ ਹੁੰਦੀ ਸੀ। ਪਟਵਾਰੀ, ਗਿਰਦਾਵਰ ਤੇ ਤਹਿਸੀਲਦਾਰ ਸਮਝੋ ਕਿ ਉਸ ਦੀ ਜੇਬ ਵਿਚ ਹੀ ਹੁੰਦੇ! ਨਵੀਂ ਅਲਾਟਮੈਂਟ ਵੇਲੇ ਕਾਦੀਆਂ, ਮਛਰਾਲਾ, ਅਗਵਾਨ, ਹਰੂਵਾਲ ਦੇ ਜੱਟਾਂ ਨੇ ਜਿਵੇਂ ਤੇ ਜਿਥੇ ਕਿਹਾ ਨੰਬਰਦਾਰ ਨੇ ਉਵੇਂ ਹੀ ਜ਼ਮੀਨੀ ਫਰਦਾਂ ਉੱਤੇ ਲੀਕਾਂ ਮਰਵਾਈਆਂ। ਲੋਕ ਨੰਬਰਦਾਰ ਦਾ ਜੱਸ ਗਾਉਂਦੇ। ਬਸ ਅਫ਼ੀਮ ਜਿਹੜੀ ਆਮ ਹੁੰਦੀ ਉਸ ਦਾ ਹੀ ਨਸ਼ਾ ਸੀ ਨਾ ਕਿ ਕੋਈ ਹੋਰ ਜ਼ਿਆਦਾ ਮਾੜਾ ਨਸ਼ਾ।

ਨੰਬਰਦਾਰ ਦੇ ਭਰਾਵਾਂ ਦਾ ਹਮੇਸ਼ਾਂ ਉਸ ਨਾਲ ਗ਼ਿਲ੍ਹਾ ਰਹਿੰਦਾ ਕਿ ਤੂੰ ਲੋਕਾਂ ਨੂੰ ਕੱਖਾਂ ਤੋਂ ਲੱਖਾਂ ਵਿਚ ਕਰ ਦਿੱਤਾ ਪਰ ਆਪਣੇ ਘਰ ਵੱਲ ਕਦੀ ਨਜ਼ਰ ਹੀ ਨਹੀਂ ਮਾਰੀ। ਉਸ ਦਾ ਹਮੇਸ਼ਾ ਭਰਾਵਾਂ ਨੂੰ ਜਵਾਬ ਹੁੰਦਾ: 'ਭਾਈ, ਇਥੇ ਕਿਸੇ ਨੇ ਬਹਿ ਰਹਿਣਾ? ਇਹ ਦੁਨੀਆਂ ਚਾਰ ਦਿਨਾਂ ਦਾ ਮੇਲਾ!' ਪੁੱਛਣ ਵਾਲਾ ਹੋਵੇ ਜਿਨ੍ਹਾਂ ਦੇ ਕਿੱਲਿਆਂ ਦੇ ਕਿੱਲੇ ਕੱਠੇ ਤੇ ਸਿੱਧੇ ਕਰਵਾ ਦਿੱਤੇ, ਉਨ੍ਹਾਂ ਸਦਾ ਇਥੇ ਬੈਠ ਰਹਿਣਾ? ਪਰ ਇਹ ਉਸ ਦੇ ਮਨ ਦੀ ਆਪਣੀ ਮੌਜ ਸੀ। ਮੌਜਾਂ ਤਾਂ ਹੋਰ ਵੀ ਸਨ ਪਰ ਬੰਦਾ ਦੱਸੇ ਤਾਂ ਕੀ ਦੱਸੇ?

'ਵੇ ਕੰਮਿਆ! ਹੁਣ ਤੈਨੂੰ ਘੋੜੀ ’ਤੇ ਬਿਠਾ ਕੇ ਕੌਣ ਹੂਟੇ ਦੇਊਗਾ?'

ਇਹ ਬੋਲ ਸਨ ਹਵੇਲੀਆਂ ਤੋਂ ਪਿਛਲੇ ਪਿੰਡ ਦੀ ਨੰਬਰਦਾਰਨੀ ਦੇ ਜਿਹੜੇ ਉਸ ਨੇ ਗਰਮੀਆਂ ਦੇ ਦਿਨੀਂ ਕਰਮੇ ਨੂੰ ਡੇਰਾ ਬਾਬਾ ਨਾਨਕ ਸਕੂਲ ਤੋਂ ਪਿੰਡ ਆਉਂਦਿਆਂ ਕਹੇ ਸਨ।

‘ਮੇਰਾ ਬਾਬਾ।’

‘ਲੱਭ ਆਪਣਾ ਬਾਬਾ! ਉਹ ਤਾਂ ਰੱਬ ਨੂੰ ਪਿਆਰਾ ਹੋ ਗਿਆ’

ਕਰਮੇ ਨੂੰ ਕੋਈ ਖਾਸ ਸਮਝ ਨਹੀਂ ਸੀ ਪਈ। ਘਰ ਪਹੁੰਚਣ ਤਕ ਸੋਚਦਾ ਗਿਆ ਅਗਲੀ ਵਾਰ ਬਾਬਾ ਘੋੜੀ ’ਤੇ ਬਿਠਾ ਕੇ ਕਿੱਥੇ ਖੜੇਗਾ? ਸਿੱਧਾ ਕੱਚੇ ਕੋਠੇ ਦੀ ਬੈਠਕ ਵਿਚ ਜਿੱਥੇ ਬਾਬਾ ਚਿੱਟੀ ਚਾਦਰ ਲਈ ਲੰਮੀਆਂ ਤਾਣ ਕੇ ਸੁੱਤਾ ਪਿਆ ਸੀ; ਕੁਝ ਲੋਕ ਹੇਠਾਂ ਜ਼ਮੀਨ ’ਤੇ ਬੈਠੇ ਸ਼ਾਇਦ ਪਾਠ ਕਰ ਰਹੇ ਸਨ। ਹਵੇਲੀ ਵਿਚ ਘੋੜੀ ਦੀ ਖੁਰਲੀ ਹਰੇ ਨਾਲ ਭਰੀ ਪਈ ਸੀ। ਲਾਗੇ ਦਾਬੜਾ ਪਾਣੀ ਨਾਲ ਨੱਕੋ-ਨੱਕ ਡੱਕਿਆ ਪਿਆ ਪਰ ਘੋੜੀ ਦੀਆਂ ਅੱਖਾਂ ਵਿੱਚੋਂ ਪਾਣੀ ਸਿੰਮ ਰਿਹਾ ਸੀ, ਜਿਵੇਂ ਕਹਿ ਰਹੀ ਹੋਵੇ :

‘ਕੌਣ ਪਾਊ ਮੇਰੇ ’ਤੇ ਕਾਠੀਆਂ

ਕਿਹੜਾ ਖੜੂ ਰਾਵੀਓਂ ਪਾਰ?
ਕਿਉਂ ਸੌਂ ਗਿਓਂ ਲੰਮੀਆਂ ਤਾਣ ਕੇ
ਜ਼ਰਾ ਨਜ਼ਰ ਮੇਰੇ ਵੱਲ ਮਾਰ!'

ਕਰਮੇ ਨੇ ਆਪਣੀ ਹੋਸ਼ ਵਿਚ ਆਪਣੇ ਬਾਬੇ ਦਾ ਤੁਰ ਜਾਣਾ ਹਵੇਲੀ ਵਿਚ ਸ਼ਾਇਦ ਪਹਿਲੀ ਮੌਤ ਵੇਖੀ ਸੀ। ਉਦੋਂ ਹੋਰ ਵੀ ਹੈਰਾਨੀ ਹੋਈ ਜਦ ਡੇਰਾ ਬਾਬਾ ਨਾਨਕ ਦੇ ਹਾਇਰ ਸਕੈਂਡਰੀ ਸਕੂਲ, ਜਿਥੇ ਕਰਮਾ ਪੜ੍ਹਨ ਜਾਂਦਾ ਸੀ, ਬੈਂਡ-ਵਾਜੇ ਵਾਲਿਆਂ ਨੂੰ ਲਿਆਂਦਾ ਗਿਆ ਤੇ ਢੋਲ-ਢਮੱਕੇ ਨਾਲ ਬਾਬੇ ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ। ਬਹੁਤਾ ਰੋਣਾ-ਪਿੱਟਣਾ ਨਹੀਂ ਸੀ ਹੋਇਆ। ਬਾਬਾ ਕਰੀਬ ਇਕ ਸਦੀ ਪਾਰ ਕਰਕੇ ਕਈ ਸੁਹਾਉਣੀਆਂ ਯਾਦਾਂ ਪਿੱਛੇ ਛੱਡ ਕੇ ਤੁਰ ਗਿਆ ਸੀ।

ਬਾਬਾ ਚੜ੍ਹਦੀ ਜਵਾਨੀ ਵਿਚ ਪਿੰਡ ਦਾ ਨੰਬਰਦਾਰ ਬਣ ਗਿਆ ਸੀ। ਅੰਗਰੇਜ਼ਾਂ ਨੇ ਜਦ ਬਾਰ ਦਾ ਜੰਗਲੀ ਇਲਾਕਾ ਆਬਾਦ ਕੀਤਾ ਤਾਂ ਲਾਇਲਪੁਰ ਲਾਗੇ ਇਕ ਮੁਰੱਬਾ ਵੀ ਖ਼ਰੀਦ ਲਿਆ ਸੀ। ਜਦ ਵਿਆਹ ਦੀ ਗੱਲ ਤੁਰੀ ਤਾਂ ਉਹਨੇ ਨਾਂਹ ਕਰ ਦਿੱਤੀ। ਕਾਰਨ ਸੀ ਕਿ ਜਿਥੇ ਰਿਸ਼ਤਾ ਹੋ ਰਿਹਾ ਸੀ ਭਾਵ ਕਰਮੇ ਦੀ ਦਾਦੀ ਜੋ ਸੀ ਉਹ ਕੱਦ ਪੱਖੋਂ ਛੋਟੀ ਸੀ। ਰਾਵੀ ਤੋਂ ਪਾਰ ਸ਼ੱਕਰਗੜ੍ਹ ਵਾਲੇ ਪਾਸੇ ਪਿੰਡ ਦਾ ਨਾਮ ਸੀ ਗਰ੍ਹਾਲਾ। ਦਾਦੀ ਦਾ ਬਾਪ ਦਿਲਾਵਰ ਸਿੰਘ ਦਰੋਗਾ ਭਾਵ ਕਿ ਠਾਣੇਦਾਰ ਸੀ। ਰਿਸ਼ਤੇਦਾਰਾਂ ਅਤੇ ਯਾਰਾਂ-ਦੋਸਤਾਂ ਦੇ ਜ਼ੋਰ ਪਾਉਣ 'ਤੇ ਵਿਆਹ ਹੋ ਗਿਆ ਸੀ।

ਬਾਬੇ ਨੂੰ ਆਦਰ-ਮਾਣ ਨਾਲ ਸਾਰੇ 'ਸਾਹਬ' ਕਹਿ ਕੇ ਹੀ ਬੁਲਾਉਂਦੇ। ਖ਼ੂਬਸੂਰਤ ਜਵਾਨ ਬਾਬਾ ਜਦ ਸ਼ਿੰਗਾਰੀ ਹੋਈ ਘੋੜੀ 'ਤੇ ਵਧੀਆ ਕਾਠੀ ਪਾ ਕੇ ਨਿਕਲਦਾ ਤਾਂ ਲੋਕ ਤੁਰਦੇ-ਜਾਂਦੇ ਖਲੋ ਖਲੋ ਕੇ ਵੇਖਦੇ। ਹਰ ਵੇਲੇ ਫੇਰੇ-ਤੋਰੇ 'ਤੇ ਰਹਿਣਾ। ਜਿਵੇਂ ਜ਼ਿੰਦਗੀ ਦੇ ਹਰ ਘੜੀ ਪਲ ਨੂੰ ਆਖ਼ਰੀ ਜਾਣ ਕੇ ਪੂਰਾ ਮਜ਼ਾ ਲੈਣਾ। ਦਰਿਆ ਰਾਵੀ ਦੇ ਆਰ-ਪਾਰ ਦੇ ਸ਼ੱਕਰਗੜ੍ਹ ਤੋਂ ਲਾਹੌਰ ਤਕ ਸ਼ਾਇਦ ਹੀ ਕੋਈ ਪਿੰਡ ਹੋਵੇ ਜਿਥੇ ਬਾਬੇ ਦੀ ਠਾਹਰ ਨਾ ਹੋਵੇ। ਉਹ ਜ਼ਿੰਦਗੀ ਨੂੰ ਰੱਜ ਕੇ ਜਿਊਣ ਦਾ ਸ਼ਾਇਦ ਚੜ੍ਹਦੀ ਜਵਾਨੀ ਵਿਚ ਹੀ ਭੇਤ ਪਾ ਚੁੱਕਾ ਸੀ। ਕੁਝ ਦਿਲਚਸਪ ਵਾਕਿਆਤ ਹਾਜ਼ਰ ਹਨ।

o

ਸੰਤ ਸਿੰਘ ਹੁਰਾਂ ਲਾਇਲਪੁਰ (ਬਾਰ ਦੇ ਇਲਾਕੇ) ਵਿੱਚ ਜ਼ਮੀਨ ਵੀ ਲੈ ਰੱਖੀ ਸੀ। ਘੋੜੀ 'ਤੇ ਫੇਰਾ-ਤੋਰਾ ਇੰਝ ਰਹਿੰਦਾ ਸੀ ਜਿਵੇਂ ਕੋਈ ਬਾਰ ਦਾ ਵੱਡਾ ਸਰਦਾਰ ਹੋਵੇ ! ਇੱਕ ਵਾਰੀ ਛਾਂਗਾ-ਮਾਂਗਾ (ਲਾਹੌਰ ਤੋਂ ਕਸੂਰ ਨੂੰ ਜਾਂਦਿਆਂ

ਜੋ ਕਿ ਰਸਤੇ ਵਿੱਚ ਆਉਂਦਾ ਹੈ) ਪਿੰਡ 'ਚੋਂ ਲੰਘਦਿਆਂ ਇੱਕ ਮੇਲੇ 'ਤੇ ਹੋਣ ਵਾਲੇ ਦੰਗਲ ਨੂੰ ਵੇਖਣ ਰੁਕ ਗਏ ਤਾਂ ਕਿਸੇ ਬੋਲੀ ਮਾਰ ਦਿੱਤੀ। ਘੋੜੀਆਂ, ਬੋਤੀਆਂ ਦੇ ਇੱਕ ਵੱਡੇ ਸਾਰੇ ਪੱਕੇ ਖੁਰਲ ਨੂੰ ਢੋਹ ਲਾਈ ਖੜ੍ਹੇ ਹੱਥਾਂ ਵਿੱਚ ਖੂੰਡੇ ਫੜੀ, ਵੱਡੇ-ਵੱਡੇ ਪੱਗੜ ਬੰਨ੍ਹੀ ਬੰਦਿਆਂ ਦੀ ਢਾਣੀ 'ਚੋਂ ਕਿਸੇ ਨੇ ਬੋਲ ਕੱਢ ਮਾਰਿਆ, "ਓਏ ਜੇ ਉਹ ਏਡਾ ਹੀ ਆਪਣੇ ਆਪ ਨੂੰ ਰਾਠ ਸਮਝਦੈ ਤਾਂ ਹੇਠਾਂ ਮੈਦਾਨ ਵਿੱਚ ਆਵੇ !" ਬਸ ਫਿਰ ਕੀ ਸੀ ? ਕਹਿੰਦੇ, ਬੋਲੀ ਕਾਜ ਵਿਗਾੜਦੀ। ਰਾਠ (ਸੰਤ ਸਿੰਘ) ਨੇ ਘੋੜੀ ਤੋਂ ਹੇਠਾਂ ਛਾਲ ਮਾਰੀ ਤੇ ਇੱਕ ਪਾਸੇ ਚੁੱਪ-ਚਾਪ ਆਪਣੀ ਘੋੜੀ ਨੂੰ ਖਾਲੀ ਕਿੱਲੇ ਨਾਲ ਬੰਨ੍ਹ ਦਿੱਤਾ। ਏਸ ਸਭ ਕੁਝ ਨੂੰ ਦੂਰੋਂ ਪਿੰਡ ਦਾ ਚੌਧਰੀ ਆਪਣੇ ਬੇਲੀਆਂ ਨਾਲ ਮੰਜੇ 'ਤੇ ਬੈਠਾ ਹੁੱਕਾ ਪੀ ਰਿਹਾ ਵੇਖ-ਸੁਣ ਰਿਹਾ ਸੀ। ਉਹ ਇੰਝ ਲੱਗਦਾ ਸੀ ਜਿਵੇਂ ਇਨ੍ਹਾਂ ਢਾਣੀ ਬੰਨ੍ਹਿਆਂ ਦੀ ਮਾਰੀ ਬੋਲੀ ਨੂੰ ਬਖੇੜਾ ਨਹੀਂ ਸੀ ਹੋਣ ਦੇਣਾ ਚਾਹੁੰਦਾ।

"ਓਏ ਜਵਾਨਾ ! ਇੱਧਰ ਆ, ਲੱਗਦਾ ਕਿੱਧਰੋਂ ਨਵਾਂ ਹੀ ਆਇਆ ਏਂ।"

"ਦੱਸੋ, ਚੌਧਰੀ ਸਾਬ੍ਹ, ਚਲੋ ਨਵਾਂ ਹੀ ਸਮਝ ਲਉ। ਨਵੇਂ ਤੇ ਪੁਰਾਣੇ ਹੋਣ ਵਿੱਚ ਬਸ ਇੱਕ ਲੀਕ ਹੀ ਤਾਂ ਹੁੰਦੀ ਏ, ਤੁਸੀਂ ਲੀਕ ਖਿੱਚੋ, ਅੱਗੋਂ ਮੈਂ ਜਾਣਾਂ !" ਜਵਾਬ ਸੁਣ ਕੇ ਚੌਧਰੀ ਥੋੜ੍ਹਾ ਸੋਚਾਂ ਵਿੱਚ ਪੈ ਗਿਆ। "ਓਏ ਮੁੰਡਿਓ, ਭਈ ਏਸ ਜਵਾਨ ਦੀ ਘੋੜੀ ਨੂੰ ਖੂਹੀ ਵਿੱਚੋਂ ਠੰਡਾ ਪਾਣੀ ਕੱਢ ਕੇ ਪਿਲਾਓ ਤੇ ਮੂਹਰੇ ਹਰਾ ਸੁੱਟੋ।" ਥੋੜ੍ਹੀ ਘੁਸਰ-ਮੁਸਰ ਤੋਂ ਬਾਅਦ ਚੌਧਰੀ ਮੰਜੇ ਤੋਂ ਉੱਠ ਖੜ੍ਹਾ ਹੋਇਆ।

"ਲੈ ਭਈ ਜਵਾਨਾ ! ਜੇ ਤੂੰ ਸਾਡੇ ਤਿੰਨਾਂ ਪਹਿਲਵਾਨਾਂ ਦੇ ਵਾਰੀ-ਵਾਰੀ ਮੌਢੇ ਲਵਾ ਦੇਵੇਂ ਤਾਂ ਤੇਰੀ ਏਸ ਪਿੰਡ ਵਿੱਚ ਪੱਕੀ ਠਾਹਰ, ਨਹੀਂ ਤਾਂ ਤੈਨੂੰ ਆਪਣੀ ਘੋੜੀ ਛੱਡਣੀ ਪਵੇਗੀ !" ਢੋਲ ਦੇ ਡਗੇ ਨਾਲ ਹੀ 'ਰਾਠ' ਨੇ ਕਿਹਾ, "ਮੈਨੂੰ ਸ਼ਰਤ ਮਨਜ਼ੂਰ ਹੈ।" ਜਿਉਂ-ਜਿਉਂ ਢੋਲ ਉੱਤੇ ਡਗੇ ਦਾ ਤਾਲ ਫੁਰਤੀ ਫੜਨ ਲੱਗਾ ਤਿਉਂ-ਤਿਉਂ 'ਰਾਠ' ਦੇ ਸਰੀਰ ਉੱਤੋਂ ਚਿੱਟੇ ਰੰਗ ਦੇ ਲੱਠੇ ਦਾ ਕੁੜਤਾ ਤੇ ਤੇੜੋਂ ਚਿੱਟਾ ਖੜਕਦਾ ਚਾਦਰਾ ਲਾਗਲੀ ਵੱਟ ਉੱਤੇ ਚੁੱਪ-ਚਾਪ ਇਕ ਨਵਾਂ ਨਜ਼ਾਰਾ ਵੇਖਣ ਲੱਗਾ। ਕਦੇ-ਕਦੇ ਘੋੜੀ ਵੀ ਆਪਣੇ ਮਾਲਕ ਨੂੰ ਵੇਖਣ ਲਈ ਫੁੰਕਾਰੇ ਮਾਰਦੀ। ਪੰਜਾਬ ਦੀ ਮਿੱਟੀ ਹੀ ਕੁਝ ਇਸ ਤਰ੍ਹਾਂ ਦੀ ਜਰਖੇਜ਼ ਸੀ ਕਿ ਏਸ ਨੇ ਬੜੇ-ਬੜੇ ਦਲੇਰ ਤੇ ਗ਼ੈਰਤਮੰਦ ਲੋਕਾਂ ਨੂੰ ਜਨਮ ਦਿੱਤਾ। ਇਹ ਉਹ ਸਮੇਂ ਸਨ ਜਦੋਂ ਲੋਕ ਆਪਣੀ ਕਹੀ ਗੱਲ ਨੂੰ ਜਾਨ ਦੀ ਬਾਜ਼ੀ ਲਗਾ ਕੇ ਵੀ ਪੂਰਿਆਂ ਕਰਦੇ ਸਨ। ਆਵਾਜਾਈ ਬੜੀ ਕਠਨ ਹੁੰਦੀ ਸੀ। ਤੁਹਾਡੇ ਪੈਰ ਹੁੰਦੇ ਸਨ, ਘੋੜੀ, ਊਠ, ਖੱਚਰਾਂ ਤੇ ਨਾਲ ਤੁਹਾਡੀ ਹਿੰਮਤ ਹੁੰਦੀ ਸੀ। ਅਗਰ ਆਪਣੀ ਮੰਜ਼ਿਲ 'ਤੇ ਅਜੇ ਨਹੀਂ ਪਹੁੰਚੇ ਤਾਂ ਕਿਸੇ ਵੀ ਪਿੰਡ ਵਿੱਚ

ਕਿਸੇ ਵੀ ਘਰ ਦਾ ਬੂਹਾ ਖੜਕਾ ਕੇ ਪੇਟ ਪੂਜਾ ਕਰ ਕੇ ਤੇ ਰਾਤ ਕੱਟ ਅਗਲੇ ਤੜਕੇ ਹੀ ਅਗਲੇ ਰਾਹ ’ਤੇ ਇੰਝ ਜ਼ਿੰਦਗੀ ਦੀ ਹਲੀਮੀ ਤੇ ਨਿੱਘੀ ਚਾਲ ਨਾਲ ਪਿੰਡਾਂ ਦੇ ਪਿੰਡ ਘੁੱਗ ਵੱਸਦੇ ਰਹਿੰਦੇ ਸਨ। ਮੂਲ ਕਾਰਨ ਇਸ ਪਿੱਛੇ ਇਹ ਸੀ ਕਿ ਇਹ ਲੋਕ ਸਿਰਫ਼ ਆਪਣੇ ਵਾਸਤੇ ਹੀ ਨਹੀਂ ਸਗੋਂ ਇੱਕ-ਦੂਸਰੇ ਲਈ ਵੀ ਜਿਉਂਦੇ ਸਨ, ਪਿੰਡ ਦੀ ਧੀ ਸਭ ਦੀ ਧੀ ਹੁੰਦੀ ਸੀ। ਪਿੰਡਾਂ ਵਿੱਚ ਬਜ਼ੁਰਗਾਂ ਦਾ ਕਹਿਣਾ ਮੰਨਣਾ, ਰੱਬ ਦਾ ਕਹਿਣਾ ਮੰਨਣ ਸਮਾਨ ਹੁੰਦਾ ਸੀ। ਪਿੰਡ ਦੀਆਂ ਵੱਖ-ਵੱਖ ਬੀਹਾਂ ਤੇ ਪੱਤੀਆਂ ਦਾ ਮੁਸੀਬਤ ਵੇਲੇ ਇੱਕ ਹੀ ਸਮੂਹ ਬਣ ਜਾਂਦਾ ਹੁੰਦਾ ਸੀ। ਕਈਆਂ ਲਈ ਸ਼ਾਇਦ ਇਹ ਅਜੇ ਰਾਜ਼ ਹੀ ਹੋਵੇ ਕਿ ਹੌਲੀ-ਹੌਲੀ ਇਹੀ ਸਮੂਹ ਬਾਅਦ ਵਿੱਚ ਵੱਖ-ਵੱਖ ਮਿਸਲਾਂ ਦਾ ਰੂਪ ਧਾਰਨ ਕਰ ਗਏ ਸਨ। ਸਮੇਂ ਦੀ ਲੋੜ ’ਚੋਂ ਜੋ ਚੀਜ਼ ਉਪਜਦੀ ਹੈ ਉਹ ਬੇਹੱਦ ਹੰਢਣਸਾਰ ਹੁੰਦੀ ਹੈ।

ਨੰਬਰਦਾਰਾਂ ਦਾ ਘਿਉ, ਦੁੱਧ, ਲੱਸੀ ਪਲਿਆ ਛੇ ਫੁੱਟ ਤੋਂ ਉੱਚਾ ਦਿਓ-ਕੱਦ, ਪੱਟਾਂ ’ਤੇ ਪੈਂਦੀਆਂ ਛੱਲੀਆਂ ਤੇ ਮਜ਼ਬੂਤ ਡੌਲੇ, ਗੇਲੀ ਵਰਗੇ ਪੱਟ ਤੇ ਗੁੰਦਿਆ ਹੋਇਆ ਸਰੀਰ ਅਖਾੜੇ ਵਿੱਚ ਇੱਕ ਤੋਂ ਬਾਅਦ ਦੂਸਰੇ ਤੇ ਦੂਸਰੇ ਤੋਂ ਬਾਅਦ ਤੀਸਰੇ ਪਹਿਲਵਾਨ ਦੇ ਮੋਢੇ ਲਵਾਈ ਗਿਆ। ਸਭ ਵੇਖਦੇ ਹੱਕੇ-ਬੱਕੇ ਹੋ ਕੇ ਰਹਿ ਗਏ। ਪਿੰਡਾਂ ਦਾ ਜ਼ੈਲਦਾਰ ਫ਼ਖਰ ਜਮਾਲ ਬੋਲ ਉਠਿਆ, "ਕਾਕਾ, ਤੇਰਾ ਨਾਂ ਤੇ ਪਿੰਡ ਪਤਾ ਕੀ ਏ ?

"ਜੀ ਮੇਰਾ ਨਾਂ ਸੰਤ ਸਿੰਘ ਪਿੰਡ ਹਵੇਲੀਆਂ, ਰਾਵੀ ਲਾਗੇ।"

"ਕਿੱਥੇ ਵਿਆਹਿਆ ਹੋਇਆ ਏਂ ?"

“ਗਰ੍ਹਾਲੇ।”

"ਹੱਛਾ ਹੱਛਾ, ਫੇਰ ਤਾਂ ਸਰਦਾਰ ਬਹਾਦਰ ਦਿਲਾਵਰ ਸਿੰਘ ਨੂੰ ਵੀ ਜਾਣਦਾ ਹੋਸੇਂ।"

“ਜੀ ਉਹ ਮੇਰੇ ਸਹੁਰਾ ਸਾਬ੍ਹ ਨੇ।”

“ਓਏ ਆ ਓਏ ਪੁੱਤਰਾ, ਮੇਰੇ ਗਲੇ ਲੱਗ ਸੂ ਤੇ ਸਰਦਾਰ ਬਹਾਦਰ ਨੂੰ ਮੇਰਾ ਸਲਾਮ ਆਖੀਂ ਸੂ, ਮੈਂ ਫ਼ਖਰ ਜਮਾਲ ਸਰਦਾਰ ਦਾ ਪੱਗ-ਵੱਟ ਭਰਾ ਸੂ।”

ਇੱਕ ਵੇਰ ਖੋਤਿਆਂ ’ਤੇ ਲੱਦੀ ਕਣਕ ਬਾਰ ਦੇ ਇਲਾਕੇ ਵਿੱਚ ਚੰਧੜਾਂ ਨੇ ਵਪਾਰੀਆਂ ਤੋਂ ਖੋਹ ਲਈ। ਵਪਾਰੀ ਰੋਂਦੇ-ਪਿੱਟਦੇ ਨੰਬਰਦਾਰ ਸੰਤ ਸਿੰਘ ਪਾਸ ਆ ਫਰਿਆਦੀ ਹੋਏ। ਨੰਬਰਦਾਰ ਨੇ ਇੱਕ ਹਫਤੇ ਦਾ ਵਕਤ ਉਡੀਕਣ ਲਈ ਕਿਹਾ। ਨੰਬਰਦਾਰ ਇਨ੍ਹਾਂ ਚੰਧੜਾਂ ਦੇ ਸਰਦਾਰ ਨੂੰ ਜਾਣਦਾ ਸੀ ਤੇ ਸਿੱਧਾ ਉਸ ਦੇ ਘਰੇ ਚਲਾ ਗਿਆ। ਸਰਦਾਰ ਆਪ ਘਰ ਨਹੀਂ ਸੀ, ਪਰ ਉਸ ਦੀ ਘਰਵਾਲੀ ਨੂੰ ਕਿਹਾ ਕਿ ਇਹ ਜੋ ਤੂੰ ਕੈਂਠਾ ਤੇ ਹਾਰ-ਸ਼ਿੰਗਾਰ ਪਾਈ ਫਿਰਦੀ ਏਂ ਇਹ ਹੁਣ

ਲਾਹ ਸੁੱਟ ਤੇ ਜਾ ਆਪਣੇ ਖਸਮ ਨੂੰ ਕਹਿ ਦਈਂ ਕਿ ਨੰਬਰਦਾਰ ਦਾ ਸੁਨੇਹਾ ਸੁਣ ਕੇ ਹਫ਼ਤੇ ਦੇ ਅੰਦਰ-ਅੰਦਰ ਕਣਕ ਸਣੇ ਖੋਤਿਆਂ ਦੇ ਵਪਾਰੀਆਂ ਦੇ ਘਰੀਂ ਮੁੜਦੀ ਕਰ ਦੇਵੇ। ਇੱਕ ਹਫ਼ਤੇ ਦੇ ਅੰਦਰ ਹੀ ਸਾਰਾ ਕੁਝ ਉਵੇਂ ਦਾ ਉਵੇਂ ਵਾਪਿਸ ਹੋ ਗਿਆ। ਤਦੋਂ ਸ਼ੌਂਕ ਵੀ ਅਵੱਲੇ ਹੁੰਦੇ ਸਨ।

ਇੱਕ ਵੇਰ ਯਾਰਾਂ-ਬੇਲੀਆਂ ਨਾਲ ਸ਼ਰਤ ਲਾ ਕੇ ਡੇਰਾ ਬਾਬਾ ਨਾਨਕ ਤੋਂ ਰੱਤੜ-ਛੱਤੜ ਨੂੰ ਜਾਂਦੀ ਰੇਲ ਗੱਡੀ ਨਾਲ ਆਪਣੀ ਘੋੜੀ ਭਜਾ ਦਿੱਤੀ। ਸਟੇਸ਼ਨ ਬਹੁਤੀ ਦੂਰ ਨਹੀਂ ਸੀ। ਘੋੜੀ ਰੇਲ ਗੱਡੀ ਤੋਂ ਮੂਹਰੇ ਨਿਕਲ ਗਈ। ਅੰਗਰੇਜ਼ ਅਫਸਰ ਨੇ ਫੜ ਲਿਆ ਤੇ ਕਹਿ ਦਿੱਤਾ ਕਿ ਜੇ ਕਿਧਰੇ ਫੇਰ ਇੰਝ ਹੋਇਆ ਤਾਂ ਗੋਲੀ ਮਾਰ ਦਿੱਤੀ ਜਾਵੇਗੀ ! ਜਾਂਬਾਜ਼ ਤੇ ਸਿਰਲੱਥਾਂ ਦੇ ਐਸੇ ਕਾਰਨਾਮੇ ਕਿਧਰੇ-ਕਿਧਰੇ ਆਮ ਹੀ ਵਾਪਰਦੇ ਰਹਿੰਦੇ ਸਨ। ਪਰ ਸਵਾਲ ਇਹ ਵੀ ਉਪਜਦਾ ਹੈ ਬੇਖ਼ੌਫ ਤੇ ਮੌਤ ਨੂੰ ਮਖੌਲਾਂ ਕਰਨ ਵਾਲੇ ਦਿਲੋਂ ਸੱਚੇ-ਸੁੱਚੇ ਅੱਜ ਕਿੱਥੇ ਹਨ ? ਅੱਜਕਲ੍ਹ ਤਾਂ ਯਾਰੀਆਂ ਵੀ ਮੁੱਲ ਹੀ ਖ਼ਰੀਦ ਤੇ ਵੇਚ ਹੁੰਦੀਆਂ ਹਨ। ਯਾਰੀਆਂ ਵੀ ਅਸਲੀ ਹੁੰਦੀਆਂ ਸਨ ਤੇ ਦੁਸ਼ਮਣੀਆਂ ਵੀ ਅਸਲੀ। ਉਨ੍ਹਾਂ ਭਲੇ ਵੇਲਿਆਂ 'ਚ ਵਿੱਚ-ਵਿਚਾਲਾ ਬਹੁਤ ਘੱਟ ਹੁੰਦਾ ਸੀ। ਜਾਗੀਰਦਾਰੀ ਢਾਂਚਾ ਤਿੜਕਣ ਦੇ ਕੰਢੇ 'ਤੇ ਖੜ੍ਹਾ ਸੀ। ਸਮਾਜਿਕ ਆਰਥਿਕ ਟੁੱਟ-ਭੱਜ ਬੜੀ ਸਹਿਜ ਅਵਸਥਾ ਵਿੱਚ ਸੀ।

ਸਾਹਬ (ਨੰਬਰਦਾਰ ਸੰਤ ਸਿੰਘ) ਦੀ ਇਲਾਕੇ ਵਿਚ ਬਣੀ ਚੜ੍ਹਤ ਸ਼ਰੀਕਾਂ ਲਈ ਜਰਨੀ ਮੁਸ਼ਕਲ ਹੋ ਗਈ। ਇੱਕ ਵਾਰ ਨੰਬਰਦਾਰ ਸੰਤ ਸਿੰਘ ਆਪਣੇ ਸਹੁਰੇ ਪਿੰਡ ਗਰ੍ਹਾਲੇ ਪੜੇਵੀਂ ਦਾ ਮੇਲਾ ਵੇਖਣ ਗਿਆ ਤਾਂ ਕਿਸੇ ਸਹੁਰੇ ਪਰਿਵਾਰ ਦੇ ਸ਼ਰੀਕ ਨੇ ਸਿਰਹਾਣੇ ਸੁੱਤੇ ਪਏ ਦੇ ਬੰਬ ਰੱਖ ਕੇ ਫੜਵਾ ਦਿੱਤਾ। ਮੁਕੱਦਮਾ ਚੱਲਿਆ ਤੇ ਇੱਕ ਸਾਲ ਦੀ ਸਜ਼ਾ ਕੱਟਣੀ ਪਈ। ਕਰਮੇ ਦੇ ਦਾਦੇ ਦੇ ਸਹੁਰੇ ਲੱਲ੍ਹੀ ਗੋਤਰ ਦੇ ਸਨ। ਇਹ ਗੋਤ ਵੀ ਗੋਰਾਇਆ ਕਬੀਲੇ ਦੀ ਹੀ ਸ਼ਾਖ ਸੀ। ਗੋਰਾਇਆ ਦੇ ਵੱਡ-ਵਡੇਰੇ ਬਾਬਾ ਮਿੰਡ ਦੀ ਯਾਦ ਵਿਚ ਅੱਜ ਵੀ ਕਰੀਬ 30-35 ਪਿੰਡਾਂ ਵਿਚ ਪੜੇਵੀਂ ਦਾ ਮੇਲਾ ਲੱਗਦਾ ਹੈ। ਉੱਨ੍ਹੀਵੀਂ ਸਦੀ ਦੇ ਅਖੀਰ ਗਰ੍ਹਾਲਾ ਪਿੰਡ ਦੀ ਪੜੇਵੀ ਵਿੱਚ ਵੀਹ ਹਜ਼ਾਰ ਤਕ ਦੀ ਹਾਜ਼ਰੀ ਹੋ ਜਾਂਦੀ ਸੀ। ਉਦੋਂ ਭਲਵਾਨਾਂ ਦੇ ਘੋਲ ਖਾਸ ਖਿੱਚ ਦਾ ਨਜ਼ਾਰਾ ਪੇਸ਼ ਕਰਿਆ ਕਰਦੇ ਸਨ। ਦੂਸਰੀ ਵਾਰ ਸ਼ਰੀਕਾਂ ਨੇ ਇਨ੍ਹਾਂ ਦੇ ਸਾਰੇ ਦੇ ਸਾਰੇ ਪਰਿਵਾਰ ਨੂੰ ਹੀ ਰਹੁ (ਗੰਨਿਆਂ ਦਾ ਰਸ) ਵਿੱਚ ਜ਼ਹਿਰ ਮਿਲਾ ਕੇ ਪਿਲਾ ਦਿੱਤਾ। ਮਾਰਨ ਵਾਲੇ ਨੇ ਤਾਂ ਘੱਟ ਨਾ ਕੀਤੀ ਪਰ ਉਸ ਕੋਲੋਂ ਗ਼ਲਤੀ ਨਾਲ ਜ਼ਹਿਰ ਦੀ ਮਿਕਦਾਰ ਘੱਟ ਰਹਿ ਗਈ। ਸਾਰਾ ਲਾਣਾ ਹੀ ਦੋ-ਢਾਈ ਮਹੀਨੇ ਟੱਟੀਆਂ, ਪਿਸ਼ਾਬ ਅਤੇ ਕਈ ਹੋਰ ਬੀਮਾਰੀਆਂ

ਪੇਟ ਦਰਦ ਤੇ ਬੁਖਾਰ ਆਦਿ ਨਾਲ ਗਰੱਸਿਆ ਰਿਹਾ। ਭਗਠਾਣਿਆਂ ਤੋਂ ਹਕੀਮ ਦੇ ਚੰਗੇ ਦਵਾ-ਦਾਰੂ ਨੇ ਇਨ੍ਹਾਂ ਨੂੰ ਠੀਕ ਕੀਤਾ।

ਹਵੇਲੀ ਦੇ ਚੜ੍ਹਦੇ ਪਾਸੇ ਪਿੰਡ ਭਗਠਾਣਾ ਤੁਲੀਆਂ ਆਮ ਦਰਮਿਆਨੇ ਪਿੰਡਾਂ ਵਿੱਚ ਆਉਂਦਾ ਹੈ, ਜਿਸ ਨੂੰ 'ਤੁਲੀਆਂ' ਸ਼ਾਇਦ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਕਰੀਬ-ਕਰੀਬ ਅੱਧਾ ਪਿੰਡ ਖੱਤਰੀਆਂ, ਮਹਾਜਨਾਂ ਦਾ ਹੁੰਦਾ ਸੀ। ਏਸ ਪਿੰਡ ਦੇ ਲੱਭੂ ਸ਼ਾਹ ਖੱਤਰੀ ਦੀ ਨੰਬਰਦਾਰ ਸੰਤ ਸਿੰਘ ਨਾਲ ਪੱਗ-ਵੱਟ ਭਰਾ ਵਰਗੀ ਸਾਂਝ ਸੀ। ਹਮੇਸ਼ਾਂ ਚਿੱਟੇ ਰੰਗ ਦੀ ਤੁਰਲੇ ਵਾਲੀ ਪੱਗ ਵਾਕਿਆ ਹੀ ਬੜੇ ਦਾਨੇ ਤੇ ਸਿਆਣੇ ਜ਼ਿਮੀਂਦਾਰ ਦਾ ਭੁਲੇਖਾ ਪਾਉਂਦੀ ਸੀ ਅਤੇ ਅਸਲ ਵਿੱਚ ਇਹ ਭੁਲੇਖਾ ਨਹੀਂ ਸੀ। ਉਹ ਵਾਕਿਆ ਹੀ ਕਰੀਬ ਇੱਕ ਸੌ ਕਿੱਲੇ ਦਾ ਮਾਲਕ ਵੀ ਸੀ। ਇਸ ਦੇ ਅੱਗੋਂ ਚਾਰ ਲੜਕੇ ਸਨ, ਸਭ ਤੋਂ ਵੱਡਾ ਰਾਮ ਦਾਸ ਬੜਾ ਹੀ ਫ਼ੱਕਰ ਕਿਸਮ ਦਾ ਇਨਸਾਨ ਸੀ, ਸੱਚ ਬੋਲਣ ਵਾਲਾ ਤੇ ਸੱਚ ਸੁਣਨ ਵਾਲਾ ਸੀ। ਰਾਮ ਦਾਸ ਨੇ ਕਦੇ-ਕਦੇ ਸ਼ਾਮ ਦੇ ਵਕਤ ਹਵੇਲੀ ਆ ਜਾਣਾ। ਬੇਸ਼ੱਕ ਉਸ ਨੂੰ ਹਵੇਲੀ ਦੇ ਬਾਹਰ ਕੋਈ ਨਾ ਵੀ ਦਿੱਸੇ ਫਿਰ ਵੀ ਉਸ ਨੇ ਕੰਨ 'ਤੇ ਹੱਥ ਰੱਖ ਕੇ ਬੜੀ ਉੱਚੀ ਸੁਰ ਵਿੱਚ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਗਾਉਣਾ:

ਮੇਰੀ ਬੁੱਕਲ ਦੇ ਵਿਚ ਚੋਰ ਨੀ ਮੇਰੀ ਬੁੱਕਲ ਦੇ ਵਿਚ ਚੋਰ।
ਮੁਸਲਮਾਨ ਸਿਵਿਆਂ ਤੋਂ ਡਰਦੇ, ਹਿੰਦੂ ਡਰਦੇ ਗੋਰ।
ਦੋਵੇਂ ਏਸੇ ਦੇ ਵਿਚ ਮਰਦੇ, ਇਹੋ ਦੋਹਾਂ ਦੀ ਖੋਰ।
ਕਿਤੇ ਰਾਮਦਾਸ ਕਿਤੇ ਫ਼ਤਹਿ ਮੁਹੰਮਦ, ਇਹੋ ਕਦੀਮੀ ਸ਼ੋਰ।
ਮਿਟ ਗਿਆ ਦੋਹਾਂ ਦਾ ਝਗੜਾ, ਨਿਕਲ ਪਿਆ ਕੁਝ ਹੋਰ।
ਅਰਸ਼ ਮੁਨਵਰੋਂ ਬਾਂਗਾਂ ਮਿਲੀਆਂ, ਸੁਣੀਆਂ ਤਖ਼ਤ ਲਾਹੌਰ।
ਸ਼ਾਹ ਅਨਾਇਤ ਕੁੰਡੀਆਂ ਪਾਈਆਂ, ਲੁਕ-ਛੁਪ ਖਿੱਚਦਾ ਡੋਰ।

ਹਵੇਲੀ ਵਾਲਿਆਂ ਅਤੇ ਆਂਢ-ਗੁਆਂਢ ਵਾਲਿਆਂ ਬਾਹਰ ਨਿਕਲ ਕੇ ਸੁਣਨ ਆ ਜਾਣਾ। ਇਕ ਇਲਾਹੀ ਕਿਸਮ ਦਾ ਮਾਹੌਲ ਬਣ ਜਾਣਾ। ਕਰੀਬ-ਕਰੀਬ ਰੋਜ਼ ਹੀ ਰਾਮ ਦਾਸ ਦੀ ਇਹ ਆਦਤ ਸੀ ਕਿ ਵੱਡੇ ਤੜਕੇ ਉੱਠ ਬਾਹਰ ਜੰਗਲ-ਪਾਣੀ ਜਾਣ ਸਮੇਂ ਜਿੱਥੇ ਉਸ ਨੇ ਉੱਚੀ ਹੇਕ ਲਾ ਕੇ ਮਾਤਾ ਦੀਆਂ ਭੇਟਾਂ ਗਾਉਣੀਆਂ ਉੱਥੇ ਨਾਲ ਹੀ ਬਾਬੇ ਨਾਨਕ ਦੇ ਸ਼ਬਦਾਂ ਦਾ ਗਾਇਨ ਵੀ ਕਰਨਾ। ਕਦੀ-ਕਦੀ ਭਾਈ ਦਇਆ ਸਿੰਘ ਆਰਿਫ਼ ਦੇ ਜ਼ਿੰਦਗੀ-ਬਿਲਾਸ ਨੂੰ, ਜਿਵੇਂ :

ਉਮਰ ਸੈਂਕੜੇ ਸਾਲ ਦੀ ਗਈ ਐਵੇਂ,
ਲੱਗਾ ਕਿਤੋਂ ਨਾ ਗੱਲ ਦਾ ਭੇਤ ਯਾਰਾ !

ਡਿੱਗਾ ਲਾਲ ਨਾ ਲੱਗਿਆ ਹੱਥ ਤੇਰੇ,

ਰਿਹਾ ਛਾਣਦਾ ਭੁੱਲ ਕੇ ਰੇਤ ਯਾਰਾ !

ਅੱਗੋਂ ਬਲਦਾਂ ਦੀਆਂ ਹੰਡਾਲੀਆਂ ਮੂਹਰੇ ਲਾਈ ਨੰਬਰਦਾਰ ਪਰਤਾਪ ਸਿੰਘ ਨੇ ਵੀ ਉੱਚੀ ਸੁਰ ਲਾ ਕੇ ਜਵਾਬ ਦੇਣਾ:

ਨਹੀਉਂ ਲੱਭਣੇ ਲਾਲ ਗੁਆਚੇ, ਮਿੱਟੀ ਨਾ ਫਰੋਲ ਜੋਗੀਆ !

ਐਸੇ ਸੰਸਕਾਰ ਸਨ ਹਵੇਲੀ ਵਾਲਿਆਂ ਦੇ ! ਬਾਬਾ ਤੁਰ ਗਿਆ। ਉਸ ਦੀ ਜ਼ਿੰਦਗੀ ਫ਼ਿਲਮ ਬਣ ਕੇ ਕਰਮੇ ਅੰਦਰ ਹਲਚਲ ਕਰ ਦੇਂਦੀ। ਔਖੇ ਸਮਿਆਂ ਵਿਚ ਅਡੋਲ ਰਹਿਣਾ ਸ਼ਾਇਦ ਹਵੇਲੀਆਂ ਅੰਦਰ ਗੁਜ਼ਾਰੇ ਸਾਲਾਂ ਦੀ ਬਦੌਲਤ ਹੀ ਸੀ ਜਿਨ੍ਹਾਂ ਨੇ ਕਦੇ ਡੋਲਣ ਹੀ ਨਹੀਂ ਦਿੱਤਾ ਸੀ।

ਸਾਦ-ਮੁਰਾਦਗੀ ਦੀਆਂ ਵੀ ਆਪਣੀਆਂ ਹੀ ਕਹਾਣੀਆਂ ਹੁੰਦੀਆਂ ਸਨ। ਪੁਰਾਣੇ ਸਮਿਆਂ ਵਿੱਚ ਤੇ ਖਾਸ ਕਰਕੇ ਮਾਝੇ ਦੇ ਇਲਾਕੇ ਵਿੱਚ ਘਰ ਆਏ ਮਹਿਮਾਨ ਨੂੰ ਸ਼ਾਮ ਦੇ ਵਕਤ ਗਰਮ ਕੋਸਾ ਪਾਣੀ ਤੇ ਖੱਦਰ ਦਾ ਪਰਨਾ ਦਿੱਤਾ ਜਾਂਦਾ। ਆਵਾਜਾਈ ਪੈਦਲ ਜਾਂ ਘੋੜੀਆਂ ਵਗੈਰਾ ਆਦਿ ਹੀ ਸਨ। ਇਹ ਇਕ ਪੁਰਾਣੀ ਜੰਗਜੂ ਰਵਾਇਤ ਹੀ ਸੀ ਕਿ ਦੂਰੋਂ ਆਉਣ ਵਾਲਾ ਆਪਣਾ ਮੂੰਹ, ਹੱਥ ਤੇ ਪੈਰ ਕੋਸੇ ਪਾਣੀ ਨਾਲ ਧੋ ਲਵੇ। ਇੱਕ ਮਿੱਟੀ-ਘੱਟੇ ਤੋਂ ਸਫ਼ਾਈ ਹੋ ਜਾਂਦੀ ਤੇ ਦੂਸਰਾ, ਥਕਾਵਟ ਲਹਿ ਜਾਂਦੀ ਸੀ। ਨੰਬਰਦਾਰ ਸੰਤ ਸਿੰਘ ਹੁਰਾਂ ਦੀ ਹਵੇਲੀ ਤੋਂ ਕਰੀਬ ਦੋ ਮੀਲ ਦੀ ਦੂਰੀ 'ਤੇ ਪਿੰਡ ਹਰੂਵਾਲ ਸ਼ਾਹਾਂ ਦੇ ਪਰਿਵਾਰ ਨਾਲ ਬੜੀ ਸਾਂਝ ਸੀ। ਸਰਦਾਰ ਰੂੜ ਸਿੰਘ ਹੁਰਾਂ ਨਾਲ। ਅੱਗੇ ਚੱਲ ਕੇ ਸਰਦਾਰ ਰੂੜ ਸਿੰਘ ਦਾ ਪੁੱਤਰ ਸਰਦਾਰ ਮੱਖਣ ਸਿੰਘ ਸੰਨ 1962 ਵਿੱਚ ਅਕਾਲੀ ਐੱਮ. ਐੱਲ. ਏ. ਚੁਣਿਆ ਗਿਆ ਸੀ। ਗਰਮੀਆਂ ਦੇ ਦਿਨਾਂ ਦਾ ਖਾਉ-ਪੀਆ ਹੋ ਚੁੱਕਾ ਸੀ ਕਿ ਆਣ ਸ਼ਾਹਾਂ ਦੇ ਵੱਡੇ ਦਰਵਾਜ਼ੇ ਰਾਹੀਂ ਘੋੜੀ ਅੰਦਰ ਵਾੜ "ਫ਼ਤਿਹ" ਬੁਲਾਈ। ਮੰਜੇ 'ਤੇ ਬੈਠਿਆਂ ਮੂਹਰੇ ਘਰਦਿਆਂ ਨੇ ਇਕ ਵੱਡੇ ਸਾਰੇ ਪਿੱਤਲ ਦੇ ਗਲਾਸ ਵਿੱਚ ਘਰ ਦੀ ਦਾਰੂ ਲਿਆ ਰੱਖੀ। ਨੰਬਰਦਾਰ ਕੀ ਜਾਣੇ ਕਿ ਇਹ ਦਾਰੂ ਸੀ ਜਾਂ ਪਾਣੀ। ਅਡੋਲ ਹੀ ਗਲਾਸ ਚੱਕ ਪੈਰ ਧੋ ਸੁੱਟੇ ਤੇ ਜਦੋਂ ਹੱਥ-ਮੂੰਹ ਵੱਲ ਆਏ ਤਾਂ ..........।

"ਓਏ ਭਈ ਤੁਹਾਡੇ ਪਿੰਡ ਲੋਕ ਹੁਣ ਮੂੰਹ-ਹੱਥ ਵੀ ਦਾਰੂ ਨਾਲ ਧੋਣ ਲੱਗ ਪਏ !" ਨੰਬਰਦਾਰ ਹੁਰੀਂ ਜਿਉਂ ਹੀ ਬੋਲੇ ਸਾਰਿਆਂ ਬੈਠਿਆਂ ਹੋਇਆਂ ਦੇ ਹੀ ਨਹੀਂ ਸਗੋਂ ਸਮੂਹ ਪੰਜਾਬੀਆਂ ਦੇ ਖੁੱਲ੍ਹੇ-ਡੁੱਲ੍ਹੇ ਸੁਭਾਅ ਦਾ ਪ੍ਰਮਾਣ ਵੀ ਮਿਲਿਆ ਜਿਨ੍ਹਾਂ ਦੀਆਂ ਗੱਲਾਂ ਦੁਨੀਆਂ ਕਰਦੀ ਸੀ ਅੱਜ ਉਹ ਖ਼ਤਮ ਹੋ ਚੁੱਕੇ ਹਨ। ਉਦੋਂ ਆਪਸੀ ਠੱਠਾ-ਮਖੌਲ ਏਨਾ ਹੁੰਦਾ ਸੀ ਕਿ ਪੇਟ ਦੀਆਂ ਅੱਧੀਆਂ ਬੀਮਾਰੀਆਂ ਲਾਗੇ ਹੀ

ਨਹੀਂ ਸਨ ਆਉਂਦੀਆਂ। ਹੁਣ ਤਾਂ ਅਸੀਂ ਏਨੇ **"ਅਕਲਾਂ ਵਾਲੇ"** ਹੋ ਗਏ ਹਾਂ ਕਿ ਕਿਸੇ ਦੀ ਗੱਲ ਸੁਣਨਾ ਤੇ ਸਹਾਰਨਾ ਵੀ ਸਾਥੋਂ ਮੁਸ਼ਕਲ ਹੋ ਗਿਆ ਹੈ। ਮਿੱਟੀ ਦੇ ਘਰਾਂ ਵਿੱਚ ਗੁਜ਼ਾਰੇ ਦਿਨ ਤੇ ਟੁੱਟੀਆਂ ਗਲੀਆਂ ਵਿੱਚ ਤਿਲਕਦੇ ਡਿੱਗਦੇ ਅੱਧੀ-ਅੱਧੀ ਰਾਤ ਗਰਮੀਆਂ ਦੇ ਦਿਨਾਂ ਵਿੱਚ ਲੁਕਣਮੀਚੀ, ਚੋਰੀ ਦੇ ਖ਼ਰਬੂਜੇ, ਅੰਬ, ਅਮਰੂਦ ਤੋੜਦੇ ਖਾਂਦੇ ਫਿਰਨਾ। ਜਦ ਵਿੱਚੋਂ ਕੱਚੇ ਨਿਕਲ ਆਉਣੇ ਤਾਂ ਉਹ ਇੱਕ-ਦੂਜੇ ਨੂੰ ਮਾਰਨੇ। ਫੜੇ ਜਾਣ 'ਤੇ ਮਾੜੀ-ਮੋਟੀ ਝਾੜ-ਝੰਬ ਹੀ ਹੋਣੀ। ਬਸ ਇਹ ਸੀ ਉਹ ਨਸ਼ਾ ਜਿਹੜਾ ਅੱਜ ਵੀ ਯਾਦ ਆਉਂਦਿਆਂ ਮਨ ਅੰਦਰ ਸਰੂਰ ਹੀ ਸਰੂਰ ਭਰ ਦੇਂਦਾ ਹੈ। ਉਦੋਂ ਅਸੀਂ ਕਿੰਨੇ ਅਮੀਰ ਹੁੰਦੇ ਸੀ ਜਦੋਂ ਕੋਲ ਕੁਝ ਵੀ ਨਹੀਂ ਸੀ ! ਅੱਜ ਕੋਠੀਆਂ, ਕਾਰਾਂ, ਟੈਲੀਫੂਨ, ਅਸਲੀ ਤੇ ਨਕਲੀ ਬਿਜਲੀ ਪਰ ਫਿਰ ਵੀ ਅੱਜ ਅਸੀਂ ਕਿੰਨੇ ਅਵਾਜ਼ਾਰ, ਬੇਸਬਰੇ, ਬੀ. ਪੀ. ਤੇ ਸ਼ੂਗਰ ਦੇ ਰੋਗੀ ਹੋ ਚੁੱਕੇ ਹਾਂ। ਗੱਲ ਡੂੰਘੀ ਵਿਚਾਰ ਦੀ ਮੰਗ ਕਰਨ ਵਾਲੀ ਹੈ।

ਹਵੇਲੀ ਵਾਲਿਆਂ ਦੀਆਂ ਰਵਾਇਤਾਂ ਬੜੇ ਖਾੜਕੂ ਅਤੇ ਨਾਬਰੀ ਵਾਲੇ ਸੁਭਾਅ ਦੀਆਂ ਸਨ। ਮੁਸੀਬਤ ਵੇਲੇ ਦੁਖੀਏ ਦੀ ਬਾਂਹ ਫੜਨੀ ਆਮ ਵਰਤਾਓ ਵਿੱਚ ਸੀ। ਇੱਕ ਵੇਰ ਕੰਤਾ ਅੰਮ੍ਰਿਤਸਰ ਆਪਣਾ ਟਰੈਕਟਰ ਠੀਕ ਕਰਵਾਉਣ ਗਿਆ। ਉੱਥੋਂ ਇੱਕ ਹਰਿਆਣੇ ਦੇ 21-22 ਸਾਲ ਦੇ ਗੱਭਰੂ ਨੂੰ ਟਰੈਕਟਰ 'ਤੇ ਬਿਠਾ ਘਰ ਲੈ ਆਇਆ। ਬਾਅਦ ਵਿੱਚ ਦੱਸਿਆ ਕਿ ਏਸ ਨੌਜਵਾਨ ਨੇ ਹਰਿਆਣੇ ਵਿੱਚ ਇੱਕ ਤਕੜੇ ਜ਼ਿਮੀਦਾਰ ਦੇ ਬਾਹਰ ਖੇਤਾਂ ਵਿੱਚ ਪਾਣੀ ਦੀ ਵਾਰੀ ਤੋਂ ਹੋਏ ਝਗੜੇ ਵਿੱਚ ਕਤਲ ਕਰ ਦਿੱਤਾ ਸੀ ਤੇ ਉੱਥੋਂ ਭਗੌੜਾ ਹੋ ਕੇ ਅੰਮ੍ਰਿਤਸਰ ਆ ਗਿਆ ਸੀ। ਇੱਕ ਮਹੀਨੇ ਦੇ ਕਰੀਬ ਹਵੇਲੀ ਰਹਿ ਕੇ ਫਿਰ ਹਿਸਾਰ ਵੱਲ ਨੂੰ ਚਲਾ ਗਿਆ ਸੀ।

ਉਹ ਲੋਕ ਅਜਿਹੇ ਸਨ ਜੋ ਅੰਦਰੋਂ-ਬਾਹਰੋਂ ਬਿਲਕੁਲ ਇੱਕੋ ਸਨ। ਮਰਨਾ ਤਾਂ ਯਕੀਨੀ ਏ। ਅਗਰ ਸਖ਼ਤ ਮਿਹਨਤ ਨਾਲ ਰੱਜ ਕੇ ਜੀਵਿਆ ਜਾਵੇ ਫਿਰ ਤੁਹਾਨੂੰ ਮਰਨ ਵਿਚ ਵੀ ਮਜ਼ਾ ਆਵੇਗਾ। ਡਰ ਵਿਚ ਰਹਿ ਕੇ ਜਿਊਣ ਨਾਲੋਂ ਇਹ ਕਿਤੇ ਚੰਗਾ ਹੈ ਕਿ ਆਪਣਾ ਸਥਾਨ, ਸਥਿਤੀ ਹੀ ਬਦਲ ਲਉ। ਕੁਝ ਵੀ ਗ਼ਲਤ ਨਹੀਂ ਹੋਵੇਗਾ ਅਗਰ ਜ਼ਿੰਦਗੀ ਨੂੰ ਮੁੱਢ ਤੋਂ ਸ਼ੁਰੂ ਕਰਨਾ ਪੈ ਜਾਵੇ। ਚੰਗਾ ਹੋਵੇ ਜੇ ਉਮਰ ਦੇ ਸੱਠ ਸਾਲਾਂ ਬਾਅਦ ਅਗਲੇ ਪੰਜ ਸਾਲਾਂ ਦੀ ਪਲਾਨ ਬਣਾ ਲਈ ਜਾਵੇ ਤੇ ਬਾਰ-ਬਾਰ ਆਪਣੇ ਆਪ ਨਾਲ ਹੀ ਗੱਲਾਂ ਕਰਦੇ ਰਹੋ ਕਿ ਤੁਸੀਂ ਕੀ ਕਰਨਾ ਹੈ? ਮਨ ਅੰਦਰ ਜਾਂਬਕ ਦੀ ਪੀੜ ਦਾ ਸੁਨੇਹਾ ਜਾਗਦਾ ਰਹੇ !

ਇਕ ਸਮਾਂ ਉਹ ਵੀ ਹੁੰਦਾ ਸੀ ਜਦ ਬੰਦਾ ਕੌਡੀ-ਕੌਡੀ ਜੋੜਦਾ ਥੱਕ-ਟੁੱਟ ਜਾਂਦਾ ਤੇ ਫਿਰ ਉਹ ਸਮਾਂ ਵੀ ਆਉਂਦਾ ਜਦ ਉਸ ਦੀ ਕੋਈ ਪਰਵਾਹ ਹੀ ਨਹੀਂ ਕਰਦਾ ਸੀ। ਸ਼ਾਇਦ ਉਦੋਂ ਬੰਦਾ ਸੰਸਾਰਕ ਮੈਰਾਥਾਨ ਕਰਕੇ ਆਪਣਾ ਆਪ ਇਕੱਠਾ ਕਰਨ ਦੀ ਤਿਆਰੀ ਵਿਚ ਲੱਗ ਜਾਂਦਾ ਹੈ।

ਜਿਸ ਦਿਨ ਜ਼ਿੰਦਗੀ ਬਿਨਾਂ ਉਦੇਸ਼, ਬਿਨਾਂ ਸੰਘਰਸ਼ ਦੇ ਸਮਝੋ ਖ਼ਾਲੀ ਹੋ ਗਈ — ਫਿਰ ਰਹਿੰਦੀ ਉਮਰ ਤੋਂ ਪਹਿਲਾਂ ਮੁੱਕ ਜਾਣਾ ਪੱਕਾ ਹੈ। ਬੰਦਾ ਜਿਸ ਵੀ ਹਾਲਤ ਵਿਚ ਹੋਵੇ, ਜ਼ਰੂਰ ਹੀ ਕੁਝ ਨਾ ਕਰਦਾ ਰਵ੍ਹੇ ! ਛੋਟੇ-ਛੋਟੇ ਕੰਮ ਕਰਦਿਆਂ ਵੀ ਇਕ ਨਸ਼ਾ ਜਿਹਾ ਤਾਂ ਆਉਂਦਾ ਹੀ ਹੈ। ਮਾਨਸਿਕ ਸਰੂਰ ਦਾ ਬਣੇ ਰਹਿਣਾ ਨਿਆਮਤ ਸਮਝੋ।

ਆਖਰੀ ਸਮੇਂ ਜਦ ਸਰੀਰ ਪੂਰੀ ਤਰ੍ਹਾਂ ਵਰਤਿਆ ਜਾ ਚੁੱਕਾ ਹੋਵੇ ਤਾਂ ਹੋਰਨਾਂ ਦੇ ਸਹਾਰੇ ਲੰਮਾ ਜਿਊਣ ਦਾ ਲਾਲਚ ਨਾ ਕੀਤਾ ਜਾਵੇ। ਇਹ ਅਜਿਹੀ ਅਵਸਥਾ ਹੁੰਦੀ ਹੈ ਜਦ ਤੁਹਾਡੇ ਬਹੁਤ ਨੇੜੇ ਰਹਿਣ ਵਾਲੇ ਭਾਵ ਨਜ਼ਦੀਕੀ ਪਰਵਾਰਿਕ ਮੈਂਬਰ ਵੀ ਕਈ ਵਾਰ ਤੁਹਾਥੋਂ ਉਕਤਾਅ ਜਾਂਦੇ ਹਨ, ਇਹ ਵੱਖਰੀ ਗੱਲ ਹੈ ਕਿ ਉਹ ਆਪਣੇ ਮੂੰਹੋਂ ਕੁਝ ਨਹੀਂ ਬੋਲਦੇ। ਕਹਿ ਦਿਉ 'ਪੀਸ ਐਂਡ ਕਵਾਈਟ'।

## (2)

ਮਰਦਾਂ ਮੁਣਸਾ ਘੋੜਿਆਂ, ਕੰਮ ਪੈਣ ਅਵੱਲੇ।
ਪਈਆਂ ਸਿਰੀਂ ਮੁਸੀਬਤਾਂ, ਹੱਲ ਕਰਨ ਸੁਵੱਲੇ।

ਸ਼ਾਮਾਂ ਹੋ ਚੁੱਕੀਆਂ ਸਨ। ਕੰਧ ਉੱਪਰ ਲੱਗੇ ਵੱਡੇ ਕਲਾਕ ਦੀ ਸੂਈ ਪੰਜ ਨੰਬਰ 'ਤੇ ਪਹੁੰਚਣ ਲਈ ਤਰਲੋ-ਮੱਛੀ ਹੋ ਰਹੀ ਸੀ। ਸ਼ਾਇਦ ਉਹ ਵੀ ਸਾਰਾ ਦਿਨ ਇਨ੍ਹਾਂ ਲੋਕਾਂ ਨੂੰ ਵੇਖ-ਵੇਖ ਕੇ ਅੱਕ ਚੁੱਕੀ ਸੀ।

ਐਡੀਸ਼ਨਲ ਸੈਸ਼ਨ ਜੱਜ ਸਰਦਾਰ ਦਲਜੀਤ ਸਿੰਘ ਧਾਲੀਵਾਲ ਬੜੇ ਆਰਾਮ ਨਾਲ ਮੂਹਰੇ ਮੇਜ਼ ਉੱਪਰ ਪਈ ਫ਼ਾਈਲ ਨੂੰ ਪੜ੍ਹਦਾ ਹੋਇਆ :

'ਕੰਤਾ ਪੁੱਤਰ ਪਰਤਾਪ ਸਿੰਘ, ਅਮਨੀਕ ਪੁੱਤਰ ਸੇਵਾ ਸਿੰਘ, ਜਿੰਦਾ ਪੁੱਤਰ ਸੇਵਾ ਸਿੰਘ, ਪਰਵਿੰਦਰ ਪੁੱਤਰ ਪਰਤਾਪ ਸਿੰਘ ਅਤੇ ਪਰਤਾਪ ਸਿੰਘ ਪੁੱਤਰ ਸੰਤ ਸਿੰਘ ਸਭ ਬਰੀ।'

ਜ਼ਿਲ੍ਹਾ ਐਡੀਸ਼ਨਲ ਸੈਸ਼ਨ ਜੱਜ, ਗੁਰਦਾਸਪੁਰ ਦੀ ਕਚਹਿਰੀ ਅੰਦਰ ਹੁਕਮ ਸੁਣਾ ਚੁੱਕਾ ਸੀ।

'ਜਨਾਬ ਦੋਵੇਂ ਪਾਰਟੀਆਂ ਬਾਹਰ ਲੜਨ-ਭਿੜਨ ਨੂੰ ਤਿਆਰ ਬੈਠੀਆਂ ਹਨ, ਚੰਗਾ ਹੋਵੇ ਅਗਰ ਮੇਰੇ ਮੁਅਕਲ ਦੀ ਹੱਥ-ਕੜੀ ਜੇਲ੍ਹ ਦੀ ਡਿਊੜੀ ਵਿੱਚ ਹੀ ਜਾ ਕੇ ਖੋਲ੍ਹੀ ਜਾਵੇ।'

ਦੋਹਾਂ ਪਾਰਟੀਆਂ ਵੱਲੋਂ ਫ਼ੈਸਲੇ ਤੋਂ ਬਾਅਦ ਉੱਚੀ-ਉੱਚੀ ਬਾਹਰ ਪੈ ਰਹੇ ਰੌਲੇ ਨੂੰ ਐਡੀਸ਼ਨਲ ਸੈਸ਼ਨ ਜੱਜ ਵੀ ਸੁਣ ਰਿਹਾ ਸੀ।

ਮੁਜਰਿਮ ਦੇ ਵਕੀਲ ਨੇ ਜੱਜ ਸਾਹਿਬ ਅੱਗੇ ਬੇਨਤੀ ਕੀਤੀ। 'ਇੰਝ ਹੀ ਹੋਵੇਗਾ।' ਜੱਜ ਨੇ ਪੁਲਿਸ ਇੰਸਪੈਕਟਰ ਵੱਲ ਇਸ਼ਾਰਾ ਕਰਦਿਆਂ ਹੁਕਮ ਕੀਤਾ।

ਭਗਠਾਣਾ ਤੁਲੀਆਂ ਦਾ ਸਰਪੰਚ ਮੰਗਤ ਰਾਮ ਕਚਹਿਰੀ ਅੰਦਰ ਇਕ ਚਾਹ ਦੀ ਦੁਕਾਨ ਵਿਚ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ ਜਦ ਉਸ ਨੂੰ ਕੰਤੇ ਦੇ ਬਰੀ ਹੋਣ ਦੀ ਖ਼ਬਰ ਮਿਲੀ। ਉਹ ਜਾਣ-ਬੁੱਝ ਕੇ ਅੰਦਰ ਨਹੀਂ ਸੀ ਗਿਆ ਕਿਉਂਕਿ ਕਤਲ ਉਸੇ ਦੇ ਪਿੰਡ ਦੇ ਬੰਦੇ ਦਾ ਹੋਇਆ ਸੀ। ਮੰਗਤ ਰਾਮ ਫੌਰਨ ਆਪਣੇ ਮੋਟਰ-ਸਾਈਕਲ 'ਤੇ ਸਵਾਰ ਹੋ ਕੇ ਚਾਲੇ ਪੈ ਗਿਆ। ਪਿੰਡ ਹਵੇਲੀਆਂ ਸਰਪੰਚ ਦੇ ਪਿੰਡ ਤੋਂ ਪਹਿਲਾਂ ਆਉਂਦਾ ਸੀ ਜਿਥੇ ਸਾਰਾ ਪਿੰਡ ਦੁਪਹਿਰ ਤੋਂ ਬਾਅਦ ਕੱਚੇ ਰਾਹ

ਦੀ ਧੂੜ ਉੱਡਦੀ ਵੇਖਣਾ ਚਾਹੁੰਦਾ ਸੀ।

ਕਦੇ ਪੰਜਾਬ ਅੰਦਰ ਅਜਿਹਾ ਵੀ ਸਭਿਆਚਾਰ ਤੇ ਭਾਈਚਾਰਾ ਹੁੰਦਾ ਸੀ ਜਦ ਖੁਸ਼ੀ-ਗ਼ਮੀ ਦੀ ਖ਼ਬਰ ਲਈ ਸਾਰਾ ਪਿੰਡ ਹੀ ਆਣ ਢੁੱਕਦਾ। ਉਦੋਂ ਲੋਕ ਅੰਦਰੋਂ-ਬਾਹਰੋਂ ਇਕਸਾਰ ਹੁੰਦੇ ਸਨ।

ਹਵੇਲੀਆਂ ਦੇ ਪਹੇ ਉੱਪਰੋਂ ਲੰਘਦਿਆਂ ਉਡੀਕ ਕਰ ਰਹੇ ਲੋਕਾਂ ਨੂੰ ਉੱਚੀ ਆਵਾਜ਼ ਵਿਚ ਮੰਗਤ ਰਾਮ ਕਹਿ ਰਿਹਾ ਸੀ:

'ਬੀਜੀ ਨੂੰ ਵਧਾਈਆਂ ! ਕਰੀਬ 30-35 ਜਣਿਆਂ ਦਾ ਰੋਟੀ-ਪਾਣੀ ਤੇ ਹੋਰ ਦਵਾ-ਦਾਰੂ ...।'

ਦਿਨ ਅੰਦਰ-ਬਾਹਰ ਹੁੰਦਿਆਂ ਕਰਮੇ ਦੇ ਮਾਮਾ ਜੀ ਸਾਬਕਾ ਫੌਜੀ ਜਾਗੀਰ ਸਿੰਘ ਰੰਧਾਵਾ ਦੀ ਪੁਰਾਣੀ ਸਟੇਸ਼ਨ ਵੈਗਨ ਨੱਕੋ-ਨੱਕ ਅੰਦਰੋਂ-ਬਾਹਰੋਂ ਭਰੀ ਨਹਿਰ ਦੀ ਪਟੜੀ 'ਤੇ ਪਹੁੰਚ ਚੁੱਕੀ ਸੀ ਤੇ ਠੀਕ ਉਸੇ ਵਕਤ ਤੁਫੈਲ ਮਸੀਹ ਦੇ ਸਪੀਕਰ 'ਚੋਂ ਉੱਠੀ ਉੱਚੀ ਆਵਾਜ਼ 'ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਏ, ਨੀਝਾਂ ਲਾ-ਲਾ ਵੇਂਹਦੀ ਦੁਨੀਆ ਸਾਰੀ ਏ' ਨੇ ਸਟੇਸ਼ਨ ਵੈਗਨ ਨੂੰ ਲਿਆ ਹਵੇਲੀ ਵਾੜਿਆ।

ਪੰਜਾਬ ਦੇ ਜੱਟ-ਘਰਾਣਿਆਂ ਵਿੱਚ ਕਤਲ ਕੇਸ 'ਚੋਂ ਬਰੀ ਹੋਣਾ ਕਿਸੇ ਵਿਆਹ ਵਾਲੀ ਖੁਸ਼ੀ ਤੋਂ ਘੱਟ ਨਹੀਂ ਸੀ ਹੁੰਦਾ। ਮਾਂ ਨੇ ਪੁੱਤ ਨੂੰ ਗਲੇ ਲਾਇਆ। ਸਿਰ ਉੱਤੋਂ ਪਾਣੀ ਵਾਰਿਆ। ਜ਼ਮੀਨ 'ਤੇ ਤਿਲ ਮਾਰਿਆਂ ਭੁੰਞੇ ਨਹੀਂ ਸੀ ਪੈਂਦਾ। ਨੰਬਰਦਾਰਾਂ ਦਾ ਵੱਡਾ ਪਰਵਾਰ ਕਰੀਬ ਇਕ ਸੌ ਸਾਲਾਂ ਤੋਂ ਆਪਣੀ ਚੰਗਿਆਈ ਕਰਕੇ ਪੂਰੇ ਇਲਾਕੇ ਵਿਚ ਚੰਗੀ ਜਾਣ-ਪਛਾਣ ਬਣਾ ਚੁੱਕਾ ਸੀ। ਇਨ੍ਹਾਂ ਦੇ ਹੀ ਵੱਡ-ਵਡੇਰਿਆਂ 'ਚ ਇਕ ਬੂੜਾ ਗੋਰਾਇਆ ਹੋਇਆ ਕਰਦਾ ਸੀ ਜਿਸ ਬਾਰੇ ਕਹਿੰਦੇ ਹਨ ਕਿ ਜਦ ਮਹਾਰਾਜਾ ਰਣਜੀਤ ਸਿੰਘ ਨੇ ਪਿੰਡੀ ਭੱਟੀਆਂ (ਸਾਂਦਲਬਾਰ) 'ਤੇ ਹਮਲਾ ਕਰਕੇ ਉਸ ਨੂੰ ਉਜਾੜਿਆ ਸੀ ਤਾਂ ਪੰਜ ਬੰਦਿਆਂ ਵਿੱਚੋਂ ਇਕ ਬੂੜਾ ਗੋਰਾਇਆ ਤੇ ਬਾਕੀ ਚਾਰ ਰਾਜਪੂਤ ਭੱਟੀ ਸਨ ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਮਾਰਨ ਦੀ ਸਕੀਮ ਬਣਾਈ ਸੀ ਪਰ ਬਾਅਦ ਵਿਚ ਫੜੇ ਗਏ ਸਨ।

ਸ਼ਾਮਾਂ ਦਾ ਵਕਤ। ਅਗਵਾਨਾਂ ਵਾਲੀ ਨਹਿਰ ਦੀ ਪੁਲ਼ੀ ਉੱਪਰ ਬੈਠੇ ਕੁਝ ਲੋਕ ਦਾਰੂ ਪੀ ਰਹੇ ਸਨ। ਨੇੜੇ-ਤੇੜੇ ਦੇ ਪਿੰਡਾਂ ਵਿੱਚੋਂ ਕੀਤੀ ਸਾਂਝੀ ਉਗਰਾਹੀ ਦਾ ਹਿਸਾਬ-ਕਿਤਾਬ ਹੋ ਰਿਹਾ ਸੀ। ਕੁਝ ਲੋਕ ਜਾ ਚੁੱਕੇ ਸਨ। ਠੀਕ ਏਸੇ ਵਕਤ ਨਿੰਦੇ ਦਾ ਵੱਡਾ ਭਰਾ ਮਿੰਦਾ ਜੋ ਧਾਰੀਵਾਲ ਠਾਣੇ ਵਿਚ ਹਵਾਲਦਾਰ ਸੀ, ਦਾਰੂ ਨਾਲ ਰੱਜਿਆ ਆਖ਼ਰੀ ਬੱਸ ਵਿੱਚੋਂ ਉਤਰਿਆ। ਬਸ ਵਿੱਚੋਂ ਉੱਤਰਦਿਆਂ ਹੀ ਉਹ ਕੰਤੇ ਨੂੰ ਬੁਰਾ- ਭਲਾ ਬੋਲਣ ਲੱਗ ਪਿਆ। ਪੁਰਾਣੀ ਖਹਿਬਾਜ਼ੀ ਤੇ ਸ਼ਰੀਕਾ।

‘ਤੁਸੀਂ ਕਾਮਰੇਡਾਂ ਗੰਦ ਪਾਇਆ!’

'ਲੋਕਾਂ ਨੂੰ ਪੁੱਠੇ ਪਾਸੇ ਦਾ ਸਬਕ ਦੇਂਦੇ ਓ ਤੁਸੀਂ, ਕੁੜੀ ... !'

'ਮੂੰਹ ਸੰਭਾਲ ਕੇ ਗੱਲ ਕਰ ਓਏ ਹੌਲਦਾਰਾ!'

ਕੰਤੇ ਨੇ ਵੀ ਪੀਤੀ ਹੋਈ ਸੀ।

'ਤੇਰੇ ਪਿਓ ਨੂੰ ਹੀ ਹਿਸਾਬ ਦੇ ਰਹੇ ਹਾਂ, ਤੂੰ ਕਾਹਨੂੰ ਔਖਾ ਹੋਈ ਫਿਰਦਾਂ !'

'ਮੈਂ ਦੱਸਦਾਂ ਤੁਹਾਨੂੰ ਪਿੰਡ ਜਾ ਕੇ'। ਹਵਾਲਦਾਰ ਦਵਾ-ਦਵ ਲੜਖੜਾਉਂਦਾ ਆਪਣੇ ਪਿੰਡ ਦੇ ਰਾਹੇ ਪੈ ਚੁੱਕਾ ਸੀ। ਅਤੇ ਨਾਲ ਹੀ ਉੱਚੀ-ਉੱਚੀ ਗਾਲ੍ਹੀ-ਗਲੋਚ ਵੀ ਕਰੀ ਜਾ ਰਿਹਾ ਸੀ।

'ਚੱਲ ਗਾਂਹ ਜਾਹ, ਵੇਖ ਲਾਂ ਗੇ ਤੈਨੂੰ ਵੀ!' ਕੰਤਾ ਬਰਾਬਰ ਜਵਾਬਦੇਹੀ ਕਰੀ ਗਿਆ।

ਹੌਲਦਾਰ ਨੇ ਗੱਲਾਂ ਦੀਆਂ ਉਡਾਰਾਂ ਬਣਾ ਕੇ ਰੱਬ ਜਾਣੇ ਆਪਣੇ ਘਰਦਿਆਂ ਅਤੇ ਸ਼ਰੀਕੇ ਨੂੰ ਕੀ-ਕੀ ਦੱਸਿਆ ਕਿ 15-20 ਜਣੇ ਹੱਥਾਂ ਵਿਚ ਹਥਿਆਰ ਲਈ ਕੰਤੇ ਉੱਪਰ ਆਣ ਧਾਵਾ ਬੋਲਦੇ ਨੇ। ਹੁਣ ਤਕ ਹਵੇਲੀ ’ਚ ਵੀ ਖ਼ਬਰ ਪਹੁੰਚ ਚੁੱਕੀ ਸੀ। ਉਥੋਂ ਵੀ ਲੋਕ ਹੱਥਾਂ ਵਿੱਚ ਜੋ ਆਇਆ ਲੈ ਕੇ ਉਦੋਂ ਹੀ ਪਹੁੰਚੇ ਜਦ ਕੰਤੇ ਉੱਪਰ ਨੰਗੀਆਂ ਤਲਵਾਰਾਂ ਦੇ ਵਾਰ ਹੋ ਰਹੇ ਸਨ। ਕੰਤਾ ਲਹੂ-ਲੁਹਾਨ ਹੋ ਚੁੱਕਾ ਸੀ। ਉਹ ਨੰਗੀਆਂ ਤਲਵਾਰਾਂ ਨੂੰ ਹੱਥਾਂ ਵਿਚ ਫੜ ਕੇ ਵਾਰ ਰੋਕਦਾ ਅਖੀਰ ਇਕ ਤਲਵਾਰ ਖੋਹ ਕੇ ਆਪਣੀ ਜਾਨ ਬਚਾਉਣ ਲਈ ਵਾਰ ਕਰਦਾ ਜਿਹੜਾ ਹਵਾਲਦਾਰ ਦੇ ਛੋਟੇ ਭਰਾ ਨਿੰਦੇ ਦੀ ਵੱਖੀ ਨੂੰ ਜਾ ਲੱਗਾ। ਅਗਵਾਨਾਂ ਦੇ ਲੋਕ ਪਹੁੰਚ ਚੁੱਕੇ ਸਨ। ਹਰ ਪਾਸੇ ਹਫ਼ੜਾ-ਦਫ਼ੜੀ, ਚੀਕ-ਚਿਹਾੜਾ ਪੈ ਰਿਹਾ ਸੀ।

ਕੰਤਾ ਅਤੇ ਨਿੰਦਾ ਪੱਗ-ਵੱਟ ਭਰਾਵਾਂ ਵਰਗੇ ਸਨ। ਇਨ੍ਹਾਂ ਦੀ ਆਪਸੀ ਸਾਂਝ ਇਲਾਕੇ ਦੇ ਕਹਿੰਦੇ-ਕਹਾਉਂਦਿਆਂ ਨੂੰ ਚੰਗੀ ਨਹੀਂ ਸੀ ਲੱਗਦੀ।

ਅਜੇ ਮੁਕੱਦਮਾ ਸ਼ੁਰੂ ਹੋਣਾ ਸੀ ਜਦੋਂ ਬਟਾਲਾ ਦੇ ਡੀ.ਐੱਸ.ਪੀ ਇਜ਼ਹਾਰ ਆਲਮ ਨੇ ਗੁਪਤ ਤਰੀਕੇ ਨਾਲ ਨਹਿਰ ਦੀ ਪੁਲੀ ’ਤੇ ਇਕ ਇਨਕੁਆਇਰੀ ਕੀਤੀ ਜਿਸ ਵਿੱਚ ਆਲੇ-ਦੁਆਲੇ ਦੇ ਪਿੰਡਾਂ ਦੇ ਕਰੀਬ ਦੋ ਕੁ ਸੌ ਲੋਕਾਂ ਨੇ ਹਾਜ਼ਰੀ ਭਰੀ ਸੀ।

ਇਜ਼ਹਾਰ ਆਲਮ ਬੋਲਿਆ, "ਨੰਬਰਦਾਰ ਜੀ, ਉਮਰ ਦਾ ਖ਼ਿਆਲ ਕਰੋ ! ਸੱਚ ਸੱਚ ਦੱਸੋ, ਕੀ ਹੋਇਆ ਸੀ ਤੇ ਕਤਲ ਕਿੰਝ ਹੋਇਆ ?"

'ਸਾਹਿਬ ਬਹਾਦਰ! ਜਦ ਮੈਂ ਮੌਕੇ ’ਤੇ ਹੀ ਨਹੀਂ ਸੀ, ਮੈਂ ਕੀ ਕਹਿ ਸਕਦਾਂ?' ਨੰਬਰਦਾਰ ਦਾ ਜਵਾਬ ਸੁਣ ਕੇ ਆਲਮ ਨੇ ਸੁਆਲ ਕੀਤਾ :

'ਅਗਰ ਸੱਚ-ਸੱਚ ਦੱਸਦੇ ਹੋ ਤਾਂ ਮੈਂ ਰਿਪੋਰਟ ਤੁਹਾਡੇ ਹੱਕ ਵਿਚ ਵੀ ਲਿਖ

ਸਕਦਾ ਹਾਂ, ਜੋ ਅਦਾਲਤ ਵਿਚ ਤੁਹਾਡੇ ਹੱਕ ਵਿਚ ਵੀ ਭੁਗਤ ਸਕਦੀ ਹੈ।'

'ਅਸੀਂ ਕਿਸ ਕਿਸਮ ਦੇ ਜ਼ਿਮੀਂਦਾਰ ਹਾਂ ਇਹ ਤੁਸੀਂ ਇਨ੍ਹਾਂ ਲੋਕਾਂ ਤੋਂ ਪੁੱਛ ਲਉ, ਬਾਕੀ ਮੈਂ ਜ਼ਿੰਦਗੀ ਵਿਚ ਕਦੇ ਝੂਠ ਨਹੀਂ ਬੋਲਿਆ ; ਕੂੜ ਨਿਖੁਟੇ ਨਾਨਕਾ, ਓੜਕਿ ਸਚਿ ਰਹੀ।' ਦਸਾਂ ਨਹੁੰਆਂ ਦੀ ਕਿਰਤ ਕਰਕੇ ਬੱਚਿਆਂ ਨੂੰ ਪੜ੍ਹਾਇਆ ਹੈ ਤਾਂ ਕਿ ਉਹ ਹੋਰਨਾਂ ਨੂੰ ਵੀ ਚੰਗਾ ਰਾਹ ਦੱਸ ਸਕਣ।'

'ਅਜੇ ਵੀ ਵੇਲ਼ਾ ਹੈ, ਅਗਰ ਮੇਰੀ ਮੰਨੋ ਤੁਸੀਂ ਬਚ ਸਕਦੇ ਹੋ ਵਰਨਾ ਉਮਰ ਕੈਦ ਜਾਂ ਫਾਂ ...।' ਆਲਮ ਬੋਲਿਆ ਤਾਂ ਵਿੱਚੋਂ ਹੀ ਭਾਈ ਬੂਟਾ ਸਿੰਘ ਪਿੰਡ ਭਗਠਾਣਾ ਬੋਹੜਾਵਾਲਾ ਤੋਂ ਬੋਲ ਉੱਠਿਆ।

'ਜਨਾਬ! ਮੈਂ ਸਹੁੰ ਖਾ ਕੇ ਕਹਿਣ ਨੂੰ ਤਿਆਰ ਹਾਂ ਕਿ ਇਸ ਟੱਬਰ ਨੇ ਕਦੇ ਕਿਸੇ ਦਾ ਬੁਰਾ ਨਹੀਂ ਤੱਕਿਆ ਤੇ ਇਹ ਕਤਲ ਇਨ੍ਹਾਂ ਨਹੀਂ ਕੀਤਾ। ਸਗੋਂ ਜਦ ਨਿੰਦੇ ਦੇ ਭਰਾ ਹੌਲਦਾਰ ਨੂੰ ਪਤਾ ਲੱਗਾ ਕਿ ਕੰਤਾ ਧਰਤੀ 'ਤੇ ਜਾ ਪਿਆ ਸੀ ਤਾਂ ਉਸ ਨੇ ਹੀ ਆਪਣੇ ਭਰਾ ਨੂੰ ਮਾਰ ਦਿੱਤਾ ਤਾਂ ਕਿ ਮੁਕੱਦਮਾ ਬਰਾਬਰ ਹੋ ਜਾਵੇ।'

'ਇਹ ਤੁਸੀਂ ਕਿਵੇਂ ਕਹਿ ਸਕਦੇ ਹੋ? ਕੀ ਮੌਕਿਆ-ਏ-ਵਾਰਦਾਤ ਵੇਲੇ ਤੁਸੀਂ ਖ਼ੁਦ ਏਥੇ ਸੀ ?' ਆਲਮ ਗੁੱਸੇ ਵਿਚ ਸੀ।

'ਜਨਾਬ ਇਹ ਤਾਂ ਬੱਚੇ-ਬੱਚੇ ਦੇ ਮੂੰਹ 'ਤੇ ਸੀ ਜਦ ਇਨ੍ਹਾਂ ਦੇ ਘਰੀਂ ਗੱਲਾਂ ਹੁੰਦੀਆਂ ਸਨ ਉਹ ਧੂੰਏਂ ਵਾਂਗ ਚਾਰ-ਚੁਫ਼ੇਰੇ ਉੱਡ ਰਹੀਆਂ ਸਨ' - ਭਾਈ ਬੂਟਾ ਸਿੰਘ ਨੇ ਠੋਕ ਕੇ ਜਵਾਬ ਦਿੱਤਾ।

ਇਜ਼ਹਾਰ ਆਲਮ ਦੀ ਰਿਪੋਰਟ ਨੇ ਅਦਾਲਤ ਵਿਚ ਮੁਕੱਦਮੇ ਦਾ ਰੁਖ਼ ਨੰਬਰਦਾਰਾਂ ਵਾਲੇ ਪਾਸੇ ਬਦਲ ਦਿੱਤਾ ਸੀ। ਇਸ ਕੇਸ ਦੀ ਪੈਰਵਾਈ ਜਲੰਧਰ ਤੋਂ ਵਕੀਲ ਹਰਭਜਨ ਸਿੰਘ ਕਰ ਰਿਹਾ ਸੀ ਤੇ ਅੱਗੋਂ ਉਸ ਦਾ ਗਾਈਡ ਪੰਜਾਬ-ਹਰਿਆਣਾ ਹਾਈ ਕੋਰਟ ਦਾ ਨਾਮੀ ਵਕੀਲ ਦਾਰਾ ਸਿੰਘ ਸੀ।

ਇਸ ਕੇਸ ਵਿੱਚ ਪੰਜ ਜਣਿਆਂ ਨੂੰ ਜਿਨ੍ਹਾਂ ਵਿਚ ਕੰਤਾ, ਉਸ ਤੋਂ ਛੋਟਾ ਪਰਵਿੰਦਰ, ਦੋ ਤਾਏ ਦੇ ਲੜਕੇ ਅਮਨੀਕ ਅਤੇ ਜਿੰਦਾ ਅਤੇ ਇਕ ਕੰਤੇ ਹੁਰਾਂ ਦਾ ਬਾਪੂ ਪਰਤਾਪ ਸਿੰਘ ਪੰਜਾਂ ਨੂੰ ਗੁਰਦਾਸਪੁਰ ਜੇਲ੍ਹ ਵਿਚ ਚਾਹੇ ਕੁਝ ਮਹੀਨੇ ਰਹਿਣਾ ਪਿਆ ਪਰ ਯਕੀਨਨ ਹਵੇਲੀ ਅੰਦਰ ਜਿਵੇਂ ਸੰਨਾਟਾ ਛਾ ਗਿਆ।

ਕਤਲ ਕੇਸ ਹੋਵੇ। ਪੰਜ ਜੀਅ ਜੇਲ੍ਹ ਅੰਦਰ ਹੋਣ। ਜਿਨ੍ਹਾਂ ਦੇ ਭਰਾ ਦਾ ਕਤਲ ਉਸ ਤੋਂ ਵੱਡਾ ਭਰਾ ਠਾਣੇ ਅੰਦਰ ਹਵਾਲਦਾਰ। ਬਟਾਲਾ ਕਚਹਿਰੀ ਅੰਦਰ ਹਰ ਪੇਸ਼ੀ 'ਤੇ ਹਵਾਲਦਾਰ ਨੇ ਪਤਾ ਕਰ ਲੈਣਾ ਕਿਹੜੇ ਪੁਲਿਸ ਮੁਲਾਜ਼ਮ ਇਨ੍ਹਾਂ ਪੰਜਾਂ ਨੂੰ ਲਿਜਾ ਰਹੇ ਹਨ। ਹਵਾਲਦਾਰ ਨੇ ਪੁਲਿਸ ਮੁਲਾਜ਼ਮਾਂ ਨੂੰ ਕਹਿ ਦੇਣਾ ਇਨ੍ਹਾਂ ਨੂੰ ਵੱਧ ਤੋਂ ਵੱਧ ਤੰਗ-ਪਰੇਸ਼ਾਨ ਕਰਨਾ।

ਬਟਾਲੇ ਪੇਸ਼ੀ ਲਈ ਜਦ ਬੱਬਰੀ ਅਤੇ ਸੋਹਲ ਵਿਚਕਾਰ ਹੱਥਕੜੀਆਂ ਲੱਗੇ ਵੈਨ ਵਿਚ ਜਾ ਰਹੇ ਹਨ ਤਾਂ :

'ਓਹ ਪੁੱਤਰਾ ਹੱਥਕੜੀ ਥੋੜ੍ਹੀ ਢਿੱਲੀ ਕਰਕੇ ਬੰਨ੍ਹ, ਮੇਰਾ ਗੁੱਟ ਹੀ ਸੁੱਜ ਗਿਆ ਏ।' ਪਰਤਾਪ ਸਿੰਘ ਨੇ ਇਕ ਪੁਲਿਸ ਮੁਲਾਜ਼ਮ ਨੂੰ ਕਿਹਾ।

'ਕਰਨੇ ਕਤਲ ਤੇ ਹੱਥਕੜੀਆਂ ਢਿੱਲੀਆਂ, ਉਹ ਕਿਉਂ ! ਠਾਣੇਦਾਰ ਮੱਖਣ ਸਿੰਘ ਰੋਹਬ ਨਾਲ ਬੋਲਿਆ।'

'ਠਾਣੇਦਾਰਾ ! ਬੰਦਿਆਂ ਵਾਲੇ ਕੰਮ ਕਰੋ, ਅਸੀਂ ਕੋਈ ਚੋਰ-ਉਚੱਕੇ ਨਹੀਂ, ਕਤਲ ਕੇਸ ਭੁਗਤ ਰਹੇ ਹਾਂ।' ਕੰਤੇ ਦੇ ਬੋਲਾਂ ਵਿਚ ਗੁੱਸਾ ਸੀ।

ਕੰਤੇ ਦੀ ਹੱਥਕੜੀ ਤਾਂ ਜੇਲ੍ਹ ਦੀ ਡਿਉੜੀ ਅੰਦਰ ਹੀ ਕੱਸ ਦਿੱਤੀ ਸੀ। ਉਹ ਖ਼ੁਦ ਵੀ ਬੜਾ ਤੰਗ ਸੀ।

'ਤੂੰ ਕੀ ਕਰੇਂਗਾ' ? ਠਾਣੇਦਾਰ ਕੰਤੇ ਵੱਲ ਘੂਰਦਾ ਹੋਇਆ।

'ਤੈਨੂੰ ਮੈਂ ਦੱਸਾਂਗਾ, ਜ਼ਰਾ ਹੱਥਕੜੀਆਂ ਤਾਂ ਖੋਲ੍ਹ ਕੇ ਵੇਖ' ਕੰਤੇ ਨੇ ਉੱਚੀ ਆਵਾਜ਼ ਵਿਚ ਕਿਹਾ।

ਠਾਣੇਦਾਰ ਦੇ ਇਸ਼ਾਰੇ ਨਾਲ ਵੈਨ ਸੜਕ ਕਿਨਾਰੇ ਆ ਰੁਕੀ। ਓਧਰੋਂ-ਓਧਰੀ ਗਾਲ੍ਹੀ-ਗਲੋਚ ਹੋ ਰਿਹਾ ਸੀ। ਇਕ-ਦੂਸਰੇ ਨਾਲ ਗੁੱਥਮ-ਗੁੱਥਾ ਚੱਲ ਪਿਆ।

ਕੰਤੇ ਦੀਆਂ ਗਾਲ੍ਹਾਂ ਸੁਣ-ਸੁਣ ਕੇ ਅਖੀਰ ਠਾਣੇਦਾਰ ਮੱਖਣ ਸਿੰਘ ਵੀ ਬੇਬੱਸ ਹੋ ਗਿਆ ਸੀ। ਹੁਣ ਤਕ ਬਾਕੀ ਵੀ ਛੇ ਜਣੇ ਕੰਤੇ ਹੁਰਾਂ ਦੀ ਹਾਮੀ ਭਰ ਰਹੇ ਸਨ।

ਭਰੀ-ਭਰਾਈ ਵੈਨ ਸਿੱਧੀ ਸਦਰ ਠਾਣਾ ਬਟਾਲਾ ਦੇ ਮੁੱਖ ਗੇਟ 'ਤੇ ਜਾ ਰੁਕੀ।

ਮੱਖਣ ਸਿੰਘ ਠਾਣੇਦਾਰ ਦੌੜ ਕੇ ਅੰਦਰ ਐੱਸ.ਐੱਚ. ਓ. ਸੋਹਣ ਸਿੰਘ ਸੈਣੀ ਨੂੰ ਸਾਰਾ ਵਾਕਿਆਤ ਬਿਆਨ ਕਰਦਾ ਹੈ।

ਪਹਿਲਾਂ ਸਾਰਿਆਂ ਨੂੰ ਵੈਨ ਵਿੱਚੋਂ ਬਾਹਰ ਲਿਆਂਦਾ ਗਿਆ। ਅਖੀਰ 'ਤੇ ਕੰਤੇ ਦੀ ਵਾਰੀ ਆਈ। ਹੁਣ ਤਕ ਸੋਹਣ ਸਿੰਘ ਸੈਣੀ ਵੀ ਵੈਨ ਲਾਗੇ ਪਹੁੰਚ ਚੁੱਕਾ ਸੀ।

'ਅੱਛਾ ਏਹ ਹੈ ਵੱਡਾ ਬਦਮਾਸ਼ !' ਕਹਿੰਦੇ ਨੇ ਹੱਥਕੜੀ ਲੱਗੇ ਕੰਤੇ ਦੇ ਜ਼ੋਰ ਨਾਲ ਚਪੇੜ ਕੱਢ ਮਾਰੀ। ਸ਼ਾਇਦ ਇਹ ਐੱਸ.ਐੱਚ.ਓ. ਕੰਤੇ ਦੇ ਪਿਛੋਕੜ ਤੋਂ ਬਹੁਤਾ ਜਾਣੂੰ ਨਹੀਂ ਸੀ। ਬਸ ਫਿਰ ਕੀ ਸੀ ? ਕੰਤੇ ਨੇ ਐੱਸ.ਐੱਚ.ਓ. ਨੂੰ ਉਹ ਉਹ ਗਾਲ੍ਹਾਂ ਸੁਣਾਈਆਂ ਜੋ ਸ਼ਾਇਦ ਉਸ ਨੇ ਵੀ ਕਦੇ ਕਿਸੇ ਨੂੰ ਨਹੀਂ ਕੱਢੀਆਂ ਹੋਣਗੀਆਂ। ਸੈਣੀ ਦੀ ਧੀ-ਭੈਣ ਇੱਕ ਹੋ ਚੁੱਕੀ ਸੀ। ਏਥੋਂ ਤਕ ਕਿ :

'ਉਏ ਕੁੱਤਿਆ ਕੰਜਰਾ ਮੇਰੀ ਤਾਂ ਘਰ ਵਾਲੀ ਮਰ ਚੁੱਕੀ ਏ, ਲਿਆ ਪਾ

ਸ਼ਗਨ ਆਪਣੇ ਜਵਾਈ ਨੂੰ!'

ਹੁਣ ਤਕ ਸਭਨਾਂ ਨੂੰ ਸਦਰ ਠਾਣੇ ਦੇ ਬਖਸ਼ੀਖਾਨੇ ਅੰਦਰ ਸਮੇਤ ਹੱਥਕੜੀਆਂ ਬੰਦ ਕੀਤਾ ਗਿਆ ਸੀ ਪਰ ਕੰਤੇ ਵੱਲੋਂ ਲਗਾਤਾਰ ਗਾਲ੍ਹਾਂ ਦਾ ਮੀਂਹ ਬਰਸ ਰਿਹਾ ਸੀ। ਕੁਝ ਕੰਤੇ ਹੁਰਾਂ ਦੇ ਚੰਗੇ ਜਾਣੂੰ ਮੁਲਾਜ਼ਮ ਵੀ ਸਨ ਜਿਨ੍ਹਾਂ ਰਾਹੀਂ ਗੱਲ ਹੁੰਦੀ- ਹੁੰਦੀ ਕਚਹਿਰੀ ਤਕ ਪਹੁੰਚ ਗਈ। ਕੰਤੇ ਹੁਰਾਂ ਦੇ ਤਾਏ ਦਾ ਲੜਕਾ ਗੀਤ੍ਹਾ ਅਤੇ ਇਨ੍ਹਾਂ ਦੇ ਚੰਗੇ ਮਿੱਤਰ ਵਕੀਲ ਮਹਿੰਦਰ ਸਿੰਘ ਰੰਧਾਵਾ ਸਾਹਿਬ ਸਿੱਧਾ ਸਦਰ ਠਾਣੇ ਨੂੰ ਚਲੇ ਗਏ। ਐੱਸ.ਐੱਚ.ਓ. ਸੈਣੀ ਨਾਲ ਗੱਲਬਾਤ ਹੋਈ। ਗੱਲ ਮੁੱਕਦੀ-ਮੁੱਕਦੀ ਸ਼ਾਇਦ ਇੰਜ ਮੁੱਕ ਜਾਂਦੀ ਪਰ ਨਹੀਂ :

'ਕੰਤੇ, ਸੈਣੀ ਮੁਆਫ਼ੀ ਮੰਗਣ ਨੂੰ ਤਿਆਰ ਏ, ਚੱਲ ਬਾਹਰ ਉਹਨੂੰ ਮਿਲ ਲੈ।' ਰੰਧਾਵਾ ਸਾਹਿਬ ਨੇ ਬੜੇ ਪਿਆਰ ਨਾਲ ਗੱਲ ਕੀਤੀ।

'ਮੈਂ ਏਸ ਹਰਾਮੀ ਸੈਣੀ ਉੱਪਰ ਇਸਤਗਾਸਾ ਕਰਾਂਗਾ, ਤੁਸੀਂ ਸੁਲਹ ਦੀ ਗੱਲ ਕਰਦੇ ਹੋ ?' ਕੰਤੇ ਦਾ ਠੋਕਵਾਂ ਜੁਆਬ ਸੀ। ਨਾਲ ਹੀ ਕੰਤੇ ਨੇ ਰੰਧਾਵਾ ਸਾਹਿਬ ਨੂੰ ਯਾਦ ਕਰਾਇਆ ਕਿ:

'ਰੰਧਾਵਾ! ਤੂੰ ਭੁੱਲ ਗਿਆ ਏਂ ਇਹੀ ਉਹ ਕੁੱਤਾ ਠਾਣੇਦਾਰ ਹੁੰਦਾ ਸੀ ਕਦੇ ਡੇਰਾ ਬਾਬਾ ਨਾਨਕ। ਜਿਨ੍ਹੇ ਤੇਰੇ ਨਾਲ ਉਦੋਂ ਬਦਸਲੂਕੀ ਕੀਤੀ ਸੀ ਜਦ ਤੂੰ ਸਾਨੂੰ ਮਿਲਣ ਪਿੰਡ ਹਵੇਲੀਆਂ ਆਇਆ ਸੀ।'

'ਓਹ ਮੈਨੂੰ ਸਭ ਯਾਦ ਏ, ਪਰ ਹੁਣ ਤਾਂ ਇਹ ਮੁਆਫ਼ੀ ਵੀ ਮੰਗ ਚੁੱਕਾ ਏ।'

ਪੇਸ਼ੀ ਤੋਂ ਬਾਅਦ ਗੁਰਦਾਸਪੁਰ ਜੇਲ੍ਹ ਕੰਤੇ ਨੇ ਮੈਡੀਕਲ ਕਰਵਾ ਕੇ ਸੈਣੀ ਖ਼ਿਲਾਫ਼ ਇਸਤਗਾਸਾ ਕਰ ਦਿੱਤਾ ਸੀ। ਵਾਪਿਸ ਜੇਲ੍ਹ ਆਉਣ ਤਕ ਕੰਤੇ ਦੇ ਮੱਥੇ ਉੱਪਰ ਸ਼ੀਸ਼ੇ ਦੇ ਦੋ ਕੱਟ ਦਿਖਾਈ ਦੇ ਰਹੇ ਸਨ।

ਜੱਟ ਮਚਲਾ ਖ਼ੁਦਾ ਨੂੰ ਲੈ ਗਏ ਚੋਰ।

ਬੜੀ ਤ੍ਰਾਸਦੀ ਹੈ ਕਿ ਭਾਰਤ ਅੰਦਰ ਪੁਲੀਸ ਪ੍ਰਸਾਸ਼ਨ ਵਿਚ ਅਜੇ ਵੀ ਪੁਰਾਣੇ ਤੌਰ-ਤਰੀਕੇ ਚਲੇ ਆ ਰਹੇ ਹਨ। ਪੁਲੀਸ ਹੱਥ ਚੜ੍ਹੇ ਲੋਕਾਂ ਨਾਲ ਚਾਹੇ ਉਹ ਦੋਸ਼ੀ ਜਾਂ ਨਿਰਦੋਸ਼ ਹੀ ਕਿਉਂ ਨਾ ਹੋਵਣ ਬਹੁਤ ਹੀ ਘਟੀਆ ਅਣਮਨੁੱਖੀ ਵਿਵਹਾਰ ਕੀਤਾ ਜਾਂਦਾ ਹੈ। ਕਈ ਨੌਜਵਾਨ ਤਾਂ ਨਿਰਦੋਸ਼ ਹੁੰਦੇ ਹੋਏ ਪੁਲੀਸ ਦੇ ਤਸ਼ੱਦਦ ਦੇ ਸਤਾਏ ਹੀ ਆਮ ਸਮਾਜਿਕ ਧਾਰਾ ਤੋਂ ਵੱਖ ਹੋ ਕੇ ਗ਼ਲਤ ਰਾਹ ਚੁਣ ਬੈਠਦੇ ਹਨ।

ਗੁਰਦਾਸਪੁਰ ਜੇਲ੍ਹ ਅੰਦਰ ਕਤਲ ਕੇਸ ਭੁਗਤ ਰਿਹਾ ਕੰਤਾ ਫਰਵਰੀ ਤੋਂ 24 ਅਗਸਤ 1982 ਤੱਕ ਰਿਹਾ। ਇਸ ਦੁਰਾਨ ਕੁਝ ਦਿਲਚਸਪ ਘਟਨਾਵਾਂ ਵਾਪਰੀਆਂ ਸਨ।

ਮਾਰਚ, 1982 ਵਿਚ ਕਿਧਰੇ ਅਕਾਲੀਆਂ ਵੱਲੋਂ ਡੇਰਾ ਬਾਬਾ ਨਾਨਕ ਵਿਖੇ ਦਰਬਾਰਾ ਸਿੰਘ ਸਰਕਾਰ ਖ਼ਿਲਾਫ਼ ਰੋਸ-ਮੁਜ਼ਾਹਰਾ ਕੀਤਾ ਗਿਆ। ਦਫ਼ਾ 44 ਤੋੜਨ ਅਧੀਨ ਨਿਰਮਲ ਸਿੰਘ ਕਾਹਲੋਂ, ਭਾਈ ਬੂਟਾ ਸਿੰਘ ਭਗਠਾਣਾਂ-ਬੋਹੜਾਂ ਵਾਲਾ, ਨਿੰਮਾ ਨਾਈ ਅਤੇ ਹੋਰ ਅਨੇਕਾਂ ਅਕਾਲੀ ਵਰਕਰ ਵੀ ਜੇਲ੍ਹ ਅੰਦਰ ਸਨ।

ਦੂਸਰੇ ਪਾਸੇ ਕਾਦੀਆਂ ਤੋਂ ਤਿੰਨ ਭਰਾ ਜਰਨੈਲ ਸਿੰਘ (ਜੈਲਾ), ਬਲਬੀਰ ਸਿੰਘ ਬੱਲੀ ਅਤੇ ਤੀਸਰਾ ਇਨ੍ਹਾਂ ਦੇ ਚਾਚੇ ਦਾ ਪੁੱਤਰ ਜਗੀਰ ਸਿੰਘ ਵੀ ਕਤਲ ਕੇਸ ਵਿਚ ਉਮਰ ਕੈਦ ਕੱਟ ਰਹੇ ਸਨ।

ਤੀਸਰੇ ਪਾਸੇ ਸ਼ਿਵ ਸਿੰਘ (ਛਿੱਬਾ) ਭਗਠਾਣਾਂ-ਤੁਲੀਆਂ ਤੋਂ ਵੀ ਕਤਲ ਕੇਸ ਵਿਚ ਉਮਰ ਕੈਦ ਭੁਗਤ ਰਿਹਾ ਸੀ ਅਤੇ ਜੇਲ੍ਹ ਅੰਦਰ ਨੰਬਰਦਾਰ ਵੀ ਸੀ।

ਸ਼ਿਕਾਰ ਮਾਛੀਆਂ ਤੋਂ ਕਈਆਂ ਕੇਸਾਂ ਵਿਚ ਸਜ਼ਾ ਕੱਟ ਰਿਹਾ ਕਸ਼ਮੀਰਾ ਘੈਂਟ ਹਰ ਵਕਤ ਜੇਲ੍ਹ ਅੰਦਰ 'ਚੱਕਰ ਹਵਾਲਦਾਰ' ਨੂੰ ਚੱਕਰਾਂ ਵਿੱਚ ਪਾਈ ਰੱਖਦਾ।

ਕਦੇ ਰੋਟੀ ਨੂੰ ਘੱਟ ਆਟਾ !

ਕਦੇ ਦਾਲ ਪਤਲੀ !

ਕਦੇ ਚਾਹ ਮਾੜੀ !

ਇਸ ਦਾ ਆਪਣਾ ਹੀ 6-7 ਜਣਿਆਂ ਦਾ ਧੜਾ ਬਣਾਇਆ ਹੁੰਦਾ ਸੀ। ਇਨ੍ਹਾਂ ਹੀ ਮਹੀਨਿਆਂ ਵਿੱਚ ਇਕ ਵੇਰ ਭੁੱਖ-ਹੜਤਾਲ 'ਤੇ ਬੈਠ ਗਿਆ। ਬਾਕੀਆਂ ਨੂੰ ਨਾਲ ਜੋੜ ਕੇ ਉੱਚੀ ਉੱਚੀ :

'ਜੇਲ੍ਹ ਅੰਦਰ ਮਨੁੱਖੀ ਹੱਕਾਂ ਉਪਰ ਡਾਕੇ ਪੈ ਰਹੇ ਨੇ। ਆਉ ਇਨ੍ਹਾਂ ਅਧਿਕਾਰੀਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰੀਏ।'

ਗੱਲ 'ਚੱਕਰ ਹਵਾਲਦਾਰ' ਤੋਂ ਡਿਪਟੀ ਸੁਪਰਡੈਂਟ ਤੱਕ ਪਹੁੰਚ ਜਾਣੀ ਲਾਜ਼ਮੀ ਸੀ।

'ਉਏ ਘੈਂਟ ਕਦੇ ਤਾਂ ਸਾਡਾ ਖਹਿੜਾ ਛੱਡ ਦਿਆ ਕਰ। ਰੱਬ ਦਾ ਵਾਸਤਾ ਐਂਤਕੀ ਜਦੋਂ ਜੇਲ੍ਹ ਤੋਂ ਬਾਹਰ ਗਿਆ ਦੁਬਾਰਾ ਨਾ ਆਵੀਂ।'

ਜੇਲ੍ਹ ਆਉਣਾ-ਜਾਣਾ ਆਮ ਹੀ ਬਣਿਆ ਰਹਿੰਦਾ ਸੀ। ਲੜਾਈ-ਝਗੜੇ ਆਮ ਤੇ ਮਾਰ-ਖੌਰਾ ਸੀ। ਆਪਣੀਆਂ ਮੰਗਾਂ ਮੰਨਵਾ ਵੀ ਲੈਂਦਾ ਸੀ।

ਜੈਲੇ ਹੁਰੀਂ ਕਾਫ਼ੀ ਮਸ਼ਹੂਰ ਹੋ ਚੁੱਕੇ ਸਨ। ਇਹ ਕਦੇ ਸਤਿਨਾਮ ਸਿੰਘ ਬਾਜਵਾ ਦੀਆਂ ਸੱਜੀਆਂ-ਖੱਬੀਆਂ ਬਾਹਵਾਂ ਹੁੰਦੇ ਸਨ। ਜੇਲ੍ਹ ਅੰਦਰ ਜੈਲਾ ਮੁਲਾਕਾਤਾਂ ਕਰਵਾਉਣ ਦਾ ਇਨਚਾਰਜ ਬਣਾਇਆ ਹੋਇਆ ਸੀ। ਬਾਹਰੋਂ ਆਏ ਕਿਸੇ ਦੀ ਨਿਰਮਲ ਸਿੰਘ ਕਾਹਲੋਂ ਨਾਲ ਮੁਲਾਕਾਤ ਹੋਣੀ ਸੀ। ਕਾਹਲੋਂ ਚਾਹੁੰਦਾ ਸੀ

ਮੁਲਾਕਾਤ ਡਿਉੜੀ ਦੀ ਬਜਾਇ ਪਿਛਲੇ ਪਾਸੇ ਖੁਲ੍ਹੇ ਥਾਂ ਹੋਵੇ। ਜੈਲਾ ਡਿਉੜੀ ਲਈ ਬਜਿਦ ਸੀ ਤੇ ਕਾਹਲੋਂ ਆਪਣੀ ਜ਼ਿੱਦ ਪੁਗਾ ਰਿਹਾ ਸੀ। ਗੱਲ ਤੂੰ-ਤੂੰ, ਮੈਂ-ਮੈਂ 'ਤੇ ਆ ਗਈ ਅਤੇ ਏਸੇ ਦੁਰਾਨ ਜੈਲੇ ਨੇ ਨਿਰਮਲ ਸਿੰਘ ਕਾਹਲੋਂ ਦੀ ਪਿੱਠ 'ਤੇ ਧੱਫਾ ਮਾਰ ਦਿੱਤਾ। ਬਸ ਫਿਰ ਕੀ ਸੀ ਜੇਲ੍ਹ ਅੰਦਰ ਹਾਲ-ਪਾਹਰਿਆ ਮੱਚ ਗਈ।

'ਓਏ ਜੈਲੇ ਹੁਰਾਂ ਅਕਾਲੀ ਲੀਡਰ ਨੂੰ ਕੁੱਟ ਕੱਢਿਆ।'

ਸਾਰੀ ਜੇਲ੍ਹ ਅੰਦਰ ਅਕਾਲੀਆਂ ਵੱਲੋਂ ਹੜਤਾਲ ਸ਼ੁਰੂ ਹੋ ਗਈ। ਜੇਲ੍ਹ ਪ੍ਰਸ਼ਾਸਨ ਲਈ ਬਿਪਤਾ ਆ ਪਈ। ਕਈਆਂ ਦਿਨਾਂ ਮਗਰੋਂ ਹੜਤਾਲ ਏਸ ਸ਼ਰਤ 'ਤੇ ਮੁੱਕੀ ਕਿ ਜੈਲੇ ਹੁਰਾਂ ਤਿੰਨਾਂ ਭਰਾਵਾਂ ਨੂੰ ਕਿਸੇ ਹੋਰ ਜੇਲ੍ਹ ਵਿਚ ਭੇਜਿਆ ਜਾਵੇਗਾ। ਏਸ ਗੱਲ ਦੀ ਭਿਣਕ ਜੈਲੇ ਹੁਰਾਂ ਤੱਕ ਪਹੁੰਚ ਗਈ। ਬਹੁਤ ਗੁੱਸੇ ਵਿਚ ਤਿੰਨਾਂ ਭਰਾਵਾਂ ਨੇ ਕਾਹਲੋਂ, ਬੂਟਾ ਸਿੰਘ ਅਤੇ ਨਿੰਮੇ ਨਾਈ ਦੀਆਂ ਬਾਹਰ ਟੂਟੀਆਂ 'ਤੇ ਨਹਾਉਂਦੇ ਸਮੇਂ ਲੱਤਾਂ-ਬਾਹਾਂ ਤੋੜਨ ਦੀ ਸਕੀਮ ਘੜੀ। ਪਰ ਇਸ ਦੀ ਸੂਹ ਛਿੱਬੇ ਤੱਕ ਪਹੁੰਚ ਗਈ। ਜੈਲੇ ਹੁਰਾਂ ਇਹ ਕੰਮ ਅਲਾਰਮ ਵਜਾ ਕੇ ਕਰਨਾ ਸੀ ਤਾਂ ਕਿ ਹਫ਼ੜਾ-ਦਫ਼ੜੀ ਵਿਚ ਉਹ ਆਪਣਾ ਕੰਮ ਆਰਾਮ ਨਾਲ ਕਰ ਸਕਣ।

ਛਿੱਬਾ, ਕੰਤਾ ਅਤੇ ਇਨ੍ਹਾਂ ਦੇ ਹੋਰ ਸਾਥੀ ਇਹ ਨਹੀਂ ਸਨ ਚਾਹੁੰਦੇ, ਜੇਲ੍ਹ ਅੰਦਰ ਕੁਝ ਐਸਾ ਵਾਪਰੇ। ਬਹੁਤ ਵਿਚਾਰ ਤੋਂ ਬਾਅਦ ਸਾਰਿਆਂ ਨੇ ਕੰਤੇ ਨੂੰ ਚੁਣਿਆ ਕਿ ਉਹ ਕਾਹਲੋਂ ਨੂੰ ਇਸ ਸਕੀਮ ਬਾਰੇ ਚੁਕੰਨਾ ਕਰੇ ਕਿਉਂਕਿ ਕਾਹਲੋਂ ਕੰਤੇ ਨਾਲ ਚੰਗੀ ਸਾਂਝ ਰੱਖਦਾ ਸੀ। ਜੈਲੇ ਹੁਰਾਂ ਦੀ ਸਾਰੀ ਸਕੀਮ ਕੰਤੇ ਨੇ ਕਾਹਲੋਂ ਨਾਲ ਸਾਂਝੀ ਕੀਤੀ ਅਤੇ ਕਾਹਲੋਂ ਨੇ ਤੁਰੰਤ ਜੇਲ੍ਹ ਸੁਪਰਡੈਂਟ ਕੇ.ਕੇ. ਸ਼ਰਮਾ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਨਹਾਉਣ ਵਾਸਤੇ ਬੈਰਕਾਂ ਲਾਗੇ ਨੱਲਕਾ ਲਗਵਾਇਆ ਜਾਵੇ। ਇਸ 'ਤੇ ਅਮਲ ਕਰਦਿਆਂ ਇਕ ਦਿਨ ਵਿੱਚ ਨੱਲਕਾ ਲੱਗ ਗਿਆ ਸੀ। ਇਹ ਅੰਦਰਲੀ ਜੇਲ੍ਹ ਦਾ ਹਿੱਸਾ ਸੀ।

ਸਮਝੌਤੇ ਦੀ ਸ਼ਰਤ ਮੁਤਾਬਕ ਤਿੰਨਾਂ ਭਰਾਵਾਂ ਦੇ ਸਮਾਨ ਨੂੰ ਤਿੰਨਾਂ ਪੀਪਿਆਂ ਵਿੱਚ ਭਰ ਕੇ ਬਾਹਰ ਰੱਖਿਆ ਹੋਇਆ ਸੀ ਪਰ ਅਚਾਨਕ ਸੰਤੋਖ ਸਿੰਘ ਰੰਧਾਵਾ (ਡੀਵੈਲਪਮੈਂਟ ਮੰਤਰੀ) ਜੇਲ੍ਹ ਅੰਦਰ ਆਇਆ। ਜਦ ਉਸ ਤੱਕ ਜੈਲੇ ਹੁਰਾਂ ਦੀ ਜੇਲ੍ਹ ਬਦਲੀ ਦੀ ਗੱਲ ਪਹੁੰਚੀ ਤਾਂ ਉਸ ਨੇ ਕੇ.ਕੇ. ਸ਼ਰਮਾ ਨੂੰ ਕਹਿ ਕੇ ਇਸ ਨੂੰ ਰੁਕਵਾ ਦਿੱਤਾ ਸੀ। ਜੈਲੇ ਹੁਰੀਂ ਵੀ ਪੱਕੇ ਕਾਂਗਰਸੀ ਸਨ।

ਹੌਲੀ ਹੌਲੀ ਉਧਰੋ-ਉਧਰੀ ਬੋਲ-ਚਾਲ ਵੀ ਸ਼ੁਰੂ ਹੋ ਚੁੱਕਾ ਸੀ ਪਰ ਇਕ ਦਿਨ ਜੈਲੇ ਨੇ ਕੰਤਾ ਨੂੰ:

'ਭਾਊ ਕਰ ਗਿਆ ਦੋ ਨੰਬਰ ਦਾ ਕੰਮ !'

ਉਹ ਜਾਣ ਚੁੱਕੇ ਸਨ ਕਿ ਉਨ੍ਹਾਂ ਦੀ ਬਣੀ-ਬਣਾਈ ਸਕੀਮ ਕੰਤੇ ਕਰਕੇ ਸਿਰੇ ਨਹੀਂ ਸੀ ਚੜ੍ਹੀ।

ਜੈਲਾ ਥੋੜਾ-ਬਹੁਤ ਕੰਤੇ ਨੂੰ ਜਾਣਦਾ ਸੀ ਕਿ ਇਹ ਖ਼ਾਨ ਦੇ ਚਾਚੇ ਦਾ ਪੁੱਤਰ ਹੈ। ਖ਼ਾਨ ਵੀ ਗੁਰਦਾਸਪੁਰ ਜੇਲ੍ਹ ਅੰਦਰ ਡੀ.ਆਈ. ਆਰ ਤਹਿਤ ਕੁਝ ਸਮਾਂ ਰਹਿ ਚੁੱਕਾ ਸੀ ਉਦੋਂ ਜੈਲੇ ਹੁਰਾਂ ਨਾਲ ਕਾਫੀ ਨੇੜਤਾ ਬਣ ਗਈ ਸੀ।

'ਭਾਊ ਜੀ ਆਪੇ ਤਾਂ ਤੁਸੀਂ ਕਿਹਾ ਕਰਦੇ ਸੀ ਲੜਾਈ-ਝੱਗੜਿਆਂ ਵਿਚ ਕੁਝ ਨਹੀਂ ਰੱਖਿਆ। ਤੁਹਾਨੂੰ ਯਾਦ ਹੋਊ ਜਦੋਂ ਪਿੰਡ ਰਸੀਂਕੇ ਸਾਡੀ 1978 ਵਿਚ ਲੜਾਈ ਹੋਈ ਸੀ ਤੇ ਤੁਸਾਂ ਹੀ ਏਸੇ ਜੇਲ੍ਹ ਵਿਚ ਸਾਨੂੰ ਕਿਹਾ ਸੀ ਜਿਵੇਂ ਵੀ ਹੋਵੇ ਸੁਲ੍ਹਾ ਕਰ ਲਉ ਵਰਨਾ ਦਫ਼ਾ 307 ਉਪਰ ਚੰਗੀਆਂ ਗਵਾਹੀਆਂ ਨਾਲ ਘੱਟੋ-ਘੱਟ ਸੱਤ ਸਾਲ ਸਜ਼ਾ ਪੱਕੀ ਹੋ ਜਾਂਦੀ ਏ। ਅਸਾਂ ਤੁਹਾਡੀ ਗੱਲ ਮੰਨ ਕੇ ਸੁਲ੍ਹਾ ਕਰ ਲਈ ਸੀ।'

ਗੱਲ ਹਾਸੇ ਵਿੱਚ ਮੁੱਕ ਗਈ ਸੀ।

24 ਅਗਸਤ, 1982 ਨੂੰ ਕੰਤੇ ਹੁਰੀਂ ਕਤਲ ਕੇਸ 'ਚ ਬਰੀ ਹੋਏ ਤਾਂ ਉਨ੍ਹਾਂ ਨੇ ਬਾਜ਼ਾਰੋਂ ਫ਼ਲ਼-ਫਰੂਟ, ਘਿਉ ਦੇਸੀ ਦੇ ਡੱਬੇ, ਮਠਿਆਈ, ਵਧੀਆ ਚਾਹ-ਪੱਤੀ, ਸਾਬਣ-ਤੇਲ ਅਤੇ ਹੋਰ ਬਹੁਤ ਜ਼ਿਆਦਾ ਸਮਾਨ ਰਿਕਸ਼ੇ ’ਤੇ ਲੱਦ ਕੇ ਜੇਲ੍ਹ ਅੰਦਰ ਲਿਆ ਕੇ ਤਿੰਨਾਂ ਧੜਿਆਂ ਵਿਚ ਤਕਸੀਮ ਕਰਿਆ ਸੀ।

ਪੰਜ ਜਣਿਆਂ ਦੇ ਬਰੀ ਹੋਣ ਦੀ ਖੁਸ਼ੀ ਵਿਚ ਜੈਲੇ, ਛਿੱਬੇ ਅਤੇ ਅਕਾਲੀਆਂ ਨੇ ਇਨ੍ਹਾਂ ਨੂੰ ਚਾਹ-ਮਠਿਆਈ ਨਾਲ ਵਿਦਾਇਗੀ ਦਿੱਤੀ ਸੀ।

ਹੁਣ ਤੱਕ ਕੰਤੇ, ਖ਼ਾਨ, ਕਰਮੇ ਉਪਰ ਪ੍ਰੋਫ਼ੈਸਰ ਨਿੰਮੇ ਦੀ ਸ਼ਖ਼ਸੀਅਤ ਦਾ ਬਹੁਤ ਪ੍ਰਭਾਵ ਪੈ ਚੁੱਕਾ ਸੀ। ਬਾਰਡਰ ਲਾਗਲੇ ਕਰੀਬ ਇਕ ਦਰਜਨ ਪਿੰਡਾਂ ਅੰਦਰ ਨੌਜਵਾਨ ਹਮੇਸ਼ਾ ਪ੍ਰੋਫ਼ੈਸਰ ਨਿੰਮੇ ਨੂੰ ਮਿਲਣ ਅਤੇ ਸੁਣਨ ਲਈ ਲੋਚਦੇ ਰਹਿੰਦੇ ਸਨ।

ਹਵੇਲੀ ਵਾਲਿਆਂ ਉਪਰ ਪਏ ਕਤਲ ਕੇਸ ਦੌਰਾਨ ਪਰਵਾਰ ਤੋਂ ਬਾਹਰ ਵੀ ਬਹੁਤ ਲੋਕਾਂ ਨੇ ਸਹਿਯੋਗ ਦਿੱਤਾ ਜਿਨ੍ਹਾਂ ਵਿਚੋਂ ਡਾ. ਸੁਰਜੀਤ ਸਿੰਘ ਭੱਟੀ Dept. of Punjabi Language Development., Punjabi University Patiala ਅਤੇ ਸਾਬਕਾ Vice Chancellor (Punjabi University Patiala) ਡਾ. ਜੋਗਿੰਦਰ ਸਿੰਘ ਪੁਆਰ ਹੁਰਾਂ ਦੇ ਨਾਮ ਖਾਸ ਵਰਨਣ ਯੋਗ ਸਨ।

ਕਰਮਾ ਬਹੁਤ ਛੋਟਾ ਸੀ। ਕਈ ਵੇਰ ਉਸ ਨੇ ਆਪਣੇ ਬਾਪੂ ਨੂੰ ਗੁਰੂਆਂ ਦੀਆਂ ਫ਼ੋਟੋਆਂ ਸਾਹਮਣੇ ਹੱਥ ਜੋੜ ਕੇ ‘ਬਾਬਾ ਮੇਹਰਾਂ ਕਰੀਂ, ਮੇਹਰਾਂ ਕਰੀਂ’ ਬੋਲਦਿਆਂ ਸੁਣਿਆ। ਉਸ ਨੂੰ ਕੋਈ ਸਮਝ ਨਹੀਂ ਸੀ, ਇਹ ਕੀ ਹੋ ਰਿਹਾ ?

ਇਹ ਵਰਤਾਰਾ ਕਈ ਸਾਲ ਚੱਲਦਾ ਰਿਹਾ। ਇਕ ਦਿਨ ਬੀਬੀ ਨੂੰ ਪੁੱਛਦਾ, 'ਬਾਪੂ ਇੰਞ ਕਿਉਂ ਕਰਦਾ ਏ' ਤਾਂ ਬੀਬੀ ਨੇ ਦੱਸਿਆ 'ਜਦੋਂ ਕੋਈ ਮੁਸ਼ਕਲ ਬਣਦੀ ਏ ਉਦੋਂ ਹੀ ਬੰਦਾ ਰੱਬ ਨੂੰ ਯਾਦ ਕਰਦਾ ਏ। ਮੇਰਾ ਤਾਂ ਅਜੇ ਵਿਆਹ ਵੀ ਨਹੀਂ ਸੀ ਹੋਇਆ ਜਦੋਂ ਦਾ ਪਿੰਡੋਂ ਬਟਾਲੇ ਤੋਂ ਉਥੋਂ ਪਿੰਡ-ਵਾਪਸੀ ਦਾ ਕਿੱਸਾ ਤੁਰਿਆ ਆਉਂਦਾ ਏ। ਤੂੰ ਆਪਣੇ ਪਿੰਡ ਵਾਲਿਆਂ ਤੋਂ ਹੀ ਪੁੱਛ ਲਵੀਂ।'

'ਮੇਰਾ ਪੂਰਾ ਨਾਂ ਭਾਵੇਂ ਰਣਸੀਹਕੇ-ਮੀਰਾ ਹੋਵੇ ਮੈਨੂੰ ਆਪਣੇ ਆਪ ਨੂੰ ਹਵੇਲੀ ਜਿਵੇਂ ਛੋਟੇ ਬੱਚਿਆਂ ਦਾ ਵਿਗੜਿਆ ਨਾਂ ਹੋਵੇ, ਅਖਵਾਉਣਾ ਚੰਗਾ ਲੱਗਦਾ। ਜੇ ਪੁੱਛਣਾ ਹੀ ਹੈ ਤਾਂ ਲਉ ਸੁਣੋ।' ਆਖਰ ਪਿੰਡ ਨੂੰ ਹੀ ਦੱਸਣਾ ਪਿਆ।

'ਪੰਜਾਬ ਦੇ ਸੈਂਕੜੇ ਪਿੰਡਾਂ ਦੀਆਂ ਹਵੇਲੀਆਂ ਹੋਣਗੀਆਂ ਪਰ ਮੈਂ ਏਸ ਦਾਹਵੇ ਨਾਲ ਮਾਣ ਮਹਿਸੂਸ ਕਰਦੀ ਹਾਂ ਕਿ ਜੋ ਦਾਸਤਾਨ ਮੈਂ ਤੁਹਾਨੂੰ ਸੁਣਾਉਣ ਜਾ ਰਹੀ ਹਾਂ, ਉਹ ਆਪਣੇ ਆਪ ਵਿਚ ਸ਼ਾਇਦ ਆਪ ਹੀ ਹੋਵੇਗੀ!

ਸੰਨ 1947 ਵਿਚ ਪਾਕਿਸਤਾਨ ਬਣ ਗਿਆ। ਉਦੋਂ ਮੇਰੇ ਲਾਗੇ ਤੇਲੀ, ਸਈਅਦ, ਭਰਾਈ, ਜੱਟ, ਜੁਲਾਹੇ, ਮਜ਼੍ਹਬੀ ਆਦਿ ਸਾਰੇ ਹੀ ਬੜੇ ਪਿਆਰ ਨਾਲ ਰਹਿੰਦੇ ਸਨ। ਦੁਖ-ਸੁਖ ਵੇਲੇ ਇਕ-ਦੂਜੇ ਦੀ ਸਾਰ ਲੈਂਦੇ। ਪੰਜਾਬ ਦੀ ਵੰਡ ਨੇ ਜਿਵੇਂ ਮੇਰਾ ਇਕ ਪਾਸਾ ਹੀ ਵੱਢ ਸੁੱਟਿਆ ਹੋਵੇ ! ਵੰਡ ਦੀ ਲਕੀਰ ਬਿਲਕੁਲ ਮੇਰੇ ਲਾਗੇ ਖਿੱਚ ਦਿੱਤੀ ਗਈ ਸੀ। ਪਿੰਡ ਦੇ ਚੜ੍ਹਦੇ ਪਾਸੇ ਜਿਸ ਨੂੰ ਸਾਰੇ ਹਵੇਲੀ ਕਹਿੰਦੇ ਉਥੋਂ ਇਸ ਕਹਾਣੀ ਦਾ ਮੁੱਢ ਬੱਝਾ ਏ। ਪਿੰਡ ਦੇ ਸਭ ਤੋਂ ਉੱਚੇ ਥਾਂ 'ਤੇ ਹਾਂ। ਬੜੇ-ਬੜੇ ਹੜ੍ਹ ਵੇਖੇ। ਬਚਦੀ ਰਹੀ ਪਰ 1955 ਦੇ ਹੜ੍ਹ ਨੇ ਮੈਨੂੰ ਛੂਹ ਹੀ ਲਿਆ ਤੇ ਇਹ ਦਾਸਤਾਨ ਵੀ ਕਰੀਬ ਉਦੋਂ ਹੀ ਸ਼ੁਰੂ ਹੋਈ ਜਦ ਦੋ ਮੱਧ-ਸ਼੍ਰੇਣੀ ਦੇ ਜੱਟ ਪਰਿਵਾਰਾਂ ਦੇ ਆਪਸੀ ਸਿੰਗ ਫਸੇ। ਪਿਛਲਾ ਪਿੰਡ ਏਸੇ ਹੀ ਪਿੰਡ ਦਾ ਇਕ ਹਿੱਸਾ ਉਥੋਂ ਦਾ ਜੱਟ ਮੇਜਾ ਸਿੰਘ, ਕੱਦ ਕਰੀਬ ਸਾਢੇ ਛੇ ਫੁੱਟ, ਦਿਓ-ਸ਼ਕਲ ਅਤੇ ਮੇਰੀ ਹੀ ਗੋਦ ਵਿਚ ਪਲ਼ਿਆ ਤੇ ਜਵਾਨ ਹੋਇਆ ਇਕ ਪਤਲਾ, ਫੁਰਤੀਲਾ ਕਰੀਬ ਛੇ ਫੁੱਟ ਲੰਬਾ ਪਰਤਾਪ ਸਿੰਘ ਜਿਸ ਨੂੰ ਸਭ ਆਲੇ-ਦੁਆਲੇ ਦੇ ਲੋਕ ਨੰਬਰਦਾਰ ਕਰਕੇ ਜਾਣਦੇ ਸਨ। ਨੰਬਰਦਾਰੀ ਪੁਸ਼ਤ-ਦਰ-ਪੁਸ਼ਤ ਚਲੀ ਆਉਂਦੀ ਸੀ। ਗੋਰਿਆਂ ਦੀ ਨਵੀਂ ਚਲਾਈ ਖੇਡ ਤਾਂ ਕਿ ਆਮ ਕਿਸਾਨਾਂ ਤੋਂ ਜ਼ਮੀਨ ਦਾ ਲਗਾਨ ਇਕੱਠਾ ਕਰਕੇ ਉਨ੍ਹਾਂ ਦੀ ਝੋਲੀ ਪਾਇਆ ਜਾ ਸਕੇ। ਚਾਰ ਭਰਾਵਾਂ ਵਿੱਚੋਂ ਪਰਤਾਪ ਸਿੰਘ ਨੇ ਹੀ ਆਲੇ-ਦੁਆਲੇ ਦੀ ਜ਼ਮੀਨ ਨੂੰ ਆਪਣੀਆਂ ਪੈੜਾਂ ਨਾਲ ਪਤਾ ਨਹੀਂ ਕਿੰਨੀ ਵੇਰ ਗਾਹਿਆ ਹੋਊ, ਜਿਵੇਂ ਜ਼ਮੀਨ ਨਾਲ ਇਸ ਦਾ ਨਹੁੰ-ਮਾਸ ਦਾ ਰਿਸ਼ਤਾ ਸੀ!

ਜ਼ਮੀਨ ਦੀ ਗੱਲ ਤੁਰਦੀ ਤਾਂ ਮੈਨੂੰ ਉਹ ਸਮਾਂ ਯਾਦ ਆ ਜਾਂਦਾ ਜਦੋਂ

ਪਿਛਲੇ ਪਿੰਡ ਵਾਲਾ ਮੇਜਾ ਸਿੰਘ ਪਰਤਾਪ ਸਿੰਘ ਦੇ ਘਰ ਮੂਹਰੇ ਵਾਜ ਮਾਰ ਕੇ ਕਹਿੰਦਾ :

'ਪਰਤਾਪ ਸਿੰਆਂ, ਤਿਆਰ ਆਂ? ਆ ਚੱਲੀਏ!'

ਅੱਗੋਂ ਜੁਆਬ ਆਉਣਾ :

'ਚਾਚਾ ਆ, ਚਾਹ ਦਾ ਘੁੱਟ ਪੀ ਲੈ, ਫਿਰ ਚੱਲਦੇ ਆਂ, ਅਜੇ ਲਾਰੀ ਆਉਣ ਵਿਚ ਵੀ ਵਕਤ ਹੈਗਾ ਏ।'

ਫਿਰ ਦੋਹਾਂ ਨੇ ਚਾਹ ਪੀਣੀ ਤੇ ਆਪਣੇ ਰਾਹੇ ਪੈ ਜਾਣਾ। ਮੈਂ ਬੜਾ ਹੈਰਾਨ ਹੋਣਾ ਕਿਉਂ ਨਹੀਂ ਇਹ ਨਿੱਤ ਦਾ ਆਉਣਾ-ਜਾਣਾ ਘਰੇ ਬੈਠ ਕੇ ਨਿਬੇੜ ਲੈਂਦੇ। ਪਰ ਨਹੀਂ। ਜਿਵੇਂ ਕਹਿੰਦੇ ਨੇ ਜੱਟ ਦੀ ਅੜੀ ਗਧੇ ਦੀ ਅੜੀ ਵਰਗੀ ਹੁੰਦੀ ਏ। ਇਹ ਸਿਲਸਿਲਾ ਕਰੀਬ ਤੀਹ ਸਾਲ ਚੱਲਦਾ ਰਿਹਾ। ਦੋਹਾਂ ਨੇ ਆਪੋ-ਆਪਣੀ ਰੋਟੀ ਘਰੋਂ ਬੰਨ੍ਹ ਲੈਣੀ ਤੇ ਕੱਠਿਆਂ ਨੇ ਬੱਸੇ ਬੈਠ ਬਟਾਲੇ ਚਲੇ ਜਾਣਾ ਤੇ ਉਥੇ ਸਾਰਾ ਦਿਨ ਲੰਘ ਜਾਣਾ। ਸ਼ਾਮ ਪਈ ਤੋਂ ਵਾਪਿਸ ਪਿੰਡ ਮੁੜਨਾ ਕਿਉਂਕਿ ਪਰਤਾਪ ਸਿੰਘ ਦਾ ਘਰ ਪਹਿਲਾਂ ਆਉਂਦਾ ਸੀ। ਹਵੇਲੀ ਵਿੱਚ ਮੈਂ ਕਈ ਵਾਰ ਵੇਖਣਾ ਦੋਵੇਂ ਜਣੇ ਇੱਕੋ ਮੰਜੀ 'ਤੇ ਬੈਠੇ ਦਾਰੂ ਪੀ ਰਹੇ ਹੁੰਦੇ ਤੇ ਕਦੇ-ਕਦੇ ਰੋਟੀ ਵੀ ਖਾਂਦੇ ਵੇਖੇ। ਇੰਝ ਲੱਗਣਾ ਜਿਵੇਂ ਕਿਸੇ ਵੱਡੀ ਮੁਹਿੰਮ ਨੂੰ ਫਤਿਹ ਕਰਕੇ ਆਏ ਹੋਵਣ। ਘਰੇਲੂ ਤੇ ਦੁਨਿਆਵੀ ਗੱਲਾਂ ਤੋਂ ਇਲਾਵਾ ਸਲਾਹਾਂ ਕਰਦੇ ਰਹਿਣਾ ਫ਼ਲਾਣੀ ਪੈਲੀ ਤੇਰੇ ਨਾਲ ਲੱਗਦੀ ਏ ਲੈ ਕਿਉਂ ਨਹੀਂ ਲੈਂਦਾ, ਤੇ ਫਲਾਣੀ ਖੂਹੀ ਲਾਗੇ ਤੇਰੇ ਨਾਲ ਲੱਗਦੀ ਏ। ਸੌਦਾ ਮਾਰ, ਮੈਂ ਮਦਦ ਕਰ ਦਿਆਂਗਾ! ਮੈਂ ਕੰਨ ਲਾ ਕੇ ਇਨ੍ਹਾਂ ਨੂੰ ਸੁਣਦੇ ਰਹਿਣਾ ਤੇ ਸੋਚਣਾ ਕਦੇ ਸਮਾਂ ਆਉਣ 'ਤੇ ਸਭ ਕੁਝ ਜੱਗ ਜ਼ਾਹਿਰ ਜ਼ਰੂਰ ਕਰੂੰ!

ਪੰਜਾਬ ਦੇ ਲੋਕਾਂ ਦਾ ਆਪਸੀ ਵਰਤਾਰਾ, ਇਨ੍ਹਾਂ ਦੀਆਂ ਦੋਸਤੀਆਂ ਤੇ ਦੁਸ਼ਮਣੀਆਂ ਆਮ ਨਾਲੋਂ ਅੱਡਰੀਆਂ ਵੇਖੀਆਂ ਗਈਆਂ ਨੇ। ਇਹ ਮਸਤੀ ਵਿਚ ਆਏ ਭਾਵੇਂ ਦਿੱਲੀ ਜਿੱਤ ਕੇ ਫਿਰ ਅਗਲੇ ਦੀ ਝੋਲੀ ਪਾ ਆਉਣ ਤੇ ਆਪਣੀ ਅੜੀ 'ਤੇ ਆਏ ਹੱਥੋਂ ਖਾਲੀ ਖ਼ੂੰ-ਖ਼ਾਰ ਦੁਸ਼ਮਣ ਨਾਲ ਜਾ ਮੱਥਾ ਲਾਵਣ। ਇਨ੍ਹਾਂ ਨੇ ਜ਼ਿੰਦਗੀ ਨੂੰ ਐਵੇਂ ਖੇਡ ਹੀ ਸਮਝ ਰੱਖਿਆ। ਹੱਥ-ਪੱਲਿਓਂ ਖਾਲੀ, ਫਿਰ ਵੀ ਕਦੇ ਪਰਵਾਹ ਨਾ ਕੀਤੀ। ਬਸ ਹਾਥੀ ਦੀ ਮਸਤ ਚਾਲ। ਇਨ੍ਹਾਂ ਨੇ ਆਪਣੇ ਵੱਲ ਤਵੱਜੋਂ ਨਾ ਦਿੱਤੀ ਹੱਦੋਂ ਵੱਧ ਬੇਪਰਵਾਹੀ ਨੇ ਇਨ੍ਹਾਂ ਦੇ ਸਿਰਾਂ 'ਤੇ ਮੁਗ਼ਲ-ਪਠਾਣ ਤੇ ਗੋਰੇ ਆਣ ਬਿਠਾਏ। ਲੰਮੀਆਂ ਤਾਣ ਕੇ ਸੌਣ ਵਾਲੇ ਨੇ ਪਰ ਜਦ ਕਦੇ ਕੱਠੇ ਜਾਗ ਉੱਠਦੇ ਨੇ ਉਦੋਂ ਇਨ੍ਹਾਂ ਲਾਗੇ ਮੌਤ ਵੀ ਨਹੀਂ ਢੁੱਕਦੀ। ਰੱਜ ਕੇ ਦੁਸ਼ਮਣੀਆਂ ਪਾਲਦੇ ਰਹੇ ਤੇ ਵਕਤ ਆਉਣ 'ਤੇ ਪਿਆਰ ਦੀ ਖ਼ਾਤਿਰ

ਕੁਰਬਾਨ ਵੀ ਹੁੰਦੇ ਰਹੇ।

ਮੇਜਾ ਸਿੰਘ ਦੀ ਪਰਤਾਪ ਸਿੰਘ ਨਾਲੋਂ ਜ਼ਮੀਨ ਥੋੜ੍ਹੀ ਜ਼ਿਆਦਾ ਸੀ। ਦੋਵੇਂ ਹੀ ਬਹੁਤ ਸਿਰੜੀ ਤੇ ਮਿਹਨਤੀ। ਪਰ ਵਾਹੀ-ਜੋਤੀ ਵਿਚ ਪਰਤਾਪ ਸਿੰਘ ਮੇਜਾ ਸਿੰਘ ਨਾਲੋਂ ਅੱਗੇ ਸੀ। ਪਰਤਾਪ ਸਿੰਘ ਘਰੇ ਪੰਜ ਪੁੱਤ, ਤਿੰਨ ਧੀਆਂ। ਮੇਜਾ ਸਿੰਘ ਘਰੇ ਤਿੰਨ ਧੀਆਂ। ਪਰਤਾਪ ਸਿੰਘ ਨੇ ਕਈ ਵਾਰ ਮੇਜਾ ਸਿੰਘ ਨੂੰ ਕਹਿਣਾ, 'ਚਾਚਾ ਤੇਰੇ ਘਰੇ ਪੁੱਤ ਜੰਮੇ, ਮੈਂ ਇਕ ਕੁੱਕੜ, ਇਕ ਬੋਤਲ ਤੇ ਨਾਲ ਸ਼ਗਨ ਲੈ ਕੇ ਆਊਂ। ਇਹ ਨਾ ਸਮਝੀਂ, ਤੈਨੂੰ ਔਂਤ ਵੇਖਣਾ ਚਾਹੁੰਦਾਂ!

ਮੇਜਾ ਸਿੰਘ ਦੀ ਪਹਿਲੀ ਘਰਵਾਲੀ ਬਾਂਝ ਹੀ ਰਹੀ। ਅਖ਼ੀਰ ਉਸ ਨੇ ਆਪਣੀ ਸਕੀ ਭਤੀਜੀ ਆਪਣੀ ਸੌਂਕਣ ਬਣਾ ਲਈ ਜਿਸ ਦੀ ਕੁੱਖੋਂ ਤਿੰਨ ਧੀਆਂ ਤੋਂ ਬਾਅਦ ਪੁੱਤਰ ਦਾ ਜਨਮ ਹੋਇਆ। ਨੰਬਰਦਾਰ ਨੇ ਕੀਤੇ ਵਾਇਦੇ ਮੁਤਾਬਕ ਆਪਣੇ ਸ਼ੀਰੀ ਬੰਨਸ ਨਾਲ ਜਾ ਕੇ ਮੇਜਾ ਸਿੰਘ ਘਰੇ ਇਕ ਚਿੱਟੀ ਪੱਗ, ਇਕ ਲਾਲ ਕਲਗੀ ਵਾਲਾ ਕੁੱਕੜ, ਘਰ ਦੀ ਬਣਾਈ ਦਾਰੂ ਦੀ ਬੋਤਲ ਅਤੇ ਗਿਆਰਾਂ ਰੁਪਏ ਪੇਸ਼ ਕੀਤੇ। ਮੇਜਾ ਸਿੰਘ ਨੇ ਅੱਗੋਂ ਸਭ ਕੁਝ ਮਨਜ਼ੂਰ ਕਰਦੇ ਹੋਏ ਇਕ ਦਸਾਂ ਦਾ ਨੋਟ ਵਾਪਿਸ ਕਰ ਦਿੱਤਾ ਤੇ ਨਾਲ ਹੀ ਦਾਰੂ ਦੀ ਬੋਤਲ ਤੋਂ ਮੱਕੀ ਦੇ ਤੁੱਕੇ ਦਾ ਡਾਟ ਖੋਲ੍ਹ ਕੇ ਇਕ-ਇਕ ਹਾੜ੍ਹਾ ਸਾਰਿਆਂ ਲਾਇਆ ਤੇ ਘਰੇ ਪਰਤ ਆਏ। ਮੇਜਾ ਸਿੰਘ ਨੇ ਛੇਤੀ ਹੀ ਬਨੇਰੇ ’ਤੇ ਵੱਡਾ ਵਾਜਾ ਤੇ ਸਾਰੀ ਬਰਾਦਰੀ ਦੀ ਰੋਟੀ ਕਰਨ ਦੀ ਗੱਲ ਕੀਤੀ। ਨੰਬਰਦਾਰ ਨੇ ਇਸ ਨੂੰ ਕਹਿ ਦਿੱਤਾ 'ਕੱਲੀ ਆਪਣੀ ਬਰਾਦਰੀ ਨਹੀਂ ਹਰ ਘਰ ਦੇ ਜੀਅ ਨੂੰ ਬੁਲਾਈਂ, ਤੇਰੇ ਘਰੇ ਤੇਰੇ ਪੈਲੀ ਬੰਨ੍ਹੇ ਦਾ ਵਾਰਿਸ ਜੰਮਿਆ !’ ਮੇਜਾ ਸਿੰਘ ਨੇ ਮਨਜ਼ੂਰ ਕੀਤਾ ਤੇ ਕਿਹਾ “ਠੀਕ ਏ। ”

ਲੋਕਾਂ ਵਿਚ ਜ਼ਿੱਦਾਂ ਵੀ ਹੁੰਦੀਆਂ। ਮੁਕਾਬਲੇ ਹੁੰਦੇ। ਲੜਾਈ-ਝਗੜੇ ਤੇ ਵੱਢ-ਟੁੱਕ ਵੀ ਹੁੰਦੀ। ਆ-ਜਾ ਕੇ ਦੁੱਖਾਂ-ਮੁਸੀਬਤਾਂ ਵਿਚ ਫਿਰ ਸਾਰੇ ਸਿਰ ਜੋੜ ਕੇ ਬੈਠ ਵੀ ਜਾਂਦੇ। ਹਾਂ, ਖੁਸ਼ੀ ਦੇ ਮੌਕਿਆਂ ’ਤੇ ਆਪਣੀ ਅੜੀ ’ਤੇ ਅੜੇ ਵੀ ਰਹਿੰਦੇ। ਪਰ ਉਹ ਵਕਤ ਫਿਰ ਵੀ ਚੰਗੇ ਸਨ। ਲੋਕ ਅੰਦਰੋਂ-ਬਾਹਰੋਂ ਅੱਜ ਵਾਂਗ ਬਹੁਤੇ ਦੋਗਲੇ ਨਹੀਂ ਸਨ। ਵਿਹਾਰ ਵਿਚ ਚੰਗੇ ਸਨ। ਬੰਦੇ ਕਹੇ ਬੋਲਾਂ ਨੂੰ ਪੁਗਾ ਦੇਂਦੇ ਚਾਹੇ ਔਖ ਸਹਾਰ ਲੈਂਦੇ। ਧੀਆਂ-ਧਿਆਣੀਆਂ ਨੂੰ ਸ਼ਰਮ-ਹਯਾ ਤੇ ਲੋਕਾਚਾਰੀ ਦਾ ਪਤਾ ਹੁੰਦਾ। ਧੀ ਚਾਹੇ ਦੁਸ਼ਮਣ ਦੀ ਹੁੰਦੀ ਉਸ ਦੀ ਵੀ ਰੱਖਿਆ ਤੇ ਇੱਜ਼ਤ-ਮਾਣ ਲਈ ਲੋਕ ਪਿੱਛੇ ਨਹੀਂ ਸਨ ਹਟਦੇ।

ਮੈਂ ਉਹ ਵਕਤ ਵੀ ਵੇਖਿਆ ਜਦ ਨੰਬਰਦਾਰਾਂ ਦੇ ਖ਼ਾਨਦਾਨ ਵਿਚ, ਇਨ੍ਹਾਂ ਦੀ ਹਵੇਲੀ ਅੰਦਰ ਕੋਈ ਰੋਟੀ ਪਕਾਉਣ ਵਾਲੀ ਵੀ ਨਹੀਂ ਸੀ। ਇੱਕੋ-ਇੱਕ ਸਭ ਤੋਂ ਵੱਡੀ ਭੈਣ ਪਿੰਡ ਮੁੰਹਦਲ ਵਿਆਹੀ ਗਈ ਸੀ। ਆਪ ਸਾਰੇ ਭਰਾ

ਅਜੇ ਕੁਆਰੇ ਸਨ। ਉਸ ਵਿਚਾਰੀ ਨੇ ਤੜਕੇ ਦੀ ਗੱਡੀ ਆ ਕੇ ਰੋਟੀਆਂ ਦੀ ਪੰਡ ਤੇ ਦਾਲ-ਭਾਜੀ ਬਣਾ ਕੇ ਸ਼ਾਮ ਦੀ ਗੱਡੀ ਵਾਪਿਸ ਚਲੇ ਜਾਣਾ ਪਰ ਬਹੁਤੀ ਵੇਰ ਆਂਢਣਾਂ-ਗੁਆਂਢਣਾਂ ਨੇ ਤੰਦੂਰ ’ਤੇ ਇਨ੍ਹਾਂ ਲਈ ਦੁੱਪੜਾਂ ਲਾਹ ਦੇਣੀਆਂ। ਚਾਰੇ ਪਾਸੇ ਪੇਸ਼ ਨਾ ਜਾਂਦੀ ਵੇਖ ਇਨ੍ਹਾਂ ਨੇ ਵੱਡੇ ਸਾਰੇ ਪਤੀਲੇ ਵਿਚ ਬਾਸਮਤੀ ਦੇ ਚੌਲ ਤੇ ਦੁੱਧ ਪਾ ਕੇ ਖੀਰ ਬਣਾ ਲੈਣੀ। ਮੱਝਾਂ ਦਾ ਲਵੇਰਾ ਹਮੇਸ਼ਾਂ ਵਾਧੂ ਰਹਿੰਦਾ ਸੀ।

ਪਰਤਾਪ ਸਿਹੁੰ ਨੂੰ ਮੈਂ ਕਦੇ ਮਾਯੂਸੀ ਜਾਂ ਬੇਬਸੀ ਦੇ ਆਲਮ ਵਿਚ ਨਹੀਂ ਸੀ ਵੇਖਿਆ। ਉਹ ਹਰ ਸਮੇਂ ਚੜ੍ਹਦੀ ਕਲਾ ’ਚ ਰਹਿਣ ਵਾਲਾ ਤੇ ਕਦੇ ਨਾ ਥੱਕਣ ਵਾਲਾ ਮਰਦ ਸੀ। ਡਰ ਨਾਂ ਦੀ ਚੀਜ਼ ਕਦੇ ਉਸ ਦੇ ਲਾਗੇ ਨਹੀਂ ਸੀ ਢੁੱਕਦੀ। ਹਮੇਸ਼ਾਂ ਸਖ਼ਤ ਮਿਹਨਤ, ਸੱਚੀ ਲਗਨ ਤੇ ਵਾਹਿਗੁਰੂ ’ਤੇ ਭਰੋਸਾ ਰਹਿੰਦਾ ਸੀ।

ਬੜੀ ਵੇਰ ਮੈਂ ਵੇਖਦਾ ਰਿਹਾ ਉਸ ਦੇ ਸਿਰਹਾਣੇ ਪੁਰਾਣੀ ‘ਹੀਰ ਵਾਰਸ ਸ਼ਾਹ’ ਤੇ ਭਾਈ ਦਯਾ ਸਿੰਘ ਆਰਿਫ਼ ਦਾ ‘ਜ਼ਿੰਦਗੀ ਬਿਲਾਸ’ ਪਿਆ ਹੁੰਦਾ। ਉਸ ਨੂੰ ਹੇਕ ਲਾ ਕੇ ਗਾਉਂਦੇ ਸੁਣਿਆ। ਅਜੀਬ ਨਜ਼ਾਰਾ ਹੁੰਦਾ ਸੀ। ਅੰਦਾਜ਼ਾ ਲਾ ਲੈਣਾ ਕਿ ਅੱਜ ਜ਼ਰੂਰ ਘਰ ਦੀ ਦਾਰੂ ਕੱਢੀ ਹੋਵੇਗੀ :

‘ਰੱਬ ਜੇਡ ਨਾ ਕੋਈ ਹੈ ਜੱਗ ਦਾਤਾ, ਜਿਮੀਂ ਜੇਡ ਨਾ ਕਿਸੇ ਦੀ ਸਾਬਰੀ ਵੇ!
ਮੱਝੀਂ ਜੇਡ ਨਾ ਕਿਸੇ ਦੇ ਹੋਣ ਜੇਰੇ, ਰਾਜ ਹਿੰਦ ਪੰਜਾਬ ਨਾ ਬਾਬਰੀ ਵੇ!
ਮੌਤ ਜੇਡ ਨਾ ਸਖ਼ਤ ਹੈ ਕੋਈ ਚਿੱਠੀ, ਉਥੇ ਕਿਸੇ ਨੂੰ ਵੀ ਨਹੀਉਂ ਨਾਬਰੀ ਵੇ!
ਵਾਰਿਸ ਸ਼ਾਹ ਸ਼ੈਤਾਨ ਦੇ ਅਮਲ ਤੇਰੇ, ਦਾੜ੍ਹੀ ਸ਼ੇਖ ਦੀ ਹੋ ਗਈ ਝਾਬਰੀ ਵੇ!’

ਜਦੋਂ ਕਦੇ ਵੀ ਕਿਸੇ ਨੂੰ ਖੇਤਾਂ ਵਿੱਚੋਂ ਸਬਜ਼ੀ-ਭਾਜੀ, ਸਾਗ, ਹਰਾ ਚਾਰਾ, ਤੂੜੀ, ਬਰਸੀਮ, ਗੰਨਿਆਂ ਦੇ ਆਗਾਂ ਦੀ ਲੋੜ ਪੈਣੀ ਤਾਂ ਪਰਤਾਪ ਸਿੰਘ ਨੇ ਕਦੇ ਨਾਂਹ ਨਾ ਕਰਨੀ ਤੇ ਅਗਲੇ ਦੀ ਲੋੜ ਪੂਰੀ ਕਰ ਦੇਣੀ। ਇਸ ਦੇ ਉਲਟ ਮੇਜਾ ਸਿੰਘ ਦਾ ਸੁਭਾਅ ਰੁੱਖਾ ਹੁੰਦਾ। ਲੋੜ ਪੂਰੀ ਕਰਨ ਦੀ ਗੱਲ ਤਾਂ ਦੂਰ, ਉਸ ਦੀ ਪੈਲੀ-ਬੰਨੇ ਕੋਲੋਂ ਦੀ ਲੰਘਣਾ ਵੀ ਲੋਕਾਂ ਲਈ ਡਰ ਦਾ, ਖੌਫ ਹੀ ਬਣਿਆ ਰਹਿਣਾ। ਇਥੋਂ ਤਕ ਕਿ ਜੰਗਲ-ਪਾਣੀ ਕਰਦਿਆਂ ਲੋਕਾਂ ਨੂੰ ਦੂਰੋਂ ਵਾਜਾਂ ਮਾਰ ਕੇ ਉਠਾ ਦੇਣਾ। ਪਰਤਾਪ ਸਿੰਘ ਨੇ ਮੇਜਾ ਸਿੰਘ ਨੂੰ ਕਈ ਵੇਰ ਖਾਂਦਿਆਂ-ਪੀਂਦਿਆਂ ਕਹਿ ਦੇਣਾ ਕਦੇ ਦਾਨ-ਪੁੰਨ ਵੀ ਕਰ ਲਿਆ ਕਰ, ਕੁਝ ਨਾਲ ਨਹੀਓਂ ਜਾਣਾ ਪਰ ਉਹ ਆਪਣੀ ਮਰਜ਼ੀ ਦਾ ਮਾਲਕ ਸੀ।

ਬਟਾਲੇ ਤਰੀਕੋਂ ਆਉਂਦਿਆਂ ਤੇ ਦਾਰੂ ਦੀ ਘੁੱਟ ਲਾਉਂਦਿਆਂ ਸਲਾਹਾਂ ਹੋਣੀਆਂ ਤੇ ਪਰਤਾਪ ਸਿੰਘ ਨੇ ਕਈ ਵੇਰ ਮੇਜਾ ਸਿੰਘ ਨੂੰ ਕਹਿਣਾ : 'ਨਹਿਰ ਨੇੜੇ

ਲੱਗਦਾ ਤੇਰੀ ਜ਼ਮੀਨ ਨਾਲ ਸਾਰਾ ਕੱਲਰ ਮੁੱਲ ਲੈ ਲੈ, ਜ਼ਮੀਨ ਕਦੇ ਪੈਸਿਆਂ ਤੋਂ ਮਹਿੰਗੀ ਨਹੀਂ ਹੁੰਦੀ। ਦੁੱਧ, ਪੁੱਤ ਤੇ ਜ਼ਮੀਨ ਨਾਲੋਂ ਬਾਕੀ ਸਭ ਕੁਝ ਪਿੱਛੇ ਈ !'

ਪਰਤਾਪ ਸਿਹੁੰ ਦੀ ਕਬੀਲਦਾਰੀ ਵੱਡੀ ਸੀ। ਪਰ ਮੇਜਾ ਸਿੰਘ ਕੋਲ ਜ਼ਰੂਰ ਗੁੰਜਾਇਸ਼ ਹੁੰਦੀ। ਅਖੀਰ ਮਿੱਟੀ ਦੇ ਮੋਹ ਨੇ ਪਰਤਾਪ ਸਿੰਘ ਨੂੰ ਡੇਰਾ ਬਾਬਾ ਨਾਨਕ ਦੇ ਤਰਲੋਕ ਸ਼ਾਹ ਖੱਤਰੀ ਦੇ ਵਿਹੜੇ ਲੈ ਆਂਦਾ। ਰਕਮ ਕੋਈ ਬਹੁਤੀ ਵੱਡੀ ਨਹੀਂ ਸੀ ਪਰ ਦੋ ਕਿੱਲਿਆਂ ਦੀ ਹਾੜੀ-ਸਾਉਣੀ ਦਾ ਅੱਧੋ-ਅੱਧ ਔੜੇ ਤੇ ਬੀਜ ਤੇ ਖਾਦ ਦਾ ਵੀ ਅੱਧੋ-ਅੱਧ। ਫ਼ਸਲਾਂ ਦਾ ਮੁੱਲ ਬਹੁਤ ਥੋੜ੍ਹਾ ਹੁੰਦਾ ਸੀ। ਪਰਤਾਪ ਸਿੰਘ ਨੂੰ ਇਹ ਰਕਮ ਕੋਆਪਰੇਟਿਵ ਸੋਸਾਇਟੀ ਦੀਆਂ ਕਿਸ਼ਤਾਂ ਦੇ ਭੁਗਤਾਨ ਅਤੇ ਮੇਤਲੇ ਲਈ 10 ਕਿਲੇ ਜ਼ਮੀਨ ਲਈ ਸ਼ਾਹ ਤੋਂ ਚੁੱਕਣੀ ਪਈ ਸੀ। ਇਹ ਉਹ ਦਿਨ ਸਨ ਜਦ ਬਹੁਤੇ ਛੋਟੇ ਜ਼ਿਮੀਂਦਾਰ ਡੀਫਾਲਟਰ ਹੀ ਰਹਿੰਦੇ ਸਨ।

'ਔਹ ਆਉਂਦਾ ਈ ਕੰਜਰ ਨੱਤੀਆਂ ਵਾਲਾ, ਕੁੜੀ ..........'

ਕੁੰਨਣ ਨੇ ਸਾਈਕਲ ’ਤੇ ਚੜ੍ਹੇ ਆਉਂਦੇ ਤਰਲੋਕ ਸ਼ਾਹ ਨੂੰ ਨਿਸ਼ਾਨਾ ਬਣਾਉਂਦੇ ਹੋਏ ਗੁੱਸੇ ਵਿਚ ਕਿਹਾ। ਤਰਲੋਕ ਸ਼ਾਹ ਦੇ ਦੋਨਾਂ ਕੰਨਾਂ ਵਿਚ ਸੋਨੇ ਦੀਆਂ ਨੱਤੀਆਂ ਹੁੰਦੀਆਂ ਸਨ ਤੇ ਉਹ ਪੈਲੀ ਵੱਲ ਉਦੋਂ ਹੀ ਫੇਰਾ ਪਾਉਂਦਾ ਜਦੋਂ ਖਾਦ ਪਾਉਣੀ ਹੁੰਦੀ ਜਾਂ ਫਸਲ ਤੋਲਣੀ ਹੁੰਦੀ।

ਕੁੰਨਣ ਨੰਬਰਦਾਰਾਂ ਦੇ ਸੀਰੀ ਤੇ ਕਰਮੇ ਨੇ ਜਦ ਖਾਦ ਖਿਲਾਰਨੀ ਸ਼ਾਹ ਪੈਲੀ ਦੇ ਬੰਨੇ ਖਲੋਤਾ ਰਹਿੰਦਾ। ਖਾਦ ਖਿਲਾਰਦੇ ਇਨ੍ਹਾਂ ਕਈ ਵੇਰ ਪੈਲੀ ਵਿਚ ਹੀ ਵੱਡੀਆਂ ਢੇਰੀਆਂ ਲਾ ਦੇਣੀਆਂ ਤੇ ਬਾਅਦ ਵਿਚ ਸ਼ਾਹ ਦੇ ਤੁਰ ਜਾਣ ’ਤੇ ਚੁੱਕ ਕੇ ਆਪਣੀ ਦੂਸਰੀ ਪੈਲੀ ਵਿਚ ਖਿਲਾਰ ਦੇਣੀਆਂ। ਜੱਟ ਜੁਗਾੜ ਕਰ ਲੈਣਾ। ਕਈ ਵਾਰੀ ਇਨ੍ਹਾਂ ਭਰੀਆਂ ਵੀ ਅੱਗੇ-ਪਿੱਛੇ ਕਰ ਲੈਣੀਆਂ। ਤਰਲੋਕ ਸ਼ਾਹ ਕਦੇ ਕਿਸੇ ਆਪਣੇ ਗਾਹਕਾਂ ਕੋਲ ਗਿਆ ਚਾਹ ਤਾਂ ਕੀ ਪਾਣੀ ਦਾ ਘੁੱਟ ਵੀ ਨਹੀਂ ਸੀ ਪੀਂਦਾ ਪਰ ਨੰਬਰਦਾਰਾਂ ਘਰੋਂ ਪਾਣੀ ਤੇ ਕਦੇ-ਕਦੇ ਚਾਹ ਵੀ ਪੀ ਲੈਂਦਾ। ਇਕ ਵੇਰ ਕੁੰਨਣ ਨੇ ਕਿਹਾ, “ਕਿਉਂ ਨਾ ਚਾਹ ਵਿਚ ਮਹੁਰਾ ਪਾ ਕੇ ਇਹਦਾ ਕੰਮ ਹੀ ਫਤਿਹ ਕਰੀਏ ?” ਪਰ ਪਰਤਾਪ ਸਿੰਘ ਨੇ ਕੁੰਨਣ ਦੀ ਬੜੀ ਖੁੰਬ ਠੱਪੀ ਸੀ। ਉਹ ਰੱਬ ਦੇ ਡਰੋਂ ਹਮੇਸ਼ਾ ਜਾਗਦਾ ਰਹਿੰਦਾ।

ਮੈਂ ਕਈ ਵਾਰ ਹੈਰਾਨ ਹੁੰਦੀ ਕਿ, “ਹੈਂ ਕੋਈ ਐਸੀ ਹੋਰ ਦਾਸਤਾਨ ਸਾਰੇ ਪੰਜਾਬ ਅੰਦਰ ਜੋ ਮੇਰੀ ਏਸ ਪਿੰਡ ਦੀ ਦਾਸਤਾਨ ਨਾਲ ਬਰਾਬਰੀ ਕਰਦੀ ਹੋਵੇ ਤੇ ਹੋਵੇ ਵੀ ਪੂਰੇ ਦਾ ਪੂਰਾ ਸੱਚ ਤੇ ਲੱਗੇ ਵੀ ਪੂਰੇ ਦਾ ਪੂਰਾ ਝੂਠ ?” ਮੈਂ ਨਹੀਂ ਕਹਿੰਦੀ ਨਹੀਂ ਹੋਣੀਆਂ। ਲਿਖਣ ਵਾਲੀਆਂ ਕਲਮਾਂ ਵੀ ਤਾਂ ਝੂਠ-ਮੂਠ ਲਿਖ

ਸਕਦੀਆਂ ਹਨ। ਲਿਖ ਸਕਦੀਆਂ ਕਿਉਂ, ਬਹੁਤ ਕੁਝ ਲਿਖ ਵੀ ਚੁੱਕੀਆਂ ਨੇ। ਚੰਗੇ-ਭਲੇ ਦੇਵਤੇ ਪੁਰਖਾਂ ਨੂੰ 'ਕੁਰਾਹੇ ਪਿਆ' ਲਿਖ ਮਾਰਿਆ। ਸੂਰਬੀਰਾਂ ਤੇ ਦਲੇਰ ਮਰਦਾਂ ਨੂੰ 'ਚੋਰ-ਉਚੱਕੇ' ਤੇ 'ਖ਼ੂੰ-ਖ਼ਾਰ ਡਾਕੂ'। ਬੜੇ ਬੜੇ ਮੁਲਖ ਖਾਤਰ ਮਰਨ ਵਾਲਿਆਂ ਨੂੰ ਅੱਤਵਾਦੀ ਤੇ ਸਿਰਫਿਰੇ ਤੇ ਹੋਰ ਪਤਾ ਨਹੀਂ ਕੀ ਕੁਝ। ਕਲਮ ਤਾਂ ਕਲਮ ਹੀ ਹੁੰਦੀ ਏ ਤੇ ਤਲਵਾਰ ਤਲਵਾਰ। ਸੋਚ ਤਾਂ ਬੰਦੇ ਦੀ ਆਪਣੀ ਏ ਕਿ ਕਿਥੇ ਚਲਾਉਣੀ ਤੇ ਕਿਥੇ ਵਾਹੁਣੀ ਏ। ਹਾਂ, ਜੇ ਵਿਕਾਊ ਹੋ ਜਾਵੇ, ਮੰਡੀ ਵਿਚ ਤੁਲ ਜਾਵੇ ਫਿਰ ਰੱਬ ਹੀ ਰਾਖਾ ਹੁੰਦਾ।

ਬਾਬੇ ਸੁਰੈਣੂ ਨੇ ਕਈ ਵਾਰੀ ਇਨ੍ਹਾਂ ਦੋਹਾਂ ਨੂੰ ਗੱਲਾਂ ਗੱਲਾਂ ਵਿਚ ਕਹਿਣਾ ਕਿਉਂ ਨਹੀਂ ਵਾਧੂ ਪਿਆ ਫੇਰਾ -ਤੋਰਾ ਘਰੇ ਬਹਿ ਕੇ ਨਜਿੱਠ ਲੈਂਦੇ। ਪਰ ਜੱਟਾਂ ਦੀ ਅੜੀ ਬਸ ਅੜੀ ਹੁੰਦੀ ਏ।

ਹਾਂ ਕੀ ਗੱਲ ਕਰ ਰਹੀ ਸਾਂ। ਪਿੰਡ ਦੇ ਨਾਲ ਹੀ ਦੱਖਣੀ ਬਾਹੀ 'ਤੇ ਦੋ ਕਿੱਲੇ ਮੇਰੇ ਨਾਲ ਹੀ ਲੱਗਦੇ ਸਨ। ਇਹ ਦੋ ਕਿੱਲੇ ਪਰਤਾਪ ਸਿੰਘ ਕੋਲ ਪੰਦਰਾਂ ਸੌ ਰੁਪਏ ਵਿਚ ਗਹਿਣੇ ਪਏ ਹੋਏ ਸਨ। ਕਰੀਬ 15-16 ਸਾਲ ਪਹਿਲਾਂ ਜ਼ਮੀਨ ਐਨ ਥਾਲੀ ਵਰਗੀ ਪੱਧਰੀ ਤੇ ਖੂਹ ਨਹਿਰ ਦਾ ਪਾਣੀ ਜਿਵੇਂ ਮਿੱਟੀ ਨਾਲ ਕਲੋਲਾਂ ਕਰਦਾ ਹੋਵੇ। ਕਣਕ, ਚਰੀਂ ਕਮਾਦ, ਬਾਜਰਾ ਵਾਧੂ ਤੇ ਸੋਨੇ 'ਤੇ ਸੁਹਾਗਾ ਜਦੋਂ ਹਵੇਲੀ ਵਿੱਚੋਂ ਡੰਗਰ ਖੋਲ੍ਹੇ ਸਿੱਧੇ ਪੈਲੀਆਂ ਅੰਦਰ। ਬਹੁਤੀ ਵੇਰ ਨੰਬਰਦਾਰਾਂ ਗਰਮੀਆਂ ਦੇ ਵਿਹਲੇ ਦਿਨਾਂ ਵਿਚ ਲੱਕੜ ਦੀਆਂ ਪਹੀਆਂ ਵਾਲੀਆਂ ਖੁਰਲੀਆਂ ਵੀ ਸਿੱਧੀਆਂ ਰੇੜ੍ਹ ਕੇ ਉਥੇ ਲੈ ਜਾਣੀਆਂ। ਪਸ਼ੂਆਂ ਦਾ ਗੋਹਾ-ਮੂਤਰ ਮਿੱਟੀ ਨਾਲ ਇੱਕ-ਮਿੱਕ ਹੋ ਜਾਣਾ।

ਮੇਜਾ ਸਿੰਘ ਨੇ ਜਦ ਵੀ ਆਪਣੇ ਪਿਛਲੇ ਪਿੰਡ ਤੋਂ ਹਵੇਲੀਆਂ ਦੀ ਏਸ ਫਿਰਨੀ ਤੋਂ ਅਗਾਂਹ ਆਪਣੀ ਨਹਿਰ ਵਾਲੀ ਪੈਲੀ ਨੂੰ ਜਾਣਾ ਉਸ ਅੰਦਰ ਇਕ ਚੀਸ ਉੱਠ ਪੈਣੀ, ਉਸ ਅੰਦਰ ਉਬਾਲ ਆ ਜਾਂਦਾ, ਕਿਉਂ ਨਾ ਕਦੇ ਇਨ੍ਹਾਂ ਪੈਲੀਆਂ ਵਿਚ ਮੇਰੇ ਬਲਦ, ਮੱਝਾਂ, ਝੋਟੇ ਖ਼ਰਮਸਤੀਆਂ ਕਰਦੇ ਹੋਵਣ। ਜਿਵੇਂ ਜੱਟ ਆਪਣੀ ਹਿੰਡ ਪੁਗਾਉਣ ਲਈ ਭਾਵੇਂ ਬਹੁਤਾ ਗਵਾ ਲੈਣ ਪਰ ਆਪਣੀ ਪਸੰਦ ਨਹੀਂ ਛੱਡਦੇ। ਮੇਜਾ ਸਿੰਘ ਨੇ ਵੀ ਉਹੀ ਕੀਤਾ, ਜਿਹੜੇ ਆਮ ਪੰਜਾਬੀ ਜੱਟ ਕਰਦੇ ਰਹੇ ਤੇ ਅੰਤ ਨੂੰ ਅਦਾਲਤਾਂ-ਕਚਹਿਰੀਆਂ, ਜੇਲ੍ਹਾਂ, ਕਤਲ ਤੇ ਪੀੜ੍ਹੀ-ਦਰ-ਪੀੜ੍ਹੀ ਦੀਆਂ ਦੁਸ਼ਮਣੀਆਂ, ਵੈਰ-ਵਿਰੋਧ, ਨਾਜਾਇਜ਼ ਕਬਜ਼ੇ। ਪਰ ਇਥੇ ਇਕ ਬਚਾਅ ਰਿਹਾ। ਇਥੇ ਟਕੂਏ-ਗੰਡਾਸੇ ਤੇ ਤਲਵਾਰਾਂ ਦਾ ਖੜਕਾਅ ਨਾ ਹੋਇਆ। ਮੇਜਾ ਸਿੰਘ ਬੰਦਿਆਂ ਖੁਣੋਂ ਊਣਾ ਸੀ, ਨਹੀਂ ਤਾਂ ਘੱਟ ਨਾ ਕਰਦਾ ! ਦੂਸਰੇ ਪਾਸੇ ਪਰਤਾਪ ਸਿੰਘ ਹੁਰਾਂ ਕੋਲ ਬੰਦਿਆਂ ਦੀ ਵਾਹਰ ਸੀ ਪਰ ਉਹ ਰੱਬ ਦੀ ਜਾਤ ਵਿਚ ਵਿਸ਼ਵਾਸ ਰੱਖਦਾ ਸੀ।

ਇਨ੍ਹਾਂ ਦੋ ਕਿੱਲਿਆਂ ਦਾ ਮਾਲਕ ਫਤਿਹਗੜ੍ਹ ਚੂੜੀਆਂ ਲਾਗੇ ਪਿੰਡ ਮੰਦੋਗੋਲ ਦਾ ਰਹਿਣ ਵਾਲਾ ਸੀ। ਮੇਜਾ ਸਿੰਘ ਨੇ ਚੁੱਪ-ਚਾਪ ਉਸ ਨਾਲ ਜ਼ਮੀਨ ਦਾ ਸੌਦਾ ਕਰ ਲਿਆ ਤੇ ਪਰਤਾਪ ਸਿੰਘ ਹੁਰਾਂ ਵਾਲੇ ਪੰਦਰਾਂ ਸੌ ਰੁਪਏ ਅਦਾਲਤੀ ਹੁਕਮਾਂ ਨਾਲ ਸਟੇਟ ਬੈਂਕ ਵਿਚ ਜਮ੍ਹਾਂ ਕਰਵਾ ਦਿੱਤੇ। ਮੇਜਾ ਸਿੰਘ ਰਜਿਸਟਰੀ ਕਰਵਾ ਕੇ ਮਾਲਕ ਬਣ ਚੁੱਕਾ ਸੀ। ਜ਼ਮੀਨ ਉਸ ਦੀ ਹੋ ਚੁੱਕੀ ਸੀ। ਹੁਣ ਸੁਆਲ ਇਹ ਸੀ ਕਿ ਕੀ ਪਰਤਾਪ ਸਿੰਘ ਹੁਣ ਮੇਜਾ ਸਿੰਘ ਨੂੰ 'ਵਾਜ ਮਾਰ ਕੇ ਕਹੇਗਾ ਕਿ ਚਾਚਾ ਆ, ਆ ਕੇ ਆਪਣੀ ਜ਼ਮੀਨ ਸਾਂਭ ਲੈ !' ਸਗੋਂ ਹੋਇਆ ਇੰਝ ਕਿ ਮੇਜਾ ਸਿੰਘ ਪਰਤਾਪ ਸਿਹੁੰ ਨੂੰ ਵਾਜਾਂ ਮਾਰ ਕੇ ਬੁਲਾ ਰਿਹਾ ਹੁੰਦਾ ਕਿ 'ਪਰਤਾਪ ਸਿਆਂ, ਤਿਆਰ ਆਂ, ਆ ਚੱਲੀਏ।' ਕਿੱਥੇ? ਬਟਾਲੇ ਕਚਹਿਰੀ।

ਕਈ ਵੇਰ ਤਰੀਕੇ ਜਾਣ ਵੇਲੇ ਇਕ ਨੇ ਜਾਣ ਦੀਆਂ ਤੇ ਦੂਸਰੇ ਨੇ ਆਉਣ ਦੀਆਂ ਟਿਕਟਾਂ ਲੈ ਲੈਣੀਆਂ। ਦੁਪਹਿਰਾਂ ਦੀ ਰੋਟੀ ਇਕੱਠਿਆਂ ਨੇ ਅੰਬਾਂ ਦੇ ਦਰੱਖ਼ਤਾਂ ਹੇਠ ਬਹਿ ਕੇ ਖਾਣੀ ਤੇ ਇਕ-ਦੂਸਰੇ ਲਈ ਨਲਕਾ ਗੇੜ੍ਹ ਕੇ ਪਾਣੀ ਪੀਣਾ। ਆਉਣ-ਜਾਣ, ਖਾਣ-ਪੀਣ, ਖ਼ੁਸ਼ੀ-ਗਮੀ, ਸਮਾਜਿਕ-ਭਾਈਚਾਰਾ ਰਹੁ-ਰੀਤ ਸਭਨਾਂ ਵਿਚ ਭਾਈਵਾਲੀ ਪਰ ਬਟਾਲੇ ਦੀ ਕਚਹਿਰੀ ਵਿਚ ਵੱਖੋ-ਵੱਖ ਕਟਹਿਰਿਆਂ ਵਿਚ ਵੀ ਕੱਠੇ ਹਾਂ ਪਰ ਇਕ-ਦੂਸਰੇ ਦੇ ਉਲਟ।

ਮੈਂ ਨਿੱਕੇ-ਨਿੱਕੇ ਮੁੰਡਿਆਂ ਨੂੰ ਲੁਕਣਮੀਚੀ ਖੇਡਦਿਆਂ ਤੇ ਭਗਠਾਣੇ ਤੁਲੀਆਂ ਦੇ ਖੱਤਰੀਆਂ ਦੀਆਂ ਪੈਲੀਆਂ 'ਚ ਰਾਤ ਚੋਰੀ ਖਰਬੂਜ਼ੇ ਤੋੜਦਿਆਂ ਵੇਖਦੀ ਰਹਿੰਦੀ ਸਾਂ ਤੇ ਹੁਣ ਉਹ ਸਾਰੇ ਗੱਭਰੂ ਹੋ ਗਏ ਨੇ। ਇਨ੍ਹਾਂ ਦਾ ਬਟਾਲੇ ਆਉਣਾ-ਜਾਣਾ ਵੀ ਬਸ ਉਦੋਂ ਦਾ ਹੀ ਚੱਲਿਆ ਆਉਂਦਾ ਸੀ। ਅਦਾਲਤਾਂ ਦੇ ਫ਼ੈਸਲੇ ਉਦੋਂ ਵੀ ਸਹਿਜੇ ਹੀ ਹੁੰਦੇ ਸਨ ਤਾਂ ਹੀ ਤਾਂ ਪਰਤਾਪ ਸਿੰਘ ਹੁਣ ਤਕ ਅਠਾਈ-ਤੀਹ ਹਾੜੀਆਂ-ਸਾਉਣੀਆਂ ਲੈ ਚੁੱਕਾ ਸੀ।

ਸ਼ਾਹ ਹੁਸੈਨ ਦੇ ਬੋਲਾਂ ਨੇ ਸ਼ਾਇਦ ਪਰਤਾਪ ਸਿੰਘ ਦੇ ਮਨ ਅੰਦਰ ਕੋਈ ਹਲਚਲ ਲੈ ਆਂਦੀ ਸੀ ਜਦੋਂ ਲੱਭੂ ਸ਼ਾਹ ਖੱਤਰੀ ਦੇ ਪੁੱਤਰ ਰਾਮ ਦਾਸ ਨੇ ਸ਼ਾਮਾਂ ਨੂੰ ਕਦੇ-ਕਦੇ ਹਵੇਲੀ ਆ ਜਾਣਾ ਤੇ ਕੰਨ ਉੱਤੇ ਹੱਥ ਰੱਖ ਕੇ ਉੱਚੀ ਹੇਕ ਨਾਲ :

"ਚਾਰ ਦਿਹਾੜੇ ਗੌਇਲ ਵਾਸਾ, ਕਿਆ ਜਾਣਾ ਕਿਤ ਢਲਸੀ ਵੋ ਪਾਸਾ,
ਬਾਲਕ ਮਨ ਪਰਚਾਵਣਾ, ਚਹੁੰ ਜਣਿਆਂ ਮਿਲ ਝੋਲਸ ਝੋਲੀ,
ਕੰਧੇ ਉਠਾਇ ਲੀਤਾ ਡੰਡਾ ਡੋਲੀ, ਜੰਗਲ ਜਾਇ ਸਮਾਵਣਾ।"

ਅਤੇ ਨੰਬਰਦਾਰ ਪਰਤਾਪ ਸਿੰਘ ਮੇਜਾ ਸਿੰਘ ਦੇ ਘਰ ਮੂਹਰੇ : 'ਚਾਚਾ ਜਾਹ ਜਾ ਕੇ ਸਾਂਭ ਲੈ ਆਪਣੇ ਕਿੱਲੇ, ਇਹ ਤਾਂ ਬਸ ਤੇਰੇ ਤੋਂ ਬਦਲਾ ਲੈਣਾ ਸੀ!

ਅਗਰ ਤੂੰ ਸ਼ਰ੍ਹੇਆਮ ਮੰਦੋਗੋਲੀਆ ਨਾਲ ਸੌਦਾ ਕਰ ਲੈਂਦਾ ਮੈਂ ਕਿਹੜੀ ਭਾਨੀ ਮਾਰ ਦੇਣੀ ਸੀ? ਮੈਂ ਤੈਨੂੰ ਕਿੰਨੀ ਵੇਰ ਕਹਿੰਦਾ ਰਿਹਾ, ਓਏ ਫ਼ਲਾਣੀ ਜ਼ਮੀਨ ਦਾ ਮੱਕੜਾ ਮਾਰ ਲੈ ਪਰ ਤੂੰ ਤਾਂ ਐਵੇਂ ਬੁੱਕਲ 'ਚ ਹੀ ਕੱਢ ਮਾਰੀ, ਫਿਰ ਤਾਂ ਮੈਨੂੰ ਗੁੱਸਾ ਆਉਣਾ ਸੀ।' ਪਰਤਾਪ ਸਿੰਘ ਨੇ ਆਪਣੇ ਦਿਲ ਦੀ ਘੁੰਡੀ ਆਖਰ ਖੋਲ੍ਹ ਹੀ ਦਿੱਤੀ। ਜੱਟ ਕਦੇ ਸਿਰ ਭਾਜੀ ਨਹੀਂ ਰਹਿਣ ਦੇਂਦੇ।

ਇਨ੍ਹਾਂ ਪੈਲੀਆਂ 'ਚ ਆਖਰੀ ਕਣਕ ਦੀਆਂ ਭਰੀਆਂ ਚੁੱਕਦਿਆਂ ਫਿਰਨੀ ਲਾਗਲੇ ਕਿੱਲੇ ਵਿਚ ਪਰਤਾਪ ਸਿੰਘ ਇਕ ਬੰਨ੍ਹੀ-ਬਨਾਈ ਭਰੀ ਪੈਲੀ ਵਿੱਚ ਛੱਡ ਕੇ ਬਾਹਰ ਆਉਂਦਾ, ਆਪਣੇ ਪੈਰੀਂ ਪਾਈ ਚੰਮ ਦੀ ਜੁੱਤੀ ਲਾਹ ਕੇ ਖੇਤ ਦੇ ਬੰਨੇ ਚੰਗੀ ਤਰ੍ਹਾਂ ਪੁੱਠੀ ਕਰਕੇ ਝਾੜਦਾ ਤੇ ਪੈਰਾਂ ਨੂੰ ਘਾਹ ਉਤੇ ਘਸੀਟ ਕੇ ਸਾਫ਼ ਕਰਦਾ। ਪਸੀਨੇ ਨਾਲ ਭਿੱਜੇ ਚਿਹਰੇ ਨੂੰ ਉਤਾਂਹ ਅਕਾਸ਼ ਵੱਲ ਕਰਦਾ ਜਿਵੇਂ ਕੁਦਰਤ ਦੇ ਰੰਗਾਂ ਨਾਲ ਆਪਣੇ ਦਿਲ ਦੀਆਂ ਗੱਲਾਂ ਕਰ ਰਿਹਾ ਸੀ। ਮਿੱਟੀ ਨਾਲ ਜੱਟ ਦਾ ਮੋਹ ਕਿਸੇ ਵੀ ਹੋਰ ਖ਼ੂਬਸੂਰਤੀ ਨਾਲੋਂ ਘੱਟ ਨਹੀਂ ਹੁੰਦਾ।

ਕੜਕਦੀ ਧੁੱਪ ਵਿਚ ਪਰਤਾਪ ਸਿੰਘ ਮੇਰੀ ਬੁੱਕਲ ਵਿਚ ਆਇਆ ਤਾਂ ਅੱਗੋਂ ਪਤਨੀ ਪਾਸ਼ੋ ਸ਼ੱਕਰ ਵਾਲਾ ਮਿੱਠਾ ਪਾਣੀ ਬਣਾ ਰਹੀ ਸੀ।

'ਸਾਰੀਆਂ ਭਰੀਆਂ ਚੁੱਕੀਆਂ ਗਈਆਂ ਜੇ ?'

'ਹਾਂ ਭਲੀਏ ਲੋਕੇ, ਅੱਜ ਪਤਾ ਨਹੀਂ ਭਰੀਆਂ ਏਨੀਆਂ ਭਾਰੀਆਂ ਕਿਉਂ ਲੱਗ ਰਹੀਆਂ ਸਨ!'

'ਅੱਗੇ ਤਾਂ ਤੁਸੀਂ ਕਦੇ ਇੰਝ ਨਹੀਂ ਕਿਹਾ, ਅੱਜ ਕੀ ਹੋ ਗਿਆ?'

'ਮੈਨੂੰ ਆਪ ਨਹੀਂ ਪਤਾ।'

'ਅੱਜ ਤਾਂ ਤੁਹਾਨੂੰ ਹੌਲ਼ੇ ਫੁੱਲ ਹੋਣਾ ਚਾਹੀਦਾ, ਬਾਹਰ ਦਾ ਭਾਰ ਘੱਟ ਹੋ ਗਿਆ, ਸ਼ੁਕਰ ਕਰੋ, ਖਹਿੜਾ ਛੁੱਟਾ।'

'ਇਹ ਗੱਲ ਨਹੀਂ, ਲੱਗਦਾ ਕਿਧਰੇ ਪਰਾਇਆ ਹੱਕ ਤਾਂ ਨਹੀਂ ਖਾਂਦਾ ਰਿਹਾ ?'

'ਬਸ ਜੱਟਾਂ ਦੀ ਆਕੜ ਨੇ ਇਨ੍ਹਾਂ ਦੀ ਤਲ-ਬੇੜੀ ਨਹੀਂ ਲੱਗਣ ਦਿੱਤੀ।' ਜੇ ਇਨ੍ਹਾਂ ਵਿੱਚ ਲਾਲਿਆਂ ਵਰਗੀ ਬਰੀਕ ਸੋਝੀ ਆ ਜਾਵੇ, ਇਨ੍ਹਾਂ ਦੇ ਵਾਰੇ ਨਿਆਰੇ ਹੋ ਜਾਣ ?'

'ਓ ਜੇ ਅਸੀਂ ਉਨ੍ਹਾਂ ਵਰਗੇ ਹੋ ਜਾਂਦੇ ਫਿਰ ਜੋ ਅੱਜ ਏ ਇਹ ਵੀ ਨਾ ਹੁੰਦਾ! ਇਹ ਤਾਂ ਆਪੋ ਆਪਣੇ ਕਰਮਾਂ ਦੀ ਖੇਡ ਏ।'

ਪਰਤਾਪ ਸਿੰਘ ਵੱਡੇ ਕੜੇ ਵਾਲੇ ਦੋ ਗਲਾਸ ਮਿੱਠੇ ਪਾਣੀ ਦੇ ਪੀ ਕੇ ਬਾਹਰ ਨੂੰ ਹੋ ਤੁਰਿਆ ਤਾਂ ਪਾਸ਼ੋ ਨੇ ਮਗਰੋਂ ਆਵਾਜ਼ ਦੇ ਕੇ ਪੁੱਛਿਆ 'ਔਹ ਇਕ ਭਰੀ ਪੈਲੀ ਵਿਚ ਹੀ ਰਹਿਣ ਦਿੱਤੀ, ਕਾਹਦੇ ਲਈ?'

ਸੱਚ ਜਾਣੀ, ਪੈਲੀ ਨੂੰ ਲਾ-ਵਾਰਸ ਛੱਡਣਾ ਚੰਗਾ ਨਹੀਂ ਸੀ ਲੱਗਦਾ, ਤਾਹੀਓਂ ਇਕ ਭਰੀ ਉਥੇ ਛੱਡ ਆਇਆ। ਜਿਸ ਦੇ ਕਰਮਾ ਵਿੱਚ ਹੋਓ ਆਪੇ ਲੈ ਜਾਹੂ।'

ਉਹ ਭਰੀ ਕਿਸ ਨੇ ਉਥੋਂ ਚੁੱਕੀ ਮੈਨੂੰ ਅੱਜ ਤੱਕ ਵੀ ਉਸ ਦਾ ਪਤਾ ਨਹੀਂ ਲੱਗਿਆ।

ਹਵੇਲੀ ਇਹ ਪਹੇਲੀ ਦੱਸਦੀ-ਦੱਸਦੀ ਜਿਵੇਂ ਥੱਕ ਗਈ ਲੱਗਦੀ ਸੀ।

ਆਪਣੀ ਬੀਬੀ ਕੋਲੋਂ ਹਵੇਲੀ ਦੀ ਦਾਸਤਾਨ ਸੁਣਦਾ-ਸੁਣਦਾ ਕਰਮਾ ਸਾਹਮਣੇ ਕੰਧ ਉੱਤੇ ਲੱਗੀ ਗੁਰੂਆਂ ਦੀ ਫੋਟੋ ਬੜੀ ਨੀਝ ਨਾਲ ਵੇਖ ਰਿਹਾ ਸੀ ਜਿਸ ਮੂਹਰੇ ਪਤਾ ਨਹੀਂ ਪਰਤਾਪ ਸਿੰਘ ਕਿੰਨੀ ਵਾਰੀ ਹੱਥ ਜੋੜ ਕੇ ਅਰਦਾਸਾਂ ਕਰ ਚੁੱਕਾ ਸੀ। ਸਾਹਮਣੇ ਤੋਂ ਪੈਂਦੀ ਧੁੱਪ ਨੇ ਜਿਵੇਂ ਗੁਰੂਆਂ ਦੀਆਂ ਫ਼ੋਟੋਆਂ ਉਮਰ ਤੋਂ ਪਹਿਲਾਂ ਹੀ ਬੁੱਢੀਆਂ ਕਰ ਸੁੱਟੀਆਂ ਸਨ। ਮਿੱਟੀ ਨਾਲ ਘੁਲ਼ਦਿਆਂ ਪਰਤਾਪ ਸਿੰਘ ਵੀ ਹੌਲੀ-ਹੌਲੀ ਲਹਿੰਦੇ ਪਾਸੇ ਨੂੰ ਹੋਈ ਜਾ ਰਿਹਾ ਸੀ।

## ( 3 )

ਵਿਚ ਹਵੇਲੀ ਬੂਰੀਆਂ ਮੱਝਾਂ, ਵਾਹਣਾਂ ਵਿਚ ਕਬੱਡੀ।
ਹੱਥਾਂ ਨਾਲ ਕਰਾਰਿਆਂ, ਕਿੜ ਵੈਰੀ ਦੀ ਕੱਢੀ।

ਕੁਝ ਸਾਲ ਪਹਿਲਾਂ ਦੀ ਗੱਲ। ਹਵੇਲੀਆਂ ਦੇ ਉੱਤਰ-ਪੱਛਮ ਮੇਤਲਾ ਬੀ.ਐੱਸ. ਐੱਫ. ਚੌਕੀ ਇੰਚਾਰਜ ਇੰਸਪੈਕਟਰ ਰਣਜੀਤ ਸਿੰਘ ਜਿਸ ਦਾ ਪਿਛੋਕੜ ਪਿੱਛੋਂ ਮੋਗੇ ਦਾ ਸੀ, ਆਪਣੀ ਨੌਕਰੀ ਛੱਡ ਚੁੱਕਾ ਸੀ। ਸੰਨ 1965 ਦੀ ਜੰਗ ਵੇਲੇ ਜਦ ਉਸ ਨੇ ਮੇਤਲੇ 50 ਕਿੱਲੇ ਜ਼ਮੀਨ ਠੇਕੇ ’ਤੇ ਲੈ ਕੇ ਜੰਗਲ ਨੂੰ ਆਬਾਦ ਕਰਨਾ ਸ਼ੁਰੂ ਕੀਤਾ ਤਾਂ ਉਸ ਦੇ ਵਕਤੀ ਤੌਰ ’ਤੇ ਰੈਣ-ਬਸੇਰੇ ਲਈ ਨੰਬਰਦਾਰਾਂ ਨੇ ਹੀ ਆਪਣੀ ਖੁੱਲ੍ਹੀ-ਡੁੱਲ੍ਹੀ ਹਵੇਲੀ ਵਿਚ ਥਾਂ ਦਿੱਤੀ ਸੀ। ਕਿਸੇ ਨੂੰ ਪਤਾ ਨਹੀਂ ਸੀ ਕਿ ਇਕ ਦਿਨ ਇਹ ਬੁੱਕਲ ਦਾ ਸੱਪ ਬਣ ਕੇ ਪਿੰਡ ਦੀ ਹੀ ਤਿੱਖੇ ਨੈਣ-ਨਕਸ਼ਾਂ, ਪੱਕੇ ਰੰਗ ਦੀ ਹਰੀਜਨ ਕੁੜੀ ਨੂੰ ਡੰਗ ਮਾਰੇਗਾ। ਨੰਬਰਦਾਰਾਂ ਨੂੰ ਪਤਾ ਲੱਗਾ ਤਾਂ ਰਾਤੋ-ਰਾਤ ਹਵੇਲੀ ਵਿੱਚੋਂ ਇਸ ਦਾ ਬਿਸਤਰਾ ਚੱਲਦਾ ਕਰ ਦਿੱਤਾ ਤੇ ਬਾਅਦ ਵਿਚ ਸਵੇਰ ਹੁੰਦੇ ਹੀ ਕੱਖਾਂ-ਕਾਨਿਆਂ-ਸਰਕੜਿਆਂ ਦੀਆਂ ਬਣਾਈਆਂ ਸ਼ਾਨਦਾਰ ਫੌਜੀ ਸਟਾਈਲ ਦੀਆਂ ਕੁੱਲੀਆਂ ਸਾੜ ਕੇ ਸਵਾਹ ਕਰ ਦਿੱਤੀਆਂ ਸਨ।

ਇੰਸਪੈਕਟਰ ਅੰਦਰੋਂ ਰੜਕ ਰੱਖਣ ਲੱਗਾ। ਜ਼ਿਦ ਵਿਚ ਆ ਕੇ ਉਸ ਨੇ ਨੰਬਰਦਾਰਾਂ ਹੇਠ ਵਗਦੀ ਜ਼ਮੀਨ ਦਾ ਕੁਝ ਹਿੱਸਾ ਵੱਧ ਠੇਕਾ ਦੇ ਕੇ ਆਪਣੇ ਹੇਠ ਲੈ ਲਿਆ ਸੀ।

ਹਾੜ੍ਹੀ ਦੀ ਬੀਜਾਈ ਦਾ ਜ਼ੋਰ ਸੀ। ਨੰਬਰਦਾਰਾਂ ਦੇ ਤਿੰਨ ਹਲ, ਉਨ੍ਹਾਂ ਮਗਰ ਕਣਕ ਖਾਦ ਕੇਰਨ ਵਾਲੇ ਕੇਰੇ।

ਇਲਾਕੇ ਵਿੱਚ ਬਹੁਤ ਲੋਕ ਇੰਸਪੈਕਟਰ ਰਣਜੀਤ ਸਿੰਘ ਨੂੰ ਠਾਣੇਦਾਰ ਹੀ ਸਮਝਦੇ ਸਨ। ਕੁਝ ਇਸ ਰੁਤਬੇ ਦਾ ਆਮ ਲੋਕਾਂ ਵਿਚ ਸੁਭਾਵਿਕ ਵਰਤੋਂ ਵਿੱਚ ਆਉਣਾ। ਕਿਉਂਕਿ ਜਾਤ ਦਾ ਸੁਨਿਆਰਾ ਸੀ, ਲੋਕਾਂ ਨੇ ਸਿੱਧਾ ਹੀ ਕਹਿਣਾ ਸ਼ੁਰੂ ਕਰ ਦਿੱਤਾ ਸੀ — ਸੁਨਿਆਰਾ ਠਾਣੇਦਾਰ ਜਾਂ ਠਾਣੇਦਾਰ ਸੁਨਿਆਰਾ।

ਠਾਣੇਦਾਰ ਆਪਣੇ ਡੇਰੇ ਵਿੱਚੋਂ ਬਾਈਲਾਰਸ ਟਰੈਕਟਰ ’ਤੇ ਸਵਾਰ ਸਿੱਧਾ ਨੰਬਰਦਾਰਾਂ ਦੀ ਬੀਜੀ ਪੈਲੀ ਵਿੱਚੋਂ ਲੰਘਦਾ ਆ ਰਿਹਾ ਸੀ।

‘ਓਏ ਰਣਜੀਤ ਹੁਣ ਏਥੋਂ ਨਾ ਲੰਘਣਾ, ਅਸਾਂ ਕਣਕ ਬੀਜ ਦਿੱਤੀ ਏ।’

ਨੰਬਰਦਾਰ ਦੀ ਆਵਾਜ਼ ਵਿੱਚ ਹਲੀਮੀ ਸੀ।

'ਕੋਈ ਜੰਮਿਆ ਗੁਰਦਾਸਪੁਰ ਜ਼ਿਲ੍ਹੇ ਅੰਦਰ ਜਿਹੜਾ ਮੈਨੂੰ ਰੋਕੇਗਾ?'

ਠਾਣੇਦਾਰ ਅੰਦਰੋਂ ਜਗੀਰਦਾਰੀ ਦੀ ਬੋਅ ਆ ਰਹੀ ਸੀ। ਟਰੈਕਟਰ ਤੋਂ ਹੇਠਾਂ ਉਤਰ ਕੇ ਉਸ ਨੇ ਇਕ ਕੇਰੇ ਵਾਲੇ ਦੀ ਕਣਕ ਤੇ ਖਾਦ ਰਲੀ ਝੋਲੀ ਨੂੰ ਖਿੱਚ ਕੇ ਪੈਲੀ ਵਿਚ ਖਿਲਾਰ ਦਿੱਤਾ। ਤੀਸਰੇ ਹਲ ਮਗਰ ਕੰਤਾ ਸੀ। ਉਸ ਨੇ ਸੁਣ ਤਾਂ ਸਭ ਕੁਝ ਲਿਆ, ਫਿਰ ਵੀ ਜਾਣ ਕੇ ਕਿਹਾ:

'ਦੁਬਾਰਾ ਦੱਸੀਂ', ਕੀ ਕਿਹਾ ਈ?'

'ਬੱਚੂ ਤੂੰ ਵੀ ਸਭ ਸੁਣ ਲਿਆ ਜੋ ਮੈਂ ਕਿਹਾ।' ਠਾਣੇਦਾਰ ਨੇ ਰੋਹਬ ਨਾਲ ਕਿਹਾ।

'ਖਲੋ ਤੇਰੀ ਭੈਣ ਨੂੰ! ਕੁੱਤਾ ਸੁਨਿਆਰਾ!' ਇਹ ਕਹਿੰਦੇ ਹੀ ਹੱਥ ਵਿਚ ਫੜੀ ਬੈਂਤ ਦੀ ਪਰਾਣੀ ਠਾਣੇਦਾਰ ਦੇ ਗੁੱਟ 'ਤੇ ਜੜ ਦਿੱਤੀ। ਗੁੱਟ 'ਤੇ ਬੱਝੀ ਘੜੀ ਖਿੱਲਰ ਕੇ ਹੇਠਾਂ ਖਿੱਲਰੇ ਦਾਣਿਆਂ ਵਿਚ ਜਾ ਰਲੀ।

ਲੜਾਈ ਦਾ ਅਜਿਹਾ ਮੁੱਢ ਬੱਝਾ ਜਿਸ ਨੇ ਦੁਸ਼ਮਣਾਂ ਨੂੰ ਦੋਸਤਾਂ ਤੇ ਦੋਸਤਾਂ ਨੂੰ ਹੋਰ ਵੀ ਗੂੜ੍ਹੇ ਰੰਗ ਵਿਚ ਰੰਗ ਦਿੱਤਾ।

ਮੌਸਮ ਵਿਚ ਆਏ ਪਰਿਵਰਤਨ ਨਾਲ ਜੰਗਲ ਦਾ ਸੁਭਾਅ ਵੀ ਬਦਲ ਜਾਂਦਾ ਹੈ। ਸਮਾਜਿਕ ਸਰੋਕਾਰਾਂ ਵਿਚ ਵਾਪਰਦੀਆਂ ਘਟਨਾਵਾਂ ਵੀ ਨਵੇਂ ਰਿਸ਼ਤੇ, ਨਵੇਂ ਜੋੜ-ਤੋੜ ਤੇ ਨਵੇਂ ਅਕੀਦਿਆਂ ਨੂੰ ਜਨਮ ਦੇਂਦੀਆਂ ਨੇ।

ਨੰਬਰਦਾਰਾਂ ਦੇ ਵੱਡੇ ਟੱਬਰ ਵਿਚ ਬਹੁਤੀ ਊਚ-ਨੀਚ ਨਹੀਂ ਸੀ। ਪਿੰਡ ਵਿਚ ਬਹੁਤੇ ਹਰੀਜਨ ਘਰ ਸਨ ਜਿਨ੍ਹਾਂ ਨੂੰ ਇਨ੍ਹਾਂ ਨੇ, ਜਦ ਸਵਾਰਥੀ ਚਲਾਕ ਹਾਕਮਾਂ ਨੇ ਪੰਜਾਬ ਨੂੰ ਵੰਡ ਕੇ ਉਸ ਦੇ ਦੋ ਟੁਕੜੇ ਕਰ ਦਿੱਤੇ ਸਨ, ਜਦ ਦਸ ਲੱਖ ਲੋਕਾਂ ਨੂੰ ਇਸ ਵਲਾਇਤੀ ਅਤੇ ਦੇਸੀ ਜੁੰਡਲੀ ਨੇ ਮੌਤ ਦੇ ਮੂੰਹ ਧੱਕ ਦਿੱਤਾ, ਜਦ ਇਨ੍ਹਾਂ ਨੇ ਆਬਾਦੀ ਦੇ ਵੱਡੇ ਤਬਾਦਲੇ ਲਈ ਕੋਈ ਵੀ ਸਾਰਥਕ ਪ੍ਰਬੰਧ ਨਾ ਕੀਤਾ। ਸਗੋਂ ਸਭ ਹੁੰਦੀ ਕਤਲੋ-ਗਾਰਤ, ਲੁੱਟ-ਖਸੁੱਟ, ਔਰਤ ਜਾਤੀ ਦੀ ਬੇਹੱਦ ਨੀਵੇਂ ਪੱਧਰ ਦੀ ਬੇਪਤੀ ਹੁੰਦੀ ਵੇਖਦੇ ਰਹੇ, ਜਦ ਇਹ ਪਰਵਾਰ ਰਾਵੀਓਂ ਪਾਰ ਨਾਰੋਵਾਲ, ਪੈੜੇਵਾਲ, ਗੁਜਰਤੂਰ ਤੋਂ ਹਿੰਦੋਸਤਾਨ ਵਾਲੇ ਪਾਸੇ ਹਿਜਰਤ ਕਰਕੇ ਆ ਰਹੇ ਸਨ ਤਾਂ ਨੰਬਰਦਾਰਾਂ ਦੇ ਵਡੇਰੇ ਸੰਤ ਸਿੰਘ ਨੇ ਇਨ੍ਹਾਂ ਨੂੰ ਆਪਣੀ ਹਵੇਲੀ ਵਿਚ ਰੋਕ ਲਿਆ ਤੇ ਕਿਹਾ ਕਿ 'ਤੁਸੀਂ ਹੋਰ ਕਿਤੇ ਨਾ ਜਾਉ। ਅਸੀਂ ਤੁਹਾਨੂੰ ਬਣੇ-ਬਣਾਏ ਘਰ ਦਿਆਂਗੇ। ਨਾ ਤੁਹਾਡੀਆਂ ਪਿੱਛੇ ਜ਼ਮੀਨਾਂ ਸਨ, ਨਾ ਹੀ ਤੁਹਾਨੂੰ ਨਵੀਆਂ ਅਲਾਟਮੈਂਟਾਂ ਹੋਣੀਆਂ ਨੇ।' ਇਹ ਸਾਰਾ ਪਰਵਾਰ ਪਿੰਡ ਹਵੇਲੀਆਂ ਰੁਕ ਗਿਆ ਅਤੇ ਨੰਬਰਦਾਰਾਂ ਨੇ ਇਨ੍ਹਾਂ ਨੂੰ ਬਣੇ-ਬੱਤਰੇ ਤਿੰਨ ਕਮਰੇ ਰਹਿਣ ਲਈ ਦੇ ਦਿੱਤੇ

ਸਨ। ਇਕ ਸੱਜਰ ਸੂਈ ਮੱਝ ਵੀ ਸੀ ਜੋ ਇਨ੍ਹਾਂ ਦੇ ਚਾਹ-ਪਾਣੀ ਦੇ ਆਸਰੇ ਲਈ ਦੇ ਦਿੱਤੀ ਸੀ। ਇਨ੍ਹਾਂ ਦੇ ਵੱਡੇ ਪਰਵਾਰ ਵਿਚ ਸੱਤ ਭਰਾ ਸਨ ਜਿਨ੍ਹਾਂ ਨੇ ਸਾਰੀ ਉਮਰ ਨੰਬਰਦਾਰਾਂ ਨਾਲ ਗੁਜ਼ਾਰ ਦਿੱਤੀ। ਨੰਬਰਦਾਰਾਂ ਦੇ ਹਰ ਲੜਾਈ-ਝਗੜੇ ਵਿਚ ਉਨ੍ਹਾਂ ਦਾ ਸੰਗ-ਸਾਥ ਦੇਣ ਨੂੰ ਇਹ ਮੋਹਰੀ ਹੁੰਦੇ ਸਨ। ਨੰਬਰਦਾਰਾਂ ਨੇ ਵੀ ਇਨ੍ਹਾਂ ਦੀ ਹਰ ਲੋੜ ਪੂਰੀ ਕੀਤੀ। ਹਰ ਖੁਸ਼ੀ-ਗ਼ਮੀ ਨੂੰ ਸਾਰੇ ਰਲ ਕੇ ਮਨਾਉਂਦੇ ਤੇ ਸਹਿੰਦੇ।

ਹਿੰਦ-ਪਾਕ ਦਾ ਆਖਰੀ ਕੰਢਾ ਜਿਥੇ ਚਿੱਟੇ ਰੰਗ ਦੀਆਂ ਤਿਕੋਨੀਆਂ ਡੂੰਘੀਆਂ ਗੱਡੀਆਂ ਬੁਰਜੀਆਂ। ਅੰਗਰੇਜ਼ੀ ਵਿਚ ਇਕ ਪਾਸੇ PAKISTAN ਅਤੇ ਦੂਸਰੇ ਪਾਸੇ INDIA ਜਿਵੇਂ ਕਹਿੰਦੇ ਹੋਣ ਇਕ-ਦੂਸਰੇ ਵੱਲ ਇਸ਼ਾਰਾ ਕਰਕੇ ਬਸ 'ਇਸ ਤੋਂ ਅਗਾਂਹ ਨਹੀਂ ਜਾਣਾ !'

ਪਰ ਆਪੋ-ਆਪਣੀਆਂ ਹੱਦਾਂ ਅੰਦਰ ਲੋਕ ਕੀ ਗੁਲ ਖਿਲਾਉਂਦੇ ਨੇ ਉਹ ਵੀ ਕਿਸੇ ਯੁੱਧ-ਜੰਗ ਨਾਲੋਂ ਘੱਟ ਨਹੀਂ ਹੁੰਦਾ। ਇਕ ਠੰਢੀ ਲੜਾਈ ਹੁੰਦੀ ਐ। ਚਾਹੇ ਧੂੰਆਂ ਨਹੀਂ ਦਿੱਸਦਾ ਪਰ ਅੰਦਰੋਂ-ਅੰਦਰ ਸਭ ਲੀਰੋ-ਲੀਰ। ਭਾਵ ਰਾਜਨੀਤਕ ਪਾਰਟੀਆਂ ਦਾ ਗ਼ੈਰ-ਜ਼ੁੰਮੇਵਾਰਾਨਾ ਕਿਰਦਾਰ।

ਕੰਤੇ ਦੇ ਬੋਲ ਜਿਵੇਂ ਠਾਣੇਦਾਰ ਨੂੰ ਜ਼ਹਿਰੀਲਾ ਤੀਰ ਵੱਜ ਗਿਆ ਹੋਵੇ। ਇਹ ਅਨਪੜ੍ਹ, ਪੇਂਡੂ ਗੰਵਾਰ ਦਿਨੇ-ਰਾਤ ਸ਼ਰਾਬਾਂ ਕੱਢਦੇ ਤੇ ਬੱਕਰੇ ਬੁਲਾਉਂਦੇ। ਏਡੀ ਇਨ੍ਹਾਂ ਲੋਕਾਂ ਦੀ ਹਿੰਮਤ ਸੀ। ਕਿਧਰੇ ਇਕ ਪੜ੍ਹਿਆ-ਲਿਖਿਆ, ਸੁਹਣਾ-ਸੁਨੱਖਾ, ਰੋਹਬਦਾਰ ਟੌਹਰ ਜਿਵੇਂ ਕਿਸੇ ਰਿਆਸਤ ਦਾ ਮੁਸ਼ਟੰਡਾ, ਵਿਗੜਿਆ ਬਦਮਾਸ਼ ਰਾਜਾ ਹੋਵੇ।

ਬਾਰਡਰ ਦਾ ਇਲਾਕਾ। ਹਰ ਪੱਖੋਂ ਹੀ ਪੱਛੜਿਆ। ਕੱਚੇ ਰਾਹ। ਨਾ ਬਿਜਲੀ ਨਾ ਪਾਣੀ। ਨਹਿਰ ਜ਼ਰੂਰ ਸੀ ਪਰ ਲੋੜੋਂ ਵੱਧ ਤਿਰਹਾਈ ਰਹਿੰਦੀ। ਨਾ ਪਿੰਡ ਵਿਚ ਸਕੂਲ, ਨਾ ਗੁਰਦਵਾਰਾ, ਨਾ ਦਵਾਖਾਨਾ।

ਲੋਕਾਂ ਕੋਲ ਮਾਲ-ਡੰਗਰ ਵਾਧੂ। ਮੱਝਾਂ-ਗਾਵਾਂ ਦੁੱਧ-ਘਿਉ, ਲੱਸੀ-ਵਾਧੂ ਹੁੰਦੀ। ਬਾਹਰ ਜ਼ਮੀਨ ਚੰਗੀ ਜ਼ਰਖੇਜ਼। ਹਰ ਕਿਸਮ ਦੀ ਫ਼ਸਲ ਹੁੰਦੀ। ਪਰ ਮੇਤਲੇ ਜਿਸ ਨੂੰ ਆਮ ਕਰਕੇ 'ਬੇਲਾ' ਕਿਹਾ ਜਾਂਦਾ ਸੀ ਉਹ ਜ਼ਮੀਨ ਪਿੰਡ ਵਾਲੀ ਪੱਕੀ ਜ਼ਮੀਨ ਨਾਲੋਂ ਜ਼ਿਆਦਾ ਭੁਰਭੁਰੀ, ਨਰਮ ਤੇ ਥੋੜ੍ਹੀ ਕੁ ਰੇਤਲੀ ਹੋਣ ਕਰਕੇ ਵਧੀਆ ਮੰਨੀ ਜਾਂਦੀ ਸੀ।

ਬਸ ਏਥੋਂ ਹੀ ਮੁਸੀਬਤ ਸ਼ੁਰੂ ਹੋਈ। ਹਲਾਂ ਦੀ ਵਾਹੀ ਨਾਲ ਨੰਬਰਦਾਰ ਪਰਤਾਪ ਸਿੰਘ ਪੂਰੇ ਇਲਾਕੇ ਵਿਚ ਆਪਣਾ ਲੋਹਾ ਮੰਨਵਾ ਚੁੱਕਾ ਸੀ। ਕਣਕ, ਮਕਈ, ਬਾਜਰਾ, ਕਮਾਦ, ਛੋਲੇ, ਮਾਂਹ, ਤਿਲ, ਸਰ੍ਹੋਂ ਜਿਵੇਂ ਹੱਥਾਂ ਵਿਚ ਕੋਈ ਜਾਦੂ ਸੀ। ਹਾੜ੍ਹੀ-ਸਾਉਣੀ ਪੱਕਣੀ। ਫਿਰ ਬੋਰੀਆਂ ਵਿਚ ਭਰ ਕੇ ਵੱਡੀਆਂ ਰੇੜ੍ਹੀਆਂ ਵਿਚ

ਲੱਦ ਕੇ ਮੰਡੀ ਲੈ ਜਾਣੀ ਜਿਵੇਂ ਠਾਣੇਦਾਰ ਨੂੰ ਕੋਈ ਅਜੀਬ ਅਚਵੀ ਲੱਗ ਜਾਣੀ। ਨੌਕਰੀ ਤੋਂ ਅਸਤੀਫ਼ਾ ਦੇ ਨੰਬਰਦਾਰ ਦਾ ਆ ਸ਼ਰੀਕ ਬਣਿਆ ਸੀ।

ਪੂਰੇ ਇਲਾਕੇ ਵਿਚ ਜੇਕਰ ਕਿਸੇ ਦੀ ਪੜ੍ਹਾਈ ਦੀ ਚਰਚਾ ਹੁੰਦੀ ਤਾਂ ਉਹ ਸੀ ਕੰਤੇ ਤੋਂ ਵੱਡੇ ਨਿੰਮੇ ਦੀ। ਸ਼ੁਰੂ ਤੋਂ ਹੀ ਪੜ੍ਹਾਈ ਵਿਚ ਹੁਸ਼ਿਆਰ ਡੇਰਾ ਬਾਬਾ ਨਾਨਕ ਤੋਂ ਹਾਇਰ ਸਕੈਂਡਰੀ ਕਰਕੇ ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਬੀ.ਏ. ਆਨਰਜ਼ ਤੇ ਬਾਅਦ ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਐੱਮ.ਏ. ਇਕਨਾਮਿਕਸ।

ਹਵੇਲੀਆਂ ਘਰੇ ਨਿੱਤ ਕੋਈ ਨਾ ਕੋਈ ਅਖ਼ਬਾਰ ਆ ਜਾਂਦੀ। ‘ਪ੍ਰੀਤਲੜੀ’ ਤਾਂ ਹਰ ਮਹੀਨੇ ਆਉਂਦੀ। ਨਿੰਮੇ ਨੂੰ ਕੋਰਸ ਦੀਆਂ ਕਿਤਾਬਾਂ ਤੋਂ ਇਲਾਵਾ ਚੰਗੇ ਨਾਵਲ ਪੜ੍ਹਨ ਤੇ ਹੋਰ ਸਾਹਿਤ ਪੜ੍ਹਨ ਦੀ ਲਗਨ ਕਿੰਝ ਲੱਗੀ ਇਹ ਤਾਂ ਪਤਾ ਨਹੀਂ ਪਰ ਉਸ ਦੀ ਏਸ ਲਗਨ ਦਾ ਅਸਰ ਸਭ ਤੋਂ ਜ਼ਿਆਦਾ ਕੰਤੇ ਉੱਪਰ ਹੋਇਆ ਤੇ ਉਸ ਤੋਂ ਬਾਅਦ ਬਾਕੀ ਘਰਦਿਆਂ ਜੀਆਂ, ਪਿੰਡ ਅਤੇ ਇਲਾਕੇ ਉੱਪਰ। ਆਮ ਪੇਂਡੂ ਲੋਕਾਂ ਨਾਲ ਉਸ ਦਾ ਮੇਲ-ਮਿਲਾਪ, ਬੋਲ-ਚਾਲ ਜਿਵੇਂ ਉਹ ਕੋਈ ਨਵੀਂ ਸੋਚ ਨੂੰ ਲੋਕਾਂ ਵਿੱਚ ਚਲਾਉਣ ਲਈ ਉਨ੍ਹਾਂ ਨੂੰ ਤਿਆਰ ਕਰ ਰਿਹਾ ਹੋਵੇ। ਜਿਵੇਂ ਜ਼ਮੀਨ ਵੱਤਰ ਹੋ ਰਹੀ ਹੋਵੇ! ਬਸ ਚੜ੍ਹਦੇ ਸੂਰਜ ਦੀ ਲਾਲੀ ਦੀ ਉਡੀਕ ਤੇ ਉਸ ਵਿਚ ਬੀਜ ਪਾ ਕੇ ਵੱਤਰ ਨੱਪਣ ਦੀ ਗੱਲ ਚੱਲ ਰਹੀ ਹੋਵੇ। ਪਿੰਡ ਵਿਚ ਵੱਡਿਆਂ ਨੂੰ ਵੀਰ ਅਤੇ ਭੈਣ ਜੀ ਕਹਿਣ ਦੀ ਰਿਵਾਇਤ ਵੀ ਨਿੰਮੇ ਦੇ ਹਿੱਸੇ ਆਈ ਸੀ।

ਹਰੇ ਇਨਕਲਾਬ ਨੇ ਖੇਤੀ ਖੇਤਰ ਅੰਦਰ ਉੱਥਲ-ਪੁੱਥਲ ਮਚਾ ਰੱਖੀ ਸੀ। ਮੱਧ-ਸ਼੍ਰੇਣੀ ਕਿਸਾਨਾਂ ਨੇ ਕੋਆਪਰੇਟਿਵ ਸੁਸਾਇਟੀਆਂ ਤੋਂ ਕਰਜ਼ੇ ਚੁੱਕ ਕੇ ਮਹਿੰਗੀਆਂ ਖਾਦਾਂ ਤੇ ਟਰੈਕਟਰ ਲੈਣੇ ਸ਼ੁਰੂ ਕਰ ਦਿੱਤੇ ਸਨ। ਸਦੀਆਂ ਤੋਂ ਗੂੜ੍ਹੀ ਨੀਂਦ ਸੁੱਤੇ ਜੰਗਲ-ਬੇਲਿਆਂ ਨੂੰ ਲਾਲਚ, ਮੁਨਾਫ਼ੇ, ਪੈਸੇ ਤੇ ਹੋਰ ਤਰੱਕੀ ਦੇ ਢੋਲ-ਢਮੱਕਿਆਂ ਨੇ ਆਣ ਜਗਾਇਆ। ਪਸ਼ੂਆਂ ਦੀਆਂ ਚਰਾਂਦਾਂ ਨੂੰ ਟਰੈਕਟਰਾਂ ਨੇ ਮਿੱਟੀ ਵਿੱਚ ਮਿਲਾ ਦਿੱਤਾ। ਕੁਦਰਤੀ ਨਿਆਮਤਾਂ ਨੂੰ ਮਸ਼ੀਨੀ ਯੁੱਗ ਨੇ ਆਪਣੀਆਂ ਲਾਲਸਾਵਾਂ ਦਾ ਸ਼ਿਕਾਰ ਬਣਾ ਲਿਆ। ਰਾਤੋ-ਰਾਤ ਅਮੀਰ ਬਣਨ ਦੀ ਦੌੜ ਨੇ ਬੰਦੇ ਨੂੰ ਹੈਵਾਨੀਅਤ ਵਾਲੇ ਪਾਸੇ ਧੱਕ ਦਿੱਤਾ। ਹਰੇ ਇਨਕਲਾਬ ਨੂੰ ‘ਲਾਲ ਹਨੇਰੀ’ ਕਿਉਂ ਨਾ ਕਿਹਾ ਜਾਵੇ ਜਿਸ ਨੇ ਪੰਜਾਬ ਦੀ ਧਰਤੀ ਨੂੰ ਹਿੰਦੋਸਤਾਨ ਦਾ ਢਿੱਡ ਭਰਨ ਵਾਲੇ ਪਾਸੇ ਅਜਿਹਾ ਤੋਰਿਆ ਕਿ ਹੁਣ ਜਿਵੇਂ ਗਾਂ ਬਿਨਾਂ ਪੇੜੇ ਦੁੱਧ ਨਹੀਂ ਦੇਂਦੀ, ਵਾਲਾ ਹਾਲ ਹੋ ਗਿਆ! ਮਿੱਟੀ ਜਿਵੇਂ ਮਤਰੇਈ, ਕੁੱਖ ਜਿਵੇਂ ਬਾਂਝ ਹੋ ਗਈ!

ਵੱਡੇ ਜ਼ਿਮੀਂਦਾਰਾਂ ਤੇ ਦਰਮਿਆਨੇ ਕਿਸਾਨਾਂ ਚਾਹੇ ਬੇਸ਼ੱਕ ਆਮਦਨਾਂ ਵਿਚ ਵਾਧਾ ਕਰ ਲਿਆ ਪਰ ਖੇਤ-ਮਜ਼ਦੂਰਾਂ ਨਾਲ ਇਨਸਾਫ਼ ਨਾ ਕੀਤਾ। ਇਸ ਵਰਗ

ਦੇ ਦਿਹਾੜੀ-ਡੱਪੇ ਦੀ ਮਜ਼ਦੂਰੀ ਪੁਰਾਣੀ ਹੀ ਚੱਲਦੀ ਰਹੀ। ਪਰ ਕਦੋਂ ਤਕ? ਇਕ ਅਜਿਹਾ ਸਵਾਲ ਜਿਸ ਦੇ ਜੁਆਬ ਲਈ ਕਾਰਲ ਮਾਰਕਸ ਨੂੰ 'ਦਾਸ ਕੈਪੀਟਲ' ਲਿਖਣੀ ਪਈ; ਅਕਤੂਬਰ 1917 ਦਾ ਜਨਮ ਹੋਇਆ, ਚੀਨ ਅੰਦਰ 'ਲੌਂਗ ਮਾਰਚ' ਹੋਇਆ। ਕਿਊਬਾ ਅੰਦਰ ਚੀ ਗੁਵੇਰਾ ਨੂੰ ਜਾ ਕੇ ਲੜਨਾ ਪਿਆ।

ਬਾਰਡਰ ਦੇ ਸਾਰਿਆਂ ਪਿੰਡਾਂ ਵਿਚ ਕਿਸਾਨਾਂ ਨੇ ਝੋਨੇ ਦੀ ਬਿਜਾਈ ਲਈ ਪੈਲੀਆਂ ਵਿਚ ਕੱਦੂ ਕਰ ਸੁੱਟੇ ਸਨ ਤੇ ਝੋਨੇ ਦੀਆਂ ਪਨੀਰੀਆਂ ਪੁੱਟ ਰਹੇ ਸਨ। ਕਹਿ ਲਉ ਜਿਵੇਂ ਮੁੰਡਾ ਸਾਹੇ ਬੱਝਾ ਹੋਵੇ। ਤਪਦੀ ਭੱਠੀ ਵਿਚ ਲੋਹਾ ਲਾਲੋ-ਲਾਲ ਪਿਆ ਹੋਵੇ। ਜਿਵੇਂ ਘੋੜੀ 'ਤੇ ਸਵਾਰ ਦੁਸ਼ਮਣ ਦਾ ਮੁਕਾਬਲਾ ਕਰਨ ਤੁਰਿਆ ਪਰ ਅਜੇ ਹੱਥਾਂ ਵਿਚ ਢਾਲ ਤੇ ਤਲਵਾਰ ਦੀ ਉਡੀਕ .....।

ਠੀਕ ਏਸੇ ਵਕਤ ਨਿੰਮਾ ਚੰਡੀਗੜ੍ਹ ਤੋਂ ਪਿੰਡ ਆਣ ਪਹੁੰਚਿਆ। ਰਾਤੋ-ਰਾਤ 30-35 ਨੌਜਵਾਨ ਹਵੇਲੀਆਂ, ਭਗਠਾਣਾ ਤੁਲੀਆਂ, ਅਗਵਾਨ, ਸ਼ਾਹਪੁਰ ਗੋਰਾਇਆ, ਕਾਦੀਆਂ, ਮੱਛਰਾਲਾ, ਹਰੂਵਾਲ ਤੋਂ ਕੱਠੇ ਕਰਕੇ ਸਾਰੀ ਰਾਤ ਮੀਟਿੰਗ ਕਰਦੇ ਰਹੇ। ਜਿਵੇਂ ਕੋਈ ਸਟੱਡੀ-ਸਰਕਲ ਲੱਗਾ ਹੋਵੇ ! ਮਸਲਾ ਸੀ ਕਿ ਕਿਸ ਤਰ੍ਹਾਂ ਖੇਤ ਮਜ਼ਦੂਰਾਂ ਦੀ ਦਿਹਾੜੀ ਅਤੇ ਕੰਮ ਦਾ ਸਮਾਂ ਨਿਸਚਿਤ ਕੀਤਾ ਜਾਵੇ।

ਇਕ ਕਿੱਲਾ ਝੋਨੇ ਦੀ ਲਵਾਈ 32 ਤੋਂ 40 ਕਿੱਲੋ ਕਣਕ ਕਰਨ ਦਾ ਫ਼ੈਸਲਾ ਹੋ ਗਿਆ। ਸਵੇਰ ਦੀ ਚਾਹ ਦੇ ਨਾਲ ਸ਼ਾਹ-ਵੇਲਾ ਭਾਵ ਤੰਦੂਰੀ ਰੋਟੀਆਂ ਨਾਲ ਆਚਾਰ। ਇਕ ਦਿਨ ਨੂੰ ਨੌਂ ਘੰਟੇ ਕੰਮ ਮੰਨਿਆ ਜਾਵੇ। ਦੋ ਵਾਰ ਅੱਧਾ-ਅੱਧਾ ਘੰਟਾ ਆਰਾਮ। ਦੋ ਵਾਰ ਚਾਹ। ਫ਼ੈਸਲਾ ਕਰਨ ਵਾਲਿਆਂ ਵਿਚ 4-5 ਨੂੰ ਛੱਡ ਕੇ ਬਾਕੀ ਸਾਰੇ ਦਰਮਿਆਨੇ ਕਿਸਾਨੀ ਜੱਟਾਂ ਦੇ ਹੀ ਮੁੰਡੇ ਸਨ ਅਤੇ ਨਿੰਮਾ ਉਨ੍ਹਾਂ ਵਿੱਚੋਂ ਇੱਕ ਸੀ ਜਿਨ੍ਹਾਂ ਦਾ ਉਸ ਵਕਤ ਕਰੀਬ 24 ਕਿੱਲਿਆਂ ਦਾ ਰਕਬਾ ਸੀ।

ਢੋਲ ਦੇ ਡਗੇ 'ਤੇ ਪਿੰਡਾਂ ਵਿੱਚ ਢੰਡੋਰਾ ਪਿੱਟਿਆ ਗਿਆ ਕਿ ਐਤਕੀਂ ਸਾਉਣੀ ਦੀ ਲਵਾਈ 40 ਕਿਲੋ ਹੋਵੇਗੀ। ਜੱਟਾਂ ਨੇ ਆਪਣੇ ਮੁੰਡਿਆਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਚਾਰ-ਚੁਫ਼ੇਰੇ ਹਾਲ-ਪਾਹਰਿਆ ਹੋਣ ਲੱਗੀ। ਜਿਵੇਂ ਬਰਾਤ ਤੁਰਨ ਸਮੇਂ ਲਾੜੇ ਨੂੰ ਘੋੜੀ ਚੜ੍ਹਨਾ ਨਸੀਬ ਨਾ ਹੋਵੇ। ਮਰਦਾ ਕੀ ਨਹੀਂ ਕਰਦਾ ? ਕਈਆਂ ਨੇ ਆਪ ਹੀ ਝੋਨਾ ਲਾਉਣਾ ਸ਼ੁਰੂ ਕਰ ਦਿੱਤਾ। ਖੇਤ-ਮਜ਼ਦੂਰਾਂ ਭਾਵ 'ਕੰਮੀਆਂ' ਦਾ ਸੋਸ਼ਲ-ਬਾਈਕਾਟ ਹੋਣ ਲੱਗਾ। ਉਹ ਫਿਰ ਵੀ ਡਟੇ ਰਹੇ। ਪੈਲੀਆਂ ਵਿੱਚੋਂ ਕੱਦੂ ਸੁੱਕਣੇ ਸ਼ੁਰੂ ਹੋ ਚੁੱਕੇ ਸਨ। ਕਈਆਂ ਨੂੰ ਤਾਂ ਬਾਰ-ਬਾਰ ਪਾਣੀ ਦੇਣਾ ਪੈ ਰਿਹਾ ਸੀ ਜਿਥੇ, ਰਕਬਾ ਉੱਚਾ ਸੀ। ਠੀਕ ਦੋ ਹਫਤੇ ਗੁਜ਼ਰ ਗਏ। ਕਿਸਾਨਾਂ ਨੂੰ ਖੇਤ ਮਜ਼ਦੂਰਾਂ ਅੱਗੇ ਝੁਕਣਾ ਪਿਆ। ਇਹ ਸ਼ਾਇਦ ਜਮਾਤੀ ਸੰਘਰਸ਼ ਦਾ ਪਹਿਲਾ ਮੋਰਚਾ ਸੀ ਜਿਸ ਨੇ ਆਉਣ ਵਾਲੇ ਵਕਤ ਵਿੱਚ ਨਵੀਆਂ ਆਸਾਂ-

ਉਮੀਦਾਂ, ਨਵੀਂ ਸੋਚ, ਨਵਾਂ ਜਜ਼ਬਾ ਉਜਾਗਰ ਕਰਨਾ ਸੀ।

ਬਾਬਾ ਸੁਰੈਣੂ ਜਿਸ ਦਾ ਪੂਰਾ ਨਾਂ ਸੁਰੈਣ ਸਿੰਘ ਸੀ, ਉੱਚੇ-ਲੰਬੇ ਕੱਦ ਦਾ ਪੱਕਾ ਰੰਗ, ਖੁੱਲ੍ਹੇ ਹੱਡ-ਪੈਰ। ਪਹਿਲੀ ਜੰਗ ਵਿਚ ਯੂਰਪੀ ਖਿੱਤੇ ਅੰਦਰ ਲੜ ਚੁੱਕਾ ਸੀ। ਨੰਬਰਦਾਰਾਂ ਦੀ ਖੁੱਲ੍ਹੀ ਹਵੇਲੀ ਦੇ ਦੱਖਣੀ ਪਾਸੇ ਇਕ ਕੱਚੇ ਘਰ ਅੰਦਰ ਉਸ ਦੀ ਦੁਨੀਆ ਸੀ। ਬਿਲਕੁਲ ਕੱਲਾ-ਕਾਰਾ। ਕਿੰਨਾ ਪੜ੍ਹਿਆ ਸੀ ਕੋਈ ਪਤਾ ਨਹੀਂ ਪਰ ਉਸ ਦੇ ਕੋਠੇ ਵਿਚ ਉਰਦੂ ਤੇ ਗੁਰਮੁਖੀ ਦੀਆਂ ਕੁਝ ਲਿਖਤਾਂ ਦੱਸਦੀਆਂ ਕਿ ਉਸ ਨੇ ਦੁਨੀਆ ਵੇਖੀ ਸੀ। ਉਸ ਉੱਪਰ ਸੂਫ਼ੀ ਰੰਗ ਚੜ੍ਹ ਚੁਕਿਆ ਸੀ। ਸ਼ਾਇਦ ਜੰਗ ਦੇ ਦਿਨਾਂ ਵਿਚ ਵੇਖੀ ਮਨੁੱਖਤਾ ਦੀ ਮਹਾਂਮਾਰੀ ਦਾ ਅਸਰ ਸੀ। ਪਿੰਡ ਵਿੱਚ ਮਲੰਗੀ ਚੋਲਾ ਪਹਿਨ ਕੇ ਰਹਿੰਦਾ ਬਹੁਤ ਘੱਟ ਬੋਲਦਾ। ਜਦ ਬੋਲਦਾ ਤਾਂ ਉਸ ਦੀ ਗੱਲ ਵਿਚ ਤਰਕ ਜ਼ਰੂਰ ਹੁੰਦਾ। ਹਰ ਮਹੀਨੇ 10 ਰੁਪਏ ਆਪਣੀ ਪੈਨਸ਼ਨ ਲੈਣ ਡੇਰਾ ਬਾਬਾ ਨਾਨਕ ਦੇ ਡਾਕਖ਼ਾਨੇ ਜਾਂਦਾ ਅਤੇ ਸਰਕਾਰੀ ਹਸਪਤਾਲ ਤੋਂ ਦਵਾ-ਦਾਰੂ ਜਾ ਕਰਵਾਉਂਦਾ। ਬਸ ਇਹੀ ਸੀ ਉਸ ਦੀ ਜ਼ਿੰਦਗੀ ਦੀ ਦੌੜ।

'ਭਾਈਆ ! ਆਪਣੇ ਪੁੱਤਰਾਂ ਨੂੰ ਕਹਿ ਇਸ 'ਠਾਣੇਦਾਰ ਦੇ ਬੱਚੇ' ਨੂੰ ਹਵੇਲੀਓਂ ਬਾਹਰ ਕਰ ਦੇਣ, ਇਸ ਦੇ ਲੱਛਣ ਚੰਗੇ ਨਹੀਂਉਂ !' ਬਾਬਾ ਸੁਰੈਣੂ ਸਰਦਾਰ ਸੰਤ ਸਿੰਘ ਨੰਬਰਦਾਰ ਜੋ ਬਿਮਾਰ ਮੰਜੇ 'ਤੇ ਪਏ ਸਨ, ਕਹਿ ਰਿਹਾ ਸੀ।

'ਮੈਂ ਕਹਾਂਗਾ।'

'ਤੇ ਦੂਜੀ ਗੱਲ, ਇਸ ਤੋਂ ਹਮੇਸ਼ਾ ਬਚ ਕੇ ਰਹਿਣਾ ! ਇਹ ਬੁੱਕਲ ਦਾ ਸੱਪ ਏ। ਇਸ ਅੰਦਰ ਆਦਮ-ਬੋ ਬੋਲਦਾ ਏ।'

ਬਾਬਾ ਸੁਰੈਣੂ ਠੀਕ ਹੀ ਆਖਦਾ ਸੀ ਉਸ ਨੂੰ ਬੰਦਿਆਂ ਦੀ ਪਰਖ ਕਰਨੀ ਆਉਂਦੀ ਸੀ ਹਰ ਗੱਲ ਸਹੀ ਸਮੇਂ ਕਰ ਦੇਣੀ ਜਿਵੇਂ ਉਸ ਦੀ ਆਦਤ ਬਣ ਚੁੱਕੀ ਸੀ।

ਨੰਬਰਦਾਰਾਂ ਦੀ ਸਾਹਮਣੇ ਘਰ ਵਾਲਿਆਂ ਨਾਲ ਹਵੇਲੀ ਦੀ ਕੰਧ ਤੋਂ ਕਈ ਵਾਰ ਲੜਾਈ ਤੇ ਡਾਂਗ-ਸੋਟਾ ਚੱਲਿਆ। ਹਰੀਜਨਾਂ ਦੇ ਸੱਤ ਭਰਾਵਾਂ ਨੇ ਡਟ ਕੇ ਇਨ੍ਹਾਂ ਦਾ ਸਾਥ ਦਿੱਤਾ। ਨੰਬਰਦਾਰਾਂ ਦੇ ਵੀ ਸੱਟਾਂ ਲੱਗੀਆਂ। ਅੰਮ੍ਰਿਤਸਰ ਹਸਪਤਾਲ ਜਾਣਾ ਪਿਆ। ਨੰਬਰਦਾਰਾਂ ਦੀ ਭੈਣ ਜੋ ਪਿੰਡ ਮੂਧਲ ਲਾਗੇ ਵੇਰਕਾ, ਚੰਗੇ ਵੱਸਦੇ-ਰੱਸਦੇ ਨੰਬਰਦਾਰਾਂ ਘਰੇ ਵਿਆਹੀ ਹੋਈ ਸੀ ਉਨ੍ਹਾਂ ਦੀ ਜਾਣ-ਪਹਿਚਾਣ ਅੰਮ੍ਰਿਤਸਰ ਦੇ ਸੀ.ਆਈ.ਏ. ਸਟਾਫ ਅੰਦਰ ਬਣੀ ਹੋਈ ਸੀ ਕਿਉਂਕਿ ਭੈਣ ਦਾ ਵੱਡਾ ਪੁੱਤਰ ਉਥੇ ਡਰਾਇਵਰੀ ਕਰਦਾ ਸੀ। ਜਦੋਂ ਦੂਜੀ ਪਾਰਟੀ ਦੇ ਦੋ ਭਰਾਵਾਂ ਤੇ ਉਨ੍ਹਾਂ ਦੇ ਬਾਪ ਨੂੰ ਉੱਥੇ ਪੁੱਠਾ ਟੰਗਿਆ ਗਿਆ ਤਾਂ ਤਿੰਨਾਂ ਮਹੀਨਿਆਂ ਬਾਅਦ ਉਨ੍ਹਾਂ ਆਪਣੀ ਨਹਿਰ ਦੇ ਦੋਹੀਂ ਪਾਸੀਂ ਪੈਂਦੀ ਜ਼ਮੀਨ ਨੂੰ ਕੌਡੀਆਂ ਦੇ ਭਾਅ ਵੇਚ

ਦਿੱਤਾ ਤੇ ਪਿੰਡ ਦੋਸਤਪੁਰ ਚਲੇ ਗਏ ਸਨ।

ਪਿੰਡ ਦੇ ਲਹਿੰਦੇ ਪਾਸੇ ਪੈਲੀ ਦੇ ਵੱਟ-ਬੰਨੇ ਤੋਂ ਨੰਬਰਦਾਰਾਂ ਦੀ ਲੜਾਈ ਹਵੇਲੀਆਂ ਤੋਂ ਅਗਲੇ ਪਿੰਡ ਜਿਸ ਨੂੰ ਪਿਛਲਾ ਪਿੰਡ ਕਿਹਾ ਜਾਂਦਾ ਸੀ, ਹੋਈ। ਦੂਸਰੀ ਪਾਰਟੀ ਦੇ ਬੰਦੇ ਜ਼ਿਆਦਾ ਸਨ ਪਰ ਨੰਬਰਦਾਰਾਂ ਦਾ ਸਭ ਤੋਂ ਛੋਟਾ ਭਰਾ ਜੋ ਫੌਜ 'ਚੋਂ ਛੁੱਟੀ ਆਇਆ ਹੋਇਆ ਸੀ ਉਸ ਨੇ ਅਜਿਹਾ ਗੱਤਕਾ ਖੇਡਿਆ ਕਿ ਕੁਝ ਹੀ ਮਹੀਨਿਆਂ ਬਾਅਦ ਇਹ ਟੱਬਰ ਵੀ ਕਿਧਰੇ ਸਹਾਰਨਪੁਰ ਨੇੜੇ ਹਿਜ਼ਰਤ ਕਰ ਗਿਆ ਸੀ।

ਪਿਛਲੇ ਪਿੰਡ ਤੋਂ ਕਰਿਆਂ ਦੇ ਬੰਦਿਆਂ ਨਾਲ ਲੜਾਈ ਦਾ ਉਦੋਂ ਮੁੱਢ ਬੱਝਾ ਜਦ ਉਨ੍ਹਾਂ ਦੇ ਬਾਪ ਨੇ ਆਪਣੀਆਂ ਘੋੜੀਆਂ ਖੁੱਲ੍ਹੀਆਂ ਨੰਬਰਦਾਰਾਂ ਦੀਆਂ ਫ਼ਸਲਾਂ ਵਿੱਚ ਲਿਆ ਵਾੜੀਆਂ ਸਨ ਤਾਂ ਨੰਬਰਦਾਰਾਂ ਨੇ ਘੇਰ ਕੇ ਆਪਣੀ ਖੁੱਲ੍ਹੀ ਹਵੇਲੀ ਲਿਆ ਵਾੜੀਆਂ ਸਨ ? ਇਲਾਕੇ ਅੰਦਰ ਹਾਹਾਕਾਰ ਮੱਚ ਗਈ।

'ਓਏ ਨੰਬਰਦਾਰਾਂ ਕਰਿਆਂ ਦੀਆਂ ਘੋੜੀਆਂ ਘੇਰ ਆਪਣੀ ਹਵੇਲੀ ਲਿਆ ਵਾੜੀਆਂ।'

'ਹੁਣ ਪਤਾ ਲੱਗੂ ਵੱਡੇ ਸਰਦਾਰਾਂ ਨੂੰ !'

'ਮੈਂ ਤਾਂ ਕਹਿਨਾਂ ਹੁਣ ਘੋੜੀਆਂ ਹੀ ਨਾ ਦੇਣ ਇਨ੍ਹਾਂ ਬਦਮਾਸ਼ਾਂ ਨੂੰ। ਕੰਜਰ ਦਿਆਂ ਨੇ ਲੋਕਾਂ ਦਾ ਜੀਉਣਾ ਦੁੱਭਰ ਕੀਤਾ ਹੋਇਆ ! ਨਾ ਇਨ੍ਹਾਂ ਨੂੰ ਆਏ ਦੀ, ਨਾ ਗਏ ਦੀ ਸ਼ਰਮ-ਹਯਾ ...।'

ਲਾਗਲੇ ਪਿੰਡ ਤੋਂ ਮੁਹਤਬਰ ਬੰਦੇ ਇਕੱਠੇ ਹੋਏ ਤੇ ਨੰਬਰਦਾਰਾਂ ਦੀ ਹਵੇਲੀ ਆਣ ਮੱਲੀ।

ਹਰੂਵਾਲ ਤੋਂ ਸ਼ਾਹਾਂ ਦਾ ਮੁਖੀ ਆਇਆ ਹੋਇਆ ਸੀ ਜਿਹੜਾ ਨੰਬਰਦਾਰ ਸੰਤ ਸਿੰਘ ਦਾ ਪੱਗ-ਵਟ ਭਰਾ ਬਣਿਆ ਹੋਇਆ ਸੀ। ਕਰਿਆਂ ਨੇ ਜਾਣ ਕੇ ਉਸ ਨੂੰ ਸੁਨੇਹਾ ਘੱਲ ਕੇ ਸੱਦਿਆ ਸੀ। ਉਹ ਜਾਣਦੇ ਸਨ ਕਿ ਸਮਝੌਤੇ ਲਈ ਉਹ ਸਭ ਤੋਂ ਮਜ਼ਬੂਤ ਕੜੀ ਬਣ ਸਕਦਾ ਹੈ।

ਨੰਬਰਦਾਰ ਸੰਤ ਸਿੰਘ ਨੂੰ ਉਸ ਦੀ ਉਮਰ ਦੇ ਸਾਰੇ ਸਾਹਿਬ ਕਹਿ ਕੇ ਬੁਲਾਉਂਦੇ ਸਨ। ਭਗਠਾਣਾ ਤੁਲੀਆਂ ਤੋਂ ਵੀ ਲਾਭ ਚੰਦ ਖੱਤਰੀ ਚਿੱਟੇ ਰੰਗ ਦੀ ਤੁਰਲੇ ਵਾਲੀ ਪੱਗ ਬੰਨ੍ਹੀ ਆ ਚੁੱਕਾ ਸੀ। ਲਾਭ ਚੰਦ ਖੱਤਰੀ ਨੇਮ ਨਾਲ ਸੰਤ ਸਿੰਘ ਹੁਰਾਂ ਨੂੰ 10 ਕਿੱਲਿਆਂ ਦੇ ਫ਼ਾਸਲੇ ਤੋਂ ਆ ਕੇ ਮਿਲਦਾ ਤੇ ਦਾਰੂ ਦੀ ਮਹਿਫ਼ਲ ਵੀ ਲੱਗਦੀ।

ਪੰਜਾਬ ਅੰਦਰ ਪੁਰਾਣਾ ਭਾਈਚਾਰਾ ਵੀ ਅਜੀਬੋ-ਗਰੀਬ ਹੁੰਦਾ ਸੀ। ਜੱਟ ਤੇ ਖੱਤਰੀ ਦੀ ਯਾਰੀ ਉਹ ਵੀ ਖਾਣ-ਪੀਣ ਤੇ ਹਰ ਦੁਖ-ਸੁਖ ਵਿਚ ਭਾਈਵਾਲੀ।

ਵਿਆਹਾਂ-ਸ਼ਾਦੀਆਂ ’ਤੇ ਸ਼ਰੀਕੇ ਵਾਂਗ ਰੀਤੀ-ਰਿਵਾਜ ਨਿਭਾਉਣੇ।

‘ਸਾਹਿਬ ਜੀ, ਕਿੰਝ ਕੀਤਾ ਜਾਵੇ ? ਆਖਰ ਬੰਨੇ-ਚੰਨੇ ਦੀ ਗੱਲ ਹੈ। ਦੱਸੋ ਕਿਸ ਤਰ੍ਹਾਂ ਇਸ ਦਾ ਹੱਲ ਕਰੀਏ ?’ ਸ਼ਾਹ ਨੇ ਬੜੀ ਹਲੀਮੀ ਨਾਲ ਕਿਹਾ।

‘ਕੀ ਕਰੇਹ, ਆਪਣੀ ਗਲਤੀ ਮੰਨਦੇ ਨੇ?’

‘ਕੀ ਉਹ ਅੱਗੇ ਤੋਂ ਤੋਬਾ ਕਰਨਗੇ ?’

ਨੰਬਰਦਾਰ ਸੰਤ ਸਿੰਘ ਨੇ ਸੁਆਲ ਕੀਤੇ।

‘ਕਿਉਂ ਭਈ ਵਰਿਆਮ ਸਿਹਾਂ, ਤੂੰ ਆਪਣੀ ਗਲਤੀ ਮੰਨਦਾਂ ?’ ਲਾਭ ਚੰਦ ਖੱਤਰੀ ਨੇ ਪੁੱਛਿਆ ਤੇ ਨਾਲ ਹੀ ਦਬਕਾ ਮਾਰਿਆ, ‘ਨਹੀ ਤਾਂ ਹੁੱਕਾ-ਪਾਣੀ ਬੰਦ ਵੀ ਹੋ ਸਕਦਾ।’ ਅਸਲ ਵਿਚ ਵਰਿਆਮ ਸਿੰਘ ਬੜਾ ਮਾਰ-ਖੋਰ, ਲੜਨ-ਮਰਨ ਵਾਲਾ, ਜਿਵੇਂ ਬਹੁਤ ਹੀ ਵਿਗੜਿਆ ਜੱਟ ਹੋਵੇ ਪਰ ਉਹ ਚੰਗੀ ਤਰ੍ਹਾਂ ਤਾੜ ਗਿਆ ਸੀ ਕਿ ਜੇਕਰ ਉਸ ਨੇ ਅੱਜ ਆਪਣੀ ਗ਼ਲਤੀ ਨਾ ਮੰਨੀ ਤਾਂ ਆਉਣ ਵਾਲਾ ਵਕਤ ਉਸ ਨੂੰ ਔਖਾ ਵੇਖਣਾ ਪਵੇਗਾ।

'ਜੀ ਮੈਨੂੰ ਪਰਿਆ ਦਾ ਫ਼ੈਸਲਾ ਮਨਜ਼ੂਰ ਹੈ।' ਵਰਿਆਮ ਸਿੰਘ ਬੋਲਿਆ ਤੇ ਦੋਵੇਂ ਹੱਥ ਜੋੜ ਕੇ ਕਹਿਣ ਲੱਗਾ, ‘ਅੱਗੇ ਤੋਂ ਇਹ ਕੰਮ ਨਹੀਂ ਹੋਵੇਗਾ !’

‘ਠਹਿਰੋ।’

ਦੂਰ ਬੈਠਾ ਖੁਰਲੀ ਨੂੰ ਢੋਹ ਲਾਈ ਬਾਬਾ ਸੁਰੈਣੂ ਬੋਲ ਉੱਠਿਆ।

'ਦੱਸੋ ਬਾਬਾ ਜੀ, ਕੀ ਕਹਿਣਾ ਚਾਹੁੰਦੇ ਹੋ ?' ਨੰਬਰਦਾਰ ਦਾ ਵੱਡਾ ਪੁੱਤਰ ਬੋਲਿਆ।

'ਇਨ੍ਹਾਂ ਨੂੰ ਉਨਾ ਚਿਰ ਮੁਆਫ਼ ਨਾ ਕਰੋ ਜਿੰਨਾ ਚਿਰ ਇਹ ਨਹੀਂ ਮੰਨਦੇ ਕਿ ਇਹ ਆਪਣੇ ਬੱਚਿਆਂ ਨੂੰ ਸਕੂਲੇ ਪੜ੍ਹਨੇ ਪਾਉਣਗੇ।' ਬਾਬੇ ਸੁਰੈਣੂ ਦੇ ਬੋਲ ਸਨ।

'ਹੈਂ ! ਇਹ ਕੀ ਗੱਲ ਹੋਈ? ਇਥੇ ਬੱਚੇ ਕਿੱਥੋਂ ਵਿਚ ਆਣ ਵੜੇ !’ ਬੂੜ ਸਿੰਘ ਨੇ ਕਿਹਾ।

'ਓਏ ਭਲਿਓ ਲੋਕੋ, ਇਹੀ ਤਾਂ ਖ਼ਾਨੇ ਪਾਉਣ ਵਾਲੀ ਗੱਲ ਹੈ। ਜਿੰਨਾ ਚਿਰ ਤੁਹਾਡੇ ਘਰਾਂ ਅੰਦਰ ਵਿੱਦਿਆ ਦਾ ਚਾਨਣ ਨਹੀਂ ਆਉਂਦਾ ਉਦੋਂ ਤਕ ਤੁਸੀਂ ਹਮੇਸ਼ਾ ਮਰਨ-ਮਰਾਉਣ ’ਤੇ ਹੀ ਤੁਰਦੇ ਰਹੋਗੇ। ਆਪਣੇ ਬੱਚਿਆਂ ਨੂੰ ਚੰਗੀ ਵਿੱਦਿਆ ਲਈ ਸਕੂਲਾਂ ਵਿਚ ਭੇਜੋ ਤਾਂ ਕਿ ਤੁਹਾਨੂੰ ਪਤਾ ਲੱਗੇ ਕਿ ਚੰਗਿਆਈ ਤੇ ਬੁਰਿਆਈ ਕੀ ਹੁੰਦੀ ਏ। ਸਗੋਂ ਕੱਲੇ ਕਰੇਹ ਹੀ ਨਹੀਂ ਸਾਰਾ ਪਿੰਡ ਆਪਣੇ ਮੁੰਡੇ-ਕੁੜੀਆਂ ਨੂੰ ਸਕੂਲ ਵਿੱਚ ਦਾਖ਼ਲ ਕਰਾਉਣ ਨੂੰ ਸ਼ਾਹਪੁਰ ਗੋਰਾਇਆ, ਕੋਈ ਦੂਰ ਨਹੀਂ। ਮੈਂ ਇਹ ਚਾਹਾਂਗਾ ਕਿ ਇਹ ਸ਼ੁਭ ਕੰਮ ਸਾਹਿਬ ਖ਼ੁਦ ਆਪ ਕਰਨ। ਹੈਡਮਾਸਟਰ ਸੋਹਣ ਸਿੰਘ ਰੂੜਿਆਂ ਤੋਂ ਇਨ੍ਹਾਂ ਦਾ ਚੰਗਾ ਸੱਜਣ-ਬੇਲੀ ਹੈ। ਅੱਗੇ

ਤੁਹਾਡੀ ਮਰਜ਼ੀ !'

ਬਾਬਾ ਏਨੀ ਗੱਲ ਕਹਿ ਕੇ ਆਪਣੇ ਕੱਚੇ ਕੋਠੇ ਵੱਲ ਤੁਰ ਪਿਆ।

'ਲਉ ਜੀ ਬਾਬੇ ਸੁਰੈਣੂ ਹੁਰਾਂ ਲੱਖ ਦੀ ਇੱਕ ਕਰ ਦਿੱਤੀ। ਹੁਣ ਦੱਸੋ, ਕੀ ਸੋਚਦੇ ਹੋ !' ਲਾਭ ਚੰਦ ਖੱਤਰੀ ਆਪਣੇ ਤੁਰਲੇ ਨੂੰ ਠੀਕ ਕਰਦਾ ਬੋਲਿਆ

'ਜਿਸ ਨੂੰ ਇਹ ਮਨਜ਼ੂਰ ਨਹੀਂ ਉਹ ਆਪਣਾ ਹੱਥ ਉਤਾਂਹ ਚੁੱਕੇ।' ਸ਼ਾਹ ਦੇ ਬੋਲ ਸਨ। ਦੂਰ ਬੈਠੇ ਬੱਕਰੀਆਂ ਵਾਲੇ ਗਿਆਨ ਨੇ ਆਪਣਾ ਹੱਥ ਖੜ੍ਹਾ ਕਰ ਦਿੱਤਾ ਤਾਂ ਸਾਰੇ ਪਿੰਡ ਵਾਲਿਆਂ ਦਾ ਹਾਸਾ ਨਿਕਲ ਗਿਆ।

'ਕਿਓਂ ਭਈ ਕੀ ਗੱਲ?' ਸ਼ਾਹ ਹੈਰਾਨ ਸੀ।

'ਸ਼ਾਹ ਜੀ ਇਹਨੂੰ ਕੋਈ ਕਿਧਰਿਓਂ ਯੂਪੀ ਸ਼ੂਪੀ 'ਚੋਂ ਹੀ ਲਿਆ ਦਿਓ।' ਰੋਟੀ-ਟੁਕ ਚੱਲਦਾ ਹੋ ਜੂ। ਦੋ-ਤਿੰਨ ਬੱਕਰੀਆਂ ਹੀ ਲੱਗਣਗੀਆਂ, ਬੂੜ ਸਿੰਘ ਤੋਂ ਰਿਹਾ ਨਾ ਗਿਆ।

ਸ਼ਾਹ ਹੱਸ-ਹੱਸ ਦੋਹਰਾ ਹੁੰਦਾ ਹੋਇਆ ਜਦ ਵਾਪਿਸ ਮੁੜਿਆ ਤਾਂ ਨੰਬਰਦਾਰਾਂ ਦੇ ਛੋਟੇ ਸ਼ੀਰੀ ਨੂੰ ਇਸ਼ਾਰਾ ਕੀਤਾ ਕਿ ਘੋੜੀਆਂ ਖੋਲ੍ਹ ਕੇ ਵਰਿਆਮ ਸਿੰਘ ਦੇ ਮੁੰਡੇ ਨੂੰ ਲਗਾਮਾਂ ਫੜਾ ਦੇਵੇ।

ਘੋੜੀਆਂ ਮੂਹਰੇ ਸੱਜਰੇ ਖੂਹੀ ਦੇ ਪਾਣੀ ਦੇ ਬਾਟੇ ਅੱਧੇ-ਅੱਧੇ ਹੋਏ ਪਏ ਸਨ।

ਇਹ ਅਜਿਹੀ ਘਟਨਾ ਸੀ ਜਿਸ ਨੇ ਹਵੇਲੀਆਂ ਅਤੇ ਪਿਛਲੇ ਪਿੰਡ ਦੇ ਕੁੜੀਆਂ ਮੁੰਡਿਆਂ ਨੂੰ ਸ਼ਾਹਪੁਰ ਗੋਰਾਇਆ ਦੇ ਰਾਹੇ ਪਾਇਆ ਤੇ ਹਰੇਕ ਬੱਚੇ ਨੂੰ ਦਾਖ਼ਲ ਕਰਾਉਣ ਵੇਲੇ ਸਾਹਿਬ ਮੋਹਰੀ ਹੁੰਦੇ ਸੀ। ਅੱਜ ਤਕ ਵੀ ਸਹੀ ਜਨਮ-ਤਰੀਕਾਂ ਦਾ ਲੱਭਣਾ ਮਾਊਂਟ ਐਵਰੈਸਟ ਨੂੰ ਸਰ ਕਰਨ ਬਰਾਬਰ ਲੱਗਦਾ ਹੈ।

ਸਾਹਿਬ ਉਦੋਂ ਭਰ ਜਵਾਨੀ ਵਿਚ ਸੀ ਜਦ ਇਨ੍ਹਾਂ ਗੱਡਿਆਂ-ਰੇਹੜੀਆਂ ਨਾਲ ਪਿੰਡੋਂ-ਪਿੰਡ ਰਸਦ ਇਕੱਠੀ ਕਰਕੇ ਖਾਲਸਾ ਕਾਲਜ ਅੰਮ੍ਰਿਤਸਰ ਬਣਾਉਣ ਵਿੱਚ ਹਿੱਸਾ ਪਾਇਆ ਸੀ। ਇਹੀ ਵਜ੍ਹਾ ਸੀ ਕਿ ਆਪ ਅਨਪੜ੍ਹ ਹੁੰਦੇ ਹੋਏ ਵੀ ਆਪਣਿਆਂ ਪੋਤਰਿਆਂ-ਪੋਤਰੀਆਂ ਨੂੰ ਉੱਚੀ ਵਿੱਦਿਆ ਲਈ ਖਾਹਿਸ਼ਵੰਦ ਸਨ। ਨੰਬਰਦਾਰਾਂ ਦੇ ਸਭ ਤੋਂ ਵੱਡੇ ਮੁੰਡੇ ਨਿੰਮੇ ਨੇ ਡੇਰਾ ਬਾਬਾ ਨਾਨਕ ਤੋਂ ਹਾਇਰ ਸਕੈਂਡਰੀ ਪੂਰੀ ਕਰਕੇ ਖ਼ਾਲਸਾ ਕਾਲਜ, ਅੰਮ੍ਰਿਤਸਰ ਸੰਨ 1965 ਵਿਚ ਦਾਖਲਾ ਲਿਆ ਸੀ। ਬਸ ਫਿਰ ਕੀ ਸੀ — ਕਿਰਨ-ਮ-ਕਿਰਨੀ ਸਾਰੇ ਹੀ ਏਸੇ ਰਾਹੇ ਤੁਰ ਪਏ ਤੇ ਇਨ੍ਹਾਂ ਦੀ ਰੀਸੇ ਆਲੇ-ਦਵਾਲੇ ਦੇ ਪਿੰਡਾਂ ਅੰਦਰ ਪੜ੍ਹਾਈ ਲਈ ਨਵੀਂ ਲਹਿਰ ਤੁਰ ਪਈ।

ਨੰਬਰਦਾਰਾਂ ਦੇ ਮੁੰਡਿਆਂ-ਕੁੜੀਆਂ ਅੰਦਰ ਅਗਾਂਹਵਧੂ ਸੋਚ ਭਾਰੂ ਹੁੰਦੀ ਜਾ ਰਹੀ ਸੀ। ਸਿੱਟੇ ਵਜੋਂ ਕੰਤੇ ਜੋ 2½ ਜਮਾਤਾਂ ਕਰਕੇ ਬਾਪੂ ਨਾਲ ਹਲ ਵਾਹੁਣ ਦੇ ਚਾਅ ਨਾਲ ਸਕੂਲ ਜਾਣੋਂ ਹਟ ਗਿਆ ਸੀ ਉਸ ਹੁਣ ਪੰਚਾਇਤ ਦੀਆਂ ਚੋਣਾਂ

ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਸੁਭਾਅ ਦਾ ਅੜਬ, ਲੜਾਕੂ ਤੇ ਖਾਣ-ਪੀਣ ਦਾ ਪੂਰਾ ਸ਼ੌਕੀਨ ਵੀ ਸੀ।

ਲਾਗਲੇ ਪਿੰਡ ਭਗਠਾਣਾ-ਤੁਲੀਆਂ ਤੋਂ ਇਕ ਵਾਹਲਿਆਂ ਦਾ ਟੱਬਰ ਸੀ ਜੋ ਛੇ ਭਰਾ ਸਨ। ਦੂਸਰੇ ਨੰਬਰ ਵਾਲੇ ਦਾ ਨਾਂ ਛਿੱਬਾ (ਸ਼ਿਵ ਸਿੰਘ) ਸੀ। ਜ਼ਮੀਨ ਬਹੁਤ ਹੀ ਥੋੜ੍ਹੀ ਹੁੰਦੀ ਸੀ ਤੇ ਕਦੇ ਵਕਤ ਸੀ ਜਦੋਂ ਇਸ ਨੇ ਸਿਰ ’ਤੇ ਸਬਜ਼ੀਆਂ ਭਾਜੀਆਂ ਰੱਖ ਕੇ ਵੀ ਵੇਚੀਆਂ ਸਨ। ਅੱਜ ਇਨ੍ਹਾਂ ਦੇ ਦਿਨ ਫਿਰ ਗਏ ਤੇ ਕੁਝ ਜ਼ਮੀਨ ਰਾਵੀ ਤੋਂ ਪਾਰ ਘਣੀਏ-ਕੇ ਬੇਟ ਵੀ ਲੈ ਲਈ ਸੀ। ਇਨ੍ਹਾਂ ਦੇ ਬਾਪ ਦੀ ਨੰਬਰਦਾਰਾਂ 'ਚ ਇਕ ਭਰਾ ਨਾਲ ਚੰਗੀ ਰਾਸ ਰਲਦੀ ਸੀ।

ਪਿੰਡਾਂ ਦੀ ਆਰਥਿਕਤਾ ਨੇ ਖਾਸ ਕਰਕੇ ਛੋਟੀ ਤੇ ਮੱਧ-ਸ਼੍ਰੇਣੀ ਅੰਦਰ ਕਈ ਤਰ੍ਹਾਂ ਦੇ ਮਾਨਸਿਕ ਉਤਰਾਅ-ਚੜ੍ਹਾਅ ਲਿਆਂਦੇ, ਜਿਸ ਦੀ ਵਜ੍ਹਾ ਬਣੀ ਕਿ ਆਖਰੀ ਹੱਦ (ਹਿੰਦ-ਪਾਕ) ਹੋਣ ਕਰਕੇ ਬਹੁਤ ਸਾਰੇ ਨੌਜਵਾਨਾਂ ਨੇ ਰਾਤ-ਬਰਾਤੇ ਰਾਵੀ ਪਾਰ ਕਰ ਜਾਣੀ। ਦੋਵੇਂ ਪਾਸੇ ਸੰਘਣੇ ਜੰਗਲ ਹੁੰਦੇ ਸਨ। ਝੱਟ ਝਕਾਨੀ ਦੇ ਕੇ ਛੁਪ ਜਾਣਾ ਤੇ ਫਿਰ ਹੱਥ ਹੀ ਨਾ ਲੱਗਣਾ। ਇਹ ਵਰਤਾਰਾ ਕਈ ਸਾਲ ਚੱਲਦਾ ਰਿਹਾ।

ਰਾਤ-ਬਰਾਤੇ ਬਾਰਡਰ ਨੂੰ ਆਰ-ਪਾਰ ਕਰਨਾ ਤੇ ਪੀ.ਏ.ਪੀ. ਦੀਆਂ ਇੱਧਰ ਤੇ ਰੇਂਜਰਜ਼ ਦੀਆਂ ਓਧਰ ਚੌਂਕੀਆਂ ਖਾਲਾ ਜੀ ਦਾ ਵਾੜਾ ਤਾਂ ਨਹੀਂ ਸੀ। ਸਮਗਲਿੰਗ ਕਰਨਾ ਕੋਈ ਕੱਲ੍ਹੇ-ਕਾਰੇ ਦਾ ਕੰਮ ਵੀ ਤਾਂ ਨਹੀਂ ਸੀ। ਇਸ ਕਰਕੇ ਛਿੱਬੇ ਹੁਰਾਂ ਦੀ ਕੱਚੀ ਹਵੇਲੀ ਅੰਦਰ ਦਾਰੂ ਆਉਣ ਲੱਗੀ ਤੇ ਮੁਰਗੇ ਬਣਨ ਲੱਗੇ। ਪਿੰਡ ਚੌੜਾ, ਸਰਜੇ ਚੱਕ, ਅਗਵਾਨ, ਹਰੂਵਾਲ ਤੋਂ ਵਾਹਰਾਂ ਦੀਆਂ ਵਾਹਰਾਂ ਨੇ ਇਨ੍ਹਾਂ ਦੀ ਹਵੇਲੀ ਨੂੰ ਰਾਤ ਹੁੰਦਿਆਂ ਹੀ ਵਹੀਰਾਂ ਘੱਤ ਲੈਣੀਆਂ। ਵਿਗੜਿਆ ਜੱਟ ਤਾਂ ਕੱਲ੍ਹਾ ਮਾਣ ਨਹੀਂ ਹੁੰਦਾ ਇਹ ਤਾਂ ਫਿਰ ਵਣ-ਵਣ ਦੀ ਲੱਕੜੀ ਇਕੱਠੀ ਹੋਈ ਪਈ ਸੀ ਜਿਨ੍ਹਾਂ ਵਿਚ ਜੱਟ, ਮਜ਼੍ਹਬੀ ਤੇ ਈਸਾਈ ਸਨ, ਪਰ ਚੰਗੀ ਗੱਲ ਇਹ ਸੀ ਕਿ ਇਨ੍ਹਾਂ ਦਾ ਖਾਣਾ-ਪੀਣਾ ਸਾਂਝਾ ਸੀ।

ਦੂਜੇ ਪਾਸੇ ਜੱਟਪੁਣੇ ਦੇ ਕਿਰਦਾਰ ਦਾ ਜਾਗਣਾ ਵੀ ਤਾਂ ਕੁਦਰਤੀ ਸੀ। ਲੜਾਈਆਂ-ਭੜਾਈਆਂ ਹੋਣ ਲੱਗੀਆਂ। ਪਰ ਉਹ ਵੀ ਆਪੋ-ਆਪਣਾ ਸਿੱਕਾ ਜਮਾਉਣ ਲਈ। ਛਿੱਬਾ ਚਾਹੇ ਕੱਦ ਦਾ ਤਾਂ ਮੱਧਰਾ ਸੀ ਪਰ ਦਲੇਰ ਪੂਰਾ ਸੀ। ਕਦੇ ਕਿਸੇ ਲੜਾਈ ਵਿਚ ਕਦੇ ਕਿਸੇ ਵਿਚ। ਆਪਣੇ ਹੀ ਪਿੰਡ ਦੇ ਸਰਪੰਚ ਨੂੰ ਉਸ ਦੇ ਚੁਬਾਰੇ ਵਿਚ ਜਾ ਕੇ ਵੱਢ ਸੁੱਟਿਆ। ਸਜ਼ਾ ਹੋਈ। ਭੁਗਤ ਕੇ ਆਇਆ ਤੇ ਪਿੰਡ ਵਿਚ ਹੀ ਇਕ ਕਤਲ ਹੋਰ ਕਰ ਬੈਠਾ ਤੇ ਸਜ਼ਾ ਉਮਰ ਕੈਦ ਦੀ ਹੋ ਗਈ।

ਛੁੱਟੀਆਂ ਵਿਚ ਨਿੰਮਾ ਪਿੰਡ ਆਇਆ ਤਾਂ ਬਾਬੇ ਸੁਰੈਣੂ ਨੇ ਉਸ ਨੂੰ ਆਪਣੇ ਕੋਲ ਬੁਲਾਇਆ ਤੇ ਕਿਹਾ, 'ਪੁੱਤਰਾ, ਤੂੰ ਜੋ ਕਰ ਰਿਹਾ ਏਂ ਬੜਾ ਭਲਾ ਕੰਮ ਈ ; ਅਜੇ ਭਾਵੇਂ ਆਮ ਲੋਕਾਂ ਨੂੰ ਤੇਰੀਆਂ ਸ਼ਾਇਦ ਸਾਰੀਆਂ ਗੱਲਾਂ ਦੀ ਸਮਝ ਵੀ ਨਾ ਪੈਂਦੀ ਹੋਵੇ।'

'ਬਾਬਾ ਜੀ, ਮੈਂ ਸਮਝਿਆ ਨਹੀਂ।'

'ਗੱਲ ਬੜੀ ਸਿੱਧੀ ਏ। ਮੈਂ ਫੌਜ ਵਿਚ ਨੌਕਰੀ ਕੀਤੀ ਆ ਤੇ ਪੂਰੀ ਦੁਨੀਆਂ ਨੂੰ ਮਰਦਿਆਂ ਵੇਖਿਆ। ਇਹ ਵੱਡੀ ਜੰਗ ਕੋਈ ਐਵੇਂ ਸਿੱਧੀ-ਸਾਦੀ ਨਹੀਂ ਸੀ। ਇਹ ਰੱਜੇ-ਪੁੱਜੇ ਅਮੀਰ ਮੁਲਕਾਂ ਦੀ ਆਪਣੀ-ਆਪਣੀ ਸਰਦਾਰੀ ਕਾਇਮ ਕਰਨ ਪਿੱਛੇ ਸੀ। ਸਾਨੂੰ ਤਾਂ ਫਰੰਗੀਆਂ ਨੇ ਅੱਲੜ੍ਹ ਉਮਰੇ ਹੀ ਭਰਤੀ ਕਰ ਲਿਆ ਸੀ। ਉਹ ਵੀ ਤਾਂ ਕਿ ਉਹ ਹਿੰਦੋਸਤਾਨ ਵਿਚ ਆਪਣੀ ਹਕੂਮਤ ਲੰਬਾ ਸਮਾਂ ਰੱਖ ਸਕਣ। ਇਸ ਲੜਾਈ ਵਿਚ ਜੋ ਜਿੱਤੇ ਅਸਲ ਵਿਚ ਉਹ ਵੀ ਹਾਰ ਚੁੱਕੇ ਸਨ ਤੇ ਜੋ ਹਾਰੇ ਉਹ ਤਾਂ ਹਾਰੇ ਹੀ ਹੋਏ ਸਨ।

ਹੁਣ ਵਕਤ ਹੈ ਨੌਜਵਾਨਾਂ ਨੂੰ ਉਨ੍ਹਾਂ ਦੀ ਸਾਧਾਰਨ ਪੇਂਡੂ ਬੋਲੀ ਵਿਚ ਇਹ ਜੋ ਕਾਰਲ ਮਾਰਕਸ ਜਾਂ ਲੈਨਿਨਵਾਦ ਹੈ ਇਹ ਪੂਰੀ ਤਰ੍ਹਾਂ ਸਮਝਾਇਆ ਤੇ ਚੰਗੀ ਤਰ੍ਹਾਂ ਪੜ੍ਹਾਇਆ ਜਾਵੇ। ਤੁਹਾਡੇ ਆਪਣੇ ਪੰਜਾਬ ਨੂੰ ਗੁਰੂ ਸਾਹਿਬਾਨ ਬਹੁਤ ਕੁਝ ਦੇ ਗਏ ਹਨ ; ਉਸ ਨੂੰ ਕਦੇ ਵੀ ਅੱਖੋਂ ਉਹਲੇ ਨਾ ਕਰਨਾ।'

'ਬਾਬਾ ਜੀ ਤੁਹਾਨੂੰ ਮਾਰਕਸ ਤੇ ਲੈਨਿਨ ਦੇ ਨਾਵਾਂ ........?'

'ਮੈਨੂੰ ਪਤਾ ਤੂੰ ਇਹ ਸੁਆਲ ਜ਼ਰੂਰ ਕਰਨਾ ਸੀ। ਲੈ ਫਿਰ ਸੁਣ। ਆਪਣੇ ਹੀ ਜ਼ਿਲ੍ਹੇ ਦਾ ਇਕ ਸੂਰਮਾ ਬਾਗ਼ੀ ਸੀ ਜੋ ਪਿੱਛੋਂ ਪਿੰਡ ਅਲੂਣਾ ਤੋਂ ਸੀ। ਮੈਂ ਤਾਂ ਪਹਿਲੀ ਵੱਡੀ ਜੰਗ ਵਿਚ ਬਾਹਰ ਸਾਂ ਜਦੋਂ ਜੱਲ੍ਹਿਆਂਵਾਲੇ ਬਾਗ ਵਿੱਚ ਗੋਰਿਆਂ ਨੇ ਕਤਲੇਆਮ ਕੀਤਾ ਸੀ। ਉਹ ਸੂਰਮਾ ਸੀ ਸਮੁੰਦ ਸਿੰਘ ਜਿਹੜਾ ਬਾਅਦ ਵਿਚ ਤੇਜਾ ਸਿੰਘ ਸੁਤੰਤਰ ਦੇ ਨਾਮ ਨਾਲ ਮਸ਼ਹੂਰ ਹੋਇਆ ਸੀ। ਜੱਲ੍ਹਿਆਂਵਾਲਾ ਬਾਗ ਦੇ ਤੇ ਉਸ ਤੋਂ ਬਾਅਦ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਨੇ ਉਸ ਦੀ ਕਾਇਆਕਲਪ ਕਰ ਦਿੱਤੀ ਤੇ ਉਸ ਨੇ ਪ੍ਰਣ ਲੈ ਲਿਆ ਕਿ ਉਹ ਹੁਣ ਮੁਲਖ ਦੀ ਆਜ਼ਾਦੀ ਲਈ ਲੜੇਗਾ! ਤੇ ਉਹ ਲੜਿਆ ਵੀ ਤੇ ਜੇਲ੍ਹ ਵੀ ਭੁਗਤੀ। ਤੁਰਕੀ ਜਾ ਕੇ 6 ਸਾਲ ਗੁਰੀਲਾ ਟ੍ਰੇਨਿੰਗ ਕੀਤੀ ਉਸ ਤੋਂ ਬਾਅਦ ਫਰਾਂਸ, ਜਰਮਨੀ, ਅਮਰੀਕਾ, ਪੀਰੂ, ਅਰਜਨਟੀਨਾ ਜਾ ਕੇ ਉਥੇ ਰਹਿੰਦੇ ਪੰਜਾਬੀਆਂ ਨੂੰ ਮੁਲਖ ਦੀ ਆਜ਼ਾਦੀ ਲਈ ਤਿਆਰ ਕੀਤਾ ਤੇ ਮਾਰਕਸਵਾਦ-ਲੈਨਿਨਵਾਦ ਦੀ ਪੜ੍ਹਾਈ ਲਈ ਨਾ ਸਿਰਫ਼ ਮਾਸਕੋ ਆਪ ਗਿਆ ਸਗੋਂ ਹੋਰ ਬਹੁਤ ਸਾਰੇ ਪੰਜਾਬੀਆਂ ਨੂੰ ਉਸ ਉਥੇ ਭੇਜਿਆ ਸੀ। ਵਾਪਿਸ ਹਿੰਦੋਸਤਾਨ ਆ

ਕੇ ਜਿਥੇ ਪਹਿਲਾਂ ਉਸ ਨੇ ਅਕਾਲੀਆਂ ਤੇ ਬੱਬਰਾਂ ਨਾਲ ਰਲ ਕੇ ਕੰਮ ਕੀਤਾ ਉਥੇ ਹੀ ਉਸ ਨੇ ਪੰਜਾਬ ਅੰਦਰ ਕਮਿਊਨਿਸਟ ਪਾਰਟੀ ਦੀ ਨੀਂਹ ਵੀ ਰੱਖੀ।

'ਪਰ ਬਾਬਾ ਜੀ, ਸਮੁੰਦ ਸਿੰਘ ਤੋਂ ਤੇਜਾ ਸਿੰਘ ਸੁਤੰਤਰ ਕਿਵੇਂ ਹੋ ਗਿਆ?'

'ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ ਬੜਾ ਭਿਆਨਕ ਸੀ। ਗੋਰਿਆਂ ਦੀ ਸ਼ਹਿ 'ਤੇ ਉਥੇ ਮਹੰਤ ਨਾਰਾਇਣ ਦਾਸ ਨੇ ਆਪਣੇ ਅਫ਼ਗਾਨੀ ਗੁੰਡਿਆਂ ਨਾਲ ਕਬਜ਼ਾ ਕੀਤਾ ਹੋਇਆ ਸੀ ਤੇ ਉਨ੍ਹਾਂ ਕਾਫ਼ਰਾਂ ਤੋਂ ਇਸ ਨਾਨਕ ਦੇ ਘਰ ਨੂੰ ਆਜ਼ਾਦ ਕਰਵਾਉਣ ਲਈ ਸਿੰਘਾਂ ਨੇ ਜਦ ਓਧਰ ਚਾਲੇ ਪਾਏ ਤਾਂ ਮਹੰਤ ਦੇ ਬੰਦਿਆਂ ਨੇ ਲਛਮਣ ਸਿੰਘ ਜਿਹੜਾ ਪਿੱਛੋਂ ਆਹ ਲਾਗਲੇ ਪਿੰਡ ਧਾਰੋਵਾਲੀ ਤੋਂ ਸੀ, ਨੂੰ ਜ਼ਖ਼ਮੀ ਕਰਕੇ ਜੰਡ ਦੇ ਦਰੱਖ਼ਤ ਨਾਲ ਜਿਉਂਦੇ ਸਾੜ ਦਿੱਤਾ ਸੀ। ਪਰ ਧੰਨਤਾ ਦੇ ਯੋਗ ਇਨ੍ਹਾਂ ਗੁਰੂ ਦੇ ਸਿੰਘਾਂ ਦੇ ਕਾਰਨਾਮੇ ਵੇਖੀਏ-ਜਾਚੀਏ ਜਿਨ੍ਹਾਂ ਦੇ ਇਨ੍ਹਾਂ ਕਾਰਨਾਮਿਆਂ ਦਾ ਸਦਕਾ ਗੁਰੂ-ਘਰ ਆਜ਼ਾਦ ਕਰਵਾ ਲਿਆ ਸੀ। ਏਸੇ ਤਰ੍ਹਾਂ ਹੋਰ ਵੀ ਕਈ ਮਸ਼ਹੂਰ ਗੁਰਦੁਆਰੇ ਸਨ ਜਿਸ ਤਰ੍ਹਾਂ ਗੁਰੂ ਕਾ ਬਾਗ਼, ਤੇਜਾ ਵੀਲ੍ਹਾ। ਸਮੁੰਦ ਸਿੰਘ ਉਦੋਂ ਭਰ ਜਵਾਨੀ ਵਿਚ ਸੀ ਜਦ ਇਨ੍ਹਾਂ ਨੇ ਇਕ ਸੁਤੰਤਰ ਜਥਾ ਬਣਾ ਲਿਆ ਜਿਸ ਦਾ ਕੰਮ ਹੀ ਸੀ ਕਿ ਮਹੰਤਪੁਣੇ ਤੋਂ ਗੁਰੂ-ਘਰ ਆਜ਼ਾਦ ਕਰਵਾਉਣੇ ਤੇ ਆਪਣਾ ਸਭ ਕੁਝ ਦਾਅ 'ਤੇ ਲਾ ਕੇ ਮੁਲਖ ਨੂੰ ਵੀ ਗੋਰਿਆਂ ਤੋਂ ਮੁਕਤ ਕਰਾਉਣਾ। ਇਕ ਸਮੇਂ ਭਾਈ ਮਾਨ ਸਿੰਘ ਝੌਰਾ ਵਾਲੇ ਵੀ ਸੁਤੰਤਰ ਜਥੇ ਦੇ ਮੈਂਬਰ ਸਨ। ਸੁਤੰਤਰ ਜਥੇ ਨੇ ਜਿਸ ਦਾ ਸਰਪ੍ਰਸਤ ਸਮੁੰਦ ਸਿੰਘ ਸੀ ਨੇ ਤੇਜਾ ਵੀਲ੍ਹਾ ਦੇ ਗੁਰੂ-ਘਰ ਨੂੰ ਇਨ੍ਹਾਂ ਗੋਰਿਆਂ ਦੇ ਮੁਖਬਰਾਂ ਤੇ ਬਦਮਾਸ਼ਾਂ ਤੋਂ ਸੁਤੰਤਰ ਕਰਵਾਇਆ। ਇਸ ਤੋਂ ਬਾਅਦ ਲੋਕਾਂ ਨੇ ਸਮੁੰਦ ਸਿੰਘ ਨੂੰ ਤੇਜਾ ਸਿੰਘ ਸੁਤੰਤਰ ਦਾ ਨਵਾਂ ਨਾਂ ਦਿੱਤਾ ਸੀ।'

'ਬਾਬਾ ਜੀ, ਤੁਸੀਂ ਕਦੇ ਸਕੂਲ ਵੀ ਨਹੀਂ ਸੀ ਗਏ ਪਰ ਫਿਰ ਵੀ ਇਤਿਹਾਸ ਦਾ ਏਨਾ ਲੇਖਾ-ਜੋਖਾ ਕਿੱਥੋਂ ਹਾਸਿਲ ਕੀਤਾ ?'

'ਕਾਕਾ, ਮੈਂ ਅਕਾਲੀਆਂ ਤੇ ਬੱਬਰਾਂ ਤੋਂ ਪਹਿਲਾਂ ਕਰਤਾਰ ਸਿੰਘ ਸਰਾਭੇ ਬਾਰੇ ਵੀ ਜਾਣ ਗਿਆ ਸੀ। ਉਸ ਤੋਂ ਬਾਅਦ ਜਦ ਮੈਂ ਫੌਜ ਵਿੱਚੋਂ ਬਾਹਰ ਆਇਆ ਤਾਂ ਭਗਤ ਸਿੰਘ ਹੁਰਾਂ ਬਾਰੇ ਵੀ ਸੁਣਦਾ ਰਿਹਾ। ਜਦ ਅਕਾਲੀਆਂ ਤੇ ਕਾਂਗਰਸੀਆਂ ਨੇ ਕੱਠੇ ਹੋ ਕੇ ਗੋਰਿਆਂ ਦੇ ਉਲਟ ਜਲਸੇ-ਜਲੂਸ ਕੱਢਣੇ ਮੈਨੂੰ ਉਹ ਦਿਨ ਵੀ ਯਾਦ ਨੇ। ਕਾਂਗਰਸ ਉਦੋਂ ਵੀ ਸਿੱਖ ਕੌਮ ਨੂੰ ਆਪਣੇ ਹੱਕ ਵਿਚ ਵਰਤਦੀ ਰਹੀ ਤੇ ਅੱਜ ਵੀ। ਵੱਡੀ ਜੰਗ ਤੋਂ ਬਾਅਦ ਮੈਨੂੰ ਇਕ ਹੋਰ ਜੰਗ ਵੇਖਣੀ ਪਈ ਜਿਹੜੀ ਆਪਣੇ ਹੀ ਲੀਡਰਾਂ ਦੀ ਖ਼ੁਦਗਰਜ਼ੀ ਤੇ ਹਕੂਮਤ ਦੀ ਲਾਲਸਾ ਨੇ ਪੰਜਾਬ ਅੰਦਰ ਸ਼ੁਰੂ ਕਰ ਦਿੱਤੀ ਸੀ। ਜਿੱਥੇ ਆਜ਼ਾਦੀ

ਇਨ੍ਹਾਂ ਨਹਿਰੂ, ਪਟੇਲ ਤੇ ਜਿਨਾਹ ਹੁਰਾਂ ਦੀ ਬੜੀ ਵੱਡੀ ਦੇਣ ਮੰਨੀ ਜਾਂਦੀ ਐ ਉੱਥੇ ਇਹ ਵੀ ਯਾਦ ਰੱਖੀਏ ਕਿ ਗੋਰਿਆਂ ਨਾਲ ਇਨ੍ਹਾਂ ਅਜਿਹੀ ਗੰਢ-ਤੁਪ ਕੀਤੀ ਕਿ ਪੰਜਾਬ ਦੇ ਦੋ ਹਿੱਸੇ ਹੀ ਕਰਾ ਕੇ ਰੱਖ ਦਿੱਤੇ। ਓਧਰ ਬੰਗਾਲ ਵੀ ਵੰਡਿਆ ਗਿਆ।

ਸੰਨ ਸੰਤਾਲੀ ਦੀ ਵੰਡ ਨੇ ਸਦੀਆਂ ਤੋਂ ਚਲਿਆ ਆ ਰਿਹਾ ਸਾਂਝਾ ਭਾਈਚਾਰਾ ਆਪਸੀ ਪਿਆਰ-ਮੁਹੱਬਤ ਕੁਝ ਹੀ ਦਿਨਾਂ ਵਿਚ ਮਲੀਆਮੇਟ ਕਰ ਦਿੱਤਾ। ਲੱਖਾਂ ਲੋਕਾਂ ਦਾ ਕਤਲੇਆਮ ਹੋ ਗਿਆ। ਹਜ਼ਾਰਾਂ ਹੀ ਬਹੂ-ਬੇਟੀਆਂ ਦੀ ਪੱਤ ਲੁੱਟੀ ਗਈ ਤੇ ਹਜ਼ਾਰਾਂ ਏਕੜ ਜ਼ਮੀਨੀ ਰਕਬੇ ਦਾ ਏਧਰੋਂ-ਓਧਰ ਤੇ ਉੱਧਰੋਂ-ਏਧਰ ਤਬਾਦਲਾ ਹੋ ਗਿਆ। ਉਦੋਂ ਦੇ ਵਿੱਛੜੇ ਭਰਾ-ਭੈਣ, ਮਾਂ-ਬਾਪ ਅਜੇ ਵੀ ਇਕ-ਦੂਸਰੇ ਨੂੰ ਮਿਲਣ ਲਈ ਆਖਰੀ ਸਾਹ ਲੈ ਰਹੇ ਨੇ।'

'ਕਾਕਾ, ਮੈਂ ਭਾਵੇਂ ਸਕੂਲ ਇਕ ਦਿਨ ਵੀ ਨਹੀਂ ਜਾ ਸਕਿਆ ਪਰ ਮੈਂ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨੂੰ ਆਪਣੇ ਪਿੰਡੇ 'ਤੇ ਜ਼ਰੂਰ ਹੰਢਾਇਆ ਏ। ਰੂਪੋਸ਼ੀ ਵੇਲੇ ਬਹੁਤ ਲੋਕਾਂ ਦਾ ਏਸ ਹਵੇਲੀ ਅੰਦਰ ਆਉਣਾ-ਜਾਣਾ ਬਣਿਆ ਰਿਹਾ। ਤੇਜਾ ਸਿੰਘ ਸੁਤੰਤਰ ਹੁਰਾਂ ਇਕ 'ਕਿਰਤੀ ਪਾਰਟੀ' ਵੀ ਬਣਾਈ ਸੀ ਜਿਸ ਨੇ ਪੈਪਸੂ ਦੇ ਇਲਾਕੇ ਵਿਚ ਰਾਜਿਆਂ, ਰਜਵਾੜਿਆਂ, ਜਗੀਰਦਾਰਾਂ ਤੇ ਵੱਡੇ ਬਿਸਵੇਦਾਰਾਂ ਵਿਰੁੱਧ ਇਕ ਲੰਬਾ ਸੰਘਰਸ਼ ਕੀਤਾ ਸੀ। ਅਸਲ ਵਿਚ ਲਾਲ ਪਾਰਟੀ ਹੀ ਕਿਰਤੀ ਪਾਰਟੀ ਦਾ ਦੂਜਾ ਨਾਉਂ ਸੀ। ਪੈਪਸੂ ਵਿਚ ਮੁਜ਼ਾਰਾ ਲਹਿਰ ਲਾਲ ਪਾਰਟੀ ਦੇ ਝੰਡੇ ਹੇਠ ਲੜੀ ਗਈ ਜਿਸ ਦਾ ਕਮਾਂਡਰ ਤੇਜਾ ਸਿੰਘ ਸੁਤੰਤਰ ਸਨ। ਪੰਜ-ਛੇ ਸਾਲਾਂ ਦੇ ਸੰਘਰਸ਼ ਬਾਅਦ ਲਾਲ ਪਾਰਟੀ ਦੇ ਸੂਰਬੀਰਾਂ ਨੇ ਲੱਖਾਂ ਏਕੜ ਭੋਇੰ ਇਨ੍ਹਾਂ ਜਗੀਰਦਾਰਾਂ ਅਮੀਰਾਂ-ਵਜ਼ੀਰਾਂ ਤੋਂ ਖੋਹ ਕੇ ਆਮ ਲੋਕਾਂ ਵਿਚਕਾਰ ਤਕਸੀਮ ਕੀਤੀ ਸੀ। ਸੁਤੰਤਰ ਨੇ ਇਹ ਸੰਘਰਸ਼ ਆਪਣੀ ਰੂ-ਪੋਸ਼ੀ ਦੌਰਾਨ ਲੜਿਆ ਸੀ। ਚਾਹੇ ਹਿੰਦੋਸਤਾਨ ਆਜ਼ਾਦ ਹੋ ਚੁੱਕਾ ਸੀ ਪਰ ਸੁਤੰਤਰ ਦੇ ਸਿਰ ਦਾ ਇਨਾਮ ਅਜੇ ਵੀ ਬਰਕਰਾਰ ਸੀ। ਪਤਾ ਨਹੀਂ ਨਵੀਂ ਹਿੰਦੀ ਹਕੂਮਤ ਸੁਤੰਤਰ ਤੋਂ ਏਨਾ ਖੌਫ਼ ਕਿਉਂ ਖਾਂਦੀ ਸੀ ? ਬਸ ਇਹ ਉਹ ਸਮਾਂ ਸੀ ਜਦ ਸਾਹਿਬ ਹੁਰਾਂ ਨੂੰ ਮਿਲਣ 'ਸੁਤੰਤਰ' ਰਾਤ-ਬਰਾਤੇ ਆਉਂਦਾ ਤੇ ਸਾਰੀ-ਸਾਰੀ ਰਾਤ ਅਸੀਂ ਉਸ ਦੀ ਜ਼ਿੰਦਗੀ ਦੇ ਕਾਰਨਾਮੇ ਸੁਣਦੇ ਤੇ ਉਹ ਵਿਸਥਾਰ ਨਾਲ ਰੂਸ ਵਿਚ ਆਈ ਤਬਦੀਲੀ ਬਾਰੇ ਸਾਨੂੰ ਦੱਸਦਾ। ਸਭ ਤੋਂ ਵਧੀਆ ਗੁਣ ਜੋ 'ਸੁਤੰਤਰ' ਵਿਚ ਸੀ ਕਿ ਉਹ ਔਖੇ ਤੋਂ ਔਖੇ ਸੁਆਲਾਂ ਦੇ ਜਵਾਬ ਬੜੀ ਠੇਠ ਬੋਲੀ ਵਿਚ ਦੱਸਦਾ। ਅੱਗੋਂ ਭਾਵੇਂ ਕੋਈ ਕੋਰਾ ਅੰਗੂਠਾ ਛਾਪ ਹੀ ਕਿਉਂ ਨਾ ਹੋਵੇ ਉਸ ਦੀ ਸਮਝ ਵਿਚ ਸੁਤੰਤਰ ਦੀ ਗੱਲ ਆ ਜਾਂਦੀ ਸੀ। ਉਹੀ ਮੁਰਸ਼ਦ ਸੀ ਮੇਰਾ।'

'ਅਸੀਂ ਕਿੱਥੋਂ ਗਲਤ ਹਾਂ ਲੋਕਾਂ ਦਾ ਹੁੰਗਾਰਾ ਬਹੁਤ ਘੱਟ ਮਿਲਦਾ ਹੈ। ਕੋਈ ਰਾਏ ਦਿਉ।'

'ਵੇਖ ਕਾਕਾ ! ਰੂਸ, ਚੀਨ, ਕਿਊਬਾ ਵੱਖਰੀ-ਵੱਖਰੀ ਕਿਸਮ ਦੇ ਲੋਕ, ਵੱਖਰੇ ਵੱਖਰੇ ਉਨ੍ਹਾਂ ਦੇ ਆਰਥਿਕ ਮਸਲੇ ਹਨ, ਕੋਈ ਕਿਸੇ ਨੂੰ ਮੰਨਦਾ, ਕੋਈ ਕਿਸੇ ਨੂੰ ਪਰ ਇੱਕ ਗੱਲ ਯਾਦ ਰੱਖੋ ਦੂਰੋਂ ਕਿਧਰੇ ਗਾਚ ਕਰਕੇ ਲਿਆਂਦੇ ਬੂਟੇ ਨੂੰ ਤੁਸੀਂ ਆਪਣੀ ਧਰਤੀ ਵਿਚ ਲਿਆ ਗੱਡੋ ਤੇ ਕਾਹਲੀ-ਕਾਹਲ਼ੀ ਫ਼ਲ ਦੀ ਆਸ ਕਰੋ, ਇਸ ਤਰ੍ਹਾਂ ਕਦਾਚਿਤ ਵੀ ਨਹੀਂ ਜੇ ਹੋਣਾ ! ਤੁਹਾਡੇ ਆਪਣੇ ਮੁਲਖ ਤੇ ਇਸ ਪੰਜਾਬ ਦੀ ਧਰਤੀ ’ਤੇ ਬਹੁਤ ਕੁਝ ਹੋ ਗੁਜ਼ਰਿਆ। ਇਹ ਲੋਕ ਰੱਬ ਵਿਚ ਅੰਨ੍ਹਾ ਵਿਸ਼ਵਾਸ ਰੱਖਦੇ ਨੇ, ਤਾਹੀਓਂ ਤਾਂ ਕਹਿੰਦੇ ਨੇ, “ਏਥੇ ਤੇਤੀ ਕਰੋੜ ਦੇਵਤਾ ਵੱਸਦਾ !” ਜਿੰਨਾ ਚਿਰ ਤੁਸੀਂ ਬਾਹਰਲੀ ਵਿਚਾਰਧਾਰਾ ਨੂੰ ਆਪਣੇ ਲੋਕਾਂ ਦੇ ਹਾਲਾਤ ਮੂਜਬ ਨਹੀਂ ਕਰਦੇ, ਜਿੰਨਾ ਚਿਰ ਤੁਸੀਂ ਉਨ੍ਹਾਂ ਦੇ ਰੱਬ ਵਿਚਲੇ ਵਿਸ਼ਵਾਸ ਨੂੰ ਨਹੀਂ ਮੰਨਦੇ ਤੇ ਆਪਣੀ ਮਿੱਟੀ ਦੇ ਜਾਇਆਂ ਦੀ ਬੋਲੀ ਵਿਚ ਉਨ੍ਹਾਂ ਨਾਲ ਬਚਨ-ਬਿਲਾਸ ਨਹੀਂ ਕਰਦੇ ਉਦੋਂ ਤਕ ਤੁਹਾਡੇ ਪੈਰ ਲੱਗਣੇ ਦੁੱਭਰ ਹੋ ਜਾਣਗੇ।"

'ਪੜ੍ਹੇ-ਲਿਖੇ ਨੌਜਵਾਨ ਤਾਂ ਪਿੰਡੀਂ ਥਾਈਂ ਨਾਲ ਚੱਲ ਵੀ ਰਹੇ ਨੇ ਪਰ ਸ਼ਹਿਰੀ ਥਾਈਂ ਥੋੜ੍ਹਾ .....।’

'ਮੈਂ ਤੇਰੀ ਗੱਲ ਸਮਝਦਾ ਹਾਂ। ਸ਼ਹਿਰੀ ਤੇ ਪੇਂਡੂ ਜ਼ਿੰਦਗੀ ਵਿਚ ਬਹੁਤ ਫ਼ਰਕ ਹੈ। ਇਹ ਕਦੇ ਨਾ ਭੁੱਲੋ ਕਿ ਕਿਸੇ ਇਨਕਲਾਬ ਲਈ ਲੋਕ ਵੱਖਰੀ ਕਿਸਮ ਦੇ ਕਿਧਰੋਂ ਹੋਰ ਥਾਉਂ ਆਉਣਗੇ। ਹਰਗਿਜ਼ ਨਹੀਂ ! ਇਹੀ ਲੋਕ ਜੋ ਤੁਹਾਡੇ ਆਲੇ-ਦੁਆਲੇ ਤੁਰੇ ਫਿਰਦੇ ਨੇ, ਇਹ ਜੋ ਬੇਸਹਾਰਾ, ਦਿਹਾੜੀਦਾਰ, ਛੋਟੇ-ਦਰਮਿਆਨੇ ਜ਼ਿਮੀਂਦਾਰ, ਕਾਰਖਾਨਿਆਂ ਵਿਚ ਕੰਮ ਕਰਦੇ ਮਜ਼ਦੂਰ ਤੇ ਹਾਂ, ਇਕ ਹੋਰ ਗੱਲ ਇਹ ਜੋ ਲੋਕ ਨਿੱਤ ਦਰਿਆਓਂ ਆਰ-ਪਾਰ ਆਉਂਦੇ-ਜਾਂਦੇ ਨੇ, ਪਿੰਡਾਂ ਵਿਚ ਡਾਂਗ-ਸੋਟਾ ਚਲਾਉਂਦੇ ਨੇ, ਛੋਟੀਆਂ-ਮੋਟੀਆਂ ਚੋਰੀਆਂ-ਡਾਕੇ ਮਾਰਦੇ ਨੇ ਇਕ ਦਿਨ ਇਹ ਵੀ ਤੁਹਾਡੀ ਤਾਕਤ ਦਾ ਹਿੱਸਾ ਬਣਨਗੇ। ਜੰਮਦਾ ਤਾਂ ਕੋਈ ਵੀ ਚੋਰ-ਉਚੱਕਾ, ਬਦਮਾਸ਼ ਜਾਂ ਬਲੈਕੀਆ ਨਹੀਂ ਹੁੰਦਾ। ਹਾਲਾਤ ਹੀ ਸਭ ਕੁਝ ਉਲਟ-ਪੁਲਟ ਕਰ ਦੇਂਦੇ ਨੇ। ਇਕ ਦਿਨ ਇਹੀ ਲੋਕ ਤੜਕੇ ਦੇ ਸੂਰਜ ਦੀ ਲੋਅ ਬਣਨਗੇ ! ਫਿਰ ਇਹੀ ਲੋਅ ਹਰ ਚਿਹਰੇ ਦਾ ਖੇੜਾ, ਬੱਚਿਆਂ ਦਾ ਸੁਨਹਿਰੀ ਭਵਿੱਖ ਅਤੇ ਆਉਣ ਵਾਲੇ ਹਲੀਮੀ ਰਾਜ ਦਾ ਪਹਿਲਾ ਪੜਾਅ ਬਣੇਗੀ !’

ਬਾਬਾ ਸੁਰੈਣੂ ਤੇ ਨਿੰਮੇ ਵਿਚਕਾਰ ਇਹ ਵਾਰਤਾਲਾਪ ਕੁਝ ਕੁ ਦਿਨ ਪਹਿਲਾਂ ਹੀ ਹੋਈ ਸੀ। ਨਿੰਮੇ ਨੇ ਕੰਤੇ ਨਾਲ ਬਾਬੇ ਵਾਲੀ ਸਾਰੀ ਗੱਲਬਾਤ ਸਾਂਝੀ ਵੀ ਕੀਤੀ ਪਰ ਉਹ ਫਿਰ ਵੀ ਆਪਣੀ ਅੜੀ ’ਤੇ ਅੜਿਆ ਹੋਇਆ ਸੀ।

ਇਹ ਤਾਂ ਜਦੋਂ ਛਿੱਬਾ ਕੰਤੇ ਨਾਲ ਹਵੇਲੀ ਵਿਚ ਬਹਿਸ-ਮੁਬਹਿਸਾ ਕਰਦਾ ਆਪਣੇ ਘਰੇ ਗਿਆ ਤਾਂ ਉਸ ਨੇ ਆਪਣੇ ਬਾਪ ਹਰਪਾਲ ਸਿੰਘ ਨਾਲ ਜਾ ਗੱਲ ਕੀਤੀ ਸੀ। ਉਸੇ ਰਾਤ ਹੀ ਹਰਪਾਲ ਸਿੰਘ ਸਰਪੰਚ ਮੰਗਤ ਰਾਮ ਨੂੰ ਨਾਲ ਲੈ ਕੇ ਹਵੇਲੀ ਆਇਆ ਤੇ ਦੋਨਾਂ ਨੰਬਰਦਾਰ ਭਰਾਵਾਂ ਨੂੰ ਮਿਲ ਕੇ ਲੰਬੀ ਵਿਚਾਰ-ਚਰਚਾ ਕੀਤੀ। ਤਦ ਹੀ ਅਖ਼ੀਰ ਆ ਕੇ ਕਿਧਰੇ ਤਲ-ਬੇੜੀ ਲੱਗੀ ਸੀ। ਜਦ ਹਰਪਾਲ ਸਿੰਘ ਨੇ ਛਿੱਬੇ ਨਾਲ ਗੱਲ ਕੀਤੀ ਤਾਂ ਉਹ ਤਾਂ ਆਪਣੀ ਹਵੇਲੀ ਵਿਚ ਆਪਣੀ ਢਾਣੀ ਨਾਲ ਸ਼ਰਾਬ ਪੀ ਰਿਹਾ ਸੀ। ਸੁਣ ਕੇ ਸਾਰਿਆਂ ਨੇ ਹੋਰ ਬੋਤਲਾਂ ਖੋਲ੍ਹ ਲਈਆਂ। ਅਸਲ ਵਿਚ ਇਹ ਵੀ ਸਾਰੇ ਕਈਆਂ ਦਿਨਾਂ ਦੇ ਵਿਹਲੇ ਸਨ। ਰਾਵੀ ਵਿਚ ਹੜ੍ਹ ਵਰਗਾ ਮੰਜ਼ਰ ਬਣ ਚੁੱਕਾ ਸੀ। ਪਾਣੀ ਕਦੋਂ ਹੇਠਾਂ ਉਤਰੇ ਉਹ ਇਸ ਉਡੀਕ ਵਿਚ ਸਨ।

ਪੰਜਾਬ ਅੰਦਰ, ਨਕਸਲਬਾੜੀ ਪਿੰਡ, ਪੱਛਮੀ ਬੰਗਾਲ ਤੋਂ ਚੱਲੀ ਲਹਿਰ ਪੰਜਾਬ ਦੇ ਨੌਜਵਾਨਾਂ ਅੰਦਰ ਘਰ ਕਰ ਚੁੱਕੀ ਸੀ। ਇਸ ਲਹਿਰ ਦਾ ਅਸਰ ਹੀ ਸੀ ਕਿ ਹਵੇਲੀ ਵਾਲੇ ਨਿੰਮੇ ਨੇ ਐੱਮ.ਏ. ਕਰਨ ਤੋਂ ਬਾਅਦ ਆਈ.ਏ.ਐੱਸ. ਦੇ ਦਿੱਲੀ ਲਏ ਇਮਤਿਹਾਨੀ ਦਾਖਲੇ ਨੂੰ ਲੱਤ ਮਾਰ ਦਿੱਤੀ ਸੀ। ਬਾਰਡਰ ਦੇ ਨਾਲ ਲੱਗਦੇ ਪਿੰਡਾਂ ਵਿਚ ਰਾਤ-ਬਰਾਤੇ ਹਵੇਲੀ ਕਰਮੇ ਕੋਲ ਵੀ ਹੋਲ ਟਾਈਮਰ ਨੈਕਸਲਾਈਟਾਂ ਨੇ ਆ ਜਾਣਾ। ਗੁਰਦਾਸਪੁਰ ਪੜ੍ਹਦਿਆਂ ਪ੍ਰੇਮਨਗਰ ਦੀ ਪੂਰੀ ਦੀ ਪੂਰੀ ਖੁੱਲ੍ਹੀ-ਡੁੱਲ੍ਹੀ ਚਾਰਦਵਾਰੀ ਅੰਦਰ ਇਕ ਪੁਰਾਣੇ ਘਰ ਵਿਚ 5-6 ਮੁੰਡਿਆਂ ਨਾਲ ਰਹਿੰਦੇ ਤੇ ਪਤਾ ਨਹੀਂ ਕਦੋਂ ਕਿੰਨੇ ਹੀ ਹੋਰ ਆ ਜਾਂਦੇ ! ਕਦੇ-ਕਦਾਈਂ ਖ਼ਾਨ ਨੇ ਵੀ ਫੇਰਾ ਪਾ ਜਾਣਾ ਤੇ ਚਾਰੂ-ਮਾਜੂਮਦਾਰ ਦੀਆਂ ਨਵੀਆਂ ਵਿਉਂਤਬੰਦੀਆਂ ਤੇ ਗਾਈਡ ਲਾਈਨਾਂ ਦੇ ਜਾਣੀਆਂ, ਜੋ ਉਸ ਸਮੇਂ ਪੂਰੇ ਹਿੰਦੋਸਤਾਨ ਦੀ ਨੈਕਸਲਾਈਟ ਮੂਵਮੈਂਟ ਦਾ ਚੇਅਰਮੈਨ ਸੀ।

ਮੇਤਲੇ ਦੇ ਠਾਣੇਦਾਰ ਦੀ ਜਗੀਰੂ ਹੈਂਕੜ, ਖੇਤ-ਮਜ਼ਦੂਰਾਂ ਨੂੰ ਉਸ ਦੇ ਛੋਟੇ ਭਰਾ ਨੇ ਅਫੀਮ 'ਤੇ ਲਾ ਕੇ ਉਨ੍ਹਾਂ ਤੋਂ ਵਿਤੋਂ ਵੱਧ ਕੰਮ ਕਰਾਉਣਾ, 10-10 ਘੰਟੇ ਬਿਨਾਂ ਸਾਹ ਲਿਆਂ ਉਨ੍ਹਾਂ ਨੂੰ ਕੰਮ 'ਤੇ ਲਾਈ ਰੱਖਣਾ, ਮਜ਼ਦੂਰੀ ਆਮ ਨਾਲੋਂ ਘੱਟ, ਕਿਧਰੇ-ਕਿਧਰੇ ਪਰਾਣੀਆਂ ਮਾਰਨੀਆਂ ਤੇ ਉਨ੍ਹਾਂ ਦੀਆਂ ਬਹੁ-ਬੇਟੀਆਂ ਤੇ ਘਰਦੀਆਂ ਨਾਲ ਬਦ-ਸਲੂਕੀ ਕਰਨਾ ਆਮ ਵਤੀਰਾ ਹੀ ਬਣ ਗਿਆ ਸੀ। ਕੁਝ ਮਜ਼ਦੂਰ ਹਵੇਲੀਆਂ ਤੋਂ ਉਸ ਦੇ ਫਾਰਮ ਵਿਚ ਕੰਮ ਕਰਨ ਜਾਂਦੇ ਤੇ ਕਦੇ-ਕਦੇ ਹਵੇਲੀ ਆ ਕੇ ਫਰਿਆਦ ਵੀ ਕਰਦੇ ਪਰ ਦੱਬੀ ਜ਼ੁਬਾਨ ਨਾਲ। ਡਰਦੇ ਸਨ, ਕਿਧਰੇ ਦਿਹਾੜੀ ਨਾ ਟੁੱਟ ਜਾਵੇ !

ਜਿਵੇਂ ਪਿੱਛੇ ਵੀ ਦੱਸਿਆ ਜਾ ਚੁੱਕਾ ਕਿ ਠਾਣੇਦਾਰ ਦੀ ਸਰਕਾਰੇ-ਦਰਬਾਰੇ ਵੀ ਜੀ-ਹਜ਼ੂਰੀ ਹੁੰਦੀ ਸੀ। ਇਸ ਦੇ ਗੰਦੇ ਤੌਰ-ਤਰੀਕੇ ਦੀਆਂ ਆਲੇ-ਦੁਆਲੇ ਗੱਲਾਂ ਹੋਣ

ਲੱਗੀਆਂ। ਘਰ ਵਿਚ ਚੰਗੀਆਂ ਮੱਝਾਂ-ਗਾਵਾਂ, ਜਰਮਨ ਸ਼ੈਫਰਡ ਕੁੱਤੇ, ਰਫਲਾਂ-ਦੁਨਾਲੀਆਂ ਰੱਖੀਆਂ ਹੋਈਆਂ ਸਨ। ਖੇਤੀ ਦੇ ਸਾਰੇ ਵਧੀਆ ਤੋਂ ਵਧੀਆ ਸੰਦ ਤੇ ਬੇਲੇ ਦੀ ਠੰਢੀ-ਭੱਸਰ ਮਿੱਟੀ ਜਿਸ ਵਿਚ ਬੰਦਾ ਮਾਰਿਆ ਹੋਇਆ ਵੀ ਉੱਗ ਖਲੋਂਦਾ ਸੀ। ਪਾਣੀ ਵਾਸਤੇ 4-5 ਡੂੰਘੇ ਬੋਰ। ਤਿੰਨ ਪੱਕੇ ਨੌਕਰ ਸਨ ਜਿਹੜੇ ਪਸ਼ੂਆਂ ਦੀ ਸਾਂਭ-ਸੰਭਾਲ ਕਰਦੇ, ਖਾਲਾਂ, ਵੱਟ, ਬੰਨਿਆਂ ਦਾ ਖ਼ਿਆਲ ਰੱਖਦੇ। ਇਨ੍ਹਾਂ ਵਿਚ ਇਕ ਹਰੂਵਾਲ ਤੋਂ ਜਿਸ ਦਾ ਨਾਂ ਡੁੰਮ ਸੀ, ਮਜ਼ਬੀ ਜਾਤ ਦਾ ਜਿਸ ਤੋਂ ਸਭ ਤੋਂ ਵੱਧ ਕੰਮ ਕਰਾਇਆ ਜਾਂਦਾ ਤੇ ਉਸ ਨੂੰ ਬਹੁਤੀ ਵੇਰ ਪਿੰਡ ਵੀ ਨਹੀਂ ਸਨ ਜਾਣ ਦੇਂਦੇ। ਉਹ ਠਾਣੇਦਾਰ ਦੀਆਂ ਸਾਰੀਆਂ ਕਰਤੂਤਾਂ ਤੋਂ ਜਾਣੂੰ ਸੀ। ਪਤਾ ਨਹੀਂ ਇਕ ਦਿਨ ਉਸ ਨੂੰ ਕੀ ਹੋਇਆ ਸਤੇ-ਸਤਾਏ ਨੇ ਠਾਣੇਦਾਰ ਦੀ ਬੀ.ਏ. ਕਰ ਚੁੱਕੀ ਲੜਕੀ ਨੂੰ ਆਣ ਹੱਥ ਪਾਇਆ। ਸ਼ਾਇਦ ਉਹ ਕੰਮ ਵੀ ਛੱਡ ਕੇ ਜਾਣ ਵਾਲਾ ਸੀ। ਅਗਲੇ ਦਿਨ ਇਹ ਕੰਮ ’ਤੇ ਨਾ ਆਇਆ। ਕੁਝ ਦਿਨਾਂ ਬਾਅਦ ਠਾਣੇਦਾਰ ਨੇ ਹਰੂਵਾਲ ਸੁਨੇਹਾ ਭੇਜਿਆ ਕਿ ਕੰਮ ’ਤੇ ਆ ਜਾਹ ਕਿਉਂਕਿ ਮੱਝਾਂ ਦੀਆਂ ਧਾਰਾਂ ਕੱਢਣ ਦੀ ਬੜੀ ਮੁਸ਼ਕਿਲ ਹੈ, ਉਹ ਤਾਂ ਤੇਰੇ ਹੀ ਹੱਥਾਂ ’ਤੇ ਪਈਆਂ ਹੋਈਆਂ ਨੇ ! ਉਹ ਸ਼ਾਇਦ ਸਮਝਦਾ ਸੀ ਕਿ ਕੁੜੀ ਨੇ ਪਿਓ ਨੂੰ ਕੁਝ ਨਹੀਂ ਦੱਸਿਆ ਹੋਣਾ ਤਾਂ ਹੀ ਸੁਨੇਹਾ ਘੱਲਿਆ ਏ। ਅਗਲੇ ਦਿਨ ਤੜਕੇ ਠਾਣੇਦਾਰ ਦੇ ਡੇਰੇ ਚਲਿਆ ਗਿਆ। ਉਸ ਦੇ ਆਉਂਦਿਆਂ ਹੀ ਠਾਣੇਦਾਰ ਦੇ ਭਰਾ ਲਾਲੂ ਨੇ ਉਸ ਨੂੰ ਬੰਨ੍ਹ ਕੇ ਡੂੰਘੀ ਵਾਹੀ ਪੈਲੀ ਵਿਚ ਲਿਟਾ ਦਿੱਤਾ। ਠਾਣੇਦਾਰ ਨੇ ਟਰੈਕਟਰ ਸਟਾਰਟ ਕੀਤਾ ਤੇ ਸਿੱਧਾ ਉਸ ਦੀਆਂ ਲੱਤਾਂ ਉੱਪਰੋਂ ਦੀ ਲੰਘਾ ਦਿੱਤਾ। ਅਗਲੇ ਪਹੀਆਂ ਤਾਂ ਕੀ ਕਰਨਾ ਸੀ ਪਰ ਪਿਛਲੇ ਟਾਇਰਾਂ ਨੇ ਡੁੰਮ ਦੀਆਂ ਲੱਤਾਂ ਦੇ ਕੜਾਕੇ ਪਾ ਦਿੱਤੇ। ਬਾਅਦ ਵਿਚ ਸ਼ਾਮਾਂ ਨੂੰ ਹਨੇਰੇ ਹੋਏ ਉਸ ਨੂੰ ਹਰੂਵਾਲ ਦੇ ਬਾਹਰਵਾਰ ਸੁੱਟ ਆਏ।

ਕਈਆਂ ਤਾਂ ਇਹ ਵੀ ਕਿਹਾ ਕਿ ਕੁੜੀ ਦੀ ਨੌਕਰ ਨਾਲ ਰਜ਼ਾਮੰਦੀ ਸੀ। ਕਿਸੇ ਦੇ ਵੇਖ ਲੈਣ ਕਰਕੇ ਕੁੜੀ ਨੂੰ ਘਰ ਦੱਸਣਾ ਪਿਆ।

ਇਲਾਕੇ ਵਿੱਚ ਵਧ ਰਹੇ ਟਕਰਾਅ ਨੇ ਠਾਣੇਦਾਰ ਨੂੰ ਫਤਿਹਗੜ੍ਹ ਚੂੜੀਆਂ ਲਾਗੋਂ ਇਕ ਨਾਈਆਂ ਦੇ ਪਰਿਵਾਰ ਨੂੰ, ਜਿਸ ਵਿਚ ਚਾਰ ਹੱਟੇ-ਕੱਟੇ ਸੁਹਣੇ ਨੌਜਵਾਨ ਸਨ ਉਨ੍ਹਾਂ ਨੂੰ ਬੜੇ ਸਸਤੇ ਠੇਕੇ ’ਤੇ 20 ਸਾਲਾਂ ਲਈ 35 ਏਕੜ ਜ਼ਮੀਨ ਲੈ ਦਿੱਤੀ। ਅਸਲ ਵਿਚ ਠਾਣੇਦਾਰ ਨੂੰ ਵਧ ਰਹੀ ਲੋਕ-ਚੇਤਨਤਾ ਸਤਾ ਰਹੀ ਸੀ। ਉਸ ਨੂੰ ਬੰਦਿਆਂ ਦੀ ਲੋੜ ਸੀ ਜੋ ਬਿਪਤਾ ਵੇਲੇ ਉਸ ਦੀਆਂ ਬਾਹਾਂ ਬਣ ਸਕਣ। ਇਨ੍ਹਾਂ ਵਿੱਚੋਂ ਦੋ ਕਦੇ-ਕਦੇ ਮੇਲਿਆਂ ’ਤੇ ਪਹਿਲਵਾਨੀ ਕਰਦੇ ਤੇ ਕਵਿੰਟਲ ਕਵਿੰਟਲ ਪੱਥਰ ਵੀ ਚੁੱਕ ਲੈਂਦੇ ਸਨ। ਠਾਣੇਦਾਰ ਨੇ ਤਿੰਨਾਂ ਨੂੰ ਦੋਨਾਲੀਆਂ ਤੇ ਸਭ ਤੋਂ ਵੱਡੇ ਨੂੰ ਰੀਵਾਲਵਰ ਵੀ ਦਿਵਾਇਆ ਹੋਇਆ ਸੀ।

ਪੰਜਾਬ ਦੇ ਸਮਾਜਿਕ ਭਾਈਚਾਰੇ, ਸਾਂਝ-ਭਿਆਲੀ, ਵੱਖ-ਵੱਖ ਜਾਤਾਂ ਦੀ ਵੰਡ ਅੱਡੋ-ਅੱਡਰੇ ਦੌਰਾਂ ਵਿੱਚੋਂ ਗੁਜ਼ਰਦੀ ਹੋਈ ਅਜੀਬੋ-ਗਰੀਬ ਵਰਤਾਰੇ ਪੈਦਾ ਕਰਦੀ ਰਹੀ। ਕਦੇ ਤਾਂ ਉਹ ਵਕਤ ਵੀ ਸੀ ਕਿ ਪਿੰਡਾਂ ਵਿਚ ਹਰ ਇਕ ਪੱਤੀ ਭਾਵ ਜਾਤ-ਬਰਾਦਰੀ ਦੀ ਪਾਣੀ ਵਾਲੀ ਖੂਹੀ ਵੀ ਆਪਣੀ-ਆਪਣੀ ਹੁੰਦੀ ਸੀ। ਵੱਟਾਂ-ਬੰਨਿਆਂ ਦੇ ਲਾਂਘੇ ਵੀ ਆਪਣੇ-ਆਪਣੇ। ਵਿਆਹਾਂ-ਸ਼ਾਦੀਆਂ ਦੀਆਂ ਰੌਣਕਾਂ ਵੀ ਆਪੋ-ਆਪਣੀਆਂ। ਮਨੁੱਖੀ ਲਾਲਸਾ ਨੇ ਸੰਸਾਰਕ ਮੰਡੀਕਰਨ ਦਾ ਸ਼ਿਕਾਰ ਹੋਣਾ ਸੀ ਅਤੇ ਹਰ ਖੇਤਰ ਅੰਦਰ ਨਵੀਆਂ ਹੋਈਆਂ ਤਬਦੀਲੀਆਂ ਨੇ ਸਮਾਜਿਕ ਰਿਸ਼ਤੇ-ਨਾਤੇ ਤੋੜਨੇ ਜੋੜਨੇ ਸ਼ੁਰੂ ਕਰ ਦਿੱਤੇ।

ਪੁਰਾਣੇ ਸਮਿਆਂ ਤੋਂ ਚਲੇ ਆ ਰਹੇ ਪੰਜਾਬ ਦੇ ਜੱਟ-ਜ਼ਿਮੀਂਦਾਰਾਂ ਦੇ ਆਪਸੀ ਵੈਰ-ਵਿਰੋਧ, ਅਣਖ਼ ਲਈ ਮਰਨ-ਮਾਰਨ ਦਾ ਜਜ਼ਬਾ, ਇਕ-ਦੂਜੇ ਦੇ ਕਤਲਾਂ ਦਾ ਹਿਸਾਬ ਬਰਾਬਰ ਰੱਖਣ ਦਾ 'ਮੂਰਖਪੁਣਾ', ਸ਼ਰੀਕੇ ਵਿੱਚੋਂ ਕਿਸੇ ਦੀ ਮਾਰੀ 'ਬੋਲੀ' ਨੂੰ ਵਿਆਹੁਣਾ, ਮੜ੍ਹਕ ਨਾਲ ਜਿਉਣ ਦਾ ਚਾਅ ! ਸਰਦਾਰੀ ਨੂੰ ਤੇ ਮੁੱਛ ਨੂੰ ਖੜ੍ਹੀ ਰੱਖਣ ਦੀ ਭੁੱਖ ! ਇਸ ਤਰ੍ਹਾਂ ਜ਼ਿੰਦਗੀ ਜਿਉਣ ਦੀ ਅੱਗ ਨੇ ਪੰਜਾਬ ਅੰਦਰ ਜਾਤ-ਪਾਤ ਦੇ ਪਾੜੇ ਵਿਚਲੀ ਵਿੱਥ ਨੂੰ ਘਟਾ ਦਿੱਤਾ। ਵੱਡੇ ਸਰਦਾਰਾਂ-ਜ਼ਿਮੀਂਦਾਰਾਂ ਉਲਟ ਦਰਮਿਆਨੇ ਅਤੇ ਛੋਟੇ ਕਿਸਾਨਾਂ ਦਾ ਗੱਠਜੋੜ ਬਣਨ ਲੱਗਾ। ਛੋਟੇ ਕਿਸਾਨਾਂ ਦਾ ਦਰਮਿਆਨੇ ਜ਼ਿਮੀਂਦਾਰਾਂ ਉਲਟ ਮਜ਼ਬੀ ਸਿੱਖਾਂ ਅਤੇ ਹੋਰ 'ਛੋਟੀਆਂ-ਨੀਵੀਆਂ ਕਹਾਉਣ ਵਾਲੀਆਂ ਜਾਤਾਂ' ਨਾਲ ਰਿਸ਼ਤਾ ਬਣਨ ਲੱਗਾ। ਜਿਥੇ ਕਿਤੇ ਇਨ੍ਹਾਂ ਸਭਨਾਂ ਦੇ ਮੁਫ਼ਾਦਾਂ ਨੂੰ ਨੁਕਸਾਨ ਹੋਣ ਲੱਗਾ ਉਥੇ ਇਹ ਇੱਕੋ ਝੰਡੇ ਹੇਠ ਇਕੱਠੇ ਹੋ ਕੇ ਕਾਰਪੋਰੇਟ ਘਰਾਣਿਆਂ ਨਾਲ ਲੜਨ ਲੱਗੇ।

ਗੱਲ ਕਰ ਰਹੇ ਸੀ ਆਮ ਪੇਂਡੂ ਜੱਟ-ਜ਼ਿਮੀਂਦਾਰਾਂ ਅਤੇ ਉਨ੍ਹਾਂ ਦੇ ਬੇ-ਜ਼ਮੀਨੇ ਪਰਿਵਾਰਾਂ ਨਾਲ ਸੰਬੰਧਾਂ ਦੀ। ਇਨ੍ਹਾਂ ਦੇ ਆਪਸੀ ਤਾਲ-ਮੇਲ ਪਿੱਛੇ ਬਹੁਤੀਆਂ ਮਜਬੂਰੀਆਂ ਵੀ ਸਨ। ਇਕ-ਦੋ ਪੀੜ੍ਹੀਆਂ ਤਕ ਇਨ੍ਹਾਂ ਦੀਆਂ ਯਾਰੀਆਂ-ਦੋਸਤੀਆਂ, ਔਖੇ ਸਮੇਂ ਇਕ-ਦੂਸਰੇ ਲਈ ਕੰਮ ਆ ਜਾਣਾ ਚੱਲਦਾ ਰਿਹਾ। ਪਰ ਜਿਸ ਹਵੇਲੀ ਦੀ ਗੱਲ ਚੱਲਦੀ ਰਹੇਗੀ ਉਥੇ ਨੰਬਰਦਾਰਾਂ ਦੇ ਪਰਿਵਾਰਾਂ ਦਾ ਪਿੰਡ ਦੇ ਹਰੀਜਨਾਂ ਨਾਲ ਕਰੀਬ ਚਾਰ ਪੀੜ੍ਹੀਆਂ ਤੋਂ ਜ਼ਿਆਦਾ ਸਹਿਚਾਰ ਅੱਜ ਵੀ ਬਰਕਰਾਰ ਚਲਿਆ ਆ ਰਿਹਾ ਹੈ। ਏਨਾ ਹੀ ਨਹੀਂ ਸਗੋਂ ਅੱਜ ਲਾਗਦੇ ਪਿੰਡ ਭਗਠਾਣਾ-ਤੁਲੀਆਂ ਦੇ ਜੱਟਾਂ ਅਤੇ ਈਸਾਈਆਂ ਨਾਲ ਵੀ ਇਕੱਠਾ ਖਾਣਾ-ਪੀਣਾ ਚੱਲ ਰਿਹਾ ਹੈ। ਇਸ ਕਿਸਮ ਦਾ ਸਹਿਚਾਰ ਸ਼ਾਇਦ ਹੀ ਕਿਧਰੇ ਕਿਸੇ ਹੋਰ ਪਿੰਡ ਥਾਂ ਵੇਖਣ ਨੂੰ ਮਿਲੇ !

ਹਵੇਲੀਆਂ ਅਤੇ ਭਗਠਾਣਾ ਤੁਲੀਆਂ ਅੰਦਰ ਖਿਚਾਅ ਵਧ ਰਿਹਾ ਸੀ। ਦੋ ਸੁਤੰਤਰ ਵਿਚਾਰਧਾਰਾਵਾਂ ਕੰਮ ਕਰ ਰਹੀਆਂ ਸਨ। ਜਿਥੋਂ ਤਕ ਨਿੰਮੇ ਦਾ ਸੁਆਲ

ਸੀ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੜ੍ਹ ਰਿਹਾ ਸੀ ਜਿਸ ਉੱਪਰ ਸਮਾਜਵਾਦੀ ਵਿਚਾਰਧਾਰਾ ਭਾਰੂ ਹੋ ਚੁੱਕੀ ਸੀ। ਬਿਲਕੁਲ ਇਨ੍ਹੀਂ ਹੀ ਦਿਨੀਂ ਪੰਜਾਬ ਅੰਦਰ ਨਕਸਲਬਾੜੀ ਲਹਿਰ ਜ਼ੋਰ ਫੜ ਚੁੱਕੀ ਸੀ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅੰਦਰ ਨੌਜਵਾਨ ਧੜਾ-ਧੜ ਇਸ ਲਹਿਰ ਨਾਲ ਜੁੜ ਰਹੇ ਸਨ। ਖੇਤ ਮਜ਼ਦੂਰਾਂ, ਟੀਚਰਜ਼ ਯੂਨੀਅਨਾਂ, ਕਾਰਖਾਨਿਆਂ ਦੇ ਕਾਮਿਆਂ, ਰੇਲਵੇ ਮਹਿਕਮਾ ਤੇ ਖਾਸ ਤੌਰ 'ਤੇ ਛੋਟੇ ਤੇ ਮੱਧ-ਸ਼੍ਰੇਣੀ ਦੇ ਕਿਸਾਨਾਂ ਅੰਦਰ ਇਸ ਲਹਿਰ ਦੀ ਪਕੜ ਬਣਦੀ ਜਾ ਰਹੀ ਸੀ। ਨਿੰਮੇ ਨੇ ਜਦ ਵੀ ਪਿੰਡ ਆਉਣਾ ਘਰ ਘੱਟ ਤੇ ਬਾਹਰ ਬਹੁਤਾ ਰਹਿਣਾ। ਅਸਲ ਵਿਚ ਉਹ ਘੱਟ ਪੜ੍ਹੇ-ਲਿਖੇ ਤੇ ਅਨਪੜ੍ਹ ਨੌਜਵਾਨਾਂ ਨੂੰ ਨਵੇਂ ਸਿਧਾਂਤ ਨਾਲ ਲਾਮਬੰਦ ਕਰ ਰਿਹਾ ਸੀ। ਸੁਭਾਵਕ ਸੀ ਕਿ ਇਸ ਦਾ ਅਸਰ ਘਰ, ਪਰਵਾਰ ਤੇ ਪਿੰਡ ਇਲਾਕੇ ’ਤੇ ਵੀ ਪੈਣਾ ਸੀ।

ਪੰਚਾਇਤ ਦੀਆਂ ਚੋਣਾਂ ਵਿਚ ਭਗਠਾਣਾ ਤੁਲੀਆਂ ਤੋਂ ਬ੍ਰਾਹਮਣ ਭਾਈਚਾਰੇ ’ਚ ਮੰਗਤ ਰਾਮ ਨੂੰ ਬੜੇ ਸਖ਼ਤ ਮੁਕਾਬਲੇ ਵਿਚ ਸਰਪੰਚ ਬਣਾਇਆ ਗਿਆ ਜੋ ਕਦੇ ਨਿੰਮੇ ਦਾ ਜਮਾਤੀ ਹੁੰਦਾ ਸੀ ਹਾਇਰ ਸਕੈਂਡਰੀ ਜਮਾਤਾਂ ਤਕ। ਏਸੇ ਤਰ੍ਹਾਂ ਸ਼ਾਹਪੁਰ ਗੋਰਾਇਆ ਦੀ ਪੰਚਾਇਤ ਵਿਚ ਨੌਜਵਾਨਾਂ ਨੂੰ ਲਿਆਂਦਾ ਗਿਆ ਸੀ। ਹਵੇਲੀਆਂ ਅੰਦਰ ਕੰਤਾ ਆਪਣੀ ਪੈਂਠ ਬਣਾ ਚੁੱਕਾ ਸੀ ਪਰ ਅਜੇ ਪੂਰੀ ਤਰ੍ਹਾਂ ਨਹੀਂ। ਉਸ ਨੂੰ ਆਪਣੇ ਤਾਇਆ ਜੀ ਨਾਲ ਵੀ ਕਈਆਂ ਗੱਲਾਂ ’ਤੇ ਮੱਥਾ ਮਾਰਨਾ ਪੈਂਦਾ ਸੀ।

ਪੁਰਾਣੀ ਤੇ ਨਵੀਂ ਸੋਚ ਅੰਦਰ ਹਮੇਸ਼ਾਂ ਹੀ ਕਸ਼ਮਕਸ਼ ਚੱਲਦੀ ਰਹੀ ਹੈ। ਪੁਰਾਣੇ ਨੇ ਇਕ ਦਿਨ ਡਿੱਗਣਾ ਜ਼ਰੂਰ ਹੁੰਦਾ ਹੈ ਤੇ ਨਵੇਂ ਨੇ ਆਪਣੇ ਰੰਗ ਵਿਖਾਉਣੇ ਹੁੰਦੇ ਨੇ। ਪਰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਜੋ ਕੁਝ ਨਵਾਂ ਆ ਰਿਹਾ ਹੈ ਉਹ ਆਪਣੇ ਅਤੀਤ ਨਾਲ ਵੀ ਜੁੜਿਆ ਹੁੰਦਾ ਹੈ। ਬੇਸ਼ੱਕ ਜਨਮ-ਪੀੜਾ ਦੁਖਦਾਈ ਹੁੰਦੀ ਹੈ ਪਰ ਆਉਣ ਵਾਲਾ ਵਕਤ ਉਸ ’ਤੇ ਆਪਣੀ ਨਜ਼ਰ ਵੀ ਤਾਂ ਟਿਕਾਈ ਰੱਖਦਾ ਹੈ।

ਬਾਬਾ ਸੁਰੈਣੂ ਕਿਹਾ ਕਰਦਾ ਸੀ: ਜੇਕਰ ਆਪਣੀ ਅਕਲ ਨੂੰ ਕਾਬੂ ਵਿਚ ਰੱਖੋਗੇ ਤਾਂ ਚੰਗਾ ਕਰ ਜਾਵੋਗੇ ਵਰਨਾ ਬੇਕਾਬੂ ਤਾਂ ਪਾਣੀ ਵੀ ਮਾਣ ਨਹੀਂ ਹੁੰਦਾ।

ਭਗਠਾਣਾ ਤੁਲੀਆ ਜਿਥੇ ਹਰ ਮਜ਼੍ਹਬ ਦੇ ਵਸਨੀਕ ਸਨ—ਆਮ ਹੀ ਈਸਾਈਆਂ ਦੀ ਠੱਠੀ ਵਿਚ ਕੰਤੇ ਦਾ ਪੂਰਾ ਆਉਣਾ-ਜਾਣਾ ਸੀ। ਖੇਤਾਂ ਵਿਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹਮੇਸ਼ਾਂ ਪਈ ਰਹਿੰਦੀ ਸੀ। ਖ਼ਾਸ ਕਰਕੇ ਵੱਡੇ ਦਿਨ (ਯਸੂ ਮਸੀਹ ਦੇ ਜਨਮ-ਦਿਹਾੜੇ) ’ਤੇ ਠੱਠੀ ਵਿਚ ਬੱਕਰਾ ਝਟਕਾਇਆ ਜਾਂਦਾ ਤੇ ਨਾਲ ਦਾਰੂ ਦੀ ਮਹਿਫ਼ਲ ਨਾਲ ਇਸ ਦਿਨ ਨੂੰ ਮਨਾਇਆ ਜਾਂਦਾ।

ਹਵੇਲੀਆਂ ਤੋਂ ਖ਼ਾਸ ਤੌਰ ’ਤੇ ਪੂਰੀ ਢਾਣੀ ਉਥੇ ਜਾਂਦੀ। ਏਨਾ ਹੀ ਨਹੀਂ ਕਿਸੇ ਵਿਆਹ-ਸ਼ਾਦੀ, ਮੰਗਣੇ ਆਦਿ ’ਤੇ ਵੀ ਇਨ੍ਹਾਂ ਨੂੰ ਬੁਲਾਇਆ ਜਾਂਦਾ। ਪੰਜਾਬ ਅੰਦਰ ਏਥੇ ਇਕ ਵੱਖਰੀ ਕਿਸਮ ਦਾ ਭਾਈਚਾਰਕ ਸਹਿਚਾਰ ਬਣਿਆ ਹੋਇਆ ਸੀ। ਸਿਵਾਏ ਜੱਟਾਂ ਦੇ ਏਸ ਪਿੰਡ ਹਵੇਲੀ ਵਾਲਿਆਂ ਦੀ ਸਾਂਝ ਹਰੀਜਨਾਂ, ਖੱਤਰੀਆਂ ਤੇ ਘੁਮਿਆਰਾਂ ਨਾਲ ਵੀ ਬਰਾਬਰ ਸੀ।

ਦੂਸਰੇ ਪਾਸੇ ਅਜਿਹੇ ਲੋਕ ਸਨ ਜਿਨ੍ਹਾਂ ਵਿਚ ਵੱਖ-ਵੱਖ ਕਿਸਮਾਂ ਸਨ ਪਰ ਉਨ੍ਹਾਂ ਦੀ ਜੀਵਨ ਲੀਲ੍ਹਾ ਵੱਖਰੀ ਸੀ। ਉਨ੍ਹਾਂ ਵਿਚ ਬਹੁਤੇ ਬਲੈਕੀਏ, ਭਲਵਾਨ ਤੇ ਹੋਰ ਛੋਟੇ-ਮੋਟੇ ਡਾਂਗਮਾਰ ਸਨ। ਘਰ ਦੀ ਦੇਸੀ ਦਾਰੂ ਤੇ ਅਫ਼ੀਮ ਦਾ ਨਸ਼ਾ ਹਰ ਰੋਜ਼ ਹੁੰਦਾ। ਹਾਂ, ਇਕ ਗੱਲ ਜ਼ਰੂਰ ਸੀ ਕਿ ਉਹ ਕਿਸੇ ਦੀ ਧੀ-ਭੈਣ ਵੱਲ ਬੁਰੀ ਨਜ਼ਰ ਨਹੀਂ ਸਨ ਰੱਖਦੇ। ਅਗਰ ਕੋਈ ਮਰਦਾ-ਮਰਾਉਂਦਾ ਇਨ੍ਹਾਂ ਤਕ ਤਰਲਾ ਕਰਦਾ ਤਾਂ ਉਸ ਦੀ ਇਮਦਾਦ ਵੀ ਕਰ ਦੇਂਦੇ ਸਨ।

ਤੁਸੀਂ ਭਾਵੇਂ ਕਿਸੇ ਵੀ ਕਿੱਤੇ ਵਿਚ ਹੋਵੋ ਅਗਰ ਕੁਝ ਮੁਢਲੇ ਅਸੂਲਾਂ ਨੂੰ ਬਣਾ ਕੇ ਉਨ੍ਹਾਂ ਉਤੇ ਅਮਲ ਕਰਦੇ ਜਾਵੋ ਤਾਂ ਤੁਹਾਡੀ ਉਮਰ ਵੀ ਵਡੇਰੀ ਜ਼ਰੂਰ ਹੋ ਜਾਂਦੀ ਏ।

ਇਕ ਦਿਨ ਖਾਧੀ-ਪੀਤੀ ਵਿਚ ਕੰਤਾ ਕਿਧਰੇ ਆਪਣੇ ਬਾਪ ਦੇ ਸੱਜਣ-ਬੇਲੀ ਦਫ਼ੇਦਾਰ ਪਿਆਰਾ ਸਿੰਘ ਜੋ ਚਿਰਾਂ ਤੋਂ ਬੀਮਾਰ ਸੀ, ਦੀ ਖ਼ਬਰ ਲੈਣ ਚਲਿਆ ਗਿਆ ਜਿਸ ਦਾ ਘਰ ਛਿੱਬੇ ਹੁਰਾਂ ਦੇ ਘਰ ਨਾਲ ਹੀ ਲੱਗਦਾ ਸੀ।

ਛਿੱਬੇ ਦੇ ਬੰਦਿਆਂ ਨੂੰ ਪਤਾ ਲੱਗਾ ਤਾਂ ਕੰਤੇ ਨੂੰ ਦਫ਼ੇਦਾਰ ਦੇ ਘਰੋਂ ਨਿਕਲਦੇ ਨੂੰ ਹੀ ਘੇਰਾ ਪਾ ਕੇ ਛਿੱਬੇ ਦੀ ਹਵੇਲੀ ਲੈ ਆਏ, ਅਖੇ ਛਿੱਬੇ ਨੇ ਕੋਈ ਗੱਲ ਕਰਨੀ ਏ। ਗੱਲਾਂਬਾਤਾਂ ਦੇ ਵਾਧੇ-ਘਾਟੇ ਵਿਚ ਉਨ੍ਹਾਂ ਨੇ ਕੰਤੇ ਨੂੰ ਲੱਕੋਂ ਬੰਨ੍ਹ ਲਿਆ ਤਾਂ ਗਾਲ੍ਹੀ-ਗਲੋਚ ਹੋਣ ਲੱਗਾ।

‘ਉਏ ਬੱਲਿਆ! ਕਦੇ ਸਾਡੇ ਨਾਲ ਵੀ ਬੋਲ ਪਿਆ ਕਰ,’ ਛਿੱਬੇ ਨੇ ਨਿਹੋਰਾ ਮਾਰਿਆ।

'ਤੁਹਾਡੇ ਕੰਮ-ਕਾਰ ਹੀ ਬੋਲਣ ਵਾਲੇ ਨਹੀਂ। ਜਿਹੜਾ ਤੁਸਾਂ ਰਾਹ ਫੜਿਆ ਪਤਾ ਇਹ ਕਿੱਧਰ ਨੂੰ ਜਾਂਦਾ ਏ? ... ਗੁੱਸੇ ਵਿਚ ਕੰਤੇ ਨੇ ਜਵਾਬ ਦਿੱਤਾ।

'ਚੱਲ ਕੀ ਹੋਊ ਵੱਧ ਤੋਂ ਵੱਧ ਥਾਣਾ ਤੇ ਜਾਂ ਜੇਲ੍ਹ ਦੀ ਸੈਰ। ਹੋਰ ਸਾਡਾ ਕੀ ਪੱਟਣਗੇ?' ਛਿੱਬਾ ਬੋਲਿਆ।

ਰੌਲੇ-ਗੌਲੇ ਵਿਚ ਆਵਾਜ਼ਾਂ ਉੱਚੀਆਂ ਹੋਣ ਲੱਗੀਆਂ। ਦਫ਼ੇਦਾਰ ਦੇ ਘਰ ਤੋਂ ਪਹਿਲਾਂ ਕੰਤੇ ਦੇ ਪੱਗ-ਵੱਟ ਭਰਾ ਨਿੰਦੇ ਦਾ ਘਰ ਸੀ। ਉਸ ਦੇ ਕੰਨਾਂ ਵਿਚ ਕੰਤੇ ਦੀ ਆਵਾਜ਼ ਪਈ ਤਾਂ ਉਸ ਨੇ ਠੱਠੀ ਵਾਲਿਆਂ ਨੂੰ ਲਲਕਾਰ ਕੇ ਕਿਹਾ,

'ਆ ਜਾਓ, ਮੈਂ ਛਿੱਬੇ ਦੀ ਹਵੇਲੀ ਚੱਲਿਆ ਜੇ !' ਫਿਰ ਕੀ ਸੀ, ਠੱਠੀ ਤੋਂ ਮੁੰਡਿਆਂ ਦੀ ਢਾਣੀ ਨੇ ਆਣ ਦਸਤਕ ਦਿੱਤੀ। ਨਿੰਦਾ ਪਹਿਲਾਂ ਹੀ ਛਿੱਬੇ ਹੁਰਾਂ ਦੇ ਗਲ ਪੈ ਚੁੱਕਾ ਸੀ। ਜਦ ਉਸ ਨੇ ਹੋਰ ਲਾਮ-ਲਸ਼ਕਰ ਵੇਖਿਆ ਤਾਂ ਆਪਣੇ ਬੰਦਿਆਂ ਨੂੰ ਕਹਿਣ ਲੱਗਾ, 'ਓਏ ਕੰਜਰੋ ! ਤੁਹਾਨੂੰ ਕਿਨ੍ਹੇ ਕਿਹਾ ਸੀ ਇਸ ਨੂੰ ਬੰਨ੍ਹਣ ਲਈ ?'

'ਰੱਸਾ ਖੋਲ੍ਹ ਦਿਓ ਭੈਣ .....' ਛਿੱਬਾ ਬੇਬਸੀ ਦੀ ਹਾਲਤ ਵਿਚ ਕਹਿ ਰਿਹਾ ਸੀ।'

'ਠਹਿਰ ਓਏ ਰੱਸਾ ਖੋਲ੍ਹਣ ਤੋਂ ਪਹਿਲਾਂ ਆਪਣੀ ਗਲਤੀ ਮੰਨੋ'-ਤੁਫੈਲ ਮਸੀਹ ਪੂਰਾ ਗੁੱਸੇ ਵਿੱਚ ਸੀ।

'ਮੇਰੇ ਬੰਦਿਆਂ ਦੀ ਗਲਤੀ ਆ, ਮੈਂ ਉਨ੍ਹਾਂ ਵੱਲੋਂ ਮੁਆਫ਼ੀ ਮੰਗਦਾਂ।' ਛਿੱਬਾ ਬੋਲਿਆ :

'ਤੇ ਕਦੇ ਜ਼ਿੰਦਗੀ ਰਹੀ ਤਾਂ ਤੁਹਾਡੇ ਸਿਰ ਚੜ੍ਹੀ ਭਾਜੀ ਮੈਂ ਖੁਦ ਲਾਹ ਦਿਆਂਗਾ' ਨਾਲ ਹੀ ਬੋਲ ਉਠਿਆ।

ਸਾਰੇ ਹਵੇਲੀਆਂ ਆ ਗਏ ਤੇ ਫਿਰ ਦਾਰੂ ਦਾ ਦੌਰ ਸ਼ੁਰੂ ਹੋ ਗਿਆ। ਅੱਧੀ ਰਾਤ ਤਕ ਪਤਾ ਨਹੀਂ ਕੀ-ਕੀ ਗੋਂਦਾਂ ਗੁੰਦਦੇ ਰਹੇ ਪਰ ਅਗਲੇ ਦਿਨ ਸਾਰੇ ਹੀ ਕਿਧਰੇ ਜਾ ਚੁੱਕੇ ਸਨ।

ਹਨੇਰੀਆਂ ਰਾਤਾਂ ਸਨ। ਕੰਤੇ ਹੁਰਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਅੱਜ ਰਾਤ ਇਕ ਢਾਣੀ ਦਰਿਆ ਰਾਵੀ ਪਾਰ ਕਰੇਗੀ। ਮੇਤਲੇ ਸੁੰਨ-ਸਾਨ ਜੰਗਲ ਬੀਆਬਾਨ ਅੰਦਰ ਇਨ੍ਹਾਂ ਦੇ ਬੰਦੇ ਚਲੇ ਗਏ। ਜਦ ਬਲੈਕੀਆਂ ਦੀ ਢਾਣੀ ਦੀ ਇਨ੍ਹਾਂ ਪੈੜ ਨੱਪੀ ਤਾਂ ਉਨ੍ਹਾਂ ਨੂੰ ਜਾ ਨੱਪਿਆ। ਕਿੱਥੇ ਉਹ ਤਿੰਨ ਤੇ ਇਹ ਪੂਰੇ ਸੱਤ ਜਣੇ।

ਉੱਚੀ ਕੋਈ ਨਹੀਂ ਬੋਲਿਆ। ਬਸ ਗੱਲਾਂ ਬਹੁਤ ਥੋੜ੍ਹੀਆਂ। ਇਕ ਇਸ਼ਾਰਾ ਸੀ ਕਿ ਅਗਰ ਤੁਸੀਂ ਸਾਡੇ ਕਿਸੇ ਬੰਦੇ ਨੂੰ ਮੁੜ ਹੱਥ ਪਾਇਆ ਤਾਂ ਅਸੀਂ ਖ਼ੁਦ ਤੁਹਾਨੂੰ ਪੀ.ਏ.ਪੀ. ਪੋਸਟ ਪੁਚਾ ਕੇ ਆਵਾਂਗੇ। ਨੱਕ ਦੀਆਂ ਲਕੀਰਾਂ ਵੀ ਕਢਵਾ ਲਈਆਂ ਤੇ ਫਿਰ ਕਿਹਾ, ਨਿਕਲ ਜਾਓ ਰਵਾਂ-ਰਵੀਂ ਨਹੀਂ ਤੇ ਲੋਅ ਲੱਗ ਜਾਣੀ ਜੇ। ਕੁਝ ਰਾਵੀਓਂ ਪਾਰ ਤੇ ਕੁਝ ਆਰ ਆ-ਜਾ ਚੁੱਕੇ ਸਨ।

'ਆਪਣਾ ਪਿੱਛਾ ਨਹੀਂ ਭੁੱਲਣਾ ਚਾਹੀਦਾ ਕਾਕਾ ! ਮੈਨੂੰ ਉਹ ਦਿਨ ਵੀ ਯਾਦ ਨੇ ਜਦੋਂ ਤੁਹਾਡਾ ਬਾਪ ਹਵੇਲੀਆਂ ਤੋਂ ਆਪਣੇ ਪਸ਼ੂਆਂ ਲਈ ਤੂੜੀ-ਤੰਦ ਤੇ ਹਰਾ ਲੈ ਕੇ ਜਾਂਦਾ ਸੀ। ਕਈ ਵਾਰੀ ਕਣਕ ਤੇ ਮੱਕੀ ਦੇ ਤੋੜੇ ਵੀ ਲੈ ਜਾਣੇ।' ਬਾਬਾ ਸੁਰੈਣਾ ਸਹਿਜ-ਸੁਭਾਅ ਹੀ ਭਗਠਾਣਾ ਤੁਲੀਆਂ ਦੀਆਂ ਮੜ੍ਹੀਆਂ ਵਿੱਚੋਂ

ਲੰਘਦਿਆਂ ਘੋੜੀ ਚੜ੍ਹੇ ਛਿੱਬੇ ਜਿਸ ਦੇ ਖੱਬੇ ਹੱਥ ਬਰਛੀ ਫੜੀ ਹੋਈ ਸੀ, ਨੂੰ ਕਹਿ ਰਿਹਾ ਸੀ :

'ਬਾਬਾ ਹੋਰ ਸੁਣਾ ਕੋਈ ਗੱਲਬਾਤ। ਕਦੇ ਕਾਲੀ ਨਾਗਣੀ ਦਾ ਨਸ਼ਾ ਕੀਤਾ ਕਿ ਨਹੀਂ ? ਜੇ ਚਾਹੀਦਾ ਤਾਂ ਆਹ ਲੈ !' ਛਿੱਬੇ ਨੇ ਆਪਣੇ ਚਿੱਟੇ ਖੱਦਰ ਦੇ ਕੁੜਤੇ ਦੀ ਜੇਬ ਵਿਚ ਹੱਥ ਪਾਇਆ ਤਾਂ ਬਾਬਾ ਸੁਰੈਣਾ ਬੋਲਿਆ :

'ਓਏ ਕਾਕਾ, ਅਸੀਂ ਸਦਾ ਨਸ਼ੇ ਵਿਚ ਰਹਿੰਦੇ ਹਾਂ। ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ' ਸੁਣ ਕੇ ਛਿੱਬਾ ਸਿੱਧਾ ਲੱਭੂ ਸ਼ਾਹ ਦੇ ਚੁਬਾਰੇ ਨੂੰ ਹੋ ਤੁਰਿਆ।

'ਸ਼ਾਹ ਦੀ ਜੈ-ਹੋ !' ਚੁਬਾਰੇ ਦੇ ਦਰਾਂ ਮੂਹਰੇ ਜਾਂਦਿਆਂ ਹੀ ਛਿੱਬੇ ਨੇ ਲੱਭੂ ਸ਼ਾਹ ਨੂੰ ਦੁਆ-ਸਲਾਮ ਕੀਤਾ ਜਿਹੜਾ ਆਪਣੀ ਲੰਬੀ ਕੁਰਸੀ 'ਤੇ ਢੋਅ ਲਾਈ ਆਰਾਮ ਕਰ ਰਿਹਾ ਸੀ।

'ਆਓ ਭਲਵਾਨ ਜੀ ਅੱਜ ਕਿਵੇਂ ਇੱਧਰ ਆਉਣੇ ਹੋ ਗਏ?'

'ਬਸ ਸੋਚਿਆ, ਜ਼ਰਾ ਸ਼ਾਹ ਹੁਰਾਂ ਦੇ ਦਰਸ਼ਨ-ਮੇਲੇ ਕਰ ਆਵਾਂ !'

'ਕੋਈ ਤਾਂ ਗੱਲ ਹੋਊ, ਉਂਝ ਤੁਹਾਨੂੰ ਕਿੱਥੇ ਵਿਹਲ ਲੱਗਦੀ ਏ ? ਬਹੁਤੀ ਭੱਜ-ਦੌੜ ਨਾ ਕਰਿਆ ਕਰੋ। ਇਹ ਜ਼ਿੰਦਗੀ ਚੰਦ ਦਿਨਾਂ ਦਾ ਮੇਲਾ ਏ। ਕਿਤੇ ਚੰਗੇ ਪਾਸੇ ਲਾ ਕੇ ਗੁਜ਼ਾਰ ਲਓ।'

'ਸ਼ਾਹ ਜੀ ਸੋਚਿਆ, ਕਿਧਰੇ ਦਰਿਆਓਂ ਪਾਰ ਘਣੀਏ-ਕੇ ਬੇਟ ਥੋੜ੍ਹੀ ਜ਼ਮੀਨ ਦਾ ਹੀ ਸੌਦਾ ਕਰ ਮਾਰੀਏ। ਬੜੀ ਸਸਤੀ ਮਿਲਦੀ ਏ। ਅਰਾਮ ਨਾਲ ਉਥੇ ਵਾਹੀ-ਜੋਤੀ ਕਰਾਂਗੇ ਤੇ ਬਾਰਡਰ ਵੀ ਐਨ ਨਾਲ ਤੇ ਸੰਘਣੇ ਡੂੰਘੇ ਜੰਗਲ, ਲੁਕ ਵੀ ਬੜੀ ਏ, ਨਾਲੇ ਪੈਂਡਾ ਵੀ ਬਹੁਤਾ ਨਹੀਂ।'

'ਵਾਹ ਭਈ ਵਾਹ, ਹੋਈ ਨਾ ਉਹੀ ਗੱਲ ! ਮੱਛੀ ਹਮੇਸ਼ਾ ਪੱਥਰ ਚੱਟ ਕੇ ਹੀ ਮੁੜਦੀ ਏ।'

'ਬਸ ਇਕ-ਦੋ ਸਾਲਾਂ ਦੀ ਗੱਲ ਏ ਫਿਰ ਤਾਂ ਪੂਰੇ ਜੱਟਾਂ ਵਾਲੇ ਹੀ ਕੰਮ ਕਰਾਂਗੇ। ਥੋੜ੍ਹੀ ਮਾਇਆ ਦਿਓ। ਦੋ ਫ਼ਸਲਾਂ ਤੋਂ ਬਾਅਦ ਪੂਰੇ ਇਕ ਸਾਲ ਲਈ ਰੁਪਿਆ ਪੰਦਰਾਂ ਸੌ ਚਾਹੀਦਾ।'

'ਉਹ ਤਾਂ ਠੀਕ ਏ ਪਰ ਜ਼ਾਮਨੀ ?'

'ਸ਼ਾਹ ਜੀ ਜ਼ਾਮਨੀ ਮੇਰੀ ਜ਼ੁਬਾਨ !' ਛਿੱਬਾ ਆਪਣੇ ਕੌਲ-ਕਰਾਰਾਂ ਦਾ ਬੜਾ ਪੱਕਾ ਸੀ।

'ਪਰ ਫਿਰ ਵੀ ਕੁਝ ਤਾਂ ਹੋਵੇ '?

ਛਿੱਬਾ ਕੁਝ ਸੋਚ ਕੇ ਬੋਲਿਆ, 'ਦੱਸੋ ਜ਼ਾਮਨੀ ਕਿਹਦੀ ਚਾਹੀਦੀ ਏ ?'

'ਚੱਲ ਇੰਝ ਕਰ, ਹਵੇਲੀਆਂ ਤੋਂ ਕਿਸੇ ਵੀ ਨੰਬਰਦਾਰਾਂ 'ਚ ਕਹਿ ਲਾ ਦੇ।'

ਬੇਸ਼ਕ ਤੂੰ ਰਕਮ ਵੀ ਉਨ੍ਹਾਂ ਦੇ ਰਾਹੀਂ ਹੀ ਵਾਪਿਸ ਮੋੜ ਦਈਂ।'

ਛਿੱਬਾ ਸਿੱਧਾ ਹਵੇਲੀ ਆ ਗਿਆ ਜਿਥੇ ਪਹਿਲਾਂ ਹੀ ਕਾਫੀ ਨੌਜਵਾਨ ਤੇ ਹੋਰ ਬਜ਼ੁਰਗ ਵੀ ਮੰਜੀਆਂ 'ਤੇ ਬੈਠੇ ਹੋਏ ਸਨ। ਫ਼ਤਿਹ ਬੁਲਾ ਕੇ ਉਸ ਨੇ ਵੱਡੇ ਨੰਬਰਦਾਰ ਨੂੰ ਪਾਸੇ ਕਰਕੇ ਲੱਭੂ ਸ਼ਾਹ ਦੀ ਬਾਤ ਪਾਈ। ਨੰਬਰਦਾਰ ਨੇ ਛਿੱਬੇ ਦੇ ਹੱਥ 'ਤੇ ਉਰਦੂ ਵਿਚ ਦੋ ਅੱਖਰ ਪਾ ਕੇ ਕਿਹਾ, "ਜਾਹ ਸ਼ਾਹ ਨੂੰ ਵਿਖਾ ਦਵੀਂ!" ਛਿੱਬੇ ਨੇ ਇਹ ਵੀ ਜਾਨਣ ਦੀ ਕੋਸ਼ਿਸ਼ ਨਾ ਕੀਤੀ ਕਿ ਇਹ ਕਾਹਦੀ ਮਹਿਫਲ ਲੱਗੀ ਏ।

ਲੱਭੂ ਸ਼ਾਹ ਹੱਥ ਪੜ੍ਹ ਕੇ ਹੱਸ ਪਿਆ ਤੇ ਨਾਲ ਹੀ ਬੋਲ ਪਿਆ:

'ਭਲਵਾਨਾ! ਇਨ੍ਹਾਂ ਹਵੇਲੀ ਵਾਲਿਆਂ ਦੇ ਤੁਹਾਡੇ ਟੱਬਰ 'ਤੇ ਬੜੇ ਪਰਉਪਕਾਰ ਨੇ, ਤੂੰ ਤਾਂ ਅਜੇ ਜੰਮਿਆ ਵੀ ਨਹੀਂ ਸੀ!'

ਛਿੱਬੇ ਨੂੰ ਬਾਬਾ ਸੁਰੈਣੂ ਦੀ ਗੱਲ ਚੇਤੇ ਆ ਗਈ ਤੇ ਸੋਚਾਂ ਵਿਚ ਪੈ ਚੁੱਕਾ ਸੀ ਤੇ ਉਧਰੋਂ ਲੱਭੂ ਸ਼ਾਹ ਨੇ ਅੰਦਰੋਂ ਆਪਣੀ ਸ਼ਾਹਣੀ ਤੋਂ ਪੈਸੇ ਫੜ ਕੇ ਛਿੱਬੇ ਦੇ ਹੱਥੀਂ ਫੜਾਉਂਦਿਆਂ ਕਿਹਾ, 'ਲੈ ਭਲਵਾਨਾ, ਚੰਗੀ ਤਰ੍ਹਾਂ ਗਿਣਤੀ ਕਰ ਲਈਂ!'

'ਓ ਸ਼ਾਹ ਜੀ ਤੁਸਾਂ ਤਾਂ ਗਿਣਤੀ ਕੀਤੀ ਹੋਊ, ਮੈਂ ਕਿਉਂ ਕਰਾਂ?'

ਦੋ ਮਹੀਨੇ ਬਾਅਦ ਰਾਵੀਓਂ ਪਾਰ ਧਰਮਕੋਟ ਰੰਧਾਵਾ ਲਾਗੇ ਛਿੱਬੇ ਹੁਰਾਂ 8 ਕਿੱਲੇ ਜ਼ਮੀਨ ਦਾ ਸੌਦਾ ਕਰਕੇ ਪੰਦਰਾਂ ਸੌ ਬਿਆਨਾ ਤਾਰ ਦਿੱਤਾ ਸੀ।

ਦਿਨ ਮਿੱਥਿਆ ਗਿਆ ਕਿ ਕਦੋਂ ਠਾਣੇਦਾਰ ਨੂੰ ਘੇਰਨਾ? ਬੰਦਿਆਂ ਦੀਆਂ ਟੋਲੀਆਂ ਬਣਾ ਕੇ ਉਨ੍ਹਾਂ ਜ਼ੁੰਮੇ ਕੰਮ ਲਾਏ ਗਏ। ਦੋ-ਦੋ ਜਣਿਆਂ ਨੂੰ ਇਕ ਦਿਨ ਪਹਿਲਾਂ ਸ਼ਾਮ ਦੇ ਸਮੇਂ ਵੱਖ-ਵੱਖ ਪਿੰਡਾਂ ਵੱਲ ਤੋਰ ਦਿੱਤਾ ਗਿਆ। ਭਗਠਾਣਾ ਤੁਲੀਆਂ, ਭਗਠਾਣਾ ਬੋਹੜਾਂ ਵਾਲਾ, ਸ਼ਾਹਪੁਰ ਗੋਰਾਇਆ, ਕਾਦੀਆਂ, ਮੱਛਰਾਲਾ, ਅਗਵਾਨ ਤੇ ਹਰੂਵਾਲ ਇਨ੍ਹਾਂ ਨੇ ਆਪਣੇ ਘੇਰੇ ਵਿਚ ਲੈ ਆਂਦੇ। ਮਿਹਨਤ-ਮਜ਼ਦੂਰੀ ਕਰਨ ਵਾਲੇ ਤੇ ਛੋਟੇ ਕਿਸਾਨਾਂ ਤੇ ਹੋਰ 'ਕੰਮੀਆਂ' ਦੇ ਘਰਾਂ ਤਕ ਪਹੁੰਚ ਕੀਤੀ ਗਈ। ਕਿਸੇ ਨੂੰ ਵੀ ਸਿੱਧੀ ਗੱਲ ਨਾ ਦੱਸੀ ਗਈ। ਬਸ ਏਨਾ ਹੀ ਕਿ ਸਾਰੇ ਨੌਜਵਾਨ ਆਪੋ-ਆਪਣੇ ਹਥਿਆਰ ਲੈ ਕੇ ਹਵੇਲੀ ਅਤੇ ਭਗਠਾਣਾ ਤੁਲੀਆਂ ਦਰਮਿਆਨ ਨੰਬਰਦਾਰਾਂ ਦੀਆਂ ਪੈਲੀਆਂ ਵਿਚ ਆ ਜਾਉ, ਤੁਹਾਨੂੰ ਤੁਹਾਡੇ ਹੱਕ ਦਿਵਾਏ ਜਾਣਗੇ ਤੇ ਉਹ ਤੁਹਾਨੂੰ ਖੁਦ ਆਪ ਲੈਣੇ ਪੈਣਗੇ।

ਛਿੱਬੇ ਨੂੰ ਕਿਧਰਿਓਂ ਖਬਰ ਪਹੁੰਚ ਗਈ। ਉਸੇ ਵਕਤ ਆਪਣੀ ਘੋੜੀ 'ਤੇ ਚੜ੍ਹਿਆ ਤੇ ਇਸ ਵੇਰ ਇਕ ਹੱਥ ਬਰਛੀ ਤੇ ਡੱਬ ਨਾਲ ਗੋਲੀਆਂ ਨਾਲ ਭਰਿਆ ਪਸਤੌਲ ਬੰਨ੍ਹਿਆ ਹੋਇਆ ਆਉਂਦਿਆਂ ਹੀ ਹਵੇਲੀ ਕੰਤੇ ਦੇ ਗਲ ਪੈ ਗਿਆ:

'ਬੱਲਿਆ, ਐਹੋ ਜਿਹੇ ਸਮਿਆਂ 'ਤੇ ਤਾਂ ਕਦੇ ਯਾਦ ਕਰ ਲੈਂਦਾ! ਪਤਾ

ਈ ਮਿਰਜ਼ਾ ਬਾਝ ਭਰਾਵਾਂ ਮਾਰਿਆ ਗਿਆ ਸੀ। ਦੁੱਲੇ ਨੇ ਕਿਤੇ ਕੱਲੇ-ਕਾਰੇ ਨੇ ਤਾਂ ਬਾਦਸ਼ਾਹ ਅਕਬਰ ਨਾਲ ਟੱਕਰ ਨਹੀਂ ਸੀ ਲਈ। ਓਏ ਜੱਗੇ ਜੱਟ ਨੂੰ ਵੀ ਆਪਣੇ ਕੋੜਮੇ ਨੂੰ ਨਾਲ ਲੈਣਾ ਪਿਆ ਸੀ। ਜੈਮਲ-ਫੱਤੇ ਨਾਲ ਵੀ ਕਈ ਘੋੜ-ਸਵਾਰ ਸਨ। ਓਏ ਮੈਨੂੰ ਖ਼ਬਰ ਤਕ ਨਾ ਕੀਤੀ ਤੇ ਕੱਲ੍ਹੇ ਹੀ ਮਹਾਂਭਾਰਤ ਨੂੰ ਛੇੜਨ ਤੁਰ ਪਏ ?'

ਉਨ੍ਹੀਂ ਦਿਨੀਂ ਆਮ ਹੀ ਪਿੰਡਾਂ ਵਿਚ ਰਾਤਾਂ ਨੂੰ ਰਾਸਾਂ ਪਿਆ ਕਰਦੀਆਂ ਸਨ ਤੇ ਰਾਸਧਾਰੀਏ ਪੁਰਾਣੇ ਪੰਜਾਬੀ ਸਭਿਆਚਾਰ ਨਾਲ ਜੁੜੇ ਲੋਕ-ਨਾਇਕਾਂ ਦੀਆਂ ਬਾਤਾਂ ਪਾਇਆ ਕਰਦੇ ਸਨ। ਛਿੱਬੇ ਨੂੰ ਸ਼ੌਕ ਸੀ ਸੋ ਜਿੱਥੇ ਰਾਤਾਂ ਨੂੰ ਮੁਰਗੇ-ਸ਼ਰਾਬਾਂ ਦੇ ਦੌਰ ਚੱਲਦੇ, ਉਥੇ ਨਾਲ ਰਾਸਧਾਰੀਆਂ ਨੂੰ ਵੀ ਬੁਲਾ ਲੈਂਦੇ ਤੇ ਸਾਰੀ-ਸਾਰੀ ਰਾਤ ਮੇਲੇ ਲੱਗੇ ਰਹਿੰਦੇ ਸਨ।

'ਭਾਊ ਤੇਰੇ ਹੋਰ ਕੰਮ ਨੇ, ਸਾਡੇ ਹੋਰ ਨੇ' ਅੱਡੋ-ਅੱਡ ਰਾਹ ਨੇ। ਕਿਸੇ ਵੀ ਪਾਸੇ ਵੇਖ ਲਉ ਰਾਹ ਕਿਧਰੇ ਮਿਲਦੇ ਹੀ ਨਹੀਂ। ਤੁਹਾਨੂੰ ਸੁਨੇਹਾ ਕੀ ਘੱਲਦੇ ?' ਕੰਤੇ ਦਾ ਜੁਆਬ ਸੀ।

'ਠੀਕ ਆ ਭਾਵੇਂ ਰਾਹ ਵੱਖੋ-ਵੱਖ ਨੇ ਪਰ ਦੋਨੋਂ ਪਾਸੇ ਹਿੰਮਤ, ਦਲੇਰੀ ਤੇ ਅਣਖ ਹੀ ਕੰਮ ਆਉਂਦੀ ਏ। ਤੁਸੀਂ ਗੰਦੇ ਸਮਾਜ ਨੂੰ ਸਾਫ ਕਰਨ ਦੀ ਗੱਲ ਕਰਦੇ ਹੋ ਤੇ ਅਸੀਂ ਸਮਾਜ ਨੇ ਜੋ ਸਾਨੂੰ ਨਹੀਂ ਦਿੱਤਾ ਉਹ ਖੋਹ ਕੇ ਪੂਰਾ ਕਰਨ ਲਈ ਲੜਾਈ ਲੜਦੇ ਹਾਂ। ਗੱਲ ਤਾਂ ਇੱਕ ਹੀ ਏ।'

'ਨਹੀਂ, ਗੱਲ ਇੱਕ ਨਹੀਂ। ਅਸੀਂ ਲਿਤਾੜੇ, ਬੇਬੱਸ ਆਮ ਲੋਕਾਂ ਦੇ ਹੱਕਾਂ ਲਈ ਲੜਦੇ ਰਹੇ ਹਾਂ ਤੇ ਤੁਸੀਂ ਸਿਰਫ਼ ਆਪਣੇ ਵਾਸਤੇ ਹੀ ਲੜ ਰਹੇ ਹੋ।'

'ਕਦੇ ਦੱਸ ਅਸੀਂ ਕਿਸੇ ਮਾੜੇ ਗਰੀਬ ਨੂੰ ਨੁਕਸਾਨ ਪਹੁੰਚਾਇਆ ਹੋਵੇ, ਜੇ ਕਿਧਰੇ ਕੋਈ 'ਕਾਰ ਨਾਮਾ' ਵੀ ਕਰਦੇ ਹਾਂ ਤਾਂ ਕਿਸੇ ਅਮੀਰ ਦੀਆਂ ਹੀ ਖੁੱਚਾ ਤੋੜਦੇ ਹਾਂ ਤੇ ਗਊ-ਗਰੀਬਾਂ ਦੀ ਮਦਦ ਵੀ ਕਰਦੇ ਹਾਂ।'

'ਪਰ ਤੁਸੀਂ ਬਿਨਾਂ ਕਿਸੇ ਸਿਧਾਂਤ ਦੇ 'ਕਾਰਨਾਮੇ' ਕਰਦੇ ਹੋ। ਇਸ ਵਿਚ ਤੁਹਾਡਾ ਆਪਣਾ ਘੁਮੰਡ ਲੁਕਿਆ ਪਿਆ ਹੈ। ਇਹ ਨਿਰਾ ਜੱਟਵਾਦ ਤੇ ਉਜੱਡਪੁਣਾ ਹੀ ਹੈ, ਇਸ ਤੋਂ ਅਗਾਂਹ ਕੁਝ ਨਹੀਂ। ਜਦ ਤਕ ਅਸੀਂ ਆਪਣੇ ਅੰਦਰੋਂ ਜੱਟ-ਵਾਦ, ਊਚ-ਨੀਚ ਦੇ ਭੇਦ-ਭਾਵਾਂ ਨੂੰ ਬਾਹਰ ਨਹੀਂ ਕੱਢਦੇ, ਅਸੀਂ ਜਿੱਤੇ ਹੋਏ ਵੀ ਹਾਰੇ ਹੀ ਕਹਾਵਾਂਗੇ।'

'ਸੋਚਦੇ ਸੀ ਕਿਧਰੇ ਤੇਰਾ ਵੱਡਾ ਭਰਾ ਗੱਡਿਆਂ ਦੇ ਗੱਡੇ ਕਿਤਾਬਾਂ ਪੜ੍ਹ ਕੇ ਆਪਣੇ ਜ਼ਿਲ੍ਹੇ ਅੰਦਰ ਡੀ.ਸੀ. ਲੱਗਦਾ, ਕਿੰਨਾ ਮਜ਼ਾ ਆਉਂਦਾ ! ਬਸ ਏਨਾ ਪੜ੍ਹ ਕੇ ਫਿਰ ਪੜ੍ਹਾਉਣ ਹੀ ਲੱਗ ਪਿਆ। ਕੀ ਫ਼ਾਇਦਾ ਹੋਇਆ ਸਾਡੇ ਚਾਚੇ

ਨੂੰ ? ਸਾਰੀ ਉਮਰ ਮਿੱਟੀ ਨਾਲ ਮਿੱਟੀ ਹੁੰਦਾ ਰਿਹਾ।'

'ਇਹ ਉਸ ਦੀ ਆਪਣੀ ਸੋਚ ਸੀ, ਉਹ ਅੱਜ ਦੇ ਲੁੱਟ-ਖਸੁੱਟ ਕਰਨ ਵਾਲੇ ਸਿਸਟਮ ਦਾ ਨੌਕਰ ਨਹੀਂ ਬਣਨਾ ਚਾਹੁੰਦਾ ਸੀ। ਉਹ ਗਰੀਬਾਂ, ਮਜ਼ਦੂਰਾਂ, ਛੋਟੇ-ਦਰਮਿਆਨੇ ਕਿਸਾਨਾਂ ਦੇ ਹੱਕਾਂ ਲਈ ਕੰਮ ਕਰ ਰਿਹਾ ਤੇ ਗੁਰੂ ਨਾਨਕ ਦੇ ਨਵੇਂ ਸਿਧਾਂਤਾਂ 'ਤੇ ਸਮਾਜ ਦੀ ਉਸਾਰੀ ਕਰਨਾ ਚਾਹੁੰਦਾ ਸੀ ਜਿਸ ਵਿਚ ਨਾ ਕੋਈ ਕਿਸੇ ਦਾ ਨੌਕਰ ਤੇ ਨਾ ਹੀ ਮਾਲਕ ਹੋਵੇ। ਹਰ ਇਕ ਨੂੰ ਚੰਗਾ ਜੀਵਨ ਬਸਰ ਕਰਨ ਦਾ ਮੌਕਾ ਮਿਲੇ। ਸਾਰੇ ਲੋਕ ਚਾਹੇ ਕੋਈ ਵੀ ਹੋਣ ਇਕ ਪਰਵਾਰ ਦੀ ਤਰ੍ਹਾਂ ਆਪਸੀ ਪਿਆਰ-ਮੁਹੱਬਤ ਨਾਲ ਰਹਿਣ !'

'ਓਏ ਘੱਟੋ-ਘੱਟ ਮੰਤਰੀ ਦੀ ਕੁੜੀ ਦਾ ਰਿਸ਼ਤਾ ਤੇ ਨਾ ਮੋੜਦਾ ! ਲਾਗੇ-ਬੰਨੇ ਇਸ ਤਰ੍ਹਾਂ ਦੀ ਰਿਸ਼ਤੇਦਾਰੀ ਬੜੇ ਕੰਮ ਸੁਆਰ ਦੇਂਦੀ ਏ। ਸਾਡੇ ਵਰਗਿਆਂ ਦੀ ਪੁਲਿਸ ਠਾਣਿਆਂ ਤੇ ਸੀ.ਆਈ.ਏ. ਦੀ ਕੁੱਟਮਾਰ ਤੋਂ .....।'

'ਨਹੀਂ, ਇਹ ਕਦੇ ਆਸ ਨਾ ਕਰਿਓ। ਹਾਂ, ਜੇਕਰ ਤੁਹਾਨੂੰ ਬੇਵਜ੍ਹਾ ਕਿਧਰੇ ਪੁਲੀਸ ਤੰਗ ਕਰੇ ਤਾਂ ਸਹੁੰ ਗੁਰੂ ਦੀ, ਲਲਕਾਰ ਕੇ ਪੁਲੀਸ ਨਾਲ ਮੁਕਾਬਲਾ ਕਰਾਂਗੇ ! ਇਹ ਤਾਂ ਤੈਨੂੰ ਵੀ ਪਤਾ ਕਿ ਹਵੇਲੀ ਅੰਦਰ ਆਈ ਪੁਲੀਸ ਤੇ ਕੋਆਪਰੇਟਿਵ ਸੁਸਾਇਟੀ ਵਾਲਿਆਂ ਦੀਆਂ ਕਿਵੇਂ ਦੌੜਾਂ ਕਢਵਾਈਆਂ ਸਨ ! ਸਾਲੇ ਅੱਜ ਤਕ ਵੀ ਏਧਰ ਨੂੰ ਮੂੰਹ ਕਰਨ ਤੋਂ ਤੋਬਾ-ਤੋਬਾ ਕਰਦੇ ਨੇ।'

ਕੁਝ ਮਹੀਨੇ ਪਹਿਲਾਂ ਹੀ ਪੰਜਾਬ ਦਾ ਡਿਵੈਲਪਮੈਂਟ ਵਜ਼ੀਰ ਭਗਠਾਣਾ ਤੁਲੀਆਂ ਦੇ ਸਰਪੰਚ ਮੰਗਤ ਰਾਮ ਅਤੇ ਡੇਰਾ ਬਾਬਾ ਨਾਨਕ ਦੇ ਕਾਂਗਰਸੀ ਲੀਡਰ ਪ੍ਰੇਮ ਸਾਗਰ ਗੁਪਤਾ ਰਾਹੀਂ ਆਪਣੀ ਲੜਕੀ ਦਾ ਰਿਸ਼ਤਾ ਨਿੰਮੇ ਨੂੰ ਕਰਨ ਲਈ ਕਹਿ ਚੁੱਕਾ ਸੀ ਪਰ ਨਿੰਮੇ ਵੱਲੋਂ ਕੋਰਾ ਜੁਆਬ ਸੀ। ਨਿੰਮੇ ਨੇ ਇਹ ਰਿਸ਼ਤਾ ਨਾ ਹੋਣਾ ਰਾਜਨੀਤਿਕ ਵਿਚਾਰਧਾਰਾ ਵਿਚ ਵੱਖੋ-ਵੱਖਰੀ ਸੋਚ ਦੇ ਧਾਰਨੀ ਹੋਣਾ ਦੱਸਿਆ। ਸ਼ਾਇਦ ਏਸੇ ਨੂੰ ਆਪਣੀ ਬੇਇਜ਼ਤੀ ਸਮਝਦਿਆਂ ਮੰਤਰੀ ਵੱਲੋਂ ਭੇਜੀ ਹਵੇਲੀ ਆਈ ਸੁਸਾਇਟੀ ਦੇ ਇੰਸਪੈਕਟਰ ਤੇ ਕਰਮਚਾਰੀਆਂ ਸਣੇ ਪੁਲੀਸ ਮਹਿਕਮੇ ਦੀ ਨੰਬਰਦਾਰਾਂ ਦੀਆਂ ਕੁੜੀਆਂ ਨੇ ਹੀ ਭੁਗਤ ਸਵਾਰ ਸੁੱਟੀ ਸੀ। ਛਿੱਬਾ ਏਸੇ ਰਿਸ਼ਤੇ ਦੀ ਗੱਲ ਕਰ ਰਿਹਾ ਸੀ।

ਦੋਹਾਂ ਦੀਆਂ ਲੰਬਾ ਸਮਾਂ ਗੱਲਾਂ ਹੁੰਦੀਆਂ ਰਹੀਆਂ ਪਰ ਇਕੱਠੇ ਚੱਲਣ 'ਤੇ ਸਹਿਮਤੀ ਨਾ ਹੋਈ। ਛਿੱਬਾ ਸੋਚੀਂ ਡੁੱਬਿਆ ਵਾਪਿਸ ਆਪਣੇ ਪਿੰਡ ਪਰਤ ਆਇਆ।

ਗਰਮੀਆਂ ਦੇ ਦਿਨ ਸਨ। ਅਸਮਾਨ 'ਚ ਕਾਲੇ ਸ਼ਾਹ ਬੱਦਲ ਚੜ੍ਹੇ ਹੋਏ ਸਨ। ਰਾਤ ਵੀ ਮੀਂਹ ਪੈ ਚੁੱਕਾ ਸੀ। ਹਵਾਵਾਂ ਦੇ ਕਿਧਰੇ ਤੇਜ਼ ਬੁਲਿਆਂ ਨੇ ਜਿਵੇਂ

ਕੁਝ ਵਕਤ ਲਈ ਰਾਹਤ ਦੇਣੀ ਹੋਵੇ ! ਦੁਪਹਿਰ ਚੜ੍ਹ ਚੁੱਕੀ ਸੀ। ਹਵੇਲੀ ਅੰਦਰ ਚਰ੍ਹ ਪੁੱਟ ਕੇ ਕਰੀਬ ਸੌ ਸਾਲ ਪੁਰਾਣੀ ਤਾਂਬੇ ਦੀ ਦੇਗ ਵਿਚ ਚਾਹ ਤੇ ਨਾਲ ਹੀ ਪਕੌੜੇ ਬਣਾਏ ਜਾ ਰਹੇ ਸਨ। ਕੀ ਕੋਈ ਵਿਆਹ ਸੀ ਜਾਂ ਹੋਰ ਕੋਈ ਖੁਸ਼ੀ ਦਾ ਸਮਾਂ ਸੀ? ਐਸਾ ਤਾਂ ਕੁਝ ਨਹੀਂ ਸੀ। ਫਿਰ ਕੀ ਸੀ?

ਲੋਕਾਂ ਦੀਆਂ ਢਾਣੀਆਂ ਆਉਂਦੀਆਂ ਤੇ ਪਿੱਤਲ ਦੇ ਗਲਾਸਾਂ ਵਿਚ ਚਾਹ ਤੇ ਹੱਥਾਂ ਵਿਚ ਪਕੌੜੇ ਫੜੀ ਖਾ-ਪੀ ਰਹੇ ਸਨ। ਵੱਖ-ਵੱਖ ਪਿੰਡਾਂ ਤੋਂ ਨੌਜਵਾਨ ਜਿਨ੍ਹਾਂ ਵਿਚ ਕਈ ਛੋਟੇ ਅਜੇ ਬਚਪਨ ਹੀ ਮਾਣ ਰਹੇ ਸਨ ਤੇ ਕਈ ਬਜ਼ੁਰਗ ਵੀ ਜਿਵੇਂ ਕਿਸੇ ਮੇਲੇ ਵਿਚ ਆਏ ਹੋਣ ! ਕਰੀਬ 8-9 ਘੋੜੀਆਂ ’ਤੇ ਦੂਰੋਂ ਆਏ ਪਿੰਡਾਂ ਤੋਂ ਲੋਕ ਆਣ ਪੁੱਜੇ ਜਿਨ੍ਹਾਂ ਵਿਚ ਨੰਬਰਦਾਰਾਂ ਦੇ ਪੁਰਾਣੇ ਸੱਜਣ-ਬੇਲੀ ਸਨ। ਨੰਬਰਦਾਰਾਂ ਕੋਲ ਵੀ ਹਮੇਸ਼ਾ ਦੋ ਘੋੜੀਆਂ ਤੇ ਊਠ ਹੁੰਦੇ ਸਨ। ਸਾਹਿਬ ਨੇ ਹਮੇਸ਼ਾ ਦੂਰ-ਨੇੜੇ ਜਾਣ ਵੇਲੇ ਘੋੜੀ ’ਤੇ ਜਾਣਾ ਹੁੰਦਾ ਸੀ।

ਭਗਠਾਣਾ ਤੁਲੀਆਂ ਤੋਂ ਛਿੱਬਾ ਆਪਣੇ ਸੱਤ ਭਰਾਵਾਂ ਤੇ ਬਾਪ ਨਾਲ ਆਪਣੇ ਜੁੰਡਲੀ ਦੇ ਯਾਰਾਂ ਜਿਨ੍ਹਾਂ ਵਿਚ ਬਹੁਤੇ ਉਸ ਦੇ ਰਾਵੀਓਂ ਆਰ-ਪਾਰ ਜਾਣ ਵਾਲੇ ਵੀ ਸਨ, ਪਹਿਲਾਂ ਹੀ ਦੋਹਾਂ ਪਿੰਡਾਂ ਵਿਚਕਾਰ ਪਹੁੰਚ ਚੁੱਕੇ ਸਨ। ਉਹ ਹਵੇਲੀ ਨਹੀਂ ਆਏ। ਕੰਤੇ ਨੂੰ ਚੰਗਾ ਨਾ ਲੱਗਾ ਪਰ ਫਿਰ ਜਦ ਵੱਡੇ ਨੰਬਰਦਾਰ ਨੇ ਸਮਝਾਇਆ ਕਿ ਜੇਕਰ ਆ ਹੀ ਗਏ ਹਨ ਤਾਂ ਕੁਝ ਨਹੀਂ ਕਹਿਣਾ, ਸਮਝ ਲਉ ਘਰ ਆਏ ਮਹਿਮਾਨ ਨੇ ਤੇ ਉਥੇ ਉਨ੍ਹਾਂ ਨੂੰ ਚਾਹ-ਪਕੌੜੇ ਭੇਜਣ ਲਈ ਵੀ ਕਹਿ ਦਿੱਤਾ।

ਠਾਣੇਦਾਰ ਦੀ ਮੁਖ਼ਬਰੀ ਕਰਨ ਦੀ ਆਦਤ, ਆਲੇ-ਦੁਆਲੇ ਦੇ ਪਿੰਡਾਂ ਵਿਚ ਪੁਲੀਸ ਦੀ ਸ਼ਰਾਬ ’ਤੇ ਰੇਡ, ਖੇਤ-ਮਜ਼ਦੂਰਾਂ ਨੂੰ ਉਨ੍ਹਾਂ ਦੀ ਮਜ਼ਦੂਰੀ ਘੱਟ ਦੇਣਾ ਤੇ ਕਈ-ਕਈ ਦਿਨਾਂ ਦੇ ਪੈਸੇ ਆਪਣੇ ਥੱਲੇ ਰੱਖਣੇ ਤਾਂ ਕਿ ਉਹ ਕੰਮ ’ਤੇ ਆਉਂਦੇ ਰਹਿਣ, ਗਰੀਬ ਮਜ਼ਦੂਰਾਂ ਦੀਆਂ ਧੀਆਂ-ਭੈਣਾਂ ਨਾਲ ਆਪਣੀ ਹੈਂਕੜ ਨਾਲ ਮਖ਼ੌਲ-ਠੱਠਾ ਕਰਨਾ, ਅਫ਼ੀਮ ਦੀ ਚਾਹ ਨਾਲ ਖੁੱਲ੍ਹੀ ਵਰਤੋਂ ਕਰਨੀ। ਚੰਗੇ-ਭਲੇ ਦਾਨੇ ਬਜ਼ੁਰਗਾਂ ਨਾਲ ਆਪਣੀ ਜਗੀਰੂ ਸੋਚ ਕਰਕੇ ਬੇਹੂਦਾ ਵਰਤਾਰਾ ਕਰਨਾ ਆਮ ਹੋ ਚੁੱਕਾ ਸੀ।

ਜਦ ਛਿੱਬਾ ਤੇ ਕੰਤਾ ਹਵੇਲੀ ਵਿਚ ਗੱਲਬਾਤ ਕਰ ਰਹੇ ਸਨ ਤਾਂ ਇਕ ਸਵਾਲ ਇਹ ਵੀ ਆਇਆ ਕਿ ਆਖ਼ਰ ਸਾਡੇ ਹੀ ਪਿੰਡਾਂ ਵਿਚ ਪੁਲੀਸ ਦੇ ਏਨੇ ਛਾਪੇ ਕਿਉਂ ਪੈਂਦੇ ਨੇ ! ਛਿੱਬੇ ਨੇ ਦੱਸਿਆ ਸੀ ਕਿ ਪਿੰਡ ਰੂੜਾ ਤੋਂ ਸਤਬੀਰ ਸਿੰਘ ਜਿਹੜਾ ਡੇਰਾ ਬਾਬਾ ਨਾਨਕ ਹਲਕੇ ਵਿਚ ਸੀ.ਆਈ.ਡੀ. ਮਹਿਕਮੇ ਵਿਚ ਹੈ ਉਸ ਤੋਂ ਪਤਾ ਲੱਗ ਸਕਦਾ। ਸਤਬੀਰ ਸਿੰਘ ਨਿੰਮੇ ਦਾ ਗਿਆਰ੍ਹਵੀਂ ਤਕ ਦਾ ਜਮਾਤੀ ਵੀ ਸੀ।

ਇਹ ਹਵੇਲੀ ਵਾਲਿਆਂ ਦਾ ਗੋਤੀ ਭਰਾ ਵੀ ਸੀ ਤੇ ਇਨ੍ਹਾਂ ਦਾ ਚੰਗਾ ਪਰਸਪਰ ਸਹਿਚਾਰ ਸੀ। ਸੁਨੇਹਾ ਘੱਲਣ 'ਤੇ ਉਹ ਅਗਲੇ ਹੀ ਦਿਨ ਡਿਊਟੀ ਖਤਮ ਕਰਕੇ ਹਵੇਲੀ ਆ ਗਿਆ। ਸਤਬੀਰ ਨੇ ਦੱਸਿਆ ਕਿ ਠਾਣੇਦਾਰ ਦੇ ਕਿਹੜੇ-ਕਿਹੜੇ ਆਹਲਾ ਅਫਸਰਾਂ ਨਾਲ ਸਬੰਧ ਹਨ ਤੇ ਉਸੇ ਦੀ ਵਜ੍ਹਾ ਕਰਕੇ ਏਨੇ ਛਾਪੇ ਪੈਂਦੇ ਨੇ। ਖ਼ਾਸ ਕਰਕੇ ਉਸ ਨੂੰ ਸਭ ਤੋਂ ਵੱਧ ਤੇਰੇ ਤੋਂ ਚਿੜ੍ਹ ਹੈ। ਜਦੋਂ ਦਾ ਤੁਸਾਂ ਨੇੜਲੇ ਪਿੰਡਾਂ ਦੇ ਖੇਤ-ਮਜ਼ਦੂਰਾਂ ਦਾ ਠਾਣੇਦਾਰ ਦੇ ਕੰਮ ਕਰਨਾ ਬੰਦ ਕਰਾਇਆ ਹੈ ਉਸ ਨੂੰ ਦੂਰ ਦੇ ਪਿੰਡਾਂ ਤੋਂ ਆਪਣੀ ਟਰੈਕਟਰ-ਟਰਾਲੀ 'ਤੇ ਬੰਦੇ ਲਿਆਉਣੇ ਤੇ ਵਾਪਿਸ ਛੱਡਣੇ ਪੈਂਦੇ ਨੇ। ਇਹ ਵੀ ਪਤਾ ਲੱਗਾ ਕਿ ਤੁਹਾਡੇ ਤਿੰਨਾਂ ਘਰਾਂ ਹੇਠ 15 ਏਕੜ ਜ਼ਮੀਨ ਜਿਹੜੀ ਕਦੇ ਤੁਹਾਡੇ ਦਾਦਾ ਜੀ ਨੇ ਮਹੰਤਾਂ ਤੋਂ ਬੈਅ ਲਈ ਸੀ ਉਸ ਕੇਸ ਨੂੰ ਵੀ ਪੁੱਟਣ ਵਿਚ ਠਾਣੇਦਾਰ ਨੇ ਦੂਸਰੀ ਪਾਰਟੀ ਨੂੰ ਸਲਾਹ ਦਿੱਤੀ ਸੀ।

ਵਾਪਿਸ ਪਿੰਡ ਹਵੇਲੀਆਂ ਦੇ ਆਲੇ-ਦਵਾਲੇ ਕੀ ਵਾਪਰਨ ਜਾ ਰਿਹਾ ਹੈ, ਜ਼ਰਾ ਉਧਰ ਨੂੰ ਚਾਲੇ ਪਾਉਣੇ ਪੈਣਗੇ। ਹੁਣ ਤਕ ਦੋਹਾਂ ਪਿੰਡਾਂ ਵਿਚਕਾਰ ਕਰੀਬ ਢਾਈ ਸੌ ਜਣਾ ਕੱਠਾ ਹੋ ਚੁੱਕਾ ਸੀ। ਛਿੱਬੇ ਅਤੇ ਕੰਤੇ ਦੇ ਹੱਥ ਮਿਲਾਏ ਗਏ। ਛਿੱਬੇ ਨੇ ਉਸ ਨੂੰ ਆਪਣੇ ਕਲਾਵੇ ਵਿਚ ਲੈ ਕੇ ਉਸ ਦੇ ਕੰਨ ਵਿਚ ਕੁਝ ਕਿਹਾ। ਸੱਤਾਂ ਬੰਦਿਆਂ ਨੂੰ ਵੱਖ-ਵੱਖ ਪਿੰਡਾਂ ਵਿੱਚੋਂ ਲੈ ਕੇ ਦੋਵੇਂ ਜਣੇ ਇਕ ਕਿੱਲਾ ਦੂਰ ਇਕ ਖਾਲ 'ਤੇ ਜਾ ਬੈਠੇ। ਉਨ੍ਹਾਂ ਬਸ ਘੜੀ-ਪਲ ਹੀ ਕੀਤਾ ਤੇ ਵਾਪਿਸ ਪਰਤ ਆਏ।

ਸਾਰੇ ਇਲਾਕਾ ਨਿਵਾਸੀਆਂ ਦਾ ਆਉਣ 'ਤੇ ਧੰਨਵਾਦ ਕੀਤਾ ਗਿਆ ਉਪਰੰਤ ਕੰਤੇ ਨੇ ਬੋਲਣਾ ਸ਼ੁਰੂ ਕੀਤਾ :

'ਸਭ ਤੋਂ ਪਹਿਲਾਂ ਹੁਣ ਇਥੇ ਜਿੰਨੇ ਆ ਚੁੱਕੇ ਹਨ ਉਨ੍ਹਾਂ ਵਿੱਚੋਂ ਬਿਨਾਂ ਦੱਸੇ ਕੋਈ ਬਾਹਰ ਨਾ ਜਾਵੇ ! ਹਾਂ, ਨਵੇਂ ਜ਼ਰੂਰ ਵਿੱਚ ਰਲ਼ ਸਕਦੇ ਨੇ। ਇਹ ਲੜਾਈ ਸਾਡੀ ਕਿਸੇ ਨਾਲ ਨਿੱਜੀ ਨਹੀਂ, ਇਹ ਤੁਹਾਡੀ ਖਾਤਰ ਹੈ ਤੇ ਤੁਸਾਂ ਹੀ ਲੜਨੀ ਏਂ। ਅਸੀਂ ਕਿਸੇ ਨੂੰ ਮੁਰੱਬੇ ਕੱਟ ਕੇ ਨਹੀਂ ਦੇਣੇ। ਤੁਹਾਡੇ ਹੱਕ ਤੁਹਾਨੂੰ ਖੋਹ ਕੇ ਲੈ ਕੇ ਦੇਣੇ ਨੇ। ਇਹ ਹੁਣ ਤਕ ਇਸੇ ਤਰ੍ਹਾਂ ਹੀ ਹੁੰਦਾ ਆਇਆ। ਕੱਠੇ ਇਕਸੁਰ ਹੋ ਕੇ ਹੀ ਅਸੀਂ ਇਨ੍ਹਾਂ ਜਗੀਰਦਾਰਾਂ—ਹਕੂਮਤ ਦੇ ਤਲੇ ਚੱਟਣ ਵਾਲਿਆਂ ਤੇ ਸਰਕਾਰੀ ਜ਼ੁਲਮੋ-ਤਸ਼ੱਦਦ ਕਰਨ ਵਾਲਿਆਂ ਦਾ ਮੁਕਾਬਲਾ ਕਰ ਸਕਦੇ ਹਾਂ। ਅਸੀਂ ਖ਼ੂਨ-ਖ਼ਰਾਬਾ ਕਰਨ ਦੀ ਪਹਿਲ ਨਹੀਂ ਕਰਨੀ ! ਅਗਰ ਕਿਧਰੇ ਲੋੜ ਪਈ ਤਾਂ ਇਸ ਬਾਰੇ ਛਿੱਬਾ ਤੁਹਾਨੂੰ ਸਮਾਂ ਆਉਣ 'ਤੇ ਇਸ਼ਾਰਾ ਕਰੇਗਾ।'

ਦੋਹਾਂ ਪਿੰਡਾਂ ਦੀਆਂ ਗਾਈਆਂ ਦਾ ਵੱਗ ਦੁਪਹਿਰ ਤੋਂ ਪਹਿਲਾਂ ਹੀ ਮੇਤਲੇ ਤੇ ਹਰੂਵਾਲ ਦੇ ਜੰਗਲੀ ਪਾਸੇ ਨੂੰ ਚਲਿਆ ਜਾਂਦਾ ਸੀ ਪਰ ਅੱਜ ਇੰਝ ਨਹੀਂ ਸੀ ਹੋਇਆ। ਅਜੇ ਪਾਲ਼ੀਆਂ ਨੇ ਇਨ੍ਹਾਂ ਗਾਈਆਂ ਨੂੰ ਲਾਗਲੇ ਖੇਤਾਂ ਵਿਚ

ਘੇਰ ਰੱਖਿਆ ਸੀ।

ਕੰਤੇ ਦੇ ਬੋਲ ਹਟਣ ਤੋਂ ਬਾਅਦ ਛਿੱਬਾ ਆਪਣੀ ਢਾਣੀ ਦੇ ਦੋ ਘੋੜ-ਸਵਾਰਾਂ ਨੂੰ ਮੇਤਲੇ ਠਾਣੇਦਾਰ ਦੇ ਫਾਰਮ ਵੱਲ ਭੇਜ ਚੁੱਕਾ ਸੀ। ਇਹ ਪਤਾ ਕਰਨਾ ਸੀ ਕਿ ਠਾਣੇਦਾਰ ਆਪਣੇ ਬੰਦਿਆਂ ਨਾਲ ਕਦੋਂ ਏਸ ਰਸਤੇ ਆਉਂਦਾ। ਉਸ ਦਾ ਆਉਣਾ ਪੱਕਾ ਸੀ, ਇਹ ਪਤਾ ਲੱਗ ਚੁੱਕਾ ਸੀ।

ਦੋ ਮੀਲ ਦਾ ਪੈਂਡਾ ਸੀ। ਘੋੜੀਆਂ ਵਾਲਿਆਂ ਨੇ ਇਕ-ਦੂਸਰੇ ਲਈ ਆਪਣੀਆਂ ਡਾਂਗਾਂ ਨਾਲ ਚਿੱਟੇ ਕੱਪੜੇ ਬੰਨ੍ਹੇ ਹੋਏ ਸਨ। ਉਨ੍ਹਾਂ ਨੇ ਇਕ-ਦੂਸਰੇ ਨੂੰ ਇਸ਼ਾਰੇ ਕਰਨ ਦਾ ਜੁਗਾੜ ਬਣਾਇਆ ਹੋਇਆ ਸੀ।

ਅੱਥਰੀ ਘੋੜੀ ਖ਼ੌਰੂ ਪੁੱਟਦੀ ਆਣ ਪਹੁੰਚੀ।

ਬੰਸੇ ਨੇ ਦੱਸਿਆ ਕਿ ਬਾਈ-ਲਾਰਸ ਟਰੈਕਟਰ ਪਿੱਛੇ ਟਰਾਲੀ ਵੀ ਹੈ ਜਿਸ ਵਿਚ ਕੁਝ ਹੋਰ ਲੋਕ ਵੀ ਬੈਠੇ ਹਨ। ਥਾਣੇਦਾਰ ਦੇ ਦੋਵੇਂ ਭਰਾ ਤੇ ਉਨ੍ਹਾਂ ਦੀ ਮਾਂ ਟਰੈਕਟਰ ’ਤੇ ਬੈਠੇ ਹਨ। ਟਰੈਕਟਰ ਉੱਪਰ ਵੱਡੀ ਸਾਰੀ ਨਵੀਂ ਛੱਤ ਲੱਗੀ ਹੋਈ ਏ।

‘ਤੁਫ਼ੈਲ, ਜਾਹ ਉਨ੍ਹਾਂ ਮੁੰਡਿਆਂ ਨੂੰ ਕਹਿ, ਗਾਈਆਂ ਦਾ ਵੱਗ ਹਰੂਵਾਲ ਵਾਲੇ ਪਾਸੇ ਨੂੰ ਤੋਰ ਲੈਣ।’ ਛਿੱਬੇ ਦਾ ਬੋਲ ਸੀ।

‘ਸੁਣੋ ਬਈ ਸੁਣੋ, ਕੋਈ ਉਨਾ ਚਿਰ ਆਪਣਾ ਹਥਿਆਰ ਨਹੀਂ ਚੁੱਕੇਗਾ ਜਿੰਨਾ ਚਿਰ ਮੈਂ ਇਸ਼ਾਰਾ ਨਾ ਕਰਾਂ। ਜੇਕਰ ਕਿਸੇ ਨੇ ਆਪਣੀ ਮਰਜ਼ੀ ਕੀਤੀ, ਸਹੁੰ ਰੱਬ ਦੀ ਪਹਿਲਾਂ ਉਸੇ ਦੀ ਖ਼ਬਰ ਲਈ ਜਾਵੇਗੀ। ਐਵੇਂ ਚਾਅ-ਚਾਅ ਵਿਚ ਕੋਈ ਵਾਧਾ ਨਾ ਕਰਨਾ, ਭੁਗਤਣਾ ਤੇ ਫਿਰ ਸਾਨੂੰ ਹੀ ਪੈਣਾ ਏ। ਦੂਸਰੀ ਗੱਲ—ਜੇ ਉਨ੍ਹਾਂ ਵਿਚ ਕੋਈ ਬੀਬੀ ਹੋਈ ਤਾਂ ਲੜਾਈ ਹੋਣ ’ਤੇ ਉਸ ਨੂੰ ਕੁਝ ਨਹੀਂ ਕਹਿਣਾ!' ਛਿੱਬੇ ਨੇ ਏਨਾ ਬੋਲਦਿਆਂ ਨਾਲ ਹੀ ਦੋ ਹੋਰ ਘੋੜੀਆਂ ਵਾਲਿਆਂ ਨੂੰ ਹਰੂਵਾਲ ਵਾਲੇ ਪਾਸੇ ਨੂੰ ਤੋਰ ਦਿੱਤਾ।

ਵੱਡਾ ਕਾਫ਼ਲਾ ਬਣ ਚੁੱਕਾ ਸੀ। ਹਰਪਾਲ ਸਿੰਘ ਨੇ ਉੱਚੀ ਸਾਰੀ ਆਪਣਾ ਬੋਲ ਕੱਢਿਆ : ‘ਜੋ ਵੀ ਸਭ ਤੋਂ ਪਹਿਲਾਂ ਟਰੈਕਟਰ ਰੋਕੇਗਾ, ਉਸ ਨੂੰ ਮੈਂ ਦੋ ਸੇਰ ਘਿਉ ਆਪ ਦਿਆਂਗਾ।’

ਸਭ ਤੋਂ ਮੂਹਰੇ ਕੰਤੇ ਨਾਲ ਪੰਜ ਜਣੇ ਸਨ ਜਿਨ੍ਹਾਂ ਦੇ ਸਿਰਾਂ ’ਤੇ ਵੱਡੇ ਪੱਗੜ ਬੱਝੇ ਹੋਏ ਸਨ। ਕਿਸੇ ਕੋਲ ਬਰਛੀ, ਕਿਸੇ ਕੋਲ ਟਕੂਆ, ਕਿਸੇ ਕੋਲ ਸੂਆ ਤੇ ਕਿਸੇ ਕੋਲ ਲੰਬੀਆਂ ਲਿਸ਼ਕਦੀਆਂ ਕਿਰਪਾਨਾਂ ਸਨ। ਇਸ਼ਾਰਾ ਹੁੰਦੇ ਹੀ ਪੂਰਾ ਲਾਮ-ਲਸ਼ਕਰ ਵਾਹੋ-ਦਾਹੀ ਪੈਲੀਆਂ, ਵੱਟਾਂ-ਬੰਨਿਆਂ, ਖਾਲਾਂ ਰਾਹੀਂ ਲਾ-ਲਾ, ਲਾ-ਲਾ ਕਰਦਾ ਇੰਝ ਜਾ ਰਿਹਾ ਸੀ ਜਿਵੇਂ ਇਹ ਇਨ੍ਹਾਂ ਦੀ ਜ਼ਿੰਦਗੀ ਦਾ ਆਖਰੀ ਯੁੱਧ ਹੋਵੇ। ਸਾਫ਼ ਲਿਸ਼ਕਦਾ ਦਿਨ, ਹੱਥਾਂ ਵਿੱਚ ਫੜੇ ਹਥਿਆਰਾਂ

ਨੂੰ ਸੂਰਜੀ ਚਮਕ ਦੇ ਰਿਹਾ ਸੀ। ਹਥਿਆਰ ਜਿਵੇਂ ਚਿਰਾਂ ਤੋਂ ਲਹੂ ਦੇ ਪਿਆਸੇ ਹੋਵਣ !

ਇਕ ਵੱਡੇ ਬੋਹੜ ਦੀ ਛਾਂ ਹੇਠ ਬਾਬਾ ਸੁਰੈਣੂ ਆਪਣੀ ਸਮਾਧੀ ਲਾਈ ਬੈਠਾ ਸੀ। ਖੌਰੂ ਪਾਉਂਦੇ ਮੁੰਡੇ ਬਾਬੇ ਦਾ ਧਿਆਨ ਆਪਣੇ ਵੱਲ ਖਿੱਚ ਰਹੇ ਸਨ। ਬਾਬਾ ਜਿਵੇਂ ਕਹਿ ਰਿਹਾ ਹੋਵੇ, 'ਆਪਣੇ ਜੋਸ਼ ਨੂੰ ਸਾਂਭ ਕੇ ਰੱਖਣਾ। ਅਗਰ ਜੋਸ਼ ਤੇ ਹੋਸ਼ ਨਾਲ ਚੱਲੋਗੇ ਤੁਹਾਡੀ ਹਰ ਮੈਦਾਨ ਫ਼ਤਹਿ ਹੋਵੇਗੀ, ਬਸ ਇੱਕੋ ਹੀ ਸ਼ਰਤ ਹੈ, ਤੁਹਾਡਾ ਕਰਮ ਚੰਗਾ ਹੋਵੇ। ਸਰਬੱਤ ਦੇ ਭਲੇ ਵਾਲਾ ਹੋਵੇ।'

ਰਾਹ ਵਿਚ ਦੱਭ, ਕਾਨੇ, ਕਾਹੀ-ਸਰਕੜਾ, ਪਾਣੀ ਨਾਲ ਭਰੀਆਂ ਛੱਪੜੀਆਂ ਤੇ ਤਾਜ਼ੇ ਮੀਂਹ ਨਾਲ ਉੱਠਿਆ ਕੱਲਰ ਸਾਰਿਆਂ ਵੱਲ ਇੰਝ ਝਾਕ ਰਿਹਾ ਸੀ ਜਿਵੇਂ ਉਹ ਲੋਕਾਂ ਦੇ ਠਾਠਾਂ ਮਾਰਦੇ ਹੜ੍ਹ ਨੂੰ ਕੋਈ ਸੁਨੇਹਾ ਦੇ ਰਿਹਾ ਹੋਵੇ ਕਿ ਇਹ ਤਾਂ ਤੁਹਾਡੇ ਲਈ ਬੜੀ ਮਾਮੂਲੀ ਮੁਹਿੰਮ ਹੈ, ਅਜੇ ਤਾਂ ਮੰਜ਼ਿਲ ਬਹੁਤ ਦੂਰ ਹੈ।

ਜੰਗਲ, ਬੇਲਾ ਲੰਘਦਿਆਂ ਜਦ ਡੂੰਘੇ ਪਾਣੀ ਨਾਲ ਭਰੀ ਨਾਲੀ ਵਿੱਚੋਂ ਟਰੈਕਟਰ-ਟਰਾਲੀ ਬਾਹਰ ਆਉਂਦੇ ਵੇਖੇ, ਲੋਕਾਂ ਦੇ ਚਿਹਰੇ ਹੋਰ ਵੀ ਖਿੜ ਉਠੇ। ਇਕ ਪਾਸੇ ਟਰੈਕਟਰ ਤੇ ਵਿਚਕਾਰ ਗਊਆਂ ਦਾ ਵੱਡਾ ਇਕੱਠ ਤੇ ਦੂਸਰੇ ਪਾਸੇ ਲੋਕਾਂ ਦਾ ਹੜ੍ਹ।

ਪਹਿਲਾਂ ਤਾਂ ਟਰੈਕਟਰ ਕੱਚੇ ਰਾਹੇ ਮਜ਼ੇ-ਮਜ਼ੇ ਆ ਰਿਹਾ ਸੀ। ਫਿਰ ਇਕਦਮ ਉਸ ਨੇ ਤੇਜ਼ੀ ਫੜ ਲਈ। ਅਸਲ ਵਿਚ ਉਨ੍ਹਾਂ ਨੂੰ ਸਮਝਣ ਵਿਚ ਦੇਰੀ ਨਾ ਲੱਗੀ ਕਿ :

ਇਕਸੇ ਤੌਰ ਬਹਾਰ ਨਾ ਰਹਿੰਦੀ, ਨਹੀਂ ਇਕਸੇ ਤੌਰ ਜ਼ਮਾਨਾ।
ਹਰ ਇਕ ਚਾਲ ਨਹੀਂ ਅਲਬੇਲੀ, ਨਹੀਂ ਹਰਦਮ ਜ਼ੋਰ ਜਵਾਨਾਂ।

ਹਵੇਲੀਆਂ ਅਤੇ ਹਰੂਵਾਲ ਦੇ ਅੱਧ-ਵਿਚਕਾਰ ਛਿੱਬੇ ਤੋਂ ਛੋਟੇ ਫੱਤੇ ਨੇ ਟਰੈਕਟਰ ਮੂਹਰੇ ਜਾ ਕੇ ਆਪਣੀ ਲੰਬੀ ਸੂਏ ਵਾਲੀ ਡਾਂਗ ਟੇਢੀ ਕਰਕੇ ਗੱਡ ਦਿੱਤੀ। ਕੁਝ ਹੀ ਪਲਾਂ ਮਗਰੋਂ ਹੌਲੀ ਹੋਏ ਟਰੈਕਟਰ ਵਿੱਚੋਂ ਕੰਤੇ ਨੇ ਚਾਬੀ ਖਿੱਚ ਲਈ। ਗੁੱਸੇ ਵਿਚ ਆਏ ਨਿੰਦੇ ਨੇ ਟਰੈਕਟਰ ਚਲਾਉਂਦੇ ਲਾਲੂ ਦੀ ਪੱਗ ਵੀ ਲਾਹ ਘੱਤੀ। ਠਾਣੇਦਾਰ ਦੀ ਮਾਂ ਬੁਢੇਪੇ ਵੱਲੀ ਜਾ ਰਹੀ ਸੀ ਪਰ ਉਸ ਦਾ ਕੱਦ-ਕਾਠ ਤੇ ਭਖਦਾ ਲਾਲ ਚਿਹਰਾ ਅਜੇ ਵੀ ਕਿਸੇ ਮਹਾਰਾਣੀ ਦਾ ਭੁਲੇਖਾ ਪਾਉਂਦਾ ਸੀ। ਗਹਿਣੇ ਬਹੁਤ ਪਾਏ ਹੋਏ ਸਨ। ਜਦ ਉਸ ਨੇ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਵੇਖਿਆ ਤਦ ਉਹ ਘਬਰਾ ਗਈ ਤੇ ਹਾਲ-ਪਾਹਰਿਆ ਕਰਨ ਲੱਗੀ। ਲੋਕਾਂ ਦੇ ਇਸ ਅੱਗ-ਲੱਗਣੇ ਹੌਂਸਲੇ ਮੂਹਰੇ ਭਲਾ ਕੌਣ ਟਿਕਦਾ ਸੀ? ਠਾਣੇਦਾਰ ਨੇ ਵੇਖਿਆ ਕੁਝ ਲੋਕ ਟਰੈਕਟਰ ਦੇ ਮੂਹਰਲੇ ਟਾਇਰਾਂ ਨੂੰ ਅੱਗ ਲਾਉਣ ਲੱਗੇ

ਨੇ ਤਾਂ ਉਸ ਨੇ ਆਪਣੀ ਦੋਨਾਲੀ ਨੂੰ ਹੱਥ ਪਾਇਆ। ਦੂਰ ਆਪਣੀ ਘੋੜੀ 'ਤੇ ਬੈਠੇ ਛਿੱਬੇ ਨੇ ਆਪਣੀ ਡੱਬ ਵਿੱਚੋਂ ਰਿਵਾਲਵਰ ਕੱਢ ਕੇ ਹਵਾ ਵਿਚ ਦੋ ਫਾਇਰ ਛੱਡੇ ਤੇ ਨਾਲ ਹੀ ਠਾਣੇਦਾਰ ਨੂੰ ਲਲਕਾਰਿਆ :

'ਚੁੱਪ-ਚਾਪ ਠਾਣੇਦਾਰਾ, ਹੇਠਾਂ ਉਤਰ ਆ। ਤੁਹਾਡੀ ਮਾਈ ਭਾਵੇਂ ਟਰੈਕਟਰ 'ਤੇ ਬੈਠੀ ਰਵ੍ਹੇ।'

ਕੰਤੇ ਨੇ ਅਗਾਂਹ ਵਧ ਕੇ ਠਾਣੇਦਾਰ ਦੇ ਕੰਬਦੇ ਹੱਥਾਂ ਵਿੱਚੋਂ ਦੋਨਾਲੀ ਖੋਹ ਲਿਆਂਦੀ। ਟਰਾਲੀ ਵਿਚ ਬੈਠੇ ਬੰਦਿਆਂ ਨੂੰ ਕਿਹਾ ਗਿਆ ਕਿ ਹੁਣ ਤੁਸੀਂ ਸ਼ਾਮਾਂ ਤਕ ਉਡੀਕ ਕਰੋ। ਤੁਹਾਨੂੰ ਕਦੋਂ ਤੇ ਕੌਣ ਪਹੁੰਚਦਾ ਕਰੇਗਾ ਤੁਹਾਡੇ ਘਰਾਂ ਤਕ, ਛੇਤੀ ਪਤਾ ਲੱਗ ਜੂ!

ਫ਼ੈਸਲਾ ਹੋਇਆ ਕਿ ਤਿੰਨਾਂ ਭਰਾਵਾਂ ਨੂੰ ਭਗਠਾਣਾ ਤੁਲੀਆ ਛਿੱਬੇ ਹੁਰਾਂ ਦੀ ਹਵੇਲੀ ਖੜਿਆ ਜਾਵੇ ਤੇ ਬਾਕੀ ਹਿਸਾਬ-ਕਿਤਾਬ ਉਥੇ ਹੋਵੇਗਾ। ਮਜ਼ਦੂਰਾਂ ਵਿੱਚੋਂ ਇਕ ਨੂੰ ਟਰੈਕਟਰ ਚਲਾ ਕੇ ਮੇਤਲੇ ਨੂੰ ਤੋਰ ਦਿੱਤਾ, ਬਾਕੀ ਸਾਰਾ ਕਾਫ਼ਲਾ ਜਿਨ੍ਹਾਂ ਮੂਹਰੇ ਠਾਣੇਦਾਰ ਤੇ ਉਸ ਦੇ ਦੋਵੇਂ ਭਰਾ ਅੱਗੇ-ਅੱਗੇ ਚਲ ਰਹੇ ਸਨ ਭਗਠਾਣਾ ਤੁਲੀਆਂ ਆਣ ਪਹੁੰਚੇ। ਸਾਰੇ ਜਿੱਤ ਦੀ ਖੁਸ਼ੀ ਮਨਾਉਣ ਲਈ ਚਾਂਗਰਾਂ ਮਾਰ ਰਹੇ ਸਨ। ਆਪੋ-ਆਪਣੀ ਸਮਝ ਮੁਤਾਬਕ ਚੀਕ-ਚਿਹਾੜਾ ਪੈ ਰਿਹਾ ਸੀ। ਕੋਈ ਕਿਸੇ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਸੀ ਜਿਵੇਂ ਜਮਰੌਦ ਦਾ ਕਿਲ੍ਹਾ ਜਿੱਤਿਆ ਹੋਵੇ।

ਅੱਜ ਕੋਈ ਅਮੀਰ ਜਾਂ ਗਰੀਬ, ਕੋਈ ਉੱਚਾ ਜਾਂ ਨੀਵਾਂ, ਕੋਈ ਕੰਮੀ ਤੇ ਜ਼ਿਮੀਂਦਾਰ ਨਹੀਂ ਸੀ ਦਿਸ ਰਿਹਾ। ਇੰਝ ਸੀ ਜਿਵੇਂ ਸਾਰੇ ਭਰਾ ਹੋਵਣ ! ਸ਼ਾਇਦ ਹੀ ਪਹਿਲਾਂ ਕਿਸੇ ਨੇ ਇਸ ਤਰ੍ਹਾਂ ਦਾ ਵਾਕਿਆ ਵੇਖਿਆ ਹੋਵੇ। ਨਵੀਂ ਸੋਚ, ਨਵੀਂ ਚੇਤਨਾ, ਜ਼ਿੰਦਗੀ ਵਿਚ ਨਵਾਂ ਹੁਲਾਰਾ, ਕੁਝ ਨਵਾਂ ਕਰ ਗੁਜ਼ਰਨ ਦੀ ਤਾਂਘ, ਉਚਾਈਆਂ ਨੂੰ ਛੂਹਣ ਦੀ ਤਾਕਤ। ਲੋਕ-ਸ਼ਕਤੀ ਬਸ ਸਹੀ ਸੇਧ ਤੇ ਸਹੀ ਨਿਸ਼ਾਨੇ ਦੀ ਪ੍ਰਾਪਤੀ ਜਿਸ ਵਿਚ ਆਪਣਾ ਨਿੱਜ ਭਾਰੂ ਨਾ ਹੋਵੇ ਤੇ ਹਰ ਪ੍ਰਾਪਤੀ ਹਰ ਇਕ ਲਈ ਹੋਵੇ !

ਕੁਝ ਲੋਕ ਹਵੇਲੀ ਚਲੇ ਗਏ ਤੇ ਬਾਕੀ ਭਗਠਾਣਾ ਤੁਲੀਆਂ ਆਣ ਪਹੁੰਚੇ ਸਨ। ਇਕ ਵਾਣ ਦੀ ਮੰਜੀ 'ਤੇ ਕੁਝ ਹਰੀਜਨ ਹੁੱਕਾ ਪੀ ਰਹੇ ਸਨ। ਠਾਣੇਦਾਰ ਨੂੰ ਉਸ ਮੰਜੀ ਦੀਆਂ ਪੈਂਦਾਂ ਵਾਲੇ ਪਾਸੇ ਬੈਠਣ ਦਾ ਇਸ਼ਾਰਾ ਕੀਤਾ ਗਿਆ। ਉਸ ਦੇ ਦੋਵੇਂ ਭਰਾ ਲਾਗੇ ਗੰਨਿਆਂ ਦੇ ਚੂਰੇ 'ਤੇ ਬੈਠ ਗਏ।

ਠਾਣੇਦਾਰ ਦੀ ਕਿਸਮਤ ਦੇ ਫ਼ੈਸਲੇ ਲਈ ਲੋਕ-ਕਚਹਿਰੀ ਲੱਗ ਰਹੀ ਸੀ। ਹਵੇਲੀਆਂ ਤੋਂ ਪੂਰਨ ਚੰਦ ਮਹਾਸ਼ਾ, ਭਗਠਾਣਾ ਤੁਲੀਆਂ ਤੋਂ ਮੰਗਤ ਰਾਮ ਸਰਪੰਚ,

ਸ਼ਾਹਪੁਰ ਗੋਰਾਇਆ ਤੋਂ ਗਿਆਨ ਸਿੰਘ, ਅਗਵਾਨ ਤੋਂ ਦੀਪਾ ਤੇ ਹਰੂਵਾਲ ਤੋਂ ਚਤਰਾ।

ਸਾਰਿਆਂ ਦੇ ਸਾਹਮਣੇ ਪਹਿਲਾਂ ਕਈ ਜਣਿਆਂ ਨੇ ਆਪਣੇ-ਆਪਣੇ ਵਲਵਲੇ ਦੱਸੇ। ਕੋਈ ਕਹਿ ਰਿਹਾ ਸੀ, ਇਨ੍ਹਾਂ ਤਿੰਨਾਂ ਭਰਾਵਾਂ ਦੇ ਮੂੰਹ ਕਾਲੇ ਕਰਕੇ ਇਨ੍ਹਾਂ ਨੂੰ ਦੋਹਾਂ ਪਿੰਡਾਂ ਵਿਚ ਫੇਰਿਆ ਜਾਵੇ। ਕੋਈ ਕਹਿੰਦਾ, ਇਨ੍ਹਾਂ ਦੀਆਂ ਮੁੱਛਾਂ-ਦਾਹੜੀਆਂ ਨਾਈ ਤੋਂ ਮੁੰਨਵਾ ਦੇਈਏ। ਕੋਈ ਬੋਲਿਆ, ਇਨ੍ਹਾਂ ਦਾ ਡੇਰਾ ਲੁੱਟ ਕੇ ਵੰਡ ਲਈਏ। ਲੰਮਾ ਸਮਾਂ ਅਟੇ-ਸਟੇ ਲੱਗਦੇ ਰਹੇ ਪਰ ਗੱਲ ਸਿਰੇ ਨਾ ਲੱਗੀ।

ਬਾਬਾ ਸੁਰੈਣੂ ਵੀ ਖੁਰਲੀ ਦੀ ਢੋਅ ਲਾ ਕੇ ਸਭ ਕੁਝ ਸੁਣ ਰਿਹਾ ਸੀ। ਸ਼ਾਇਦ ਸੋਚ ਰਿਹਾ ਹੋਵੇ, ਕਿਧਰੇ ਜੋਸ਼ ਵਿਚ ਹੋਸ਼ ਨਾ ਗਵਾ ਬਹਿਣ।

'ਸੁਣੋ ਭਾਈ, ਮੈਂ ਇੱਕ ਹੀ ਗੱਲ ਕਰਕੇ ਜਾ ਰਿਹਾ ਹਾਂ। ਤੁਸੀਂ ਜੋ ਵੀ ਫ਼ੈਸਲਾ ਕਰਨਾ ਬਸ ਇੱਕ ਗੱਲ ਦਾ ਖ਼ਿਆਲ ਰੱਖਣਾ ਕਿ ਕਿਧਰੇ ਆਪਣਾ ਸਦੀਆਂ ਤੋਂ ਚਲਿਆ ਆ ਰਿਹਾ ਪੰਜਾਬੀ ਭਾਈਚਾਰਾ, ਉਸ ਵਿਚ ਸ਼ਰਮ-ਹਯਾ, ਅਕੀਦਾ, ਰਹਿਮ ਤੇ ਭੁੱਲ ਨੂੰ ਬਖਸ਼ਣ ਦੀ ਗੀਤ ਅੱਖੋਂ ਉਹਲੇ ਨਾ ਕਰਨੀ ਤੇ ਇਨ੍ਹਾਂ ਪੰਜਾਂ ਦਾ ਫ਼ੈਸਲਾ ਵੀ ਇਕਸੁਰਤਾ ਵਾਲਾ ਹੋਵੇ।' ਕਹਿ ਕੇ ਬਾਬਾ ਉਥੋਂ ਤੁਰਦਾ ਬਣਿਆ।

ਕੰਤੇ ਨੇ ਪੰਜਾਂ ਵੱਲ ਹੱਥ ਕਰਕੇ ਕਿਹਾ :

'ਚਾਚਾ ਏਥੇ ਹੀ ਸਾਰਿਆਂ ਵਿਚ ਜਾਂ ਪਰ੍ਹਾਂ ਹੋ ਕੇ ਸਲਾਹ ਕਰਨੀ ਜੇ,' ਪੂਰਨ ਚੰਦ ਵੱਲ ਇਸ਼ਾਰਾ ਸੀ।

'ਗੱਲ ਦਾ ਸੁਆਦ ਤਾਂ ਆਹਮੋ-ਸਾਮ੍ਹਣੇ ਕਰਕੇ ਆਵੇਗਾ', ਚਤਰੇ ਦਾ ਜਵਾਬ ਸੀ।

'ਚਲੋ ਫਿਰ ਸ਼ੁਰੂ ਕਰੋ', ਛਿੱਬਾ ਬੋਲਿਆ।

ਸਭ ਤੋਂ ਪਹਿਲਾਂ ਸ਼ਾਹਪੁਰ ਗੋਰਾਇਆ ਤੋਂ ਗਿਆਨ ਸਿੰਘ ਨੇ ਆਪਣੀ ਗੱਲ ਰੱਖੀ :

'ਪਿਛਲੇ ਕਈਆਂ ਸਾਲਾਂ ਤੋਂ ਠਾਣੇਦਾਰ ਨੇ ਸਾਡੇ ਇਸ ਬਾਰਡਰ ਦੇ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣਾ ਰੱਖਿਆ ਹੈ। ਇਕ ਵੱਖਰੀ ਕਿਸਮ ਦਾ ਡਰ ਤੇ ਸਹਿਮ ਜਿਥੇ ਇਸ ਦੇ ਰਕਬੇ ਵਿਚ ਕੰਮ ਕਰਦੇ ਮਜ਼ਦੂਰ ਤੇ ਉਨ੍ਹਾਂ ਦੇ ਟੱਬਰ ਮਜਬੂਰੀ ਵੱਸ ਆਤਮ-ਸਮਰਪਨ ਕਰ ਚੁੱਕੇ ਹਨ। ਨਾ ਉਨ੍ਹਾਂ ਨੂੰ ਪੂਰੀ ਦਿਹਾੜੀ ਦੇਣੀ। ਅੱਠ ਘੰਟੇ ਕੰਮ ਦੀ ਬਜਾਏ ਸੂਰਜ ਚੜ੍ਹਨ ਤੋਂ ਡੁੱਬਣ ਤਕ ਉਨ੍ਹਾਂ ਤੋਂ ਕੰਮ ਲੈਣਾ। ਉੱਤੋਂ ਨਸ਼ਿਆਂ 'ਤੇ ਲਾ ਕੇ ਦੂਣਾ ਕੰਮ ਕਰਾਉਣਾ। ਨਿੱਤ ਕਿਸੇ ਦੀ ਘਰਦੀ, ਕਿਸੇ ਦੀ ਭੈਣ ਨਾਲ ....।'

ਵਿੱਚੋਂ ਮੰਗਤ ਰਾਮ ਸਰਪੰਚ ਨੇ ਰੋਕ ਦਿੱਤਾ ਤੇ ਆਪਣੀ ਦਲੀਲ ਦਿੱਤੀ-

'ਗਿਆਨ ਨੇ ਜੋ ਕਿਹਾ ਠੀਕ ਏ। ਇਸ ਦੇ ਕੰਜਰਪੁਣੇ ਤੋਂ ਸਾਰੇ ਜਾਣੂ ਨੇ। ਸੁਆਲ ਇਹ ਹੈ ਕਿ ਕੀ ਸਜ਼ਾ ਦਿੱਤੀ ਜਾਵੇ ?'

'ਠਾਣੇਦਾਰ ਨੇ ਸਾਡੇ ਪਿੰਡ ਦੇ ਮਜ਼ਬੀ ਡੁੰਮ ਉੱਪਰੋਂ ਆਪਣਾ ਟਰੈਕਟਰ ਲੰਘਾ ਕੇ ਉਸ ਦੀਆਂ ਲੱਤਾਂ ਤੋੜੀਆਂ ਸਨ। ਉਹ ਕੋਈ ਕੰਮ ਕਰਨ ਜੋਗਾ ਨਹੀਂ ਰਿਹਾ। ਇਥੋਂ ਤਕ ਕਿ ਅੱਜ ਤਕ ਵੀ ਉਹ ਪਿਉ ਨਹੀਂ ਬਣ ਸਕਿਆ। ਉਸ ਦਾ ਨੁਕਸਾਨ ਠਾਣੇਦਾਰ ਤੋਂ ਵਸੂਲਿਆ ਜਾਣਾ ਚਾਹੀਦਾ ਹੈ।' ਹਰੂਵਾਲ ਤੋਂ ਚਤਰਾ ਗੁੱਸੇ ਵਿੱਚ ਸੀ।

'ਠਾਣੇਦਾਰ ਤੋਂ ਕੱਲ੍ਹੇ ਡੁੰਮ ਦਾ ਹੀ ਨੁਕਸਾਨ ਨਾ ਵਸੂਲਿਆ ਜਾਵੇ ਸਗੋਂ ਮੋਟਾ-ਮੋਟਾ ਪਿਛਲੀ ਸਾਉਣੀ-ਹਾੜੀ ਦਾ ਹਿਸਾਬ ਕਰਕੇ ਹਰ ਕਾਮੇ ਨੂੰ ਦੋ-ਦੋ ਸੌ ਰੁਪਿਆ ਦਿੱਤਾ ਜਾਵੇ। ਜੇ ਨਕਦੀ ਨਹੀਂ ਤਾਂ ਇਕ ਕਵਿੰਟਲ ਕਣਕ ਤੇ ਇਕ ਕਵਿੰਟਲ ਮਕੱਈ ਦਿੱਤੀ ਜਾਵੇ।' ਇੰਨਾ ਕਹਿੰਦਾ ਹੋਇਆ ਦੀਪਾ ਚਾਹ ਦਾ ਘੁੱਟ ਭਰਨ ਲੱਗਾ। ਚਾਹ ਦੇ ਗਲਾਸ ਵਿਚ ਉੱਡਦੀ-ਉੱਡਦੀ ਪਈ ਮੱਖੀ ਨੂੰ ਉਹ ਉਂਗਲ ਨਾਲ ਬਾਹਰ ਕੱਢ ਚੁੱਕਾ ਸੀ।

ਹਵੇਲੀਆਂ ਤੋਂ ਪੂਰਨ ਚੰਦ ਜਿਸ ਨੂੰ ਸਾਰੀ ਮਹਾਸ਼ਾ ਬਰਾਦਰੀ 'ਚੌਧਰੀ' ਕਹਿ ਕੇ ਬੁਲਾਉਂਦੀ ਸੀ ਆਪਣੀ ਹੀ ਕਿਸਮ ਦਾ ਬੰਦਾ ਸੀ। ਕੰਮ ਮਰਜ਼ੀ ਨਾਲ ਕਰਦਾ ਸੀ। ਜੇ ਕੰਮ ਨਹੀਂ ਕਰਨਾ ਚਾਹੇ ਅਗਲਾ ਦੁੱਗਣੀ ਦਿਹਾੜੀ ਦੀ ਬਾਤ ਪਾਵੇ ਉਸ ਨੂੰ ਵੀ ਠੋਕ ਕੇ ਜਵਾਬ ਦੇਂਦਾ ਸੀ। ਪਰ ਹਵੇਲੀ ਵਾਲੇ ਨੰਬਰਦਾਰਾਂ ਨੂੰ ਉਸ ਨੇ ਕਦੇ ਨਾਂਹ ਨਹੀਂ ਸੀ ਕੀਤੀ। ਉਹ ਆਪਣੀ ਅਣਖ ਵਿਚ ਜਿਉਂਦਾ ਸੀ। ਸੰਤਾਲੀ ਦੀ ਹੋਈ ਵੰਡ ਨੇ ਰਾਵੀਓਂ ਪਾਰ ਉਨ੍ਹਾਂ ਨੂੰ ਪਿੰਡ ਪੈੜੇਵਾਲ ਤੋਂ ਵੱਡੇ ਪਰਵਾਰ ਸਮੇਤ ਹਵੇਲੀ ਲੈ ਆਂਦਾ ਸੀ। ਨੰਬਰਦਾਰਾਂ ਦਾ ਪਰਵਾਰ ਉਨ੍ਹਾਂ ਸੱਤਾਂ ਭਰਾਵਾਂ ਦਾ ਸਹਾਰਾ ਬਣਿਆ ਸੀ। ਮਹਿਫ਼ਲ ਵਿਚ ਜਦ ਉਸ ਨੇ ਦਾਰੂ ਪੀਣੀ ਤਾਂ ਗੱਲਾਂ ਦਾ ਸਿਲਸਲਾ ਸ਼ੁਰੂ ਹੋਣਾ ਕਿਆ ਹੀ ਬਾਤ ਸੀ ! ਇਕ ਆਪਣਾ ਨਜ਼ਾਰਾ ਬੱਝਾ ਹੁੰਦਾ ਸੀ। ਉਸ ਦੇ ਹੱਥਾਂ ਦੀ ਸਫ਼ਾਈ ਸਿਰੇ ਦੀ ਹੁੰਦੀ। ਜਦ ਉਸ ਨੇ ਤੂੜੀ ਦੇ ਮੂਸਲ ਬੰਨ੍ਹਣੇ ਤਾਂ ਲੋਕਾਂ ਨੇ ਨੀਝਾਂ ਲਾ-ਲਾ ਕੇ ਵੇਖਣਾ। ਤੂੜੀ ਦੇ ਮੂਸਲ ਪੰਜ-ਪੰਜ ਸਾਲ ਵੀ ਉਂਝ ਹੀ ਖੜ੍ਹੇ ਰਹਿੰਦੇ ਜਿਵੇਂ ਉਹ ਹੁਣੇ-ਹੁਣੇ ਚਿੱਟੀ ਫਰਲੇ ਵਾਲੀ ਮਾਇਆ ਲੱਗੀ ਪੱਗ ਬੰਨ੍ਹ ਕੇ ਆਇਆ ਹੋਵੇ !

ਬਾਕੀ ਤਾਂ ਸਾਰੇ ਪਿੱਤਲ ਦੇ ਗਲਾਸਾਂ ਵਿਚ ਚਾਹ ਪੀ ਰਹੇ ਸਨ ਪਰ ਉਸ ਦੇ ਗਲਾਸ ਨੂੰ ਜੀਕਣ ਨਸ਼ਾ ਚੜ੍ਹਿਆ ਹੋਇਆ ਸੀ। ਹੱਥ ਕੰਬ ਰਹੇ ਸਨ।

ਆਪਣੀ ਬੀੜੀ ਨੂੰ ਅੱਗ ਲਾਉਂਦਿਆਂ ਤੇ ਹਵਾ ਵਿਚ ਧੂੰਆਂ ਛੱਡਦਿਆਂ ਉਸ ਨੇ ਬੋਲਣਾ ਸ਼ੁਰੂ ਕੀਤਾ: 'ਓਵੇਂ ਠਾਣੇਦਾਰਾ, ਅਸੀਂ ਤੇਰੇ ਕਰਜ਼ਦਾਰ ਹੋ ਗਏ। ਤੂੰ

ਅੱਜ ਤਕ ਜੋ ਕੁਝ ਕਰਦਾ ਆਇਆਂ ਚੰਗਾ ਈ ਕੀਤਾ ਸੂ। ਪੁੱਛ 'ਕਿਉਂ' ? ਓਏ ! ਵੜ ਜਾਣੀ ਦਿਆ ! ਜੇ ਤੂੰ ਇਹ ਕੁਝ ਨਾ ਕੀਤਾ ਹੁੰਦਾ ਅਸਾਂ ਕਦੋਂ ਜਾਗਣਾ ਸੀ ! ਤੂੰ ਸਾਨੂੰ ਜਗਾ 'ਤਾ ਓਏ ਤੇ ਹੁਣ ਅਸਾਂ ਨਹੀਓਂ ਸੌਣਾ ! ਤੇ ਨਾ ਕਿਸੇ ਨੂੰ ਸੌਣ ਦੇਣਾ ਈ ! ਹੁਣ ਅਸੀਂ ਆਪਣੀ ਬੁੱਧੀ ਨੂੰ ਸਮੇਂ ਦੀ ਸਾਣ 'ਤੇ ਲਾ ਕੇ ਰੱਖਾਂਗੇ। ਹੁਣ ਦੱਸ ਤੇਰੇ ਤੋਂ ਕੱਲ੍ਹੀ-ਕੱਲ੍ਹੀ ਗੱਲ ਦਾ ਹਿਸਾਬ ਲਈਏ ਜਾਂ ਥੋਕ ਦਾ ਹੀ ਭਾਅ ਲਾਈਏ। ਇਹ ਗੱਲ ਹੁਣ ਤੇਰੇ ਸੰਘੋਂ ਹੇਠਾਂ ਨਹੀਂ ਉਤਰਨੀ। ਅੱਜ ਇਹ ਫ਼ੈਸਲਾ ਹੋਵੇਗਾ, "ਤੂੰ ਸਾਡਾ ਇਲਾਕਾ ਕਦੋਂ ਛੱਡ ਕੇ ਜਾਂਦਾ ਏਂ ?" ਇਨ੍ਹਾਂ ਕਾਮਿਆਂ ਦਾ ਸਾਰਾ ਪਿਛਲਾ ਰਹਿੰਦਾ ਬਕਾਇਆ ਕਦੋਂ ਦੇਂਦਾ ਏਂ ? ਜੇ ਕੋਈ ਜਵਾਬ ਹੈ ਈ ਤਾਂ ਬੋਲ।' ਨਾਲ ਹੀ ਉਸ ਨੇ ਬੀੜੀ ਨੂੰ ਜ਼ਮੀਨ 'ਤੇ ਝਾੜ ਦਿੱਤਾ।

ਸਾਰੇ ਸੰਨਾਟਾ ਛਾ ਗਿਆ। ਠਾਣੇਦਾਰ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਇਕ ਦਿਨ ਉਸ ਉਤੇ ਇਹ ਵੀ ਦਿਨ ਆਉਣਗੇ ! ਉਹ ਡੌਰ-ਭੌਰ ਆਲੇ-ਦੁਆਲੇ ਝਾਕ ਰਿਹਾ ਸੀ ਕਿ ਕਿਧਰੋਂ ਕੋਈ ਉਸ ਨੂੰ ਸਹਾਰਾ ਮਿਲੇ। ਪਰ ਅਜਿਹਾ ਨਾ ਹੋਇਆ। ਉਹ ਤਾਂ ਇਨ੍ਹਾਂ ਲੋਕਾਂ ਨੂੰ ਅਵਾਰਾ-ਗਵਾਰਾ ਤੇ ਲਫੰਗਿਆਂ ਦਾ ਹੀ ਟੋਲਾ ਸਮਝਦਾ ਸੀ।

ਹੁਣੇ ਹੀ ਮਿੰਦੀ ਨੇ ਹਵੇਲੀ ਤੋਂ ਆ ਕੇ ਕੰਤੇ ਦੇ ਕੰਨ ਵਿਚ ਕੁਝ ਕਿਹਾ। ਕੰਤੇ ਨੇ ਉਸ ਨੂੰ ਕੁਝ ਗੱਲਾਂ ਦੱਸ ਵਾਪਿਸ ਹਵੇਲੀ ਨੂੰ ਤੋਰ ਦਿੱਤਾ।

ਕੰਤੇ ਨੇ ਛਿੱਬੇ ਕੋਲ ਜਾ ਕੇ ਹੌਲੀ ਨਾਲ ਉਸ ਨੂੰ ਦੱਸਿਆ ਕਿ ਪਿੰਡ ਰਾਤ ਦੀ ਰੋਟੀ ਦਾ ਬੰਦੋਬਸਤ ਕਰ ਰਹੇ ਨੇ। ਉਸੇ ਵੇਲੇ ਛਿੱਬੇ ਨੇ ਦੋ ਘੋੜੀਆਂ ਵਾਲਿਆਂ ਨੂੰ ਪਿੰਡ ਰੋਸੇ ਨੂੰ ਜਾਣ ਲਈ ਕਿਹਾ ਜਿਥੋਂ ਉਨ੍ਹਾਂ ਨੇ ਇਨ੍ਹਾਂ ਦੇ ਇਕ ਬੇਲੀ ਦੇ ਘਰੋਂ ਬਾਹਰ ਵਾਰ ਖੇਤਾਂ ਵਿੱਚੋਂ ਦਾਰੂ ਦੀ ਭਰੀ ਟਿਊਬ ਲਿਆਉਣੀ ਸੀ।

'ਅੱਛਾ ਇੰਝ ਕਰੀਏ ਵਾਹਵਾ ਚਿਰ ਹੋ ਗਿਆ ਥੋੜ੍ਹੀਆਂ ਫਿਰ-ਤੁਰ ਕੇ ਲੱਤਾਂ ਸਿੱਧੀਆਂ ਕਰ ਲਉ ਤੇ ਬਾਕੀ ਗੱਲਾਂ ਫਿਰ ਕਰਦੇ ਆਂ।' ਛਿੱਬਾ ਏਨਾ ਕਹਿੰਦਾ ਹੋਇਆ ਕੰਤੇ ਨਾਲ ਪੰਜਾਂ ਚੁਣੇ ਹੋਇਆਂ ਬੰਦਿਆਂ ਨਾਲ ਆਪਣੀ ਬੈਠਕ ਨੂੰ ਹੋ ਤੁਰਿਆ। ਮਗਰੇ ਨਿੰਦਾ ਆ ਵੜਿਆ।

'ਚਲੋ ਮੋਟੀ-ਮੋਟੀ ਗੱਲ ਕਰ ਲਈਏ', ਚਤਰ ਦੇ ਬੋਲ ਸਨ। ਤੇ ਨਾਲ ਹੀ ਅਲਮਾਰੀ ਵਿੱਚੋਂ ਬੋਤਲ ਕੱਢ ਕੇ ਛੱਲੀ ਦੇ ਡਾਟ ਨੂੰ ਖਿੱਚ ਲਿਆ। ਕੁਝ ਨੇ ਗਲਾਸਾਂ ਵਿਚ ਭਰ ਲਈ ਤੇ ਫਟਾ-ਫਟ ਪੀਣੀ ਸ਼ੁਰੂ ਕਰ ਦਿੱਤੀ।

ਇਕ ਤਾਂ ਇਸ ਤੋਂ ਨੱਕ ਦੀਆਂ ਲਕੀਰਾਂ ਕਢਾਈਆਂ ਜਾਣ ਤੇ ਦੂਜੀ ਗੱਲ, ਮੁਆਫ਼ੀ ਮੰਗੇ !

ਖੇਤ-ਮਜ਼ਦੂਰਾਂ ਦਾ ਤੇ ਡੁੰਮ ਦਾ ਹਰਜਾਨਾ ਭਰੇ।

ਅੱਗੇ ਤੋਂ ਮੁਖ਼ਬਰੀ ਕਰਨ ਤੋਂ ਤੌਬਾ ਕਰੇ।

ਇਕ ਸਾਲ ਦੇ ਅੰਦਰ-ਅੰਦਰ ਇਲਾਕਾ ਛੱਡ ਕੇ ਇਥੋਂ ਚਲਾ ਜਾਵੇ।

ਇਸ ਹੇਠ ਵਗਦੀ ਜ਼ਮੀਨ ਦੇ ਵਾਰਸਾਂ ਨਾਲ ਅੱਗੋਂ ਲਈ ਗੱਲ ਕੀਤੀ ਜਾਵੇ।

ਜਿੰਨਾ ਚਿਰ ਇਹ ਖੇਤ ਮਜ਼ਦੂਰਾਂ ਤੋਂ ਕੰਮ ਲਵੇ ਉਹ ਅੱਠ ਘੰਟੇ ਦਾ ਸਮਾਂ ਨਿਯਤ ਹੋਵੇ। ਦਿਨ ਵਿਚ ਦੋ ਵਾਰ ਚਾਹ। ਕੋਈ ਅਫ਼ੀਮ ਦਾ ਨਸ਼ਾ ਖੇਤ-ਮਜ਼ਦੂਰਾਂ ਲਾਗੇ ਨਹੀਂ ਆਵੇਗਾ। ਖੇਤ ਮਜ਼ਦੂਰੀ ਜੋ ਪੱਕੀ ਬਣੀ ਹੈ ਉਸ ਤੋਂ ਘੱਟ ਇਕ ਦਮੜੀ ਨਹੀਂ। ਇਹ ਜਿਥੇ ਮਰਜ਼ੀ ਜਾਵੇ ਪਰ ਘੱਟੋ-ਘੱਟ ਡੇਰਾ ਬਾਬਾ ਨਾਨਕ ਠਾਣਾ ਹਲਕੇ ਵਿਚ ਨਹੀਂ ਰਹਿ ਸਕਦਾ।'

ਆਪਸੀ ਗੱਲਬਾਤ ਤੋਂ ਬਾਅਦ ਸਾਰਿਆਂ ਨੇ ਆਪਣੀ-ਆਪਣੀ ਸਹਿਮਤੀ ਲਈ ਹੱਥਾਂ ਵਿਚ ਫੜੇ ਗਲਾਸਾਂ ਨੂੰ ਆਪਸ ਵਿਚ ਲਿਆ ਟਕਰਾਇਆ ਸੀ।

ਲੋਕ-ਕਚਹਿਰੀ। ਸਾਰੇ ਆਣ ਬੈਠੇ। ਕਾਹਲੇ ਸਨ ਕੁਝ ਨਵਾਂ ਸੁਣਨ ਲਈ। ਗਿਆਨ ਨੇ ਥੋੜ੍ਹੇ ਸ਼ਬਦਾਂ ਵਿਚ ਸਾਰੀ ਗੱਲ ਮੁਕਾ ਦਿੱਤੀ। ਜੋ ਬੈਠਕ ਵਿਚ ਹੋਈ ਸੀ।

ਠਾਣੇਦਾਰ ਚੁੱਪ ਊਂਧੀ ਪਾਈ ਤੇ ਸਿਰ ਸੁੱਟੀ ਆਪਣੇ ਭਰਾਵਾਂ ਵੱਲ ਵੇਖ ਰਿਹਾ ਸੀ, ਜਿਵੇਂ ਸ਼ੇਰ ਦੇ ਘੁਰਨੇ ਵਿੱਚ ਸ਼ਿਕਾਰ ਆਣ ਫਸਿਆ ਹੋਵੇ ! ਲੰਬੀ ਚੁੱਪ ਨੂੰ ਤੋੜਦਿਆਂ ਵੱਡੇ ਨੰਬਰਦਾਰ ਨੇ ਠਾਣੇਦਾਰ ਨੂੰ ਤਾੜਦਿਆਂ ਕਿਹਾ :

'ਹੁਣ ਕੁਝ ਬੋਲ ਵੀ। ਇਨ੍ਹਾਂ ਦੀਆਂ ਕਹੀਆਂ ਸ਼ਰਤਾਂ ਜੇ ਕਬੂਲ ਕਰਦਾ ਤਾਂ ਵਾਹ-ਭਲੀ ਨਹੀਂ ਤੇ ਇਨ੍ਹਾਂ ਜੋ ਕਰਨਾ ਉਹ ਫਿਰ ਆਪੇ ਕਰਨਗੇ।'

ਠਾਣੇਦਾਰ ਦਾ ਪਸੀਨਾ-ਪਸੀਨਾ ਹੋਇਆ ਮੂੰਹ ਵੇਖ ਕੇ ਛਿੱਬੋ ਕੋਲੋਂ ਰਿਹਾ ਨਾ ਗਿਆ:

'ਠਾਣੇਦਾਰਾ ਅਜੇ ਤਾਂ ਇਹ ਹੋਰ ਬੜਾ ਕੁਝ ਕਰਨਾ ਚਾਹੁੰਦੇ ਸੀ। ਸ਼ੁਕਰ ਕਰ, ਤੁਹਾਡੀ ਜਾਨ ਨੇੜਿਉਂ ਛੁਟਦੀ ਲੱਗਦੀ ਏ।'

ਠਾਣੇਦਾਰ ਨੇ ਥੋੜ੍ਹਾ ਹੌਂਸਲਾ ਫੜਦਿਆਂ ਬੋਲਣਾ ਸ਼ੁਰੂ ਕੀਤਾ :

'ਮੈਂ ਤੁਹਾਡੇ ਤੋਂ ਮੁਆਫ਼ੀ ਮੰਗਦਾਂ। ਅੱਗੇ ਤੋਂ ਕੋਈ ਵਾਧਾ-ਘਾਟਾ ਨਹੀਂ ਕਰਾਂਗਾ।'

'ਇਹ ਤੇ ਕੋਈ ਗੱਲ ਨਾ ਹੋਈ ! ਕੱਲ੍ਹੀ ਕੱਲ੍ਹੀ ਗੱਲ ਬੋਲ ਕੇ ਮੰਨ,' ਦੀਪੇ ਤੋਂ ਰਿਹਾ ਨਾ ਗਿਆ।

'ਮੈਂ ਆਪਣੇ ਰਜਿਸਟਰ ਵਿੱਚੋਂ ਕਾਮਿਆਂ ਦਾ ਹਿਸਾਬ ਵੇਖ ਕੇ ਇਨ੍ਹਾਂ ਦਾ ਪਿਛਲਾ ਬਣਦਾ ਬਕਾਇਆ ਪੂਰੇ ਰੇਟ 'ਤੇ ਵਾਪਿਸ ਕਰ ਦਿਆਂਗਾ। ਅੱਠ ਘੰਟੇ

ਖੇਤਾਂ ਵਿਚ ਕੰਮ ਮੈਂ ਮੰਨਾਂਗਾ। ਦੋ ਵਕਤ ਚਾਹ ਦੀ ਰਸਦ ਮੈਂ ਦੇ ਦਿਆ ਕਰਾਂਗਾ। ਚਾਹ ਇਹ ਆਪ ਬਣਾ ਲਿਆ ਕਰਨ, ਮੈਂ ਸੁੱਕਾ ਬਾਲਣ ਵੀ ਦੇ ਦਿਆ ਕਰਾਂਗਾ।'

'ਤੇ ਬਾਕੀ ਸ਼ਰਤਾਂ ਤੇਰੇ ਪਿਉ .........।' ਚਤਰੇ ਨੇ ਨਿੰਦੇ ਨੂੰ ਵਿੱਚੋਂ ਬੋਲਦਿਆਂ ਰੋਕ ਦਿੱਤਾ।

'ਗੱਲ ਜ਼ਮੀਨਾਂ ਦੇ ਠੇਕੇ ਦੀ ਕਰ, ਠਾਣੇਦਾਰਾ!'

'ਮੈਨੂੰ ਐਤਕਾਂ ਦੀ ਸਾਉਣੀ ਤੇ ਅਗਲੀ ਹਾੜੀ ਕੱਢ ਲੈਣ ਦਿਉ। ਮੈਂ ਅਗਲਾ ਠੇਕਾ ਨਵਾਂ ਨਹੀਂ ਕਰਾਉਂਦਾ।'

'ਠਹਿਰ ਉਏ ਡੁੱਬੀ ਤਾਂ ਜੇ ਸਾਹ ਨਾ ਆਇਆ। ਫ਼ਸਲ ਬਸ ਐਤਕਾਂ ਦੀ। ਤੇ ਡੁੰਮ ਜਿਹੜਾ ਸਾਰਾ ਦਿਨ ਮਾਰਿਆ-ਮਾਰਿਆ ਫਿਰਦਾ ਉਹਦਾ ਹੁਣ ਕੌਣ ਵਾਲੀ ਵਾਰਸ ਹੋਊ ? ਉਹਨੂੰ ਹਰੂਵਾਲ ਕਰਿਆਨੇ ਦੀ ਦੁਕਾਨ ਪਾ ਕੇ ਦੇ ਨਹੀਂ ਫਿਰ ਪੰਜ ਹਜ਼ਾਰ ਨਕਦ।' ਪੂਰਨ ਚੰਦ ਇੱਕੋ ਸਾਹੇ ਆਪਣੀ ਗੱਲ ਮੁਕਾ ਗਿਆ।

'ਠਾਣੇਦਾਰਾ, ਮੈਂ ਹਰੂਵਾਲ ਜਾ ਕੇ ਪਿੰਡ ਵਾਲਿਆਂ ਨੂੰ ਕੀ ਜਵਾਬ ਦੇਵਾਂਗਾ ? ਅਗਲੇ ਕਹਿਣਗੇ ਬੰਦਿਆਂ ਦੀ ਪੂਰੀ ਵਾਹਿਰ ਲੈ ਕੇ ਗਿਆ ਸੀ ਤੇ ਆ ਗਿਆ ਲੈ ਕੇ ........।'

ਵਿੱਚੋਂ ਹੀ ਗਿਆਨ ਨੇ ਟੋਕਦਿਆਂ ਕਿਹਾ:

'ਸਾਡੇ ਪਿੰਡਾਂ ਵਿਚ ਪੁਲੀਸ ਦੇ ਰੇਡ ਇਹਦੀ ਮੁਖ਼ਬਰੀ ਕਰਕੇ ਹੁੰਦੇ ਰਹੇ, ਖੌਰੇ ਉਨ੍ਹਾਂ ਤੋਂ ਮਹੀਨਾ ਕਿੰਨਾ ਲੈਂਦਾ ਰਿਹਾ !

'ਠਾਣੇਦਾਰਾ ! ਗੱਲ ਛੇਤੀ ਮੁਕਾ, ਉਧਰ ਤੁਹਾਡੀ ਮਾਈ ਉਡੀਕਦੀ ਹੋਊ,' ਛਿੱਬਾ ਬੋਲਿਆ।

'ਅਸੀਂ ਐਤਕਾਂ ਦੀ ਫ਼ਸਲ ਤੋਂ ਬਾਅਦ ਇਥੋਂ ਚਲੇ ਜਾਵਾਂਗੇ। ਹੁਣ ਤੁਸੀਂ ਸਾਡੇ 'ਤੇ ਤਰਸ ਕਰੋ।'

'ਤੇਰੀਆਂ ਝੂਠੀਆਂ ਮੁਖ਼ਬਰੀਆਂ ਨੇ ਪਤਾ ਈ ਕਿੰਨਿਆਂ ਦੇ ਚੱਡੇ ਪੁਲਿਸ ਤੋਂ ਪੜਵਾਏ ਨੇ।' ਪੂਰਨ ਚੰਦ ਗੁੱਸੇ ਵਿਚ ਲਾਲ-ਪੀਲਾ ਹੋਇਆ ਪਿਆ ਸੀ। ਕੁਝ ਨਸ਼ੇ ਦਾ ਵੀ ਰੰਗ ਚੜ੍ਹਿਆ ਲੱਗਦਾ ਸੀ।

'ਸਾਨੂੰ ਰੱਬ ਦਾ ਵਾਸਤਾ ਹੁਣ ਜਾਣ ਦਿਉ।' ਠਾਣੇਦਾਰ ਅੱਕ ਚੁੱਕਾ ਹੋਇਆ ਸੀ ਤੇ ਕਾਹਲ ਵਿਚ ਲੱਗਦਾ ਸੀ।

ਲੱਗਦਾ ਇਹ 'ਆਪਣੇ ਜਵਾਈਆਂ' ਦਾ ਖਹਿੜਾ ਨਹੀਂ ਛੱਡਣਾ ਚਾਹੁੰਦਾ, ਇਹਦਾ ਮੱਕੂ ਬੰਨ੍ਹਣਾ ਪਊ। ਤਾਜੇ ਵੱਟੇ ਮੁੰਝ ਦੇ ਰੱਸੇ ਨੂੰ ਨਿੰਦੇ ਨੇ ਠਾਣੇਦਾਰ ਮੂਹਰੇ ਲਿਆ ਸੁੱਟਿਆ।

ਸਾਰੇ ਆਲੇ-ਦੁਆਲੇ ਬੈਠੇ ਹੈਰਾਨ ਸਨ, ਅੱਗੇ ਕੀ ਹੋਊ?

ਬਚਨਾ ਅਮਲੀ ਰੱਸੇ ਨੂੰ ਚੁੱਕ ਕੇ ਠਾਣੇਦਾਰ ਵੱਲ ਵਧਿਆ ਤਾਂ ਉਸ ਨੇ ਅੱਗੋਂ ਹੱਥ ਜੋੜ ਕੇ ਕਿਹਾ:

'ਮੈਂ ਤੌਬਾ ਕਰਦਾਂ, ਕਦੇ ਕਿਸੇ ਵੀ ਠਾਣੇ ਵੱਲ ਮੂੰਹ ਨਹੀਂ ਕਰਾਂਗਾ। ਡੰਮ ਲਈ ਮੈਂ ਪੰਜ ਹਜ਼ਾਰ ਰੁਪਏ ਤੁਹਾਡੇ ਹਵਾਲੇ ਕਰ ਦਿਆਂਗਾ।'

"'ਕਿਉਂ ਭਰਾਓ ਤੁਹਾਨੂੰ ਮਨਜ਼ੂਰ ਏ'?" ਉੱਚੀ ਆਵਾਜ਼ ਵਿਚ ਮੰਗਤ ਰਾਮ ਦੇ ਬੋਲ ਸਨ। 'ਸਰਪੰਚਾ! ਪੱਕੀ ਤਰ੍ਹਾਂ ਲਿਖ ਲਈਂ ਇਸ ਨੇ ਜੋ ਕਿਹਾ ਈ।' ਛਿੱਬੇ ਨੇ ਸਾਰਿਆਂ ਦੀ ਇਕ ਕਰ ਦਿੱਤੀ। ਸਾਰੀਆਂ ਸ਼ਰਤਾਂ ਕਾਗ਼ਜ਼ 'ਤੇ ਲਿਖ ਕੇ ਤਿੰਨਾਂ ਭਰਾਵਾਂ ਦੇ ਦਸਤਖ਼ਤ ਕਰਾਏ ਗਏ ਤੇ ਉਸ ਤੋਂ ਬਾਅਦ ਪੰਜਾਂ ਮੈਂਬਰਾਂ ਨੇ ਆਪਣੇ ਅੰਗੂਠੇ ਤੇ ਦਸਤਖ਼ਤ ਕਰ ਦਿੱਤੇ। ਮੰਗਤ ਰਾਮ ਸਰਪੰਚ ਨੇ ਆਪਣੀ ਮੋਹਰ ਲਿਆ ਕੇ ਕਾਗ਼ਜ਼ ਉਤੇ ਛਾਪ ਦਿੱਤੀ।

'ਹੁਣ ਇਨ੍ਹਾਂ ਦਾ ਕੀ ਕਰੀਏ ?' ਕੰਤੇ ਨੇ ਸੁਆਲ ਕੀਤਾ

'ਇਨ੍ਹਾਂ ਨਾਲ ਆਪਣੇ 4-5 ਬੰਦੇ ਮੇਤਲੇ ਤਕ ਭੇਜ ਦਈਏ। ਇਨ੍ਹਾਂ ਨੂੰ ਇਨ੍ਹਾਂ ਦੇ ਘਰੇ ਪਹੁੰਚਦਾ ਕਰਨਾ ਸਾਡੀ ਜ਼ੁੰਮੇਵਾਰੀ ਏ'- ਛਿੱਬੇ ਦਾ ਜਵਾਬ ਸੀ।

ਚਾਰ-ਪੰਜ ਦੀ ਬਜਾਏ ਕਰੀਬ ਨੌਂ-ਦਸ ਜਣਿਆਂ ਨੇ ਤਿੰਨਾਂ ਭਰਾਵਾਂ ਨੂੰ ਮੂਹਰੇ ਲਾ ਲਿਆ। ਠਾਣੇਦਾਰ ਦੀ ਦੋਨਾਲੀ ਬਚਨੇ ਅਮਲੀ ਕੋਲ ਸੀ ਤੇ ਵਿਚਲੇ ਰਾਊਂਡ ਚਤਰੇ ਨੇ ਆਪਣੀ ਚਾਦਰ ਦੇ ਪੱਲੇ ਵਿੱਚ ਬੰਨ੍ਹੇ ਹੋਏ ਸਨ।

ਮੇਤਲੇ ਦੀ ਜੂਹੇ ਦਾਖਿਲ ਹੁੰਦਿਆਂ ਹੀ ਜੀਤੇ ਨੇ ਜਗੀਰ ਹੁਰਾਂ ਤੋਂ ਦਾਰੂ ਲਿਆਉਣ ਦੀ ਗੱਲ ਕੀਤੀ ਤਾਂ ਚਤਰਾ : 'ਕੱਲੀ ਦਾਰੂ ਕੀ ਕਰੇਗੀ ?'

'ਚੰਗਾ ਜੇ ਕੱਲੀ ਦਾਰੂ ਨਹੀਂ ਤਾਂ ਜ਼ਰਾ ਸ਼ਿਸਤ ਲਾ ਕੇ ਦੱਸ, ਤੂੰ ਤਾਂ ਹੋਮ ਗਾਡੀਆਂ ਵਿਚ ਵੀ ਰਹਿ ਕੇ ਹੱਲੜ (ਥਰੀ-ਨਟ-ਥਰੀ) ਚਲਾਇਆ ਹੋਊ।'

ਸਾਰੇ ਹੱਸ ਪਏ। ਤਿੰਨੇ ਭਰਾ ਆਪਣੇ ਰਾਹੇ ਆਪਣੇ ਡੇਰੇ ਨੂੰ ਹੋ ਤੁਰੇ। ਓਨ੍ਹਾਂ ਦੋਨਾਲੀ ਵਾਪਿਸ ਮੰਗਣ ਦੀ ਵੀ ਹਿੰਮਤ ਨਾ ਕੀਤੀ। ਬਾਕੀ ਸਾਰੇ ਜਗੀਰ ਕੇ ਡੇਰੇ ਨੂੰ ਹੋ ਤੁਰੇ।

ਪੰਜਾਬ ਦੇ ਜੰਮਿਆਂ ਨੇ ਵੱਡੇ-ਵੱਡੇ ਤੂਫ਼ਾਨਾਂ ਦਾ ਟਾਕਰਾ ਕੀਤਾ। ਮੁਸੀਬਤਾਂ ਦਾ ਹਿੱਕ ਡਾਹ ਕੇ ਸਾਮ੍ਹਣਾ ਕੀਤਾ। ਇਨ੍ਹਾਂ ਨੇ ਦੁੱਖਾਂ ਦਾ ਬੇਹੱਦ ਦਰਦ ਹੰਢਾਇਆ। ਇਨ੍ਹਾਂ ਨੇ ਜਿੱਥੇ ਜ਼ਾਲਮਾਂ ਨਾਲ ਲੋਹਾ ਲਿਆ ਉਥੇ ਇਨ੍ਹਾਂ ਦੇ ਸੱਚੇ-ਸੁੱਚੇ ਰੂਹਾਨੀ ਪਿਆਰ ਦੇ ਕਿੱਸੇ ਵੀ ਮਸ਼ਹੂਰ ਹਨ। ਪਿਆਰ ਨਾਲ ਮਨ ਦੀ ਮੌਜ ਵਿਚ ਆਏ ਆਪਾ ਵੀ ਕੁਰਬਾਨ ਕਰਦੇ ਰਹੇ ਤੇ ਆਪਣੀ ਜ਼ਿਦ ਪੁਗਾਉਣ ਖਾਤਰ ਕਿਸੇ ਰਜਵਾੜੇ ਦੇ ਘਰੋਂ ਵੀ ਆਪਣੀ ਮੰਗ ਚੁੱਕ ਲਿਆਉਂਦੇ ਰਹੇ। ਖ਼ੁਸ਼ੀ ਤੇ ਗਮੀ ਦਾ ਇਜ਼ਹਾਰ ਕਰਨ ਲਈ ਮਹਿਫਲਾਂ ਲੁੱਟਦੇ ਰਹੇ ਤੇ ਲਾਉਂਦੇ ਰਹੇ। ਲੜਦੇ ਰਹੇ,

ਮਰਦੇ ਰਹੇ, ਫਿਰ ਉੱਠ ਕੇ ਸੁਹਣੀ ਜ਼ਿੰਦਗੀ ਦਾ ਮਜ਼ਾ ਲੈਂਦੇ ਭੰਗੜੇ, ਗਿੱਧੇ ਤੇ ਲੁੱਡੀਆਂ ਪਾਉਂਦੇ। ਮਰਨ-ਮਰਾਉਣ ਤੇ ਬਦਲਾ ਲੈਣ ਲਈ ਲਾਹੌਰ ਦੇ ਤਖ਼ਤ ਨਾਲ ਜਾ ਆਢਾ ਲਾਉਂਦੇ। ਮੁਹੱਬਤ ਦੀ ਆਖ਼ਰੀ ਹੱਦ ਤਕ ਪਹੁੰਚਣ ਲਈ ਬਾਰ੍ਹਾਂ-ਬਾਰ੍ਹਾਂ ਸਾਲ ਜੰਗਲ-ਬੇਲੀਂ ਘੁੰਮਦੇ ਰਹੇ।

ਅੱਧੇ ਦਾਰੂ ਲੈਣ ਲਈ ਡੇਰੇ ਨੂੰ ਹੋ ਤੁਰੇ ਤੇ ਬਾਕੀ ਨੰਬਰਦਾਰ ਦੇ ਸਰੂ ਵਰਗੇ ਉੱਚੇ-ਲੰਬੇ ਕਾਲੇ-ਸ਼ਾਹ ਕਮਾਦ ਦੇ ਟੱਕ ਵੱਲ।

ਹੌਲੀ-ਹੌਲੀ ਇਕ ਕਿੱਲੇ ਦੀ ਦੂਰੀ ਬਣਾ ਕੇ ਪਾਣੀ ਵਾਲੇ ਖਾਲ ਦੀ ਓਟ ਲੈ ਕੇ ਬੈਠ ਗਏ। ਅਤਰੇ ਨੇ ਬਚਨੇ ਅਮਲੀ ਤੋਂ ਦੋਨਾਲੀ ਲੈ ਕੇ ਉਸ ਵਿਚ ਰਾਊਂਡ ਭਰੇ ਤੇ ਸਿੱਧੀ ਕਮਾਦ ਵੱਲ ਟਿਕਾ ਦਿੱਤੀ।

'ਯਾਰ, ਮੈਨੂੰ ਨਹੀਂ ਲੱਗਦਾ, ਏਹਦੇ ਵਿਚ ਕੋਈ ਦਮ ਹੋਊ।' ਕਾਲਾ ਬੋਲ ਉੱਠਿਆ।

'ਅਸਲੀ ਨਕਲੀ ਤਾਂ ਪਤਾ ਲੱਗੂ ਜੇ ਆਪਣੇ ਮੂੰਹ ਬੰਦ ਰੱਖੋ ਤਾਂ।'

ਬਚਨੇ ਨੇ ਆਪਣੀ ਬੀੜੀ ਧੁਖਾ ਲਈ। ਅਤਰੇ ਨੇ ਵੀ ਉਸ ਤੋਂ ਫੜ ਕੇ ਦੋ-ਤਿੰਨ ਸਾਹ ਅੰਦਰ ਖਿੱਚੇ ਤਾਂ ਉਸ ਨੂੰ ਉਥੂ ਆ ਗਿਆ। ਨਾਲ ਹੀ ਬੋਲ ਉਠਿਆ :

'ਕੰਜਰ ਦਿਆ ਬੰਦ ਕਰ ਸੂਰਾਂ ਨੂੰ ਏਹਦੀ ਬੂ ਚੰਗੀ ਨਹੀਂ ਲੱਗਦੀ।'

ਕੁਝ ਹੀ ਪਲਾਂ ਵਿਚ ਦੋ ਮੋਟੇ ਸੂਰਾਂ ਦਾ ਜੋੜਾ ਕਮਾਦ ਦੇ ਇਕ ਸਿਰੇ ਤੋਂ ਬਾਹਰ ਆਉਂਦਾ ਵੇਖਿਆ ਤਾਂ ਸਭ ਦੇ ਚਿਹਰੇ ਖਿੜ ਉੱਠੇ ਤੇ ਨਾਲ ਹੀ ਚਤਰੇ ਨੇ ਘੋੜਾ ਦੱਬ ਦਿੱਤਾ। ਨਿਸ਼ਾਨਾ ਏਡਾ ਬੱਝ ਕੇ ਲੱਗਾ ਕਿ ਇਕ ਸੂਰ ਲੋਟਣੀਆਂ ਖਾਂਦਾ ਤਿੰਨ ਕਰਮਾ ’ਤੇ ਜਾ ਮੂਧਾ ਹੋਇਆ। ਦੂਸਰਾ ਬਚ ਕੇ ਨਿਕਲ ਗਿਆ।

‘ਯਾਰ ਇਹ ਤਾਂ ਵਾਕਿਆ ਹੀ ਬੜੀ ਕੁੱਤੀ ਸ਼ੈਅ ਆ, ਆਪਣੇ ਕੋਲ ਹੀ ਰੱਖਦੇ ਆਂ, ਵੇਖੀ ਜਾਊ !’ ਮੀਕਾ ਖੁਸ਼ੀ ਵਿਚ ਪਾਗਲ ਸੀ।

'ਓਏ ਤੁਹਾਡੇ ਤਾਂ ਤੂੜੀ ਵਾਲੇ ਅੰਦਰਾਂ ਵਿੱਚ ਲੁਕੇ ਪਏ ਨੇ ਇਹੋ ਜਹੇ ਹਥਿਆਰ, ਬਸ ਤੁਸੀਂ ਥੋੜ੍ਹਾ ਕਾਇਮ ਹੋਵੋ !’

ਅਤਰੇ ਨੇ ਕਾਲੇ ਨੂੰ ਦੋਨਾਲੀ ਦੇਂਦਿਆਂ ਕਿਹਾ :

'ਜਾਹ ਕਾਲਿਆ, ਠਾਣੇਦਾਰ ਦੇ ਬਾਹਰ ਡੇਰੇ ਕੇਲਿਆਂ ਦੇ ਮੁੱਢ ਇਸ ਨੂੰ ਮੂਧੀ ਕਰਕੇ ਗੱਡ ਆ। ਜੇ ਕੋਈ ਵੀ ਚੂ-ਚਾਂ ਕਰੇ ਬਸ ਇਕ ਲਲਕਾਰਾ ਛੱਡ ਦਈਂ'

ਕਾਨਿਆਂ ਦੀ ਬਣੀ ਕੁੱਲੀ ਲਾਗੇ ਪਹੁੰਚਣ ’ਤੇ ਠਾਣੇਦਾਰ ਦੇ ਦੋ ਜਰਮਨ ਸ਼ੈਫਰਡ ਕੁੱਤਿਆਂ ਨੇ ਉੱਚੀ-ਉੱਚੀ ਭੌਂਕਣਾ ਸ਼ੁਰੂ ਕਰ ਦਿੱਤਾ। ਠਾਣੇਦਾਰ ਨੇ

ਚੁਬਾਰੇ ਤੋਂ ਕੁੱਤਿਆਂ ਨੂੰ ਦਬਕਾ ਮਾਰ ਕੇ ਚੁੱਪ ਕਰਾ ਦਿੱਤਾ।

ਕਾਲੇ ਨੇ ਤਾਜ਼ੇ ਮੀਂਹ ਪਏ ਨਾਲ ਗਿੱਲੀ ਹੋਈ ਮਿੱਟੀ ਵਿਚ ਦੁਨਾਲੀ ਇਕ ਫੁੱਟ ਜ਼ਮੀਨ ਵਿਚ ਧੱਸ ਦਿੱਤੀ ਤੇ ਠਾਣੇਦਾਰ ਵੱਲ ਗੁਸੈਲੀਆਂ ਅੱਖਾਂ ਨਾਲ ਵੇਖਦਾ ਹੋਇਆ ਪਿਛਲੇ ਪੈਰੀਂ ਵਾਪਿਸ ਆ ਗਿਆ। ਠਾਣੇਦਾਰ ਚੁੱਪ-ਚਾਪ ਵੇਖਦਾ ਰਿਹਾ ਜਿਵੇਂ ਜ਼ਿੰਦਗੀ ਦੀ ਸਾਰੀ ਜੁਟਾਈ ਕਮਾਈ ਲੁਟਾ ਕੇ ਕੋਈ ਜਵਾਰੀਆਂ ਆਪਣੀ ਹੀ ਜੀਵਨ-ਲੀਲ੍ਹਾ ਖ਼ਤਮ ਕਰਨ ਦੀ ਸੋਚ ਰਿਹਾ ਹੋਵੇ :

"ਦੁਨੀਆਂ ਤੋਂ ਮਰ ਜਾਵਣਾ, ਵਤ ਨਾ ਆਵਣਾ,
ਜੋ ਕਿਛੁ ਕੀਤਾ ਬੁਰਾ ਭਲਾ ਵੋ, ਕੀਤਾ ਆਪਣਾ ਪਾਵਣਾ।
ਕਹੈ ਹੁਸੈਨ ਫ਼ਕੀਰ ਰਬਾਣਾ,
ਕੂੜ ਕੁੜਾਵਾ ਕਰਦਾ ਈਮਾਣਾ
ਖ਼ਾਕੂ ਦੇ ਵਿੱਚ ਸਮਾਵਣਾ।"

ਸਾਰੀ ਢਾਣੀ ਮੇਤਲੇ ਤੋਂ ਹਵੇਲੀਆਂ ਵੱਲ ਚੱਲ ਪਈ। ਸੂਰ ਨੂੰ ਉਨ੍ਹਾਂ ਡੇਰੇ ਵਾਲਿਆਂ ਦੇ ਗੱਡੇ ਉੱਤੇ ਲੱਦ ਲਿਆ। ਕਰੀਬ ਦੋ ਮਣ ਤੋਂ ਵੀ ਭਾਰਾ ਸੀ। ਇੱਕ-ਇੱਕ ਚੰਗਾ ਹਾੜਾ ਸਾਰਿਆਂ ਨੇ ਲੈ ਲਿਆ ਸੀ ਤੇ ਬੜੇ ਰੰਗ ਵਿੱਚ ਗੱਲਾਂ ਕਰਦੇ ਖਿੜਖਿੜਾਉਂਦੇ ਹਵੇਲੀ ਆਣ ਪਹੁੰਚੇ। ਇਥੇ 60-65 ਜਣੇ ਪਹਿਲਾਂ ਹੀ ਮੰਜੀਆਂ ’ਤੇ ਬੈਠੇ ਆਪਣੇ-ਆਪਣੇ ਟੋਲੇ ਬਣਾ ਕੇ ਘੁਸਰ-ਮੁਸਰ ਕਰ ਰਹੇ ਸਨ। ਕਈ ਤਾਸ਼ ਦੀਆਂ ਬਾਜ਼ੀਆਂ ਵੀ ਲਾ ਰਹੇ ਸਨ। ਹਵੇਲੀ ਵਿਚ ਇਕ ਬਹੁਤ ਹੀ ਪੁਰਾਣਾ ਲਸੂੜੇ ਦਾ ਦਰਖ਼ਤ ਸੀ ਜੋ ਤਣੇ ਤੋਂ ਲੈ ਕੇ ਉਤਾਂਹ ਤਕ ਪੂਰੇ ਦਾ ਪੂਰਾ ਖੋਲ਼ ਹੀ ਬਣਿਆ ਹੋਇਆ ਸੀ ਪਰ ਫ਼ਲ ਅਜੇ ਵੀ ਦੇਈ ਜਾ ਰਿਹਾ ਸੀ। ਇਸ ਦੇ ਦੁਆਲੇ ਡੰਗਰਾਂ ਦੀ ਖੁਰਲੀ ਬਣੀ ਹੋਈ ਸੀ। ਆਉਂਦਿਆਂ ਹੀ 4-5 ਜਣੇ ਸੂਰ ਦੇ ਦੁਆਲੇ ਹੋ ਗਏ ਤੇ ਕਰੀਬ ਪੌਣੇ ਘੰਟੇ ਵਿੱਚ ਹਵੇਲੀ ਦੇ ਇਕ ਪਾਸੇ ਚਰ੍ਹ ਪੁੱਟ ਕੇ ਅੱਗ ਬਾਲ ਦਿੱਤੀ। ਮੇਤਲੇ ਤੋਂ ਜੋਗੇ ਹੁਰਾਂ ਦਾ ਟੱਬਰ ਵੱਡੇ ਸ਼ਿਕਾਰੀ ਸਨ। ਇਹੋ ਜਿਹਾ ਕੰਮ ਉਨ੍ਹਾਂ ਦੇ ਖੱਬੇ ਹੱਥ ਦੀ ਖੇਡ ਹੁੰਦਾ ਸੀ।

ਬਾਰਡਰ ਦਾ ਇਹ ਇਲਾਕਾ ਉਨ੍ਹਾਂ ਸਮਿਆਂ ਵਿਚ ਜੰਗਲ-ਬੇਲਾ ਹੀ ਹੁੰਦਾ ਸੀ। ਸੂਰ, ਗਿੱਦੜ, ਹਿਰਨ, ਬਾਰ੍ਹਾਂ-ਸਿੰਗੇ, ਪਾੜਾ, ਸਹੇ, ਤਿੱਤਰ-ਬਟੇਰੇ ਆਮ ਹੁੰਦੇ ਸਨ। ਖਾਸ ਕਰ ਸੂਰ, ਗਿੱਦੜ ਜ਼ਿਮੀਂਦਾਰਾਂ ਦੀਆਂ ਗੰਨੇ ਮਕਈ ਦੀਆਂ ਫ਼ਸਲਾਂ ਦੀ ਬੜੀ ਬਰਬਾਦੀ ਕਰਦੇ ਸਨ। ‘ਲੋੜ ਕਾਢ ਦੀ ਮਾਂ’ ਵਾਲੀ ਗੱਲ ਸੀ। ਇਨ੍ਹਾਂ ਕਿਸਾਨਾਂ ਨੇ ਘਰੇ ਹੀ ਆਟਾ, ਪੋਟਾਸ਼, ਤੋੜਿਆ ਹੋਇਆ ਸ਼ੀਸ਼ਾ, ਗੰਧਕ ਆਦਿ ਨਾਲ ਛੋਟੇ-ਛੋਟੇ ਗੋਲੇ ਬਣਾ-ਸੁਕਾ ਕੇ ਉਨ੍ਹਾਂ ਨਾਲ ਪੱਕੀ ਤਾਰ ਬੰਨ੍ਹ ਕੇ ਆਪਣੇ

ਖੇਤਾਂ ਵਿਚ ਰੱਖ ਆਉਣੀ। ਜਾਨਵਰਾਂ ਨੇ ਆਟੇ ਦਾ ਸੁਆਦ ਲੈਣਾ ਤੇ ਇਨ੍ਹਾਂ ਲੋਕਾਂ ਨੇ ਜਾਨਵਰਾਂ ਦਾ। ਕਈ ਵੇਰ ਤਾਂ ਮੱਝਾਂ-ਗਾਈਆਂ ਦੇ ਵੀ ਜਬਾੜੇ ਉੱਡ ਜਾਂਦੇ ਸਨ। ਕਿਸਾਨਾਂ ਦੀ ਮਜਬੂਰੀ ਸੀ। ਬੇਬੱਸ ਲਾਚਾਰ ਹੋਰ ਕੀ ਕਰਦੇ ? ਮਰਿਆ ਸ਼ਿਕਾਰ ਵੇਚ ਵੀ ਲੈਣਾ ਤੇ ਬਹੁਤੀ ਵਾਰ ਗਰੀਬਾਂ ਵਿਚ ਵੀ ਵੰਡ ਦੇਂਦੇ ਸਨ।

'ਓਏ ਲਿਆਓ ਭਈ ਤੜਕੇ ਦਾ ਸਮਾਨ !' ਜੋਗੇ ਨੇ ਉੱਚੇ ਬੋਲ ਵਿਚ ਕਿਹਾ।

ਫੱਤੇ ਨੇ ਤਾਸ਼ ਦੇ ਪੱਤੇ ਆਪਣੇ ਲਾਗੇ ਬੈਠੇ ਭਗਠਾਣਿਆਂ ਤੋਂ ਬੂਟੀ ਘੁਮਿਆਰ ਨੂੰ ਫੜਾ ਦਿੱਤੇ ਤੇ ਮੰਜੀ ਤੋਂ ਉੱਠ ਕੇ ਲਸੂੜੇ ਨਾਲ ਟੰਗੀ ਦੋ ਸੇਰ ਘਿਉ ਦੀ ਗੜਵੀ ਲਿਆ ਕੇ ਵੱਡੀ ਗਾਗਰ ਵਿਚ ਮੂਧੀ ਕਰ ਦਿੱਤੀ। ਹਰਪਾਲ ਸਿੰਘ ਆਪਣੇ ਕੀਤੇ ਵਾਅਦੇ ਮੁਤਾਬਕ ਇਹ ਘਿਉ ਫੱਤੇ ਲਈ ਲੈ ਕੇ ਆਇਆ ਸੀ। ਇਹ ਉਹੀ ਫੱਤਾ ਸੀ ਜਿਸ ਨੇ ਸਭ ਤੋਂ ਪਹਿਲਾਂ ਜਾ ਕੇ ਟਰੈਕਟਰ ਨੂੰ ਰੋਕਿਆ ਸੀ। ਆਪ ਕਿਧਰੇ ਲਾਗਲੇ ਪਿੰਡ ਕਿਸੇ ਕੰਮ ਚਲਿਆ ਗਿਆ ਸੀ। ਗੜਵੀ ਅੰਦਰ ਲੱਗਿਆ ਘਿਉ ਆਲੇ-ਦੁਆਲੇ ਬੈਠਿਆਂ ਨੇ ਹੱਥਾਂ ਨਾਲ ਪੂੰਝ ਕੇ ਆਪਣੇ ਮੂੰਹ ਤੇ ਦਾੜ੍ਹੀਆਂ ਮੁੱਛਾਂ 'ਤੇ ਮਲ ਲਿਆ।

ਅੱਗ ਦੇ ਫਰਾਟੇ ਇੰਝ ਹਵਾ ਵਿੱਚ ਉੱਠ ਰਹੇ ਸਨ ਜਿਵੇਂ ਕੋਈ ਹਵਨ ਹੋ ਰਿਹਾ ਹੋਵੇ ! ਹਵਨ ਤੋਂ ਘੱਟ ਵੀ ਕੀ ਸੀ? ਬਾਰਡਰ ਦੇ ਇਨ੍ਹਾਂ ਆਖਰੀ ਪਿੰਡਾਂ ਵਿਚ ਇਕ ਨਵੀਂ ਸੋਚ ਜਨਮ ਲੈ ਰਹੀ ਸੀ। ਲੋਕ ਇਕੱਠੇ ਹੋ ਕੇ ਮੁਸੀਬਤਾਂ ਦਾ ਟਾਕਰਾ ਕਰਨ ਲਈ ਨਵੀਂ ਆਸਥਾ ਜਗਾ ਰਹੇ ਸਨ, ਇਕ ਸ਼ਕਤੀ ਬਣ ਰਹੇ ਸਨ। ਇਹ ਆਮ ਲੋਕ ਇਕ ਪ੍ਰੀਖਿਆ ਵਿੱਚੋਂ ਲੰਘੇ ਸਨ ਤੇ ਅਸਲੀ ਪ੍ਰੀਖਿਆ ਕਿਸੇ ਖ਼ਤਰੇ ਦੀ ਘੜੀ ਵਿਚ ਹੀ ਹੋ ਸਕਦੀ ਸੀ। ਲੋਕਾਂ ਦਾ ਸਮੂਹ ਇਕ ਸੰਗਤ ਦੇ ਰੂਪ ਵਿਚ ਸਿਆਣਪਾਂ ਤੇ ਆਉਣ ਵਾਲੀਆਂ ਮੁਸੀਬਤਾਂ ਦਾ ਖ਼ਾਤਮਾ ਕਰਨ ਲਈ ਨਵੇਂ ਰਾਹ ਲੱਭ ਲੈਂਦਾ ਹੈ। ਤੂਫ਼ਾਨ ਦੀਆਂ ਬੇਲਗਾਮ ਛੱਲਾਂ ਨੂੰ ਹਿੰਮਤ, ਅਕਲ ਅਤੇ ਦ੍ਰਿੜ੍ਹਤਾ ਦੇ ਬਲਬੂਤੇ ਨਾਲ ਹੀ ਮਾਤ ਦਿੱਤੀ ਜਾ ਸਕਦੀ ਹੈ।

ਸਭ ਲੋਕ ਹਵੇਲੀ ਵਿਚ ਜਿੱਤ ਦਾ ਜਸ਼ਨ ਮਨਾ ਰਹੇ ਸਨ। ਮਹਿਫ਼ਲ ਖ਼ਤਮ ਹੋਣ ਤੋਂ ਪਹਿਲਾਂ ਇਕ ਪੰਦਰਾਂ ਮੈਂਬਰਾਂ ਦੀ ਕਮੇਟੀ ਬਣਾਈ ਗਈ—ਕਰੀਬ ਆਲੇ-ਦੁਆਲੇ ਦੇ ਨੌਂ ਪਿੰਡਾਂ ਦੀ। ਇਨ੍ਹਾਂ ਮੈਂਬਰਾਂ ਨੇ ਮਹੀਨੇ ਵਿਚ ਦੋ ਵੇਰ ਤੇ ਕਿਧਰੇ ਨਵੀਂ ਪਈ ਬਿਪਤਾ ਸਮੇਂ ਜਦੋਂ ਮਰਜ਼ੀ ਮਿਲਣਾ ਹੁੰਦਾ। ਠਾਣੇਦਾਰ ਨਾਲ ਹੋਏ ਸਮਝੌਤੇ ਦੇ ਅਮਲ ਨੂੰ ਪੂਰੀ ਤਰ੍ਹਾਂ ਸਿਰੇ ਚਾੜ੍ਹਨ ਦੀ ਜ਼ੁੰਮੇਵਾਰੀ ਵੀ ਇਨ੍ਹਾਂ ਜ਼ੁੰਮੇ ਸੀ। ਕੁਝ ਹੋਰ ਅਹਿਮ ਫ਼ੈਸਲੇ ਕੀਤੇ ਗਏ :

ਘੇਰੇ ਵਿਚ ਆਏ ਪਿੰਡਾਂ ਅੰਦਰ ਕੋਈ ਵੀ ਝਗੜਾ-ਝੇੜਾ ਠਾਣੇ ਤਕ ਨਹੀਂ ਜਾਵੇਗਾ।

ਘਰ ਦੀ ਸ਼ਰਾਬ ਬਾਹਰਲੇ ਪਿੰਡੀਂ ਨਾ ਵੇਚੀ ਜਾਵੇ। ਕੋਸ਼ਿਸ਼ ਕਰੋ, ਇਸ ਕੰਮ ਨੂੰ ਜਿੰਨਾ ਘੱਟ ਕਰ ਸਕੋ।

ਪਿੰਡਾਂ ਵਿਚ ਪੰਚਾਇਤੀ ਰਕਬੇ ਨੂੰ ਆਪਣੇ ਹੀ ਪਿੰਡਾਂ ਦੇ ਗਰੀਬਾਂ ਨੂੰ ਘੱਟ ਤੋਂ ਘੱਟ ਠੇਕੇ 'ਤੇ ਦਿੱਤਾ ਜਾਵੇ।

ਕੁੜੀਆਂ-ਮੁੰਡਿਆਂ ਨੂੰ ਵੱਧ ਤੋਂ ਵੱਧ ਪੜ੍ਹਾਇਆ ਜਾਵੇ ਤੇ ਆਪਣੇ-ਆਪਣੇ ਪਿੰਡਾਂ ਦੇ ਸਕੂਲਾਂ ਦਾ ਪੱਧਰ ਸੁਧਾਰਿਆ ਜਾਵੇ।

ਪਿੰਡਾਂ ਵਿਚ ਰਲ-ਮਿਲ ਕੇ ਨੌਜਵਾਨ ਸਭਾਵਾਂ ਬਣਾਈਆਂ ਜਾਣ। ਲਾਇਬਰੇਰੀਆਂ ਅਤੇ ਖੇਡਾਂ ਲਈ ਹਿੰਮਤ ਜੁਟਾਈ ਜਾਵੇ।

ਇਕ ਵੱਡਾ ਫ਼ੈਸਲਾ ਕੀਤਾ ਗਿਆ ਕਿ ਠਾਣੇਦਾਰ ਹੇਠਲੇ ਰਕਬੇ ਨੂੰ ਨਵੇਂ ਸਿਰੇ ਤੋਂ ਅਗਲੇ ਦਸ ਸਾਲਾਂ ਲਈ ਅਹਿਦ ਕਰਕੇ ਇਨ੍ਹਾਂ ਨੌਂ ਪਿੰਡਾਂ ਵਿੱਚੋਂ ਬਹੁਤ ਹੀ ਗਰੀਬ ਘਰਾਂ ਨੂੰ ਦਿੱਤਾ ਜਾਵੇਗਾ ਜਿਸ ਵਿਚ ਉਹ ਵੱਧ ਤੋਂ ਵੱਧ ਸਬਜ਼ੀਆਂ ਦੀ ਕਾਸ਼ਤ ਕਰਨ ਅਤੇ ਨੇੜੇ ਦੀਆਂ ਮੰਡੀਆਂ ਵਿਚ ਲਿਜਾ ਕੇ ਵੇਚਣ। ਕਿਸੇ ਵੀ ਮਹਿਕਮੇ ਦੇ ਕਰਮਚਾਰੀ ਅਗਰ ਕਿਸੇ ਨਾਲ ਵਧੀਕੀ ਕਰਦੇ ਹਨ ਤਾਂ ਇਨ੍ਹਾਂ ਪਿੰਡਾਂ ਦੇ ਲੋਕ ਕਾਫ਼ਲੇ ਦੀ ਸ਼ਕਲ ਵਿਚ ਉਸ ਦਫ਼ਤਰ ਦਾ ਅਤੇ ਉਨ੍ਹਾਂ ਅਫ਼ਸਰਾਂ ਦਾ ਸਿਆਪਾ ਕਰਨਗੇ।

## (4)

ਉੱਚੀ ਉਡਾਰੀ ਆਕਾਸ਼ ਤਕ, ਐਵੇਂ ਬਾਜ ਨਾ ਬਣ
ਕਦੇ ਅੰਦਰ ਦੀ ਬਾਤ ਸੁਣ, ਐਵੇਂ ਸਾਜ਼ ਨਾ ਬਣ !

ਕਰਮਾ ਗਿਆਰ੍ਹਵੀਂ ਵਿਚ ਪੜ੍ਹਦਾ ਸੀ ਜਦੋਂ ਪਹਿਲੀ ਵਾਰ ਕਾਇਨਾਤ ਵੱਲੋਂ ਸਿਰਜੀ ਕਿਸੇ ਖ਼ੂਬਸੂਰਤੀ ਦੀ ਖਿੱਚ ਨੂੰ ਮਹਿਸੂਸ ਕੀਤਾ। ਅੱਲ੍ਹੜ ਜਵਾਨੀ ਜਜ਼ਬਾਤਾਂ ਵਿਚ ਆ ਕੇ ਕਿਵੇਂ ਕਿਸੇ ਅਦਿੱਖ, ਅਣਜਾਣੇ ਬ੍ਰਹਿਮੰਡ ਵਿਚ ਗੋਤੇ ਖਾਂਦੀ ਏ ! ਪਿਆਰ ਦੀ ਅਜਿਹੀ ਖਿੱਚ ਜਿਸ ਨੂੰ ਪਾਉਣ ਲਈ ਸਖੀ ਲੋਕ ਕਿਸੇ ਵੀ ਹੱਦ ਤਕ ਚਲੇ ਜਾਂਦੇ ਨੇ। ਇਕ ਐਸਾ ਸਨੇਹ ਜਿਥੋਂ ਤੁਹਾਨੂੰ ਪਾਕ-ਪਵਿੱਤਰ ਹੋਣ ਦਾ ਅਹਿਸਾਸ ਮਿਲਦਾ। ਦੁਨੀਆ ਪ੍ਰਤੀ ਇਕ ਵੱਖਰਾ ਨਜ਼ਰੀਆ ਅੱਡਰੀ ਪਹੁੰਚ। ਮਿੱਤਰ ਪਿਆਰੇ ਰਾਹੀਂ ਰੱਬ ਦੀ ਰਹਿਮਤ ਨੂੰ ਵੇਖਣਾ। ਸ਼ਾਇਦ ਇਹ ਇਕ ਸੁਪਨਾ ਹੀ ਬਣ ਕੇ ਰਹਿ ਜਾਣਾ ਸੀ ਤੇ ਰਹਿ ਗਿਆ।

ਨਿੰਮਾ ਉਦੋਂ ਐੱਮ.ਏ. ਫਾਈਨਲ ਪੰਜਾਬ ਯੂਨੀਵਰਸਿਟੀ ਤੋਂ ਕਰ ਰਿਹਾ ਸੀ ਜਦ ਉਸ ਨੇ ਕਰਮੇ ਨੂੰ ਬੀ.ਏ. ਭਾਗ ਇਕ, ਗੌਰਮਿੰਟ ਕਾਲਜ, ਸੈਕਟਰ-11, ਚੰਡੀਗੜ੍ਹ ਦਾਖ਼ਲਾ ਦਿਵਾ ਦਿੱਤਾ। ਸਾਰੇ ਵਿਸ਼ੇ ਅੰਗਰੇਜ਼ੀ ਵਿਚ ਸਨ। ਆਮ ਜਿਹੇ ਜੱਟਾਂ ਦਾ ਮੁੰਡਾ, ਸਾਰਾ ਕੁਝ ਅੰਗਰੇਜ਼ੀ ਵਿਚ ਤੇ ਉਹ ਵੀ ਚੰਡੀਗੜ੍ਹ ਵਰਗੇ ਸ਼ਹਿਰ ਵਿਚ। ਗੱਲ ਨਾ ਬਣੀ। ਪਿੰਡ ਵਾਲੇ ਘਰ ਦੀ ਯਾਦ ਸਤਾਉਣ ਲੱਗੀ। ਛੇ ਮਹੀਨੇ ਲਾ ਕੇ ਗੁਰੂ ਨਾਨਕ ਕਾਲਜ ਗੁਰਦਾਸਪੁਰ ਆ ਗਿਆ। ਪਰ ਇਕ ਗੱਲ ਦਾ ਫ਼ਾਇਦਾ ਹੋਇਆ ਕਿ ਚੰਡੀਗੜ੍ਹ ਰਹਿ ਕੇ ਕਰਮੇ ਅੰਦਰ ਅੰਗਰੇਜ਼ੀ ਬੋਲਣ ਦਾ ਹੌਂਸਲਾ ਜ਼ਰੂਰ ਆ ਗਿਆ ਸੀ। ਕਰਮੇ ਦੇ ਬੋਲ-ਚਾਲ ਦੇ ਢੰਗ-ਤਰੀਕੇ ਨੇ ਕਾਲਜ ਵਿੱਚ ਉਸ ਦੀ 'ਬੱਲੇ-ਬੱਲੇ' ਕਰਾ ਦਿੱਤੀ। ਲੜਾਕਾ ਪਹਿਲਾਂ ਹੀ ਸੀ। ਨੈਕਸਲਾਈਟ ਲਹਿਰ ਨੇ ਇਸ ਨੂੰ ਆਪਣੀ ਲਪੇਟ ਵਿਚ ਲੈ ਲਿਆ। ਨਾਮਵਰ ਕਹਾਣੀਕਾਰ ਸੁਜਾਨ ਸਿੰਘ ਪ੍ਰਿੰਸੀਪਲ ਸਨ ਅਤੇ ਹੈੱਡ-ਕਲਰਕ ਸੀ.ਪੀ.ਆਈ. ਐੱਮ. ਦੇ ਸਮਰਥਕ ਸਨ। ਪ੍ਰੋਫ਼ੈਸਰਾਂ ਨਾਲ ਖ਼ੂਬ ਜੰਮਦੀ ਖਾਸ ਕਰਕੇ ਮੈਡਮਾਂ ਨਾਲ। ਇਕਨਾਮਿਕਸ ਅਤੇ ਪੋਲੀਟੀਕਲ ਸਾਇੰਸ ਦੀਆਂ ਕਲਾਸਾਂ ਵਿਚ ਕਰਮੇ ਨੇ ਮੈਡਮਾਂ ਦੀਆਂ ਬਰੇਕਾਂ ਲਵਾਈ ਰੱਖਣੀਆਂ। ਇਨ੍ਹਾਂ ਵਿਸ਼ਿਆਂ ਉਤੇ ਕਰਮੇ ਨੇ ਹਰ ਗੱਲ ਦਾ ਮਾਰਕਸਵਾਦੀ ਪੈਂਤੜੇ ਤੋਂ ਚੀੜ-ਫਾੜ ਕਰਨਾ ਤੇ ਸਾਰੇ ਮੁੰਡਿਆਂ-ਕੁੜੀਆਂ

ਨੇ ਚੁੱਪ-ਚਾਪ 'ਨਵੇਂ ਆਏ ਪ੍ਰੋਫ਼ੈਸਰ' ਦੇ ਮੂੰਹ ਵੱਲ ਵੇਂਹਦੇ ਰਹਿਣਾ।

ਮੈਡਮਾਂ ਨੇ ਸ਼ੁਕਰ ਕਰਨਾ ਜਿਸ ਦਿਨ ਕਰਮਾ ਕਾਲਜ ਤੋਂ ਗਾਇਬ ਹੁੰਦਾ। ਉਨ੍ਹਾਂ ਦਾ ਤਕੀਆ ਕਲਾਮ ਬਣ ਗਿਆ ਸੀ 'ਥੈਂਕ ਗਾਡ'। ਕਾਲਜ ਤੋਂ ਕਰਮੇ ਦੀ ਗੈਰਹਾਜ਼ਰੀ ਦਾ ਮੁੱਖ ਕਾਰਨ ਸੀ ਉਸ ਨੂੰ ਇਲਾਕੇ ਦੇ ਦੂਸਰੇ ਕਾਲਜਾਂ ਵਿਚ ਜਾਣਾ ਪੈਂਦਾ ਜਿਵੇਂ ਪਠਾਨਕੋਟ, ਬਟਾਲਾ, ਕਾਦੀਆਂ, ਸਠਿਆਲਾ ਆਦਿ। ਨੈਕਸਲਾਈਟਾਂ ਦਾ ਸਟੂਡੈਂਟ ਵਿੰਗ, ਪੰਜਾਬ ਸਟੂਡੈਂਟਸ ਯੂਨੀਅਨ ਨੂੰ ਕਾਇਮ ਕੀਤਾ ਜਾ ਰਿਹਾ ਸੀ। ਕਰਮੇ ਨੇ ਸਿਰ-ਤੋੜ ਯਤਨ ਕਰਕੇ ਵੱਖ-ਵੱਖ ਕਾਲਜਾਂ ਵਿਚ ਪੀ.ਐੱਸ.ਯੂ. ਦੇ ਨਵੇਂ ਯੂਨਿਟ ਖੜ੍ਹੇ ਕੀਤੇ। ਇਸ ਤੋਂ ਬਾਅਦ ਜਿਲ੍ਹਾ ਪੱਧਰ 'ਤੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਜਿਸ ਵਿਚ ਕਰਮੇ ਨੂੰ ਸਖ਼ਤ ਮੁਕਾਬਲੇ ਵਿੱਚ ਜ਼ਿਲ੍ਹਾ ਸਕੱਤਰ ਚੁਣਿਆ ਗਿਆ।

ਵਿਦਿਆਰਥੀ ਮੰਗਾਂ ਨੂੰ ਲੈ ਕੇ ਜਲਸੇ, ਮੁਜ਼ਾਹਰੇ ਅਤੇ ਹੜਤਾਲਾਂ ਆਮ ਗੱਲ ਬਣ ਗਈ। ਫ਼ੀਸਾਂ ਵਿਚ ਵਾਧਾ, ਬੱਸਾਂ ਵਿੱਚ ਸਫ਼ਰ, ਖਿਡਾਰੀਆਂ ਲਈ ਚੰਗੀ ਖ਼ੁਰਾਕ, ਮਾੜ੍ਹਕੂ ਵਿਦਿਆਰਥੀਆਂ ਲਈ ਸਕਾਲਰਸ਼ਿੱਪ, ਲਾਇਬਰੇਰੀਆਂ ਵਿੱਚ ਅੰਤਰਰਾਸ਼ਟਰੀ ਪੱਧਰ ਦੀਆਂ ਕਿਤਾਬਾਂ ਆਦਿ। ਮੋਗਾ ਦੇ ਰੀਗਲ ਸਿਨੇਮਾ ਵਿਚ ਗੋਲੀਆਂ ਨਾਲ ਮਰੇ ਵਿਦਿਆਰਥੀਆਂ ਦੇ ਹੱਕ ਵਿੱਚ ਪੰਜਾਬ ਬੰਦ। ਇਥੋਂ ਤਕ ਕਿ ਪ੍ਰਾਈਵੇਟ ਕਾਲਜ ਪ੍ਰੋਫੈਸਰਾਂ ਦੀ ਹੜਤਾਲ ਵਿਚ ਉਨ੍ਹਾਂ ਦੇ ਹੱਕ ਵਿਚ ਆਪਣੇ ਸਾਥੀਆਂ ਨਾਲ ਪਠਾਨਕੋਟ ਗਿਆ ਤੇ ਫੜਿਆ ਵੀ ਗਿਆ ਪਰ ਝਕਾਨੀ ਦੇ ਕੇ ਖੁਲ੍ਹੇ ਪੁਲੀਸ ਅਹਾਤੇ ਵਿੱਚੋਂ ਕੰਧਾਂ ਟੱਪ ਕੇ ਸਟੇਸ਼ਨ ਤੋਂ ਗੱਡੀ ਫੜ ਕਿਧਰੇ ਅਲੋਪ ਹੋ ਗਿਆ।

ਇਕ ਅਜਿਹਾ ਮੋੜ ਵੀ ਆਇਆ ਜਿਹੜਾ ਸ਼ਾਇਦ ਹੀ ਕਰਮੇ ਨੂੰ ਵਾਪਿਸ ਘਰ ਵੱਲ ਮੋੜ ਕੇ ਲਿਆਉਂਦਾ! ਪਾਰਟੀ ਹਾਈਕਮਾਂਡ ਵੱਲੋਂ ਇਕ ਜਮਾਤੀ ਦੁਸ਼ਮਣ ਨੂੰ ਸੋਧਣ ਲਈ ਪੰਜ ਜਣਿਆਂ ਦਾ ਜਥਾ ਉਸ ਦੇ ਪਿੰਡ ਭਾਗੋਵਾਲ ਪਹੁੰਚਿਆ। ਚੰਗਾ ਤੜਕੇ ਦਾ ਵੇਲਾ ਤੇ ਸਿਆਲੀ ਦਿਨ। ਹੱਥਾਂ ਵਿਚ ਰਵਾਇਤੀ ਹਥਿਆਰ। ਕਿਸਮਤ ਉਸ ਦੀ ਚੰਗੀ ਜਾਂ ਇਨ੍ਹਾਂ ਦੀ! ਖ਼ਾਲੀ ਵਾਪਿਸ ਮੁੜਨਾ ਪਿਆ। ਇਹ ਜਮਾਤੀ ਦੁਸ਼ਮਣ ਸੀ ਜਿਸ ਨੇ ਲਾਹੌਰ ਸਾਜ਼ਿਸ਼ ਕੇਸ ਦੇ ਮੁੱਖ ਨਾਮਜ਼ਦ ਦੋਸ਼ੀ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਪੁਲੀਸ ਮੂਹਰੇ ਪਹਿਚਾਣ ਕੀਤੀ ਸੀ। ਕੁਝ ਹੀ ਮਹੀਨੇ ਬਾਅਦ ਦੂਸਰੇ ਜੱਥੇ ਨੇ ਇਸ ਦਾ ਡੇਰਾ ਬਾਬਾ ਨਾਨਕ-ਬਟਾਲਾ ਰੋਡ 'ਤੇ ਕੋਟਲੀ ਲਾਗੇ ਘੋਗਾ ਚਿੱਤ ਕਰ ਦਿੱਤਾ।

ਘਰਦਿਆਂ ਨੇ ਕਰਮੇ ਦੇ ਕਰਮ ਵੇਖਦਿਆਂ ਇਸ ਨੂੰ ਕਾਲਜੋਂ ਹਟਾ ਲਿਆ। ਸਿੱਧਾ ਤਾਂ ਨਾ ਕਿਹਾ ਕਿ ਤੇਰੀ ਪੜ੍ਹਾਈ ਦਾ ਸਾਨੂੰ ਪਤਾ ਜਿਹੜੀ ਕਰਦਾ ਏਂ?

ਪਰ ਪੁਰਾਣੇ ਲਏ ਟਰੈਕਟਰ ਨਾਲ 'ਰੱਜ ਕੇ ਵਾਹ ਤੇ ਰੱਜ ਕੇ ਖਾਹ' ਦਾ ਪੱਜ ਜ਼ਰੂਰ ਸੀ।

ਸਮਾਂ ਉਹ ਸੀ ਜਦ ਭਾਰਤੀ ਫੌਜ ਵੱਲੋਂ ਜੰਮੂ ਸੈਕਟਰ ਦੇ ਆਪਣੇ ਹੇਠ ਲਏ ਖੇਤਰ ਵਿੱਚੋਂ ਹਾੜੀ ਦੀ ਪੱਕੀ ਹੋਈ ਫ਼ਸਲ ਦੀ ਬੋਲੀ ਕੀਤੀ ਗਈ। ਕੁਝ ਭਾਈਵਾਲਾਂ ਨਾਲ ਰਲ ਕੇ ਹਵੇਲੀ ਵਾਲਿਆਂ ਵੀ ਪਿੰਡ ਸਰਜਾਲ ਲਾਗੇ ਸ਼ੱਕਰਗੜ੍ਹ ਬੋਲੀ 'ਤੇ ਲੈ ਲਿਆ। ਵੱਡਾ ਪਿੰਡ ਸੀ। ਕਰੀਬ ਢਾਈ ਮਹੀਨੇ ਲੱਗੇ ਏਥੇ ਕਣਕ ਤੇ ਵਿਚ-ਵਿਚ ਛੋਲਿਆਂ ਦੀ ਫ਼ਸਲ ਸਾਂਭਣ ਨੂੰ। ਕੁਝ ਚਿਰ ਕਰਮਾ ਵੀ ਉਥੇ ਗਿਆ ਜੋ ਉਹਦੇ ਲਈ ਬੜਾ ਜਜ਼ਬਾਤੀ ਸਿੱਧ ਹੋਇਆ। ਰਸਤੇ ਵਿਚ ਟੈਂਕਾਂ ਦੇ ਗੋਲਿਆਂ ਨਾਲ ਕਿੱਕਰਾਂ, ਬੋਹੜਾਂ, ਟਾਹਲੀਆਂ ਦੇ ਟਹਿਣਿਆਂ ਦਾ ਕਤਲੇਆਮ। ਪਿੰਡ ਵਿਚ 8-9 ਘਰ ਹੀ ਪੱਕੇ ਸਨ, ਬਾਕੀ ਕੱਚੇ। ਤੰਗ ਉੱਚੀਆਂ-ਨੀਵੀਆਂ ਗਲੀਆਂ। ਛੇ-ਸੱਤ ਪਾਣੀ ਦੇ ਨਲਕੇ ; ਉਹ ਵੀ ਸਾਡੇ ਲੋਕਾਂ ਨੇ ਉਖੇੜ ਲਿਆਂਦੇ। ਦੇਸ਼-ਭਗਤੀ ਦੀ ਮਿਸਾਲ ਜੂ ਦੱਸਣੀ ਸੀ ! ਘਰਾਂ ਦੇ ਚੌਂਕਿਆਂ ਵਿਚ ਛੋਟੇ ਬੱਚਿਆਂ ਦੇ ਨੰਨ੍ਹੇ-ਮੁੰਨ੍ਹੇ ਪਿਆਰੇ ਹੱਥਾਂ ਦੇ ਬਣਾਏ ਕੰਧ ਚਿੱਤਰ ਬੜੇ ਰੰਗ-ਬ-ਰੰਗੇ। ਸਾਡੇ ਹੀ ਬੱਚਿਆਂ ਦੇ ਹੱਥ ਲੱਗਦੇ ਸਨ। ਉਹ ਵੀ ਤਾਂ ਸਾਡੇ ਹੀ ਬੱਚੇ ਸਨ। ਉਹ ਕੀ ਜਾਣਨ, ਦੁਸ਼ਮਣ ਕੌਣ-ਮਿੱਤਰ ਕੌਣ ?

ਕਿੱਕਰਾਂ ਹੇਠ ਘਿਰੇ ਕੱਚੇ ਸਕੂਲ ਦੇ ਇਕ ਕਮਰੇ ਦੇ ਬਲੈਕ-ਬੋਰਡ 'ਤੇ ਕੁਝ ਉਰਦੂ ਦੀਆਂ ਸਤਰਾਂ ਲਿਖੀਆਂ ਹੋਈਆਂ ਸਨ ਜਿਹੜੀਆਂ ਕਰਮੇ ਨੇ ਵੱਡੇ ਨੰਬਰਦਾਰ ਤੋਂ ਪੜ੍ਹਵਾਈਆਂ, ਲਿਖਿਆ ਸੀ:

'ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ ॥
ਬੰਨਿ੍ ਉਠਾਈ ਪੋਟਲੀ ਕਿਥੈ ਵੰਞਾ ਘਤਿ ॥'

(ਪੰਨੇ 1377-78)

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥' (ਪੰਨਾ 1380)

ਸ਼ਾਇਦ ਬੱਚਿਆਂ ਦੇ ਉਸਤਾਦ ਨੇ ਦੂਸਰਾ ਸ਼ਬਦ ਜੰਗ ਸ਼ੁਰੂ ਹੋਣ 'ਤੇ ਲਿਖ ਕੇ ਛੱਡ ਦਿੱਤਾ ਸੀ ਕਿ ਚਲੋ ਜਿਹੜੇ ਇਧਰ ਆਉਣਗੇ ਸੋਚਣਗੇ ਸਾਡੇ ਗਰੰਥ ਸਾਹਿਬ ਦੇ ਸ਼ਬਦ ਵੀ ਇਧਰ ਪੜ੍ਹਾਏ ਜਾਂਦੇ ਨੇ ? ਹਾਕਮਾਂ ਨੂੰ ਕੀ ਹੱਕ ਹੈ ਬੱਚਿਆਂ ਹੱਥੋਂ ਕਲਮਾਂ-ਦਵਾਤਾਂ ਖੋਹਣ ਦਾ, ਉਨ੍ਹਾਂ ਦੇ ਬਸਤੇ ਖਿਲਾਰਨ ਦਾ ਤੇ ਉਨ੍ਹਾਂ ਨੂੰ ਉਮਰੋਂ ਪਹਿਲਾਂ ਸਿਆਣੇ ਬਣਨ ਦੀ ਸੋਚਣ ਦਾ ? ਜਦ ਕਦੇ ਪਿੰਡ ਦੇ ਬੱਚੇ ਆਪਣੇ ਘਰੀਂ ਵਾਪਿਸ ਪਰਤੇ ਹੋਣਗੇ ਉਨ੍ਹਾਂ ਨੂੰ ਕਿਸ ਨੇ ਚੁੱਪ ਕਰਾਇਆ ਹੋਊ ? ਕਈਆਂ ਦੇ ਮਾਪੇ ਫੌਤ ਵੀ ਹੋ ਚੁੱਕੇ ਹੋਣਗੇ।

ਮੁਲਖਾਂ ਦੀਆਂ ਲੜਾਈਆਂ ਵਿਚ ਹਮੇਸ਼ਾਂ ਗਰੀਬ ਤੇ ਮੱਧ-ਵਰਗੀ ਘਰ ਹੀ ਜ਼ਿਆਦਾ ਨੁਕਸਾਨ ਸਹਿੰਦੇ ਨੇ। ਇਸ ਸਬੰਧੀ ਇਕ ਵਾਜਿਬ ਸਵਾਲ ਹੈ, ਅਮੀਰ ਘਰਾਂ ਦੇ ਕਿੰਨੇ ਕੁ ਲੋਕ ਫ਼ੌਜਾਂ ਵਿਚ ਹੁੰਦੇ ਨੇ !

ਕਰਮਾ ਡੂੰਘਾਈ ਨਾਲ ਸੋਚ ਰਿਹਾ ਸੀ, "ਬਾਰ-ਬਾਰ ਇਹ ਲੜਾਈਆਂ, ਇਹ ਬਰਬਾਦੀ ਕਿਉਂ?" ਪਰ ਕਿਸੇ ਕੋਲ ਜੁਆਬ ਨਹੀਂ ਸੀ। ਪੂਰਬੀ ਪੰਜਾਬੀਆਂ ਨੇ ਪਾਕਿਸਤਾਨ ਦੇ ਕਬਜ਼ੇ ਹੇਠ ਆਏ ਪਿੰਡਾਂ ਦੀ ਓਹ ਦੁਰਦਸ਼ਾ ਕੀਤੀ ਜਿਹੜੀ ਕਰਮੇ ਲਈ ਦੱਸਣੀ ਅਸੰਭਵ ਸੀ। ਲੋਕਾਂ ਨੇ ਪੱਕੇ ਘਰਾਂ ਦੀਆਂ ਇੱਟਾਂ-ਬਾਲੇ-ਸ਼ਤੀਰ, ਨਲਕੇ, ਲੱਕੜ ਦੀਆਂ ਖ਼ੁਰਲੀਆਂ ਇਥੋਂ ਤਕ ਕਿ ਦਰਖ਼ਤ ਵੀ ਵੱਢ ਕੇ ਲੈ ਆਂਦੇ। ਭਾਰੇ-ਭਾਰੇ ਵੇਲਣੇ, ਕੜਾਹੇ ਅਤੇ ਅਵਾਰਾ ਹੋਈਆਂ ਬੱਕਰੀਆਂ-ਭੇਡਾਂ ਵੀ ਨਾ ਬਖਸ਼ੀਆਂ। ਕੀ ਪਾਕਿਸਤਾਨੀਆਂ ਵੀ ਭਾਰਤੀ ਮੱਲੇ ਇਲਾਕੇ ਵਿਚ ਇੰਞ ਕੀਤਾ ਸੀ ? ਹੋ ਸਕਦਾ, ਕੀਤਾ ਹੀ ਹੋਵੇ ਪਰ ਪੱਕਾ ਪਤਾ ਨਹੀਂ। ਉਂਞ ਕੀਤਾ ਈ ਹੋਣਾ! ਆਖਿਰ ਉਹ ਵੀ ਤਾਂ 'ਪੰਜਾਬੀ' ਹੀ ਸਨ।

ਕਰਮੇ ਨੇ ਘਰ ਦੇ ਕੰਮਾਂ ਨਾਲ ਯਾਰੀ ਪਾ ਲਈ। ਘਰ ਦੀ ਦਾਰੂ ਵੀ ਕੱਢ ਲੈਣੀ। ਕਰੀਬ ਰੋਜ਼ ਹੀ ਕਿਤੇ ਨਾ ਕਿਤੇ ਮਹਿਫ਼ਲ ਲੱਗ ਜਾਣੀ। ਰਿਸ਼ਤੇਦਾਰ ਆ ਜਾਣੇ। ਸ਼ਿਕਾਰ ਖੇਡਣ ਚਲੇ ਜਾਣਾ। ਕਬੂਤਰ, ਤਿੱਤਰ, ਮੁਰਗਾਬੀਆਂ ਆਮ ਸਨ।

ਇਕ ਵਾਰੀ ਤੂੜੀ ਵਾਲੇ ਕੋਠੇ ਅੰਦਰੋਂ ਤੂੜੀ ਕੱਢ ਰਿਹਾ ਜਦੋਂ ਕੱਪੜੇ ਵਿਚ ਵਲੇਟਿਆ ਰੀਵਾਲਵਰ ਹੱਥ ਲੱਗ ਗਿਆ ਤਾਂ ਉਸ ਨੂੰ ਝਾੜ ਝੰਬ ਕੇ ਘਰੇ ਪੇਟੀ ਵਿਚ ਲਿਆ ਰੱਖਿਆ। ਤਾਏ ਨੰਬਰਦਾਰ ਦੇ ਕਿਸੇ ਬਲੈਕੀਏ ਯਾਰ ਦਾ ਸੀ। ਚੰਗੀ ਪੁੱਛ-ਗਿੱਛ ਮਗਰੋਂ ਵਾਪਿਸ ਕਰਨਾ ਪਿਆ।

ਭੂਆ ਦਾ ਜਵਾਈ ਸੁਰਿੰਦਰ ਸਿੰਘ ਪੁਲੀਸ ਵਿਚ ਹਵਾਲਦਾਰ ਹਵੇਲੀ ਆਇਆ ਹੋਇਆ ਸੀ ਜਦ ਨੰਬਰਦਾਰ ਦਾ ਸੱਜਣ ਸੀ.ਆਈ.ਡੀ. ਦਾ ਇੰਸਪੈਕਟਰ ਇਕ ਪਾਕਿਸਤਾਨ ਤੋਂ ਆਏ ਜਸੂਸ ਨੂੰ ਹਵੇਲੀ ਲੈ ਆਇਆ। ਮਸਲਾ ਸੀ ਇਸ ਨੂੰ ਕਿੰਞ ਕਲਾਨੌਰ ਦੇ ਸੀ.ਆਈ.ਏ. ਸੈਂਟਰ ਲਿਜਾਇਆ ਜਾਵੇ। ਵਾਇਰਲੈੱਸ ਰਾਹੀਂ ਇਕ ਬੀ.ਐੱਸ.ਐੱਫ. ਦਾ ਟਰੱਕ ਮੰਗਵਾਇਆ ਗਿਆ। ਸੁਰਿੰਦਰ ਸਿੰਘ ਅਤੇ ਕਰਮੇ ਨੂੰ ਨੰਬਰਦਾਰ ਦੇ ਕਹਿਣ 'ਤੇ ਟਰੱਕ ਨਾਲ ਕਲਾਨੌਰ ਜਾਣਾ ਪਿਆ ਪਰ ਮਹਿੰਗਾ ਪਿਆ। ਪਿੱਛੇ ਬੈਠਿਆਂ ਇਨ੍ਹਾਂ ਨੇ ਅੰਦਰ ਪਿਆ ਇਕ ਟਰਾਂਜਿਸਟਰ ਰੇਡੀਓ ਚੱਕ ਕੇ ਆਪਣੀ ਬੁੱਕਲ ਵਿਚ ਦੇ ਲਿਆ। ਪਰ ਇਹ ਪੈਂਤੜਾ ਵੀ ਫੇਲ੍ਹ ਹੋ ਗਿਆ। ਸਾਰੀ ਹਵੇਲੀ ਇਨ੍ਹਾਂ ਦੇ ਪਿੱਛੇ ਪੈ ਗਈ। ਚੋਰੀ ਕੀਤੀ, ਉਹ ਵੀ ਸਰਕਾਰੀ ਖਾਤੇ ਵਿੱਚੋਂ, ਹਾਰ ਕੇ ਬਿਨਾਂ ਉਸ ਰੇਡੀਓ ਨੂੰ ਸੁਣਿਆ ਵਾਪਿਸ ਕਰਨਾ ਪਿਆ।

ਪਿੰਡ ਮੂਧਲ ਵੇਰਕੇ ਲਾਗੇ ਕਰਮਾ ਵਾਹਵਾ ਸਮਾਂ ਆਪਣੀ ਭੂਆ ਕੋਲ ਰਿਹਾ। ਉਦੋਂ ਪਾਕਿਸਤਾਨ ਨਾਲ ਲੜਾਈ ਲੱਗੀ ਹੋਈ ਸੀ। ਭੂਆ ਦਾ ਘਰ ਵੱਡੇ ਛੱਪੜ ਦੇ ਨਾਲ ਲੱਗਦਾ ਸੀ ਜਿਸ ਦੇ ਦੂਸਰੇ ਪਾਸੇ ਅੰਮ੍ਰਿਤਸਰ-ਬਟਾਲਾ-ਪਠਾਨਕੋਟ ਰੇਲਵੇ ਲਾਈਨ ਲੰਘਦੀ ਸੀ। ਘਰ ਨਾਲ ਹੋਰ ਜਗ੍ਹਾ ਛੱਤਣ ਲਈ ਲਾਗੇ ਡੂੰਘੀਆਂ ਨੀਹਾਂ ਪੱਟੀਆਂ ਗਈਆਂ, ਜਿਨ੍ਹਾਂ ਵਿੱਚੋਂ ਇਕ ਬਹੁਤ ਹੀ ਪੁਰਾਣਾ ਜੰਗਾਲਿਆ ਹੋਇਆ ਡੇਢ ਫੁੱਟ ਲੰਬਾ ਦੋਨਾਂ ਪਾਸਿਆਂ ਤੋਂ ਤਿੱਖਾ ਜਿਸ ਦੀ ਮੁੱਠ ਤਾਂਬੇ ਦੀ ਬਣੀ ਹੋਈ ਸੀ ਇਕ ਛੁਰਾ ਹੱਥ ਲੱਗਾ। ਪਿੰਡ ਆ ਕੇ ਕਰਮੇ ਨੇ ਇਸ ਉੱਤੋਂ ਸਾਰਾ ਜੰਗਾਲ ਲਾਹ ਕੇ ਟੋਕੇ ਵਾਲੀ ਮਸ਼ੀਨ ਦੇ ਚੱਕਰ ਉਤੇ ਲਾ ਕੇ ਦੋਨੋਂ ਪਾਸੇ ਏਨੇ ਤਿੱਖੇ ਕਰ ਦਿੱਤੇ ਜਿਵੇਂ ਗੋਰਖਿਆਂ ਦੀ ਖੰਜਰੀ ਹੋਵੇ ਜਿਹੜੀ ਅਕਸਰ ਉਹ ਹੱਥੋ-ਹੱਥ ਲੜਾਈ ਵਿਚ ਜਾਂ ਬਿਨਾਂ ਆਵਾਜ਼ ਕੀਤੇ ਦੁਸ਼ਮਣ ਨੂੰ ਘਾਤ ਲਾਉਂਦੇ ਸਨ। ਕਰਮਾ ਜਿੰਨਾ ਚਿਰ ਜਿੱਥੇ ਵੀ ਜਾਂਦਾ-ਆਉਂਦਾ ਇਹ ਹਮੇਸ਼ਾ ਉਸ ਦੇ ਵੱਡੇ ਝੋਲੇ ਅੰਦਰ ਅਖਬਾਰਾਂ ਰਿਸਾਲਿਆਂ ਨਾਲ ਤੁਰਦਾ ਰਿਹਾ ਸੀ। ਇਹ ਤਾਂ ਰੱਬ ਹੀ ਜਾਣਦਾ ਕਿ ਵਕਤ-ਬੇ-ਵਕਤ ਹਵੇਲੀ ਵਾਲਿਆਂ ਦੀ ਇੱਜ਼ਤ ਤੇ ਜਾਨ ਦੀ ਰਖਵਾਲੀ ਇਸ ਖੰਜਰ ਨੇ ਕਿੰਨੀ ਵਾਰ ਕੀਤੀ ਸੀ।

ਨਿੰਮਾ ਆਈ.ਏ.ਐੱਸ. ਦੇ ਇਮਤਿਹਾਨ ਛੱਡ ਕੇ ਰੋਹਤਕ ਰੀਜਨਲ-ਸੈਂਟਰ 'ਚ ਪ੍ਰੋਫੈਸਰ ਲੱਗ ਚੁੱਕਾ ਸੀ। ਕੰਤਾ ਹੁਣ ਪਿੰਡ ਦਿਆਂ ਕੰਮਾਂ ਵਿਚ ਰੁੱਝ ਗਿਆ ਤੇ ਪੰਚਾਇਤ ਮੈਂਬਰ ਬਣ ਗਿਆ। ਕਰਮਾ ਦੁਬਾਰਾ ਪਹਿਲੇ ਵਾਲੇ ਕਾਲਜ ਚਲਾ ਗਿਆ। ਖਾਲਸਾ ਕਾਲਜ-ਅੰਮ੍ਰਿਤਸਰ ਦਾਖਲਾ ਇਕ ਸਾਲ ਟੁੱਟਣ ਕਰਕੇ ਨਾ ਮਿਲਿਆ। ਉਹੀ ਪੁਰਾਣੇ ਪ੍ਰੋਫੈਸਰ-ਮੈਡਮਾਂ, ਬਹੁਤੇ ਪੁਰਾਣੇ ਤੇ ਕੁਝ ਨਵੇਂ ਸਟੂਡੈਂਟ। ਵਾਕਿਆ ਹੀ ਕਾਲਜ ਦੀ ਪੜ੍ਹਾਈ ਜਿਵੇਂ ਰੱਬ ਦਾ ਵਿਆਹ ਹੋਵੇ ! ਪਰ ਕਰਮਾ ਆਮ ਸਟੂਡੈਂਟ ਵਾਂਗ ਨਹੀਂ ਸੀ। ਉਸ ਨੂੰ ਇਹ ਪੜ੍ਹਾਈ-ਲਿਖਾਈ ਸਾਰੀ ਝੂਠੀ ਤੇ ਨਕਲੀ ਲੱਗਦੀ।

ਕਾਲਜ ਦੀ ਅੱਧੇ ਘੰਟੇ ਦੀ ਬਰੇਕ ਸਾਰੇ ਸਟੂਡੈਂਟਸ ਨੇ ਬਾਹਰ ਗਰਾਊਂਡ ਵਿਚ ਆ ਜਾਣਾ। ਉਨ੍ਹੀਂ ਦਿਨੀਂ ਅਮਰੀਕਾ-ਵੀਅਤਨਾਮ ਜੰਗ ਚੱਲ ਰਹੀ ਸੀ। ਕਰਮੇ ਨੇ ਲੰਮੇ-ਲੰਮੇ ਲੈਕਚਰ ਦੇਣੇ ਜਿਵੇਂ ਹਿੰਦੋਸਤਾਨ ਵਿਚ ਇਨਕਲਾਬ ਬਸ ਆਇਆ ਹੀ ਆਇਆ ! ਅਮਰੀਕੀ ਸਾਮਰਾਜ ਦੀ ਦੋਹੀਂ ਹੱਥੀਂ ਉਸ ਨੇ ਅਹੀ-ਤਹੀ ਫੇਰ ਦੇਣੀ। ਦੂਸਰੇ ਪਾਸੇ ਇਜ਼ਰਾਇਲ ਅਤੇ ਫਲਸਤੀਨ ਗੁਰੀਲਿਆਂ ਦੀ ਲੜਾਈ ਜਿਸ ਵਿਚ ਫਿਰ ਅਮਰੀਕਾ ਨੂੰ ਇਜ਼ਰਾਇਲ ਦੀ ਹਮਾਇਤ ਕਰਨ 'ਤੇ ਕਰਮੇ ਨੇ ਅਮਰੀਕੀ ਸਾਮਰਾਜ ਨੂੰ ਦੋਹੀਂ ਹੱਥੀਂ ਲੈਣਾ। ਬਹੁਤੀ ਵੇਰ ਪ੍ਰਿੰਸੀਪਲ ਤੇ ਪ੍ਰੋਫੈਸਰਾਂ ਵੀ ਚੁੱਪ-ਚਾਪ ਪਿੱਛੇ ਖੜ੍ਹ ਕੇ ਸੁਣਦੇ ਰਹਿਣਾ। ਕਰਮਾ ਦੁਬਾਰਾ

ਜ਼ਿਲ੍ਹਾ ਸਕੱਤਰ ਪੀ.ਐੱਸ.ਯੂ. ਬਣ ਚੁੱਕਾ ਸੀ। ਪੁਲੀਸ, ਸੀ.ਆਈ.ਡੀ. ਦੀਆਂ ਨਜ਼ਰਾਂ ਵਿੱਚ ਵੀ ਆ ਚੁੱਕਾ ਸੀ।

ਇਕਨੌਮਿਕਸ ਦੀ ਮੈਡਮ ਭੁੱਲਰ ਪੜ੍ਹਾ ਰਹੀ ਸੀ। ਕਰਮਾ ਹਮੇਸ਼ਾਂ ਵੱਡੇ ਕਮਰੇ ਦੀ ਖਿੜਕੀ ਲਾਗੇ ਬਾਹਰਲੇ ਦਰਵਾਜ਼ੇ ਨੂੰ ਸਾਹਮਣੇ ਬੈਠਦਾ। ਅਗਲੇ ਦਿਨ ਯੂਨੀਅਨ ਵੱਲੋਂ ਜ਼ਿਲ੍ਹਾ ਪੱਧਰ 'ਤੇ ਹੜਤਾਲ ਦਾ ਸੱਦਾ ਸੀ। ਫੜੋ-ਫੜਾਈ ਚੱਲ ਰਹੀ ਸੀ। ਸੀ.ਆਈ.ਡੀ. ਇੰਸਪੈਕਟਰ ਕਰਮੇ ਦੀ ਨਜ਼ਰੇ ਪੈ ਗਿਆ ਜਿਹੜਾ ਸਿੱਧਾ ਕਮਰੇ ਵੱਲ ਆ ਰਿਹਾ ਸੀ। ਕਰਮੇ ਨੇ ਇੰਸਪੈਕਟਰ ਨੂੰ ਪਛਾਣਦਿਆਂ ਮੈਡਮ ਨੂੰ ਇਸ਼ਾਰੇ ਨਾਲ ਦੱਸ ਦਿੱਤਾ ਸੀ। ਜਦ ਉਹ ਦਰਵਾਜ਼ੇ ਲਾਗੇ ਖਲੋ ਕੇ ਕੁਝ ਕਹਿਣ ਹੀ ਲੱਗਾ ਤਾਂ ਮੈਡਮ ਨੇ ਤੁਰੰਤ ਕਿਹਾ, "ਪਹਿਲਾਂ ਪ੍ਰਿੰਸੀਪਲ ਸਾਹਿਬ ਤੋਂ ਆਗਿਆ ਲੈ ਕੇ ਆਉ"। ਕਰਮਾ ਪਿਛਲੀ ਖਿੜਕੀ ਰਾਹੀਂ ਛਾਲ ਮਾਰ ਕੇ ਪਿੱਛੇ ਸਰਕੰਡਿਆਂ ਵਿਚ ਦੀ ਦੂਰ ਕਮਾਦ ਦੇ ਖੇਤਾਂ ਵਿਚ ਗੰਨੇ ਚੂਪ ਰਿਹਾ ਸੀ।

ਕਰਮੇ ਹੁਰਾਂ ਦਾ ਚਾਰ-ਪੰਜ ਮੁੰਡਿਆਂ ਦਾ ਗਰੁੱਪ ਹੁੰਦਾ। ਵੱਖ-ਵੱਖ ਪਿੰਡਾਂ ਜਿਵੇਂ ਪਾਹੜੇ, ਰਣਜੀਤ ਬਾਗ਼, ਬਹਿਰਾਮ ਪੁਰ, ਤੁੰਗ, ਹਯਾਤ-ਨਗਰ, ਗੁਰਦਾਸ-ਨੰਗਲ, ਬੱਬਰੀ, ਧਾਰੀਵਾਲ, ਦੁੱਲਾ-ਨੰਗਲ, ਕੋਟਲੀ, ਆਲੇ-ਨੰਗਲ, ਭਿਖਾਰੀਵਾਲ ਆਦਿ ਪਿੰਡਾਂ ਵਿਚ ਰਾਤ ਸਮੇਂ ਜਾਣਾ। ਉਥੇ ਨੌਜਵਾਨਾਂ ਨੂੰ ਇਕੱਠੇ ਕਰਕੇ ਉਨ੍ਹਾਂ ਦੇ ਸਟੱਡੀ-ਸਰਕਲ ਲਾਉਣੇ। ਉਨ੍ਹਾਂ ਨੂੰ ਹਥਿਆਰਬੰਦ ਇਨਕਲਾਬ ਲਈ ਤਿਆਰ ਕਰਨਾ। ਉਨ੍ਹਾਂ ਨੂੰ ਦੱਸਣਾ ਕਿ ਮੌਜੂਦਾ ਢਾਂਚਾ ਹਰ ਹੀਲੇ ਹਰ ਤਰੀਕੇ ਨਾਲ ਖ਼ਤਮ ਕਰਕੇ ਇਥੇ ਸਮਾਜਵਾਦੀ ਸਿਸਟਮ ਕਾਇਮ ਕਰਨਾ ਹੈ। ਕਰਮੇ ਨੇ ਉਨ੍ਹਾਂ ਨੂੰ ਦੱਸਣਾ ਕਿ ਕਾਰਲ ਮਾਰਕਸ, ਲੈਨਿਨ, ਮਾਉ-ਜ਼ੇ-ਤੁੰਗ ਕੌਣ ਨੇ। ਉਨ੍ਹਾਂ ਨੇ ਆਪਣੇ ਮੁਲਖਾਂ ਅੰਦਰ ਕਿਸ ਤਰ੍ਹਾਂ ਤਬਦੀਲੀ ਲਿਆਂਦੀ ਜਿਥੇ ਹੁਣ ਸਾਰੇ ਖੁਸ਼ ਨੇ, ਖੁਸ਼ਹਾਲ ਨੇ, ਸਾਰੇ ਹੱਥੀਂ ਕੰਮ ਕਰਦੇ ਨੇ, ਕੋਈ ਬੇਰੁਜ਼ਗਾਰੀ ਨਹੀਂ, ਮੁਫ਼ਤ ਇਲਾਜ, ਮੁਫ਼ਤ ਪੜ੍ਹਾਈ, ਕੋਈ ਅਮੀਰ-ਗਰੀਬ ਨਹੀਂ। ਭਰ ਜਵਾਨੀ ਮਨੁੱਖ ਅੰਦਰ ਨਵੇਂ ਵਲਵਲੇ, ਨਵੇਂ ਜਜ਼ਬਾਤ, ਅਜੀਬੋ-ਗਰੀਬ ਸੁਪਨੇ, ਦੂਰ ਕਿਧਰੇ ਉੱਡ ਜਾਣ ਦੀ ਪ੍ਰਬਲ ਭਾਵਨਾ, ਹਰ ਮੁਸੀਬਤ ਨਾਲ ਮੱਥਾ ਲਾਉਣ ਦੀ ਜੁਰੱਤ, ਕਦੇ ਨਾ ਹਾਰ ਮੰਨਣ ਦੀ ਦਲੇਰੀ ਕਰਨ 'ਚ ਕੁਝ ਵੀ ਕਰ ਸਕਦੀ ਐ। ਕਰਮਾ ਵੀ ਜਿਵੇਂ ਇਨ੍ਹਾਂ ਆਦਰਸ਼ਾਂ ਨਾਲ ਵਿਆਹਿਆ ਹੋਇਆ ਸੀ!

ਕਾਲਜ ਦੇ ਪ੍ਰਿੰਸੀਪਲ ਸਾਹਿਬ ਨੂੰ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ 5100 ਰੁਪਏ ਦਾ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਕਰਮੇ ਦੇ ਗਰੁੱਪ ਨੂੰ ਇਹ ਮਖ਼ੌਲ ਹੋਇਆ ਮਹਿਸੂਸ ਹੋਇਆ। ਇਨ੍ਹਾਂ ਫ਼ੈਸਲਾ ਕੀਤਾ ਅਸੀਂ ਸਰਕਾਰ ਨਾਲੋਂ ਚੰਗਾ ਕਰਕੇ ਦੱਸਾਂਗੇ। ਇਕ ਕਮੇਟੀ ਬਣਾਈ ਗਈ ਤੇ ਟੋਲੀਆਂ ਬਣਾ

ਕੇ ਫੰਡ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਫੰਡ ਇਕੱਠਾ ਕਰਨ ਵਿਚ ਪ੍ਰੋ. ਮਲਕੀਅਤ ਸਿੰਘ ਸਹੋਤਾ, ਕਾ. ਦਲਜੀਤ ਸਿੰਘ ਚਾਹਿਲ, ਅਮਰਜੀਤ ਚਾਹਿਲ, ਅਤੇ ਕਰਮੇ ਦੀ ਪੀ.ਐਸ.ਯੂ. ਦੀ ਪੂਰੀ ਟੀਮ ਨੇ ਸਖ਼ਤ ਮਿਹਨਤ ਕੀਤੀ ਸੀ।

ਗੁਰਦਾਸਪੁਰ ਦੇ ਸੁੱਕੇ ਤਲਾਅ ਅੰਦਰ ਫੰਕਸ਼ਨ ਬੁਲਾਇਆ ਗਿਆ ਜਿਥੇ ਪ੍ਰਿੰਸੀਪਲ ਹੁਰਾਂ ਨੂੰ ਸਨਮਾਨ ਦੇਣਾ ਸੀ। ਕਰਮੇ ਨਾਲ ਚਾਰ ਹੋਰ ਮੁੰਡੇ ਪ੍ਰਿੰਸੀਪਲ ਸਾਹਿਬ ਨੂੰ ਉਨ੍ਹਾਂ ਦੇ ਪੁਰਾਣੇ ਬੱਸ ਅੱਡੇ ਲਾਗੇ ਕਿਰਾਏ ’ਤੇ ਲਏ ਘਰੋਂ ਲੈਣ ਗਏ। ਜਦ ਸੁੱਕੇ ਤਲਾਅ ਦੀਆਂ ਪੌੜੀਆਂ ਤੋਂ ਹੇਠਾਂ ਉੱਤਰ ਰਹੇ ਸੀ ਤਾਂ ਸਵਾ ਛੇ ਫੁੱਟ ਲੰਬੇ, ਕਰੀਮ ਰੰਗ ਦੀ ਪਗੜੀ ਨੂੰ ਲਾਗੇ ਇਕ ਦਰੱਖ਼ਤ ਦੀ ਟਾਹਣੀ ਨੇ ਸਿਰ ਤੋਂ ਹਿਲਾ ਦਿੱਤਾ।

'ਓਏ ਤੁਸੀਂ ਇਕ ਐਸੇ ਬੰਦੇ ਨੂੰ ਸਨਮਾਨ ਦੇ ਰਹੇ ਹੋ ਜਿਹੜਾ ਆਪਣੀ ਪਗੜੀ ਵੀ ਨਹੀਂ ਸੰਭਾਲ ਸਕਦਾ।' ਪ੍ਰਿੰਸੀਪਲ ਹੁਰਾਂ ਦੇ ਬੋਲ ਸਨ।

5500 ਰੁਪਏ ਦੀ ਥੈਲੀ ਅਤੇ ਹੋਰ ਸਨਮਾਨ-ਚਿੰਨ੍ਹ ਦੇ ਕੇ ਆਮ ਮੁੰਡਿਆਂ ਨੇ ਸਰਕਾਰ ਦੇ ਮੂੰਹ ’ਤੇ ਜਿਵੇਂ ਚਪੇੜ ਮਾਰੀ।

ਕਾਲਜ ਵਿਚ ਕਰਮੇ ਹੁਰਾਂ ਦਾ ਗਰੁੱਪ ਏਡਾ ਮਜ਼ਬੂਤ ਸੀ ਕਿ ਬਾਵਜੂਦ ਪੀ.ਐੱਸ.ਯੂ. ਦੀ ਹਾਈਕਮਾਂਡ ਨੇ ਇਹ ਇਜਾਜ਼ਤ ਨਾ ਦਿੱਤੀ ਫਿਰ ਵੀ ਪਿੰਡ ਘੁੰਮਣ ਕਲਾਂ ’ਚ ਕਰੀਬ ਪੰਜ ਹਜ਼ਾਰ ਲੋਕਾਂ ਦੇ ਇਕੱਠ ਨਾਲ ਇਕ ਸਭਿਆਚਾਰਕ ਪ੍ਰੋਗਰਾਮ ਕਰਵਾਇਆ ਜਿਥੇ ਪ੍ਰਿੰਸੀਪਲ ਸੁਜਾਨ ਸਿੰਘ ਹੁਰੀਂ ਮੁੱਖ-ਮਹਿਮਾਨ ਸਨ। ਇਸ ਤੋਂ ਇਲਾਵਾ ਅਗਾਂਹਵਧੂ ਲੋਕ ਗਾਇਕ ਅਮਰਜੀਤ ਗੁਰਦਾਸਪੁਰੀ ਤੇ ਜਲੰਧਰ ਦੂਰ-ਦਰਸ਼ਨ ਤੋਂ ਹੋਰ ਕਲਾਕਾਰ ਵੀ ਸਨ। ਏਡੇ ਵੱਡੇ ਪ੍ਰੋਗਰਾਮ ਦੀ ਸਾਰੀ ਸਾਂਭ-ਸੰਭਾਲ ਮੁੰਡਿਆਂ ਨੇ ਹੀ ਕੀਤੀ। ਕਿਧਰੇ ਇਕ ਵੀ ਪੁਲੀਸ ਮੁਲਾਜ਼ਮ ਦੀ ਮਦਦ ਨਹੀਂ ਸੀ ਲਈ ਗਈ। ਕਾਲਜ ਦੇ ਕਬੱਡੀ ਖਿਡਾਰੀਆਂ ਵੱਲੋਂ ਸਾਰਾ ਸਕਿਉਰਿਟੀ ਦਾ ਆਪਣਾ ਹੀ ਬੰਦੋਬਸਤ ਕੀਤਾ ਗਿਆ ਸੀ। ਪ੍ਰਿੰਸੀਪਲ ਹੁਰਾਂ ਨੇ ਦੱਸਿਆ ਕਿ ਅਗਰ ਆਪਣੀ ਤਕਦੀਰ ਬਦਲਣਾ ਚਾਹੁੰਦੇ ਹੋ ਤਾਂ ਤੁਹਾਨੂੰ ਖ਼ੁਦ-ਬ-ਖ਼ੁਦ ਜਥੇਬੰਦ ਹੋਣਾ ਪਵੇਗਾ। ਨੌਜਵਾਨਾਂ ਨੂੰ ਪਿੰਡਾਂ ਵਿਚ ਨੌਜਵਾਨ ਸਭਾਵਾਂ ਬਣਾਉਣ ਲਈ ਖਾਸ ਤੌਰ ’ਤੇ ਪ੍ਰੇਰਿਆ ਗਿਆ।

ਕਾਲਜ ਸਮੇਂ ਪੰਜਾਬੀ ਕਵਿਤਾ ਮੁਕਾਬਲੇ ਲਈ ਕਈ ਥਾਈਂ ਕਰਮਾ ਅਤੇ ਦੋ ਹੋਰ ਇਸ ਦੀਆਂ ਹੀ ਜਮਾਤਣਾਂ ਅਤੇ ਨਾਲ ਪੰਜਾਬੀ ਦੇ ਪ੍ਰੋਫ਼ੈਸਰ ਜਾਂਦੇ। ਅੱਧੀ- ਅੱਧੀ ਰਾਤ ਪਹਿਲਾਂ ਕਰਮੇ ਨੇ ਇਨ੍ਹਾਂ ਕੁੜੀਆਂ ਨੂੰ ਇਨ੍ਹਾਂ ਦੇ ਘਰੇ ਪਹੁੰਚਦਾ ਕਰਨਾ ਫਿਰ ਕਿਤੇ ਆਪਣੇ ਕਮਰੇ ਵਿਚ ਜਾਣਾ। ਕੁੜੀਆਂ ਨੂੰ ਕਰਮੇ ਤੋਂ ਕੋਈ ਖ਼ਤਰਾ ਨਹੀਂ ਸੀ ਹੋ ਸਕਦਾ। ਭਲਾ ਮੁਲਖ ਦੀ ਤਕਦੀਰ ਬਦਲਣ ਵਾਲੇ ਤੇ

ਉੱਚੇ-ਉੱਚੇ ਦਾਵੇ ਕਰਨ ਵਾਲੇ ਤੋਂ ਕਿਸੇ ਨੀਚ ਹਰਕਤ ਦਾ ਡਰ ਵੀ ਤਾਂ ਨਹੀਂ ਸੀ ਹੋ ਸਕਦਾ। ਪਰ ਵਕਤ ਦਾ ਵੀ ਕੁਝ ਪਤਾ ਨਹੀਂ ਲੱਗਦਾ। ਇਨ੍ਹਾਂ ਵਿੱਚੋਂ ਇਕ ਕੁੜੀ ਨੂੰ, ਜਿਹੜੀ ਪ੍ਰਿੰਸੀਪਲ ਸਾਹਿਬ ਨੇ ਆਪਣੇ ਮਰਹੂਮ ਇਕ ਕਲਾਕਾਰ ਮਿੱਤਰ ਦੀ ਸੀ, ਉਸ ਨੂੰ ਗੋਦ ਲਿਆ ਹੋਇਆ ਸੀ, ਕਰਮੇ ਨੇ ਇਕ ਲੰਬੀ-ਚੌੜੀ ਚਿੱਠੀ ਰਾਹੀਂ ਆਪਣੀ ਦੋਸਤੀ ਦਾ ਇਜ਼ਹਾਰ ਕੀਤਾ ਸੀ। ਕਰਮੇ ਨੂੰ ਆਸ ਸੀ ਕਿ ਉਸ ਨੂੰ ਨਾਂਹ ਨਹੀਂ ਹੋਵੇਗੀ। ਪਰ ਨਾ, ਨਾਂਹ ਤੇ ਨਾ ਹਾਂ ਹੀ ਹੋਈ। ਹਾਂ, ਕੁਝ ਸਮੇਂ ਬਾਅਦ ਉਹ ਚਿੱਠੀ ਜ਼ਰੂਰ ਕਰਮੇ ਕੋਲ ਵਾਪਿਸ ਆ ਚੁੱਕੀ ਸੀ।

ਬੜੇ-ਬੜੇ ਕਹਿੰਦੇ-ਕਹਾਉਂਦੇ ਮੁਹੱਬਤ ਦੇ ਦੰਗਲ ਵਿਚ ਢਹਿ-ਢੇਰੀ ਹੁੰਦੇ ਵੇਖੇ ਹਨ। ਮੁਹੱਬਤ ਤਾਂ ਅੱਗ ਦਾ ਦਰਿਆ ਹੈ। ਜੇ ਦਰਿਆ ਵਿਚ ਕੁੱਦ ਗਏ, ਫੇਰ ਫਨਾਹ ਤਾਂ ਹੋਣਾ ਪਵੇਗਾ। ਜੇ ਨਾ ਕੁੱਦੇ ਤਦ ਸੜ-ਸੁੱਕ ਕੇ ਸਵਾਹ ਹੋਣਾ ਪਵੇਗਾ। ਆਪਣੀ ਹਸਤੀ ਤਾਂ ਮਿਟਾਉਣੀ ਹੀ ਪੈਂਦੀ ਏ।

ਮੰਗਤ ਰਾਮ ਸਰਪੰਚ ਉਦੋਂ ਕਿਧਰੇ ਗੁਰਦਾਸਪੁਰ ਕਚਹਿਰੀ ਵਿਚ ਸੀ ਜਦੋਂ ਉਸ ਦੀ ਨਜ਼ਰੇ ਪੁਲੀਸ ਮੂਹਰੇ ਤਿੰਨ ਜਣੇ ਤੁਰਦੇ ਹੋਏ ਸਿਟੀ ਥਾਣੇ ਵੱਲ ਜਾ ਰਹੇ ਸਨ। ਮੋਗਾ ਰੀਗਲ ਸਿਨਮਾ ਗੋਲੀ ਕਾਂਡ ਹੋ ਚੁੱਕਾ ਸੀ ਜਿਥੇ ਦੋ ਵਿਦਿਆਰਥੀ ਸਵਰਨ ਤੇ ਹਰਜੀਤ ਪੁਲੀਸ ਫਾਇਰਿੰਗ ਵਿਚ ਮਾਰੇ ਗਏ ਸਨ। ਸਰਕਾਰ ਖਿਲਾਫ਼ ਜਲਸੇ, ਮੁਜ਼ਾਹਰੇ, ਹੜਤਾਲਾਂ ਹੋ ਰਹੀਆਂ ਸਨ। ਇਹ ਤਿੰਨ ਜਣੇ ਕੌਣ ਸਨ ਜਿਨ੍ਹਾਂ ਨੂੰ ਪੁਲੀਸ ਫੜ ਚੁੱਕੀ ਸੀ ਤੇ ਮੰਗਤ ਰਾਮ ਹਵੇਲ਼ੀ ਜਾ ਕੇ ਦੱਸ ਰਿਹਾ ਕਿ ਤੁਹਾਡਾ ਮੁੰਡਾ ਚੰਗੀ ਪੜ੍ਹਾਈ ਕਰ ਰਿਹਾ, ਜਾ ਕੇ ਪਤਾ ਲੈ ਆਉਣਾ ! ਜਾਂ ਥਾਣੇ ਜਾਂ ਜੇਲ੍ਹ ਹੋਊ !

ਇਕ ਮੁੰਡਾ ਪਰੈੱਪ ਦਾ ਸਟੂਡੈਂਟ ਪਿੰਡ ਪਾਹੜੇ ਤੋਂ। ਦੂਸਰਾ ਸੀ ਜੋ ਬਾਅਦ ਵਿਚ ਗੁਰਦਾਸਪੁਰ ਹਲਕੇ ਤੋਂ ਦੋ ਵੇਰ ਐਮ.ਐਲ.ਏ. ਅਤੇ ਪੰਜਾਬ ਦਾ ਮੰਤਰੀ ਵੀ ਬਣਿਆ ਤੇ ਤੀਸਰਾ ਸੀ ਕਰਮਾ। ਜਦ ਪੰਜਾਬ ਸਟੂਡੈਂਟ ਯੂਨੀਅਨ ਦੇ ਬੈਨਰ ਹੇਠ ਇਹ ਹੜਤਾਲ ਕਚਿਹਰੀ ਪਹੁੰਚੀ ਤਾਂ ਅੱਗੋਂ ਪੁਲੀਸ ਵੱਲੋਂ ਲਾਠੀਚਾਰਜ ਨਾਲ ਸੁਆਗਤ ਹੋਇਆ। ਬਾਕੀ ਤਾਂ ਖਿੱਲਰ-ਪੁੱਲਰ ਗਏ ਪਰ ਇਹ ਤਿੰਨ ਮੂਹਰੇ ਡਟੇ ਰਹੇ। ਫੜੇ ਗਏ ਤੇ ਦੇਰ ਰਾਤ ਬਾਅਦ ਛੱਡ ਦਿੱਤੇ ਗਏ।

ਕਿਧਰੇ ਕੁਝ ਦਿਨ ਬਾਅਦ ਗੁਰਦਾਸਪੁਰ ਦਾ ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਦੇ ਬੀ.ਡੀ.ਓ. ਦੇ ਦਫ਼ਤਰ ਆਇਆ ਜਿੱਥੇ ਕੁਝ ਆਪਣੇ ਸਾਥੀਆਂ ਨਾਲ ਕੰਤਾ ਵੀ ਕਿਸੇ ਅਫ਼ਸਰ ਦੀ ਕੁੱਤੇਖਾਣੀ ਕਰ ਰਿਹਾ ਸੀ। ਜਦ ਐੱਸ.ਡੀ.ਐੱਮ. ਨੇ ਕੰਤੇ ਨੂੰ ਉੱਚੀ ਬੋਲਦਿਆਂ ਸੁਣਿਆ ਤਾਂ ਕਹਿੰਦਾ, 'ਹੱਛਾ ! ਕਦੇ ਜ਼ਿਲ੍ਹਾ ਕਚਹਿਰੀ, ਕਦੇ ਕਾਲਜ ਤੇ ਕਦੇ ਬੀ.ਡੀ.ਓ. ਦੇ ਦਫ਼ਤਰ।'

'ਨਹੀਂ ਜਨਾਬ ਉਹ ਮੇਰੇ ਤੋਂ ਛੋਟਾ ਏ।'

'ਹੂੰ; ਮੁਹਾਂਦਰਾਂ ਤਾਂ ਪੂਰਾ ਉਹੀ ਹੈ।'

'ਜਨਾਬ ਸਕੇ ਭਾਈ ਆਂ !'

'ਉਹਨੂੰ ਕਹਿਣਾ ਪੜ੍ਹ-ਲਿਖ ਲਵੇ, ਹੜਤਾਲਾਂ ਵਿਚ ਕੁਝ ਨਹੀਂ ਰੱਖਿਆ !'

ਕਚਹਿਰੀ ਵਿਚ ਏਸੇ ਹੀ ਐੱਸ.ਡੀ.ਐੱਮ. ਨੇ ਲਾਠੀਚਾਰਜ ਕਰਨ ਦਾ ਹੁਕਮ ਦਿੱਤਾ ਸੀ ਤੇ ਇਸ ਦੇ ਸਾਹਮਣੇ ਹੀ ਤਿੰਨ ਜਣੇ ਫੜੇ ਗਏ ਸਨ।

ਕੁਝ ਹੀ ਮਹੀਨਿਆਂ ਬਾਅਦ ਪਰੈੱਪ ਵਿਚ ਪੜ੍ਹਦੇ ਪਾਹੜੇ ਪਿੰਡ ਦਾ ਇਹੀ ਮਲੂਕ ਜਿਹਾ ਮੁੰਡਾ ਇਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ। ਸਿਵਲ ਹਸਪਤਾਲ ਗੁਰਦਾਸਪੁਰ ਕਿਸੇ ਨਰਕ ਤੋਂ ਘੱਟ ਨਹੀਂ ਸੀ ਜਿਥੇ ਬਿਨਾਂ ਸਹੀ ਇਲਾਜ ਦੇ ਇਸ ਨੌਜਵਾਨ ਨੇ ਦਮ ਤੋੜ ਦਿੱਤਾ ਸੀ। ਕਰਮੇ ਹੁਰੀਂ ਫਿਰ ਸੜਕਾਂ ’ਤੇ ਉਤਰ ਆਏ ਤੇ ਹਸਪਤਾਲ ਦੇ ਮੂਹਰੇ ਓਹ ਸਿਆਪਾ ਕੀਤਾ ਕਿ ਸੀ.ਐੱਮ.ਓ. ਨੂੰ ਆਪਣੀ ਕੋਠੀ ਅੰਦਰ ਹੀ ਕੈਦ ਹੋਣਾ ਪਿਆ ਸੀ।

ਕਿਧਰੇ ਵੀ ਬੇਇਨਸਾਫ਼ੀ, ਜ਼ੁਲਮ, ਕਿਸੇ ਮਾੜੇ ਨਾਲ ਵਧੀਕੀ ਵਿਰੁੱਧ ਕੁਝ ਕਰ ਵਿਖਾਉਣ ਦਾ ਜਿਵੇਂ ਇਨ੍ਹਾਂ ਨੇ ਹੀ ਠੇਕਾ ਲੈ ਰੱਖਿਆ ਸੀ।

ਪ੍ਰਾਈਵੇਟ ਕਾਲਜਾਂ ਦੇ ਪ੍ਰੋਫੈਸਰਾਂ ਦੇ ਹੱਕ ਵਿਚ ਪਠਾਨਕੋਟ ਗਏ ਤੇ ਫੜੇ ਗਏ। ਸੀ.ਆਈ.ਏ. ਦੇ ਸਟਾਫ਼ ਸੈਂਟਰ ਵਿੱਚੋਂ ਕੰਧਾਂ ਟੱਪ ਕੇ ਤੇ ਚੱਲਦੀ ਰੇਲ ਗੱਡੀ ਚੜ੍ਹ ਗੁਰਦਾਸਪੁਰ ਪਹੁੰਚੇ ਕਿਉਂਕਿ ਅਗਲੇ ਦਿਨ ਪੰਚਾਇਤ ਭਵਨ ਸਤਾਰ੍ਹਾਂ ਸੈਕਟਰ ਚੰਡੀਗੜ੍ਹ ਕਿਸੇ ਮੰਤਰੀ (ਇਹ ਮੰਤਰੀ ਨਸੀਬ ਸਿੰਘ ਗਿੱਲ ਸੀ), ਦੀ ਪੰਜਾਬ ਸਟੂਡੈਂਟ ਯੂਨੀਅਨ ਦੇ ਵਰਕਰਾਂ ਨਾਲ ਗੱਲਬਾਤ ਹੋਣੀ ਸੀ। ਗੱਲਬਾਤ ਤਾਂ ਕੀ ਹੋਈ, ਬਸ ਪੂਰੇ ਹਾਲ ਵਿਚ ਕੁਰਸੀਆਂ ਹੀ ਚੱਲੀਆਂ ਤੇ ਮੰਤਰੀ ਸਾਹਿਬ ਨੂੰ ਪਿਛਲੇ ਦਰਵਾਜ਼ੇ ਥਾਣੀਂ ਨਿਕਲ ਕੇ ਦੌੜਨਾ ਪਿਆ। ਲੁਧਿਆਣੇ ਤੋਂ ਅੰਮ੍ਰਿਤਸਰ ਰੇਲ ਗੱਡੀ ਰਾਹੀਂ ਬਿਨਾਂ ਟਿਕਟ ਸਫ਼ਰ ਕਰਦਿਆਂ ਟੀ.ਟੀ. ਮਾਸਟਰ ਨਾਲ ਧੱਕਾ-ਮੁੱਕੀ ਕੀਤੀ ਤੇ ਅਖੀਰ ਬਚ ਕੇ ਰੇਲਵੇ ਸਟੇਸ਼ਨ ਤੋਂ ਬਾਹਰ ਨਿਕਲ ਸਕੇ। ਦੋ ਵਾਰ ਬਣੇ ਐੱਮ.ਐੱਲ.ਏ. ਅਤੇ ਮੰਤਰੀ ਸਾਹਿਬ ਨਾਲ ਕੁਝ ਸਮੇਂ ਬਾਅਦ ਜੱਗੋਂ ਤੇਰ੍ਹਵੀਂ ਹੋਈ। ਇਕ ਸੈਕਸ ਸਕੈਂਡਲ ਦਾ ਅਜਿਹਾ ਸ਼ਿਕਾਰ ਹੋਇਆ ਜਾਂ ਕਰਵਾਇਆ ਗਿਆ ਅਤੇ ਇੰਝ ਲੱਗਣ ਲੱਗਾ ਜਿਵੇਂ ਆਪਣੇ ਰਾਜਨੀਤਿਕ ਜੀਵਨ ਤੋਂ ਹੀ ਹੱਥ ਧੋ ਬੈਠਾ ਪਰ ਆਪਣੀ ਅਗਲੀ ਨਸਲ ਨੂੰ ਜ਼ਰੂਰ ਇਹ ਰਾਜਨੀਤੀ ਦੀ ਗੁੜ੍ਹਤੀ ਦੇ ਗਿਆ। ਪਰ ਜਿਵੇਂ ਕਹਿੰਦੇ ਨੇ ਰਾਜਨੀਤੀ ਵਿਚ ਕੁਝ ਵੀ ਹੋ ਸਕਦਾ ਹੈ। ਦੁਬਾਰਾ ਮੈਦਾਨ ਵਿਚ ਆਣ ਪੁੱਜਾ ਹੈ।

ਸਮਾਂ ਹਮੇਸ਼ਾ ਆਪਣੀ ਮੌਜ ਵਿਚ ਚੱਲਦਾ ਹੈ। ਸਮਾਂ ਆਪਣੀ ਚਾਲ ਨਹੀਂ

ਬਦਲਦਾ। ਪਰ ਸਮਾਂ ਹਮੇਸ਼ਾ ਆਪਣੀ ਹੀ ਬਣਾਈ ਸੀਮਾ ਵਿਚ ਵੀ ਰਹਿੰਦਾ ਹੈ। ਸਮਾਂ ਕਿਸੇ ਦਾ ਲਿਹਾਜ਼, ਕਿਸੇ ਨਾਲ ਮੁਲਾਹਜ਼ੇਦਾਰੀ ਨਹੀਂ ਰੱਖਦਾ ਜਾਂ ਕਰਦਾ। ਜਿਸ ਨੇ ਸਮੇਂ ਨਾਲ ਦੋਸਤੀ ਕਰ ਲਈ, ਫਿਰ ਸਮਾਂ ਉਸੇ ਦਾ ਹੋ ਗਿਆ। ਸਮੇਂ ਨੂੰ ਦਿੱਤਾ ਮਾਣ-ਸਤਿਕਾਰ ਸਮਾਂ ਉਸ ਨੂੰ ਕਈ ਗੁਣਾ ਜਰਬ ਦੇ ਕੇ ਵਾਪਿਸ ਮੋੜ ਦਿੰਦਾ ਹੈ। ਬਸ ਇਹੀ ਇਕ ਰਮਜ਼ ਹੈ, ਜਿਹੜਾ ਇਸ ਰਮਜ਼ ਨੂੰ ਸਮਝ ਗਿਆ ਉਹ ਕਦੇ ਨਹੀਂ ਕਹੇਗਾ ਕਿ ਯਾਰ 'ਕਦੇ ਉਹ ਸਮਾਂ ਫਿਰ ਵਾਪਿਸ ਆ ਜਾਵੇ !'

ਸਮੇਂ ਸਿਰ ਵੱਜਿਆ ਕਹੀ ਦਾ ਇੱਕ ਟੱਪ ਬੇਵਕਤ ਵੱਜੇ ਹਜ਼ਾਰਾਂ ਟੱਪਾਂ ਨੂੰ ਹਰਾ ਦਿੰਦਾ ਹੈ। ਸਮੇਂ ਸਿਰ ਦਿੱਤੀ ਅਦਾਲਤ ਵਿਚ ਗਵਾਹੀ ਕਿਸੇ ਬੇਕਸੂਰ ਨੂੰ ਫਾਂਸੀ ਦੇ ਫੰਦੇ ਤੋਂ ਬਚਾ ਦਿੰਦੀ ਏ। ਸਮੇਂ ਦੇ ਵੱਤਰ ਨੂੰ ਜਿਸ ਨੇ ਆਪਣੇ ਵੱਤਰ ਹੇਠ ਲੈ ਆਂਦਾ ਉਹ ਸਮਝ ਲਓ **ਮਹਾਂਬਲੀ** ਹੋ ਗਿਆ। ਜ਼ਿੰਦਗੀ ਦੇ ਅੱਥਰੇ ਘੋੜੇ ਦਾ **ਸ਼ਾਹ ਸਵਾਰ** ਹੋ ਗਿਆ।

ਬਾਰਡਰ ਲਾਗੇ ਪਿੰਡ ਹੋਣ ਕਰਕੇ ਮਿਲਟਰੀ ਦੀ ਆਮ ਹੀ ਆਵਾਜਾਈ ਰਹਿੰਦੀ। ਹਵੇਲੀਆਂ ਲਾਗੇ ਕਰਮੇ ਹੁਰਾਂ ਦੀ ਖੂਹ ਵਾਲੀ ਜ਼ਮੀਨ ਵਿਚਲੇ ਅੰਬਾਂ ਦੇ ਝੁੰਡ ਸਨ ਜਿਥੇ ਫੌਜੀ ਆਣ ਟੈਂਟ ਲਾਉਂਦੇ। ਸਰਦਾਰ ਫੌਜੀ ਤੇ ਉਨ੍ਹਾਂ ਦੇ ਅਫਸਰ ਜੀਪਾਂ, ਟਰੱਕਾਂ ’ਤੇ ਧੂੜਾਂ ਪੱਟੀ ਰੱਖਦੇ। ਜਦ ਵੀ ਕੋਈ ਫੌਜੀ ਅਫ਼ਸਰ ਹੱਥ ਵਿਚ ਸੋਟੀ ਫੜੀ ਜੋ ਅਸਲ ਵਿਚ ਕਿਰਚ ਹੁੰਦੀ ਸੀ, ਨੀਵੀਂ ਜਿਹੀ ਜੀਪ ਵਿਚ ਜਾ ਰਿਹਾ ਹੁੰਦਾ, ਕਰਮੇ ਨੂੰ ਵਧੀਆ ਲੱਗਦਾ। ਦਿਲ ਵਿਚ ਸੋਚਦਾ ਸ਼ਾਇਦ ਇਕ ਦਿਨ ਮੇਰੇ ’ਤੇ ਵੀ ਵਕਤ ਆਵੇਗਾ ! ਤੇ ਹਾਂ, ਉਹ ਆਇਆ ਵੀ ਪਰ ਫਿਰ ਹੱਥੋਂ ਨਿਕਲ ਗਿਆ। ਤਦੇ ਹੀ ਤਾਂ ਸਾਹਿਰ ਲੁਧਿਆਣਵੀ ਨੇ ਲਿਖਿਆ ਹੋਇਐ:

***ਵਕਤ ਕੇ ਕਲ ਔਰ ਆਜ***
***ਵਕਤ ਕੇ ਤਖ਼ਤ ਔਰ ਤਾਜ***
***ਵਕਤ ਕੀ ਹਰ ਸ਼ੈਅ ਗ਼ੁਲਾਮ***
***ਵਕਤ ਕਾ ਹਰ ਸ਼ੈਅ ਪੇ ਰਾਜ।***

ਇਕ ਪਾਸੇ ਨਕਸਲਬਾੜੀ ਵਿਚਾਰਧਾਰਾ ਤੇ ਦੂਸਰੇ ਪਾਸੇ ਫੌਜੀ ਅਫ਼ਸਰ ਬਣਨ ਦਾ ਭੂਤ ਸਵਾਰ। ਗੱਲ ਤਾਂ ਕਿਧਰੇ ਨਹੀਂ ਸੀ ਬਣਦੀ। ਇਕ ਪਾਸੇ ਮੁਲਕ ਦੇ ਢਾਂਚੇ ਦੀ ਉਧੇੜ-ਦੁਫੇੜ ਤੇ ਦੂਸਰੇ ਪਾਸੇ ਉਸ ਦੀ ਰਖਵਾਲੀ ਦੀ ਸਹੁੰ ਚੁੱਕਣੀ, ਇਹ ਕੀ ਗੱਲ ਹੋਈ?

ਖ਼ੈਰ ਫੌਜ ਵਿਚ SHORT SERVICE COMMISSION ਲਈ

ਅਪਲਾਈ ਕਰ ਦਿੱਤਾ ਤੇ PRELIMINARY TEST ਪਠਾਨਕੋਟ ਤੋਂ ਚੰਗੇ ਨੰਬਰਾਂ ਨਾਲ ਪਾਸ ਵੀ ਕਰ ਲਿਆ। ਫਿਰ ਫ਼ਾਈਨਲ ਇੰਟਰਵਿਊ ਲਈ ਜੱਬਲਪੁਰ (ਮੱਧ ਪ੍ਰਦੇਸ਼) ਜਾਣਾ ਪਿਆ। ਪੰਜ ਦਿਨਾਂ ਦੇ ਟੈਸਟਾਂ ਵਿੱਚੋਂ ਲੰਘਦਿਆਂ-ਲੰਘਦਿਆਂ ਅਖ਼ੀਰ ਉਹ ਦਿਨ ਆ ਗਿਆ ਜਿਸ ਦਿਨ ਕਰਮੇ ਦੀ ਕਿਸਮਤ ਦਾ ਫ਼ੈਸਲਾ ਹੋਣਾ ਸੀ। ਅਗਰ ਕਿਧਰੇ NCC-C ਸਰਟੀਫੀਕੇਟ ਹੁੰਦਾ ਤਾਂ ਕਰਮਾ SECOND LEIUTENANT ਬਣ ਗਿਆ ਸੀ। ਸਕੂਲੇ ਪੜ੍ਹਦਿਆਂ ਕਰਮੇ ਨੇ ਜ਼ਿਦ ਕੀਤੀ ਸੀ NCC ਵਿਚ ਦਾਖ਼ਲ ਹੋਣ ਲਈ ਪਰ ਵੱਡੇ ਭਰਾ ਨਿੰਮੇ ਨੇ ਵਿਰੋਧ ਕੀਤਾ ਸੀ ਭਾਵੇਂ ਖ਼ੁਦ ਉਸ ਨੇ ਸੀ-ਸਰਟੀਫਿਕੇਟ ਹਾਸਿਲ ਕੀਤਾ ਹੋਇਆ ਸੀ। ਵਾਪਸੀ ’ਤੇ ਤਾਜ-ਮਹਿਲ (ਆਗਰਾ) ਪਹਿਲੀ ਵੇਰ ਵੇਖਿਆ। ਸੈਂਕੜੇ ਸਾਲ ਪੁਰਾਣੀ ਇਮਾਰਤਸਾਜ਼ੀ ਤੇ ਕਲਾਕਾਰੀ ਚੰਗੀ ਲੱਗੀ। ਸ਼ਾਹ-ਜਹਾਨ ਦਾ ਅੰਤ ਕਿੰਝ ਹੋਇਆ ਇਹ ਪੜ੍ਹਿਆ ਜ਼ਰੂਰ ਸੀ ਪਰ ਕਿੱਥੇ ਹੋਇਆ, ਇਹ ਪਹਿਲੀ ਵੇਰ ਵੇਖਿਆ। ‘ਤਾਜ ਮਹੱਲ’ ਖ਼ਰੀਦ ਕੇ ਨਾਲ ਲੈ ਆਂਦਾ ਪਰ ਘਰ ਪਹੁੰਚਣ ਤੋਂ ਪਹਿਲਾਂ ਹੀ ਚਕਨਾ-ਚੂਰ ਹੋ ਗਿਆ ਸੀ।

ਟਰੇਨ ਦਾ ਆਉਣ ਜਾਣ ਦਾ Voucher ਸਰਕਾਰ ਵੱਲੋਂ ਮਿਲਿਆ ਹੋਇਆ ਸੀ। ਵਾਪਸੀ ਜਲੰਧਰ ਕੈਂਟ ਤੋਂ ਅੰਮ੍ਰਿਤਸਰ-ਗੁਰਦਾਸਪੁਰ ਸੀ। ਲੰਬੇ ਸਫ਼ਰ ਨੇ ਚੂਰ ਕਰ ਸੁੱਟਿਆ ਸੀ। ਜਲੰਧਰ ਆ ਕੇ ਉਦੋਂ ਪਤਾ ਲੱਗਾ ਜਦੋਂ ਇਹੀ ਟਰੇਨ ਜੰਮੂ ਨੂੰ ਤੁਰ ਪਈ। ਹੁਣ ਕੀ ਕੀਤਾ ਜਾਵੇ ? ਕੋਲ ਵੱਡਾ ਫੌਜੀਆਂ ਵਾਲਾ ਬਿਸਤਰਾ-ਬੰਨ ਸੀ ਤੇ ਇਕ ਮੋਢੇ ਉੱਪਰ ਬੈਗ। ਗੱਡੀ-ਸਟੇਸ਼ਨ ਛੱਡ ਚੁੱਕੀ ਸੀ। ਕਿੰਝ ਉਤਰਿਆ ਜਾਵੇ। ਪਹਿਲਾ ਬਿਸਤਰਾ ਸੁੱਟਾਂ ਜਾਂ ਇਕੱਠੇ ਹੀ ਨਾਲ ਛਾਲ ਮਾਰਾਂ ਜਾਂ ਪਹਿਲਾ ਆਪ ਛਾਲ ਮਾਰਾਂ ਬਾਅਦ ਵਿਚ ਕੋਈ ਬਿਸਤਰਾ ਹੇਠਾਂ ਸੁੱਟ ਦੇਵੇ। ਸੋਚਣ ਦਾ ਸਮਾਂ ਟਰੇਨ ਦੀ ਰਫ਼ਤਾਰ ਵਧਾਈ ਜਾ ਰਿਹਾ ਸੀ। ਅਖ਼ੀਰ ਪਹਿਲਾ ਬਿਸਤਰਾਬੰਨ ਜੋ ਕਿਸੇ ਵੱਡੇ ਡਰੰਮ ਵਰਗਾ ਸੀ ਹੇਠਾਂ ਵਗਾਹ ਕੇ ਸੁੱਟਿਆ ਤੇ ਨਾਲ ਹੀ ਕਰਮੇ ਨੇ ਰੱਬ ਦਾ ਨਾਂ ਲੈ ਕੇ ਚਲਦੀ ਗੱਡੀ ਦੀ ਤੋਰ ਵੱਲ ਛਾਲ ਮਾਰ ਕੇ ਦੌੜਨਾ ਸ਼ੁਰੂ ਕਰ ਦਿੱਤਾ। ਪਰ ਤੇਜ਼ ਰਫ਼ਤਾਰ ਨੇ ਕਰਮੇ ਦਾ ਸਾਥ ਨਾ ਦਿੱਤਾ। ਕਰਮਾ ਲੜਖੜਾਉਂਦਾ ਸਿਗਨਲ ਤਾਰਾਂ ਵਿਚ ਵਲੇਟਿਆ ਪਿਆ ਸੀ। ਸੱਜੇ ਗੋਡੇ ਵਿਚੋਂ ਲਹੂ ਤੇ ਖੱਬੀ ਬਾਂਹ ਉੱਪਰ ਜ਼ਖ਼ਮ। ਪੱਗ ਨੇ ਸਿਰ ਦਾ ਬਚਾਅ ਜ਼ਰੂਰ ਕਰ ਦਿੱਤਾ ਪਰ ਅਖੀਰ ਉਸ ਨੇ ਆਪਣਾ ਫਰਜ਼ ਨਿਭਾਉਂਦਿਆਂ ਸਿਰ ਦਾ ਸਾਥ ਛੱਡ ਦਿੱਤਾ ਸੀ। ਸ਼ਾਮਾਂ ਦਾ ਵਕਤ। ਪਾਲੀ ਆਪਣੇ ਪਸ਼ੂ ਅੱਗੇ ਲਾਈ ਲਾਗੋਂ ਦੀ ਲੰਘ ਰਹੇ ਸਨ। ਸਾਰੇ ਦੌੜੇ ਆਏ। ਉਨ੍ਹਾਂ ਨੇ ਕਰਮੇ ਦਾ ਬਿਸਤਰਾ-ਬੰਨ ਚੁੱਕ ਕੇ ਸਟੇਸ਼ਨ ’ਤੇ ਪਹੁੰਚਾ ਦਿੱਤਾ। ਕਰਮੇ ਨੇ ਪੰਜਾਂ ਦਾ ਨੋਟ ਉਨ੍ਹਾਂ ਨੂੰ

ਦੇ ਕੇ ਧੰਨਵਾਦ ਕੀਤਾ। ਸਟੇਸ਼ਨ ਤੋਂ ਫਸਟ ਏਡ ਲਈ ਗਈ। ਕਰਮਾ ਆਪਣੀ ਮੂਰਖਤਾ 'ਤੇ ਝੂਰ ਰਿਹਾ ਸੀ।

ਸ਼ਾਇਦ Military Selection Board ਨੂੰ ਕਰਮੇ ਦੇ ਇਕ ਸੁਆਲ ਦਾ ਜਵਾਬ ਚੰਗਾ ਨਹੀਂ ਸੀ ਲੱਗਾ।

'Name the U.S. official who recently visited China and met with who?'

'He was Henry Kassinger and met with the Chinese Premier Mao-Tse-Tung, a great Leader of the Communist Party of the mainland.'

ਹਾਂ, ਕੁਝ ਸਾਲਾਂ ਬਾਅਦ ਕਰਮੇ ਨੇ ਪਠਾਨਕੋਟ ਤੋਂ ਫੌਜੀ ਅਫਸਰਾਂ ਵਾਲੀ ਵਰਦੀ ਖਰੀਦ ਕੇ ਆਪਣੇ ਸੁਪਨੇ ਨੂੰ ਝੂਠਾ-ਮੂਠਾ ਸੱਚ ਕਰ ਦਿੱਤਾ ਸੀ। ਸ਼ਾਇਦ ਕਰਮਾ ਫੌਜੀ ਅਫਸਰ ਬਣ ਕੇ ਏਨਾ ਕੁਝ ਨਾ ਕਰ ਸਕਦਾ ਜੋ ਉਸ ਨੇ ਬਾਅਦ ਵਿਚ ਕਰ-ਕਮਾਇਆ। ਕੀ ਕਿਹਾ ਜਾਵੇ ਕਿ ਜੋ ਕੁਦਰਤ ਕਰਦੀ ਏ ਉਹ ਠੀਕ ਕਰਦੀ ਏ। ਮੱਥੇ ਲਿਖੇ ਲੇਖਾਂ ਨੂੰ ਬਦਲਣਾ ਕਿਹੜਾ ਸੌਖਾ ਹੁੰਦਾ ?

(5)

**ਸੁਰਖ਼ ਹੋਠਾਂ ਦੀ ਲਾਲੀ, ਐਵੇਂ ਭਸਮ ਨਾ ਕਰ ਜਾਵੇ।**
**ਬੜੇ ਛਲ ਨੇ ਇਸ ਪਿੱਛੇ, ਤੇਰਾ ਭਰਮ ਨਾ ਮਰ ਜਾਵੇ!**

ਨਿੰਮਾ ਹੁਣ ਪੰਜਾਬੀ ਯੂਨੀਵਰਸਿਟੀ ਦੀ ਇਕਨਾਮਿਕਸ ਡਿਪਾਰਟਮੈਂਟ ਵਿਚ ਲੈਕਚਰਾਰ ਲੱਗ ਚੁੱਕਾ ਸੀ। ਉਸ ਨੂੰ ਵਿਆਹ ਦੇ ਲਈ ਰਿਸ਼ਤੇ ਆਉਂਦੇ ਪਰ ਉਸ ਦੀ ਜ਼ੁਬਾਨ ’ਤੇ ਨਾਂਹ ਹੀ ਹੁੰਦੀ। ਪਤਾ ਨਹੀਂ ਕਿਹੜੀ ਭਾਗਭਰੀ ਉਸ ਦੀ ਕਿਸਮਤ ਵਿਚ ਸੀ ! ਉਸ ਦੀ ਦਿੱਖ ਬਹੁਤ ਪ੍ਰਭਾਵਸ਼ਾਲੀ ਸੀ। ਕੋਈ ਵੀ ਕੁੜੀ ਪਹਿਲੀ ਨਜ਼ਰੇ ਉਸ ’ਤੇ ਫਿਦਾ ਹੋ ਸਕਦੀ ਸੀ।

ਜ਼ਿੰਦਗੀ ਵਿਚ ਵੱਡੇ-ਵੱਡੇ ਦਾਅਵੇ ਕਰਨ ਵਾਲੇ ਇਸ ਤਰ੍ਹਾਂ ਮਲੀਆਮੇਟ ਹੁੰਦੇ ਵੇਖੇ ਜਿਵੇਂ ਉਨ੍ਹਾਂ ਦਾ ਅਚਾਨਕ ਆਉਣਾ ਤੇ ਅਚਾਨਕ ਚਲੇ ਜਾਣਾ ਬਸ ਇਕ ਰਹੱਸ ਹੀ ਬਣ ਕੇ ਰਹਿ ਗਿਆ। ਉਨ੍ਹਾਂ ਦੀ ਹੋਂਦ ਭੁੱਲ-ਭੁਲੱਈਆਂ ਹੋ ਕੇ ਰਹਿ ਗਈ। ਕਦੇ ਵੀ ਕਿਸੇ ਤੋਂ ਬਹੁਤੀ ਆਸ ਰੱਖਣੀ ਧੋਖਾ ਹੋ ਸਕਦਾ ਹੈ। ਔਖੀ ਘੜੀ ਵਿਚ ਹੀ ਆਪਣੇ ਬਲਬੂਤੇ ਦਾ ਪਤਾ ਲੱਗਦਾ। ਲੜਾਈ ਉਹੀ ਜਿਹੜੀ ਆਪਣੀਆਂ ਬਾਹਾਂ ਦੇ ਜ਼ੋਰ ਨਾਲ ਲੜੀ ਜਾਵੇ। ਜਿੱਤ/ਹਾਰ ਮਾਇਨੇ ਨਹੀਂ ਰੱਖਦੀ।

ਪੰਜਾਬ ਯੂਨੀਵਰਸਿਟੀ ਪੜ੍ਹਦਿਆਂ ਨਿੰਮੇ ਦੀ ਇਕ ਕਲਾਸ-ਫੈਲੋ ਲੜਕੀ ਤਰਨ ਤਾਰਨ ਤੋਂ ਮੂੰਹ-ਬੋਲੀ ਭੈਣ ਬਣੀ ਸੀ। ਜਦ ਪਟਿਆਲੇ ਨੌਕਰੀ ਲੱਗੀ ਤਾਂ ਉਹ ਆ ਕੇ ਨਿੰਮੇ ਦੇ ਰਿਸ਼ਤੇ ਲਈ ਇਕ ਆਪਣੀ ਸਹੇਲੀ ਨਾਲ ਮਿਲਾਉਣ ਲਈ ਉਸ ਦੀ ਕਿਸੇ ਹੋਰ ਸਹੇਲੀ ਘਰੇ ਲੈ ਕੇ ਗਈ। ਉਥੇ ਕਾਫ਼ੀ ਰੌਣਕ ਵਾਲਾ ਮਾਹੌਲ ਸੀ ਪਰ ਰੌਣਕ ਕੋਈ ਹੋਰ ਹੀ ਲੁੱਟ ਕੇ ਲੈ ਗਿਆ। ਜਿਸ ਲੜਕੀ ਨੂੰ ਨਿੰਮੇ ਲਈ ਮਿਥਿਆ ਗਿਆ ਸੀ ਉਸੇ ਦੀ ਹੀ ਇਕ ਸਹੇਲੀ ਉਨ੍ਹੀਂ ਦਿਨੀਂ ਫੀਜ਼ੀਕਲ ਐਜੂਕੇਸ਼ਨ ਦੀ ਐੱਮ.ਪੀ.ਐੱਡ ਕਰ ਰਹੀ ਸੀ। ਪੱਕਾ ਰੰਗ, ਨੈਣ-ਨਕਸ਼ ਵੀ ਬਸ ਦਰਮਿਆਨੇ ਔਸਤ ਹੀ ਪਰ ਪੂਰੀ ਮਲਵੈਣ। ਕਿਧਰੇ ਵੀ ਨਿੰਮੇ ਨਾਲ ਜੋੜ ਬਣਦਾ ਨਹੀਂ ਸੀ ਦਿੱਸਦਾ। ਉਨ੍ਹੀਂ ਦਿਨੀਂ ਕਿਧਰੇ ਹੜਤਾਲਾਂ ਚੱਲ ਰਹੀਆਂ ਸਨ ਤੇ ਆਪਣੇ ਖਾੜਕੂ ਸੁਭਾਅ ਤੇ ਹੱਥ ਵਿਚ ਫੜੀ ਹਾਕੀ ਨਾਲ ਉੱਚੀ-ਉੱਚੀ ਨਾਹਰੇ ਮਾਰਦੀ ਕੁੜੀਆਂ ਮੂਹਰੇ ਫੜ ਲੋ-ਫੜ ਲੋ ਕਰਦੀ ਨਿੰਮੇ ਦੀ

ਨਜ਼ਰੀਂ ਪਈ ਸੀ। ਨਿੰਮੇ ਨੇ ਸਮਝਿਆ ਕਿ ਇਹ ਕੁੜੀ ਜ਼ਰੂਰ ਇਨਕਲਾਬ ਲਿਆਉਣ ਵਿਚ ਉਸ ਦੀ ਸਹਾਇਕ ਹੋ ਸਕਦੀ ਹੈ।

ਜਿਵੇਂ ਕਿਸੇ ਦੀ ਜ਼ਿੰਦਗੀ ਦੀ ਚੜ੍ਹਤ ਨੂੰ ਬਸ ਗ੍ਰਹਿਣ ਲੱਗਣ ਦਾ ਸ਼ਗਨ ਲੱਗਣਾ ਹੀ ਬਾਕੀ ਰਹਿ ਗਿਆ ਸੀ। ਨਿੰਮੇ ਦੀ ਕਿਸਮਤ ਦੇ ਦਿਨ ਢਹਿੰਦੀਆਂ ਢਲਾਣਾਂ ਵੱਲ ਫਿਰਨੇ ਸ਼ੁਰੂ ਹੋ ਗਏ। ਉਹ ਦਿਨ ਸਨ ਜਦ ਨਿੰਮੇ ਦੀਆਂ ਤਿੰਨੇ ਭੈਣਾਂ ਪਟਿਆਲੇ ਕਾਲਜ ਪੜ੍ਹ ਰਹੀਆਂ ਸਨ ਤੇ ਉਸ ਦਾ ਸਭ ਤੋਂ ਛੋਟਾ ਭਰਾ ਹਰਬੀਰ ਵੀ ਬਾਰਾਂਦਰੀ ਦੇ ਰਾਜਿਆਂ ਦੇ ਬੱਚਿਆਂ ਵਾਲੇ ਮਲਟੀਪਰਪਜ਼ ਸਕੂਲ ਪੜ੍ਹ ਰਿਹਾ ਸੀ।

ਦੋ ਬੇਜੋੜ ਦਿਲਾਂ ਦਾ ਮਿਲਣਾ-ਗਿਲਣਾ ਏਸ ਹੱਦ ਤਕ ਪਹੁੰਚ ਚੁੱਕਾ ਸੀ ਕਿ ਨਾ ਚਾਹੁੰਦਿਆਂ ਹੋਇਆਂ ਵੀ ਕਿਸੇ ਵਿਚ ਜੁਅਰੱਤ ਨਹੀਂ ਸੀ ਇਹ ਕਹਿ ਸਕੇ ਕਿ 'ਵੀਰ ਇੰਝ ਨਾ ਕਰ ! ਇਹ ਬੜਾ ਅਸਾਵਾਂ ਜੋੜ ਈ ! ਇਸ ਦੀ ਚੁੰਗਲ ਵਿਚ ਨਾ ਆ।' ਪਰ ਦੂਸਰੇ ਪਾਸੇ ਸ਼ਿਕਾਰੀ ਐਸਾ ਜਾਲ ਬਣਾ ਚੁੱਕਾ ਸੀ ਕਿ ਵੱਡੇ ਤੋਂ ਵੱਡਾ ਖੂੰ-ਖਾਰ ਦੈਂਤ ਵੀ ਬਚ ਕੇ ਨਹੀਂ ਸੀ ਨਿਕਲ ਸਕਦਾ। ਜਾਦੂ ਚੱਲ ਚੁੱਕਾ ਸੀ। ਹੌਲੀ-ਹੌਲੀ ਮਦਾਰੀ ਨੇ ਆਪਣੇ ਰੰਗ ਵਿਖਾਉਣੇ ਸ਼ੁਰੂ ਕਰਨੇ ਅਤੇ ਹੱਸਦੇ-ਵੱਸਦੇ ਪਰਿਵਾਰ ਅੰਦਰ ਇਕ ਨਵੀਂ ਤਲਖ਼ੀ ਦਾ ਮਾਹੌਲ ਬਣ ਗਿਆ ਜਿਸ ਵਿਚ ਆਪਸੀ ਖਿੱਚੋਤਾਣੀ, ਤੰਗ-ਦਿਲੀ ਤੇ ਵਿਖਾਵੇ ਦਾ ਬੋਲਬਾਲਾ ਸੀ। ਦੋ ਵੱਖਰੇ-ਵੱਖਰੇ ਧਰਾਤਲਾਂ ਦਾ ਸੁਮੇਲ। ਐਵੇਂ ਤਾਂ ਨਹੀਂ ਕਹਿੰਦੇ ਕਿ ਕਿਸੇ ਮਹਾਨ ਬੰਦੇ ਪਿੱਛੇ ਕਿਸੇ ਔਰਤ ਦਾ ਹੱਥ ਹੁੰਦਾ ਐ। ਦੂਸਰਾ ਇਹਦੇ ਤੋਂ ਵਧੇਰੇ ਇਹ ਵੀ ਸੱਚ ਹੈ ਕਿ ਵਾਕਿਆ ਹੀ ਕਿਸੇ ਮਹਾਨ ਬੰਦੇ ਨੂੰ ਡੋਬਣ ਵਿਚ ਵੀ ਕਿਸੇ ਔਰਤ ਦਾ ਹੱਥ ਜ਼ਰੂਰ ਹੁੰਦਾ।

ਹਵੇਲੀ ਵਾਲਿਆਂ ਦੇ ਪਰਿਵਾਰ ਅੰਦਰ ਦਹਾਕਿਆਂ ਤੋਂ ਚਲਿਆ ਆਉਂਦਾ ਨਿੱਘਾ ਭਾਈਚਾਰਾ, ਆਪਸੀ ਪਿਆਰ-ਮੁਹੱਬਤ, ਇਕ-ਦੂਸਰੇ ਲਈ ਜਾਨ 'ਤੇ ਖੇਡ ਜਾਣ ਦੀ ਪ੍ਰਬਲ ਭਾਵਨਾ ਨੂੰ ਗ੍ਰਹਿਣ ਲੱਗਣਾ ਸ਼ੁਰੂ ਹੋ ਚੁੱਕਾ ਸੀ। ਘਰ ਵਿਚ ਇਕ ਮਾੜੀ ਰੂਹ ਹੀ ਸਭ ਕੁਝ ਨੂੰ ਤਹਿਸ-ਨਹਿਸ ਕਰ ਸਕਦੀ ਏ। ਪਰ ਫਿਰ ਵੀ ਸਮੁੱਚੇ ਪਰਿਵਾਰਾਂ ਦੇ ਆਪਸੀ ਰਿਸ਼ਤੇ-ਨਾਤੇ ਬੜੇ ਮਜ਼ਬੂਤ ਸਨ। ਪਟਿਆਲਾ ਹਵੇਲੀਆਂ ਤੋਂ ਬਹੁਤ ਦੂਰੀ 'ਤੇ ਸੀ।

ਹੁਣ ਤਕ ਪਟਿਆਲੇ ਯੂਨੀਵਰਸਿਟੀ ਅੰਦਰ ਨਿੰਮਾ ਪ੍ਰੋਫੈਸਰ ਬਣ ਚੁੱਕਾ ਸੀ। ਉਸ ਦੀ ਪੀ.ਐੱਚ.ਡੀ. ਦਾ ਥੀਸਸ 'ਪੰਜਾਬ ਦੀ ਛੋਟੀ ਕਿਸਾਨੀ ਅਤੇ ਉਸ ਨੂੰ ਆਉਂਦੀਆਂ ਪੈਦਾਵਾਰੀ ਸਮੱਸਿਆਵਾਂ' ਉਤੇ ਅਧਾਰਿਤ ਸੀ। ਇਹ ਵੀ ਨਿੰਮੇ ਦੀ ਸੂਝ-ਬੂਝ ਅਤੇ ਲਿਆਕਤ ਸੀ ਕਿ ਉਸ ਨੂੰ ਪੰਜਾਬੀ ਯੂਨੀਵਰਸਿਟੀ,

ਪਟਿਆਲਾ ਵਿਚ ਸਭ ਤੋਂ ਘੱਟ ਉਮਰ ਵਿਚ ਪੀ.ਐੱਚਡੀ. ਕਰਕੇ ਪ੍ਰੋਫੈਸਰ ਬਣਨ ਦਾ ਮਾਣ ਹਾਸਲ ਹੋਇਆ ਸੀ। ਉਦੋਂ ਪੰਜਾਬ ਦੇ ਬਾਰ੍ਹਾਂ ਜ਼ਿਲ੍ਹਿਆਂ ਤੇ ਹਰੇਕ ਜ਼ਿਲ੍ਹੇ ਵਿੱਚੋਂ ਇਕ ਬਲਾਕ ਤੇ ਇਕ ਬਲਾਕ ਵਿੱਚੋਂ ਦੂਰ-ਦੂਰ ਦੇ ਪੰਜ ਪਿੰਡਾਂ ਦੀ ਚੋਣ ਅਤੇ ਹਰੇਕ ਪਿੰਡ 'ਚ ਪੰਜ-ਪੰਜ ਛੋਟੇ ਕਿਸਾਨਾਂ ਨਾਲ ਮੁਲਾਕਾਤਾਂ ਕਰਕੇ ਸਰਵੇ ਇਕੱਠੇ ਕੀਤੇ ਗਏ। ਕਰੀਬ ਅੱਠ ਜ਼ਿਲ੍ਹਿਆਂ ਵਿੱਚੋਂ ਕਰਮੇ ਅਤੇ ਉਸ ਦੇ ਇਕ ਹੋਰ ਜਮਾਤੀ ਨੇ ਇਹ ਅੰਕੜੇ ਇਕੱਤਰ ਕੀਤੇ। ਇਸ ਤਰ੍ਹਾਂ ਕਰਮੇ ਨੂੰ ਪੂਰੇ ਪੰਜਾਬ ਨੂੰ ਕਦੇ ਬੱਸ, ਟਰੱਕ, ਸਾਈਕਲ ਤੇ ਕਦੇ ਪੈਦਲ ਚੱਲ ਕੇ ਤੁਰਨ-ਫਿਰਨ ਦਾ ਮੌਕਾ ਮਿਲਿਆ। ਉਸ ਲਈ ਇਹ ਬੜਾ ਹੀ ਵਧੀਆ ਤਜਰਬਾ ਰਿਹਾ। ਗਰੀਬ ਕਿਸਾਨਾਂ ਦੇ ਚੁੱਲ੍ਹੇ-ਚੌਂਕਿਆਂ ਮੂਹਰੇ ਬੈਠ ਕੇ ਰੋਟੀ ਖਾਣ ਦਾ ਸੁਆਦ। ਉਨ੍ਹਾਂ ਦੀਆਂ ਮਜਬੂਰੀਆਂ, ਤੰਗੀਆਂ-ਤੁਰਸ਼ੀਆਂ ਤੇ ਹਾੜੇ ਵੇਖਣ-ਸੁਣਨ ਨੂੰ ਮਿਲੇ। ਪੰਜਾਬ ਦੀ ਇਸ ਘੁੰਮਣ-ਘੇਰੀ ਤੋਂ ਬਾਅਦ ਕਰਮੇ ਨੂੰ ਇੰਝ ਲੱਗਾ ਜਿਵੇਂ ਉਹ ਬਹੁਤ ਅਮੀਰ ਘਰ ਵਿਚ ਜੰਮਿਆ ਹੋਵੇ। ਬਾਬਾ ਫਰੀਦ ਯਾਦ ਆਉਂਦੇ :

**ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥**
**ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥** (ਪੰਨਾ 1382)

ਸੰਪੂਰਨ ਬਿਲਡਿੰਗ ਵਿਚ ਰਹਿੰਦਿਆਂ ਕਰਮੇ ਦਾ ਦਮ ਘੁੱਟਣ ਲੱਗਾ। ਐਮ.ਏ. ਫਾਈਨਲ ਦੇ ਇਮਤਿਹਾਨ ਸਿਰ ’ਤੇ ਆ ਚੁੱਕੇ ਸਨ। ਉਸ ਨੇ ਆਪਣੇ ਦੋਸਤਾਂ ਨਾਲ ਯੂਨੀਵਰਸਿਟੀ ਦੇ ਹੋਸਟਲ ’ਚ ਹੀ ਰਹਿਣਾ ਸ਼ੁਰੂ ਕਰ ਦਿੱਤਾ। ਮਹਿਜ਼ ਪੱਜ ਕਿ ਇੰਝ ਤਿਆਰੀ ਵਧੀਆ ਹੋਵੇਗੀ। ਫਾਈਨਲ ਦਾ ਪੇਪਰ Mathematics for Economist: ਕੋਰਸ-ਘੇਰੇ ’ਚੋਂ ਬਾਹਰ ਆਇਆ ਤਾਂ ਸਭ ਤੋਂ ਪਹਿਲਾਂ ਕਰਮੇ ਨੇ ਹੀ ਆਪਣੀ ਬੁਲੰਦ ਆਵਾਜ਼ ਵਿਚ ਕਿਹਾ ਸੀ ਇਹ ‘ਕਿਸ ਕੰਜਰ ਨੇ ਪੇਪਰ ਸੈੱਟ ਕੀਤਾ, ਸਾਰਾ ਹੀ Out of Course.’ ਬਸ ਇੰਨਾ ਕਹਿਣ ਦੀ ਦੇਰ ਸੀ ਸਾਰੇ ਮੁੰਡੇ-ਕੁੜੀਆਂ ਖੜ੍ਹੇ ਹੋ ਗਏ ਤੇ Walkout ਕਰ ਗਏ। ਠੀਕ ਦੋ ਮਹੀਨੇ ਬਾਅਦ ਦੁਬਾਰਾ ਪੇਪਰ ਹੋਇਆ। ਕਰਮੇ ਨੇ ਸ਼ਾਇਦ ਜ਼ਿੰਦਗੀ ਵਿਚ ਪਹਿਲੀ ਵੇਰ ਏਨੀ ਮਿਹਨਤ ਕੀਤੀ ਹੋਵੇਗੀ। ਐਮ.ਏ. 'ਚ High Second Division ਲੈ ਕੇ ਯੂਨੀਵਰਸਿਟੀ ਨੂੰ ਮੱਥਾ ਟੇਕਿਆ।

ਅਗਲੇ 11 ਮਹੀਨੇ ILO GENEVA ਵੱਲੋਂ ਲੁਧਿਆਣੇ ਜ਼ਿਲ੍ਹੇ ਦੀਆਂ ਤਿੰਨ ਤਹਿਸੀਲਾਂ ਅੰਦਰ Immigration and out-migration of Rural and Urban Labour' ਪ੍ਰਾਜੈਕਟ ਉੱਤੇ ਕੰਮ ਕੀਤਾ।

ਗਰੀਬ ਅਤੇ ਛੋਟੇ ਕਿਸਾਨਾਂ ਨੂੰ ਲੁਧਿਆਣੇ ਵਰਗੇ ਸ਼ਹਿਰ ਅੰਦਰ ਰਾਤ ਦੀਆਂ ਸ਼ਿਫ਼ਟਾਂ ਫੈਕਟਰੀਆਂ ਅੰਦਰ ਕੰਮ ਕਰਨ ਲਈ ਕਿਉਂ ਮਜਬੂਰ ਹੋਣਾ ਪੈਂਦਾ ? ਸ਼ਹਿਰ

ਅੰਦਰ ਰਹਿੰਦੇ ਬਿਹਾਰੀ, ਯੂ.ਪੀ. ਦੇ ਮਜ਼ਦੂਰਾਂ ਨੂੰ ਕੰਮ ਕਰਨ ਲਈ ਬਾਹਰ ਪਿੰਡਾਂ ਦੇ ਖੇਤੀ ਧੰਦੇ ਵਿਚ ਸੀਜ਼ਨਲ ਕਾਮਿਆਂ ਵਜੋਂ ਮਜਬੂਰਨ ਜਾਣਾ ਪੈਂਦਾ। ਕਰਮੇ ਨੇ ਮੋਟਾ ਜਿਹਾ ਜਟਕਾ ਹਿਸਾਬ ਇਹੀ ਲਾਇਆ ਕਿ ਪਿੰਡਾਂ ਸ਼ਹਿਰਾਂ ਦੀ Unbalanced Development ਹੀ ਬਹੁਤ ਸਾਰੀਆਂ ਮੁਸੀਬਤਾਂ ਦੀ ਜੜ੍ਹ ਹੈ। ਕਿਤੇ ਤਾਂ ਹੱਦੋਂ ਵੱਧ ਤਰੱਕੀ ਹੈ ਤੇ ਕਿਤੇ ਬਿਲਕੁਲ ਹੀ ਨਾਮਾਤਰ। ਕਿਤੇ-ਕਿਤੇ ਤਾਂ ਹਾਈ-ਫਾਈ ਸਕੂਲ ਤੇ ਕਿਧਰੇ ਸਕੂਲ ਛੱਤਾਂ ਤੋਂ ਬਗ਼ੈਰ। ਮੁਲਖ ਦਾ ਅੰਨ-ਦਾਤਾ ਕਰੋੜਾਂ ਦਾ ਢਿੱਡ ਭਰਨ ਵਾਲਾ ਤੇ ਫਿਰ ਚੁੱਪ-ਚਾਪ ਕਰਜ਼ੇ ਹੇਠ ਦੱਬਿਆ ਕਿਸੇ ਦਰੱਖ਼ਤ ਦੇ ਟਹਿਣੇ ਨਾਲ ਲਮਕਦਾ। ਪੜ੍ਹੇ-ਲਿਖੇ ਦਰ-ਦਰ ਭਟਕਦੇ, ਬਾਹਰ ਦੇ ਮੁਲਖਾਂ ਵੱਲ ਵਹੀਰਾਂ ਦੀਆਂ ਵਹੀਰਾਂ। ਪਿੱਛੇ ਬੇਬਸੀ ਦੇ ਆਲਮ ਵਿਚ ਫਸੇ ਨੌਜਵਾਨ ਨਸ਼ਿਆਂ ਦੀ ਦਲ-ਦਲ ਵਿਚ। ਰਾਜਨੀਤਿਕ ਭ੍ਰਿਸ਼ਟ ਲੀਡਰਾਂ ਦੀ ਸ਼ਹਿ ਤੇ ਮਾਫੀਆ ਦਾ ਜਾਲ। ਜ਼ਿੰਦਗੀ ਅੰਦਰ ਅੰਨ੍ਹੀ ਭੱਜ-ਦੌੜ ਤੇ ਫਿਰ ਵੀ ਕੋਈ ਸਬਰ-ਸੰਤੋਖ ਨਹੀਂ। ਵਿਖਾਵਾ, ਫੁਕਰਾਪਨ ਤੇ ਝੂਠੀ ਸ਼ੁਹਰਤ ਦਾ ਬੋਲ-ਬਾਲਾ ਹੈ।

ਕੁਦਰਤ ਦੀ ਰਚਨਾ ਨਾਲ ਵੈਰ, ਅੰਨ੍ਹੀ ਕੱਟ-ਵੱਢ, ਜੰਗਲਾਂ ਦਾ ਸਫ਼ਾਇਆ, ਉਥੇ ਸਦੀਆਂ ਤੋਂ ਵਿਸੇਬਾ ਕਰੀ ਬੈਠੇ ਜੰਗਲੀ ਜੀਵਾਂ ਤੇ ਜਾਨਵਰਾਂ ਦਾ ਕਤਲੇਆਮ, ਦਰਿਆਵਾਂ-ਝੀਲਾਂ-ਨਹਿਰਾਂ-ਚਹੁੰਵਾਂ ਦੀ ਕੁਦਰਤੀ ਰਵਾਨਗੀ ਨੂੰ ਅਣਚਾਹੇ ਬੰਨ੍ਹ ਤੇ ਰੋਕ-ਟੋਕ। ਮਨੁੱਖ ਨੇ ਖੁਦ ਆਪਣੀ ਬਰਬਾਦੀ ਦਾ ਰਾਹ ਚੁਣਿਆ ਵਕਤ ਤੋਂ ਪਹਿਲਾਂ ਮਰਨਾ ਖੁਦ ਹੀ ਤਹਿ ਕਰ ਲਿਆ।

ਲਹਿਲ ਕਾਲੋਨੀ ਅੰਦਰ ਲਾਲ ਕੋਠੀ ਦੀ ਤੀਸਰੀ ਮੰਜ਼ਲ ਉੱਪਰ ਰਹਿੰਦਿਆਂ, ਪੜ੍ਹਦਿਆਂ ਸ਼ਾਇਦ ਹੀ ਕੋਈ ਐਸਾ ਦਿਨ ਹੋਵੇ ਜਦ ਹਿੰਦੋਸਤਾਨ ਹੀ ਨਹੀਂ ਬਲਕਿ ਪੂਰੀ ਦੁਨੀਆਂ ਦੇ ਗਰੀਬ ਮੁਲਖਾਂ ਅੰਦਰ ਇਨਕਲਾਬ ਲਿਆਉਣ ਦੀ ਗੱਲ ਨਹੀਂ ਸੀ ਹੁੰਦੀ। ਕਦੇ-ਕਦੇ ਇੰਝ ਲੱਗਣਾ ਜਿਵੇਂ ਸਾਰਾ ਪਰਵਾਰ ਹੀ ਨਾਬਰ ਪੈਦਾ ਹੋਇਆ ਹੋਏ। ਜਿਵੇਂ ਇਹ ਦੁਨੀਆਂ ਭਰ ਵਿਚ ਜ਼ਾਲਮ ਹਕੂਮਤਾਂ ਦਾ ਖਾਤਮਾ ਕਰਨ ਲਈ ਜੰਮੇ ਹੋਵਣ ! ਇਹ ਅਜਿਹਾ ਸਮਾਂ ਸੀ ਜਦ ਫ਼ਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ (ਪੀ.ਐੱਲ.ਓ.) ਦੇ ਚੇਅਰਮੈਨ ਯਾਸਰ ਅਰਾਫਾਤ ਨੂੰ ਪਤਾ ਨਹੀਂ ਇਕ ਦਿਨ ਵਿੱਚ ਕਿੰਨੇ ਵੱਖ-ਵੱਖ ਬੰਕਰਾਂ ਵਿਚ ਜਾ ਕੇ ਇਜ਼ਰਾਈਲ ਵਿਰੁੱਧ ਲੜੀ ਜਾ ਰਹੀ ਆਪਣੀ ਹੋਂਦ ਦੀ ਲੜਾਈ ਲਈ ਅਗਵਾਈ ਕਰਨੀ ਪੈਂਦੀ ਸੀ। ਕਿਉਂਕਿ ਚੇਅਰਮੈਨ ਯਾਸਰ ਅਰਾਫਾਤ ਕਮਿਊਨਿਸਟ ਵਿਚਾਰਧਾਰਾ ਨਾਲ ਜੁੜਿਆ ਹੋਇਆ ਸੀ ਅਤੇ ਕਰੀਬ ਸਾਰੇ ਸਮਾਜਵਾਦੀ ਮੁਲਖ ਸਿੱਧੇ/ਅਸਿੱਧੇ ਤੌਰ 'ਤੇ ਪੀ.ਐਲ.ਓ. ਦੀ ਹਮਾਇਤ ਵੀ ਕਰ ਰਹੇ ਸਨ। ਇਨ੍ਹਾਂ ਮੁਲਖਾਂ ਵਿੱਚੋਂ ਪੜ੍ਹੇ

ਲਿਖੇ ਨੌਜਵਾਨ ਗਰੁੱਪ ਬਣਾ ਕੇ ਲੈਬਨਾਨ ਪਹੁੰਚ ਕੇ ਹਥਿਆਰਾਂ ਦੀ ਟ੍ਰੇਨਿੰਗ ਲੈ ਕੇ ਪੀ.ਐਲ.ਓ. ਦੀ ਮਦਦ ਲਈ ਜਾ ਕੇ ਲੜਦੇ ਸਨ।

ਯੂਨਾਈਟਡ ਨੇਸ਼ਨਜ਼ ਵੱਲੋਂ ਯਾਸਰ ਅਰਾਫਾਤ ਨੂੰ ਪੀ.ਐੱਲ.ਓ. ਮੁਖੀ ਵਜੋਂ ਸੱਦਾ-ਪੱਤਰ।

ਹਮੇਸ਼ਾ ਸਿਰ ਉੱਪਰ ਜੈਤੂਨ ਦੀ ਟਾਹਣੀ (Olive Branch) ਭਾਵ ਸ਼ਾਂਤੀ ਦਾ ਸੁਨੇਹਾ। ਆਪਣੀ ਕਿਸਮ ਦਾ ਵੱਖਰਾ ਅੰਦਾਜ਼, ਅੱਡਰੀ ਪਹਿਚਾਣ।

ਨਿਊਯਾਰਕ ਇਮੀਗਰੇਸ਼ਨ ਦਾ ਸੁਆਲ :

'ਆਪ ਦੇ ਕੋਲ ਰਿਵਾਲਵਰ?'

ਜਵਾਬ : "ਹਾਂ, ਇਹ ਲੋਡਿਡ ਵੀ ਏ।"

ਯੂ.ਐਨ.ਓ. ਦੀ ਸਟੇਜ ’ਤੇ ਰਿਵਾਲਵਰ ਦੇ ਹੋਲਸਟਰ ਨੂੰ ਸ਼ਰ੍ਹੇਆਮ ਖੋਲ੍ਹ ਕੇ ਆਪਣੇ ਹੱਕਾਂ ਦੀ ਗੱਲ ਕਰਨੀ ਜਿਵੇਂ ਕੋਈ ਅਮਰੀਕੀ ਸਾਮਰਾਜ ਨੂੰ ਮਖੌਲਾਂ ਕਰ ਰਿਹਾ ਹੋਵੇ।

ਪਟਿਆਲੇ ਦੀ ਲਾਲ ਕੋਠੀ ਦੀ ਸਿਖਰ ’ਤੇ ਸਾਰੇ ਭੈਣ-ਭਰਾ ਚਾਹ ਪੀ ਰਹੇ ਸਨ।

ਪ੍ਰੋ. ਨਿੰਮਾ: 'ਪੀ.ਐੱਲ.ਓ. ਬਹੁਤ ਮੁਸ਼ਕਲ ਦੌਰ 'ਚ ਲੰਘ ਰਿਹਾ ਏ। ਯਾਸਰ ਅਰਾਫਾਤ ਨੂੰ ਲੜਾਕੂਆਂ ਦੀ ਸਖ਼ਤ ਲੋੜ ਏ।'

ਦੇਵਿੰਦਰ : 'ਕੀ ਕੁੜੀਆਂ ਜਾ ਕੇ ਲੜ ਸਕਦੀਆਂ ਨੇ ?'

ਪ੍ਰੋ. ਨਿੰਮਾ: 'ਕਿਉਂ ਨਹੀਂ ? ਇਜ਼ਰਾਈਲ ਦੀਆਂ ਯਹੂਦੀ ਲੜਕੀਆਂ ਜੇਕਰ ਲੜ ਸਕਦੀਆਂ ਨੇ ਤਾਂ ਆਪਣੇ ਪਾਸੇ (ਪੀ.ਐਲ.ਓ.) ਕਿਉਂ ਨਹੀਂ ?

ਕਰਮਾ : ਅਜੇ ਲੈਬਨਾਨ ਅਤੇ ਫਲਸਤੀਨੀਆਂ ਅੰਦਰ ਇਸ ਤਰ੍ਹਾਂ ਦਾ ਕਲਚਰ ਨਹੀਂ ਆਇਆ।'

ਪ੍ਰੋ. ਨਿੰਮਾ: 'ਫਿਰ ਤੇਰਾ ਕੀ ਖਿਆਲ ਏ ?' ਕਰਮੇ ਵੱਲ ਇਸ਼ਾਰਾ ਸੀ।

ਕਰਮਾ : 'ਮੈਂ ਆਪਣੇ ਨਾਲ ਦੋ ਹੋਰ ਵੀ ਤਿਆਰ ਕਰ ਸਕਦਾਂ।’

ਹਰਬੀਰ : 'ਵੀਰ ਨਾਲ ਮੈਂ ਵੀ ਜਾਣਾ ਏ।'

ਸਾਰਿਆਂ ਦਾ ਹਾਸਾ ਨਿਕਲ ਗਿਆ। ਲੇਕਿਨ ਕਰਮਾ ਚੁੱਪ ਕਿਸੇ ਹੋਰ ਬ੍ਰਹਿਮੰਡ ਵਿਚ ਜਾ ਚੁੱਕਾ ਸੀ। ਰੇਗਿਸਤਾਨ ਦੂਰ-ਦੂਰ ਪਿੰਡਾਂ ਦੇ ਲੋਕ ਊਠਾਂ ’ਤੇ ਆਪਣੇ ਖੇਤਾਂ ਨੂੰ ਜਾ ਰਹੇ ਨੇ। ਬੱਚੇ ਆਪਣੇ ਮੋਢਿਆਂ ’ਤੇ ਸਕੂਲੀ ਬਸਤੇ ਲਈ ਤੁਰੀ ਜਾ ਰਹੇ ਨੇ। ਆਪਸ ਵਿਚ ਗੱਲਾਂ ਕਰ ਕੇ ਹੱਸਦੇ-ਖੇਡਦੇ। ਅਚਾਨਕ ਤੇਜੀ ਨਾਲ ਇਕ ਜਹਾਜ਼ ਰਾਹੀਂ ਗੋਲਿਆਂ ਦੀ ਬਰਸਾਤ। ਬੱਚਿਆਂ ਦੇ ਸਰੀਰ ਖਿੰਡ ਜਾਂਦੇ। ਕਿਤਾਬਾਂ ਅੱਗ ਦੀ ਲਪੇਟ ਵਿੱਚ। ਊਠਾਂ ਦੇ ਸਰੀਰਾਂ ਦੇ ਕਈ-

ਕਈ ਟੁਕੜੇ। ਕਿਸਾਨਾਂ ਦੇ ਹੱਥਾਂ ਵਿਚ ਫੜੇ ਰੱਸੇ ਰੇਤ ਵਿਚ ਧੱਸ ਜਾਂਦੇ ਨੇ। ਗੁਰੀਲੇ ਆਪਣੇ ਮੋਰਚੇ ਸੰਭਾਲੀ ਦੁਸ਼ਮਣ ਦੇ ਲੜਾਕੂ ਜਹਾਜ਼ਾਂ ਨੂੰ ਹੇਠਾਂ ਸੁੱਟਣ ਦੀ ਕੋਸ਼ਿਸ਼ ਵਿੱਚ। ਇਕ ਜ਼ਖਮੀ ਬੱਚਾ ਪਾਣੀ ਲਈ ਕੁਰਲਾਉਂਦਾ। ਕਰਮਾ ਆਪਣੀ ਪਿੱਠ ਨਾਲ ਬੰਨ੍ਹੀ ਪਾਣੀ ਦੀ ਕੁੱਪੀ ਨੂੰ ਹੱਥ ਪਾਉਂਦਾ। ਇਕ ਦੂਰੋਂ ਆਉਂਦੀ ਗੋਲੀ ਕੁੱਪੀ ਨੂੰ ਚੀਰਦੀ ਹੋਈ ਪਾਣੀ ਨੂੰ ਰੇਤ ਵਿਚ ਮਿਲਾ ਦੇਂਦੀ ਏ। ਕਰਮੇ ਦਾ ਤਰਾਹ ਨਿਕਲ ਜਾਂਦਾ ਏ।

'ਨਹੀਂ.. ਹੀ ... ਹ ..... '

'ਵੀਰ, ਕੀ ਹੋ ਗਿਆ ?' ਭੈਣਾਂ ਜਿਵੇਂ ਚੀਖ ਉੱਠੀਆਂ ਸਨ।

ਸ਼ਾਇਦ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ। ਸਭ ਸਕੀਮ ਧਰੀ-ਧਰਾਈ ਰਹਿ ਗਈ। ਮੁਲਖ ਅੰਦਰ ਐਮਰਜੰਸੀ ਐਲਾਨੀ ਜਾ ਚੁੱਕੀ ਸੀ। ਜ਼ਰੂਰੀ ਸੀ ਪਾਸਪੋਰਟ ਕੋਲ ਹੁੰਦਾ, ਜੋ ਨਹੀਂ ਸੀ।

ਪ੍ਰੋਫੈਸਰ ਨਿੰਮੇ ਦੀ ਦੂਰ-ਅੰਦੇਸ਼ੀ ਸਦਕਾ ਕਰਮੇ ਦੀਆਂ ਤਿੰਨ ਭੈਣਾਂ ’ਚ ਵੱਡੀ ਜਿਸ ਨੂੰ ਘਰਾਂ ਦੀਆਂ ਮਜਬੂਰੀਆਂ ਨੇ ਚੁੱਲ੍ਹੇ-ਚੌਂਕੇ ਤੋਂ ਬਾਹਰ ਨਾ ਜਾਣ ਦਿੱਤਾ ਪਰ ਛੋਟੀਆਂ ਦੋਵੇਂ ਜਮਾਤਾਂ ’ਤੇ ਜਮਾਤਾਂ ਪਾਸ ਕਰੀ ਗਈਆਂ। ਅਖ਼ੀਰ ਪਟਿਆਲੇ ਆਪਣੇ ਕੋਲ ਬੁਲਾ ਕੇ ਪ੍ਰਾਈਵੇਟ ਸਿੱਧਾ ਦਸਵੀਂ ਦਾ ਇਮਤਿਹਾਨ ਬੜੀ ਸਖ਼ਤ ਮਿਹਨਤ ਬਾਅਦ ਚੰਗੇ ਨੰਬਰਾਂ ਨਾਲ ਪਾਸ ਕੀਤਾ। ਕਾਲਜ ਮਗਰੋਂ ਦੋ ਭੈਣਾਂ ਨੇ ਪੰਜਾਬੀ ਯੂਨੀਵਰਸਿਟੀ ਹੋਸਟਲ ਵਿਚ ਰਹਿ ਕੇ ਪੰਜਾਬੀ ਦੀ ਐੱਮ.ਏ. ਅਤੇ ਇਕ ਨੇ ਹਿਸਟਰੀ ਦੀ ਐੱਮ.ਏ. ਕੀਤੀ। ਜਿਸ ਨੇ ਘਰੇ ਬੈਠ ਕੇ ਦਸਵੀਂ ਕੀਤੀ; ਉਸਨੇ ਐੱਮ.ਏ. ਤੋਂ ਬਾਅਦ ਐੱਮ.ਫਿਲ। ਫਿਰ ਸਕੂਲ, ਕਾਲਜ ਵੀ ਪੜ੍ਹਾਇਆ। ਇਸ ਤੋਂ ਉਪਰੰਤ ਹੁਣ ਤਕ ਦੋ ਕਿਤਾਬਾਂ ਕਵਿਤਾਵਾਂ ਅਤੇ ਕਹਾਣੀਆਂ ਦੀਆਂ ਲਿਖ ਚੁੱਕੀ ਹੈ। ਔਰਤ ਜਾਤ ਦੀ ਬੇਬਸੀ, ਲਾਚਾਰੀ, ਹਰ ਥਾਂ ਬੇਪੱਤ ਹੁੰਦੀ, ਮਰਦ ਜਾਤ ਦੀ ਗੁਲਾਮੀ ਵਿਚ ਪਿੱਸਦੀ, ਜਿਉਂਦੀ ਹੋਈ ਵੀ ਮਰਿਆਂ ਵਰਗੀ ਜ਼ਿੰਦਗੀ ਭੋਗ ਰਹੀ, ਹਰ ਦਿਨ ਬਲਾਤਕਾਰੀਆਂ ਵੱਲੋਂ ਅਤਿਅੰਤ ਘਿਨਾਉਣੇ ਕੁਕਰਮਾਂ ਦਾ ਸ਼ਿਕਾਰ ਹੁੰਦੀਆਂ ਔਰਤਾਂ ਨੂੰ ਸਮਾਜ ਵਿਚ ਬਰਾਬਰੀ ਲਈ ਅਤੇ ਆਪਣੇ ਹੱਕਾਂ ਲਈ ਲੜਨਾ ਦੱਸਣ ਲਈ ਲਗਾਤਾਰ ਲਿਖ ਰਹੀ ਹੈ।

ਸ਼ਾਇਦ ਕਰਮੇ ਲਈ ਜ਼ਿੰਦਗੀ ਦੀ ਦੌੜ ਬਹੁਤ ਲੰਬੀ ਲਿਖੀ ਗਈ ਸੀ ਵਰਨਾ ਫਲਸਤੀਨੀਆਂ ਦੀ ਔਸਤਨ ਉਮਰ ਵੱਧ ਤੋਂ ਵੱਧ 20 ਤੋਂ 25 ਸਾਲ ਤਕ ਹੀ ਰਹਿ ਗਈ ਸੀ।

ਨਿੰਮੇ ਤੋਂ ਤੀਸਰੇ ਥਾਂ ਕਰਮਾ ਬੀ.ਏ. ਕਰਨ ਤੋਂ ਬਾਅਦ ਲਾਅ ਕਰਨਾ ਚਾਹੁੰਦਾ ਸੀ। ਲਾਅ ’ਚ ਦਾਖ਼ਲੇ ਲਈ ਕੁਝ ਹੀ ਨੰਬਰ ਘੱਟ ਸਨ। ਉਸ ਨੇ ਵੱਡੇ ਭਰਾ

ਅੱਗੇ ਤਰਲੇ ਕੀਤੇ ਕਿ ਲਾਅ ਡੀਪਾਰਟਮੈਂਟ ਦਾ ਮੁਖੀ ਤੁਹਾਡਾ ਮਿੱਤਰ ਹੈ, ਉਸ ਨੂੰ ਕਹਿ ਦਿਉ ਪਰ ਨਹੀਂ ! ਉਸ ਦੇ ਸਾਹਮਣੇ ਮਾਰਕਸਵਾਦ ਆ ਖਲੋਤਾ। ਕਰਮੇ ਨੇ ਬਥੇਰਾ ਕਿਹਾ ਕਿ ਬੈਕਵਰਡ-ਬਾਰਡਰ ਏਰੀਆ ਦੀ ਸ਼੍ਰੇਣੀ ਵਿਚ ਸਾਡਾ ਇਲਾਕਾ ਆਉਂਦਾ ਹੈ ਤੇ ਦਾਖ਼ਲਾ ਹੋ ਜਾਵੇਗਾ। ਪਰ ਇੰਝ ਨਾ ਹੋਇਆ। ਅਖੀਰ ਉਸ ਨੇ ਐੱਮ.ਏ. ਇਕਨਾਮਿਕਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾਖਲਾ ਲੈ ਲਿਆ ਤੇ ਚੰਗੇ ਨੰਬਰਾਂ ਨਾਲ ਐੱਮ.ਏ. ਕਰ ਲਈ। ਇਹ ਉਹ ਸਮਾਂ ਸੀ ਜਦ ਯੂਨੀਵਰਸਿਟੀ ਦਾ ਵੀ. ਸੀ. ਵੀ ਨਿੰਮੇ ਦੀ ਸਲਾਹ ਨਾਲ ਚੱਲਦਾ ਸੀ। ਇਕ ਤਾਂ ਇਹ ਇਕਨਾਮਿਕਸ ਵਿਚ ਏਸੇ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਸੀ, ਦੂਸਰਾ ਉਹ ਪੰਜਾਬੀ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ (ਪੂਟਾ) ਦਾ ਪ੍ਰਧਾਨ ਸੀ ਤੇ ਤੀਸਰਾ, ਅਗਾਂਹਵਧੂ ਵਿਚਾਰਧਾਰਾ ਤੇ ਉਹ ਵੀ ਜੱਟਾਂ ਦੇ ਮੁੰਡਿਆਂ ਵਾਲੀ। ਬੜੇ-ਬੜੇ ਪਟਿਆਲੇ ਦੇ ਆਕੜ ਖਾਂ ਕਾਕੇ ਦੂਰੋਂ ਸਲਾਮਾਂ ਕਰਕੇ ਖਿਸਕ ਜਾਂਦੇ। ਪਟਿਆਲਾ ਵਿਚ ਹਰ ਖੇਤਰ ਨਾਲ ਜੁੜੇ ਹੇਠਾਂ ਤੋਂ ਉੱਪਰ ਤਕ ਇਨ੍ਹਾਂ ਦੇ ਨਾਂ ਤੋਂ ਜਾਣੂੰ ਸਨ। ਸ਼ਹਿਰ ਵਿਚ ਇਨ੍ਹਾਂ ਮਾਰਕਸਵਾਦੀ ਸਟੱਡੀ ਸੈਂਟਰ (ਐੱਮ.ਐੱਸ. ਸੀ.) ਬਣਾਇਆ ਹੋਇਆ ਸੀ ਜੋ ਉੱਤਰੀ ਭਾਰਤ ਵਿਚ ਆਪਣੀ ਪਛਾਣ ਆਪ ਸੀ।

ਪ੍ਰੋਫ਼ੈਸਰ ਨਿੰਮੇ ਦੀ ਅਗਾਂਹਵਧੂ ਸੋਚ ਦਾ ਹੀ ਨਤੀਜਾ ਸੀ ਕਿ ਉਸ ਨੇ ਉੱਤਰੀ ਭਾਰਤ ਦੀ ਪੰਜਾਬੀ ਯੂਨੀਵਰਸਿਟੀ ਦੇ ਇਕਨਾਮਿਕਸ ਵਿਭਾਗ ਵਿਚ ਐੱਮ.ਏ. ਭਾਗ ਦੂਸਰੇ ਲਈ Political Economy ਦਾ ਨਵਾਂ ਕੋਰਸ ਸ਼ੁਰੂ ਕਰਵਾਇਆ ਸੀ। ਇਸ ਕੋਰਸ ਦੀ ਪੂਰੀ ਰੂਪ-ਰੇਖਾ ਵੀ ਖ਼ੁਦ ਤਿਆਰ ਕੀਤੀ।

ਅਗਰ ਨਿੰਮਾ ਚਾਹੁੰਦਾ ਤਾਂ ਕਰਮੇ ਨੂੰ ਆਰਾਮ ਨਾਲ ਯੂਨੀਵਰਸਿਟੀ ਵਿਚ ਨੌਕਰੀ ਮਿਲ ਸਕਦੀ ਸੀ। ਪਰ ਇੰਝ ਨਾ ਹੋਇਆ। ਉਂਝ ਕਿਸੇ ਗ਼ਰੀਬ ਪੇਂਡੂ ਕੁੜੀ ਮੁੰਡੇ ਦੀ ਮੁਸ਼ਕਿਲ ਨੂੰ ਫ਼ੋਨ ਰਾਹੀਂ ਹੀ ਹੱਲ ਕਰ ਦੇਂਦੇ, ਪਰ ਆਪਣੇ ਘਰਦਿਆਂ ਲਈ ਨਹੀਂ।

ਕਰਮੇ ਨੂੰ ਨੌਕਰੀ ਲੱਭਣ ਲਈ ਬੜੀਆਂ ਟੱਕਰਾਂ ਮਾਰਨੀਆਂ ਪਈਆਂ। ਕਦੀ ਪਟਿਆਲੇ ਮੁਜ਼ਾਹਰੇ ਤੇ ਕਦੀ ਚੰਡੀਗੜ੍ਹ ਮੁੱਖ ਮੰਤਰੀ ਦੀ ਕੋਠੀ ਅੱਗੇ ਸਿਆਪਾ। ਅਖੀਰ ਉਸ ਨੂੰ ਪੰਜਾਬ ਰਾਜ ਬਿਜਲੀ ਬੋਰਡ ਦੇ ਬੱਸੀ ਪਾਵਰ ਹਾਊਸ, ਜੋਗਿੰਦਰ ਨਗਰ, ਹਿਮਾਚਲ ਪ੍ਰਦੇਸ਼ ਵਿਚ ਅੱਪਰ ਡਵੀਜ਼ਨ ਕਲਰਕ (ਯੂ.ਡੀ.ਸੀ.) 600 ਰੁਪਏ ਮਹੀਨੇ ਦੀ ਨੌਕਰੀ ਮਿਲੀ। ਹਿਮਾਚਲ ਦੀਆਂ ਹੁਸੀਨ ਵਾਦੀਆਂ ਤੇ ਉਥੋਂ ਦੇ ਲੋਕਾਂ ਦੀ ਸੁੰਦਰਤਾ ਵੀ ਕਰਮੇ ਨੂੰ ਰਾਸ ਨਾ ਆਈ। ਹੱਦੋਂ ਵੱਧ ਸੁੰਦਰ ਇਕ ਹਿਮਾਚਲੀ ਹੁਸੀਨਾ ਨੇ ਕਰਮੇ ਉੱਪਰ ਡੋਰੇ ਵੀ ਸੁੱਟਣੇ ਸ਼ੁਰੂ ਕੀਤੇ ਪਰ ਇਹ ਉਸ

ਦੇ ਕਾਬੂ ਨਾ ਆਇਆ।

ਜਿਸ ਦਿਨ ਨਿਯੁਕਤੀ-ਪੱਤਰ ਮਿਲਿਆ ਉਸ ਦਿਨ ਕਰਮਾ ਪਿੰਡ ਲਾਗਲੇ ਕਿੱਲੇ ਵਿਚ ਝੋਨੇ ਲਈ ਕੱਦੂ ਕਰ ਰਿਹਾ ਸੀ। ਸ਼ਕਲ ਇੰਨੀ ਵਿਗੜੀ ਹੋਈ ਸੀ ਕਿ ਉਹ ਚੰਗਾ-ਭਲਾ ਜਾਣਦਾ ਨੇੜਲੇ ਪਿੰਡ ਦਾ ਡਾਕੀਆ ਮੁੰਡਾ ਵੀ ਪਛਾਣ ਨਾ ਸਕਿਆ ਕਿ ਟਰੈਕਟਰ ਮਗਰ ਸੁਹਾਗੇ ’ਤੇ ਕੌਣ ਚੜ੍ਹਿਆ ਹੋਇਆ ਏ। ਚਿੱਠੀ ਖੋਲ੍ਹੀ ਤਾਂ ਵਿਆਹ ਜਿੰਨਾ ਚਾਅ ਚੜ੍ਹ ਗਿਆ ਸੀ। ਉਸ ਰਾਤ ਯਾਰਾਂ-ਬੇਲੀਆਂ ਨਾਲ ਦਾਰੂ ਦੀ ਮਹਿਫ਼ਲ। ਅਗਲੇ ਦਿਨ ਗੁਰਦਾਸਪੁਰ ਦੇ ਸਿਵਲ ਹਸਪਤਾਲ ਤੋਂ ਮੈਡੀਕਲ ਕਰਵਾ ਕੇ ਬੱਸੀ ਪਾਵਰ ਹਾਊਸ ਜੋਗਿੰਦਰ ਨਗਰ, ਹਿਮਾਚਲ-ਪ੍ਰਦੇਸ਼ ਜਾ ਦਸਤਕ ਦਿੱਤੀ। ਇਸ ਤੋਂ ਹੋਰ ਵੀ ਵਧੀਆ ਖ਼ਬਰ ਸੀ ਕਿ ਕਰਮੇ ਦੇ ਦੋ ਹੋਰ ਜਮਾਤੀ ਮਿੱਤਰ ਅਮਰ ਸਿੰਘ ਢੀਂਡਸਾ ਅਤੇ ਜਰਨੈਲ ਸਿੰਘ ਸਿੰਧੂ ਵੀ ਬਿਜਲੀ ਬੋਰਡ ਸਕੂਲ ਵਿਚ ਸੀਲੈਕਟ ਹੋ ਚੁੱਕੇ ਸਨ ਤੇ ਤਿੰਨਾਂ ਨੇ ਇਕੱਠਿਆਂ ਹੀ ਏਥੇ ਨੌਕਰੀ ਸ਼ੁਰੂ ਕੀਤੀ ਸੀ। ਤਿੰਨਾਂ ਲਈ ਇਹ ਤੀਆਂ ਵਰਗੇ ਦਿਨ ਸਨ। ਬਿਜਲੀ ਬੋਰਡ ਵੱਲੋਂ ਸਕੂਲ ਟੀਚਰਾਂ ਨੂੰ ਪੁਰਾਣੀ ਬੜੀ ਵਧੀਆ ਕੋਠੀ ਪਹਾੜੀ ਦੇ ਸਿਰੇ ’ਤੇ ਮਿਲੀ ਤੇ ਕਰਮੇ ਨੇ ਵੀ ਉਥੇ ਹੀ ਡੇਰੇ ਜਮਾ ਲਏ।

ਪਹਿਲੀ ਵੇਰ ਮਹਿਸੂਸ ਹੋਇਆ ਪਹਾੜੀ ਜ਼ਿੰਦਗੀ ਦਾ ਕੰਮ ਢੰਗ, ਖ਼ੂਬਸੂਰਤੀ, ਠੰਢੀ ਤਾਜ਼ੀ ਹਵਾ ਤੇ ਕੁਦਰਤ ਦੇ ਨਜ਼ਾਰੇ। ਪਹਾੜੀਆਂ ਦੀ ਸਖ਼ਤ ਮਿਹਨਤ-ਲਗਨ, ਮਜਬੂਰੀਆਂ-ਦੁਸ਼ਵਾਰੀਆਂ।

ਅੰਗਰੇਜ਼ ਸਾਮਰਾਜ ਨੇ ਹਿੰਦੋਸਤਾਨ ਦੀਆਂ ਪਹਾੜੀ ਵਾਦੀਆਂ ਵਿਚ ਬੜੇ ਕਠਿਨ ਪ੍ਰਾਜੈਕਟ ਵੀ ਮੁਕੰਮਲ ਕੀਤੇ ਚਾਹੇ ਇਹ ਉਨ੍ਹਾਂ ਦੀ ਲੁੱਟ ਦਾ ਇਕ ਨਵਾਂ ਢੰਗ-ਤਰੀਕਾ ਸੀ ਪਰ ਉਨ੍ਹਾਂ ਦੇ ਮੁਲਕ ਨੂੰ ਛੱਡ ਜਾਣ ਤੋਂ ਬਾਅਦ ਦੇਸੀ ਹਕੂਮਤ ਨੂੰ ਬੜਾ ਕੁਝ ਬਣਿਆ-ਬਣਾਇਆ ਜ਼ਰੂਰ ਮਿਲ ਗਿਆ ਪਰ ਇਨ੍ਹਾਂ ਬਦਬਖਤਾਂ ਤੋਂ ਨਾ ਤਾਂ ਚੰਗੀ ਸਾਂਭ-ਸੰਭਾਲ ਕੀਤੀ ਗਈ ਤੇ ਨਾ ਹੀ ਸੈਲਾਨੀਆਂ ਲਈ ਬਹੁਤੀ ਖਿੱਚ ਪੈਦਾ ਕੀਤੀ ਗਈ। ਇੰਝ ਕਹਿ ਲਉ ‘ਚੋਰਾਂ ਦਾ ਮਾਲ ਤੇ ਡਾਂਗਾਂ ਦੇ ਗਜ਼’।

ਕਰਮੇ ਨੇ ਕੱਖ ਭੰਨ ਕੇ ਦੋਹਰਾ ਨਹੀਂ ਸੀ ਕੀਤਾ। ਦੋਸਤਾਂ-ਮਿੱਤਰਾਂ ਨਾਲ ਹਾਈਕਿੰਗ ਤੇ ਟਰਾਮਾਂ ਦੇ ਝੂਟੇ ਤੇ ਜਾਂ ਫਿਰ ਰਾਤ ਨੂੰ ਮਹਿਫ਼ਲਾਂ, ਖਾਣ-ਪੀਣ ਤੇ ਗੀਤ-ਸੰਗੀਤ। ਉਮਰੋਂ ਵੱਧ ਵੱਖ-ਵੱਖ ਵਿਸ਼ਿਆਂ ਦੀ ਜਾਣਕਾਰੀ ਨੇ ਕਰਮੇ ਨੂੰ ਜੋਗਿੰਦਰ ਨਗਰ ਦੀ ਘਾਟੀ ਵਿਚ ਨਵੀਂ ਪਹਿਚਾਣ ਦਿੱਤੀ। ਬਿਜਲੀ ਬੋਰਡ ਦੇ ਚੌਥੇ ਦਰਜੇ ਦੇ ਮੁਲਾਜ਼ਮਾਂ ਵੱਲੋਂ ਆਪਣੇ ਪਰਵਾਰਾਂ ਲਈ ਮਹਿੰਗਾਈ ਭੱਤੇ ਲਈ ਜਦ ਸੰਘਰਸ਼ ਵਿੱਢਿਆ ਗਿਆ ਤਾਂ ਕਰਮੇ ਨੇ ਉਨ੍ਹਾਂ ਦੀ ਪੂਰੀ ਹਮਾਇਤ

ਕੀਤੀ ਸੀ ਅਤੇ ਆਪਣੇ ਹੀ ਐਕਸੀਅਨ ਵਿਰੁੱਧ ਮੋਰਚਾ ਲਾ ਲਿਆ ਸੀ। ਸਾਨਨ ਪਾਵਰ ਹਾਊਸ ਦੀ ਟਰਾਂਮ ਜੋ ਬਹੁਤ ਉੱਚੀ ਪਹਾੜੀ ਨੂੰ ਜਾਂਦੀ ਤੇ ਵਾਪਿਸ ਆਉਂਦੀ ਜੋ ਇਕ ਰੇਲ ਟਰੈਕ ਉੱਪਰ ਸੈਲਾਨੀਆਂ ਵਾਸਤੇ ਅਦਭੁਤ ਨਜ਼ਾਰਾ ਪੇਸ਼ ਕਰਦੀ ਸੀ।

ਇਕ ਦਿਨ ਆਪਣੇ 4-5 ਦੋਸਤਾਂ ਨਾਲ ਉੱਪਰ ਤਾਂ ਚਲੇ ਗਏ ਪਰ ਵਾਪਸੀ ’ਤੇ ਉਹ ਟਰਾਂਮ ਬੰਦ ਹੋ ਗਈ। ਪਹਾੜੀ ਉੱਪਰ ਇਕ ਪਿੰਡ ਛੋਟਾ ਸ਼ਿਮਲਾ ਹੈ ਜਿਥੇ ਰਾਜਮਾਂਹਾਂ ਦੀ ਫ਼ਸਲ ਬਹੁਤ ਹੁੰਦੀ ਸੀ ਤੇ ਉਥੋਂ ਦੇ ਕਿਸਾਨ ਘਰ ਦੀ ਦਾਰੂ ਵੀ ਵਧੀਆ ਬਣਾਉਂਦੇ ਸਨ। ਬਸ ਫਿਰ ਕੀ ਸੀ। ਰਾਜਮਾਹਾਂ ਦੇ ਬੋਰੇ ਅਗਲੇ ਦਿਨ ਲਈ ਬੁਕ ਕਰਵਾ ਦਿੱਤੇ ਤੇ ਆਪ ਸਾਰੇ ਪਹਾੜੀ ਤੋਂ ਹੇਠਾਂ ਕਰੀਬ ਦੋ ਘੰਟੇ ਦਾ ਪੈਦਲ ਸਫ਼ਰ। ਕਰਮੇ ਨੇ ਜਾਣ-ਬੁੱਝ ਕੇ ਇਕ ਚਾਲ ਖੇਡੀ ਸੀ ਕਿ ਲੇਟ ਹੋ ਜਾਉ। ਟਰਾਂਮ ਸਰਵਿਸ ਬੰਦ ਹੋ ਜਾਵੇਗੀ ਤੇ ਨਾਲ ਗਿਆਂ ਨੂੰ ਜ਼ਿੰਦਗੀ ਦੀ ਇਹ ਯਾਦਗਾਰੀ ਘਟਨਾ ਯਾਦ ਰਹੇਗੀ। ਉਨ੍ਹਾਂ ਵਿੱਚੋਂ ਅਗਲੇ ਦਿਨ ਕੋਈ ਵੀ ਕੰਮ ’ਤੇ ਨਹੀਂ ਸੀ ਜਾ ਸਕਿਆ। ਉਨ੍ਹਾਂ ਦੀ ਹਰ ਮਹਿਫਲ ਵਿਚ ਕਰਮਾ ਗਾਲ੍ਹਾਂ ਦਾ ਪਾਤਰ ਜ਼ਰੂਰ ਬਣਿਆ ਰਿਹਾ।

ਸਿੱਧੇ ਰਾਹਾਂ ਦੇ ਰਾਹੀਆਂ ਦਾ ਸਫ਼ਰ ਬਿਖੜੇ ਰਾਹਾਂ ’ਤੇ ਤੁਰਨ ਵਾਲਿਆਂ ਨਾਲੋਂ ਭਾਵੇਂ ਸੌਖਾ ਹੋਵੇ ਪਰ ਲੋਕ ਔਖੇ ਪਾਂਧੀਆਂ ਨੂੰ ਲੰਬਾ ਸਮਾਂ ਆਪਣੇ ਚੇਤਿਆਂ ਵਿਚ ਰੱਖਦੇ ਨੇ।

ਚੋਰੀਆਂ-ਯਾਰੀਆਂ, ਦੁਸ਼ਮਣੀਆਂ ਕਮਾਉਣ ਵਾਲੇ ਲੋਕ ਰਾਤ ਦੇ ਹਨੇਰਿਆਂ ਵਿਚ ਕਦੇ ਆਮ ਤੇ ਅਸਲੀ ਰਾਹਾਂ 'ਤੇ ਨਹੀਂ ਤੁਰਦੇ। ਲੋਕ ਤਾਂ ਉਨ੍ਹਾਂ ਨੂੰ ਵੀ ਯਾਦ ਰੱਖਦੇ ਨੇ।

ਇਕ ਕਹਾਵਤ ਵੀ ਹੈ : “ਦਲੇਰੀ ਇਹ ਨਹੀਂ ਪੁੱਛਦੀ ਕਿ ਪਥਰੀਲੀ ਕੰਧ ਕਿੰਨੀ ਉੱਚੀ ਹੈ !”

ਹਾਸ਼ਮ ਫਤਿਹ ਨਸੀਬ ਉਨ੍ਹਾਂ,
ਜਿਨ੍ਹਾਂ ਹਿੰਮਤ ਯਾਰ ਬਣਾਈ।

ਹੁਣ ਤਕ ਜਿੱਥੇ ਦੁੱਲੇ ਭੱਟੀ, ਜੱਗੇ ਡਾਕੂ ਬਾਰੇ ਸੁਣ-ਪੜ੍ਹ ਚੁੱਕਾ ਸੀ ਉਥੇ ਆਪਣੇ ਅਸੂਲਾਂ ਉੱਪਰ ਪੂਰੇ ਤੁਰਨ ਵਾਲੇ ਡਾਕੂ ਮਾਨ ਸਿੰਘ-ਤਹਿਸੀਲਦਾਰ ਸਿੰਘ ਬਾਰੇ ਵੀ ਪੜ੍ਹ ਚੁੱਕਾ ਸੀ। ਸਮਾਜਿਕ ਤਾਣੇ-ਬਾਣੇ ਵਿੱਚ ਆਈ ਟੁੱਟ-ਭੱਜ ਅਤੇ ਰਾਜਨੀਤੀ ਵਿਚ ਹੋ ਰਿਹਾ ਗੰਧਲਾਪਨ ਆਉਣ ਵਾਲੇ ਵਕਤ ਉਤੇ ਸਵਾਲੀਆ ਚਿੰਨ੍ਹ ਬਣਨਗੇ, ਕਰਮੇ ਨੂੰ ਭਾਸ ਰਿਹਾ ਸੀ।

ਇਕ ਵਜ੍ਹਾ ਸੀ ਜਦੋਂ ਕਰਮਾ ਦਲੇਰ ਲੋਕਾਂ ਲਈ ਹਮਦਰਦੀ ਦਾ ਪਾਤਰ

ਬਣਦਾ। ਕਰਮੇ ਨੂੰ ਇਨ੍ਹਾਂ ਲੋਕਾਂ ਵਿੱਚੋਂ ਛਲ-ਕਪਟ ਬਹੁਤ ਘੱਟ ਲੱਭਦਾ ਜਦ ਕਿ ਦਫ਼ਤਰਾਂ ਵਿਚ ਅਫ਼ਸਰਸ਼ਾਹੀ ਅਤੇ ਖ਼ੁਦਗਰਜ਼ ਰਾਜਨੀਤਿਕ ਲੀਡਰਾਂ ਵੱਲੋਂ ਝੂਠੇ ਵਾਅਦੇ ਅਤੇ ਦਾਹਵੇ ਉਸ ਨੂੰ ਆਮ ਲੋਕਾਂ ਨੂੰ ਮੂਰਖ਼ ਬਣਾਉਣ ਤੋਂ ਇਲਾਵਾ ਕੁਝ ਹੋਰ ਨਹੀਂ ਸੀ ਲੱਗਦਾ।

ਉਹ ਸਮੇਂ ਸਨ ਜਦ ਕਿਸਾਨੀ ਆਰਥਿਕ ਪੱਖੋਂ ਟੁੱਟ ਚੁੱਕੀ ਸੀ। ਫ਼ਸਲਾਂ ਦੀ ਪੈਦਾਵਾਰ ਵੀ ਘੱਟ ਹੁੰਦੀ। ਉੱਤੋਂ ਫ਼ਸਲਾਂ ਦੇ ਭਾਅ ਵੀ ਬਹੁਤ ਥੋੜ੍ਹੇ ਹੁੰਦੇ। ਚਾਹੇ ਲੋਕਾਂ ਦੀਆਂ ਜ਼ਰੂਰਤਾਂ ਸੀਮਤ ਹੁੰਦੀਆਂ ਸਨ ਫਿਰ ਵੀ ਸਹਿਕਾਰੀ ਸਭਾਵਾਂ ਦਾ ਕਰਜ਼ਾ ਅਤੇ ਆੜ੍ਹਤੀਆਂ ਬਾਣੀਆਂ ਦੀਆਂ ਵਹੀਆਂ ਉੱਤੇ ਕਿਸਾਨਾਂ ਦੇ ਲੱਗੇ ਅੰਗੂਠੇ ਉਨ੍ਹਾਂ ਦੀ ਨੀਂਦ ਵਿੱਚੋਂ ਅੱਭੜਵਾਹੇ ਉਨ੍ਹਾਂ ਨੂੰ ਉਠਾਲ ਦਿੰਦੇ। ਜਵਾਨ ਹੋ ਰਹੀਆਂ ਧੀਆਂ ਦੀ ਚਿੰਤਾ ਉਨ੍ਹਾਂ ਦੇ ਚਿਹਰਿਆਂ ’ਤੇ ਵੇਖੀ ਜਾਂਦੀ। ਪਰ ਅਜੇ ਵੀ ਪੰਜਾਬੀ ਪੇਂਡੂ ਭਾਈਚਾਰੇ ਵਿਚ ਅਸੀਂ ਨਿੱਘ-ਪਿਆਰ ਤੇ ਔਖੀ ਵੇਲੇ ਇਕ-ਦੂਸਰੇ ਦੇ ਦਈ-ਦੁਆਲ ਬਣੇ ਰਹਿੰਦੇ ਵੇਖਦੇ। ਆਰਥਿਕ-ਤੰਗੀਆਂ ਅਤੇ ਮਜਬੂਰੀਆਂ ਨੇ ਅਜੇ ਸਮਾਜਿਕ ਸਾਂਝ-ਭਿਆਲੀ ਦਾ ਗਲ਼ਾ ਘੁੱਟਣਾ-ਸ਼ੁਰੂ ਨਹੀਂ ਸੀ ਕੀਤਾ।

ਅਜੇ ਪਾਣੀ ਵੀ ਬਹੁਤੇ ਪਲੀਤ ਨਹੀਂ ਸਨ ਹੋਏ। ਪਿੰਡਾਂ ਦੇ ਆਲੇ-ਦੁਆਲੇ ਦਾ ਮਾਹੌਲ ਜਿਵੇਂ ਕੁਦਰਤੀ ਚਲਿਆ ਆ ਰਿਹਾ ਲੱਗਦਾ। ਪਸ਼ੂਆਂ ਲਈ ਬਾਹਰ ਖੁੱਲ੍ਹੀਆਂ ਚਰਾਂਦਾਂ। ਕਾਹੀ, ਸਰਕੜਾ, ਪੋਹਲ਼ੀ, ਅਲੇਹਾ। ਬੇਰੀਆਂ ਦੇ ਕਿਧਰੇ ਸੰਘਣੇ- ਸੰਘਣੇ ਝੁੰਡ। ਪਿੰਡ ਹਵੇਲੀਆਂ ਦੇ ਲਹਿੰਦੇ ਪਾਸੇ ਉੱਚਾ ਥੇਹ ਸੀ ਜਿਥੇ ਕਰਮੇ ਨੇ ਕਈ ਹਾੜ੍ਹ-ਸਿਆਲ ਆਪਣੇ ਹਾਣੀਆਂ ਨਾਲ ਰਲ ਕੇ ਪਸ਼ੂ ਚਾਰੇ। ਪਰਾਣੀਆਂ ਨਾਲ ਥੇਹ ਨੂੰ ਠਕੋਰ-ਠਕੋਰ ਕੇ ਕਈ ਕੁਝ ਲੱਭੀ ਜਾਣਾ। ਕਿਸੇ ਮਰ-ਮੁੱਕ ਚੁੱਕੀ ਸਭਿਅਤਾ ਦਾ ਇਤਿਹਾਸ। ਉਹ ਲੋਕ ਕਿੰਝ ਰਹਿੰਦੇ ਹੋਣਗੇ? ਕੀ ਖਾਂਦੇ ਹੋਣਗੇ ? ਕੀ ਉਹ ਵੀ ਆਪਸ ਵਿਚ ਪਿਆਰ ਕਰਦੇ ਸਨ ? ਸਾਹਮਣੇ ਰਾਵੀਓਂ ਪਾਰ ਕਰਤਾਰਪੁਰ ਸਾਹਿਬ ਦਾ ਗੁਰਦੁਆਰਾ ਸੀ। ਕੀ ਇਸ ਥੇਹ ਵਿਚ ਦਫ਼ਨ ਹੋਏ ਲੋਕ ਕਦੇ ਬਾਬੇ ਨਾਨਕ ਤੇ ਮਰਦਾਨੇ ਨੂੰ ਮਿਲੇ ਹੋਣਗੇ ? ਉਨ੍ਹਾਂ ਕੀ ਗੱਲਾਂ ਕੀਤੀਆਂ ਹੋਣਗੀਆਂ? ਕੀ ਬਾਬਾ ਨਾਨਕ ਤੇ ਮਰਦਾਨਾ ਵੀ ਏਥੇ ਕਦੇ ਆਏ ਸਨ? ਜੇ ਆਏ ਸਨ ਤਾਂ ਇਹ ਪਿੰਡ ਕਿਉਂ ਥੇਹ ਹੋ ਗਿਆ। ਕੀ ਬਾਬੇ ਨਾਨਕ ਨੇ ਕੋਈ ਚਮਤਕਾਰ ਕੋਈ ਵਰ ਦਿੱਤਾ ਹੋਵੇਗਾ ? ਕਿਧਰੇ ਬਾਬੇ ਨਾਨਕ ਨੇ ਇਨ੍ਹਾਂ ਨੂੰ ‘ਉੱਜੜ ਜਾਓ’ ਦਾ ‘ਆਸ਼ੀਰਵਾਦ’ ਤਾਂ ਨਹੀਂ ਸੀ ਦੇ ਦਿੱਤਾ !

ਸੋਚਾਂ ਦੀਆਂ ਤੰਦਾਂ ਦੀ ਲੜੀ ਉਦੋਂ ਟੁੱਟ ਜਾਂਦੀ ਜਦੋਂ ਕੋਈ ਜੱਟ ਉੱਚੀ ਆਵਾਜ਼ ਵਿਚ ਬੋਲਦਾ :

'ਓਏ ਆਪਣੇ ਡੰਗਰ ਕਣਕ ਵਿੱਚੋਂ ਮੋੜੋ ਉਏ ਮੁੰਡਿਓ' ਨੰਗੇ ਪੈਰੀਂ ਦੌੜਦਿਆਂ ਪੈਰਾਂ ਵਿਚ ਦੱਭ ਦੀਆਂ ਤਿੱਖੀਆਂ ਸੂਲਾਂ ਨੇ ਜ਼ਖ਼ਮ ਕਰ ਦੇਣੇ।

ਠੀਕ ਏਸੇ ਵੇਲੇ ਪਿੰਡ ਦੀ ਕੱਚੀ ਫਿਰਨੀ 'ਤੇ ਬੈਂਕ ਵਾਲਿਆਂ ਦੀ ਜੀਪ ਘੱਟਾ ਉਡਾਉਂਦੀ ਆਣ ਪਹੁੰਚਦੀ। ਸਾਰੇ ਜੱਟਾਂ ਦੇ ਘਰੀਂ ਖ਼ਬਰ ਪਹੁੰਚ ਜਾਣੀ। ਕੁਝ ਨੇ ਬਾਹਰ ਖੇਤਾਂ ਵਿੱਚ ਲੁਕਣ ਲਈ ਨਿਕਲ ਜਾਣਾ। ਕੁਝ ਨੇ ਆਪਣੇ ਪਸ਼ੂ ਮੂਹਰੇ ਲਾ ਲੈਣੇ। ਕੁਝ ਘਰਾਂ ਦੀਆਂ ਬੀਬੀਆਂ ਨੇ ਆਪਣੇ ਮੋਰਚੇ ਸੰਭਾਲ ਲੈਣੇ। ਟੁੱਟੀਆਂ ਕਿਸ਼ਤਾਂ ਦੀ ਉਗਰਾਹੀ ਕਰਨ ਆਏ ਬੈਂਕ ਮੁਲਾਜ਼ਮਾਂ ਜਿਨ੍ਹਾਂ ਨਾਲ ਇਕ-ਦੋ ਪੁਲੀਸ ਵਾਲੇ ਵੀ ਹੁੰਦੇ ਕੁਝ ਬੀਬੀਆਂ ਦੀ ਹੱਥੋ-ਪਾਈ ਤੇ ਡਾਂਗ-ਸੋਟਾ ਵੀ ਹੁੰਦਾ।

ਤੇ ਇੰਞ ਹੀ ਇਕ ਵੇਰ ਲੰਬੜਦਾਰਾਂ ਦੀ ਹਵੇਲੀ ਵਿਚ ਹੋਇਆ ਸੀ। ਐਤਕੀਂ ਤਾਂ ਹੱਦ ਹੀ ਹੋ ਗਈ ਜਦੋਂ ਕੰਤੇ ਹੁਰਾਂ ਪੁਲੀਸ ਦਾ ਸਾਈਕਲ ਵੀ ਖੋਹ ਲਿਆ ਸੀ। ਬੈਂਕ ਵਾਲਿਆਂ ਮੂਹਰੇ ਲੱਗੇ ਡੰਗਰ ਵੀ ਉਨ੍ਹਾਂ ਤੋਂ ਵਾਪਿਸ ਖੋਹ ਲਿਆਂਦੇ ਸਨ।

ਇਸ ਇਲਾਕੇ ਵਿਚ ਬਾਬਾ ਨਾਨਕ ਲੰਬਾ ਸਮਾਂ ਰਹੇ। ਉਨ੍ਹਾਂ ਚਮਤਕਾਰ ਨਹੀਂ ਕੀਤੇ। ਉਨ੍ਹਾਂ ਤਾਂ ਚਮਤਕਾਰ ਕਰਨ ਵਾਲਿਆਂ ਨੂੰ ਅਮਲੀ ਕਾਰੇ ਲੱਗਣ ਦੇ ਰਾਹੇ ਪਾਇਆ ਸੀ। ਕੁਰਾਹੇ ਪਈ ਦੁਨੀਆਂ ਨੂੰ ਸ਼ਬਦ-ਬਾਣ ਰਾਹੀਂ ਵਿੰਨ੍ਹਿਆ ਸੀ। ਉਨ੍ਹਾਂ ਨੂੰ ਕਾਇਨਾਤ ਵਿਚ ਛੁਪੇ ਡੂੰਘੇ ਗੁੱਝੇ ਭੇਦਾਂ ਨੂੰ ਸਮਝਣ ਦਾ ਢੰਗ ਦੱਸਿਆ ਸੀ। ਬਾਬੇ ਨਾਨਕ ਨੇ ਹੱਥੀਂ ਕਿਰਤ ਕਰਨ ਨੂੰ ਪਹਿਲ ਦਿੱਤੀ। ਫਿਰ ਵੰਡ ਕੇ ਖਾਣ ਦੀ ਜਾਚ ਦੱਸੀ। ਅਮੀਰੀ ਠਾਠ-ਬਾਠ ਦੀ ਥਾਂ ਸੱਚੀ-ਸੁੱਚੀ ਕਿਰਤ-ਕਮਾਈ ਕਰਨ ਵਾਲੇ ਗਰੀਬ ਲਾਲੋ ਨੂੰ ਆਪਣੇ ਗਲੇ ਲਾਇਆ। ਉਸ ਦੇ ਚੌਂਕੇ ਮੂਹਰੇ ਚੌਂਕੜਾ ਮਾਰ ਕੇ 'ਸਤਿ ਕਰਤਾਰ' ਕਹਿ ਭੋਜਨ ਕੀਤਾ। ਮਰਦਾਨੇ ਨੂੰ ਆਪਣੇ ਗੋਡੇ ਨਾਲ ਬਹਾ ਕੇ ਰੱਬੀ ਗਾਇਨ ਦੀਆਂ ਸੁਰਾਂ ਨਾਲ ਲੋਕਾਈ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ।

ਕੁਦਰਤੀ ਮਨ 'ਚ ਇਕ ਸਵਾਲ ਪੈਦਾ ਹੁੰਦਾ ਹੈ : ਕੀ ਕਿਧਰੇ ਕਾਰਲ ਮਾਰਕਸ ਨੇ ਬਾਬੇ ਨਾਨਕ ਦੀ ਰਚੀ ਬਾਣੀ ਪੜ੍ਹੀ ਹੋਵੇਗੀ। ਸ਼ਾਇਦ ਨਹੀਂ। ਕਿਉਂਕਿ ਉਨ੍ਹੀਵੀਂ ਸਦੀ ਦੇ ਅੱਧ ਤਕ ਤਾਂ ਬਾਬੇ ਨਾਨਕ ਨੂੰ ਕਿਸੇ ਨੇ ਕਿਸੇ ਹੋਰ ਭਾਸ਼ਾ ਵਿਚ ਨਹੀਂ ਸੀ ਵਿਚਾਰਿਆ ਲੱਗਦਾ। ਦੋਨਾਂ ਨੇ ਕਿਰਤ-ਕਿਰਤੀ ਦੀ ਗੱਲ ਕੀਤੀ, ਅਮੀਰ-ਗਰੀਬ ਦੀ ਬਾਤ ਪਾਈ। ਮਜ਼ਲੂਮਾਂ-ਜਰਵਾਨਿਆਂ ਦੀ ਬਾਤ ਪਾਈ। ਦੋਨਾਂ ਨੇ ਹਲੀਮੀ ਰਾਜ ਦੀ ਗੱਲ ਕੀਤੀ। ਉਂਜ ਦੋਹਾਂ ਨੇ ਜਥੇਬੰਦ ਹੋ ਕੇ ਲੜਨ ਦੀ ਗੱਲ ਕੀਤੀ। ਸਵਾਲ ਉਪਜਦਾ ਹੈ — ਫਿਰ ਗੜਬੜ ਕਿੱਥੇ ਹੋ ਗਈ ? ਕਰਮੇ ਨੂੰ ਹਮੇਸ਼ਾ ਹੀ ਇਹ ਸੁਆਲ ਚੁੱਭਦਾ ਰਹਿੰਦਾ। ਮਾਰਕਸੀ ਸਿਧਾਂਤ ਨਾਲ ਤੁਰਨ ਵਾਲੇ ਲੋਕ

ਹਿੰਦੋਸਤਾਨ ਵਿਚ ਵਕਤੀ ਤੌਰ ’ਤੇ ਹਕੂਮਤੀ ਸਤਹ ਤਕ ਵੀ ਪਹੁੰਚ ਗਏ ਸਨ ਪਰ ਫਿਰ ਕਿਤੇ ਨਾ ਕਿਤੇ ਬੁਰੀ ਤਰ੍ਹਾਂ ਲੜਖੜਾਉਂਦੇ ਵੀ ਰਹੇ। ਕੀ ਇਹ ਲੋਕ ਇਥੋਂ ਦੀ ਆਬੋ-ਹਵਾ, ਲੋਕਾਂ ਦਾ ਸਭਿਆਚਾਰ, ਬੋਲੀ, ਆਪਸੀ ਵਰਤਾਰਾ, ਪੈਦਾਵਾਰੀ ਤੌਰ-ਤਰੀਕੇ, ਖਾਣ-ਪੀਣ ਆਦਿ ਨੂੰ ਨਹੀਂ ਸਨ ਸਮਝ ਸਕੇ। ਯੂਰਪ 'ਚ ਪੈਦਾ ਹੋਏ ਮਾਰਕਸਵਾਦ ਨੂੰ ਆਪਣੇ ਅਨੁਕੂਲ ਨਾ ਕਰ ਸਕੇ। ਆਪਣੇ ਪੀਰ-ਪੈਗੰਬਰਾਂ ਦੇ ਸਿਧਾਂਤਾਂ ਤੋਂ ਪੂਰੀ ਤਰ੍ਹਾਂ ਅਨਜਾਣ ਹੀ ਬਣੇ ਰਹੇ।

ਕਰਮੇ ਨੇ ਆਪਣੀ ਜਵਾਨੀ ਦੇ ਦੌਰ ਦੇ ਬੜੇ ਮਹਿੰਗੇ ਸਾਲ ਐਵੇਂ ਹੀ ਗਵਾ ਧਰੇ। ਸਵਾਲ—ਕੀ ਕਰਮੇ ਦਾ ਇੰਝ ਕਰਨਾ ਠੀਕ ਸੀ ? ਨਾ ਉਹ ਗੁਰੂ ਦਾ ਹੋ ਸਕਿਆ ਤੇ ਨਾ ਹੀ ਮਾਰਕਸ ਲੈਨਿਨ ਮਾਓ ਦਾ। ਕੀ ਇੰਝ ਕੱਲ੍ਹੇ ਕਰਮੇ ਨਾਲ ਹੀ ਹੋਇਆ ਜਾਂ ਹੋਰ ਵੀ ਸਨ। ਨਹੀਂ, ਕੱਲ੍ਹੇ ਕਰਮੇ ਨਾਲ ਹੀ ਨਹੀਂ ਇੰਝ ਤਾਂ ਪੂਰੀ ਦੁਨੀਆ ਦੀ ਧਰਤੀ ਦੇ ਲੋਕਾਂ ਨਾਲ ਹੋਇਆ। ਜਿਥੇ ਕਿਤੇ ਵੀ ਲੋਕਾਂ ਨੇ ਇਸ ਨਵੀਂ ਵਿਚਾਰਧਾਰਾ ਨੂੰ ਕਬੂਲ ਕੀਤਾ ਅਤੇ ਅਮਲੀ ਜਾਮਾ ਦੇਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਵਿੱਚੋਂ ਬਹੁ-ਗਿਣਤੀ ਨੂੰ ਮੂੰਹ ਦੀ ਖਾਣੀ ਪਈ। ਵਿਰੋਧੀਆਂ ਨੇ ਇਨ੍ਹਾਂ ਲੋਕਾਂ ਦੀਆਂ ਕੁਲਾਂ ਗਾਲ਼ ਦਿੱਤੀਆਂ। ਅਜਿਹੇ ਅੱਤਿਆਚਾਰ ਕੀਤੇ ਗਏ ਕਿ ਅੰਬਰ ਵੀ ਰੋ ਪਿਆ। ਜਿਥੇ ਕੁਝ ਥਾਵਾਂ ’ਤੇ ਕਾਮਯਾਬੀ ਮਿਲੀ ਉਹ ਵੀ ਵਕਤੀ ਹੀ ਸੀ। ਉਥੇ ਵੀ ਛੇਤੀ ਸਭ ਕੁਝ ਢਹਿ-ਢੇਰੀ ਹੋ ਗਿਆ। ਜਿਥੇ ਅੱਜ ਕਿਤੇ ਦਾਅਵਾ ਕੀਤਾ ਜਾਂਦਾ ਹੈ ਉਥੇ ਲੋਕ ਬੋਲ ਨਹੀਂ ਸਕਦੇ। ਉਹ ਆਪਣਾ ਦੁੱਖ-ਦਰਦ ਦੱਸ ਨਹੀਂ ਸਕਦੇ। ਉਹ ਕਿਤੇ ਜਾਇਜ਼ ਵਿਰੋਧ ਵੀ ਨਹੀਂ ਕਰ ਸਕਦੇ। ਦਰਅਸਲ ਨਵੀਂ ਕਿਸਮ ਦੀ ਤਾਨਾਸ਼ਾਹੀ ਹੈ। ਸ਼ਾਇਦ ਇਹ ਪਹਿਲੀ ਤਾਨਾਸ਼ਾਹੀ ਤੋਂ ਵੀ ਵਧੇਰੇ ਕਰੂਰ ਹੈ।

ਇਸ ਦੀ ਜਿਉਂਦੀ-ਜਾਗਦੀ ਪ੍ਰਤੱਖ ਮਿਸਾਲ 21ਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਜੋ ਕੁਝ ਅੱਜ ਰੂਸ ਅੰਦਰ ਵਾਪਰ ਰਿਹਾ ਹੈ।

ਅਨੇਕਾਂ ਸੁਆਲ ਕਰਮੇ ਦੇ ਦਿਮਾਗ਼ ਵਿਚ ਆਉਂਦੇ ਪਰ ਕਿਧਰੋਂ ਕੋਈ ਠੋਸ ਜਵਾਬ ਨਾ ਮਿਲਦਾ।

ਪਿੰਡੀਂ ਥਾਈਂ ਕੁਝ ਐਸੀਆਂ ਘਟਨਾਵਾਂ ਜਿਨ੍ਹਾਂ ਪਿੱਛੇ ਖੱਬੇ-ਪੱਖੀ ਵਿਚਾਰਧਾਰਾ ਦਾ ਅਸਰ ਵੀ ਬਹੁਤ ਹੋਇਆ। ਘੱਟੋ-ਘੱਟ ਪੰਜਾਬ ਅੰਦਰ ਨੌਜਵਾਨਾਂ ਨੂੰ ਸਭ ਤੋਂ ਵੱਧ ਏਸ ਵਿਚਾਰਧਾਰਾ ਨੇ ਆਪਣੇ ਵੱਲ ਖਿੱਚਿਆ। ਉਨ੍ਹਾਂ ਨੂੰ ਇਕਜੁੱਟ ਜੱਥੇਬੰਦ ਹੋ ਕੇ ਲੜਨਾ ਸਿਖਾਇਆ। ਅਚੇਤ ਮਨਾਂ ਨੂੰ ਸੁਚੇਤ ਕੀਤਾ। ਪੜ੍ਹੇ-ਲਿਖੇ ਬੇਰੁਜ਼ਗਾਰਾਂ ਨੂੰ ਨਵੀਂ ਸੇਧ ਮਿਲੀ। ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਕੀਤਾ।

ਪਰ ਦੂਜੇ ਪਾਸੇ ਮਾੜੀਆਂ ਗੱਲਾਂ ਵੀ ਹੋਈਆਂ। ਹਰੀ ਕ੍ਰਾਂਤੀ ਦੇ ਦੈਂਤ ਨੇ

ਕੁਝ ਹੀ ਸਮੇਂ ਵਿਚ ਬਹੁਤ ਕੁਝ ਡਕਾਰ ਲਿਆ। ਜੰਗਲ-ਬੇਲੇ ਜੂਹਾਂ ਆਬਾਦ ਹੋਣੀਆਂ ਸ਼ੁਰੂ ਹੋ ਗਈਆਂ। ਕਿੱਕਰਾਂ, ਟਾਹਲੀਆਂ, ਬੋਹੜ, ਪਿੱਪਲ ਡਰਨ ਲੱਗੇ। ਪਸ਼ੂਆਂ ਦੀਆਂ ਚਰਾਂਦਾਂ ਗੁਆਚ ਗਈਆਂ। ਬਨਸਪਤੀ ਸਜ਼ਾ ਦੀ ਪਾਤਰ ਹੋ ਗਈ ਬਿਨਾਂ ਕਿਸੇ ਕਸੂਰ ਦੇ। ਵਢਾਂਗੇ ਦੀ ਭੇਟ ਚੜ੍ਹਨ ਲੱਗੀ। ਪਿੰਡਾਂ ਦੀਆਂ ਮੁਟਿਆਰਾਂ 'ਤੋਂ ਪੀਂਘਾਂ ਰੁੱਸ ਗਈਆਂ। ਮਾਨੋ ਗੁੱਲੀ-ਡੰਡਾ, ਖਿੱਦੋ-ਖੂੰਡੀ ਘਰਾਂ ਦੀਆਂ ਨੁੱਕਰਾਂ ਵਿਚ ਬੈਠੇ ਆਪਣੇ ਹਾਣੀਆਂ ਨੂੰ ਉਡੀਕਦੇ ਹੀ ਰਹੇ।

ਹਿੰਦੋਸਤਾਨ ਦੀ ਹਕੂਮਤ ਨੇ ਅਨਾਜ ਉਤੇ ਆਤਮ ਨਿਰਭਰਤਾ ਹਾਸਲ ਕਰਨ ਲਈ ਸਭ ਤੋਂ ਪਹਿਲਾਂ ਪੰਜਾਬ ਨੂੰ ਹੀ ਬਲੀ ਦਾ ਬੱਕਰਾ ਬਣਾਇਆ। ਪੰਜਾਬ ਦੇ ਕਿਸਾਨਾਂ ਨੂੰ ਹਰੀ ਕ੍ਰਾਂਤੀ ਦਾ ਅਜਿਹਾ ਟੀਕਾ ਲਾਇਆ ਕਿ ਅਖ਼ੀਰ ਇਸ ਟੀਕੇ ਦਾ ਰੂਪ ਬਦਲ ਕੇ ਕਿਸੇ ਹੋਰ ਟੀਕੇ ਦੇ ਰੰਗ ਵਿਚ ਬਦਲ ਗਿਆ। ਟੀਕੇ ਦੇ ਇਸ ਬਦਲੇ ਰੂਪ ਨੇ ਹਜ਼ਾਰਾਂ ਘਰਾਂ ਵਿਚ ਸੱਥਰ ਵਿਛਾ ਦਿੱਤੇ। ਨੌਜਵਾਨ ਸੁੱਧ-ਬੁੱਧ ਗਵਾਉਣ ਲੱਗੇ। ਖ਼ੁਦਕਸ਼ੀਆਂ ਦਾ ਦੌਰ ਸ਼ੁਰੂ ਹੋ ਗਿਆ। ਨਸ਼ਿਆਂ ਦਾ ਪਾਸਾਰ ਜਿਵੇਂ ਕਿਧਰੇ ਚੀਨ ਵਿਚ ਸਤਾਰ੍ਹਵੀਂ ਸਦੀ ਦਾ ਅਫੀਮ ਦਾ ਦੌਰ ਸੀ।

ਆਪਣੀ ਭੁੱਖ-ਮਰੀ ਦਾ ਜੂਲਾ ਗਲੋਂ ਲਾਹੁਣ ਲਈ ਹਿੰਦੋਸਤਾਨ ਦੀ ਹਕੂਮਤ ਬੜੀ ਡੂੰਘੀ ਸਾਜ਼ਿਸ਼ ਰਚ ਕੇ ਪੰਜਾਬ ਨੂੰ ਆਪਣਾ ਨਿਸ਼ਾਨਾ ਬਣਾਇਆ ਜਿਸ ਰਾਹੀਂ ਇਕ ਤਾਂ ਉਹ ਅਨਾਜ ਦੀ ਅਮਰੀਕਾ ਤੋਂ ਖ਼ਰੀਦਦਾਰੀ ਤੋਂ ਸੁਰਖ਼ਰੂ ਹੋਏ ਤੇ ਦੂਸਰਾ ਪੰਜਾਬ ਅੰਦਰ ਇਕ ਅਜਿਹਾ ਵਾਤਾਵਰਨ ਪੈਦਾ ਕੀਤਾ ਗਿਆ ਜਿਸ ਨੇ ਸਭਿਆਚਾਰਕ, ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਖੇਤਰਾਂ ਵਿਚ ਬੇਜੋੜ ਅਤੇ ਅਸਾਵੇਂ ਰਿਸ਼ਤੇ ਬਣਾ ਦਿੱਤੇ।

ਹਰੇ ਇਨਕਲਾਬ ਦੀ ਆੜ ਹੇਠ ਅਮੀਰ ਕਿਰਸਾਨੀ ਨੇ ਸਰਕਾਰੀ ਸਹੂਲਤਾਂ ਨੂੰ ਰੱਜ ਕੇ ਲੁੱਟਿਆ। ਸਹਿਕਾਰੀ ਸਭਾਵਾਂ, ਮਾਰਟਗੇਜ਼ ਬੈਂਕਾਂ ਨੂੰ ਆਪਣੇ ਕਬਜ਼ਿਆਂ ਵਿਚ ਕਰ ਲਿਆ। ਵੱਡੇ-ਵੱਡੇ ਖੇਤੀ ਫਾਰਮ ਹੋਂਦ ਵਿਚ ਆ ਗਏ। ਗਰੀਬ ਦਰਮਿਆਨੀ ਕਿਸਾਨੀ ਨੂੰ ਭਾਰੀ ਕਰਜ਼ਿਆਂ ਦਾ ਬੋਝ ਝੱਲਣਾ ਪਿਆ। ਮੰਡੀ ਵਿਚ ਮੁਕਾਬਲਾ ਸਖ਼ਤ ਹੋ ਗਿਆ ਤੇ ਛੋਟੇ ਕਿਸਾਨਾਂ ਨੂੰ ਹੋਰ ਛੋਟੇ-ਛੋਟੇ ਧੰਦਿਆਂ ਵੱਲ ਮੂੰਹ ਕਰਨਾ ਪਿਆ। ਇਨ੍ਹਾਂ ਲੋਕਾਂ ਨੂੰ ਸ਼ਹਿਰੀ ਖੇਤਰਾਂ ਵੱਲ ਰੁਜ਼ਗਾਰ ਦੀ ਭਾਲ ਵਿਚ ਭਟਕਣਾ ਪਿਆ।

ਟਰੈਕਟਰਾਂ ਦੀ ਭਰਮਾਰ ਨੇ ਖੇਤੀ ਦਾ ਪੂਰੀ ਤਰ੍ਹਾਂ ਮਸ਼ੀਨੀਕਰਨ ਕਰਨਾ ਸ਼ੁਰੂ ਕਰ ਦਿੱਤਾ। ਖਾਦਾਂ, ਕੀੜੇਮਾਰ ਦਵਾਈਆਂ ਨੇ ਧਰਤੀ ਵਿੱਚੋਂ ਕੁਦਰਤੀ ਤੱਤਾਂ ਨੂੰ ਸਾੜਨਾ ਸ਼ੁਰੂ ਕਰ ਦਿੱਤਾ। ਝੋਨੇ ਦੀ ਬੀਜਾਈ ਹੇਠ ਜ਼ਿਆਦਾ ਰਕਬਾ ਆਉਣਾ ਸ਼ੁਰੂ ਹੋ ਗਿਆ। ਕਿਉਂਕਿ ਲੋਕ ਨਹਿਰੀ ਪਾਣੀਆਂ ਦੀ ਬਜਾਏ ਜ਼ਿਆਦਾ ਟਿਊਬਵੈੱਲ

ਲਗਾਉਣ ਲੱਗੇ ਇਸ ਕਰਕੇ ਸਾਉਣੀ ਦੀ ਫ਼ਸਲ ਨੇ ਧਰਤੀ ਹੇਠਲੇ ਪਾਣੀ ਨੂੰ ਗਟਾ-ਗਟ ਪੀਣਾ ਸ਼ੁਰੂ ਕਰ ਦਿੱਤਾ। ਅੱਜ ਹਾਲਾਤ ਇਹ ਹਨ ਕਿ ਜਿਹੜਾ ਪਾਣੀ 1960 ਵਿਚ ਧਰਤੀ ਹੇਠੋਂ 25-30 ਫੁੱਟ ਤਕ ਮਿਲ ਜਾਂਦਾ ਸੀ ਅੱਜ ਉਹ 100-150 ਫੁੱਟ ਤਕ ਵੀ ਨਹੀਂ ਲੱਭਦਾ। ਪੰਜਾਬ ਵਿਚ ਔਸਤਨ ਪਾਣੀ ਦੇ ਬੋਰ 250-300 ਫੁੱਟ ਤਕ ਚਲੇ ਗਏ ਹਨ।

ਕਰਮੇ ਨੂੰ ਯਾਦ ਆਇਆ ਜਦੋਂ ਥੇਹ ਵਾਲੀਆਂ ਪੈਲੀਆਂ ਦੇ ਟਿੱਬੇ ਉੱਤੇ ਬੈਠੇ ਬਾਬਾ ਸੁਰੈਣੂ ਵੱਡੇ ਨੰਬਰਦਾਰ ਨਾਲ ਗੱਲੀਂ ਪਿਆ ਹੋਇਆ ਕਹਿ ਰਿਹਾ ਸੀ:

"ਭਾਈਆ : ਏਡੀ ਲੱਗੀ ਭੱਜ-ਦੌੜ ਕਿੱਥੇ ਜਾ ਕੇ ਰੁਕੇਗੀ?"

"ਜਦੋਂ ਕਦੇ ਬੰਦਾ ਕੁਦਰਤ ਨੂੰ ਪਿਆਰ ਕਰਨ ਲੱਗੂ।"

"ਉਹ ਕਦੋਂ ਕਰੂ ?"

"ਉਦੋਂ ਜਦੋਂ ਕੁਦਰਤ ਨੇ ਆਪਣੇ ਰੰਗ ਵਿਖਾਏ ਤੇ ਅਸੀਂ ਸਾਰੇ ਬੇਬਸ ਹੋ ਜਾਵਾਂਗੇ।"

"ਮਤਲਬ ਅਸੀਂ ਆਪਣੇ ਕੀਤੇ ਦਾ ਫ਼ਲ ਪਾ ਰਹੇ ਹਾਂ।"

"ਹੋਰ ਕੀ ਏ ?"

"ਇਹੀ ਤਾਂ ਬਾਬਾ ਨਾਨਕ ਦੱਸਦਾ-ਦੱਸਦਾ ਤੁਰ ਗਿਆ ਪਰ ਅਸੀਂ ਹੀ ਬੜੇ ਜ਼ਿੱਦੀ ਨਿਕਲੇ।"

"ਉਹ ਤਾਂ ਸਾਰੀ ਉਮਰ ਸਹਿਜ, ਸਾਦਗੀ, ਸਬਰ, ਸੰਤੋਖ ਨਾਲ ਜਿਉਣ ਦਾ ਵੱਤਰ ਦੱਸਦੇ ਚਲੇ ਗਏ।"

"ਬੰਦੇ ਨੇ ਕਾਇਨਾਤ ਨਾਲ ਹੀ ਸ਼ਰੀਕਾ ਸਹੇੜ ਲਿਆ। ਅਸੀਂ ਬਹੁਤਾ ਲੱਭਦੇ-ਲੱਭਦੇ ਦੂਰ ਨਿਕਲ ਗਏ। ਆਪਣੀ ਮਿੱਟੀ ਨਾਲ ਵੈਰ ਪਾ ਰਹੇ ਹਾਂ। ਪਾਣੀਆਂ ਨੂੰ ਨਾਰਾਜ਼ ਕਰ ਰਹੇ ਹਾਂ ਤੇ ਹਵਾ ਨਾਲ ਗੱਲਾਂ ਕਰਨ ਤੋਂ ਮੁਨਕਰ ਹੋ ਗਏ ਹਾਂ।"

ਜਦੋਂ ਪਾਣੀਆਂ ਦੀ ਗੱਲ ਹੋ ਰਹੀ ਸੀ ਤਾਂ ਕਰਮਾ ਢਿੱਡ ਭਾਰ ਹੋ ਕੇ ਆਡ ਵਿੱਚੋਂ ਖੂਹ ਦਾ ਆ ਰਿਹਾ ਪਾਣੀ ਪੀ ਰਿਹਾ ਸੀ ਤੇ ਬੁੱਕ ਭਰ ਕੇ ਆਪਣੇ ਮੂੰਹ 'ਤੇ ਸੁੱਟ ਚੁੱਕਾ ਸੀ। ਉਸ ਨੂੰ ਇੰਝ ਲੱਗਿਆ ਜਿਵੇਂ ਸ਼ਾਇਦ ਹੀ ਕਿਤੇ ਫੇਰ ਐਸਾ ਸਬੱਬ ਬਣੇਗਾ। ਜੇ ਕਿਧਰੇ ਬਣ ਵੀ ਗਿਆ ਤਾਂ ਖੂਹ ਨਹੀਂ ਰਹਿਣਗੇ। ਜੇ ਕਿਧਰੇ ਖੂਹ ਮਿਲ ਵੀ ਗਏ ਤਾਂ ਪਾਣੀ ਪਲੀਤ ਹੋ ਚੁੱਕਾ ਹੋਵੇਗਾ।

ਦੋ ਬਜ਼ੁਰਗ ਜਿਵੇਂ ਆਉਣ ਵਾਲੇ ਵਕਤ ਦੀਆਂ ਕਿਆਸ-ਅਰਾਈਆਂ ਲਗਾ ਰਹੇ ਸਨ। ਜਿਵੇਂ ਦੱਸ ਰਹੇ ਸਨ : ਬੰਦਿਆ! ਤੂੰ ਆਪਣੀ ਮੌਤ ਸਹੇੜ

ਰਿਹਾ ਏਂ। ਜੇ ਬਚ ਸਕਦਾ ਏਂ ਤਾਂ ਬਚ ਜਾ ਵਰਨਾ ਤੇਰੀ ਜ਼ਿੰਦਗੀ ਬੇਅਰਥ, ਬੇਮਾਅਨੇ, ਬੇਰੰਗੀ ਹੋਈ ਹੀ ਹੋਈ ਲੈ!

ਪੁਰਾਣੇ ਬਜ਼ੁਰਗ ਅਨਪੜ੍ਹ ਜ਼ਰੂਰ ਹੁੰਦੇ ਸਨ ਫਿਰ ਵੀ ਉਨ੍ਹਾਂ ਵਿਚ ਦਿੱਬ-ਦ੍ਰਿਸ਼ਟੀ ਹੁੰਦੀ ਹੀ ਸੀ। ਉਹ ਤੁਰੇ-ਤੁਰੇ ਜਾਂਦੇ ਵੀ ਆਉਂਦੇ-ਜਾਂਦੇ ਲੋਕਾਂ ਦੀ ਚਾਲ ਤੋਂ ਹੀ ਅੰਦਾਜ਼ੇ ਲਗਾ ਲੈਂਦੇ ਸਨ ਕਿ ਕੌਣ ਕਿੰਨੇ ਕੁ ਪਾਣੀ ਵਿਚ ਹੈ ਤੇ ਕਿੰਨੀ ਕੁ ਅਕਲ ਦਾ ਮਾਲਕ ਹੈ। ਅਗਰ ਕਿਧਰੇ ਗੱਲ ਬੋਲ-ਚਾਲ ਤਕ ਚਲੇ ਜਾਣੀ ਤਾਂ ਕਈ ਵੇਰ ਅਗਲੇ ਕਸੂਤੀ ਸਥਿਤੀ ਵਿਚ ਵੀ ਫਸ ਜਾਂਦੇ। ਪਿੰਡਾਂ ਵਿਚ ਇਹ ਸਿਆਣੀ ਉਮਰ ਦੇ ਲੋਕ ਰੱਬ ਜਾਣੇ ਕੀ ਕੁਝ ਆਪਣੇ ਅੰਦਰ ਲਈ ਬੈਠੇ ਹੁੰਦੇ! ਐਵੇਂ ਨਹੀਂ ਕਹਿੰਦੇ, ਸਿਆਣਿਆਂ ਦਾ ਕਿਹਾ ਤੇ ਔਲੇ ਦਾ ਖਾਧਾ ਬਾਅਦ ਵਿਚ ਪਤਾ ਲੱਗਦਾ!

ਚਮਕ-ਦਮਕ ਤੇ ਵਿਖਾਵੇ ਨੇ ਆਮ ਲੋਕਾਂ ਦੀ ਸੋਚ ਨੂੰ ਗ੍ਰਹਿਣ ਹੀ ਲਾ ਦਿੱਤਾ। ਲੋਕਾਂ ਨੇ ਆਪਣੀ ਔਕਾਤ ਤੋਂ ਬਾਹਰ ਹੋਣਾ ਸ਼ੁਰੂ ਕਰ ਦਿੱਤਾ ਜਿਸ ਕਰਕੇ ਆਪਣੇ ਟੱਬਰਾਂ ਨੂੰ ਮੁਸੀਬਤਾਂ ਵਿਚ ਪਾ ਲਿਆ। ਇੱਕਦਮ ਪੈਦਾਵਾਰ ਵਿਚ ਹੋਏ ਵਾਧੇ ਨੇ ਪੰਜਾਬ ਦੇ ਕਲਚਰ ਨੂੰ ਵਲਗਰ ਭਾਵ ਕਿ ਪ੍ਰਦੂਸ਼ਿਤ ਕਰਨਾ ਸ਼ੁਰੂ ਕਰ ਦਿੱਤਾ। ਲੋਕਾਂ ਦੀ ਦਿਮਾਗ਼ੀ ਪਹੁੰਚ ਅਤੇ ਪੈਦਾਵਾਰੀ ਸਾਧਨਾਂ ਦਾ ਆਪਸੀ ਤਾਲਮੇਲ ਟੁੱਟ ਗਿਆ।

ਮੁਲਖ ਨੂੰ ਪੈਦਾਵਾਰ ਵਿਚ ਪੰਜਾਬ ਨੇ ਅਮੀਰ ਜ਼ਰੂਰ ਕਰ ਦਿੱਤਾ ਤੇ ਵਕਤੀ ਤੌਰ 'ਤੇ ਜੱਟ ਵੀ ਮੁੱਛਾਂ ਨੂੰ ਵੱਟ ਦੇਣ ਲੱਗ ਪਏ ਪਰ ਜਲਦੀ ਹੀ ਜਿੱਥੇ ਇਹ ਮੁੱਛਾਂ ਨੀਵੇਂ ਪਾਸੇ ਨੂੰ ਹੋਣੀਆਂ ਸ਼ੁਰੂ ਹੋ ਗਈਆਂ ਉਵੇਂ ਹੀ ਕਈਆਂ ਦੀਆਂ ਤਾਂ ਦਿਸਣੋਂ ਵੀ ਹਟ ਗਈਆਂ। ਫੈਸ਼ਨ ਨੇ ਪੱਗਾਂ ਦੀ ਥਾਂ ਟੋਪੀਆਂ ਲੈ ਆਂਦੀਆਂ। ਅਜੀਬੋ-ਗਰੀਬ ਦਾਹੜੀ-ਮੁੱਛਾਂ ਤੇ ਸਿਰ ਦੇ ਵਾਲਾਂ ਦੇ ਰੰਗ-ਢੰਗ ਹੋ ਗਏ।

ਕਰਮੇ ਨੇ ਹੁਣ ਤਕ ਬਹੁਤ ਥੋੜ੍ਹੇ ਸਮੇਂ ਵਿਚ ਕਈ ਸਮਾਜਿਕ ਤਬਦੀਲੀਆਂ ਤੇ ਆਰਥਿਕ ਤਾਣੇ-ਬਾਣੇ ਵਿਚ ਉੱਥਲ-ਪੁੱਥਲ ਵੇਖੀ। ਜੱਟਾਂ ਦੇ ਪੈਰੀਂ ਧੌੜੀ ਦੀ ਜੁੱਤੀ ਦੀ ਥਾਂ ਗੁਰਗਾਬੀ ਨੇ ਲੈ ਲਈ। ਚਿੱਟੇ ਰੰਗ ਦੇ ਚਾਦਰ-ਕੁੜਤੇ ਦੀ ਥਾਂ ਵਧੀਆ ਪਾਪਲੀਨ ਦੇ ਕਮੀਜ਼-ਪਜ਼ਾਮੇ ਜਾਂ ਪੈਂਟ-ਸ਼ਰਟ ਨੇ ਲੈ ਲਈ। ਖੇਤ ਮਜ਼ਦੂਰਾਂ ਦੇ ਪੈਰੀਂ ਧੌੜੀ ਦੀਆਂ ਜੁੱਤੀਆਂ ਆ ਪਈਆਂ। ਪਾਲੀਆਂ ਮੂਹਰੇ 30-30, 40-40 ਦੇ ਵੱਗ ਘੱਟ ਕੇ 5-5, 7-7 ਦੇ ਰਹਿ ਗਏ। ਸਾਉਣ ਮਹੀਨੇ ਦੀ ਰੁੱਤੇ ਸਾਂਵਿਆਂ ਦੀਆਂ ਰੌਣਕਾਂ ਸੁੰਗੜਨ ਲੱਗੀਆਂ। ਪਿੱਪਲੀਂ ਪੀਂਘਾਂ ਦੇ ਹੁਲਾਰੇ ਆਪਣੀ ਚਾਲੋਂ ਟੁੱਟਣ ਲੱਗੇ। ਖੂਹ ਦੀਆਂ ਆਡਾਂ ਸੁੱਕਣ ਲੱਗੀਆਂ। ਬੌਲਦਾਂ ਗਲ ਟੱਲੀਆਂ ਦਾ ਸੰਗੀਤ ਅਲੋਪ ਹੋਣ ਲੱਗਾ। ਪਿੰਡਾਂ ਵਿੱਚੋਂ ਲੁਹਾਰ-ਤਰਖਾਣ

ਨਵੇਂ ਕਾਰੋਬਾਰ ਲੱਭਣ ਲੱਗੇ। ਘੁਮਿਆਰਾਂ ਦੇ ਆਵੇ ਠੰਢੇ ਪੈਣੇ ਸ਼ੁਰੂ ਹੋ ਗਏ। ਮਿੱਟੀ ਦੇ ਬਣਾਏ ਚੁੱਲ੍ਹਿਆਂ ਦੀ ਥਾਂ ਗੈਸ ਵਾਲੇ ਚੁੱਲ੍ਹਿਆਂ ਲੈ ਲਈ। ਪਿੱਤਲ ਦੇ ਗਲਾਸਾਂ ਨੂੰ ਕੱਚ ਦੇ ਗਲਾਸਾਂ ਖਾ ਲਿਆ। ਖੇਤਾਂ ਵਿੱਚੋਂ ਅਨਾਜ ਦੇ ਭਰੇ ਰੇੜ੍ਹਿਆਂ-ਗੱਡਿਆਂ ਦੀ ਥਾਂ ਇਸ ਨਾਲ ਭਰੇ ਟਰੈਕਟਰਾਂ-ਟਰਾਲੀਆਂ ਨੇ ਲੈ ਲਈ। ਜੁਲਾਹਿਆਂ ਦੀਆਂ ਤਾਣੀਆਂ-ਤਾਣੇ ਟੁੱਟਣ ਲੱਗੇ। ਜਿਨ੍ਹਾਂ ਰਾਹਾਂ ’ਤੇ ਪੂਰਾ ਦਿਨ 1-2 ਬੱਸਾਂ ਚੱਲਦੀਆਂ ਸਨ ਉਥੇ 20-20, 25-25 ਬੱਸਾਂ ਚੱਲਣੀਆਂ ਸ਼ੁਰੂ ਹੋ ਗਈਆਂ। ਸਰਕਾਰੀ ਸਕੂਲਾਂ ਵਿੱਚੋਂ ‘ਹਾਜ਼ਰ ਜੀ’ ਦੀ ਆਵਾਜ਼ ਗੁੰਮ ਗਈ। ਚਲੋ, ਇਹਨੂੰ ਅਗਾਂਹਵਧੂ ਕਦਮ ਦੇ ਤੌਰ ’ਤੇ ਲੈ ਲੈਂਦੇ ਹਾਂ। ਪਰ ਬੇਹੱਦ ਬੁਰੀ ਗੱਲ ਇਹ ਹੋਈ ਕਿ ਪ੍ਰਾਈਵੇਟ ਸਕੂਲਾਂ ਦੀ ਲੁੱਟ ਸਿਖਰਾਂ ’ਤੇ ਪਹੁੰਚ ਗਈ।

ਅਜਿਹੇ ਮਾਹੌਲ ਨੇ ਖੇਤੀ ਵਿਚ ਮਸ਼ੀਨੀਕਰਨ ਲੈ ਆਂਦਾ। ਖੇਤ-ਮਜ਼ਦੂਰਾਂ ਦੇ ਕੰਮ ਕਰਨ ਦੇ ਢੰਗ-ਤਰੀਕੇ ਬਦਲਣ ਲੱਗੇ। ਕਿਸਾਨਾਂ ਦੇ ਮੁੰਡੇ ਵਿਹਲੇ ਹੋ ਗਏ। ਫਿਰ ਉਨ੍ਹਾਂ ਬਾਹਰਲੇ ਮੁਲਖਾਂ ਵੱਲ ਮੂੰਹ ਕਰ ਲਿਆ। ਕੁਝ ਹੀ ਸਾਲਾਂ ਵਿਚ ਪੰਜਾਬ ਅੰਦਰ ਇਕ ਅਜਿਹੇ ਕਲਚਰ ਨੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਜਿਸ ਨੂੰ ਬਿਆਨ ਕਰਨਾ ਔਖਾ ਹੋ ਗਿਆ ਹੋਇਐ। ਬੇਰੁਜ਼ਗਾਰੀ ਨੇ ਪੜ੍ਹਿਆਂ-ਲਿਖਿਆਂ ਨੂੰ ਵੀ ਬਾਹਰ ਦਾ ਰਾਹ ਵਿਖਾ ਦਿੱਤਾ ਤੇ ਕਰਮਾ ਵੀ ਉਨ੍ਹਾਂ ਵਿੱਚੋਂ ਹੀ ਇੱਕ ਸੀ।

(6)

## ਮਨ ਨੂੰ ਪਾਕ-ਪਵਿਤਰ ਕਰ ਲੈ, ਮੁੱਕ ਜਾਵਣਗੇ ਝੇੜੇ !
## ਜਿਸ ਮੰਜ਼ਲ ਨੂੰ ਲੱਭਦਾ ਫਿਰਦਾਂ, ਪਾਰ ਹੋਣਗੇ ਬੇੜੇ !

ਕਰਮਾ ਕੁਝ ਵੱਖਰਾ ਕਰਨਾ ਚਾਹੁੰਦਾ ਸੀ। ਉਹ ਬਹੁਤ ਉੱਚੀਆਂ ਉਡਾਰੀਆਂ ਮਾਰਨ ਦੇ ਸੁਪਨੇ ਲੈ ਚੁੱਕਾ ਸੀ। ਪੰਜਾਬ ਵਿਚ ਪੜ੍ਹੇ-ਲਿਖੇ ਨੌਜਵਾਨਾਂ ਦੀ ਬੇਕਦਰੀ ਬੇਰੁਜ਼ਗਾਰੀ, ਕੁਰੱਪਟ ਰਾਜਨੀਤਿਕ ਢਾਂਚਾ, ਪਿੰਡਾਂ ਦੀ ਹਰ ਪਾਸਿਓਂ ਮਾੜੀ ਦੁਰਦਸ਼ਾ ਉਸ ਕੋਲੋਂ ਜਰੀ ਨਹੀਂ ਸੀ ਜਾਂਦੀ। ਕਰਮਾ ਸ਼ਾਇਦ ਆਪਣੇ ਵੱਲੋਂ ਮੁਲਖ ਦੀ ਤਕਦੀਰ ਨੂੰ ਬਦਲਣ ਵਿੱਚ ਆਪਣਾ ਹਿੱਸਾ ਪਾ ਚੁੱਕਾ ਸੀ—ਆਪਣੀ ਸਮਝ ਮੁਤਾਬਕ।

ਆਮ ਸਾਧਾਰਨ ਕਿਸਾਨੀ ਬੜੇ ਮੁਸ਼ਕਲ ਦੌਰ 'ਚ ਲੰਘ ਰਹੀ ਸੀ। ਕਰਮੇ ਨੇ ਮਨ ਬਣਾ ਲਿਆ, ਕਿਉਂ ਨਾ ਕਰਮਾਂ ਵਿਚ ਲਿਖੀਆਂ ਪੁੱਠੀਆਂ ਲਕੀਰਾਂ ਨੂੰ ਸਿੱਧਿਆਂ ਕੀਤਾ ਜਾਵੇ ? ਉਸ ਦੇ ਤਾਏ ਦਾ ਵੱਡਾ ਪੁੱਤਰ ਪਹਿਲਾਂ ਹੀ ਪੱਛਮੀ ਜਰਮਨ ਗਿਆ ਹੋਇਆ ਸੀ। ਉਹ ਵੀ ਮਜਬੂਰੀ ਵੱਸ ਗਿਆ ਸੀ ਕਿਉਂਕਿ ਏਥੇ ਪੰਜਾਬ ਅੰਦਰ ਉਹ ਨਕਸਲਬਾੜੀ ਲਹਿਰ ਨਾਲ ਜੁੜਿਆ ਹੋਣ ਕਰਕੇ ਲੰਬੇ ਸਮੇਂ ਤੋਂ ਭਗੌੜਾ ਚਲਿਆ ਆ ਰਿਹਾ ਸੀ ਤੇ ਪੁਲੀਸ ਨੇ ਉਸ ਨੂੰ ਇਸ਼ਤਿਹਾਰੀ ਮੁਜਰਮ (ਪੀ.ਓ.) ਕਰਾਰ ਕਰ ਛੱਡਿਆ ਸੀ।

ਕਰਮਾ ਆਪਣੀ ਕਿਸਮਤ ਅਜ਼ਮਾਉਣ ਲਈ ਪਹਿਲੀ ਵੇਰ ਦਿੱਲੀ ਤੋਂ ਯੋਗੋਸਲਾਵੀਆ ਲਈ ਉੱਡਿਆ। ਅਸਲ ਵਿਚ ਜਾਣਾ ਤਾਂ ਪੱਛਮੀ ਜਰਮਨੀ ਸੀ ਪਰ ਉਥੋਂ ਤਕ ਪਹੁੰਚਣ ਲਈ ਕਈ ਜੁਗਾੜ ਕਰਨੇ ਪੈਣੇ ਸਨ ਜਿਵੇਂ ਕਿ ਕੋਈ ਚੰਗਾ ਏਜੰਟ ਲੱਭਣਾ ਜਿਹੜਾ ਵੱਖ-ਵੱਖ ਮੁਲਖਾਂ ਰਾਹੀਂ ਟਿਕਾਣੇ ਪਹੁੰਚਾ ਦੇਵੇ। ਯੋਗੋਸਲਾਵੀਆ ਦੀ ਰਾਜਧਾਨੀ ਬੈਲਗਰੇਡ ਪਹੁੰਚ ਕੇ ਪਹਿਲੀ ਰਾਤ ਉਸ ਨੇ ਕਿਸੇ ਦੇ ਘਰੇ Paying Guest ਦੇ ਤੌਰ 'ਤੇ ਕੱਟੀ। ਅਗਲੇ ਦਿਨ ਕੁਝ ਪੰਜਾਬੀ ਮੁੰਡੇ ਮਿਲ ਗਏ। ਇਸ ਤਰ੍ਹਾਂ ਹੌਲੀ-ਹੌਲੀ ਚਾਰ ਜਣਿਆਂ ਦਾ ਗਰੁੱਪ ਬਣ ਗਿਆ। ਪੈਸੇ ਬਚਾਉਣ ਲਈ ਬਾਹਰ ਹੀ ਪਾਰਕਾਂ ਵਿਚ ਰਾਤਾਂ ਕੱਟਣ ਲੱਗੇ ਤੇ ਡੱਬਿਆਂ ਵਿਚਲਾ ਬੰਦ ਭੋਜਨ ਖਾਣਾ ਸ਼ੁਰੂ ਕਰ ਦਿੱਤਾ। ਇਹ ਉਸ ਲਈ ਜ਼ਿੰਦਗੀ ਦਾ ਪਹਿਲਾ ਤਜਰਬਾ ਸੀ। ਪਹਿਲਾ ਜਹਾਜ਼ ਦਾ ਸਫ਼ਰ। ਜਿਵੇਂ ਸਿਕੰਦਰ ਨੇ ਦੁਨੀਆਂ

ਜਿੱਤ ਲਈ ਹੋਵੇ, ਜਿਵੇਂ ਜੋ ਚਾਹਿਆ ਉਹ ਪਾ ਲਿਆ ਹੋਵੇ ! ਉਡਾਰੀ ਦੌਰਾਨ ਕਰਮੇ ਨੇ ਜਿਹੜੀ ਚਿੱਠੀ ਆਪਣੇ ਪਿੰਡ ਨੂੰ ਲਿਖੀ ਇਹ ਕੁਝ ਐਸੀ ਸੀ ਜਿਵੇਂ ਉਸ ਦੇ ਜਜ਼ਬਾਤਾਂ ਤੇ ਵਲਵਲਿਆਂ ਦੀ ਅਖ਼ੀਰਲੀ ਚਿੱਠੀ ਹੋਵੇ ! ਪਰ ਇਸ ਚਿੱਠੀ ਨੂੰ ਕਿਸੇ ਨਾ ਖੋਲ੍ਹਿਆ ਸਿਵਾਏ ............।

ਪੰਜਵੇਂ ਦਿਨ ਬੈਲਗਰੇਡ ਇਕ ਏਜੰਟ ਲੱਭਿਆ ਤੇ ਉਸ ਨਾਲ ਪੈਸਿਆਂ ਦਾ ਸੌਦਾ ਵੀ ਹੋ ਗਿਆ। ਸਾਰਿਆਂ ਸਲਾਹ ਕੀਤੀ ਕਿ ਚੱਲਣ ਤੋਂ ਪਹਿਲਾਂ ਕਿਉਂ ਨਾ ਇਟਲੀ ਦੇ ਸ਼ਹਿਰ ਟਰੱਸਟੀ ਬਿਲਕੁਲ ਸਮੁੰਦਰ ਦੇ ਕਿਨਾਰੇ ਜਾ ਕੇ ਜੀਨ ਦੇ ਕੱਪੜੇ ਖ਼ਰੀਦੇ ਜਾਣ। ਕਰੀਬ ਸਾਢੇ ਤਿੰਨ ਘੰਟੇ ਦੇ ਸਫ਼ਰ ਨੇ ਟਰੱਸਟੀ ਸ਼ਹਿਰ ਲੈ ਆਂਦਾ। ਅੱਗੇ ਕੋਈ ਖਾਸ ਦਿਨ ਹੋਣ ਕਰਕੇ ਛੁੱਟੀ ਸੀ ਤੇ ਸਾਰਾ ਸ਼ਹਿਰ ਬੰਦ ਪਿਆ ਸੀ। ਸਮੁੰਦਰ ਦੀਆਂ ਲਹਿਰਾਂ ਤੇ ਛੱਲਾਂ ਕੋਲ ਕੁਝ ਵਕਤ ਬਿਤਾਉਣ ਮਗਰੋਂ ਵਾਪਿਸ ਚਾਲੇ ਪੈ ਚੁੱਕੇ ਸਨ। ਦਿਨ ਸਿਆਲੀ ਸਨ। ਕਿਧਰੇ-ਕਿਧਰੇ ਬਰਫ਼ ਪੈ ਚੁੱਕੀ ਸੀ। ਰਸਤਾ ਬਿਲਕੁਲ ਪਹਾੜੀ ਸੀ। ਜਿਵੇਂ ਕਾਲਕਾ ਤੋਂ ਸ਼ਿਮਲੇ ਦਾ ਹੋਵੇ। ਕਿਧਰੇ ਸੜਕ ਦੇ ਇਕ ਪਾਸੇ ਉੱਚੇ-ਉੱਚੇ ਪਰਬਤ ਤੇ ਦੂਸਰੇ ਪਾਸੇ ਡੂੰਘੀਆਂ ਖੱਡਾਂ ਆਪਣਾ ਮੂੰਹ ਅੱਡੀ ਬੈਠੀਆਂ ਸਨ। ਏਨੀਆਂ ਡੂੰਘੀਆਂ ਕਿ ਹੇਠਾਂ ਬਣੇ ਘਰ ਛੋਟੀਆਂ-ਛੋਟੀਆਂ ਡੱਬੀਆਂ ਹੀ ਲੱਗਦੇ ਸਨ। ਹਨ੍ਹੇਰਾ ਪੂਰੀ ਤਰ੍ਹਾਂ ਪਸਰ ਚੁੱਕਾ ਸੀ। ਇਕ ਥਾਂ ਆ ਕੇ ਸੜਕ ਦਾ ਮੋੜ ਬੜਾ ਤਿੱਖਾ ਆ ਗਿਆ। ਤੇਜ਼ ਕਾਰ ਜਿਸ ਵਿਚ ਪੰਜ ਜਣੇ ਸਵਾਰ ਸਨ, ਡੂੰਘਾਈ ਵਾਲੇ ਪਾਸੇ ਲੱਗੇ ਬੈਰੀਅਰ ਨਾਲ ਜਾ ਕੇ ਏਨੀ ਬੁਰੀ ਤਰ੍ਹਾਂ ਟਕਰਾਈ ਕਿ ਸੜਕ ਉੱਤੇ ਜੰਮੀ ਬਰਫ਼ ਨੇ ਕਾਰ ਨੂੰ ਤਿੰਨ ਵੇਰ ਭੰਬੀਰੀ ਵਾਂਗ ਘੁਮਾ ਦਿੱਤਾ ਤੇ ਅਖ਼ੀਰ ਡੂੰਘੀ ਖੱਡ ਦੇ ਕਿਨਾਰੇ ਇੰਝ ਜਾ ਕੇ ਅੜ ਗਈ ਜਿਵੇਂ ਕਹਿ ਰਹੀ ਹੋਵੇ 'ਜਾਓ ਤੁਹਾਨੂੰ ਕੁਝ ਹੋਰ ਸਾਲ ਜੀਉਣ ਲਈ ਬਖਸ਼ ਦੇਂਦੀ ਹਾਂ ਤੇ ਅੱਗੇ ਤੋਂ ਬੰਦਿਆਂ ਵਾਂਗ ਜੀਉਣਾ ਸਿੱਖ ਲਉ !'

ਬੰਦਾ ਏਡੀ ਛੇਤੀ ਕਿੱਥੇ ਮਰਦਾ ! ਉਦੋਂ ਹੀ ਛੇਤੀ ਮਰਦਾ ਜਦੋਂ ਬਹੁਤ ਕਾਹਲ ਹੋਵੇ। ਐਵੇਂ ਨਹੀਂ ਕਹਿੰਦੇ, ਕਾਹਲੀ ਅੱਗੇ ਟੋਏ ! ਕਾਹਲੀ ਇਨ੍ਹਾਂ ਦੇ ਸਿਰ ਚੜ੍ਹ ਕੇ ਬੋਲ ਰਹੀ ਸੀ। ਅਗਲੇ ਦਿਨ ਬੈਲਗਰੇਡ ਤੋਂ ਤੁਰਨਾ ਸੀ। ਡਰਾਈਵਰ ਕੋਲ ਕਾਰ ਦਾ ਪੰਜਵਾਂ ਵਾਧੂ ਟਾਇਰ ਨਹੀਂ ਸੀ। ਮਿਲਦੀ-ਜੁਲਦੀ ਕਾਰ ਦਾ ਟਾਇਰ ਚੋਰੀ ਕਰਦਾ ਫੜਿਆ ਗਿਆ। ਉਹ ਕਾਹਦਾ ਫੜਿਆ ਗਿਆ ਉਸ ਨਾਲ ਚਾਰ ਹੋਰ ਵੀ ਫੜੇ ਗਏ। ਪੁਲਿਸ ਠਾਣੇ ਵਿਚ ਇਕ ਰਾਤ ਰਹਿਣਾ ਪਿਆ ਤੇ ਅਗਲੇ ਦਿਨ ਜ਼ੁਰਮਾਨਾ ਭਰ ਕੇ ਹੀ ਬਾਹਰ ਆਏ।

ਕਰਮੇ ਨੂੰ ਉਦੋਂ ਬਹੁਤ ਦੁੱਖ ਹੋਇਆ ਜਦ ਠਾਣੇ ਵਾਲਿਆਂ ਨੇ ਉਹਦੇ ਬੈਗ 'ਚ ਨਵਾਂ-ਨਵਾਂ ਬੜੀ ਮੁਸ਼ਕਲ ਖ਼ਰੀਦਿਆ ਜਸਵੰਤ ਸਿੰਘ ਕੰਵਲ ਦਾ ਨਾਵਲ

'ਲਹੂ ਦੀ ਲੋਅ' ਵਾਪਿਸ ਨਾ ਕੀਤਾ। ਕਰਮੇ ਨੇ ਬਥੇਰਾ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ : 'ਸਾਲਿਓ ਇਹ ਨਾਵਲ ਵੀ ਤਾਂ ਆਖਰ ਤੁਹਾਡੇ ਮੁਲਖ ਦੀ ਵਿਚਾਰਧਾਰਾ ਦਾ ਹੀ ਰੂਪ ਹੈ!' ਪਰ ਮੱਝ ਮੂਹਰੇ ਬੰਸਰੀ ਵਜਾਉਣ ਵਾਲੀ ਹੀ ਬਾਤ ਸੀ। ਸ. ਜਸਵੰਤ ਸਿੰਘ ਕੰਵਲ ਨੇ ਬੜੀ ਮੁਸ਼ਕਲ ਨਾਲ ਇਹ ਕਿਤਾਬ ਸਿੰਘਾਪੁਰ ਤੋਂ ਛਪਵਾਈ ਸੀ ਜਿਸ ਵਿਚ ਉਸ ਨੇ ਪੰਜਾਬ ਅੰਦਰ ਨੌਜਵਾਨਾਂ 'ਤੇ ਪੁਲੀਸ ਦੀਆਂ ਵਧੀਕੀਆਂ ਦਾ ਵਰਣਨ ਕੀਤਾ ਸੀ। ਕਰਮੇ ਨੂੰ ਫੜੇ ਜਾਣ ਦਾ ਦੁੱਖ ਘੱਟ ਪਰ ਕਿਤਾਬ ਹੱਥੋਂ ਨਿਕਲ ਜਾਣ ਦਾ ਝੋਰਾ ਜ਼ਿਆਦਾ ਸੀ।

ਕਿੰਝ ਕੋਹ-ਕੋਹ ਕੇ ਨੌਜਵਾਨ ਪਾੜ੍ਹਿਆਂ ਉੱਪਰ ਅਣਮਨੁੱਖੀ ਤਸ਼ੱਦਦ ਢਾਹਿਆ ਗਿਆ, ਕਿੰਝ ਉਨ੍ਹਾਂ ਨੂੰ ਜਿਉਂਦੇ-ਜੀਅ ਫੜ ਕੇ ਗੰਨੇ ਪੀੜਨ ਵਾਲੇ ਵੇਲਣਿਆਂ ਵਿੱਚੋਂ ਦੀ ਲੰਘਾਇਆ ਗਿਆ। ਕਰਮਾ ਕਿਸ ਤਰ੍ਹਾਂ ਭੁੱਲ ਸਕਦਾ ਸੀ ਜਿਸ ਦਾ ਚੰਡੀਗੜ੍ਹ ਪੜ੍ਹਦਿਆਂ ਕੁਰਾਲੀ ਲਾਗੇ ਪਿੰਡ ਚਿੰਤਗੜ੍ਹ ਤੋਂ ਇਕ ਦੋਸਤ ਹਰਮੀਤ ਫੜ ਕੇ ਅਹਿਮਦਗੜ੍ਹ ਮੰਡੀ 'ਚ ਹੋਏ ਝੂਠੇ ਪੁਲੀਸ ਮੁਕਾਬਲੇ ਵਿਚ ਮਾਰ-ਮੁਕਾਇਆ ਗਿਆ ਸੀ।

ਕਰਮੇ ਨੇ ਅਜੇ 'ਲਹੂ ਦੀ ਲੋਅ' ਕਿਤਾਬ ਪੜ੍ਹਨੀ ਸ਼ੁਰੂ ਹੀ ਕੀਤੀ ਸੀ ਕਿ ਉਹ ਐਵੇਂ ਹੀ ਅਚਨਚੇਤ ਕਿਧਰੇ ਹੱਥੋਂ ਨਿਕਲ ਗਈ ਜਿਵੇਂ ਪੰਜਾਬ ਦੀਆਂ ਸੈਂਕੜੇ ਮਾਵਾਂ ਕੋਲੋਂ ਉਨ੍ਹਾਂ ਦੇ ਪੁੱਤ ਚਾਣਚੱਕ ਅਲੋਪ ਹੋ ਗਏ ਸਨ। ਕਰਮੇ ਨੂੰ ਪੜ੍ਹਦਿਆਂ ਇੰਝ ਮਹਿਸੂਸ ਹੋਇਆ ਜਿਵੇਂ ਉਹ ਖ਼ੁਦ ਹੀ ਇਸ ਨਾਵਲ ਦਾ ਮੁੱਖ ਕਿਰਦਾਰ ਹੋਵੇ ! ਉਹ ਵੀ ਤਾਂ ਆਪਣੀ ਜ਼ਿੰਦਗੀ ਦੇ 7-8 ਸਾਲ ਇਸ ਵਿਚਾਰਧਾਰਾ ਨਾਲ ਜੁੜਿਆ ਰਿਹਾ ਸੀ।

ਪੂਰਬੀ ਤੋਂ ਪੱਛਮੀ ਜਰਮਨ ਦਾਖ਼ਲ ਹੁੰਦਿਆਂ ਪੰਜ ਮੁੰਡੇ ਫੜੇ ਗਏ। ਇਕ ਮੁੰਡਾ ਜਲੰਧਰ ਜ਼ਿਲ੍ਹੇ ਦੇ ਪਿੰਡ ਦਾ ਸੀ ਜਿਸ ਦੀ ਮਾਂ ਨੇ ਉਸ ਨੂੰ ਕਿਸੇ ਦਰਗਾਹ ਤੋਂ ਮਿੱਟੀ ਕੱਪੜੇ ਵਿਚ ਬੰਨ੍ਹ ਕੇ ਦਿੱਤੀ ਸੀ ਜਿਸ ਨੇ ਉਸ ਨੂੰ 'ਧੁਰ' ਤਕ ਉਸ ਦੀ ਮੰਜ਼ਲ 'ਤੇ ਪਹੁੰਚਾਉਣਾ ਸੀ। ਬਾਰਡਰ 'ਤੇ ਤਲਾਸ਼ੀ ਦੌਰਾਨ ਜਰਮਨ ਪੁਲੀਸ ਨੇ ਮੁੰਡੇ ਨੂੰ ਪੁੱਛਿਆ, 'ਇਹ ਕੀ ਹੈ ?' ਉਹ ਵਿਚਾਰਾ ਕੀ ਦੱਸਦਾ!

ਉਸ ਮੁੰਡੇ ਨੇ ਸਿਰੇ ਤਾਂ ਕੀ ਲੱਗਣਾ ਸੀ, ਨਾਲ ਉਨ੍ਹਾਂ ਦੇ ਕਰਮਾ ਵੀ ਅੜਿੱਕੇ ਆ ਗਿਆ। ਹਫ਼ਤਾ ਅੰਦਰ ਰਹਿ ਕੇ ਵਾਪਿਸ ਭਾਰਤ ਡੀਪੋਰਟ ਕਰ ਦਿੱਤਾ ਗਿਆ।

ਫੜੇ ਜਾਣ 'ਤੇ ਕਰਮੇ ਹੁਰਾਂ ਨੂੰ ਪੰਜ ਦਿਨ ਜੇਲ੍ਹ ਵਰਗੇ ਹੋਟਲ ਦੀ ਦੂਸਰੀ ਮੰਜ਼ਿਲ 'ਤੇ ਰੱਖਿਆ ਗਿਆ। ਇਕ ਰਾਤ ਗੁਜ਼ਰ ਗਈ। ਦੂਸਰੀ ਰਾਤੇ ਨਾਲ ਦੇ ਮੁੰਡੇ ਨਾਲ ਸਕੀਮ ਬਣਾਈ ਗਈ ਜੋ ਪਿੱਛੋਂ ਆਦਮਪੁਰ ਲਾਗੋਂ ਸੀ, ਇਕ ਜਣਾ ਰਾਖੀ ਰੱਖੂ ਤੇ ਦੂਸਰਾ ਰੋਟੀ ਖਾਣ ਵਾਲੇ ਚਾਕੂ ਨਾਲ ਖਿੜਕੀ ਨਾਲ ਲੱਗੀ

ਜਾਲੀ ਕੱਟੂ। ਦੋ ਦਿਨ ਇਹ ਕੰਮ ਚੱਲਦਾ ਰਿਹਾ ਪਰ ਤੀਸਰੇ ਦਿਨ ਨਾਲ ਵਾਲਾ ਮੁੰਡਾ ਦਿਲ ਛੱਡ ਗਿਆ। ਇਹ ਈਸਟ ਬਰਲਿਨ ਦੀ ਗੱਲ ਸੀ ਤੇ ਜਿਥੇ ਹੋਟਲ ਸੀ ਉਸ ਦੀ ਕੰਧ ਨਾਲ ਵੈਸਟ ਬਰਲਿਨ ਲੱਗਦਾ ਸੀ।

ਬਾਈ ਭਾਰਤੀਆਂ ਨੂੰ ਵਾਪਿਸ ਦਿੱਲੀ ਲਿਆ ਸੁੱਟਿਆ। ਦਿੱਲੀ ਇਮੀਗਰੇਸ਼ਨ ਕਿਹੜੀ ਘੱਟ ਸੀ ? ਸਾਰੇ ਬੇਹੂਦਾ ਸੁਆਲ ਕਰਨ ਲੱਗੇ।

'ਤੁਸੀਂ ਬਾਹਰ ਜਾ ਕੇ ਭਾਰਤ ਦਾ ਨਾਮ ਬਦਨਾਮ ਕਰਦੇ ਹੋ।'

'ਡੀਪੋਰਟ ਹੋ ਕੇ ਆ ਗਏ। ਵੀਜ਼ਾ ਕਿਉਂ ਨਹੀਂ ਸੀ ਲਿਆ ?'

'ਹੁਣ ਪਤਾ ਲੱਗੂ ਜਦੋਂ ਸਾਲ-ਦੋ-ਸਾਲ ਅੰਦਰ ਰਹਿਣਾ ਪਿਆ !'

ਸਾਰੇ ਘਬਰਾਏ ਚੁੱਪ-ਚਾਪ, ਹੁਣ ਕੀ ਬਣੂ ? ਸਾਰਿਆਂ ਦੇ ਪਾਸਪੋਰਟ ਨਾਲ ਗਈ ਜਰਮਨ ਪੁਲੀਸ ਨੇ ਭਾਰਤੀ ਇਮੀਗਰੇਸ਼ਨ ਅਫ਼ਸਰ ਦੇ ਸਪੁਰਦ ਕਰ ਦਿੱਤੇ ਸਨ। ਅਖ਼ੀਰ ਥੱਕਿਆ-ਟੁੱਟਿਆ ਅੱਕਿਆ ਕਰਮਾ ਮੂਹਰੇ ਆਇਆ। ਉਸ ਨੇ ਬਾਕੀ ਨਾਲਦਿਆਂ ਨੂੰ ਪਹਿਲਾਂ ਕੁਝ ਗੱਲਾਂ ਦੱਸੀਆਂ। ਕਰੀਬ ਏਅਰਪੋਰਟ 'ਤੇ ਪਹੁੰਚਿਆਂ ਨੂੰ ਚਾਰ ਘੰਟੇ ਹੋ ਚੁੱਕੇ ਸਨ।

ਕਰਮਾ ਸਿੱਧਾ ਇਮੀਗਰੇਸ਼ਨ ਅਫਸਰ ਕੋਲ ਗਿਆ ਤੇ ਮਾਝੇ ਦੀ ਬੋਲੀ ਨੂੰ ਅੰਗਰੇਜ਼ੀ ਰੰਗ ਚਾੜ੍ਹ ਕੇ ਲੱਗਾ ਆਪਣੀ ਪੜ੍ਹੀ ਇਕਨਾਮਿਕਸ ਤੇ ਪੁਲੀਟੀਕਲ ਸਾਇੰਸ ਦੇ ਸਬਕ ਸਿਖਾਉਣ :

'We are the citizens of the Republic of India. We have the right to travel anywhere, wherever possible under Geneva convention. Indian citizens have the priviledge to travel many countries without visa and East and West Germans are the ones among many others.'

'How dare you say we put India down? Rather, we go to other countries and send money back home to help our brothers and sisters.'

'O Bau Ji, you must give us jobs at the airport and people will stop going outside the country.'

'Bau Ji Marda ke nahi karda?'

'Why don't you walk in our shoes?'

ਬਾਊ ਨੂੰ ਤਰੇਲੀਆਂ ਆ ਰਹੀਆਂ ਸਨ। ਕਰਮੇ ਦੇ ਹੋਸ਼ ਤੇ ਮੁੰਡਿਆਂ ਦੇ ਜੋਸ਼ ਨੇ ਉਸ ਨੂੰ ਮਜਬੂਰ ਕਰ ਦਿੱਤਾ ਤੇ ਪਾਸਪੋਰਟਾਂ ਤੋਂ ਨਾਮ ਪੜ੍ਹ-ਪੜ੍ਹ ਕੇ ਸਾਰਿਆਂ

ਨੂੰ ਵੰਡਦਾ ਹੋਇਆ ਆਪ ਚੁੱਪ-ਚਾਪ ਖਾਲੀ ਹੱਥ ਆਪਣੇ ਦਫ਼ਤਰ ਜਾ ਵੜਿਆ।

ਕਰੀਬ ਇੱਕੋ ਜਿਹੀ ਉਮਰ ਦੇ ਇਸ ਗਰੁੱਪ ਨੇ ਜਿਵੇਂ ਕਰਮੇ ਨੂੰ ਆਪਣਾ ਲੀਡਰ ਮੰਨ ਲਿਆ ਸੀ। ਦਿੱਲੀ ਤੋਂ ਆਪੋ-ਆਪਣੇ ਰਾਹੇ ਪੈਣ ਤੋਂ ਪਹਿਲਾਂ ਕਰਮੇ ਨੇ ਹੱਸ ਕੇ ਕਿਹਾ, 'ਵੇਖ ਲਉ ਇਥੋਂ ਚੰਬਲ ਦੀ ਘਾਟੀ ਵੀ ਬਹੁਤੀ ਦੂਰ ਨਹੀਂ ਜੇ!' ਇਹ ਸੁਣ ਕੇ ਉਨ੍ਹਾਂ ਵਿੱਚੋਂ ਕਈ ਆਣ ਕੇ ਕਰਮੇ ਦੇ ਗੱਲ ਲੱਗ ਕੇ ਰੋ ਪਏ ਸਨ। ‘ਪਤਾ ਨਹੀਂ ਫਿਰ ਕਦੇ ਮੇਲ ਹੋਵੇਗਾ ਜਾਂ ਨਹੀਂ? ਪਰ ਭਾਊ ਤੈਨੂੰ ਹਮੇਸ਼ਾ ਯਾਦ ਰੱਖਾਂਗੇ !’ ਇਕ ਬਹੁਤਾ ਹੀ ਜਜ਼ਬਾਤੀ ਹੋ ਚੁੱਕਾ ਸੀ।

ਹਵਾ ਵਿਚ ਉੱਡਦਿਆਂ ਲਿਖੇ ਅੱਖਰਾਂ ਨੂੰ ਅਖ਼ੀਰ ਕਰਮੇ ਨੇ ਖ਼ੁਦ ਹੀ ਖੋਲ੍ਹ ਕੇ ਪੜ੍ਹਨਾ ਸੀ। ਦਿੱਲੀ ਤੋਂ ਬਾਕੀ ਸਾਰੇ ਮੁੰਡੇ ਆਪਣੇ-ਆਪਣੇ ਪਿੰਡੀਂ ਥਾਈਂ ਚਲੇ ਗਏ ਪਰ ਕਰਮਾ ਸਿੱਧਾ ਪਟਿਆਲੇ ਨੂੰ ਹੋ ਤੁਰਿਆ। ਸੰਪੂਰਨ ਬਿਲਡਿੰਗ ਦੀ ਵੱਡੀ ਸਾਰੀ ਲਾਲ ਕੋਠੀ ਦਾ ਜਦੋਂ ਬਾਹਰੋਂ ਗੇਟ ਖੜਕਾਇਆ ਤਾਂ ਤੀਸਰੀ ਮੰਜ਼ਿਲ ’ਤੇ ਰਹਿੰਦੇ ਪ੍ਰੋ. ਨਿੰਮਾ ਅਤੇ ਛੋਟੀਆਂ ਭੈਣਾਂ ਜਿਵੇਂ ਕੋਈ ਸੁਪਨਾ ਵੇਖ ਰਹੇ ਹੋਣ। ਸਾਰੇ ਧਾਹ ਕੇ ਕਰਮੇ ਦੇ ਗਲੇ ਆ ਲੱਗੇ ਜਿਵੇਂ ਕੋਈ ਕਿਸੇ ਮਰੇ ਦਾ ਅਫ਼ਸੋਸ ਕਰ ਰਹੇ ਸਨ। ਇਹ ਉਹ ਸਮੇਂ ਸਨ ਜਦ ਪੈਸਾ ਬੜੀ ਮੁਸ਼ਕਲ ਬਣਦਾ ਸੀ ਤੇ ਉਸ ਤੋਂ ਵੀ ਔਖਾ ਸੀ ਨਵਾਂ ਪਾਸਪੋਰਟ ਬਣਾਉਣਾ।

‘ਇਹ ਕਿੰਝ ਹੋ ਗਿਆ?’

‘ਵੀਰ ਤੂੰ ਤਾਂ ਜਰਮਨ ਜਾਣਾ ਸੀ?’

‘ਹਾਏ ਏਨਾ ਨੁਕਸਾਨ?’

‘ਚੱਲ ਵੀਰ ਪਰਵਾਹ ਨਾ ਕਰ, ਫਿਰ ਟਰਾਈ ਕਰਾਂਗੇ।’

ਹਰ ਕੋਈ ਚਿੰਤਾ ਵਿਚ, ਉਦਾਸ, ਹੈਰਾਨ ਤੇ ਗੰਭੀਰ ਸੀ।

ਉਸ ਰਾਤ ਕਰਮੇ ਨੇ ਰੱਜ ਕੇ ਦਾਰੂ ਪੀਤੀ ਤੇ ਮੁੱਢ ਤੋਂ ਅਖ਼ੀਰ ਤਕ ਕੀ ਕਿੰਝ ਹੋਇਆ ਇਕ ਫਿਲਮ ਦੀ ਤਰ੍ਹਾਂ ਯਾਦ ਕਰਦਿਆਂ ਆਪਣੇ ਆਪ ਨੂੰ ਹੌਲਾ ਕਰ ਲਿਆ। ਅਗਲੇ ਦਿਨ ਸਵੇਰੇ ਦੂਖ ਨਿਵਾਰਨ ਗੁਰਦੁਆਰਾ ਸਾਹਿਬ ਨੂੰ ਹੋ ਤੁਰਿਆ ਤੇ ਰੱਜ ਕੇ ਰੱਬ ਨਾਲ ਗੁੱਸੇ-ਗ਼ਿਲੇ ਕੀਤੇ। ਸੂਏ ਦੇ ਚੜ੍ਹਦੇ ਪਾਸੇ ਨੂੰ ਤੁਰਦਿਆਂ-ਤੁਰਦਿਆਂ ਕਰਮਾ ਉੱਚੀ-ਉੱਚੀ ਬੋਲ ਰਿਹਾ ਸੀ ਜਿਵੇਂ ਕਹਿ ਰਿਹਾ ਹੋਵੇ ਐਤਕੀਂ ਤਾਂ ਤੇਰੇ ਦਰ ਮੱਥਾ ਟੇਕਣ ਚੱਲਿਆਂ ਪਰ ਯਾਦ ਰੱਖੀਂ, ਅਗਲੀ ਵੇਰ ਉਦੋਂ ਹੀ ਆਵਾਂਗਾ ਜਦੋਂ ਕਿਧਰੇ ਬਾਹਰ ਟਿਕਾਅ ਹੋ ਗਿਆ ਤੇ ਵਾਪਿਸ ਤੇਰੇ ਸ਼ਹਿਰ ਜੇ ਨਾ ਆਇਆ ਨਾ ਤਾਂ ਆਪੇ ਲੱਭਦਾ ਰਹੀਂ ! ਯਾਰ ਹੱਦ ਹੋ ਗਈ ! ਐਡਾ ਵੀ ਕੀ ਤੇਰੇ ਨਾਲ ਮਾੜਾ ਕਰ ਬੈਠਾਂ ? ਤੂੰ ਨਾ ਅੱਗਾ ਵੇਖਿਆ ਨਾ ਪਿੱਛਾ ਤੇ ਠਾਹ ਕਰਦਾ ਵਾਪਿਸ ਬਦਰੰਗ ਲਿਫ਼ਾਫ਼ੇ ਵਾਂਗ ਲਿਆ ਮਾਰਿਆ।

ਕਰਮਾ ਬਹੁਤਾ 'ਰੱਬ ਰੱਬ' ਤਾਂ ਨਹੀਂ ਸੀ ਕਰਨ ਵਾਲਾ ਪਰ ਜਦੋਂ ਵੀ ਉਸ ਨੂੰ ਯਾਦ ਕਰਦਾ, ਬਸ ਅਗਲੀਆਂ-ਪਿਛਲੀਆਂ ਸੁਣਾ ਧਰਦਾ। ਉਸ ਨਾਲ ਬੜੇ ਮਾਣ ਨਾਲ ਜਿਵੇਂ ਕਿਸੇ ਜਿਗਰੀ ਯਾਰ ਨਾਲ ਗੱਲਾਂ ਹੁੰਦੀਆਂ ਹੋਣ!

ਵਾਪਸ ਘਰ ਨੂੰ ਆਉਂਦਿਆਂ ਕੁਝ ਪੁਰਾਣੀਆਂ ਯਾਦਾਂ ਨੇ ਆ ਘੇਰਿਆ। ਡੇਰਾ ਬਾਬਾ ਨਾਨਕ ਮਾਰਚ ਦੇ ਪਹਿਲੇ ਹਫ਼ਤੇ 'ਚੋਲੇ ਦਾ ਮੇਲਾ' ਬਹੁਤ ਮਸ਼ਹੂਰ ਹੁੰਦਾ। ਉਨ੍ਹੀਂ ਹੀ ਦਿਨੀਂ ਹਾਇਰ ਸੈਕੰਡਰੀ ਸਕੂਲ ਵਿਚ ਬੋਰਡ ਦੇ ਇਮਤਿਹਾਨ ਹੁੰਦੇ। ਮੇਲਾ ਵੇਖਦਿਆਂ ਕਰਮੇ ਨੇ ਪਹਿਲੀ ਵੇਰ 'ਹੀਰ ਵਾਰਿਸ ਸ਼ਾਹ' ਖਰੀਦੀ। ਕਿਰਾਏ 'ਤੇ ਲਏ ਚੁਬਾਰੇ ਵਿਚ ਤਿੰਨ-ਚਾਰ ਜਣੇ ਕੱਠੇ ਰਹਿੰਦੇ ਜਿਨ੍ਹਾਂ ਵਿਚ ਵੱਡੇ ਭਰਾ ਨਿੰਮੇ ਦੇ ਵੀ ਜਮਾਤੀ ਹੁਣ ਸਕੂਲ ਦੀ ਸਾਇੰਸ ਲੈਬੋਰੇਟਰੀ ਵਿਚ ਕੰਮ ਕਰਦੇ ਹੋਏ ਰਹਿ ਰਹੇ ਸਨ। ਸ਼ਹਿਰ ਲਾਗੇ ਖਾਸਾਂ ਵਾਲਾ ਤੋਂ ਮਹਿੰਦਰ ਸਿੰਘ ਰੰਧਾਵਾ ਰਾਤ ਨੂੰ ਦੁੱਧ ਲੈ ਕੇ ਆਇਆ। ਕਦੇ ਨਿੰਮਾ, ਖ਼ਜ਼ਾਨ, ਮਹਿੰਦਰ, ਕਸ਼ਮੀਰੀ ਲਾਲ, ਬੂਆ, ਬੰਸਾ ਸਾਰੇ ਜਮਾਤੀ ਅਤੇ ਯਾਰ ਹੁੰਦੇ ਸਨ। ਰਜਾਈ ਦੀ ਬੁੱਕਲ ਮਾਰੀ ਹੱਥਾਂ ਵਿਚ ਹੀਰ ਫੜੀ ਉਸ ਦੇ ਨਜ਼ਰੀਂ ਪੈ ਗਈ। ਉਹ ਕੁਝ ਨਾ ਬੋਲਿਆ, ਬਸ ਉਦੋਂ ਹੀ ਪਤਾ ਲੱਗਾ ਜਦ ਤੜਕੇ ਦੀ ਗੱਡੀ ਅੰਮ੍ਰਿਤਸਰ ਤੋਂ ਨਿੰਮੇ ਨੇ ਆਣ ਦਰਵਾਜ਼ਾ ਖੜਕਾਇਆ। ਬਸ ਜੋ ਕਰਮੇ ਨਾਲ ਹੋਈ ਉਹ ਤਾਂ ਹੋਈ ਨਾਲ ਹੀ ਅਗਲੇ ਦਿਨ ਵਾਲੇ ਹਿਸਾਬ ਦੇ ਪੇਪਰ ਵਿੱਚੋਂ ਹੀਰ ਦੇ ਨਸ਼ੇ ਨੇ ਕੰਪਾਰਟਮੈਂਟ ਵੀ ਦਿਵਾ ਦਿੱਤੀ। ਹੀਰ ਦੇ ਇਸ਼ਕ ਦਾ ਏਨਾ ਨਸ਼ਾ ਹੋ ਗਿਆ ਕਿ ਪੇਪਰ ਵੀ ਸੁੱਤਿਆਂ ਹੀ ਲੰਘਾ ਦਿੱਤਾ।

ਕਰਮੇ ਨੂੰ ਉਹ ਚੁਬਾਰਾ ਬੜਾ ਚੰਗਾ ਲੱਗਾ ਜਿਥੇ ਉਸ ਨੂੰ ਮੁਹੱਬਤ ਕੀ ਹੁੰਦੀ ਏ, ਇਸ ਦਾ ਅਸਲੀ ਅਹਿਸਾਸ ਹੋਇਆ। ਜੀਅ ਕੀਤਾ ਦੁਬਾਰਾ ਉਹ ਚੁਬਾਰਾ ਜਾ ਕੇ ਵੇਖੇ ਤੇ ਏਸੇ ਹੀ ਖ਼ੁਮਾਰੀ ਵਿਚ ਉਸ ਨੇ ਪਟਿਆਲੇ ਤੋਂ ਪਿੰਡ ਦੀ ਤਿਆਰੀ ਕਰ ਲਈ। ਸ਼ਾਮੀਂ ਜਦੋਂ ਟਾਂਗੇ 'ਤੇ ਪਿੰਡ ਗਿਆ ਠੀਕ ਉਸੇ ਵਕਤ ਭਗਠਾਣਾ ਤੁਲੀਆਂ ਤੋਂ ਡਾਕੀਆ ਇਕ ਚਿੱਠੀ ਲੈ ਕੇ ਲੰਬੜਾਂ ਦੇ ਘਰ ਵੱਲ ਜਾ ਰਿਹਾ ਸੀ। ਕਰਮੇ ਨੇ ਉਸ ਤੋਂ ਚਿੱਠੀ ਲੈ ਕੇ ਚੁੱਪ-ਚਾਪ ਆਪਣੀ ਜੇਬ ਵਿਚ ਪਾ ਲਈ। ਘਰ ਵਾਲੇ ਵੀ ਹੈਰਾਨ-ਪਰੇਸ਼ਾਨ। ਕਰਮੇ ਦੇ ਪਿਤਾ ਨੇ ਬੜਾ ਹੌਂਸਲਾ ਦਿੱਤਾ 'ਪੁੱਤਰਾ, ਕੋਈ ਪਰਵਾਹ ਨਹੀਂ ਕਰਨੀ! ਰੱਬ ਭਲੀ ਕਰੇਗਾ!'

ਕਰੀਬ ਵੀਹ ਹਜ਼ਾਰ ਰੁਪਏ ਦਾ ਖ਼ਰਚਾ ਹੋ ਚੁੱਕਾ ਸੀ। ਦਰਮਿਆਨੇ ਕਿਸਾਨੀ ਜ਼ਿਮੀਂਦਾਰ ਘਰਾਂ ਲਈ ਬੜਾ ਔਖਾ ਸੀ। ਇਕ ਮਿੱਤਰ ਪਿਆਰੇ ਜੀਤੇ ਦੁੱਲਾ ਨੰਗਲ ਨੂੰ ਨਾਲ ਲੈ ਕੇ ਉਸ ਦੇ ਹੀ ਇਕ ਚੰਗੇ ਸੱਜਣ-ਬੇਲੀ ਲੱਖਾ ਸਿੰਘ ਰਾਹੀਂ ਧਾਰੀਵਾਲ ਤੋਂ ਮੈਡੀਕਲ ਸਰਟੀਫਿਕੇਟ ਬਣਵਾਇਆ ਤੇ ਗੁਰਦਾਸਪੁਰ ਤੋਂ ਦੁਬਾਰਾ ਜੋਗਿੰਦਰ

ਨਗਰ ਦੀ ਬਸ ਫੜਨੀ ਪਈ।

ਪਰ 'ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਉਹ ਕਰ ਆਰਾਮ ਨਹੀਂ ਬਹਿੰਦੇ' ਤੇ ਉਹ ਫਿਰ ਕੀ ਪਰਵਾਹ ਕਰਦੇ ਨੇ ! ਇਸ ਵੇਰ ਦੁਬਾਰਾ ਉਸ ਪਹਾੜਨ ਦੇਵੀ ਨੇ ਕਰਮੇ ਨੂੰ ਕੀਲਣ ਦੀ ਕੋਸ਼ਿਸ਼ ਕੀਤੀ ਉਹ ਵੀ ਏਸੇ ਹੀ ਦਫ਼ਤਰ ਵਿਚ ਜੂਨੀਅਰ ਸਟੈਨੋਗਰਾਫਰ ਦੀ ਨੌਕਰੀ ਕਰਦੀ ਸੀ। ਪਰ ਇਹ ਪਤੰਦਰ ਫਿਰ ਵੀ ਉਸ ਦੇ ਕਾਬੂ ਨਾ ਆਇਆ। ਕਰਮੇ ਨੇ ਉਸ ਨੂੰ ਸਾਫ਼-ਸਾਫ਼ ਕਹਿ ਦਿੱਤਾ ਸੀ ਕਿ ਉਹ ਪਤਾ ਨਹੀਂ ਕਦੋਂ ਏਸ ਧਰਤੀ ਨੂੰ ਅਲਵਿਦਾ ਕਹਿ ਦੇਵੇ ! ਕਰਮਾ ਜਾਣਦਾ ਸੀ ਕਿ ਜੇ ਕਿਧਰੇ ਉਹ ਪਿਆਰ-ਮੁਹੱਬਤ ਦੀਆਂ ਪੀਂਘਾਂ ਝੂਟਣ ਮਗਰ ਪੈ ਗਿਆ ਤਾਂ ਉਸ ਲਈ ਜ਼ਿੰਦਗੀ ਜਿਉਣ ਦਾ ਘੇਰਾ ਬਹੁਤ ਛੋਟਾ ਰਹਿ ਜਾਵੇਗਾ। ਉਸ ਲਈ ਔਖੇ ਪੈਂਡੇ ਤੁਰਨਾ ਸੌਖਾ ਨਹੀਂ ਸੀ ਹੋਣਾ।

ਸਮਾਂ ਬੀਤਦਾ ਗਿਆ। ਕਰਮਾ ਸਮੇਂ ਨੂੰ ਬੰਨ੍ਹਣਾ ਚਾਹੁੰਦਾ ਸੀ ਪਰ ਕਰੇ ਵੀ ਤਾਂ ਕੀ ਕਰੇ। ਭਰ ਸਿਆਲ ਦਾ ਮੌਸਮ ਸ਼ਾਇਦ ਫ਼ਰਵਰੀ ਮਹੀਨਾ ਸੀ। ਕਰਮੇ ਨੇ ਤਾਏ ਦੇ ਛੋਟੇ ਬੇਟੇ ਸੱਮੀ ਨਾਲ ਜੁਗਾੜ ਬਣਾਇਆ ਅਤੇ ਪੋਲੈਂਡ ਦੀ ਤਿਆਰੀ ਕਰ ਲਈ। ਇਨ੍ਹੀਂ ਦਿਨੀਂ ਪ੍ਰੋਫ਼ੈਸਰ ਨਿੰਮਾ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ ਇਸ ਮੁਲਕ ਦੀ ਰਾਜਧਾਨੀ ਵਾਰਸਾ ਆਇਆ ਹੋਇਆ ਸੀ। ਪਹਿਲੀ ਵੇਰ ਏਨੀ ਬਰਫ਼ ਵੇਖੀ। ਜਦ ਘਰੇ ਪੁੱਜੇ ਤਾਂ ਪ੍ਰੋਫ਼ੈਸਰ ਸਾਹਿਬ ਕਰਾਂਕੋ ਸ਼ਹਿਰ ਗਏ ਹੋਏ ਸਨ ਜਿਥੇ ਉਨ੍ਹਾਂ ਦੀ ਕਾਨਫਰੰਸ ਚੱਲ ਰਹੀ ਸੀ। ਕਰਾਂਕੋ ਸ਼ਹਿਰ ਜਿਸ ਉੱਪਰ ਨਾਜ਼ੀਆਂ ਨੇ 1 ਸਤੰਬਰ, 1939 ਨੂੰ ਹਮਲਾ ਕੀਤਾ ਸੀ। ਸ਼ਹਿਰ ਦੀ ਬਹੁ-ਗਿਣਤੀ ਯਹੂਦੀ ਸੀ ਜਿਸ ਨੂੰ ਹਿਟਲਰ ਨੇ ਮੁੱਖ ਨਿਸ਼ਾਨਾ ਬਣਾਇਆ। ਇਤਿਹਾਸਕ ਅਤੇ ਕਲਾ ਪੱਖੋਂ ਇਸ ਸ਼ਹਿਰ ਦੀ ਬਹੁਤ ਮਹੱਤਤਾ ਸੀ ਜਿਸ ਨੂੰ ਨਾਜ਼ੀਆਂ ਨੇ ਨੇਸਤੋ-ਨਾਬੂਦ ਕਰ ਦਿੱਤਾ। ਹਿਟਲਰ ਨੇ ਕਰਾਂਕੋ ਸ਼ਹਿਰ ਨੂੰ ਜਨਰਲ ਗਵਰਨਮੈਂਟ ਆਫ ਪੋਲੈਂਡ ਦੀ ਰਾਜਧਾਨੀ ਬਣਾ ਕੇ ਆਪਣਾ ਲੜਾਈ ਦਾ ਹੈੱਡਕੁਆਟਰ ਬਣਾ ਲਿਆ ਸੀ। ਇਹ ਦੋਵੇਂ ਵੀ ਜਹਾਜ਼ੀ ਟਿਕਟਾਂ ਲੈ ਕੇ ਉਥੇ ਪਹੁੰਚ ਗਏ। ਅੱਗੋਂ ਪ੍ਰੋਫ਼ੈਸਰ ਇਨ੍ਹਾਂ ਨੂੰ ਵੇਖ ਕੇ ਹੈਰਾਨ-ਪਰੇਸ਼ਾਨ ਕਿ ਹੈਂ, ਤੁਸੀਂ ਏਥੇ ! ਉਸ ਨੇ ਉਸੇ ਦਿਨ ਸ਼ਾਮੀਂ ਇਨ੍ਹਾਂ ਨੂੰ ਵਾਪਿਸ ਵਾਰਸਾ ਭੇਜ ਦਿੱਤਾ ਤੇ ਆਪ ਕਾਨਫਰੰਸ ਖ਼ਤਮ ਹੋਣ ’ਤੇ ਤੀਸਰੇ ਦਿਨ ਵਾਪਿਸ ਮੁੜਿਆ।

ਪਹਿਲੀ ਵੇਰ ਨਿੰਮੇ ਨੂੰ ਮਜਬੂਰੀ ਵੱਸ ਇਨ੍ਹਾਂ ਲਈ ਨਵੀਂ ਕਿਸਮ ਦਾ ਜ਼ੋਖਮ ਉਠਾਉਣਾ ਪਿਆ। ਕਰਮੇ ਨੇ ਐਤਕੀਂ ਕਿਸੇ ਵੀ ਕੀਮਤ ’ਤੇ ਆਪਣੀ ਮੰਜ਼ਿਲ ’ਤੇ ਪਹੁੰਚਣ ਦਾ ਤਹੱਈਆ ਕੀਤਾ ਹੋਇਆ ਸੀ। ਵਾਰਸਾ ਖਾਧੀ-ਪੀਤੀ ਵਿਚ ਕਰਮੇ ਦਾ ਆਪਣੇ ਵੱਡੇ ਭਾਈ ਨਿੰਮੇ ਨਾਲ ਤਕਰਾਰ ਵੀ ਹੋਇਆ ਸੀ। ਅਖ਼ੀਰ

ਹਾਰ ਕੇ ਬੈਠ-ਵਿਚਾਰ ਕੇ ਪੂਰੀ ਸਕੀਮ ਬਣਾਈ ਗਈ। ਸਭ ਤੋਂ ਪਹਿਲਾਂ ਯੂਰਪੀਅਨ ਮੁਲਕਾਂ ਦੇ ਵੱਧ ਤੋਂ ਵੱਧ ਵੀਜ਼ੇ ਲਗਵਾਏ ਜਾਣਗੇ। ਵਾਰਸਾ ਤੋਂ ਯੂਰਪੀਅਨ ਟਰੇਨ ਰਾਹੀਂ ਜਿਹੜੀ ਮਾਸਕੋ ਤੋਂ ਹਾਲੈਂਡ ਤਕ ਜਾਂਦੀ ਸੀ, ਉਸ ਰਾਹੀਂ ਜਰਮਨੀ ਵਿੱਚੋਂ ਲੰਘਿਆ ਜਾਵੇਗਾ ਤੇ ਫਿਰ ਜਿਥੇ ਦਾਅ ਲੱਗਿਆ ਪੱਛਮੀ ਜਰਮਨੀ ਦੇ ਕਿਸੇ ਵੀ ਰੇਲਵੇ ਸਟੇਸ਼ਨ ’ਤੇ ਉੱਤਰਿਆ ਜਾਵੇਗਾ। ਪਰ ਇਮੀਗਰੇਸ਼ਨ ਵਾਲਿਆਂ ਲਈ ਇਹ ਇਕ ਐਗਰੀਕਲਚਰ ਕਾਨਫਰੰਸ ਲਈ ਹਾਲੈਂਡ ਜਾ ਰਹੇ ਹੋਣਗੇ ਤੇ ਸ਼ੱਮੀ ਇਕ ਕਿਸਾਨ ਦੇ ਰੂਪ ਵਿਚ, ਕਰਮਾ ਉਸ ਦਾ ਸਹਾਇਕ ਅਤੇ ਪ੍ਰੋਫੈਸਰ ਪੰਜਾਬ ਕਿਸਾਨੀ ਦੇ ਮਸਲਿਆਂ ਦਾ ਮਾਹਰ ਪੇਸ਼ ਹੋਣਗੇ। ਇਨ੍ਹੀਂ ਦਿਨੀਂ ਹਾਲੈਂਡ ਵਿਚ ‘Progressive Farmers Conference’ ਹੋ ਰਹੀ ਸੀ। ਕਰਮੇ ਹੁਰਾਂ ਦੀ ਜਿੱਥੇ ਦਾਅ ਲੱਗਾ ਅਲੋਪ ਹੋਣ ਦੀ ਚਾਲ ਦਾ ਭੇਤ ਪ੍ਰੋ. ਨਿੰਮੇ ਨੂੰ ਵੀ ਨਹੀਂ ਸੀ ਦੱਸਿਆ ਗਿਆ।

ਵਾਰਸਾ ਇਕ ਹਫ਼ਤਾ ਟਿਕਾਅ ਕੀਤਾ ਜਿੱਥੋਂ ਭਾਰੀਆਂ-ਭਾਰੀਆਂ ਤੇ ਲੰਬੀਆਂ ਜਾਕਟਾਂ ਖ਼ਰੀਦੀਆਂ ਗਈਆਂ। ਮੋਟੀਆਂ ਜ਼ਰਾਬਾਂ ਹੱਥਾਂ ਲਈ ਮੋਟੇ ਦਸਤਾਨੇ ਤੇ ਗਲਾਂ ਵਿਚ ਮਫ਼ਲਰ। ਵਾਰਸਾ ਤੋਂ ਇੰਟਰਨੈਸ਼ਨਲ ਟਰੇਨ ਵਿਚ ਬੈਠ ਕੇ ਚੈਕੋਸਲੋਵਾਕੀਆ, ਈਸਟ ਜਰਮਨ ਤੇ ਫਿਰ ਵੈਸਟ ਜਰਮਨ ਵਿਚ ਦਾਖ਼ਲ ਹੋਏ। ਵੱਖ-ਵੱਖ ਮੁਲਖਾਂ ਦੇ ਕਿੰਨੇ ਹੀ ਵੀਜ਼ੇ ਲਵਾ ਕੇ ਪਾਸਪੋਰਟ ਭਰੇ ਪਏ ਸਨ। ਇੰਜ ਲੱਗੇ ਜਿਵੇਂ ਪੂਰੇ ਯੂਰਪ ਵਿਚ ਵੀ ਘੁੰਮਣਾ ਹੈ। ਉਹੀ ਪੰਜਾਬੀਆਂ ਦੇ ਜੁਗਾੜ! ਲੈਣਾ ਲਾਇਸੈਂਸ ਰਿਵਾਲਵਰ ਦਾ ਪਰ ਪੇਪਰਾਂ ’ਤੇ ਭਰਨਾ ਤੋਪ ਦੇ ਲਾਇਸੈਂਸ ਲਈ।

ਚਿਹਰਿਆਂ ਉਤੇ ਗੰਭੀਰਤਾ, ਮਨ ਅੰਦਰ ਡਰ-ਖ਼ੌਫ, ਇੰਝ ਜਿਵੇਂ ਕਿਸੇ ਬਹੁਤ ਹੀ ਗੁੰਝਲਦਾਰ ਮਸਲਿਆਂ ਉੱਪਰ ਵਿਚਾਰ, ਆਲੇ-ਦੁਆਲੇ ਖੁੱਲ੍ਹੀਆਂ ਕਾਪੀਆਂ-ਕਿਤਾਬਾਂ ਜਿਵੇਂ ਅੱਜ ਹੀ ਸੰਸਾਰ ਦਾ ਕਲਿਆਣ ਕਰਨ ਲਈ ਕੋਈ ਨਵਾਂ ਫ਼ਲਸਫ਼ਾ ਤਿਆਰ ਕਰ ਰਹੇ ਹੋਵਣ। ਟਰੇਨ ਚਾਰ-ਚੁਫੇਰੇ ਨੂੰ ਤੇਜ਼ੀ ਨਾਲ ਪਿੱਛੇ ਛੱਡ ਆਪਣੀ ਮੰਜ਼ਲ ਵੱਲ ਵਧ ਰਹੀ ਸੀ। ਇਹ ਤਿੰਨੋਂ ਵੀ ਇਹੀ ਚਾਹੁੰਦੇ ਸਨ ਕਿ ਚਾਲ ਵਿਚ ਕਿਧਰੇ ਵੀ ਨਰਮੀ ਨਾ ਆਵੇ। ਪਰ ਅਚਾਨਕ ਬਰੇਕਾਂ ਲੱਗਣ ਅਤੇ ਰਫ਼ਤਾਰ ਘਟਣ ਦਾ ਪ੍ਰਯੋਗ ਸ਼ੁਰੂ ਹੋਇਆ। ਟਰੇਨ ਰੁਕੀ ਅਤੇ ਇਮੀਗਰੇਸ਼ਨ ਵਾਲੇ ਆਣ ਚੜ੍ਹੇ। ਟਰੇਨ ਤਾਂ ਰੁਕ ਚੁਕੀ ਸੀ ਪਰ ਇਨ੍ਹਾਂ ਸੀਟਾਂ ’ਤੇ ਬੈਠਿਆਂ ਦੇ ਦਿਲਾਂ ਦੀ ਧੜਕਣ ਤੇਜ਼ ਹੋ ਚੁੱਕੀ ਸੀ। ਘੱਟੋ-ਘੱਟ ਕਰਮੇ ਤੇ ਸ਼ੱਮੀ ਦੀ।

‘ਪਾਸਪੋਟਾਂ ਬਿਟੇ’ ਇਮੀਗਰੇਸ਼ਨ ਅਫਸਰ ਨੇ ਜਰਮਨ ਬੋਲੀ ਵਿਚ ਬਸ ਇੰਨਾ ਹੀ ਕਿਹਾ :

ਬਹੁਤ ਘੱਟ ਲੋਕ ਹੁੰਦੇ ਸਨ ਜਿਨ੍ਹਾਂ ਨੂੰ ਉਨ੍ਹੀਂ ਦਿਨੀਂ ਜਰਮਨ ਭਾਸ਼ਾ ਦਾ ਗਿਆਨ ਹੁੰਦਾ ਸੀ ਖਾਸ ਕਰਕੇ ਪੇਂਡੂ ਨੌਜਵਾਨਾਂ ਨੂੰ ਚਾਹੇ ਉਹ ਪੜ੍ਹੇ-ਲਿਖੇ ਵੀ ਹੁੰਦੇ ਸਨ।

ਤਿੰਨੋਂ ਪਾਸਪੋਰਟਾਂ ਉੱਪਰ ਸਰਸਰੀ ਨਜ਼ਰ ਮਾਰਦਿਆਂ ਉਸ ਨੇ ਇਸ਼ਾਰੇ ਨਾਲ ਸੰਕੇਤ ਦਿੱਤਾ ਕਿ ਆਪਣਾ ਸਾਮਾਨ ਚੱਕੋ ਤੇ ਮੇਰੇ ਮਗਰ-ਮਗਰ ਚਲੇ ਆਵੋ।

ਟਰੇਨ ਸਟੇਸ਼ਨ ਛੱਡ ਚੁੱਕੀ ਸੀ। ਇਕ ਕਮਰੇ ਵਿਚ ਬੈਠਿਆਂ ਨੂੰ ਇਮੀਗਰੇਸ਼ਨ ਅਫਸਰ ਨੇ ਆਪਣੀ ਹੀ ਬੋਲੀ ਵਿਚ ਕਿਹਾ ਕਿ 'ਐ ਫੋਟੋ ਕਿਸ ਦੀ ਹੈ?'

ਉਸ ਦੇ ਹੱਥ ਵਿਚ ਸ਼ੰਮੀ ਦਾ ਪਾਸਪੋਰਟ ਸੀ।

'ਮੇਰੀ ਆ', ਪੰਜਾਬੀ ਵਿਚ ਸ਼ੱਮੀ ਦਾ ਸਿੱਧਾ ਜੁਆਬ ਸੀ।

'ਵੱਟ?'

ਪ੍ਰੋਫੈਸਰ ਨਿੰਮੇ ਨੇ ਅੰਗਰੇਜ਼ੀ ਵਿਚ ਜੋ ਕਿਹਾ ਉਸ ਦਾ ਭਾਵ ਇਵੇਂ ਸੀ :

'ਇਹ ਪਾਸਪੋਰਟ ਚਾਰ ਸਾਲ ਪਹਿਲਾਂ ਬਣਿਆ ਸੀ ਤੇ ਹੁਣ ਇਹ ਮੁੰਡਾ ਜੁਆਨ ਹੋ ਗਿਆ। ਤਾਂ ਹੀ ਫ਼ੋਟੋ ਵਿਚ ਫ਼ਰਕ ਲੱਗਦਾ ਸਰ।' ਪ੍ਰੋਫ਼ੈਸਰ ਨਿੰਮੇ ਨੇ ਸ਼ੱਮੀ ਵੱਲ ਇਸ਼ਾਰਾ ਕਰਦੇ ਹੋਏ।

ਅੰਗਰੇਜ਼ੀ ਵਿਚ ਪ੍ਰੋਫ਼ੈਸਰ ਦਾ ਉੱਤਰ ਸੁਣ ਕੇ ਇਮੀਗਰੇਸ਼ਨ ਅਫਸਰ ਦੇ ਮੱਥੇ 'ਤੇ ਤਿਉੜੀਆਂ ਉੱਤਰ ਆਈਆਂ।

ਦੁਨੀਆ ਦੇ ਸਾਰੇ ਲੋਕ ਆਪੋ ਆਪਣੀ ਬੋਲੀ ਨੂੰ ਜ਼ਰੂਰ ਪਿਆਰ ਕਰਦੇ ਹੋਣਗੇ ਪਰ ਜੋ ਰਾਸ਼ਟਰਵਾਦ ਦਾ ਜਜ਼ਬਾ ਇਨ੍ਹਾਂ ਜਰਮਨ ਲੋਕਾਂ ਅੰਦਰ ਹੈ ਸ਼ਾਇਦ ਹੀ ਕਿਧਰੇ ਹੋਰ ਹੋਵੇ। ਕੀ ਇਹ ਕਿਤੇ ਜਰਮਨ ਦੇ ਨਾਜ਼ੀਵਾਦ ਦਾ ਪ੍ਰਭਾਵ ਤਾਂ ਨਹੀਂ ਸੀ ? ਹਿਟਲਰ ਨੇ ਇਨ੍ਹਾਂ ਅੰਦਰ ਇਹ ਭਰਮ ਪਾਲ ਰੱਖਿਆ ਸੀ ਕਿ ਤੁਸੀਂ ਹੀ ਸਰਵਉੱਚ 'ਮਾਲਕ ਕੌਮ ਹੋ !'

'ਤੁਸੀਂ ਦੁਨੀਆਂ 'ਤੇ ਰਾਜ ਕਰਨ ਲਈ ਜੰਮੇ ਹੋ ! ਬਾਕੀ ਸਭ ਕੀੜੇ-ਮਕੌੜੇ ਹਨ, ਉਨ੍ਹਾਂ ਨੂੰ ਮਸਲ ਸੁੱਟੋ ! ਉਨ੍ਹਾਂ ਦਾ ਮਲੀਆਮੇਟ ਕਰ ਦਿਉ। ਉਨ੍ਹਾਂ ਦੇ ਘਰ-ਬਾਰ, ਜਾਇਦਾਦਾਂ ਫੂਕ ਸੁੱਟੋ। ਉਨ੍ਹਾਂ ਦੀਆਂ ਔਰਤਾਂ ਨਾਲ ਜਬਰ ਜ਼ਨਾਹ ਕਰੋ, ਕੋਈ ਤੁਹਾਨੂੰ ਨਹੀਂ ਪੁੱਛੇਗਾ।'

ਹਿਟਲਰ ਨੇ ਆਪਣੇ ਏਸ ਦਾਹਵੇ ਕਿ ਜਰਮਨ ਕੌਮ ਰਾਜ ਕਰਨ ਲਈ ਪੈਦਾ ਹੋਈ ਹੈ, ਨੂੰ ਪੂਰਿਆਂ ਕਰਨ ਲਈ ਸਾਰੇ ਯੂਰਪ ਨੂੰ ਆਪਣੇ ਕਲਾਵੇ ਵਿਚ ਲੈ ਲਿਆ। ਉਸ ਤੋਂ ਬਾਅਦ ਉਹ ਗ਼ਲਤੀ ਕਰ ਬੈਠਾ ਜਿਹੜੀ ਉਸ ਲਈ ਮੌਤ ਦਾ ਕਾਰਨ ਬਣੀ।

ਹਾਂ, ਇਕ ਗੱਲ ਜ਼ਰੂਰ ਅਚੰਭੇ ਵਾਲੀ ਸੀ ਕਿ ਹਿਟਲਰ ਨੇ ਸਰਮਾਏਦਾਰ ਮੁਲਕਾਂ

ਨੂੰ ਵੀ ਦੋ ਖ਼ੇਮਿਆਂ ਵਿਚ ਲਿਆ ਵੰਡਿਆ। ਨਾ ਅਮਰੀਕਾ, ਕੈਨੇਡਾ, ਇੰਗਲੈਂਡ, ਫਰਾਂਸ, ਇਟਲੀ, ਜਪਾਨ ਆਦਿ ਨੂੰ ਰੂਸ ਵਿਚ ਆਏ ਬਾਲਸ਼ਵਿਕ ਇਨਕਲਾਬ ਪ੍ਰਤੀ ਕੋਈ ਹਮਦਰਦੀ ਸੀ ਤੇ ਹਿਟਲਰ ਤਾਂ ਕਮਿਊਨਿਸਟਾਂ ਦੇ ਨਾਂ ਤੋਂ ਹੀ ਨਫ਼ਰਤ ਕਰਦਾ ਸੀ। ਉਸ ਦੀ ਇਸੇ ਹੀ ਨਫ਼ਰਤ ਨੇ ਰੂਸ ਨਾਲ ਆ ਮੱਥਾ ਲਾਇਆ। ਕਰੀਬ ਦੁਨੀਆਂ ਦੇ ਸਾਰੇ ਹੀ ਨਿੱਕੇ-ਮੋਟੇ ਮੁਲਖ ਦੂਜੀ ਸੰਸਾਰ-ਜੰਗ ਦੀ ਲਪੇਟ ਵਿਚ ਆ ਚੁੱਕੇ ਸਨ। ਸਤੰਬਰ, 1939 ਨੂੰ ਹਿਟਲਰ ਦੀਆਂ ਫੌਜਾਂ ਨੇ ਪੋਲੈਂਡ ਉੱਤੇ ਹਮਲਾ ਕੀਤਾ। ਉਧਰੋਂ ਰੂਸ ਦੀਆਂ ਫੌਜਾਂ ਨੇ ਵੀ ਪੋਲੈਂਡ ਦੇ ਆਪਣੇ ਨਾਲ ਲੱਗਦੇ ਹਿੱਸੇ ਉੱਤੇ ਕਬਜ਼ਾ ਕਰ ਲਿਆ ਸੀ। 23 ਅਗਸਤ 1939 ਨੂੰ ਜਰਮਨੀ ਅਤੇ ਯੂ.ਐੱਸ.ਐੱਸ.ਆਰ. ਇਕ-ਦੂਸਰੇ 'ਤੇ ਹਮਲਾ ਨਾ ਕਰਨ ਵਾਲੇ ਸਮਝੌਤੇ 'ਤੇ ਦਸਤਖ਼ਤ ਵੀ ਕਰਦੇ ਹਨ ਪਰ ਬਾਵਜੂਦ ਏਸ ਦੇ ਜਰਮਨੀ ਨੇ 22 ਜੂਨ 1941 ਨੂੰ ਹਮਲਾ ਕਰਕੇ ਯੂ.ਐੱਸ.ਐੱਸ.ਆਰ. ਨੂੰ ਭੈ-ਭੀਤ ਕਰ ਦਿੱਤਾ ਸੀ।

ਇਹ ਇਕ ਅਜਿਹਾ ਹਮਲਾ ਸੀ ਜਿਸ ਬਾਰੇ ਸੋਵੀਅਤ ਵਾਲਿਆਂ ਨੇ ਕਦੇ ਸੋਚਿਆ ਵੀ ਨਹੀਂ ਸੀ। ਲੋਹ-ਪੁਰਸ਼, ਸਖ਼ਤ ਮਿਜਾਜ਼ ਤੇ ਮਜ਼ਬੂਤ ਇਰਾਦੇ ਵਾਲੇ ਜੋਸੇਫ਼ ਸਟਾਲਿਨ ਨੂੰ ਵੀ ਇਸ ਹਮਲੇ ਨੇ ਹਿਲਾ ਦਿੱਤਾ, ਏਨਾ ਜ਼ਿਆਦਾ ਕਿ ਉਹ ਬੌਂਦਲ ਗਿਆ।

ਸੋਵੀਅਤ ਫੌਜਾਂ ਬਾਰਡਰ ਤੋਂ ਦੂਰ, ਬਿਨਾਂ ਕਿਸੇ ਤਿਆਰੀ ਦੇ, ਜਿਨ੍ਹਾਂ ਕੋਲ ਨਾ ਬਹੁਤੇ ਚੰਗੇ ਹਥਿਆਰ, ਟੈਂਕ, ਹਵਾਈ ਜਹਾਜ਼ ਪਰ ਜਿਸ ਜਜ਼ਬੇ, ਹਿੰਮਤ ਤੇ ਸੂਰਬੀਰਤਾ ਨਾਲ ਸੋਵੀਅਤ ਫੌਜੀ, ਨੌਜਵਾਨ ਕੁੜੀਆਂ-ਮੁੰਡੇ ਲੜੇ ਕਿ ਦੁਸ਼ਮਣ ਦੇ ਫੌਜੀ ਜਰਨੈਲ ਹੈਨਜ਼ ਗੁਡੇਰੀਆ (HEINZ GUDERIAN) ਨੂੰ ਵੀ ਲਿਖਣਾ ਪਿਆ : "ਮਾਸਕੋ ਹਮਲਾ ਅਸਫ਼ਲ ਹੋ ਗਿਆ ਹੈ। ਸਾਨੂੰ ਵੱਡੀ ਹਾਰ ਹੋਈ ਹੈ। ..... ਜਿਸ ਦੇ ਅਗਲੇ ਕੁਝ ਹਫ਼ਤਿਆਂ ਵਿਚ ਮਾਰੂ ਸਿੱਟੇ ਨਿਕਲਣਗੇ!"

ਚੌਥੀ ਫੌਜ ਦਾ ਇਕ ਹੋਰ ਜਰਨੈਲ ਜੀ. ਬੀ. ਲੂਮੈਨਟਰਿਟ (G. B. Lumentritt) ਕਹਿੰਦਾ ਹੈ :

"ਮਾਸਕੋ ਦੀ ਲੜਾਈ ਵਿਚਲੀ ਹਾਰ, ਜਰਮਨ ਫੌਜਾਂ ਲਈ ਬਹੁਤ ਵੱਡੀ ਹਾਰ ਸੀ।"

ਜਰਮਨ ਦੀ ਧਰਤੀ ਉੱਤੇ ਪੈਦਾ ਹੋਏ ਕਾਰਲ ਮਾਰਕਸ ਦੀ ਕਮਿਊਨਿਸਟ ਫਿਲਾਸਫ਼ੀ 'ਤੇ ਆਧਾਰਿਤ ਰੂਸ ਵਿਚ ਵਾਪਰੇ 'ਅਕਤੂਬਰ ਇਨਕਲਾਬ' ਨੇ ਰੂਸ ਨੂੰ ਸਰਮਾਏਦਾਰ ਮੁਲਖਾਂ ਦਾ ਸਭ ਤੋਂ ਵੱਡਾ ਤੇ ਕੱਟੜ ਦੁਸ਼ਮਣ ਬਣਾ ਦਿੱਤਾ। ਇਹੀ ਵਜ੍ਹਾ ਦੂਸਰੀ ਸੰਸਾਰ-ਜੰਗ ਵਿਚ ਜੇਕਰ ਕਿਸੇ ਨੂੰ ਸਭ ਤੋਂ ਵੱਧ ਤਬਾਹੀ ਦਾ ਮੂੰਹ ਵੇਖਣਾ ਪਿਆ ਤਾਂ ਉਹ ਰੂਸ ਹੀ ਸੀ।

ਅਮਰੀਕਾ ਅਤੇ ਇੰਗਲੈਂਡ ਤਮਾਸ਼ਬੀਨਾਂ ਵਾਂਗ ਰੂਸ ਦੀ ਜਰਮਨਾਂ ਹੱਥੋਂ ਹੁੰਦੀ ਤਬਾਹੀ ਨੂੰ ਵੇਖਦੇ ਰਹੇ। ਜੱਟ ਮਿਰਜ਼ੇ ਵਾਂਗ ਸਿਆਲਾਂ ਦਾ ਮੁਕਾਬਲਾ ਕਰਦਾ ਕਰਦਾ ਮਿਰਜ਼ਾ ਤਾਂ ਜ਼ਰੂਰ ਮਾਰਿਆ ਗਿਆ ਪਰ ਰੂਸੀਆਂ ਨੇ ਆਪਣੀ ਹੀਰ ਨੂੰ ਖੇੜਿਆਂ ਹੱਥ ਜਾਣੋਂ ਰੋਕ ਲਿਆ ਸੀ।

ਜਿਹੜੀਆਂ ਲੜਾਈਆਂ ਰੂਸੀ ਫੌਜੀਆਂ ਅਤੇ ਆਮ ਲੋਕਾਂ ਨੇ ਸਟਾਲਿਨਗਰਾਡ, ਮਾਸਕੋ ਅਤੇ ਲੈਨਿਨਗਰਾਡ ਵਿਖੇ ਲੜੀਆਂ ਅਜਿਹੀਆਂ ਮਿਸਾਲਾਂ ਸ਼ਾਇਦ ਹੀ ਕਿਧਰੇ ਹੋਰ ਮਿਲਣ। ਬਸ ਉਵੇਂ ਹੀ ਜਿਵੇਂ ਆਨੰਦਪੁਰ, ਚਮਕੌਰ ਦੀ ਗੜ੍ਹੀ ਤੇ ਜਾਂ ਫਿਰ ਗੁਰਦਾਸ ਨੰਗਲ ਦੀ ਲੜਾਈ।

ਜ਼ਰਾ ਅੰਦਾਜ਼ਾ ਲਾਉ, ਜਰਮਨ ਫੌਜਾਂ ਦੀ ਲੈਨਿਨਗਰਾਡ ਦੁਆਲੇ 900 ਦਿਨਾਂ ਦੀ ਘੇਰਾਬੰਦੀ। ਅੰਦਰ 25 ਲੱਖ ਸ਼ਹਿਰੀ ਬੰਦ ਸਨ ਜਿਨ੍ਹਾਂ ਕੋਲ ਬੜੇ ਠੰਢੇ ਮੌਸਮ ਵਿਚ ਨਾ ਬਹੁਤੇ ਚੰਗੇ ਗਰਮ ਕੱਪੜੇ, ਨਾ ਹੀ ਭੋਜਨ, ਨਾ ਚੰਗੇ ਹਥਿਆਰ, ਨਾ ਹੀ ਪੈਟਰੋਲ ਅਤੇ ਨਾ ਦਵਾ-ਦਾਰੂ। ਬਸ ਭੁੱਖਮਰੀ ਦਾ ਆਲਮ ਸੀ। ਜਦ 27 ਜਨਵਰੀ, 1944 ਨੂੰ ਰੂਸੀ ਜਾਂਬਾਜ਼ਾਂ ਨੇ ਨਾਜ਼ੀਆਂ ਦੇ ਘੇਰੇ ਨੂੰ ਤਹਿਸ-ਨਹਿਸ ਕੀਤਾ ਤੇ ਸ਼ਹਿਰ ਅੰਦਰ ਦਾਖ਼ਿਲ ਹੋਏ, ਅੰਦਰ 11 ਲੱਖ ਦੀ ਆਬਾਦੀ ਹੀ ਰਹਿ ਗਈ ਸੀ।

ਏਡੀ ਭਿਆਨਕ ਅਤੇ ਅੱਤਿਆਚਾਰੀ ਘੇਰਾਬੰਦੀ ਨੂੰ ਆਪਣੇ ਸਿਰਾਂ ’ਤੇ ਲੜਦੇ-ਝੱਲਦੇ ਅਤੇ ਬਹਾਦਰਾਂ ਵਾਂਗ ਨਾਜ਼ੀਆਂ ਨਾਲ ਟੱਕਰ ਲੈਂਦੇ ਤਾਂ ਹੀ ਲੈਨਿਨਗਰਾਡ ਨੂੰ 'ਸੂਰਮੇ ਸ਼ਹਿਰ' ਦਾ ਰੁੱਤਬਾ ਦਿੱਤਾ ਗਿਆ ਸੀ।

ਪ੍ਰੈੱਸ ਦੀ ਆਜ਼ਾਦੀ ਦਾ ਖ਼ਾਤਮਾ ਕਰਨਾ, ਅਖ਼ਬਾਰਾਂ ਨੂੰ ਝੂਠ ਲਿਖਣ ਲਈ ਮਜਬੂਰ ਕਰਨਾ, ਵਿਰੋਧੀ ਧਿਰ ਦੇ ਵਿਚਾਰਾਂ ਦਾ ਮਲੀਆਮੇਟ ਕਰਨਾ, ਹੱਕ-ਸੱਚ ਦੀਆਂ ਆਵਾਜ਼ਾਂ ਚੁੱਕਣ ਵਾਲਿਆਂ ਦਾ ਤੁਖ਼ਮ ਤਕ ਖ਼ਤਮ ਕਰਨਾ, ਪੁਸਤਕਾਂ, ਪ੍ਰਚਾਰ-ਸਮੱਗਰੀ, ਸਿਨੇਮਾ, ਰੇਡੀਓ ਉੱਪਰ ਪੂਰੀ ਤਰ੍ਹਾਂ ਫ਼ਾਸ਼ੀਵਾਦ-ਨਾਜ਼ੀਵਾਦ ਦਾ ਪ੍ਰਚਾਰ। ਡਾ. ਜੋਸਫ ਗੋਇਬਲਜ਼ ਨੂੰ 30 ਜਨਵਰੀ 1933 ਨੂੰ ਰਾਸ਼ਟਰੀ ਚੇਤਨਾ ਅਤੇ ਪ੍ਰਚਾਰ ਮੰਤਰੀ ਬਣਾਇਆ ਗਿਆ ਜਿਸ ਨੇ ਝੂਠੇ ਪ੍ਰਚਾਰ ਦੀਆਂ ਸੱਭੇ ਹੱਦਾਂ-ਬੰਨੇ ਪਾਰ ਕਰ ਦਿੱਤੇ। ਜਰਮਨੀ ਵਿਚ ਇਹ ਉਹੀ ਦੌਰ ਸੀ ਜੋ ਅੱਜਕਲ੍ਹ ਸ਼ਾਇਦ ਹਿੰਦੋਸਤਾਨ ਅੰਦਰ ਵੇਖਣ ਨੂੰ ਮਿਲ ਰਿਹਾ ਹੈ। ਜਿਸ ਤਰਜ਼ ’ਤੇ ਅੱਜ ਹਿੰਦੋਸਤਾਨ ਅੰਦਰ ਰਾਜਨੀਤੀ ਪਨਪ ਰਹੀ ਹੈ, ਹੈਰਾਨ ਹੋਣ ਦੀ ਲੋੜ ਨਹੀਂ ਜਦ ਤੰਗ ਸੋਚ ਵਾਲੇ ਕੱਟੜਪੰਥੀ ਉੱਚੀ-ਉੱਚੀ, ਪੁਕਾਰ-ਪੁਕਾਰ ਕੇ ਕਹਿਣਗੇ; ‘ਹਿੰਦੋਸਤਾਨ ਕੇਵਲ ਹਿੰਦੂ ਕਾ’।

30 ਲੱਖ (3 ਮਿਲੀਅਨ ਰੂਸੀ ਕਮਿਊਨਿਸਟਾਂ ਨੇ ਆਪਣੇ ਦੇਸ਼ ਖ਼ਾਤਰ

ਜਾਨਾਂ ਵਾਰੀਆਂ। ਹੋਰ ਜਾਨੀ ਨੁਕਸਾਨ 2 ਕਰੋੜ ਤੋਂ ਉੱਪਰ ਸੀ। 70 ਹਜ਼ਾਰ ਪਿੰਡਾਂ ਨੂੰ ਸਾੜ ਕੇ ਸਵਾਹ ਕਰ ਸੁੱਟਿਆ ਅਤੇ 710 ਕਸਬਿਆਂ ਨੂੰ ਢਹਿ-ਢੇਰੀ ਕਰ ਦਿੱਤਾ ਸੀ। 65 ਹਜ਼ਾਰ ਕਿਲੋਮੀਟਰ ਰੇਲਵੇ ਲਾਈਨਾਂ ਪੁੱਟ ਕੇ ਸੁੱਟ ਦਿੱਤੀਆਂ ਅਤੇ 8 ਹਜ਼ਾਰ ਰੇਲਵੇ-ਸਟੇਸ਼ਨ ਤਬਾਹ ਕੀਤੇ ਗਏ। 32 ਹਜ਼ਾਰ ਉਦਯੋਗਿਕ ਪਲਾਂਟ ਤਹਿਸ-ਨਹਿਸ ਹੋਏ ਸਨ।

ਬਾਵਜੂਦ ਏਡੇ ਵੱਡੇ ਨੁਕਸਾਨ ਦੇ, ਰੂਸ ਪੂਰੀ ਦੁਨੀਆਂ ਵਿਚ ਇਕ ਸ਼ਕਤੀ-ਸ਼ਾਲੀ ਤਾਕਤ ਬਣ ਕੇ ਉੱਭਰਿਆ ਅਤੇ ਸਰਮਾਏਦਾਰ ਮੁਲਖਾਂ ਲਈ ਹੋਰ ਵੀ ਵੱਡੀ ਚੁਣੌਤੀ ਬਣ ਗਿਆ। ਇਕ ਪਾਸੇ ਸਾਰੇ ਅਮੀਰ ਖ਼ੂੰ-ਖਾਰ ਦੈਂਤ ਤੇ ਦੂਸਰੇ ਪਾਸੇ ਇਕ ਨਵੀਂ ਵਿਚਾਰਧਾਰਾ ਉਤੇ ਚੱਲ ਰਿਹਾ USSR (UNION OF SOVIET SOCIALIST REPUBLICS) ਪੁਰਾਣਾ ਨਾਮ ਰੂਸ (RUSSIA)। ਸ਼ੈਤਾਨ ਆਪਣੀ ਚਾਲ ਚੱਲ ਗਿਆ। ਮੁਲਖ ਖੇਰੂੰ-ਖੇਰੂੰ ਕਰ ਦਿੱਤਾ ਗਿਆ। ਪਹਿਲੀ ਜਨਵਰੀ, 1991 ਤਕ ਸੋਵੀਅਤ ਯੂਨੀਅਨ ਦੁਨੀਆ ਦਾ ਸਭ ਤੋਂ ਵੱਡਾ ਮੁਲਕ ਸੀ। 9 ਨਵੰਬਰ 1989 ਨੂੰ ਬਰਲਿਨ ਕੰਧ ਦਾ ਢਹਿ ਜਾਣਾ ਇਕ ਤਰ੍ਹਾਂ ਨਾਲ ਸੋਵੀਅਤ ਯੂਨੀਅਨ ਦੇ ਟੁਕੜੇ ਟੁਕੜੇ ਹੋਣ ਦਾ ਸੰਕੇਤ ਸੀ। ਰਾਜਨੀਤਿਕ, ਆਰਥਿਕ, ਫ਼ੌਜੀ ਕਾਰਨਾਂ ਤੋਂ ਇਲਾਵਾ ਰੂਸੀਆਂ ਦਾ ਅਫ਼ਗਾਨਿਸਤਾਨ ਅੰਦਰ ਦਖਲ ਦੇਣਾ ਅਤੇ ਲੰਬੀ ਲੜਾਈ ਦੀ ਸ਼ੁਰੂਆਤ ਅਤੇ ਫਿਰ ਹਾਰ ਜਿਸ ਦਾ ਭਿਆਨਕ ਸਿੱਟਾ 15 ਵੱਖ-ਵੱਖ ਮੁਲਕਾਂ ਦਾ ਜਨਮ ਹੋਣਾ। ਸਿੱਟਾ ਨਿਕਲਿਆ— ਕਹਿੰਦੇ-ਕਹਾਉਂਦੇ ਸਮਾਜਵਾਦੀ ਮੁਲਕਾਂ ਨੂੰ ਸਰਮਾਏਦਾਰੀ ਸਿਸਟਮ ਨੇ ਨਿਗਲ ਲਿਆ। ਇਹ ਭਾਣਾ 1990 ਦੇ ਗੇੜ ਵਿਚ ਵਾਪਰਿਆ।

ਪਰ ਯਕੀਨਨ ਹਿਟਲਰ ਨੇ ਜਰਮਨਾਂ ਅੰਦਰ ਰਾਸ਼ਟਰਵਾਦੀ ਸੋਚ ਨੂੰ ਸਿਰੇ ਤਕ ਲੈ ਆਂਦਾ ਅਤੇ ਅੱਜ ਜਰਮਨ ਅਫ਼ਸਰਸ਼ਾਹੀ ਦੇ ਨਾਲ ਸੰਬੰਧਿਤ ਲੋਕ ਚਾਹੇ ਚੰਗੀ-ਭਲੀ ਅੰਗਰੇਜ਼ੀ ਵੀ ਪੜ੍ਹ-ਲਿਖ ਤੇ ਬੋਲ ਲੈਂਦੇ ਹਨ ਪਰ ਫਿਰ ਆਪਣੀ ਡੱਚ ਭਾਸ਼ਾ ਬੋਲਣ ਨੂੰ ਹੀ ਪਹਿਲ ਦੇਂਦੇ ਹਨ ਅਤੇ ਮਾਣ ਮਹਿਸੂਸ ਕਰਦੇ ਹਨ।

ਪੇਪਰਾਂ ਦੀ ਛਾਣਬੀਣ ਤੋਂ ਬਾਅਦ ਇਮੀਗਰੇਸ਼ਨ ਅਫ਼ਸਰ ਨੇ ਹੋਰ 20 ਮਿੰਟਾਂ ਤਕ ਆਉਣ ਵਾਲੀ ਦੂਸਰੀ ਟਰੇਨ ਦੀ ਉਡੀਕ ਕਰਨ ਲਈ ਕਿਹਾ। ਟਰੇਨ ਆਈ, ਤਿੰਨੇ ਦੁਬਾਰਾ ਸਵਾਰ ਹੋ ਗਏ। ਆਪਣੀਆਂ ਸੀਟਾਂ ’ਤੇ ਬੈਠਣ ਤੋਂ ਬਾਅਦ, ਸਾਰਿਆਂ ਨੇ ਪਹਿਲੀ ਵੇਰ 2-2 ਜਰਮਨ ਬੀਅਰਾਂ ਪੀਤੀਆਂ। ਕੁਝ ਸਰੂਰ ਬੀਅਰਾਂ ਦਾ, ਕੁਝ ਬੇਫ਼ਿਕਰੀ ਦਾ ਤੇ ਇਕ ਘੰਟੇ ਬਾਅਦ ਫਰੈਂਕਫ਼ਰਟ ਦਾ ਰੇਲਵੇ-ਸਟੇਸ਼ਨ। ਤਿੰਨਾਂ ਨੂੰ ਲੈਣ ਲਈ ਇਨ੍ਹਾਂ ਦੇ ਭਾਈ-ਬੰਧੂ ਆਏ ਤੇ ਉਸਨਾਬਰੁਕ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਲੌਹਨੇ ਲੈ ਗਏ।

ਜਰਮਨ ਪਹੁੰਚ ਗਏ। ਰਾਜਨੀਤਿਕ ਸ਼ਰਨ ਲਈ ਪੇਪਰ ਭਰੇ ਗਏ। ਕੰਮ ਕਰਨ ਦੀ ਇਜਾਜ਼ਤ ਮਿਲ ਗਈ। ਰੇਲਵੇ ਲਾਈਨਾਂ ਦੇ ਜੋੜਾਂ ਨੂੰ ਵੈਲਡਿੰਗ ਕਰਨ ਵਾਲੀ ਕੰਪਨੀ ਵਿਚ ਕੰਮ ਲੱਗ ਗਿਆ। ਕੰਮ ਬਹੁਤ ਭਾਰੀ ਹੁੰਦਾ। ਕਦੇ-ਕਦੇ ਕਰਮੇ ਨੂੰ ਤਿੰਨ ਘੰਟੇ ਜਾਣ ਤੇ ਏਨਾ ਹੀ ਸਮਾਂ ਆਉਣ 'ਤੇ ਲੱਗ ਜਾਂਦਾ। ਤਿੰਨ-ਤਿੰਨ ਫੁੱਟ ਬਰਫ਼ ਵਿਚ 8-8 ਘੰਟੇ ਕੰਮ। ਅੱਤ ਦੀ ਠੰਢ, ਬਰਫ਼ ਤੇ ਤੇਜ਼ ਹਵਾਵਾਂ। ਕੰਪਨੀ ਵਾਲਿਆਂ ਦੀ ਬਿਲਡਿੰਗ ਦੀ ਬੇਸਮੈਂਟ ਵਿਚ ਬੰਕਰ ਬੈਂਡ ਲਾ ਕੇ 8-10 ਜਣਿਆਂ ਨੇ ਰਹਿਣਾ। ਕਿਸੇ ਨੇ ਸਫ਼ਾਈ ਕਰਨੀ, ਕਿਸੇ ਆਟਾ ਗੁੰਨਣਾ, ਕਿਸੇ ਚੌਲ ਬਣਾਉਣੇ, ਕਿਸੇ ਮੁਰਗਿਆਂ ਦੇ ਮੀਟ ਨੂੰ ਤੜਕਾ ਲਾਉਣਾ ਤੇ ਕਿਸੇ ਰੋਟੀਆਂ ਪਕਾਉਣੀਆਂ ਤੇ ਕਿਸੇ ਨੇ ਬਾਅਦ ਵਿਚ ਬਰਤਨ ਸਾਫ਼ ਕਰਨੇ। ਅਖ਼ੀਰ ਥੱਲੇ ਪੋਚਾ ਲਾਉਣਾ। ਹਰ ਕੰਮ ਨੂੰ ਤਰਕੀਬ ਨਾਲ ਕੀਤਾ ਜਾਂਦਾ। ਦਾਰੂ ਦੀਆਂ ਘਟੋ-ਘੱਟ ਰੋਜ਼ਾਨਾ ਦੋ ਬੋਤਲਾਂ ਦਾ ਉਜਾੜਾ ਤੇ ਬੀਅਰਾਂ ਵੱਖ। ਸਾਰੇ ਖਰਚੇ ਲਿਖੇ ਜਾਂਦੇ ਤੇ 2 ਹਫ਼ਤਿਆਂ ਬਾਅਦ ਲੈਣ-ਦੇਣ ਕੀਤਾ ਜਾਂਦਾ। ਐੱਮ.ਏ. ਇਕਨਾਮਿਕਸ, ਉਹ ਵੀ ਚੰਗੇ ਨੰਬਰਾਂ ਜਾਂ ਅੰਕਾਂ ਵਿਚ। ਅੱਜ ਜਰਮਨੀ ਦੀਆਂ ਰੇਲਵੇ-ਲਾਈਨਾਂ ਉੱਪਰ ਜੋੜ ਲਾ ਰਿਹਾ ਕਰਮਾ ਸੋਚਦਾ : ਕਿਉਂ ਭਾਰਤੀ ਲੋਕ ਆਪਣੇ ਪੁਰਾਣੇ ਸਭਿਆਚਾਰ ਦੀਆਂ ਫੜ੍ਹਾਂ ਮਾਰਦੇ ਰਹਿੰਦੇ ਨੇ ਅਖੇ :

ਹਿੰਦੋਸਤਾਨ ਦੀ ਦਸ ਹਜ਼ਾਰ ਸਾਲ ਪੁਰਾਣੀ ਸਭਿਅਤਾ ਹੈ।

ਇਥੇ ਬਹੁਤ ਦੇਵੀ-ਦੇਵਤੇ ਹੋਏ।

ਇਥੇ ਹਮੇਸ਼ਾਂ ਝੂਠ-ਸੱਚ ਦੀ ਲੜਾਈ ਵਿਚ ਸਮੇਂ-ਸਮੇਂ ਕਈ 'ਭਗਵਾਨ' ਆਏ ਤੇ ਆਪਣਾ-ਆਪਣਾ ਚਮਤਕਾਰ ਕਰਦੇ ਹੋਏ ਚਲੇ ਗਏ।

ਇਹ ਦੇਸ਼ ਕਦੇ ਸੋਨੇ ਦੀ ਚਿੜੀਆ ਹੋਇਆ ਕਰਦਾ ਸੀ।

ਇਹ ਬਹਾਦਰ ਯੋਧਿਆਂ-ਸੂਰਬੀਰ ਵਰਿਆਮਾਂ ਦੀ ਧਰਤੀ ਸੀ।

ਇਥੇ ਰਾਮ-ਰਾਜ ਹੋਇਆ ਕਰਦਾ ਸੀ।

ਅਚਾਨਕ ਫਿਰ ਮਨ ਅੰਦਰ ਨਵਾਂ ਜੋਸ਼ ਉੱਠਦਾ ਤੇ ਆਪ-ਮੁਹਾਰੇ ਹੀ :

ਹਿੰਦੋਸਤਾਨ ਦੀ ਪੁਰਾਣੀ ਸਭਿਅਤਾ ਨੇ ਇਥੋਂ ਦੇ ਲੋਕਾਂ ਨੂੰ ਕੀ ਦਿੱਤਾ ?

ਤੇਤੀ ਕਰੋੜ ਦੇਵੀ-ਦੇਵਤੇ ਉਦੋਂ ਕਿੱਥੇ ਜਾ ਦੜੇ। ਜਦੋਂ ਬਾਹਰਲੇ ਹਮਲਾਵਰਾਂ ਨੇ ਇਥੋਂ ਦੇ ਸੋਨੇ ਦੇ ਮੰਦਰਾਂ ਦੀ ਲੁੱਟ ਮਚਾਈ, ਉਨ੍ਹਾਂ ਨੂੰ ਮਿੱਟੀ ਵਿਚ ਮਿਲਾਇਆ। ਇਥੋਂ ਦੀਆਂ ਬਹੂ-ਬੇਟੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਤੇ ਹੱਥ-ਪੈਰ ਬੰਨ੍ਹ ਕੇ ਦੂਰ ਅਰਬ ਦੇਸ਼ਾਂ ਵਿਚ ਉਨ੍ਹਾਂ ਨੂੰ ਮੰਡੀ ਦੀ ਵਸਤੂ ਤੁੱਲ ਵੇਚਦੇ ਰਹੇ। ਕਿੰਝ ਇਨ੍ਹਾਂ ਹਮਲਾਵਰਾਂ ਨੇ ਉੱਤਰੀ ਭਾਰਤ ਦੀ ਨਸਲ ਹੀ ਬਦਲ ਕੇ ਰੱਖ ਦਿੱਤੀ।

ਤੇ ਫਿਰ ਐਮਨਾਬਾਦ ਦਾ ਵਾਕਿਆ ਯਾਦ ਆਉਂਦਾ। ਬਾਬਰ ਦੀਆਂ ਫੌਜਾਂ

ਦੀ ਚੜ੍ਹਾਈ, ਲੜਾਈ, ਤਬਾਹੀ ਤੇ ਅੱਤਿਆਚਾਰ ਮੂਹਰੇ ਹਿੰਦੂਆਂ ਦੇ ਪੁਜਾਰੀ ਬੁੱਤ ਬਣ ਗਏ 'ਅਖੇ ! ਸਾਡੇ ਦੇਵੀ-ਦੇਵਤੇ ਆਪ ਹੀ ਬਾਬਰ ਦੀਆਂ ਫੌਜਾਂ ਦਾ ਮੁਕਾਬਲਾ ਕਰਨਗੇ ! ਉਸ ਦੀਆਂ ਫੌਜਾਂ ਨੂੰ ਅੰਨ੍ਹਿਆਂ ਕਰ ਦੇਣਗੇ।' ਪਰ ਐਸਾ ਕੁਝ ਵੀ ਨਾ ਹੋਇਆ। ਬਾਬੇ ਨਾਨਕ ਹੁਰਾਂ ਨੇ ਬਥੇਰਾ ਇਨ੍ਹਾਂ ਸੰਤਾਂ-ਮਹੰਤਾਂ, ਪੁਜਾਰੀਆਂ ਸਾਧਾਂ ਨੂੰ ਸਮਝਾਇਆ ਕਿ ਆਪਣੇ ਲੋਕਾਂ ਨੂੰ ਕਹੋ, ਉੱਠ ਕੇ ਜ਼ੁਲਮ ਦਾ ਟਾਕਰਾ ਕਰਨ ਪਰ ਕੋਈ ਨਾ ਉੱਠਿਆ, ਕੋਈ ਨਾ ਲੜਿਆ।

'ਕੋਈ ਮੁਗਲੁ ਨ ਹੋਆ ਅੰਧਾ
ਕਿਨੈ ਨ ਪਰਚਾ ਲਾਇਆ॥'

ਰਾਜਿਆਂ-ਮਹਾਰਾਜਿਆਂ ਦੀ ਧਰਤੀ ਜਿਨ੍ਹਾਂ ਆਪਣੇ-ਆਪਣੇ ਦੌਰ ਵਿਚ ਹਰ ਉਹ ਆਯਾਸ਼ੀ, ਐਸ਼ੋ-ਇਸ਼ਰਤ ਅਤੇ ਲੋਕਾਂ ਦੀ ਲੁੱਟ-ਖਸੁੱਟ ਕੀਤੀ ਜਿਸ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ। ਆਮ ਲੋਕਾਂ ਦੇ ਕਲਿਆਣ ਲਈ ਇਨ੍ਹਾਂ ਰਾਜਿਆਂ-ਮਹਾਂਰਾਜਿਆਂ ਕੁਝ ਨਾ ਕੀਤਾ। ਸਿਵਾਏ ਆਂਢ-ਗੁਆਂਢ ਨਾਲ ਲੜਾਈਆਂ-ਝਗੜਿਆਂ ਦੇ।

ਕਰਮਾ ਬੜੀ ਮੁਸ਼ਕਿਲ ਨਾਲ ਆਪਣੇ ਆਪ ਵਿਚ ਆਉਂਦਾ। ਸੋਚਾਂ ਦੀਆਂ ਉਡਾਰੀਆਂ ਨੂੰ ਕਾਬੂ ਕਰਨਾ ਵੀ ਕਿਹੜਾ ਸੌਖਾ ਹੁੰਦਾ ?

ਅਗਰ ਸਭ ਕੁਝ ਰੱਬ ਦੀ ਮਰਜ਼ੀ ਵਿਚ ਹੁੰਦਾ ਹੀ ਮੰਨ ਲਿਆ ਜਾਵੇ ਤਾਂ ਮਨੁੱਖੀ ਹੋਂਦ ਦਾ ਕੀ ਕਰਮ-ਧਰਮ ਅਰਥ ਰਹਿ ਗਿਆ ?

ਦੂਸਰੀ ਵੇਰ ਪਿੰਡ ਛੱਡਿਆ ਤਾਂ ਨਹਿਰ ਦੀ ਪੁਲ਼ੀ ਤਕ ਕਰਮਾ ਪਤਾ ਨਹੀਂ ਕਿੰਨੀ ਵੇਰ ਤੇ ਕਿਹੜੇ-ਕਿਹੜੇ ਵਹਿਣਾਂ ਵਿੱਚ ਡੁੱਬਾ ਬਾਰ-ਬਾਰ ਆਪਣਾ ਪਿੰਡ ਤੇ ਆਲੇ-ਦੁਆਲੇ ਦੇ ਜੰਗਲ ਬੇਲੇ ਤੇ ਉਹ ਕਿੱਕਰਾਂ ਬੋਹੜਾਂ ਨਾਲ ਖੇਡਦਾ ਤੇ ਇੱਟ-ਖੜੱਕਾ ਵੀ ਕਰਦਾ ਰਿਹਾ ਸੀ, ਯਾਦ ਕਰ ਰਿਹਾ ਸੀ ਜਦ ਜ਼ਿਦੋ-ਜ਼ਿਦੀ ਸਾਰੇ ਹਾਣੀ ਕਿੱਕਰ ਦੀਆਂ ਲੰਮੀਆਂ-ਲੰਮੀਆਂ ਸੂਲਾਂ ਆਪਣੇ ਪੱਟਾਂ ਦੀ ਚੂੰਡੀ ਭਰ ਕੇ ਉਸ ਵਿਚ ਦੀ ਆਰ-ਪਾਰ ਕਰ ਦੇਂਦੇ ਸਨ। ਉਸ ਨੂੰ ਗੱਛੀ, ਬੀਰਾ, ਕਾਲਾ, ਮੀਕਾ ਤੇ ਕਸ਼ਮੀਰਾ ਯਾਦ ਆਏ ਤਾਂ ਵਿੱਚੋਂ-ਵਿੱਚ ਹੱਸ ਰਿਹਾ ਸੀ। ਕਣਕ ਵਿੱਚੋਂ ਛੋਲੇ ਪੱਟ ਕੇ ਹੋਲਾਂ ਭੁੰਨਣੀਆਂ ਯਾਦ ਆਈਆਂ। ਲਾਗਲੇ ਪਿੰਡ ਅਗਵਾਨ ਤੋਂ ਪਾਣੀ ਦੀ ਬਾਲਟੀ ਲੈਣ ਚਲੇ ਜਾਣਾ ਤੇ ਪਿੱਛੇ ਹਾਣੀਆਂ ਨੂੰ ਨਹਿਰ ਦਾ ਗੰਦਾ ਪਾਣੀ ਪੀਣਾ ਪੈਂਦਾ। ਉਥੇ ਉਸ ਪਿੰਡ ਦੇ ਮੁੰਡਿਆਂ ਨਾਲ ਬੰਟੇ ਖੇਡਣ ਲੱਗ ਜਾਣਾ।

ਪੂਰੀ ਕਾਇਨਾਤ ਨਾਲ ਗੱਲਾਂ ਕਰ ਰਿਹਾ ਸੀ, ਬਸ ਏਦਾਂ ਹੀ ਬਣੇ ਰਹਿਣਾ। ਸਾਫ਼ ਪੌਣਪਾਣੀ ਬਨਸਪਤੀ ਵਿਚ ਹਰਿਆਵਲ, ਦਰਖ਼ਤਾਂ ਉੱਪਰ ਪੰਛੀਆਂ ਦੇ ਆਲ੍ਹਣੇ ਤੇ ਬਿਜੜੇ, ਤਿੱਤਰਾਂ-ਬਟੇਰਿਆਂ ਦੀਆਂ ਆਵਾਜ਼ਾਂ 'ਭਗਵਾਨ ਤੇਰੀ

ਕੁਦਰਤ'। ਕਰਮਾ ਇਨ੍ਹਾਂ ਸਭਨਾਂ ਨੂੰ ਸੁਨੇਹਾ ਦੇ ਰਿਹਾ ਸੀ, ਮੈਂ ਮਜਬੂਰਨ ਤੁਹਾਨੂੰ ਛੱਡ ਕੇ ਜਾ ਰਿਹਾ ਹਾਂ। ਮੇਰਾ ਵਾਅਦਾ ਏ ਮੁੜ ਕੇ ਜ਼ਰੂਰ ਜਲਦੀ ਆਵਾਂਗਾ। ਚਾਹੇ ਕਿਸੇ ਦੀ ਹਾਲਤ ਵਿੱਚ ਆਵਾਂ।

ਕਰੀਬ ਡੇਢ ਸਾਲ ਏਥੇ ਕੰਮ ਕੀਤਾ ਤੇ ਪੈਸਾ ਕਮਾਇਆ। ਪਿੰਡ ਸੋਸਾਇਟੀ ਅਤੇ ਦੋ ਸ਼ਾਹੂਕਾਰਾਂ ਦਾ ਸਿਆਪਾ ਗਲੋਂ ਲਾਹਿਆ। ਮਜਬੂਰਨ ਜਰਮਨੀ ਨੂੰ ਛੱਡਣਾ ਏਸ ਕਰਕੇ ਪਿਆ ਕਿ ਦੋ ਗਰੁੱਪਾਂ ਇਕ ਭਾਰਤੀ ਪੰਜਾਬੀਆਂ 'ਤੇ ਦੂਸਰਾ ਪਾਕਿਸਤਾਨੀ ਪੰਜਾਬੀਆਂ ਦਾ, ਅਜਿਹਾ ਭੇੜ ਹੋਇਆ ਜਿਸ ਵਿਚ ਕਰਮੇ ਦਾ ਬਹੁਤ ਹੀ ਪਿਆਰਾ ਦੋਸਤ ਗੁਰਦਰਸ਼ਨ ਬਰਾੜ ਬਠਿੰਡੇ ਤੋਂ ਮਾਰਿਆ ਗਿਆ ਤੇ ਕਰਮਾ ਖ਼ੁਦ ਏਸ ਲੜਾਈ ਵਿੱਚੋਂ ਚੰਗੀ ਕਿਸਮਤ ਨੂੰ ਬਚ ਗਿਆ ਸੀ। ਕਈ ਸਾਲਾਂ ਤਕ ਕਰਮੇ ਦੇ ਮੱਥੇ ਉੱਪਰ ਜ਼ਖ਼ਮ ਉਸ ਲੜਾਈ ਦੀ ਗਵਾਹੀ ਭਰਦਾ ਰਿਹਾ। ਇਸ ਲੜਾਈ ਪਿੱਛੇ ਵੀ ਕੇਵਲ ਤੇ ਕੇਵਲ ਝੂਠੀ ਫੁਕਰੀ ਸ਼ਾਨ ਬਣਾਉਣ ਦਾ ਹੀ ਮਸਲਾ ਸੀ। ਕਰੀਬ ਵੀਹ ਲਹਿੰਦੇ ਪੰਜਾਬ ਦੇ ਪੰਜਾਬੀ ਅਤੇ 7-8 ਚੜ੍ਹਦੇ ਪੰਜਾਬ ਦੇ ਪੰਜਾਬੀ। ਕਰਮੇ ਉੱਪਰ ਛੁਰੇ ਦਾ ਜਦ ਦੂਸਰਾ ਵਾਰ ਹੋਣ ਲੱਗਾ ਤਾਂ ਇਕ ਪਾਕਿਸਤਾਨੀ ਮੁੰਡੇ ਜਿਸ ਨੂੰ ਭੋਲਾ ਕਹਿੰਦੇ ਸਨ, ਉਸ ਦੇ ਬੋਲ 'ਓਏ ਭਾਊ ਨੂੰ ਨਾ ਮਾਰਨਾ।' ਕਰਮਾ ਕਦੇ-ਕਦੇ ਇਸ ਦੀ ਬੀਅਰ ਸ਼ੋਪ 'ਤੇ ਕੇ ਜਾਂਦਾ ਰਿਹਾ ਸੀ।

ਕਰਮਾ ਹੁਣ ਜ਼ਿੰਦਗੀ ਦੇ ਦੂਸਰੇ ਹਿੱਸੇ ਬਾਰੇ ਸੋਚਣ ਲੱਗ ਪਿਆ। ਇਸ ਤਰ੍ਹਾਂ ਦੇ ਲੜਾਈ-ਝਗੜਿਆਂ ਵਿਚ ਉਲਝਣਾ ਉਹ ਬੇਕਾਰ ਸਮਝਦਾ ਸੀ।

ਜਰਮਨੀ ਵਿਚ ਪਿੱਛੇ ਦੀ ਯਾਦ ਸਤਾਉਣ ਲੱਗੀ। ਪੰਜਾਬੀ ਯੂਨੀਵਰਸਿਟੀ ਤੋਂ ਇਕ ਲੜਕੀ ਨੇ ਐਮ.ਏ. ਪੰਜਾਬੀ ਕਰਨ ਉਪਰੰਤ ਵਾਪਿਸ ਆਪਣੇ ਪਿੰਡ ਮੁਕੇਰੀਆਂ ਆਉਣਾ ਸੀ। ਇਤਫ਼ਾਕਨ ਦੋਹਾਂ ਦੀ ਬੱਸ ਵਿਚ ਮਿਲਣੀ ਹੋ ਗਈ ਜਿਹੜੀ ਕਰਮੇ ਨੂੰ ਚਿੱਠੀ ਲਿਖਣ ਲਈ ਮਜਬੂਰ ਕਰਨ ਲੱਗੀ। ਚਿੱਠੀਆਂ ਦਾ ਆਉਣਾ-ਜਾਣਾ ਹੁੰਦਾ ਰਿਹਾ। ਗੁਰਿੰਦਰ ਨਾਂ ਸੀ ਜੋ ਗੌਰਮਿੰਟ ਕਾਲਜ, ਕਾਲਾ ਅਫ਼ਗਾਨਾ ਲੈਕਚਰਾਰ ਲੱਗ ਚੁੱਕੀ ਸੀ। ਨੌਕਰੀ ਕੱਚੀ ਸੀ, ਉਸ ਨੂੰ ਐੱਮ.ਫਿਲ ਕਰਨੀ ਪੈਣੀ ਸੀ ਪਰ ਉਹ ਇਸ ਤੋਂ ਅਨਜਾਣ ਸੀ। ਜਦ ਉਸ ਨੇ ਕਰਮੇ ਨੂੰ ਇਸ ਬਾਰੇ ਲਿਖਿਆ ਤਾਂ ਵਾਪਸੀ ਡਾਕ ਵਿਚ ਕਰਮੇ ਨੇ ਉਸ ਨੂੰ ਸਲਾਹ ਦਿੱਤੀ ਕਿ ਉਹ ਆਪਣਾ ਵਿਸ਼ਾ ਦੁੱਲ੍ਹਾ ਭੱਟੀ ਚੁਣੇ ਕਿਉਂਕਿ ਪੰਜਾਬੀ ਸਾਹਿਤ ਵਿਚ ਦੁੱਲ੍ਹਾ ਭੱਟੀ ਦੀ ਕੁਝ ਪਹਿਚਾਣ ਵੀ ਸੀ। ਦੂਸਰਾ, ਕਰਮਾ ਖ਼ੁਦ ਵੀ ਇਸ ਮਹਾਨ ਬਾਗ਼ੀ ਸੂਰਮੇ ਦੀ ਕੁਰਬਾਨੀ ਦਾ ਕਾਇਲ ਸੀ। ਗੁਰਿੰਦਰ ਨੇ ਜਦ ਲਿਖਿਆ ਕਿ ਠੀਕ ਏ ਪਰ ਮੇਰੀ ਮਦਦ ਕਰੋ। ਕਰਮੇ ਨੇ ਇਕ ਹਫ਼ਤੇ ਬਾਅਦ ਕੋਈ ਪੰਦਰਾਂ ਵੱਡੇ ਵਰਕੇ ਲਿਖ ਕੇ ਡਾਕ ਵਿਚ ਭੇਜ ਦਿੱਤੇ। ਬਸ ਫਿਰ ਕੀ ਸੀ—ਕਰੀਬ ਦਸ ਮਹੀਨਿਆਂ ਬਾਅਦ ਗੁਰਿੰਦਰ ਨੇ ਆਪਣਾ ਥੀਸਸ

ਮੁਕੰਮਲ ਕਰ ਲਿਆ। ਨੌਕਰੀ ਪੱਕੀ ਹੋ ਗਈ।

ਚਿੱਠੀ-ਪੱਤਰ ਨੇ ਰੁਮਾਂਟਿਕ ਲੀਹਾਂ 'ਤੇ ਤੁਰਨਾ ਸ਼ੁਰੂ ਕਰ ਦਿੱਤਾ। ਜਦ ਵੀ ਗੁਰਿੰਦਰ ਦੀ ਚਿੱਠੀ ਆਉਣੀ ਇਕ ਨਸ਼ੇ ਜਿਹੇ ਵਿਚ ਕਰਮੇ ਨੇ ਆਉਣ ਵਾਲੇ ਵਕਤ ਦੀਆਂ ਕਿਆਸ-ਅਰਾਈਆਂ ਲਾਉਣੀਆਂ ਸ਼ੁਰੂ ਕਰ ਦੇਣੀਆਂ।

ਪਰ ਕਰਮੇ ਦੇ ਲੇਖ ਏਡੇ ਸਿੱਧੇ-ਪੱਧਰੇ ਵੀ ਨਹੀਂ ਸਨ। ਉਸ ਨੂੰ ਹਰ ਛੋਟੀ ਤੋਂ ਛੋਟੀ ਚੀਜ਼ ਹਾਸਲ ਕਰਨ ਲਈ ਵਿਤੋਂ ਵੱਧ ਭੱਜ-ਦੌੜ ਤੇ ਮਿਹਨਤ ਕਰਨੀ ਪੈਂਦੀ। ਬਸ ਇਹ ਤਾਂ ਉਸ ਦਾ ਹਠ ਤੇ ਦ੍ਰਿੜ੍ਹ ਇਰਾਦਾ ਹੀ ਸੀ ਜਿਹੜਾ ਉਸ ਨੂੰ ਕਿਧਰੇ ਵੀ ਹਾਰ ਮੰਨਣ ਨਹੀਂ ਸੀ ਦੇਂਦਾ।

ਕਰਮਾ ਅੱਗੋਂ ਕੀ ਕਰੇ ਤੇ ਕਿੱਧਰ ਨੂੰ ਜਾਵੇ ਇਹ ਇਕ ਵੱਡਾ ਸਵਾਲ ਸੀ। ਸਭ ਤੋਂ ਪਹਿਲਾਂ ਉਸ ਨੇ ਆਪਣਾ ਕੈਮਰਾ ਵੇਚਿਆ, ਫਿਰ ਉਸ ਨੇ ਸਰਦੀਆਂ ਲਈ ਲਏ ਨਵੇਂ ਕੱਪੜੇ ਤੇ ਬੂਟ ਵਾਪਿਸ ਕੀਤੇ ਤੇ ਤੀਸਰਾ, ਉਸ ਨੇ ਆਪਣੀ ਗੱਡੀ ਫੋਰਡ ਸਿਮਕਾ ਵੇਚ ਦਿੱਤੀ। ਪੈਸੇ ਅਜੇ ਵੀ ਘਟਦੇ ਸਨ, ਉਸ ਨੇ ਕੰਪਨੀ ਮਾਲਕਾਂ ਤੋਂ ਆਪਣਾ ਟੈਕਸ ਜੋ ਬਾਅਦ ਵਿਚ ਆਉਣਾ ਸੀ ਪਹਿਲਾਂ ਕੁਝ ਘੱਟ 'ਤੇ ਲੈ ਲਿਆ। ਪਰ ਨਹੀਂ, ਅਜੇ ਵੀ ਪੈਸੇ ਘੱਟ ਸਨ। ਬਸ ਹੁਣ ਹੱਥ ਵਾਲੀ ਸੀਕੋ ਦੀ ਘੜੀ ਤੇ ਗਲ ਵਿਚ ਛੋਟੀ ਜਿਹੀ ਸੋਨੇ ਦੀ ਚੈਨੀ—ਉਹ ਵੀ ਗਲੋਂ ਲਾਹ ਮਾਰੀ।

ਕਰਮਾ ਬਾਰ-ਬਾਰ ਪਿੰਡ ਨਜ਼ਰ ਮਾਰਦਾ। ਰਾਤ ਸੁੱਤਿਆਂ ਉਸ ਨੂੰ ਬਾਪੂ ਦੇ ਬਿਆਈਆਂ ਨਾਲ ਪਾਟੇ ਪੈਰ ਯਾਦ ਆਉਂਦੇ। ਪਿੰਡ ਦੇ ਗਰੀਬ ਬੱਚਿਆਂ ਦੇ ਚਿਹਰੇ ਤੋਂ ਉਨ੍ਹਾਂ ਦੇ ਘਰਾਂ ਅੰਦਰ ਬਿਨਾਂ ਤੜਕੇ ਦੇ ਬਣਦੇ ਸਾਲਣ ਤੇ ਰੋਟੀਆਂ ਉਤੇ ਆਚਾਰ ਗੰਢਾ ਚੇਤੇ ਆਉਂਦੇ। ਆਪਣੇ ਭਰਾਵਾਂ ਦੇ ਚਿਹਰੇ 'ਤੇ ਆਪਣੀ ਮਾਂ ਦੇ ਹੱਥਾਂ 'ਚ ਭਰਿਆ ਦੁੱਧ ਦਾ ਕੜੇ ਵਾਲਾ ਗਲਾਸ ਤੇ ਕਾੜ੍ਹਨੀ ਉਪਰ ਆਈ ਮੋਟੀ ਮਲਾਈ। ਪਿੱਪਲ ਉਤੇ ਪਈ ਪੀਂਘ ਦੇ ਹੁਲਾਰੇ ਲੈਂਦੀਆਂ ਕੁੜੀਆਂ, ਬੋਹੜ ਦੀ ਛਾਂ ਹੇਠ ਚਾਚਾ ਪੂਰਨ, ਬੇਲੀਰਾਮ ਤੇ ਸੱਤੋ ਅਤੇ ਹੁੱਕੇ ਦੀ ਗੁੜ-ਗੁੜ। ਕਿਧਰੇ ਕੁੰਨਣ ਦੀ ਸ਼ਰਾਬ ਦੀ ਭੱਠੀ ਵਿੱਚੋਂ ਤੁਪਕਾ-ਤੁਪਕਾ ਤੇ ਕਿਧਰੇ ਝੋਨੇ ਦੇ ਕੀਤੇ ਕੱਦੂ ਵਿਚ ਪੁਲੀਸ ਮੂਹਰੇ ਦੌੜ ਰਿਹਾ ਗੁੰਨੀ। ਭਗਠਾਣਾ ਤੁਲੀਆਂ ਤੋਂ ਤੁਫ਼ੈਲ ਦੇ ਸਪੀਕਰ ਦੀ ਆਵਾਜ਼ ਜਿਵੇਂ ਜਰਮਨ ਦੀਆਂ ਪੱਕੀਆਂ ਕੰਧਾਂ ਨਾਲ ਟਕਰਾਉਂਦੀ ਕਰਮੇ ਨੂੰ ਕਹਿ ਰਹੀ ਹੋਵੇ :

'ਉੱਠ ਜਾਗ ਘੁਰਾੜੇ ਮਾਰ ਨਹੀਂ।
ਇਹ ਸੌਣਾ ਤੇਰੇ ਦਰਕਾਰ ਨਹੀਂ !

—ਸਾਈਂ ਬੁਲ੍ਹੇਸ਼ਾਹ

(7)

**ਦਰਿਆਵਾਂ ਦੇ ਵਹਿਣਾਂ ਨੂੰ ਵੇਖ, ਲਾ ਉਨ੍ਹਾਂ ਦੇ ਸੰਗ ਯਾਰੀ।**
**ਜ਼ਿੰਦਗੀ ਜ਼ਿੰਦਾਦਿਲੀ ਦਾ ਨਾਮ, ਨਾ ਮੰਗਿਆਂ ਮਿਲੂ ਉਧਾਰੀ।**

ਸਭ ਕੁਝ ਦਾਅ 'ਤੇ ਲਾ ਕੇ ਕਰਮਾ ਜਰਮਨੀ ਛੱਡ ਕੈਨੇਡਾ ਨੂੰ ਹੋ ਤੁਰਿਆ। ਇਹ ਕਿਸੇ ਜੂਏ ਤੋਂ ਘੱਟ ਨਹੀਂ ਸੀ। ਜਾਂ ਆਰ ਜਾਂ ਪਾਰ। ਪਰ ਕਰਮੇ ਦੀ ਕਿਸਮਤ ਏਡੀ ਤੇਜ਼ ਨਹੀਂ ਸੀ ਕਿ ਉਲਝੇ ਮਸਲਿਆਂ ਦਾ ਹੱਲ ਛੇਤੀ ਨਿਕਲ ਆਉਂਦਾ! ਐਡਮਿੰਟਨ, ਅਲਬਰਟਾ ਦੀ ਰਾਜਧਾਨੀ ਆਉਣ ਤੋਂ ਪਹਿਲਾਂ ਕਰਮਾ ਆਪਣਾ ਪਾਸਪੋਰਟ ਜਹਾਜ਼ ਵਿਚ ਗੁਆ ਚੁੱਕਾ ਸੀ। ਉਸ ਨੇ ਪਹਿਲਾਂ ਹੀ ਧਾਰ ਲਿਆ ਸੀ ਕਿ ਉਹ ਕੈਨੇਡਾ ਜਾ ਕੇ ਰਾਜਨੀਤਿਕ ਪਨਾਹ (Political Asylum) ਲਵੇਗਾ। ਜਿਨ੍ਹਾਂ ਲੋਕਾਂ ਨੇ ਕਰਮੇ ਨੂੰ ਏਅਰਪੋਰਟ ਤੋਂ ਲੈਣ ਆਉਣਾ ਸੀ ਉਹ ਨਾ ਆਏ। ਕੈਨੇਡਾ ਦੀ ਇਮੀਗਰੇਸ਼ਨ ਨੇ ਕਰਮੇ ਨੂੰ ਅਗਲੇ ਦਿਨ ਜੱਜ ਮੂਹਰੇ ਪੇਸ਼ ਕਰਨ ਲਈ ਆਪਣੇ ਕਬਜ਼ੇ ਵਿਚ ਕਰ ਲਿਆ। ਜਰਮਨ ਤੋਂ ਕੈਨੇਡਾ ਦੀ ਲੰਬੀ ਫਲਾਈਟ ਨੇ ਕਰਮੇ ਦਾ ਬੁਰਾ ਹਾਲ ਕਰ ਸੁੱਟਿਆ ਤੇ ਉਧਰੋਂ ਏਅਰਪੋਰਟ 'ਤੇ ਲਗਾਤਾਰ ਪੰਜ ਘੰਟੇ ਦੀ ਪੁੱਛ-ਗਿੱਛ। ਉਹ ਵੀ ਇਵੇਂ ਜਿਵੇਂ ਕਿਸੇ ਅੰਤਰਰਾਸ਼ਟਰੀ ਅੱਤਵਾਦੀ ਨੂੰ ਫੜ ਲਿਆ ਹੋਵੇ !

ਰਾਤ ਬੜੇ ਵਧੀਆ ਹੋਟਲ ਵਿਚ ਰੱਖਿਆ ਗਿਆ ਜਿਥੇ ਇਕ ਖ਼ੂਬਸੂਰਤ ਗੋਰੀ ਇਮੀਗਰੇਸ਼ਨ ਆਫੀਸਰ ਇਸ ਨਾਲ ਤਾਇਨਾਤ ਕੀਤੀ ਗਈ। ਕਮਰੇ ਵਿਚ ਬੀਅਰ ਮੰਗਵਾਈ ਗਈ, ਖਾਣਾ ਖਾਧਾ ਗਿਆ ਤੇ ਆਮ ਗੱਲਾਂ-ਬਾਤਾਂ ਹੁੰਦੀਆਂ ਰਹੀਆਂ। ਕਰਮੇ ਨੂੰ ਇੰਜ ਲੱਗਿਆ ਜਿਵੇਂ ਇਹ ਆਫੀਸਰ ਕਿਸੇ ਰੋਮਾਂਟਿਕ ਮੂਡ ਵਿਚ ਸੀ ਜਾਂ ਇਹ ਉਸ ਦਾ ਵਹਿਮ ਹੀ ਸੀ ਪਰ ਜੋ ਵੀ ਸੀ ਕਰਮੇ ਨੂੰ ਉਸ ਨਾਲ ਖੁੱਲ੍ਹੀਆਂ ਗੱਲਾਂ ਕਰਕੇ ਚੰਗਾ ਲੱਗਾ। ਅਗਰ ਕਰਮਾ ਆਪਣੇ ਮਨੋਬਲ ਤੋਂ ਕਮਜ਼ੋਰ ਹੁੰਦਾ, ਪੱਛੜੇ ਬਾਰਡਰ ਦੇ ਇਲਾਕੇ ਦਾ ਨਾ ਹੁੰਦਾ, ਕਿਸੇ ਜੱਟ ਦਾ ਪੁੱਤ ਨਾ ਹੁੰਦਾ ਤਾਂ ਸ਼ਾਇਦ ਕਿਧਰੇ ਪਰਤਾ ਵੀ ਖਾ ਜਾਂਦਾ ਪਰ ਉਹ ਅਡੋਲ ਰਿਹਾ। ਉਸ ਮੂਹਰੇ ਬਾਰ-ਬਾਰ ਆਪਣੇ ਮਾਮੇ ਹੁਰਾਂ ਦੇ ਬੋਲੇ ਬੋਲ ਯਾਦ ਆ ਜਾਂਦੇ। ਉਸ ਨੂੰ ਆਪਣੀਆਂ ਜ਼ੁੰਮੇਵਾਰੀਆਂ ਲਗਾਤਾਰ ਜਿਵੇਂ ਕਿਤੇ ਵੀ ਨਾ ਡੋਲ ਜਾਣ ਦੀ ਤਾਕਤ ਦੇ ਰਹੀਆਂ ਸਨ।

ਅਗਲੇ ਦਿਨ ਇਮੀਗਰੇਸ਼ਨ ਜੱਜ ਸਾਹਮਣੇ ਪੇਸ਼ ਕੀਤਾ ਗਿਆ। ਕਰੀਬ

ਇਹ ਸਾਰੀ ਕਾਰਵਾਈ ਰੁਕ-ਰੁਕ ਕੇ ਛੇ ਘੰਟੇ ਚੱਲਦੀ ਰਹੀ ਤੇ ਜੱਜ ਬਾਰ-ਬਾਰ ਪੁੱਛਦਾ ਰਿਹਾ : ਤੈਨੂੰ ਭਾਰਤ ਵਿਚ ਕੀ ਖ਼ਤਰਾ ਹੈ ? ਕਰਮੇ ਨੇ ਆਪਣੀ ਬਣੀ-ਬਣਾਈ ਕਹਾਣੀ ਦੱਸਣੀ ਸ਼ੁਰੂ ਕੀਤੀ ਕਿ ਕਿਵੇਂ ਉਹ ਭਾਰਤ ਅੰਦਰ ਨੈਕਸਲਾਈਟ ਮੂਵਮੈਂਟ ਨਾਲ ਜੁੜਿਆ ਰਿਹਾ ਤੇ ਉਹ ਉਥੋਂ ਦਾ ਪ੍ਰਬੰਧ ਉਖੇੜ ਕੇ ਸਮਾਜਵਾਦੀ ਢਾਂਚਾ ਖੜ੍ਹਾ ਕਰਨਾ ਚਾਹੁੰਦਾ ਸੀ।

ਪੁਲੀਸ ਨੇ ਬਹੁਤ ਸਾਰੇ ਉਸ ਦੇ ਸਾਥੀਆਂ ਉੱਪਰ ਅਣਮਨੁੱਖੀ ਤਸ਼ੱਦਦ ਕਰਕੇ ਮਾਰ-ਮੁਕਾਇਆ। ਏਸੇ ਡਰੋਂ ਉਹ ਮੁਲਖ ਛੱਡ ਕੇ ਬਾਹਰ ਆ ਗਿਆ।

ਬੜੀ ਅਚੰਭੇ ਵਾਲੀ ਗੱਲ ਹੈ ਕਿ ਤੁਸੀਂ ਉਸ ਮੁਲਖ ਵਿਚ ਰਾਜਨੀਤਿਕ ਪਨਾਹ ਲੈਣ ਉਸ ਮੁੱਦੇ ਉੱਤੇ ਲੈ ਰਹੇ ਹੋ ਜਿਹੜਾ ਮੁਲਕ ਖ਼ੁਦ ਤੁਹਾਡੀ ਵਿਚਾਰਧਾਰਾ ਦੇ ਬਿਲਕੁਲ ਉਲਟ ਖੜ੍ਹਾ ਹੈ। ਅਖੇ 'ਆ ਬੈਲ ਮੁਝੇ ਮਾਰ !'

ਜੱਜ ਨੇ ਕੁਝ ਸ਼ਰਤਾਂ ਜਿਵੇਂ ਕਿ ਤੂੰ ਕਿਧਰੇ ਅਪੀਲ ਨਹੀਂ ਕਰ ਸਕਦਾ, ਕੰਮ ਨਹੀਂ ਕਰ ਸਕਦਾ, ਪੜ੍ਹਾਈ ਨਹੀਂ ਕਰ ਸਕਦਾ, ਗੱਡੀ ਨਹੀਂ ਚਲਾ ਸਕਦਾ ਤੇ ਖਾਸ ਤੌਰ 'ਤੇ ਅਦਾਲਤੀ ਤਰੀਕਾਂ 'ਤੇ ਗ਼ੈਰ ਹਾਜ਼ਰ ਨਹੀਂ ਰਹਿ ਸਕਦਾ ਤੇ ਨਾਲ ਹੀ ਦੋ ਹਜ਼ਾਰ ਕੈਨੇਡੀਅਨ ਡਾਲਰ ਦੀ ਜ਼ਮਾਨਤ ਰੱਖ ਕੇ ਕਰਮੇ ਨੂੰ ਰਿਹਾਅ ਕਰ ਦਿੱਤਾ। ਕਰਮੇ ਨੇ ਜਰਮਨ ਦੀ ਕੀਤੀ ਕਮਾਈ 'ਚ ਆਪਣੀ ਜ਼ਮਾਨਤ ਖ਼ੁਦ ਭਰ ਕੇ ਆਪਣੇ ਆਪ ਨੂੰ ਬਾਹਰ ਲੈ ਆਂਦਾ। ਅਗਲੇ ਠੀਕ ਛੇ ਮਹੀਨੇ ਕਰਮਾ ਵੱਖ-ਵੱਖ ਥਾਵਾਂ 'ਤੇ ਕਦੇ ਕਿਸੇ ਨਾਲ, ਕਦੇ ਕੱਲਾ ਕਿਰਾਏ 'ਤੇ ਰਹਿੰਦਾ ਰਿਹਾ। ਜ਼ਮਾਨਤ ਦੀਆਂ ਸਾਰੀਆਂ ਸ਼ਰਤਾਂ ਕਰਮੇ ਨੂੰ ਰਾਸ ਨਾ ਆਈਆਂ ਤੇ ਉਹ ਲਗਾਤਾਰ ਪੈਂਦੀਆਂ ਅਦਾਲਤੀ ਤਰੀਕਾਂ 'ਤੇ ਗ਼ੈਰਹਾਜ਼ਰ ਹੁੰਦਾ ਰਿਹਾ। ਅਖੀਰ ਭਰ ਸਿਆਲੀ ਦਿਨ ਸਨ ਜਦ ਰਾਇਲ ਕੈਨੇਡੀਅਨ ਮਾਉਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਨੇ ਉਸ ਨੂੰ ਕੰਮ ਕਰਦੇ ਨੂੰ ਆ ਫੜਿਆ।

ਜੱਜ ਮੂਹਰੇ ਪੇਸ਼ੀ। ਬਿਨਾਂ ਕੰਮ ਕਰਨ ਦੀ ਆਗਿਆ ਦੇ ਕੰਮ ਤੋਂ ਫੜੇ ਜਾਣਾ। ਅਦਾਲਤੀ ਤਰੀਕਾਂ ਤੋਂ ਗ਼ੈਰ-ਹਾਜ਼ਰੀ ਤੇ ਝੂਠੇ ਲਾਇਸੰਸ 'ਤੇ ਗੱਡੀ ਚਲਾਉਣਾ।

'ਜੱਜ ਸਾਹਿਬ ! ਮੈਨੂੰ ਜ਼ਮਾਨਤ 'ਤੇ ਛੱਡ ਦਿਉ, ਮੈਂ ਸਾਰੀਆਂ ਸ਼ਰਤਾਂ ਮੰਨਦਾ ਹਾਂ।'

'ਜਿਵੇਂ ਤੂੰ ਪਹਿਲਾਂ ਮੰਨੀਆਂ ਨੇ ?'

'ਗ਼ਲਤੀ ਹੋ ਗਈ ਮੈਡਮ, ਯੂਅਰ ਆਨਰ।'

'ਤੇਰੇ 'ਤੇ ਕਾਨੂੰਨ ਵਿਸ਼ਵਾਸ ਨਹੀਂ ਕਰਦਾ, ਤੂੰ ਪਹਿਲੀ ਦੋ ਹਜ਼ਾਰ ਡਾਲਰ ਦੀ ਜ਼ਮਾਨਤ ਦੀ ਪਰਵਾਹ ਨਹੀਂ ਕੀਤੀ।'

'ਯੂਅਰ ਆਨਰ! ਐਤਕੀਂ ਬੇਸ਼ੱਕ ਜ਼ਮਾਨਤ ਵਧਾ ਦਿਉ।'

ਕਰਮੇ ਦੀ ਇਹ ਗੱਲ ਸੁਣ ਕੇ ਕੋਰਟ ਵਿਚ ਸਾਰੇ ਹੱਸ ਪਏ ਹੌਲੀ-ਹੌਲੀ।

'ਯਾ ਰਾਈਟ' ਮੈਡਮ ਜੱਜ ਵਿੱਚੇ-ਵਿੱਚ ਮੁਸਕਰਾ ਰਹੀ ਸੀ ਤੇ ਕਰਮੇ ਨੂੰ ਲੱਗਾ ਸ਼ਾਇਦ ਗੱਲ ਬਣ ਜਾਵੇਗੀ। ਪਰ ਕਿੱਥੇ? ਉਹੀ ਗੱਲ—ਨਾ ਆਰ ਨਾ ਪਾਰ।

'ਇਸ ਨੂੰ ਉਨਾ ਚਿਰ ਡੀਟੈਂਨਸ਼ਨ ਸੈਂਟਰ (Detention Centre) ਵਿਚ ਰੱਖਿਆ ਜਾਵੇ ਜਿੰਨਾ ਚਿਰ ਅਗਲੇ ਹੁਕਮਾਂ ਤਕ ਡੀਪੋਰਟੇਸ਼ਨ ਦੇ ਆਰਡਰ ਨਹੀਂ ਆ ਜਾਂਦੇ।'

ਐਡਮਿੰਟਨ ਦੇ ਡਾਊਨ-ਟਾਊਨ ਵਿਚ ਇਕ ਬਹੁ-ਮੰਜ਼ਲੀ ਵੱਡੀ ਬਿਲਡਿੰਗ ਵਿਚ ਕਰਮੇ ਨੂੰ ਰਹਿੰਦਿਆਂ ਪੂਰਾ ਹਫ਼ਤਾ ਹੋ ਚੁੱਕਾ ਸੀ। ਇਸ ਵਿਚ ਬੰਕਰ-ਬੈੱਡ ਸਨ ਜਿਥੇ ਹਰੇਕ ਕਮਰੇ ਵਿਚ ਦੋ-ਦੋ ਬੈੱਡ ਹੇਠਾਂ-ਉੱਤੇ ਲੱਗੇ ਸਨ। ਕਰਮੇ ਨੇ ਬਰੇਕ ਟਾਈਮ 'ਤੇ ਜੇਲ੍ਹ ਅੰਦਰਲੀ ਲਾਇਬਰੇਰੀ ਤੋਂ ਕਿਤਾਬਾਂ ਲੈ ਕੇ ਪੜ੍ਹਨ ਬੈਠ ਜਾਣਾ। ਹੋਰਨਾਂ ਕਿਤਾਬਾਂ ਤੋਂ ਇਲਾਵਾ ਪਹਿਲੀ ਵੇਰ ਬਾਈਬਲ, ਕੁਰਾਨ ਤੇ ਭਗਵਤ ਗੀਤਾ ਪੜ੍ਹਨ ਨੂੰ ਮਿਲੀ। ਉਸ ਨੂੰ ਚੰਗਾ ਲੱਗਾ। ਅਜਿਹੇ ਵਕਤ ਮਾਨਸਿਕਤਾ ਦੀ ਮਜ਼ਬੂਤੀ ਲਈ ਆਮ ਗਿਆਨ ਤੋਂ ਹਟ ਕੇ ਅਧਿਆਤਮਿਕ ਗਿਆਨ ਮਨੁੱਖ ਲਈ ਚੰਗੀ ਖ਼ੁਰਾਕ ਦਾ ਸਬੱਬ ਬਣਦਾ ਏ। ਪਰ ਉਹ ਵੀ ਤਾਂ ਜੇਕਰ ਬੰਦਾ ਆਪਣੇ ਦਿਲ-ਦਿਮਾਗ਼ ਦੇ ਬੰਦ ਦਰਵਾਜ਼ੇ ਖੋਲ੍ਹ ਕੇ ਰੱਖੇ। ਮਰਦਾ ਕੀ ਨਹੀਂ ਕਰਦਾ !

ਚਮਤਕਾਰ ਵਾਪਰਦੇ ਰਹੇ ਤੇ ਵਾਪਰਦੇ ਰਹਿਣਗੇ। ਕੀ ਹਨ ਇਹ ? ਜਦ ਬੰਦਾ ਅਜਿਹਾ ਸੋਚਦਾ ਕਿ ਮੈਂ ਬਸ ਗਿਆ ਹੀ ਗਿਆ ਭਾਵ ਹੁਣ ਕੁਝ ਨਹੀਂ ਹੋ ਸਕਦਾ। ਪਰ ਓੜਕ ਉਹ ਕਿਧਰੇ ਨਹੀਂ ਜਾਂਦਾ, ਸੋਚਣ ਲੱਗਦੈ—ਚਮਤਕਾਰ ਹੋ ਗਿਆ ! ਫੇਲ੍ਹ ਹੋਇਆ ਹੀ ਹੋਇਆ ਦਾ ਡਰ ਹੁੰਦਾ ਪਰ ਨਹੀਂ ਹੁੰਦਾ। ਕਈਆਂ ਚਿਰਾਂ ਦਾ ਭੁੱਖਾ, ਤਿਹਾਇਆ ਰਿਹਾ ਹੁੰਦੈ ਤੇ ਫਿਰ ਚਾਣਚੱਕ ਛੱਤੀ ਪ੍ਰਕਾਰ ਦੇ ਪਦਾਰਥ ਸਾਹਮਣੇ। ਕਿੱਥੇ ਜੇਬ ਵਿਚ ਕੱਚੀ ਕੌਡੀ ਨਹੀਂ, ਅਚਾਨਕ ਹਜ਼ਾਰਾਂ ਲੱਖਾਂ ਦੀਆਂ ਗੱਲਾਂ ਹੋਣ ਲੱਗਦੀਐਂ। ਕੀ ਹੈ ਇਹ ਸਭ ? ਪਤਾ ਨਹੀਂ ਕੁਦਰਤ ਦੀ ਗੋਦ ਵਿਚ ਕੀ ਕੁਝ ਲੁਕਿਆ ਪਿਆ ਏ। ਬਸ ਜਿਸ ਨੂੰ ਇਹ ਵਿਧੀ ਲੱਭ ਗਈ, ਉਸ ਨੇ ਤਾਂ ਸਭ ਕੁਝ ਹੀ ਲੱਭ ਲਿਆ। ਸਭ ਕੁਝ ਪਾ ਲਿਆ। ਉਹ ਚਾਹੇ ਅਧਿਆਤਮਿਕ, ਚਾਹੇ ਪਦਾਰਥਕ ਖੇਤਰ ਹੀ ਕਿਉਂ ਨਾ ਹੋਵੇ।

ਜ਼ਿੰਦਗੀ ਵਿਚ ਜਿਨ੍ਹਾਂ ਨੇ ਔਖੇ ਵਕਤ ਹਾਰ ਮੰਨ ਲਈ, ਦਿਲ ਹਾਰ ਬੈਠੇ, ਹਥਿਆਰ ਸੁੱਟ ਦਿੱਤੇ ਉਨ੍ਹਾਂ ਦਾ ਵਕਤ ਤੋਂ ਪਹਿਲਾਂ ਮਿੱਟੀ ਵਿਚ ਮਿਲ ਜਾਣਾ ਨਿਸ਼ਚਿਤ ਹੁੰਦੈ। ਕੁਝ ਵੀ ਪੱਲੇ ਨਾ ਹੋਣ ਦੀ ਸੂਰਤ ਵਿੱਚ ਜੋ ਰੁਕਦੇ ਨਹੀਂ, ਜੋ ਚੱਲਦੇ ਰਹਿੰਦੇ ਨੇ ਇਕ ਦਿਨ ਉਨ੍ਹਾਂ ਦੀ ਬੇੜੀ ਬੰਨੇ ਜ਼ਰੂਰ ਲੱਗਦੀ ਏ। ਸ਼ਾਹ-ਅਸਵਾਰ ਉਹੀ

ਬਣਦੇ ਨੇ ਜਿਹੜੇ ਡਿੱਗਣ ਤੋਂ ਡਰਦੇ ਨਹੀਂ। ਅੱਥਰੇ ਘੋੜੇ ਉੱਪਰ ਛਾਲ ਮਾਰ ਕੇ ਬੈਠਣਾ, ਆਮ ਨਹੀਂ ਖਾਸ ਲੋਕ ਹੀ ਕਰ ਸਕਦੇ ਨੇ ਹਿੰਮਤ-ਦਲੇਰੀ ਨਾਲ।

ਤੇ ਜੋ ਚੁੱਪ-ਚਾਪ ਅਚਨਚੇਤ ਵਾਪਰ ਜਾਵੇ ਤੁਹਾਡੀ ਸੋਚ ਵਿੱਚੋਂ ਬਿਲਕੁਲ ਮਨਫ਼ੀ। ਉਸ ਦੇ ਕੀ ਕਹਿਣੇ !

ਦੁਪਹਿਰ ਦਾ ਸਮਾਂ। ਅਚਾਨਕ ਇਕ ਪੁਲੀਸ ਅਫਸਰ ਕਰਮੇ ਦੇ ਸੈੱਲ ਮੂਹਰੇ ਆ ਕੇ ਦਰਵਾਜ਼ਾ ਖੋਲ੍ਹਦਾ। ਕਰਮੇ ਨੂੰ ਹੱਥਕੜੀ। ਬਾਹਰ ਖੜ੍ਹੀ ਗੱਡੀ ਦੀ ਮੋਹਰਲੀ ਸੀਟ ’ਤੇ ਕਰਮਾ। ਪਿੱਛੇ ਗੱਡੀ ਦੇ ਅੱਧ ਵਿਚ ਜਾਲੀ ਵਾਲੀ ਕੰਧ ਤੇ ਪਿਛਲੀਆਂ ਸੀਟਾਂ ’ਤੇ ਜਰਮਨ ਸੈਫਰਡਜ਼। ਰਸਮੀ ਗੱਲਾਂ। ਕਿੱਥੇ, ਕਿਉਂ?

'ਜਿਥੇ ਤੂੰ ਰਹਿੰਦਾ ਸੈਂ ਉਥੋਂ ਦੀ ਤਲਾਸ਼ੀ ਲੈਣੀ ਏ।'

'ਓ.ਕੇ.।'

ਕੁਝ ਸਮੇਂ ਬਾਅਦ ਇਕ ਘਰ ਦੀ ਬੇਸਮੈਂਟ ਦੀ ਪਿਛਲੀ ਖਿੜਕੀ ਰਾਹੀਂ ਪਹਿਲਾਂ ਕਰਮੇ ਨੂੰ ਅੰਦਰ ਛਾਲ ਮਾਰਨ ਨੂੰ ਕਿਹਾ। ਫਿਰ ਅਫਸਰ ਨੇ ਛਾਲ ਮਾਰੀ। ਸਾਰੇ ਸਾਮਾਨ ਦੀ ਬਾਰੀਕੀ ਨਾਲ ਛਾਣ-ਬੀਣ। ਜਦੋਂ ਕਰਮੇ ਦੇ ਬੈਗ ਵਿੱਚੋਂ ਮੈਡਮ ਗੁਰਿੰਦਰ ਦੀਆਂ ਚਿੱਠੀਆਂ ਜਿਨ੍ਹਾਂ ਉੱਪਰ ਜਰਮਨ ਦਾ ਪਤਾ ਸੀ, ਅਫਸਰ ਤੋਂ ਕਰਮੇ ਨੇ ਮੰਗੀਆਂ ਤਾਂ ਉਸ ਨੇ ਦੇਣ ਤੋਂ ਨਾਂਹ ਕਰ ਦਿੱਤੀ ਤੇ ਵਾਪਿਸ ਬੈਗ ਵਿਚ ਰੱਖ ਦਿੱਤੀਆਂ। ਖਾਲੀ ਹੱਥ। ਪਹਿਲਾਂ ਅਫਸਰ ਨੇ ਆਪ ਬਾਹਰ ਛਾਲ ਮਾਰੀ, ਫਿਰ ਕਰਮੇ ਦੀ ਬਾਂਹ ਫੜ ਕੇ ਉਸ ਨੂੰ ਬਾਹਰ ਖਿੱਚਿਆ। ਅਫਸਰ ਕੱਦੋਂ ਕਰਮੇ ਤੋਂ ਲੰਬਾ ਸੀ। ਵਾਪਿਸ ਡੀਟੈਨਸ਼ਨ ਸੈਂਟਰ ਦੀ ਲਾਬੀ ਮੂਹਰੇ ਗੱਡੀ ਰੁਕੀ ਤੇ ਕਾਊਂਟਰ ’ਤੇ ਬੈਠੀ ਗੋਰੀ ਨੇ ਅਫਸਰ ਨੂੰ ਕਰਮੇ ਸਣੇ ਇਸ਼ਾਰੇ ਨਾਲ ਆਪਣੇ ਕੋਲ ਬੁਲਾਇਆ। ਕਰਮੇ ਦੀਆਂ ਸੋਚਾਂ ਦੀ ਲੜੀ ਗੁਰਿੰਦਰ ਦੀਆਂ ਚਿੱਠੀਆਂ ਵਿਚ ਲਿਖੀਆਂ ਸਤਰਾਂ ਨੂੰ ਚੇਤਾ ਕਰਦਿਆਂ ਉਦੋਂ ਟੁੱਟ ਗਈ ਜਦੋਂ ਗੋਰੀ ਅਫਸਰ ਨੇ ਜੋ ਕਿਹਾ ਅਤੇ ਜੋ ਜਵਾਬ ਕਰਮੇ ਨੇ ਦਿੱਤੇ :

'ਇਜ਼ ਯੂਅਰ ਨੇਮ ਮਿਸਟਰ ਸਿੰਘ?'

'ਜੈਸ ਮੈਡਮ।'

'ਯੂ ਆਰ ਬੇਲਡ ਆਊਟ ਚੇਂਜ ਯੂਅਰ ਕਲਾਉਥਜ਼ ਐਂਡ ਟੇਕ ਆਲ ਯੂਅਰ ਸਟੱਫ, ਹੇਅਰ ਇਜ਼ ਦੀ ਲਾਕਰ ਕੀਅ।'

'ਓ ਥੈਂਕ ਯੂ!'

ਗੁਰਿੰਦਰ ਦੀਆਂ ਚਿੱਠੀਆਂ ਦਾ ਨਸ਼ਾ, ਅਚਾਨਕ ਜੇਲ੍ਹ ਵਿੱਚੋਂ ਰਿਹਾਈ, ਇਕ ਵੇਰ ਦੁਬਾਰਾ ਬਾਹਰ ਦੀ ਖ਼ੂਬਸੂਰਤ ਦੁਨੀਆ ਦਾ ਨਜ਼ਾਰਾ। ਆਪਣੇ ਅੰਦਰ ਦੀ ਖ਼ੁਸ਼ੀ ਤੇ ਨਵੇਂ ਵਰਤੇ ਭਾਣੇ ਨੂੰ ਚੁੱਪ-ਚਾਪ ਪੀ ਕੇ ਬਿਨਾਂ ਕਿਸੇ ਹੈਰਾਨੀ ਦਰਸਾਉਣ

ਦੇ ਕਰਮਾ ਸੈਂਟਰ 'ਚੋਂ ਬਾਹਰ ਆ ਗਿਆ। ਬਾਹਰੋਂ ਦੂਰ ਜਾ ਕੇ ਟੈਲੀਫ਼ੋਨ ਬੂਥ ਤੋਂ ਆਪਣੇ ਜੁਮੇਕਨ ਵਕੀਲ ਨੂੰ ਫ਼ੋਨ ਕਰਕੇ ਕੀ ਭਾਣਾ ਵਾਪਰਦਾ—ਦੱਸਣ ਲੱਗਦਾ ਤਾਂ ਵਕੀਲ ਨੇ ਦੋ-ਟੁੱਕ ਵਿਚ ਗੱਲ ਮੁਕਾ ਦਿੱਤੀ : 'ਆਰ.ਸੀ.ਐੱਮ.ਪੀ. ਬਾਹਰ ਖੜ੍ਹੀ ਏ। ਮੈਂ ਉਨ੍ਹਾਂ ਦੀ ਗੱਡੀ ਆਪਣੇ ਆਫ਼ਿਸ ਵਿੱਚੋਂ ਵੇਖ ਰਿਹਾਂ। ਮਿਸਟਰ ਸਿੰਘ, ਇਮੀਗਰੇਸ਼ਨ ਸੈਂਟਰ ਵਿੱਚੋਂ ਤੈਨੂੰ ਉਹ ਗ਼ਲਤੀ ਨਾਲ ਛੱਡ ਬੈਠੇ ਨੇ। ਕਿਧਰੇ ਅੱਗੇ-ਪਿੱਛੇ ਹੋ ਜਾਹ। ਮੈਂ ਪੁਲੀਟੀਕਲ ਅਸਾਂਈਲਮ ਲਈ ਪੇਪਰ ਤਿਆਰ ਕਰਦਾ ਹਾਂ। ਦੋ ਦਿਨ ਬਾਅਦ ਫ਼ੋਨ ਕਰੀਂ, ਕੈਨੇਡਾ ਨਾ ਛੱਡੀਂ। ਥੋੜ੍ਹੇ ਦਿਨ ਭਾਵੇਂ ਕਿਸੇ ਗੁਰਦੁਆਰੇ ਵਿਚ ਚਲਿਆ ਜਾਵੀਂ।'

ਹੁਣ ਕਿੱਧਰ ਨੂੰ ਜਾਇਆ ਜਾਵੇ? ਦਸੰਬਰ ਦਾ ਪਹਿਲਾ ਹਫ਼ਤਾ। ਬਾਹਰ ਬਰਫ਼ ਤੇ ਠੰਢੀ ਹਵਾ ਦਾ ਜ਼ੋਰ। ਕਰਮੇ ਕੋਲ ਜਿਹੜੀ ਜਾਕਟ ਸੀ ਉਹ ਵੀ ਪਾਟੀ ਤੇ ਉਸ ਵਿੱਚ ਮੋਰੀਆਂ ਜਿਵੇਂ ਹਵਾ ਅੰਦਰ ਭਰਨ ਲਈ ਕੀਤੀਆਂ ਹੋਵਣ। ਬੱਸ ਫੜੀ ਤੇ ਹਫਤਾ ਪਹਿਲਾਂ ਜਿੱਥੋਂ ਕੰਮ ਕਰਦਾ ਫੜਿਆ ਗਿਆ, ਪਹੁੰਚਾ। ਉਹ ਦਿਨ ਸ਼ੁੱਕਰਵਾਰ ਦਾ ਸੀ ਤੇ ਉਸ ਨੂੰ ਦੋ ਹਫ਼ਤਿਆਂ ਦਾ ਕਰੀਬ ਡੇਢ ਸੌ ਡਾਲਰ ਦਾ ਚੈੱਕ ਮਿਲਣਾ ਸੀ, ਪਰ ਫੜਿਆ ਗਿਆ ਸੀ। ਪਿਛਲੇ ਦਰਵਾਜੇ ਰਾਹੀਂ ਸੱਪਗੈਟੀ ਫੈਕਟਰੀ ਅੰਦਰ ਜਾ ਕੇ ਉਨ੍ਹਾਂ ਤੋਂ ਚੈੱਕ ਮੰਗਦਾ। ਸਾਰੇ ਹੈਰਾਨ।

'ਮਿਸਟਰ ਸਿੰਘ, ਵੱਟ ਹੈਪਨਡ, ਵਾਈ ਦੇਹ ਅਰੈਸਟ .....'

'ਓ ਨੋ, ਦੈਟ ਵਾਜ਼ ਦੇਅਰ ਮਿਸਟੇਕ', ਆਈ ਐੱਮ ਫਾਈਨ, ਆਈ ਕੱਮ ਬੈਕ ਵਰਕ ਸੂਨ।'

ਕਰਮੇ ਨੇ ਚੈੱਕ ਲੈ ਕੇ ਕਿਸੇ ਨੂੰ ਫ਼ੋਨ ਕੀਤਾ ਜਿਹੜਾ ਨਾ ਹੀ ਕੋਈ ਦੋਸਤ ਸੀ ਤੇ ਨਾ ਹੀ ਬਹੁਤਾ ਮਿਲਣਸਾਰ ਸੀ ਪਰ ਕਈ ਵੇਰ ਖੋਟੇ ਸਿੱਕੇ ਵੀ ਕੰਮ ਆ ਜਾਂਦੇ ਨੇ। ਉਸ ਮੁੰਡੇ ਨੇ ਕਰਮੇ ਨੂੰ ਆਪਣਾ ਪਤਾ ਲਿਖਾ ਦਿੱਤਾ ਤੇ ਨਾਲ ਹੀ ਕਿਹੜੀ ਨੰਬਰ ਬੱਸ ਕਿੱਥੋਂ ਤੇ ਅਗਲੀ ਕਿਹੜੀ ਤੇ ਕਿੰਨੇ ਵਜੇ ਕਿੱਥੋਂ ਲੈਣੀ ਕਿਉਂਕਿ ਬਰਫ਼ ਕਾਫ਼ੀ ਪੈ ਚੁੱਕੀ ਤੇ ਅਜੇ ਹੋਰ ਪੈ ਰਹੀ ਸੀ, ਪਹੁੰਚਦਿਆਂ ਕਰੀਬ ਦੋ ਘੰਟੇ ਲੱਗ ਗਏ। ਕਰਮਾ ਜਿਸ ਬੰਕਰ ਤਰ੍ਹਾਂ ਦੀ ਬੇਸਮੈਂਟ ਵਿਚ ਰਹਿੰਦਾ ਸੀ ਉਥੇ ਦੁਬਾਰਾ ਫੜੇ ਜਾਣ ਦੇ ਡਰ ਕਾਰਨ ਨਹੀਂ ਸੀ ਜਾਣਾ ਚਾਹੁੰਦਾ।

ਸ਼ਾਇਦ ਬੜਾ ਔਖਾ ਸੀ, ਅਗਲਾ ਕਦਮ ਕਿੱਧਰ ਨੂੰ ਪੁੱਟਿਆ ਜਾਵੇ? ਪਰ ਯਕੀਨਨ ਕੁਝ ਕਰਨਾ ਸੀ ਤੇ ਉਹ ਵੀ ਬਹੁਤ ਜਲਦੀ ਕਰਨਾ ਅਵੱਸ਼ ਸੀ।

ਕੈਨੇਡਾ ਪਹੁੰਚਣ ਤੋਂ ਬਾਅਦ ਕਰਮੇ ਨੇ ਆਪਣੇ ਕਾਲਜ ਦੌਰ ਦੇ ਕੁਝ ਅਮਰੀਕਾ ਰਹਿੰਦੇ ਲੋਕਾਂ ਨਾਲ ਤਾਲਮੇਲ ਕਰਨ ਦਾ ਯਤਨ ਕੀਤਾ ਸੀ ਪਰ ਹੁੰਗਾਰਾ ਕੋਈ ਵਧੀਆ ਨਹੀਂ ਸੀ। ਅਸਲ ਵਿਚ ਕੁਝ ਖ਼ਾਸ ਦੋਸਤਾਂ-ਮਿੱਤਰਾਂ

ਤੋਂ ਇਲਾਵਾ ਆਮ ਵਿਦਿਆਰਥੀ ਕਰਮੇ ਦੀ ਪਕੜ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦੇ ਸਨ। ਉਹ ਕਰਮੇ ਨਾਲ ਬਹੁਤੀ ਭਾਈਚਾਰਕ ਸਾਂਝ ਤੋਂ ਪਾਸਾ ਹੀ ਵੱਟਦੇ ਰਹੇ। ਇਵੇਂ ਜਿਵੇਂ ਕਰਮਾ ਅੱਗ ਹੋਵੇ! ਪਰ ਕਰਮੇ ਨੇ ਕਦੇ ਕਿਸੇ ਨੂੰ ਦੋਸ਼ ਨਾ ਦੇਣਾ। ਅਸਲ ਵਿਚ ਉਸ ਨੂੰ ਬਚਪਨ ਤੋਂ ਹੀ ਆਪਣੇ ਹਾਣੀਆਂ ਨਾਲ ਲੜਨ-ਭਿੜਨ ਤੇ ਔਖੇ ਕੰਮੀਂ ਹੱਥ ਪਾਉਣ ਦੀ ਆਦਤ ਸੀ। ਏਸੇ ਕਾਰਨ ਉਸ ਦੇ ਬਹੁਤੇ ਜੁੰਡੀ ਦੇ ਯਾਰ-ਮਿੱਤਰ ਨਾ ਬਣ ਸਕੇ।

ਬੜੀ ਮੁਸ਼ਕਿਲ ਨਾਲ ਕਰਮੇ ਨੇ ਇਕ ਟੈਕਸੀ ਚਾਲਕ ਜਿਸ ਨੂੰ ਆਮ ਤੌਰ ’ਤੇ ‘ਸਿਧਰਾਂ’ ਦੇ ਨਾਂ ਨਾਲ ਬੁਲਾਇਆ ਜਾਂਦਾ ਤੇ ਇਕ ਉਸ ਦਾ ਦੋਸਤ ਜੋ ਪਿੱਛੋਂ ਦੁਆਬੇ ਦੇ ਕਿਸੇ ਪਿੰਡ ਤੋਂ ਨੈਕਸਲਾਈਟ ਮੂਵਮੈਂਟ ਨਾਲ ਹਮਦਰਦੀ ਰੱਖਦਾ ਸੀ, ਤਾਲਮੇਲ ਕਰਕੇ ਐਡਮਿੰਟਨ ਤੋਂ ਕੈਲਗਰੀ ਜੋ ਤਿੰਨ ਸੌ ਕਿਲੋਮੀਟਰ ਦੀ ਦੂਰੀ ’ਤੇ ਹੈ, ਜਾਣ ਲਈ ਰਾਜ਼ੀ ਕਰ ਲਿਆ। ਇਕ ਕਿਸਮ ਦਾ ਸੌਦਾ ਕੀਤਾ ਗਿਆ ਕਿ ਕਰਮੇ ਨੂੰ ਬਾਰਡਰ ਪਾਰ ਕਰਾ ਦਿਉ ਤੇ ਉਹ ਆਪਣਾ ਚੈੱਕ ਤੁਹਾਡੇ ਹਵਾਲੇ ਕਰ ਦੇਵੇਗਾ।

ਜਦੋਂ ਕਰਮੇ ਨੇ ਪਿੰਡ ਛੱਡਿਆ ਸੀ ਤਦ ਉਸ ਕੋਲ ਵੱਡਾ ਅਟੈਚੀ ਵੀ ਸੀ। ਕੁਝ ਪੈਸੇ ਵੀ ਸਨ। ਕਿਸੇ ਸਿਰੇ ਲੱਗਣ ਦੀ ਆਸ-ਉਮੀਦ ਵੀ ਸੀ ਤੇ ਉਸ ਨੂੰ ਹਾਇ-ਹਾਇ; ਬਾਏ-ਬਾਏ ਕਰਨ ਵਾਲੇ ਵੀ ਸਨ ਪਰ ਅੱਜ ਜਿਵੇਂ ਉਹ ਮੈਦਾਨ ਵਿਚ ਕੱਲ-ਮ-ਕੱਲਾ ਬਿਲਕੁਲ ਇਵੇਂ ਜਿਵੇਂ ਮਿਰਜ਼ਾ ਸਾਹਿਬਾਂ ਦੇ ਭਰਾਵਾਂ ਵਿਚ ਘਿਰਿਆ ਹੋਵੇ ਤੇ ਉਹ ਵੀ ਨਿਹੱਥਾ।

ਪੰਜ ਘੰਟੇ ਦੇ ਹੌਲੀ-ਹੌਲੀ ਦੇ ਸਫ਼ਰ ਨੇ ਦੋਹਾਂ ਨੂੰ ਕੈਲਗਰੀ ਲੈ ਆਂਦਾ। ਬਰਫ਼ ਕਾਫੀ ਪੈ ਚੁੱਕੀ ਸੀ ਅਤੇ ਹੋਰ ਲਗਾਤਾਰ ਪੈ ਰਹੀ ਸੀ। ਦਸੰਬਰ ਦਾ ਪਹਿਲਾ ਹਫ਼ਤਾ। ਹੱਡ ਚੀਰਵੀਂ ਠੰਢ ਸੀ। ਕਰਮੇ ਨੇ ਦੁਆਬੀਏ ਨਾਲ ਪਾਰਟੀ ਪੱਧਰ ਦੀ ਕਾਫੀ ਸਾਂਝ-ਭਿਆਲੀ ਵੀ ਕੱਢ ਲਈ। ਦੁਆਬੀਆ ਕਰਮੇ ਦੇ ਰਿਸਕ-ਟੇਕਰ ਸੁਭਾਅ ਤੋਂ ਕਾਫ਼ੀ ਪ੍ਰਭਾਵਿਤ ਹੋਇਆ। ਉਸ ਦੇ ਘਰ ਦਾਰੂ ਦੇ ਪੈੱਗ ਲਾਉਂਦਿਆਂ ਤੇ ਹਲਕੀ-ਫੁਲਕੀ ਰੋਟੀ ਖਾਂਦਿਆਂ ਅੱਧੀ ਰਾਤ ਹੋ ਗਈ। ਨਾਲ ਹੀ ਕਿੱਥੋਂ ਤੇ ਕਿੰਝ ਕੈਨੇਡਾ-ਅਮਰੀਕਾ ਬਾਰਡਰ ਪਾਰ ਕਰਿਆ ਜਾਵੇ, ਵਿਚਾਰਿਆ ਗਿਆ। ਅਖੀਰ ਬਣਾਈ ਸਕੀਮ ਮੁਤਾਬਿਕ ਪੈ ਰਹੀ ਭਾਰੀ ਬਰਫ਼ ਵਿਚ ਕਰਮਾ ਬਾਰਡਰ ਲਾਗੇ ਜਾ ਕੇ ਪੈਦਲ ਦੋ ਮੀਲ ਪੈਂਡਾ ਤਹਿ ਕਰੇਗਾ ਤੇ ਸਿੱਧਾ ਨੱਕ ਦੀ ਸੇਧ ਅਮਰੀਕਾ ਦਾ ਬਾਰਡਰ ਪਾਰ ਕਰਕੇ ਇਕ ਪੁਰਾਣੀ ਜਿਹੀ ਵੈਸਟਰਨ ਫ਼ਿਲਮਾਂ ਵਿਚ ਮੋਟਲ-ਬੀਅਰ-ਬਾਰ ਵਰਗੀ ਬਿਲਡਿੰਗ ਦੀ ਧੀਮੀ ਜਿਹੀ ਜਗਦੀ ਰੌਸ਼ਨੀ ਲਾਗੇ ਪਹੁੰਚੇਗਾ। ਇਹ ਜਗ੍ਹਾ ਅਮਰੀਕਾ ਦੇ ਮੈਨਟੋਨਾ ਸਟੇਟ ਅੰਦਰ ਸੀ। ਘਰ ਦੀ ਦੀਵਾਰ ਉੱਪਰ ਕੈਨੇਡਾ-ਅਮਰੀਕਾ ਦੇ ਲੱਗੇ ਵੱਡੇ ਨਕਸ਼ੇ ਨੂੰ ਇੰਝ ਨਿਹਾਰਿਆ

ਜਾ ਰਿਹਾ ਸੀ ਜਿਵੇਂ ਕਿਸੇ ਮੁਲਖ ਉੱਤੇ ਚੜ੍ਹਾਈ ਕਰਨੀ ਹੋਵੇ।

ਇੰਝ ਹੀ ਹੋਇਆ। ਅੱਧੀ ਰਾਤ ਤੋਂ ਬਾਅਦ ਕੈਲਗਰੀ ਤੋਂ ਕਾਫਲਾ ਰਵਾਨਾ ਹੋਇਆ। ਕਰਮੇ ਕੋਲ ਕੇਵਲ ਇਕ ਪਲਾਸਟਿਕ ਦਾ ਟੁੱਟਿਆ ਜਿਹਾ ਝੋਲਾ ਹੀ ਸੀ ਜਿਸ ਵਿਚ ਕੁਝ ਬਦਾਮ ਗਿਰੀਆਂ ਸਨ। ਤੜਕੇ ਦੀ ਚੰਗੀ ਸਵੇਰ ਭਾਵ ਕਰੀਬ ਤਿੰਨ ਵਜੇ ਦਾ ਵਕਤ ਸੀ ਜਦ ਨਾਲ ਦਿਆਂ ਨੇ ਕਰਮੇ ਨੂੰ ਬਾਰਡਰ ਤੋਂ ਦੋ ਮੀਲ ਪਹਿਲਾਂ ਹੀ ਸੱਜੇ ਪਾਸੇ ਉਤਾਰ ਦਿੱਤਾ ਤੇ ਜ਼ਰੂਰੀ ਹਦਾਇਤਾਂ ਦੇਂਦੇ ਹੋਏ ਆਪ ਇਕ ਟੁੱਟੇ ਜਿਹੇ ਪੈਟਰੋਲ ਪੰਪ ਅੰਦਰ ਬਾਥਰੂਮ ਦੀ ਵਰਤੋਂ ਲਈ ਚਲੇ ਗਏ। ਤੁਰਨ ਤੋਂ ਪਹਿਲਾਂ ਕਰਮੇ ਨੇ ਸੜਕ ਲਾਗੇ ਪਈਆਂ ਕੁਝ ਲੱਕੜਾਂ 'ਚੋਂ ਇਕ ਪਤਲੀ ਜਿਹੀ ਡਾਂਗ ਚੁੱਕ ਲਈ। ਕਰਮੇ ਨੂੰ ਆਪਣੇ ਬਾਬੇ ਦੀ ਇਕ ਗੱਲ ਹਮੇਸ਼ਾ ਯਾਦ ਰਹਿੰਦੀ ਸੀ ਕਿ 'ਕਦੇ ਵੀ ਅਣਜਾਣੇ ਰਾਹਾਂ ’ਤੇ ਖਾਲੀ ਹੱਥ ਨਹੀਂ ਜਾਣਾ ਚਾਹੀਦਾ। ਬਿਨਾਂ ਹਥਿਆਰ ਦੇ ਬੰਦਾ ਪੂਰਾ ਨਹੀਂ, ਅੱਧਾ-ਅਧੂਰਾ ਹੁੰਦਾ ਏ।'

ਇੰਝ ਲੱਗਦਾ ਸੀ ਜਿਵੇਂ ਬਾਰਡਰ ਲਾਗੇ ਦੇ ਕਿਸਾਨਾਂ ਨੇ ਆਪਣੇ ਹੀ ਟਰੈਕਟਰਾਂ ਨਾਲ ਸੜਕ ਉੱਤੋਂ ਬਰਫ਼ ਸਾਫ਼ ਕੀਤੀ ਹੋਵੇ ਤੇ ਆਏ - ਗਏ ਲਈ ਲੱਕੜਾਂ ਬਾਲ ਕੇ ਅੱਗ ਸੇਕਣ ਦਾ ਸਬੱਬ ਬਣਾਇਆ ਹੋਵੇ। ਤਾਹੀਓਂ ਕਿਸਾਨ ਚਾਹੇ ਕਿਤੋਂ ਦਾ ਵੀ ਹੋਵੇ ਲੱਗਦੇ ਸਾਰੇ ਪੰਜਾਬੀ ਜੱਟਾਂ ਵਰਗੇ ਹੀ ਨੇ। ਕਰਮੇ ਨੂੰ ਹਵੇਲੀਆਂ ਤੋਂ ਮੇਤਲੇ ਭਰ ਗਰਮੀਆਂ ਵਿਚ ਨੰਗੇ ਪੈਰੀਂ ਦੁਪਹਿਰ ਦੀ ਰੋਟੀ ਲੈ ਕੇ ਜਾਣਾ ਯਾਦ ਆਇਆ। ਹਾਇ ਓਏ ਮੇਰਿਆ ਰੱਬਾ ! ਅਖੇ ! ‘ਜੱਟਾ ਤੇਰੀ ਜੂਨ ਬੁਰੀ, ਹਲ ਛੱਡ ਕੇ ਚਰੀ ਨੂੰ ਜਾਣਾ !’

ਕਰਮਾ ਉਨ੍ਹਾਂ ਰਾਹਾਂ ਦੀ ਗਰਮੀ ਨੂੰ ਆਪਣੇ ਅੰਦਰ ਮਹਿਸੂਸ ਕਰਦਾ ਜੋ ਕਿ ਤਿੰਨ-ਤਿੰਨ ਫੁੱਟ ਉੱਚੀ ਬਰਫ਼ ਵਿਚ ਕੁੱਦ ਚੁੱਕਾ ਸੀ। ਉਸ ਅੰਦਰ ਕੋਈ ਡਰ-ਖ਼ੌਫ਼ ਨਹੀਂ ਸੀ। ਉਸ ਲਈ ਇਹ ਦੋ ਮੀਲ ਦਾ ਸਫ਼ਰ ਤੈਅ ਕਰਨਾ ਗਰੇਟ ਵਾਲ ਆਫ ਚਾਈਨਾ ਨੂੰ ਸਰ ਕਰਨਾ ਸੀ। ਇਹ ਉਸ ਲਈ ਲਾਂਗ ਮਾਰਚ ਆਫ ਚਾਈਨਾ ਜਾਂ ਕਹਿ ਲਉ ਮਾਊਂਟ ਐਵਰੈਸਟ ਨੂੰ ਪਾਰ ਕਰਨਾ ਸੀ। ਉਸ ਕੋਲ ਗੁਆਉਣ ਲਈ ਕੁਝ ਵੀ ਤਾਂ ਨਹੀਂ ਸੀ ਤੇ ਜਿੱਤਣ ਲਈ ਮਜਬੂਰੀਆਂ ਉੱਤੇ ਵਿਜੈ, ਗਰੀਬੀ ਤੋਂ ਨਿਜ਼ਾਤ ਤੇ ਆਪਣੇ ਪਿੰਡ ਦੀ ਬਦਲਦੀ ਨੁਹਾਰ ਅਤੇ ਚਿਹਰਿਆਂ ’ਤੇ ਮੁਸਕਾਨ। ਉਸ ਨੇ ਆਪਣੇ ਚੈੱਕ ਨੂੰ ਦੋਹਰਾ-ਤੇਹਰਾ ਕਰਕੇ ਪਲਾਸਟਿਕ ਵਿਚ ਤਹਿ ਲਾਈ ਅੰਦਰਲੀ ਜੇਬ੍ਹ ਵਿਚ ਪਾਇਆ ਹੋਇਆ ਸੀ। ਪਾਸਪੋਰਟ ਦੀ ਚਿੰਤਾ ਨਹੀਂ ਸੀ। ਹੋਰ ਕੁਝ ਕੋਲ ਹੀ ਨਹੀਂ ਸੀ ਰਿਹਾ। ਗਵਾਉਣਾ ਕੀ ਸੀ ? ਜੇਕਰ ਕੁਝ ਗੁਆਉਣ ਲਈ ਸੀ ਤਾਂ ਉਹ ਸੀ ਉਸ ਦਾ ਹੌਂਸਲਾ, ਹਿੰਮਤ, ਦਲੇਰੀ ਤੇ ਇਹ ਚੰਗੀਆਂ ਚੀਜ਼ਾਂ ਉਹ ਹਰਗਿਜ਼ ਨਹੀਂ ਸੀ ਗੁਆਉਣ

ਲੱਗਾ। ਬੰਦਾ ਜਦੋਂ ਮੌਤ ਨੂੰ ਬਹੁਤ ਨੇੜੇ ਆਈ ਨੂੰ ਅੱਖ-ਮਿਚੋਲੀ ਖੇਡ ਕੇ ਵਾਪਿਸ ਤੋਰ ਦੇਂਦਾ ਏ ਤਾਂ ਬਾਕੀ ਜ਼ਿੰਦਗੀ ਨੂੰ ਸਮਝ ਲੈਣਾ ਚਾਹੀਦਾ ਏ ਜਿਵੇਂ ਇਹ ਝੂੰਗੇ ਵਿਚ ਮਿਲੀ ਹੋਵੇ। ਫਿਰ ਬਹੁਤੀ ਵੇਰ ਉਸ ਵਿੱਚੋਂ ਡਰ-ਖੌਫ ਵੀ ਤਿੱਤਰ-ਬਿੱਤਰ ਹੋ ਜਾਂਦਾ ਹੈ। ਕੁਝ ਅਜਿਹੀ ਹਾਲਤ ਸੀ ਕਰਮੇ ਦੀ ਜਦੋਂ ਉਹ ਜਰਮਨੀ ਵਿਚ ਹੋਈ ਲੜਾਈ ਵਿੱਚੋਂ ਬਚ ਨਿਕਲਿਆ ਸੀ।

ਬਰਫ਼ ਨੂੰ ਚੀਰਦਾ, ਨਵੇਂ ਰਾਹ ਬਣਾਉਂਦਾ, ਨਵੀਆਂ ਪੈੜਾਂ ’ਤੇ ਤੁਰਦਾ ਜਿਨ੍ਹਾਂ ’ਤੇ ਸ਼ਾਇਦ ਹੀ ਉਹ ਦੁਬਾਰਾ ਚੱਲੇਗਾ ਕਰੀਬ ਇਕ ਘੰਟੇ ਤੋਂ ਕੁਝ ਉੱਤੇ ਸਮੇਂ ਵਿਚ ਕਰਮਾ ਦੱਸੇ ਟਿਕਾਣੇ ਪਹੁੰਚ ਗਿਆ। ਇਕ ਬੈਸੰਤਰ ਨਾਲੇ ਨੂੰ ਪਾਰ ਕਰਨਾ ਪਿਆ ਤੇ ਉਸ ਦੀ ਡੂੰਘਾਈ ਨੂੰ ਕਰਮੇ ਨੇ ਡਾਂਗ ਨਾਲ ਮਾਪ ਕੇ ਪਾਰ ਕੀਤਾ। ਘੜੀ ਵੱਲ ਨਜ਼ਰ ਮਾਰੀ। ਉਹ ਰੁਕ ਚੁਕੀ ਸੀ। ਪੁਰਾਣੀ ਘੜੀ ਠੰਢੇ ਬਰਫ਼ੀਲੇ ਵਾਤਾਵਰਣ ਨਾਲ ਦੋਸਤੀ ਨਹੀਂ ਸੀ ਕਰ ਸਕੀ। ਕਿਧਰੇ ਕਰਮੇ ਦੇ ਕਰਮਾਂ ਦਾ ਨਵਾਂ ਅਧਿਆਏ ਤਾਂ ਸ਼ੁਰੂ ਨਹੀਂ ਸੀ ਹੋ ਰਿਹਾ ? ਨਵੀਂ ਸਵੇਰ, ਨਵੀਂ ਧਰਤੀ, ਨਵੇਂ ਲੋਕ, ਨਵਾਂ ਵਕਤ, ਨਵੇਂ ਚਾਅ, ਨਵੇਂ ਖ਼ੁਆਬ !

ਦੋਵੇਂ ਸਾਥੀ ਪਹਿਲਾਂ ਹੀ ਬਰਾਂਡੀ ਦੇ ਦੋ-ਦੋ ਪੈੱਗ ਲਾ ਚੁੱਕੇ ਸਨ। ਠੰਢ ਨਾਲ ਕੰਬਦੇ ਤੇ ਸੀਤ ਹੋਏ ਕਰਮੇ ਨੂੰ ਉਨ੍ਹਾਂ ਬੂਟ ਉਤਾਰ ਕੇ ਚੱਲ ਰਹੇ ਪਾਣੀ ਦੇ ਹੀਟਰ ਲਾਗੇ ਬਹਿਣ ਲਈ ਕਿਹਾ ਤੇ ਨਾਲ ਹੀ ਨੱਕੋ-ਨੱਕ ਭਰੇ ਬਰਾਂਡੀ ਦੇ ਗਿਲਾਸ ਨੂੰ ਲਿਆ ਮੂਹਰੇ ਕੀਤਾ। ਬਿਨਾਂ ਚੀਅਰ ਕੀਤਿਆਂ ਗਲਾਸ ਖਾਲੀ ਹੋ ਚੁੱਕਾ ਸੀ। ਇਥੋਂ ਦਾ ਅਗਲਾ ਸਫ਼ਰ ਹੋਰ ਤਿੰਨ ਘੰਟਿਆਂ ਦਾ ਸੀ। ਉਹ ਸ਼ਹਿਰ ਗਰੇਟ ਫਾਲਜ਼ ਸੀ। ਇਥੇ ਪਹੁੰਚ ਕੇ ਕਰਮੇ ਹੁਰਾਂ ਇਕ ਸਸਤੇ ਹੋਟਲ ਵਿਚ ਉਤਾਰਾ ਕੀਤਾ। ਅਗਲੇ ਟਿਕਾਣੇ ਦੀ ਭਾਲ ਹੋਣ ਲੱਗੀ। ਅਖ਼ੀਰ ਇਕ ਕਾਲਜ ਸਮੇਂ ਦੇ ਮੁੰਡੇ ਨਾਲ, ਜੋ ਵਰਜੀਨੀਆ ਸਟੇਟ ਵਿਚ ਤੇ ਪਿੱਛੋਂ ਗੁਰਦਾਸਪੁਰ ਜ਼ਿਲ੍ਹੇ ਦਾ ਗੁਰਦਾਸ ਨੰਗਲ ਤੋਂ ਦੋ ਸਾਲ ਗੋਰਮਿੰਟ ਕਾਲਜ, ਗੁਰਦਾਸਪੁਰ ਦਾ ਮਿਸਟਰ ਕਾਲਜ ਰਿਹਾ ਕਸ਼ਮੀਰ ਸਿੰਘ ਸੀ, ਗੱਲ ਹੋਈ। ਕਰਮੇ ਨੇ ਉਸ ਨੂੰ ਕਿਹਾ, ‘ਮੈਨੂੰ ਇਥੋਂ ਬੱਸ ਦੀ ਟਿਕਟ ਲੈ ਕੇ ਦੇਹ।’ ਉਸ ਨੇ 150 ਡਾਲਰਾਂ ਦੀ ਟਿਕਟ ਖ਼ਰੀਦ ਕੇ ਲੈ ਦਿੱਤੀ।

ਕਰਮੇ ਨੇ ਆਪਣੇ ਸਾਥੀਆਂ ਦਾ ਧੰਨਵਾਦ ਕੀਤਾ ਤੇ ਸਿਧਰੇ ਨੂੰ ਜੇਬ੍ਹ ਵਿੱਚੋਂ ਚੈੱਕ ਕੱਢ ਕੇ ਉਸ ਦੇ ਹੱਥ ਦੇਂਦਿਆਂ ਕਿਹਾ, ‘ਮੈਂ ਤੇਰਾ ਅਹਿਸਾਨਮੰਦ ਹਾਂ। ਜੇਕਰ ਮੈਂ ਤੁਹਾਡਾ ਕੀਤਾ ਅਹਿਸਾਨ ਬਰਾਬਰ ਨਾ ਕਰ ਸਕਿਆ ਤਾਂ ਕਿਧਰੇ ਹੋਰ ਜ਼ਰੂਰਤਮੰਦਾਂ ਦੀ ਮਦਦ ਕਰਕੇ ਹਿਸਾਬ ਪੂਰਾ ਜ਼ਰੂਰ ਕਰ ਦਿਆਂਗਾ।’

ਕਰਮਾ ਗਰੇਅ-ਹਾਊਂਡ ਦੀ ਬੱਸ ਵਿਚ ਬੈਠ ਚੁੱਕਾ ਸੀ ਤੇ ਉਸ ਨੂੰ ਇਸ ਬਰਫ਼ੀਲੇ ਸਿਆਲੀ ਮੌਸਮ ਵਿਚ ਟਿਕਾਣੇ ਪਹੁੰਚਣ ਲਈ ਅਜੇ ਚਾਰ ਦਿਨ ਤੇ ਤਿੰਨ ਰਾਤਾਂ ਹੋਰ ਲੱਗਣੀਆਂ ਸਨ।

## (8)

**ਹੋਰਾਂ ਦਾ ਬਹੁਤਾ ਫਿਕਰ ਨਾ ਕਰ, ਕਦੇ ਆਪਣਾ ਸਾਥ ਵੀ ਕਰਿਆ ਕਰ !**
**ਇਹ ਦੁਨੀਆ ਇੰਝ ਹੀ ਚੱਲਦੀ ਰਹਿਣੀ, ਨਾ ਸੋਚਾਂ ਵਿਚ ਬਹੁਤਾ ਮਰਿਆ ਕਰ !**

ਅਮਰੀਕਾ ਪਹੁੰਚਣ ਤੋਂ ਬਾਅਦ ਕਰਮੇ ਨੇ ਕੁਝ ਦਿਨ ਡੰਡ-ਬੈਠਕਾਂ ਅਤੇ ਵਰਜਸ਼ ਕਰਨ ’ਤੇ ਜ਼ੋਰ ਦਿੱਤਾ। ਜ਼ਿੰਦਗੀ ਦੀ ਨਵੇਂ ਸਿਰਿਓਂ ਦੌੜ ਸ਼ੁਰੂ ਕਰਨ ਲਈ ਜ਼ਰੂਰੀ ਸੀ—ਮਾਨਸਿਕ ਅਤੇ ਸਰੀਰਕ ਤਿਆਰੀ। ਇਕ ਉੱਚੇ ਦਰਜੇ ਦੇ ਰੈਸਟੋਰੈਂਟ ਵਿਚ ਅਜੇ ਮਸਾਂ ਡੇਢ ਮਹੀਨਾ ਹੀ ਕੰਮ ਕੀਤਾ ਸੀ ਕਿ Sea Galley Restaurant ਦਾ ਮਾਲਕ ਏਨਾ ਖੁਸ਼ ਹੋਇਆ ਤੇ ਕਹਿੰਦਾ, ‘ਕਰਮੇ ! ਤੈਨੂੰ ਅਸਿਸਟੈਂਟ ਮੈਨੇਜਰ ਦੀ ਟਰੇਨਿੰਗ ਲਈ ਅਸੀਂ ਸਿਆਟਲ ਵਾਸ਼ਿੰਗਟਨ ਭੇਜ ਰਹੇ ਹਾਂ, ਜੇਕਰ ਤੈਨੂੰ ਮਨਜ਼ੂਰ ਹੋਵੇ।’ ਪਰ ਕਰਮਾ ਕਿਸਮਤ ਦਾ ਏਨਾ ਧਨੀ ਕਿਥੇ ਸੀ ? ਕਿਸੇ ਦੀ ਸੋਸ਼ਲ ਸਕਿਉਰਿਟੀ ’ਤੇ ਕਿਸੇ ਦੇ ਨਾਮ ’ਤੇ ਕੰਮ ਕਰ ਰਿਹਾ ਸੀ। ਇਹਦੇ ਕੋਲ ਤਾਂ ਅਜੇ ਪਾਸਪੋਰਟ ਵੀ ਨਹੀਂ ਸੀ। ਉਧਰੋਂ ਇਮੀਗਰੇਸ਼ਨ ਦੇ ਛਾਪੇ ਵੀ ਪੈਣੇ ਸ਼ੁਰੂ ਹੋ ਚੁੱਕੇ ਸਨ। ਕੰਮ ਛੱਡਣਾ ਪਿਆ। ਕਰਮਾ ਸੜਕ ’ਤੇ ਆ ਗਿਆ।

ਉਦਾਸੀ ਆਣ ਘੇਰਾ ਪਾਉਂਦੀ। ਲੋੜ ਸੀ ਮਿੱਤਰ-ਮੰਡਲੀ ਦੀ ਕਿਉਂਕਿ ਕਰਮੇ ਨੂੰ ਕੱਲੇ ਰਹਿਣ ਦੀ ਆਦਤ ਨਹੀਂ ਸੀ। ਇਕ ਪੁਰਾਣਾ ਚਿਰਾਂ ਤੋਂ ਬੰਦ ਪਿਆ ਘਰ ਕਿਰਾਏ ’ਤੇ ਲਿਆ। ਸਾਫ਼-ਸਫ਼ਾਈ ਕੀਤੀ, ਅੰਦਰੋਂ ਸੱਪ ਨਿਕਲਦੇ ਮਾਰੇ। ਸਿਆਲੀ ਦਿਨ। ਦੋ ਦਿਨ ਬੂਹੇ-ਬਾਰੀਆਂ ਖੋਲ੍ਹ ਕੇ ਰੱਖੀਆਂ। ਆਪ ਬਾਹਰ ਬੈਂਚ ’ਤੇ ਰਾਤਾਂ। ਮਾਹੌਲ ਵਿਚ ਨਵੀਂ ਰੂਹ ਭਰਨ ਲਈ ਇਕ ਪੁਰਾਣਾ ਟੇਪ ਰਿਕਾਰਡਰ ਖ਼ਰੀਦਿਆ ਤੇ ਸਟੋਰ ਤੋਂ ਪੰਜਾਬੀ ਗੀਤਾਂ ਦੀਆਂ ਕੈਸਟਾਂ ਖਰੀਦੀਆਂ। ਯਮਲੇ ਅਤੇ ਮਾਣਕ ਦੇ ਗੀਤਾਂ ਨਾਲ ਪਿੰਡ ਵਾਲਾ ਮਾਹੌਲ ਸਿਰਜਣ ਦਾ ਯਤਨ ਕੀਤਾ। ਕੁਝ ਆਪਣੇ ਇਲਾਕੇ ਦੇ ਸੱਜਣਾਂ-ਮਿੱਤਰਾਂ ਨਾਲ ਮੇਲ ਜੋ ਬਹੁਤੇ ਜਰਮਨੀ ਅਤੇ ਜਾਰਡਨ ਤੋਂ ਆਏ ਸਨ ਤੇ ਸਭ ਕਰਮੇ ਵਰਗੇ ਹੀ ਗ਼ੈਰ-ਕਾਨੂੰਨੀ। ਮਹਿਫ਼ਲਾਂ ਲੱਗਣ ਲੱਗੀਆਂ।

ਕਰੀਬ 7-8 ਜਣਿਆਂ ਦਾ ਗਰੁੱਪ ਸੀ ਤੇ ਕਰਮੇ ਵਾਲੇ ਪੁਰਾਣੇ ਘਰ ਹੀ ਰਹਿਣ ਲੱਗ ਪਏ। ਉਹ ਜ਼ਮਾਨਾ ਚੰਗਾ ਸੀ। ਕਰਮੇ ਨੇ ਸਭ ਤੋਂ ਪਹਿਲਾਂ ਆਪਣਾ ਡਰਾਇਵਿੰਗ ਲਾਇਸੈਂਸ ਲਿਆ। ਦੋ-ਦੋ ਸਾਲਾਂ ਤੋਂ ਲੀਗਲ ਆਇਆਂ ਨੂੰ ਸ਼ਰਮਾਂ ਆਉਣ ਲੱਗੀਆਂ।

'ਪਤੰਦਰਾ! ਤੂੰ ਅਜੇ ਕੱਲ੍ਹ ਆਇਆ ਤੇ ਲਾਇਸੈਂਸ ਵੀ ਲੈ ਲਿਆ?'

'ਸਾਨੂੰ ਮਾਂਈਂ ਦੋ-ਦੋ ਸਾਲ ਹੋ ਗਏ ਅਜੇ ਬੱਸਾਂ ਵਿਚ ਹੀ ਤੁਰੇ-ਫਿਰਦੇ ਆਂ।'

'ਚਲੋ ਕੱਲ੍ਹ ਹੀ ਚੱਲਦੇ ਆ ਐਮ.ਵੀ.ਏ. (ਮੋਟਰ ਵਹੀਕਲ ਐਡਮਿਨਸਟਰੇਸ਼ਨ) ਦਫ਼ਤਰ।'

'ਪਰ ਟੈਸਟ ਕੌਣ ਕਰੂ ਪਾਸ?'

'ਓਏ ਉਹ ਵੀ ਵੇਖ ਲਵਾਂਗੇ!'

ਉਸ ਦਿਨ ਕਰਮੇ ਨੇ ਦੋ ਜਣਿਆਂ ਦੇ ਟੈਸਟ ਆਪਣੀਆਂ ਜੈਕਟਾਂ ਬਦਲ ਬਦਲ ਕੇ ਪਾਸ ਕਰਵਾਏ। ਬਸ ਫਿਰ ਕੀ ਸੀ, ਹੌਲੀ-ਹੌਲੀ ਕਰਮੇ ਨੇ ਨਵੀਂ ਹਿੰਮਤ ਸਾਰਿਆਂ ਵਿਚ ਲੈ ਆਂਦੀ। ਕਰਮੇ ਨੇ ਆਪਣੀ ਢਾਣੀ 'ਚ ਸਭ ਤੋਂ ਪਹਿਲਾਂ ਇਕ ਸ਼ੈਵਰਲਟ ਸਟੇਸ਼ਨ ਵੈਗਨ ਪੰਜਾਹ ਡਾਲਰਾਂ ਵਿਚ ਖ਼ਰੀਦੀ। ਦੋ ਸਾਲ ਉਸ 'ਤੇ ਕੰਮ ਕਰਨ ਜਾਂਦਾ ਰਿਹਾ ਤੇ ਬਾਅਦ ਵਿਚ 350 ਡਾਲਰਾਂ ਵਿਚ ਵੇਚ ਦਿੱਤੀ।

ਇਹ ਓਹ ਔਖੇ ਦਿਨ ਸਨ ਜਦ ਪਿੰਡ ਘਰਦਿਆਂ ਤੋਂ ਕਤਲ ਹੋ ਗਿਆ। ਉਧਰੋਂ ਵੱਡੇ ਭਰਾ ਦੀ ਪਤਨੀ ਦੀ ਮੌਤ ਹੋ ਗਈ। ਕਤਲ ਦੇ ਕੇਸ ਦੀ ਪੈਰਵਾਈ ਅਤੇ ਖ਼ਰਚਾ ਭਾਵੇਂ ਉਨ੍ਹਾਂ ਦਿਨਾਂ ਵਿਚ ਅੱਜ ਦੇ ਸਮੇਂ ਤੋਂ ਬਹੁਤ ਥੋੜ੍ਹਾ ਲੱਗਦਾ ਸੀ ਪਰ ਉਦੋਂ ਦਸ ਹਜ਼ਾਰ ਰੁਪਏ ਵੀ ਤਾਂ ਇਕ ਕਹਿੰਦੀ-ਕਹਾਉਂਦੀ ਰਕਮ ਹੁੰਦੀ ਸੀ।

ਜੱਟ ਜ਼ਮੀਨ ਪਿੱਛੇ, ਅਣਖ਼ ਪਿੱਛੇ ਲੜਦਾ-ਲੜਦਾ ਮਰ ਜਾਵੇਗਾ ਪਰ ਕਦੇ ਹਾਰ ਨਹੀਂ ਮੰਨਦਾ, ਚਾਹੇ ਘਰੇ ਚੁੱਲ੍ਹਿਆਂ ਵਿਚ ਘਾਹ ਹੀ ਕਿਉਂ ਨਾ ਉੱਗ ਆਵੇ।

ਕਈ ਵੇਰ ਉਹ ਕੁਝ ਵਾਪਰ ਜਾਂਦਾ ਜੋ ਕਦੇ ਸੋਚਿਆ ਵੀ ਨਹੀਂ ਹੁੰਦਾ। ਬਹੁਤ ਵੇਰ ਕੁਝ ਐਸਾ ਵਾਪਰ ਜਾਂਦਾ ਜੋ ਕਦੇ ਵਾਪਰਨਾ ਹੀ ਨਹੀਂ ਚਾਹੀਦਾ ਹੁੰਦਾ। ਇਹ ਕਤਲ ਵੀ ਨਹੀਂ ਸੀ ਹੋਣਾ ਚਾਹੀਦਾ ; ਪਰ ਹੋਇਆ। ਇਸ ਪਿੱਛੇ ਹੈਂਕੜਬਾਜ਼ੀ, ਜੱਟਪੁਣਾ, ਸ਼ਰਾਬ, ਬੇਖ਼ੌਫ਼ ਬਿਰਤੀ ਨੇ ਕੰਮ ਕੀਤਾ ਅਤੇ ਪੱਗ-ਵਟ ਬਣੇ ਭਰਾ ਹੱਥੋਂ ਦੂਜੇ ਭਰਾ ਦਾ ਕਤਲ ਹੋ ਗਿਆ ਭਾਵੇਂ ਇਹ ਕੁਝ ਆਪਣੀ ਜਾਨ ਬਚਾਉਣ ਖਾਤਰ ਵਾਪਰਿਆ ਸੀ ਭਾਵ ਸੈਲਫ਼ ਡੀਫੈਂਸ ਲਈ ਹੀ। ਕਰਮੇ ਨੂੰ ਪਿੰਡੋਂ ਚਿੱਠੀ ਆਈ ਕਿ ਕਤਲ ਹੋ ਗਿਆ ਜੇ ਕੁਝ ਮਦਦ ਕਰ ਸਕੇਂ। ਕਰਮੇ ਦੀ ਖ਼ੁਦ ਦੀ ਹਾਲਤ ਠੀਕ ਨਹੀਂ ਸੀ। ਇਥੇ ਉਸ ਦੀ ਮਦਦ ਇਕ ਐਸੇ ਮੁੰਡੇ ਨੇ ਕੀਤੀ ਜਿਸ ਦਾ ਭਰਾ ਜਲੰਧਰ ਜ਼ਿਲ੍ਹੇ ਤੋਂ ਨੈਕਸਲਾਈਟ ਮੂਵਮੈਂਟ ਵਿਚ ਸੀ ਅਤੇ ਪੁਲੀਸ ਨੇ ਉਸ ਨੂੰ ਵੇਲਣੇ ਵਿਚ ਪੀੜ ਕੇ ਸ਼ਹੀਦ ਕਰ ਦਿੱਤਾ ਸੀ। ਇਹ ਕੁਝ ਕਰਮਾ 'ਲਹੂ ਦੀ ਲੋਅ' ਵਿਚ ਪੜ੍ਹ ਚੁੱਕਾ ਸੀ। ਉਸ ਮੁੰਡੇ ਨੇ ਕਰਮੇ ਨੂੰ ਇਕ ਹਜ਼ਾਰ ਡਾਲਰ ਉਧਾਰ ਦਿੱਤੇ ਜਿਸ ਦੇ ਉਨ੍ਹਾਂ ਸਮਿਆਂ ਵਿਚ ਦਸ ਹਜ਼ਾਰ ਰੁਪਏ ਬਣਦੇ ਸਨ। ਕੇਸ ਕਿੰਝ ਨਿਬੜਿਆ ਹੁਣ ਤਕ ਇਲਾਕੇ ਵਿੱਚ ਹਰੇਕ ਜਣਾ ਜਾਣ ਚੁੱਕਾ ਸੀ।

ਕਦੇ-ਕਦੇ ਕੁਝ ਘਟਨਾਵਾਂ ਚਮਤਕਾਰੀ ਵੀ ਹੋ ਜਾਂਦੀਆਂ ਨੇ। ਗਰਮੀਆਂ ਦੇ ਦਿਨ ਸਨ। ਕਰਮਾ ਦੋ-ਦੋ ਨੌਕਰੀਆਂ ਕਰਦਾ। ਇਕ ਦਿਨ ਦੀ ਸਵੇਰ ਨੂੰ ਕੰਮ ਤੋਂ ਬਾਅਦ ਕਰਮਾ ਘਰ ਨੂੰ ਜਾ ਰਿਹਾ ਸੀ ਤਾਂ ਥਕਾਵਟ ਕਾਰਨ ਰਸਤੇ ਵਿਚ ਹੀ ਉਹਦੀ ਝੋਂਕ ਲੱਗ ਗਈ। ਅਜਿਹੀ ਝੋਂਕ ਲੱਗੀ ਕਿ ਗੱਡੀ ਖੱਬੇ ਪਾਸੇ ਨੂੰ ਨੀਵੇਂ ਥਾਂ ਜਾ ਵੜੀ। ਮੀਂਹ ਨਾਲ ਮਿੱਟੀ ਵਿੱਚ ਚਿੱਕੜ-ਖੋਭਾ। ਗੱਡੀ ਕਿਧਰੇ ਫਸ ਨਾ ਜਾਵੇ ਪੂਰੀ ਰੇਸ ਦੇ ਕੇ ਕਰਮਾ ਖੱਬੇ ਪਾਸੇ ਵਾਲੀ ਸੜਕੇ ਚੜ੍ਹ ਗਿਆ। ਬਸ ਫਿਰ ਕੀ ਸੀ ਘਰ ਆ ਕੇ ਕੰਮ ਵਾਲਿਆਂ ਨੂੰ ਫ਼ੋਨ ਕਰ ਦਿੱਤਾ ਕਿ ਮੈਂ ਹੁਣ ਤੁਹਾਡੀ ਨੌਕਰੀ ਨਹੀਂ ਕਰਨੀ।

ਉਹ ਕਹਿੰਦੇ : 'ਕੀ ਵਜ੍ਹਾ ?'

ਕਰਮਾ : 'ਬਸ ਬਚ ਗਏ'

: 'ਫਿਰ ਵੀ'

: 'ਕਿਉਂਕਿ ਅਜੇ ਹੋਰ ਜਿਉਣਾ ਚਾਹੁੰਦਾਂ।'

: 'ਕੀ ਮਤਲਬ'?

: 'ਅਜੇ ਬਹੁਤ ਕੰਮ ਨੇ ਕਰਨ ਵਾਲੇ।'

: 'ਓ.ਕੇ. ਗੁੱਡ ਲੱਕ !'

ਕਰਮੇ ਮੂਹਰੇ ਯੋਗੋਸਲਾਵੀਆ ਵਾਲੀ ਘਟਨਾ ਨੇ ਆਣ ਦਸਤਕ ਦਿੱਤੀ। ਸ਼ਾਇਦ ਕਿਸੇ ਐਕਸੀਡੈਂਟ ਵਿਚ ਮਰਨਾ ਉਸ ਨੂੰ ਬਿਲਕੁਲ ਹੀ ਗਵਾਰਾ ਨਹੀਂ ਸੀ। ਇੰਝ ਮਰਨਾ ਵੀ ਭਲਾ ਕੀ ਮਰਨਾ ਹੋਇਆ? ਕਾਲਜ ਦੇ ਦਿਨਾਂ ਵਿਚ ਮਾਰਕਸਵਾਦ ਦਾ ਚੜ੍ਹਿਆ ਬੁਖ਼ਾਰ ਵਕਤ ਬੇ-ਵਕਤ ਆਪਣੇ ਲੱਛਣ ਵਿਖਾਉਂਦਾ ਰਿਹਾ। ਅਮਰੀਕਾ ਆ ਕੇ ਉਹੀ ਫਿਰ ਸਤਾਉਣ ਲੱਗਾ। ਸੜਕ ਕਿਨਾਰੇ ਹਨੀ ਸਕਲਜ਼ ਦੇ ਬੂਟੇ ਲਾਉਂਦਿਆਂ ਇਕ ਕਾਲਜ ਪੜ੍ਹਦੇ ਅਮਰੀਕਨ ਗੋਰੇ ਨਾਲ ਮੁਲਾਕਾਤ ਹੋਈ ਸੀ ਜੋ ਆਪਣੇ ਖ਼ਰਚੇ ਲਈ ਪਾਰਟ ਟਾਈਮ ਕੰਮ ਕਰਮੇ ਨਾਲ ਕਰਦਾ ਸੀ। ਗੱਲਾਂ-ਗੱਲਾਂ ਵਿਚ ਪਤਾ ਲੱਗਾ ਇਸ ਨੂੰ ਵੀ ਕਰਮੇ ਵਾਲੀ ਬੀਮਾਰੀ ਲੱਗੀ ਹੋਈ ਏ। ਮੁਲਾਕਾਤਾਂ ਹੋਣ ਲੱਗੀਆਂ ਤੇ ਪੰਜ ਜਣਿਆਂ ਦਾ ਇਕ ਗਰੁਪ ਵੀ ਬਣ ਗਿਆ। ਦੋ ਮੀਟਿੰਗਾਂ ਵਿਚ 'ਕਮਿਊਨਿਸਟ ਮੈਨੀਫੈਸਟੋ' ਉੱਪਰ ਵਿਚਾਰ-ਚਰਚਾ ਹੋ ਚੁੱਕੀ ਸੀ। ਤੀਸਰੀ ਮੀਟਿੰਗ ਵਿਚ ਕਾਰਲ ਮਾਰਕਸ ਦਾ 'ਕੈਪੀਟਲ-1' ਪੜ੍ਹਨਾ ਸ਼ੁਰੂ ਕਰਨਾ ਸੀ। ਕੁਝ ਦਿਨਾਂ ਬਾਅਦ ਪਤਾ ਲੱਗਾ ਕਿ ਉਸ ਨੂੰ ਕਾਲਜ ਵਿੱਚੋਂ ਕੱਢ ਦਿੱਤਾ ਗਿਆ। ਕਿਸੇ ਨੇ ਪ੍ਰਿੰਸੀਪਲ ਨੂੰ ਉਸ ਦੀ ਸ਼ਿਕਾਇਤ ਕਰ ਦਿੱਤੀ ਸੀ। ਇਕ ਪਾਸੇ ਕਾਲਜ ਤੋਂ ਬਾਹਰ ਹੋ ਗਿਆ, ਦੂਸਰੇ ਪਾਸੇ ਕੰਮ ਤੋਂ ਵੀ ਜਾਂਦਾ ਰਿਹਾ। ਉਧਰੋਂ ਕਰਮੇ ਦੇ ਸੁਪਰਵਾਈਜ਼ਰ ਨੇ ਕਰਮੇ ਦੀ ਵੀ ਛੁੱਟੀ ਕਰ ਦਿੱਤੀ।

ਦਰਅਸਲ ਸਰਮਾਏਦਾਰ ਮੁਲਕਾਂ ਅੰਦਰ ਹਕੂਮਤਾਂ ਕਦੇ ਵੀ ਕਮਿਊਨਿਸਟ ਵਿਚਾਰਧਾਰਾ ਨੂੰ ਸਹਿਣ ਨਹੀਂ ਕਰਦੀਆਂ। ਇਥੋਂ ਤਕ ਕਿ ਆਪਣੇ ਗੁਆਂਢੀ ਮੁਲਕਾਂ ਅੰਦਰ ਵੀ ਕਿਸੇ ਕਿਸਮ ਦੀ ਸਮਾਜਵਾਦੀ ਲਹਿਰ ਇਨ੍ਹਾਂ ਨੂੰ ਮੌਤ ਵਰਗੀ ਲੱਗਦੀ ਹੈ। ਸਰਮਾਏਦਾਰ ਮੁਲਕ ਦੀ ਸਰਦਾਰੀ ਕਰਦਾ ਆ ਰਿਹਾ ਅਮਰੀਕਾ ਸਭ ਤੋਂ ਵੱਧ ਲੜਾਈਆਂ-ਝਗੜਿਆਂ ਦਾ ਮੁੱਖ ਪਾਤਰ ਬਣਿਆ ਰਿਹਾ। ਚਾਹੇ ਵੀਅਤਨਾਮ, ਕੋਰੀਆ, ਕਿਊਬਾ ਜਾਂ ਯੂਰਪੀਨ ਮੁਲਕ ਜਿਥੇ ਰੂਸ ਨੇ ਆਪਣਾ ਪ੍ਰਭਾਵ ਬਣਾਉਣਾ ਸ਼ੁਰੂ ਕੀਤਾ। ਅਮਰੀਕਾ ਨੇ ਹਮੇਸ਼ਾ ਸਿੱਧੇ ਜਾਂ ਅਸਿੱਧੇ ਢੰਗ ਨਾਲ ਆਢਾ ਲਾਈ ਰੱਖਿਆ। ਅਮਰੀਕਾ ਵਿਚ ਨਾਗਰਿਕਤਾ ਲੈਣ ਦੌਰਾਨ ਅਗਰ ਇਨ੍ਹਾਂ ਨੂੰ ਪਤਾ ਲੱਗ ਜਾਵੇ ਕਿ ਐਪਲੀਕੈਂਟ ਕਿਸੇ ਕਮਿਊਨਿਸਟ ਪਾਰਟੀ ਦਾ ਮੈਂਬਰ ਜਾਂ ਵਰਕਰ ਰਿਹਾ ਹੋਇਐ ਉਸ ਨੂੰ ਨਾਗਰਿਕਤਾ ਵੀ ਨਹੀਂ ਦੇਂਦੇ।

ਉਹ ਦੌਰ ਹਰੇਕ ਲਈ ਔਖਾ ਹੁੰਦਾ ਹੈ ਜਦ ਤੁਹਾਡੇ ਕੋਲ ਕੁਝ ਵੀ ਨਾ ਹੋਵੇ ਪਰ ਤੁਸੀਂ ਕਰਨਾ ਬਹੁਤ ਕੁਝ ਚਾਹੁੰਦੇ ਹੋਵੋ। ਉਦੋਂ ਤੁਹਾਡੀ ਹਿੰਮਤ, ਸੂਝ ਹੀ ਕੰਮ ਆਉਂਦੀ ਏ।

ਪੰਜਾਬੀਆਂ ਨੇ ਬਾਹਰ ਆ ਕੇ ਬਹੁਤ ਮੁਸੀਬਤਾਂ ਝੱਲੀਆਂ। ਖ਼ੁਦ ਹੱਥ ਸਾੜਨੇ ਪਏ, ਬਹੁਤ ਥੋੜ੍ਹੇ ਵਿਚ ਗੁਜ਼ਾਰਾ ਕਰਨਾ, ਜਾਗ-ਜਾਗ ਕੇ ਰਾਤਾਂ ਕੱਢਣੀਆਂ, ਬਾਰਡਰ ਪਾਰ ਕਰਦੇ ਫੜੇ ਗਏ, ਗਰਮੀਆਂ ਵਿਚ ਮਾਰੂਥਲਾਂ ਨੂੰ ਪਾਰ ਕਰਦੇ-ਕਰਦੇ ਦਮ ਤੋੜ ਗਏ, ਜੰਗਲਾਂ ਵਿੱਚ ਲਾਸ਼ਾਂ ਦੇ ਪਿੰਜਰ ਬਣ ਗਏ। ਜੋ ਕਾਬੂ ਆਏ ਬਹੁਤੇ ਡੀਪੋਰਟ ਹੋਏ। ਪਹਾੜਾਂ ਦੀਆਂ ਟੀਸੀਆਂ ਤੋਂ ਖੱਡਾਂ ਵਿਚ ਸਮਾ ਗਏ, ਜੰਗਲਾਂ ਵਿਚ ਸਦਾ ਲਈ ਅਲੋਪ ਹੋ ਗਏ, ਕਈਆਂ ਨੂੰ ਸਮੁੰਦਰ ਦੀਆਂ ਛੱਲਾਂ ਨੇ ਆਪਣੇ ਵਿਚ ਸਮਾ ਲਿਆ। ਕਈ ਤਾਂ 20-20 ਸਾਲਾਂ ਤਕ ਦਰ-ਦਰ ਠੋਕਰਾਂ ਖਾਂਦੇ ਰਹੇ। ਕਈ ਨਿਰਾਸਤਾ ਦੀ ਹਾਲਤ ਵਿਚ ਸ਼ਰਾਬ ਦਾ ਸਹਾਰਾ ਲੈਂਦੇ ਰਹੇ। ਕਈਆਂ ਦੇ ਮਾਂ-ਬਾਪ ਆਪਣੇ ਪੁੱਤਰਾਂ ਨੂੰ ਉਡੀਕਦੇ-ਉਡੀਕਦੇ ਸਦਾ ਲਈ ਤੁਰ ਗਏ। ਕਈਆਂ ਦੀਆਂ ਉਮਰਾਂ-ਹੱਦਾਂ ਹੀ ਪਾਰ ਹੋ ਗਈਆਂ। ਵਿਆਹ ਦੇ ਚਾਅ ਧਰੇ-ਧਰਾਏ ਰਹਿ ਗਏ। ਕਈਆਂ ਨੂੰ ਉਨ੍ਹਾਂ ਦੇ ਪਿੰਡਾਂ ਨੇ ਵੀ ਨਾ ਪਹਿਚਾਣਿਆ, ਕਈ ਨਾ ਇਧਰ ਦੇ, ਨਾ ਉਧਰ ਦੇ ਰਹੇ। ਬੇਪਛਾਣ ਹੋ ਗਏ। ਨਾਵੇਂ ਤੇ ਸਿਰਨਾਵੇਂ ਤਕ ਬਦਲ ਗਏ।

ਵੱਖ-ਵੱਖ ਮੁਲਕਾਂ ਅੰਦਰ ਆਈਆਂ ਅਸਾਵੇਂਪਨ ਦੀਆਂ ਤਰੱਕੀਆਂ ਅਤੇ ਭ੍ਰਿਸ਼ਟ, ਲੋਟੂ ਰਾਜਨੀਤਕ ਸਿਸਟਮ ਨੇ ਨੌਜਵਾਨੀ ਨੂੰ ਇਕ ਤੋਂ ਦੂਸਰੇ ਮੁਲਕਾਂ ਦੇ ਰਾਹੇ ਪਾ ਦਿੱਤਾ।

ਕੁਦਰਤੀ ਉਨ੍ਹੀਂ ਦਿਨੀਂ ਅਮਰੀਕਾ ਵਿਚ ਫਾਰਮ ਵਰਕਰ (ਖੇਤ-ਮਜ਼ਦੂਰ) ਦੇ ਆਧਾਰ 'ਤੇ ਇਮੀਗਰੇਸ਼ਨ ਨੇ ਨਵਾਂ ਰਾਹ ਖੋਲ੍ਹਿਆ। ਕਰਮਾ ਤਾਂ ਪਹਿਲਾਂ ਹੀ ਕਿਸੇ ਐਸੀ ਤਾੜ ਵਿਚ ਸੀ। ਜਿਸ ਦੇ ਕਿਰਾਏ ਵਾਲੇ ਮਕਾਨ ਵਿਚ ਉਹ

ਰਹਿ ਰਿਹਾ ਸੀ ਉਸ ਕੋਲ ਥੋੜ੍ਹੇ ਖੇਤ ਵੀ ਸਨ। ਬਸ ਕੁਝ ਦੇ-ਲੈ ਕੇ ਆਪਣਾ ਇਮੀਗਰੇਸ਼ਨ ਸਟੇਟਸ ਕਾਇਮ ਕਰਨ ਲਈ ਅਪਲਾਈ ਕਰ ਦਿੱਤਾ। ਇਨ੍ਹੀਂ ਹੀ ਦਿਨੀਂ ਕਰਮਾ ਇਕ ਗਰੀਕ ਰੈਸਟੋਰੈਂਟ ਵਿਚ ਕੰਮ ਕਰ ਰਿਹਾ ਸੀ ਜਿਥੇ ਇਕ ਸਥਾਨਕ ਪੋਸਟਲ ਸਰਵਿਸ ਦਾ ਮੈਨੇਜਰ ਰੋਟੀ ਖਾਣ ਆਉਂਦਾ ਹੁੰਦਾ ਸੀ ਜਿਹਦਾ ਕਾਊਂਟਰ ’ਤੇ ਕੰਮ ਕਰਦੀ ਕੁੜੀ ਨਾਲ ਕਾਫ਼ੀ ਦੋਸਤਾਨਾ ਸਬੰਧ ਸੀ। ਉਸ ਨੇ ਕੁੜੀ ਨੂੰ ਕਿਹਾ, ‘ਪੋਸਟਲ ਨੌਕਰੀ ਲਈ ਫਾਰਮ ਭਰ ਦੇ, ਨੌਕਰੀਆਂ ਨਿਕਲੀਆਂ ਹਨ।’ ਕਰਮੇ ਨੇ ਉਸ ਨੂੰ ਕਿਹਾ, ‘ਇਕ ਮੇਰੇ ਲਈ ਵੀ ਅਰਜ਼ੀ ਲਈ ਆਵੀਂ।’ ਫਾਰਮ ਭਰ ਦਿੱਤਾ। ਟੈਸਟ ਹੋਇਆ ਜਿਸ ਵਿਚ ਉਹ ਕੁੜੀ ਤਾਂ ਫੇਲ੍ਹ ਹੋ ਗਈ ਪਰ ਕਰਮੇ ਨੇ ਟੈਸਟ ਪਾਸ ਕਰ ਲਿਆ। ਕਰਮੇ ਨੇ ਸਥਾਨਕ ਲਾਇਬਰੇਰੀ ਜਾ ਕੇ ਕੁਝ ਕਿਤਾਬਾਂ ਲੈ ਕੇ ਚੰਗੀ ਤਰ੍ਹਾਂ ਤਿਆਰੀ ਕਰ ਲਈ ਹੋਈ ਸੀ।

ਅਮਰੀਕਾ ਦੀ ਰਾਜਧਾਨੀ ਵਿਚ ਟੈਕਸੀ ਚਲਾਉਣੀ ਕਿਹੜੀ ਕਿਸੇ ਚੈਲੇਂਜ ਤੋਂ ਘੱਟ ਸੀ? ਕਰਮੇ ਨੇ ਹੇਕਰ ਲਾਇਸੈਂਸ ਲਈ ਪਹਿਲੀ ਵੇਰ ਟੈਸਟ ਦਿੱਤਾ, ਬੁਰੀ ਤਰ੍ਹਾਂ ਫੇਲ੍ਹ ਹੋਇਆ। ਦੂਸਰੀ ਵੇਰ ਚੰਗੀ ਵਧੀਆ ਤਰ੍ਹਾਂ ਪਾਸ ਕਰ ਲਿਆ। ਉਨ੍ਹੀਂ ਦਿਨੀਂ ਟੂ-ਵੇਅ ਰੇਡੀਓ ਵੀ ਨਹੀਂ ਸਨ ਹੁੰਦੇ। ਪਹਿਲੇ ਦਿਨ ਕਰਮੇ ਨੇ ਬਸ ਇਕ ਸੁਆਰੀ ਹੀ ਚੱਕੀ ਤੇ ਉਸੇ ਨੂੰ ਕਰੀਬ ਇਕ ਘੰਟੇ ਵਿਚ ਸਿਰੇ ਲਾਇਆ ਸੀ। ਪੰਜਾਹ ਡਾਲਰ ਬਣਾ ਕੇ ਘਰ ਮੁੜ ਆਇਆ। ਨਿਰਾਸ ਤਾਂ ਜ਼ਰੂਰ ਹੋਇਆ ਪਰ ਉਸ ਲਈ ਇਹ ਚੁਨੌਤੀ ਵੀ ਸੀ ਕਿ ਇਹ ਕੰਮ ਕਰਕੇ ਜ਼ਰੂਰ ਵੇਖਣੈ!

ਕਦੇ-ਕਦੇ ਅਨਜਾਣੇ ਡੂੰਘੇ ਪਾਣੀ ਵਿਚ ਛਾਲ ਮਾਰਨੀ ਤੇ ਆਪਣੇ ਬਲਬੂਤੇ ਨਾਲ ਬਾਹਰ ਆ ਜਾਣਾ ਵੀ ਤੁਹਾਡੀ ਜ਼ਿੰਦਗੀ ਨੂੰ ਨਵੇਂ ਰੰਗ ਵਿੱਚ ਭਰ ਦਿੰਦਾ ਐ। ਬਣੇ-ਬਣਾਏ ਰਾਹਾਂ ’ਤੇ ਤੁਰੀ ਜਾਣਾ ਵੀ ਤਾਂ ਕੋਈ ਏਡੀ ਬਹਾਦਰੀ ਨਹੀਂ ਹੁੰਦੀ। ਪਹਾੜਾਂ ਦੀ ਚੋਟੀ ਤੋਂ ਨਵੇਂ ਰਾਹ ਬਣਾ ਕੇ ਹੇਠਾਂ ਉੱਤਰਨਾ ਵੀ ਜ਼ਿੰਦਗੀ ਨੂੰ ਨਵਾਂ ਹੁਲਾਰਾ, ਨਵੀਂ ਉਮੰਗ ਅਤੇ ਨਵੀਆਂ ਆਸਾਂ ਨਾਲ ਸ਼ਿੰਗਾਰਨਾ ਹੀ ਹੁੰਦਾ ਹੈ। ਜਦ ਨਵੇਂ ਰਾਹ ਉਲੀਕੇ ਜਾਂਦੇ ਨੇ ਤਾਂ ਮਿੱਟੀ ਤੁਹਾਨੂੰ ਅਸੀਸਾਂ ਦੇਂਦੀ ਏ, ਚਲੋ ਕਿਸੇ ਨੇ ਤਾਂ ਸਾਡੀ ਹੋਂਦ ਦਾ ਮੁੱਲ ਪਾਇਆ!

ਟੈਕਸੀ ਚਲਾਉਂਦਿਆਂ ਬੜੇ ਨਵੇਂ-ਨਵੇਂ ਤਜਰਬੇ ਹੋਏ ਪਰ ਇਕ ਅਜਿਹਾ ਤਜਰਬਾ ਸੀ ਕਿ ਜਿਸ ਨੇ ਕਰਮੇ ਨੂੰ ਕਈ ਦਿਨ ਚੱਕਰਾਂ ਵਿਚ ਪਾਈ ਰੱਖਿਆ। ਕਰਮੇ ਦੀ ਟੈਕਸੀ ਵਿਚ ਦੋ ਸੁਆਰੀਆਂ ਮੇਘ ਫਲਾਵਰ ਹੋਟਲ 'ਚ ਡਲਸ ਏਅਰ ਪੋਰਟ ਲਈ ਬੈਠੀਆਂ। ਏਸੇ ਹੋਟਲ ਸਾਹਮਣੇ ਕਰਮੇ ਦੀ ਅਚਾਨਕ ‘ਦੀ ਗ੍ਰੇਟੈਸਟ ਬਾਕਸਿੰਗ ਚੈਂਪੀਅਨ ਮੁਹੰਮਦ ਅਲੀ ਨਾਲ ਮੁਲਾਕਾਤ ਹੋਈ ਸੀ। ਕਰੀਬ ਇਕ ਘੰਟੇ ਦਾ ਸਫਰ ਸੀ ਤੇ ਫਲਾਈਟ ਚੱਲਣ ਵਿਚ ਵਕਤ ਵੀ ਥੋੜ੍ਹਾ ਸੀ। ਦੋਵੇਂ ਸਵਾਰੀਆਂ ਵੀ ਫ਼ਿਕਰਮੰਦ ਸਨ ਕਿ ਕਿਧਰੇ ਫਲਾਈਟ ਮਿਸ ਹੀ ਨਾ ਹੋ ਜਾਵੇ?

ਕਰਮੇ ਨੇ ਉਨ੍ਹਾਂ ਨੂੰ ਹੌਂਸਲਾ ਦਿੱਤਾ, 'ਫ਼ਿਕਰ ਨਾ ਕਰੋ, ਮੈਂ ਤੁਹਾਨੂੰ ਵਕਤ ਸਿਰ ਪਹੁੰਚਾ ਦਿਆਂਗਾ।' ਕਰਮੇ ਦੀ ਟੈਕਸੀ ਸੜਕ 'ਤੇ ਧੂੜਾਂ ਪਾਉਂਦੀ ਜਾ ਰਹੀ ਸੀ। ਕਰਮੇ ਦੀ ਡਰਾਇਵਿੰਗ ਅਤੇ ਦਲੇਰੀ ਨੇ ਇਨ੍ਹਾਂ ਨੂੰ ਪ੍ਰਭਾਵਿਤ ਕਰ ਦਿੱਤਾ। ਖੁੱਲ੍ਹੀਆਂ ਗੱਲਾਂ ਹੋਣ ਲੱਗੀਆਂ।

ਕਿਹੜੇ ਮੁਲਕ 'ਚ

........................

'ਕਦੋਂ ਤੇ ਏਥੇ ਕਿਉਂ?'

'ਕਿੰਨਾ ਪੜ੍ਹਿਆ ਏਂ?'

'ਤੇਰੀ ਹਫ਼ਤੇ ਦੀ ਕਿੰਨੀ ਕਮਾਈ ਹੁੰਦੀ ਏ?'

'ਅਸੀਂ ਤੈਨੂੰ ਦਸ ਗੁਣਾ ਜ਼ਿਆਦਾ ਦਿਆਂਗੇ।'

'ਤੇ ਕੰਮ ਕੀ?'

'ਉਹ ਤੈਨੂੰ ਬਾਅਦ ਵਿਚ ਦੱਸਾਂਗੇ!'

'ਤੇਰੇ ਰਹਿਣ-ਸਹਿਣ, ਖਾਣ-ਪੀਣ ਦਾ ਸਾਰਾ ਖਰਚਾ ਅਸੀਂ ਕਰਾਂਗੇ।'

ਕਰਮੇ ਹੱਥ ਇਕ ਪਲਾਸਟਿਕ ਦਾ ਕਾਰਡ ਫੜਾਉਂਦਿਆਂ:

'ਸੋਚ ਵਿਚਾਰ ਲੈਣਾ ਤੇ ਸਾਨੂੰ ਐਸ ਕਾਰਡ ਨੰਬਰ 'ਤੇ ਫ਼ੋਨ ਕਰੀਂ।'

ਕਰਮੇ ਨੇ ਵਕਤ ਸਿਰ ਏਅਰਪੋਰਟ ਪਹੁੰਚਾ ਦਿੱਤਾ। ਉਨ੍ਹਾਂ ਦੋ ਸੁਆਰੀਆਂ ਨੇ ਜਿਨ੍ਹਾਂ ਵੱਡੇ-ਵੱਡੇ ਓਵਰਕੋਟ ਅਤੇ ਟੋਪ ਪਾਏ ਸਨ, ਕਿਰਾਏ ਤੋਂ ਇਲਾਵਾ ਇਕ ਸੌ ਡਾਲਰ ਟਿਪ ਕਰਮੇ ਹੱਥ ਫੜਾਈ ਤੇ ਘੁੱਟ ਕੇ ਹੱਥ ਵੀ ਮਿਲਾਏ।

ਕਰਮੇ ਦੀ ਕਿਸਮਤ ਚਾਹੇ ਸ਼ੁਰੂ ਤੋਂ ਹੀ ਸਿੱਧੀ ਨਹੀਂ ਸੀ ਪਰ ਐਨ ਆਖਰੀ ਮੌਕੇ 'ਤੇ ਆ ਕੇ ਧੋਖਾ ਵੀ ਨਹੀਂ ਸੀ ਦਿੰਦੀ। ਇਕ ਮਾਫ਼ੀਆ ਦੇ ਟਰੈਪ ਵਿਚ ਫਸਣ ਤੋਂ ਕਰਮਾ ਬਚ ਗਿਆ ਸੀ।

ਜਦ ਸੋਚ-ਵਿਚਾਰਧਾਰਾ ਪ੍ਰਪੱਕ ਹੋਵੇ ਫਿਰ ਮਰਨ ਤੋਂ ਵੀ ਡਰ-ਖ਼ੌਫ਼ ਨਹੀਂ ਲੱਗਦਾ। ਲਾਲਚ ਬੇਅਸਰ ਹੋ ਜਾਂਦੇ ਨੇ। ਫਿਰ ਆਖ਼ਰੀ ਘੜੀ ਆਉਣ ਤਕ ਵੀ ਕਿਤਾਬ ਹੱਥਾਂ ਵਿਚ ਹੁੰਦੀ ਏ। ਜਦ ਆਵਾਜ਼ ਪੈਂਦੀ ਏ ਬਾਹਰ ਆ ਜਾਵੋ, ਤੁਹਾਡਾ ਸਮਾਂ ਆ ਗਿਆ ਤਾਂ ਪੜ੍ਹੀ ਜਾ ਰਹੀ ਕਿਤਾਬ ਦਾ ਪੰਨਾ ਮਰੋੜ ਦਿੱਤਾ ਜਾਂਦਾ ਏ ਜਿਵੇਂ ਫਿਰ ਏਥੋਂ ਹੀ ਪੜ੍ਹਨੀ ਸ਼ੁਰੂ ਕਰਨੀ ਹੋਵੇ। ਉਂਜ ਕਿਸ ਨੇ ਇਥੋਂ ਦੁਬਾਰਾ ਪੜ੍ਹਨੀ ਏ (?) ਇਹ ਵਕਤ ਹੀ ਦੱਸਦਾ ਏ। ਸੰਸਾਰ ਇੰਝ ਹੀ ਚੱਲਦਾ ਰਿਹਾ, ਚੱਲਦਾ ਰਹੇਗਾ! ਪੰਨੇ ਮੁੜਦੇ ਰਹਿਣਗੇ, ਫਿਰ ਸਿੱਧੇ ਹੁੰਦੇ ਰਹਿਣਗੇ ਫਿਰ ਨਵੇਂ ਪੰਨੇ ਬਣਨਗੇ, ਫਿਰ ਉਹ ਵੀ ਮੁੜਨਗੇ ....।

ਖੇਤ ਮਜ਼ਦੂਰਾਂ (ਫਾਰਮ ਵਰਕਰਜ਼) ਤੌਰ 'ਤੇ ਪੱਕੇ ਹੋਣ ਲਈ ਅਪਲਾਈ

ਕਰ ਚੁੱਕਿਆਂ ਦੋ ਮਹੀਨੇ ਤੋਂ ਜ਼ਿਆਦਾ ਵਕਤ ਹੋ ਚੁੱਕਾ ਸੀ। ਰੋਜ਼ ਡਾਕ ਵਿਚ ਇਮੀਗਰੇਸ਼ਨ ਦੀ ਚਿੱਠੀ ਉਡੀਕਦੇ-ਉਡੀਕਦੇ ਇਕ ਦਿਨ ਉਹ ਚਿੱਠੀ ਵੀ ਆ ਹੀ ਗਈ। ਕਰਮਾ ਚੰਗੀ ਖਬਰ ਦੀ ਆਸ ਨਾਲ ਬੜੇ ਸਹਿਜੇ-ਸਹਿਜੇ ਚਿੱਠੀ ਨੂੰ ਖੋਲ੍ਹਦਾ ਹੈ। ਚਿੱਠੀ ਖੁੱਲ੍ਹਦੀ ਹੈ, ਕਰਮਾ ਜਲਦੀ-ਜਲਦੀ ਪੜ੍ਹਦਾ ਹੈ ਤੇ ਨਾਲ ਹੀ ਅੱਖਾਂ ਬੰਦ ਕਰ ਲੈਂਦਾ ਹੈ।

ਖੁਸ਼ੀ ਵਿਚ ਖੀਵਾ ਹੋਇਆ ਬੰਦਾ ਅੱਖਾਂ ਬੰਦ ਕਰ ਲੈਂਦਾ ਐ। ਪਰ ਗਮੀ ਵਿਚ ਵੀ ਬੰਦਾ ਜਦ ਬੌਂਖ਼ਲਾ ਜਾਂਦਾ ਉਦੋਂ ਵੀ ਕਈ ਵਾਰ ਉਹਦੀਆਂ ਅੱਖਾਂ ਬੰਦ ਹੋ ਜਾਂਦੀਆਂ ਨੇ।

ਕਰਮੇ ਨੇ ਮਿੱਤਰ-ਮੰਡਲੀ ਨਾਲ ਵਾਅਦਾ ਕੀਤਾ ਸੀ ਜਿਸ ਦਿਨ ਰੱਬ ਉਸ ਦਾ ਇਮੀਗਰੇਸ਼ਨ ਕੇਸ ਮਨਜ਼ੂਰ ਕਰਵਾ ਦੇਊ ਉਹ ਸਭਨਾਂ ਨੂੰ ਰੱਜ ਕੇ ਦਾਰੂ ਪਿਆਏਗਾ। ਪਤਾ ਨਹੀਂ ਰੱਬ ਨੂੰ ਵੀ ਸ਼ਾਇਦ ਇਹ ਚੰਗਾ ਨਹੀਂ ਸੀ ਲੱਗਾ।

“Your petition for immigration status is declined based upon the following reasons ..."

ਚਿੱਠੀ ਵਿੱਚ ਕੇਸ ਨਾ-ਮਨਜ਼ੂਰ ਕਰਨ ਦੇ ਕਈ ਹੋਰਨਾਂ ਕਾਰਨਾਂ ਤੋਂ ਇਲਾਵਾ ਸਭ ਤੋਂ ਮੁੱਖ ਕਾਰਨ ਸੀ ਕਿ ਜ਼ਿਮੀਂਦਾਰ ‘ਜੱਟ’ ਦੀ ਕੁੱਲ 3½ ਏਕੜ ਹੀ ਜ਼ਮੀਨ ਸੀ। ਉਸ ਉੱਪਰ ਵੀ ਉਹ ਕਈਆਂ ਸਾਲਾਂ ਤੋਂ ਟੈਕਸ ਨਹੀਂ ਸੀ ਭਰ ਰਿਹਾ।

ਹੋਰ ਕੋਈ ਰਾਹ-ਪੱਲਾ ਨਾ ਹੱਥ ਲੱਗਿਆ ਤਾਂ ‘ਮਰਦੀ ਨੇ ਅੱਕ ਚੱਬਿਆ’ ਦਿਲੋ-ਦਿਮਾਗ਼ ਵਿਚ ਘੁੰਮਣ ਲੱਗਾ।

'ਪੁੱਤਰਾ! ਕਦੇ ਹਾਰ ਨਾ ਮੰਨੀਂ!' ਬਾਪੂ ਸੁਪਨੇ ਵਿਚ ਆਣ ਜਗਾਉਂਦਾ।

'ਓਏ ਪਾੜ੍ਹੂਆ ਕਦੇ ਘਰਦਿਆਂ ਦਾ ਵੀ ਚੇਤਾ ਰੱਖੇਂਗਾ?' ਮਾਮਾ ਆਣ ਹੁੱਝ ਮਾਰਦਾ। ਗਰੀਕ ਰੈਸਟੋਰੈਂਟ ’ਤੇ ਕੰਮ ਕਰਦਿਆਂ ਤੋਂ ਇਕ ਟੂਰਿਸਟ ਗੋਰੀ ਬੈਠ ਕੇ ਕੁਝ ਖਾ ਰਹੀ ਸੀ। ਗਰੀਕ ਮਾਲਕ ਨੇ ਗੱਲਾਂ-ਗੱਲਾਂ ਵਿਚ ਉਸ ਨੂੰ ਪੈਸੇ ਲੈ ਕੇ ਵਿਆਹ ਲਈ ਰਜ਼ਾਮੰਦ ਕਰ ਲਿਆ। ਕਰਮੇ ਵੱਲੋਂ ਮਾਲਕ ਨੇ ਅੱਧੀ ਰਕਮ ਦੀਆਂ ਕਿਸ਼ਤਾਂ ਨਾਲ ਲਿਖਤ-ਪੜਤ ਕਰ ਲਈ। ਵਿਆਹ ਦੇ ਆਧਾਰ ’ਤੇ ਕਰਮੇ ਨੂੰ ਡੇਢ ਸਾਲ ਵਿਚ ਯੂ.ਐੱਸ. ਇਮੀਗਰੇਸ਼ਨ ਮਿਲ ਗਈ। ਬਾਕੀ ਅੱਧੀ ਰਕਮ ਤਾਰ ਦਿੱਤੀ।

ਜੇਕਰ ਸਭ ਕੁਝ ਬੰਦੇ ਦੀ ਮਰਜ਼ੀ ਮੁਤਾਬਕ ਹੁੰਦਾ ਰਵ੍ਹੇ ਫਿਰ ਕਾਦਰ ਦੀ ਕੁਦਰਤ ਦੇ ਗੁੱਝੇ ਭੇਦਾਂ ਨੂੰ ਖੋਲ੍ਹਣ ਲਈ ਵਿਗਿਆਨ ਦੀ ਸ਼ਾਇਦ ਹੀ ਲੋੜ ਹੁੰਦੀ? ਦੁਨੀਆਂ ਦੀ ਬੁੱਕਲ ਵਿਚ ਬਹੁਤ ਕੁਝ ਲੁਕਿਆ ਪਿਆ ਹੈ, ਮਨੁੱਖ ਬਸ ਉਸ ਨੂੰ ਲੱਭਦਾ-ਲੱਭਦਾ ਖ਼ੁਦ ਹੀ ਗਵਾਚ ਜਾਂਦਾ ਹੈ।

ਬਿਨਾਂ ਮੁਸੀਬਤਾਂ ਦੇ ਜ਼ਿੰਦਗੀ ਬੇਅਰਥ ਹੈ। ਮੁਸੀਬਤਾਂ ਹੀ ਨਵੀਆਂ ਪਰਤਾਂ ਦਾ ਖੁਲਾਸਾ ਕਰਦੀਆਂ ਨੇ।

ਕਰਮੇ ਕੋਲ ਗਰੀਨ ਕਾਰਡ ਆ ਚੁੱਕਾ ਸੀ। ਉਹ ਛੇ ਸਾਲ ਬਾਅਦ ਆਪਣੇ ਮੁਲਕ ਆਇਆ। ਆਪਣੇ ਘਰਦਿਆਂ ਦੀ ਖਿੱਚ, ਪਿੰਡ ਦੀ ਮਿੱਟੀ ਦਾ ਮੋਹ। ਆਪਣੇ ਹੀ ਛੋਟੇ ਭਰਾਵਾਂ ਨੂੰ ਪਹਿਚਾਨਣ ਲਈ ਅਜੀਬੋ-ਗਰੀਬ ਹਾਲਤ ਹੋ ਗਈ। ਦੋ ਮਹੀਨੇ ਬਾਅਦ ਵਾਪਿਸ ਅਮਰੀਕਾ ਆਇਆ। ਪੋਸਟ ਆਫਿਸ ਵੱਲੋਂ ਡਿਊਟੀ ’ਤੇ ਹਾਜ਼ਰ ਹੋਣ ਦੀ ਆਈ ਚਿੱਠੀ ਪੁਰਾਣੀ ਹੋ ਚੁੱਕੀ ਸੀ। ਹਾਜ਼ਰ ਹੋਣ ਦੀ ਤਰੀਕ ਲੰਘ ਚੁੱਕੀ ਸੀ। ਪੋਸਟਲ ਸਰਵਿਸ ਨਾਲ ਗੱਲ ਕੀਤੀ। ਉਨ੍ਹਾਂ ਕਿਹਾ, ‘ਹੁਣ ਉਡੀਕ ਕਰੋ।’ ਪਰ ਦੋ ਮਹੀਨੇ ਬਾਅਦ ਤਰੀਕ ਆ ਗਈ। ਹਾਜ਼ਰ ਹੋਣ ਲਈ ਲੰਬਾ-ਚੌੜਾ ਢੰਗ-ਤਰੀਕਾ ਸੀ। ਜਿਵੇਂ ਕਿ ਵਧੀਆ ਡਰਾਇਵਿੰਗ ਰੀਕਾਰਡ, ਇਨਟੈਲੀਜੈਂਸ ਲਈ ਫਿੰਗਰ ਪਰਿੰਟਸ, ਮੈਡੀਕਲ ਕਲੀਅਰੈਂਸ ਆਦਿ। ਖ਼ੈਰ ਸਭ ਠੀਕ ਹੋ ਚੁੱਕਾ ਸੀ। ਹੁਣ ਮਸਲਾ ਸੀ, ਕਿਸ ਸਟੇਸ਼ਨ ’ਤੇ ਤਾਇਨਾਤੀ ਹੁੰਦੀ ਹੈ ? ਤੁਸੀਂ ਨਾ ਹੀ ਕਿਸੇ ਨੂੰ ਸਿਫਾਰਸ਼ ਕਰ ਸਕਦੇ ਸੀ ਕਿ ਮੇਰੀ ਫਲਾਣੇ ਥਾਂ ਨਿਯੁਕਤੀ ਕਰ ਦੇਵੋ। ਪਰ ਕਰਮਾ ਕਦੋਂ ਟਲਦਾ ਸੀ ? ਉਸ ਨੇ ਨਿਯੁਕਤੀ ਆਫ਼ੀਸਰ ਨੂੰ ਅਜਿਹਾ ਤੀਰ ਮਾਰਿਆ ਕਿ ਕਰਮੇ ਦੀ ਨਿਯੁਕਤੀ ਉਸ ਦੀ ਮਰਜ਼ੀ ਵਾਲੇ ਬਿਲਕੁਲ ਘਰ ਲਾਗੇ ਦੇ ਪੋਸਟ ਆਫਿਸ ਵਿਚ ਹੋ ਗਈ।

ਯੂ.ਐੱਸ. ਪੋਸਟਲ ਸਰਵਿਸ ਦਾ ਇਮਤਿਹਾਨ ਪਾਸ ਕਰਨ ਉਪਰੰਤ ਆਪਣੀ ਮਨ-ਪਸੰਦ ਦਾ ਸਟੇਸ਼ਨ ਵੀ ਮਿਲ ਚੁੱਕਾ ਸੀ। ਪਹਿਲੇ ਤਿੰਨ ਮਹੀਨੇ ਦੀ ਟ੍ਰੇਨਿੰਗ ਅਤੇ ਉਸ ਦੌਰਾਨ ਤਿੰਨ ਅੱਡੋ-ਅੱਡ ਕਿਸਮ ਦੀ ਈਵੈਲਊਏਸ਼ਨ। ਤਿੰਨਾਂ ਵਿੱਚੋਂ ਸਹੀ-ਸਲਾਮਤ ਪਾਸ ਹੋਣ ਮਗਰੋਂ ਹੀ ਨੌਕਰੀ ਰੈਗੂਲਰ ਹੁੰਦੀ ਸੀ। ਰਾਤ ਦੇ ਬਾਰਾਂ ਵਜੇ ਕੰਮ ’ਤੇ ਜਾਣਾ ਅਤੇ ਸਵੇਰੇ ਸਾਢੇ ਅੱਠ ਵਜੇ ਘਰ ਵਾਪਸੀ। ਟ੍ਰੇਨਿੰਗ ਦੌਰਾਨ ਹਰ ਵਕਤ ਸੁਪਰਵਾਈਜ਼ਰ ਦੀ ਨਜ਼ਰ ਹੇਠ। ਉਸ ਦਾ ਬਾਰ-ਬਾਰ ਟੋਕਣਾ, ਹਦਾਇਤਾਂ ਦੇਣਾ, ਕਦੇ-ਕਦੇ ਉਸ ਦਾ ਗੁੱਸਾ। ਕਰਮੇ ਨੇ ਅੱਗੋਂ ਹੱਸ ਕੇ ਵਿਖਾ ਦੇਣਾ। ਮੇਲ ਦੀ ਕੇਸਿੰਗ ਕਰਨੀ, ਛੋਟੇ-ਵੱਡੇ ਪਾਰਸਲ ਰੂਟ-ਵਾਈਜ਼ ਸੈੱਟ ਕਰਨੇ। ਅਕਾਊਂਟੇਬਲ ਦਸਤਾਵੇਜ਼ਾਂ ਨੂੰ ਸਹੀ ਤਰੀਕੇ ਅਤੇ ਸਮੇਂ ਸਿਰ ਅਗਲੇ ਦੇ ਘਰ ਪਹੁੰਚਦੇ ਕਰਨਾ। ਕਿਧਰੇ ਇੱਕ ਵੀ ਚਿੱਠੀ-ਪੱਤਰ ਗੁੰਮ ਨਾ ਹੋਵੇ, ਇਸ ਦਾ ਬਹੁਤ ਹੀ ਜ਼ਿਆਦਾ ਖ਼ਿਆਲ ਰੱਖਣਾ।

ਇਨ੍ਹਾਂ 90 ਦਿਨਾਂ ਦੇ ਪ੍ਰੋਬੇਸ਼ਨਰੀ ਪੀਰੀਅਡ ਦੌਰਾਨ ਕਰਮੇ ਦੀ ਸੁਪਰਵਾਈਜ਼ਰਾਂ ਅਤੇ ਮੈਨੇਜਰ ਨਾਲ ਕਈ ਵਾਰ ‘ਤੂੰ-ਤੂੰ, ਮੈਂ-ਮੈਂ’ ਹੋਈ। ਪੋਸਟਲ ਜੀਪ ਦੇ ਦਰਵਾਜ਼ੇ ਖੁੱਲ੍ਹੇ ਰੱਖਣੇ। ਪਾਰਕ ਕਰਨ ਸਮੇਂ ਦਰਵਾਜ਼ੇ ਲਾਕ ਨਾ ਕਰਨੇ। ਜੀਪਾਂ ਬਹੁਤ ਪੁਰਾਣੀਆਂ ਸਨ। ਲਾਕ ਕਰ ਲਉ ਤਾਂ ਵੀ ਜ਼ੋਰ ਨਾਲ ਦਰਵਾਜ਼ੇ ਖੁੱਲ੍ਹ ਜਾਂਦੇ ਸਨ।

ਬਿਨਾਂ ਸੀਟ ਬੈਲਟ ਦੇ ਗੱਡੀ ਚਲਾਉਣੀ। ਠੀਕ 89 ਦਿਨਾਂ ਬਾਅਦ ਕਰਮਾ ਸਰਕਾਰੀ ਮੁਲਾਜ਼ਮ ਬਣ ਚੁੱਕਾ ਸੀ ਭਾਵ ਪੱਕਾ ਹੋ ਗਿਆ ਸੀ।

ਸ਼ੁਰੂ ਵਿਚ ਮੇਲ ਡਲਿਵਰੀ ਕਰਨ ’ਤੇ ਥੋੜ੍ਹੀ ਮੁਸ਼ਕਲ ਆਈ ਕਿਉਂਕਿ ਗੱਡੀਆਂ ਦਾ ਸਟੇਅਰਿੰਗ ਸੱਜੇ ਪਾਸੇ ਪਰ ਭਾਰਤ ਵਿਚ ਟਰੈਫਿਕ ਖੱਬੇ ਪਾਸੇ ਹੁੰਦੀ ਸੀ। ਵਕਤ ਨਾਲ ਸਭ ਸਿੱਖਿਆ ਜਾਂਦਾ ਹੈ। ਸਟਰੀਟ ਤੇ ਮੇਲ ਬਾਕਸ, ਇੱਕੋ ਥਾਂ ਇਕੱਠੇ ਕਲੱਸਟਰ ਬਾਕਸ ਜਾਂ ਪੈਦਲ ਹਰ ਘਰ ਦੇ ਦਰਵਾਜ਼ੇ ਨਾਲ ਲੱਗੇ ਬਾਕਸ ਜਿਨ੍ਹਾਂ ਵਿਚ ਚਿੱਠੀਆਂ-ਪੱਤਰ ਅਤੇ ਬਾਕਸ ਡਲਿਵਰ ਕੀਤੇ ਜਾਂਦੇ ਸਨ। ਸਰਦੀਆਂ ਦੇ ਬਰਫ਼ਾਨੀ ਮੌਸਮ ਵਿਚ 2-2, 3-3 ਫੁੱਟ ਬਰਫ਼ ਵਿਚ ਚੱਲ ਕੇ ਆਪਣੀ ਅਸਾਈਨਮੈਂਟ ਪੂਰੀ ਕਰਨੀ। ਕਦੇ-ਕਦੇ ਰੋਜ਼ਾਨਾ ਮੋਢੇ ਉੱਪਰ ਭਾਰੀ ਬੈਗ ਨਾਲ 4-5 ਮੀਲ ਦਾ ਪੈਂਡਾ ਆਮ ਹੀ ਬਣ ਜਾਂਦਾ ਸੀ।

ਕਰੀਬ 5 ਸਾਲਾਂ ਬਾਅਦ ਕਰਮੇ ਨੂੰ ਆਪਣਾ ਪੱਕਾ ਰੂਟ ਮਿਲ ਗਿਆ ਸੀ ਵਰਨਾ ਹਰੇਕ ਦਿਨ ਵੱਖ-ਵੱਖ ਰੂਟਾਂ ’ਤੇ ਕੇਸਿੰਗ ਅਤੇ ਡਲਿਵਰੀ ਜੋ ਸੌਖਾ ਕੰਮ ਕਤਈ ਨਹੀਂ ਸੀ ਹੁੰਦਾ।

ਸਮੇਂ ਦੇ ਬੀਤਣ ਨਾਲ ਬੜਾ ਕੁਝ ਨਵਾਂ ਸਿੱਖ ਲਿਆ ਜਾਂਦਾ। ਪੁਰਾਣੀਆਂ ਚਲੀਆਂ ਆਉਂਦੀਆਂ ਰਵਾਇਤਾਂ ਨੂੰ ਤੋੜਨਾ ਤੇ ਫਿਰ ਲਾਗੂ ਕਰਾਉਣਾ ਜਿਵੇਂ ਪੋਸਟ-ਆਫਿਸ ਵਿਚ ਚਲਿਆ ਆਉਂਦਾ ਸੀ। ਮੈਨੇਜਮੈਂਟ ਦਾ ਕਹਿਣਾ ਕਿ ਤੁਹਾਡੀ ਜਾਬ ਪਹਿਲਾਂ ਤੇ ਫੈਮਿਲੀ ਬਾਅਦ ਵਿੱਚ। ਇਸ ਬੇਹੂਦਾ ਚਲੀ ਆ ਰਹੀ ਧਾਰਨਾ ਤੋਂ ਸਾਰੇ ਮੁਲਾਜ਼ਮ ਬੜੇ ਦੁਖੀ ਸਨ।

ਜੇਕਰ ਬਿਮਾਰ ਹੋਣ ’ਤੇ ਸਿਕ ਕਾਲ ਚੱਲ ਰਿਹਾ ਹੈ ਤਾਂ ਡਾਕਟਰ ਤੋਂ ਸਲਿੱਪ ਲੈਣੀ ਜ਼ਰੂਰੀ। ਚਾਹੇ ਇਕ ਦਿਨ ਹੀ ਹੋਵੇ। ਅਗਰ ਤੁਹਾਡਾ ਨਾਮ ਓਵਰ-ਟਾਈਮ ਲਿਸਟ ਉੱਪਰ ਨਹੀਂ ਤਾਂ ਤੁਹਾਡੇ ਤੋਂ ਫਿਰ ਵੀ ਅੱਠ ਘੰਟਿਆਂ ਤੋਂ ਜ਼ਿਆਦਾ ਕੰਮ ਕਿਉਂ?

ਤਕਰੀਬਨ ਸੱਠ ਤੋਂ ਜ਼ਿਆਦਾ ਮੁਲਾਜ਼ਮ ਅਤੇ ਉਨ੍ਹਾਂ ਦੇ ਹੱਕਾਂ ਪ੍ਰਤੀ ਲਗਾਤਾਰ ਲੜਨਾ ਜਿਵੇਂ ਕਰਮੇ ਨੂੰ ਵਿਰਸੇ ਵਿਚ ਗੁੜ੍ਹਤੀ ਮਿਲੀ ਸੀ। ਬਿਉਰੋਕਰੇਸੀ ਦੀਆਂ ਨਜ਼ਰਾਂ ਵਿਚ ਹਮੇਸ਼ਾਂ ਹੀ ਰੜਕਦਾ ਰਿਹਾ ਪਰ ਉਹਨੇ ਕਦੇ ਵੀ ਉਨ੍ਹਾਂ ਨਾਲ ਸਮਝੌਤਾ ਨਾ ਕੀਤਾ।

ਬਿਨਾਂ ਸ਼ੱਕ ਫੈਡਰਲ ਮੁਲਾਜ਼ਮਤ ਕਰਨ ਦੇ ਚੰਗੇ ਫ਼ਾਇਦੇ ਵੀ ਹੋਏ ਜਿਵੇਂ ਕਿ ਪੇਡ ਹੋਲੀਡੇਜ਼, ਵਧੀਆ ਹੈਲਥ ਇਨਸ਼ੋਰੈਂਸ, ਸਿਕ ਲੀਵਜ਼, ਸਾਲਾਨਾ ਲੀਵਜ਼ ਆਦਿ। ਉਦੋਂ ਹੋਰ ਹੀ ਟੌਹਰ ਬਣ ਜਾਂਦੀ ਜਦ ਸਿਰ ’ਤੇ ਪਗੜੀ ਜਾਂ ਪਟਕਾ ਹੁੰਦਾ। ਲੋਕ ਤੁਹਾਡੀ ਬਾਕਾਇਦਾ ਯੂਨੀਫਾਰਮ ਵੇਖ ਕੇ ਤੁਹਾਡੇ ’ਤੇ ਵਿਸ਼ਵਾਸ ਕਰਦੇ।

(9)

**ਰੰਗ-ਬਿਰੰਗੀਆਂ ਫੁੱਲ ਤੇ ਪੱਤੀਆਂ, ਜੀਵਨ ਲਈ ਧਰਵਾਸ।**
**ਪੱਤਝੜ ਆਉਂਦੇ ਚੁੱਪ-ਚੁਪੀਤੇ, ਕਰ ਜਾਂਦੇ ਪਰਵਾਸ।**

ਜ਼ਿੰਦਗੀ ਦੀ ਭੱਜ-ਦੌੜ ਨੇ ਕਰਮੇ ਨੂੰ ਨਾ ਪੰਜਾਬ ਦੀ ਧਰਤੀ 'ਤੇ ਰਹਿਣ ਦਿੱਤਾ, ਨਾ ਯੂਗੋਸਲਾਵੀਆ, ਨਾ ਪੋਲੈਂਡ, ਨਾ ਜਰਮਨੀ ਤੇ ਨਾ ਹੀ ਕੈਨੇਡਾ, ਵਿਚ। ਮੱਕੇ ਤੋਂ ਪਰ੍ਹੇ ਉਜਾੜ ਵਾਲੀ ਗੱਲ ਸੀ। ਵਿਆਹ ਲਈ ਸਮੇਂ ਨੇ ਸਮਾਂ ਬੰਨ੍ਹ ਹੀ ਦਿੱਤਾ ਅਤੇ ਅਖੀਰ ਪੰਜਾਬ ਜਾ ਕੇ ਵਿਆਹ ਕਰਵਾ ਲਿਆ। ਸ਼ੁਕਰ ਉਸ ਪਰਵਰਦਗਾਰ ਦਾ ਜਿਸ ਨੇ ਕਰਮੇ ਨੂੰ ਕਰਮੇ ਤੋਂ ਕਿਤੇ ਵੱਧ ਖ਼ੂਬਸੂਰਤ ਸਲੀਕੇ ਵਾਲੀ ਅਤੀ ਸਿਆਣੀ ਜੀਵਨ-ਸਾਥਣ ਬਖਸ਼ੀ। ਸ਼ਾਇਦ ਕਰਮਾ ਇਸ ਦੇ ਲਾਇਕ ਵੀ ਨਹੀਂ ਸੀ। ਪਰ ਕਹਿੰਦੇ ਨੇ ਨਾ 'ਜੋੜੀਆਂ ਜੱਗ ਥੋੜ੍ਹੀਆਂ, ਪਰ ਨਰੜ ਬਥੇਰੇ!'

ਕਈ ਵੇਰ ਬੇਹੱਦ ਖ਼ੂਬਸੂਰਤ ਜੀਵਨ-ਸਾਥੀ ਤੋਂ ਵੀ ਬੰਦਾ ਡਰਨ ਲੱਗ ਜਾਂਦਾ ਪਰ ਉਦੋਂ ਤਾਂ ਹੋਰ ਵੀ ਹੱਦ ਹੋ ਜਾਂਦੀ ਏ ਜਦੋਂ ਉਹ ਬੇਹੱਦ ਅਕਲਮੰਦ ਵੀ ਹੋਵੇ। ਦੁਨੀਆਂ ਵਿਚ ਬਹੁ-ਗਿਣਤੀ ਅਜੋੜ ਜੋੜਿਆਂ ਦੀ ਵੇਖੀ ਜਾ ਸਕਦੀ ਏ। ਕਈ ਸ਼ਕਲ-ਸੂਰਤ ਕਰਕੇ ਤੇ ਕਈ ਅਕਲੋਂ ਖ਼ਾਲੀ ਹੋਣ ਕਰਕੇ ਘੁੰਮਣ-ਘੇਰੀਆਂ ਵਿਚ ਫਸ ਜਾਂਦੇ ਨੇ। ਵਿਆਹੁਤਾ ਜੀਵਨ ਵਿਚ ਪਤੀ-ਪਤਨੀ ਜੇਕਰ ਥੋੜ੍ਹਾ-ਥੋੜ੍ਹਾ ਇਕ-ਦੂਜੇ ਪ੍ਰਤੀ ਵਿਹਾਰਕ ਬਦਲਾਅ ਕਰ ਲੈਣ ਤਾਂ ਜ਼ਿੰਦਗੀ ਸੁਖਾਲੀ ਹੋ ਸਕਦੀ ਹੈ।

ਕਰਮੇ ਨੇ ਵਿਆਹ ਤੋਂ ਮਗਰੋਂ ਆਪਣੀ ਪਤਨੀ ਅਤੇ ਛੋਟੇ ਭਰਾ ਪਰਵਿੰਦਰ ਨੂੰ ਛੇ ਮਹੀਨੇ ਬਾਅਦ ਆਪਣੇ ਕੋਲ ਬੁਲਾ ਲਿਆ। ਛੋਟਾ ਭਰਾ ਬੁਖ਼ਾਰਾਂ ਦਾ ਝੰਬਿਆ ਬਹੁਤ ਕਮਜ਼ੋਰ ਹੋਇਆ ਪਿਆ ਸੀ। ਕਰੀਬ ਛੇ-ਸੱਤ ਮਹੀਨੇ ਬਾਅਦ ਕਰਮੀ ਨੇ ਬੋਰਡ ਆਫ ਨਰਸਿੰਗ ਦਾ ਟੈਸਟ ਪਹਿਲੀ ਵਾਰ ਹੀ ਪਾਸ ਕਰ ਲਿਆ। ਉਸ ਨੇ ਸਭਨਾਂ ਨੂੰ ਹੈਰਾਨ ਕਰ ਦਿੱਤਾ। ਕਿਧਰੇ ਕੁੜੀਆਂ ਨੂੰ ਏਸ ਟੈਸਟ ਲਈ 3-4 ਵਾਰੀਆਂ ਆਮ ਹੀ ਲੱਗ ਜਾਂਦੀਆਂ ਕਿਉਂਕਿ ਇਸ ਨੂੰ ਪਾਸ ਕਰਨਾ ਕੋਈ ਸੌਖਾ ਨਹੀਂ ਸੀ ਹੁੰਦਾ। ਕਰਮਾ ਹਮੇਸ਼ਾ ਪੜ੍ਹਾਈ ਵਿਚ ਵਿਚਲਾ ਮੇਲ ਹੀ ਸੀ ਸਿਵਾਏ ਐੱਮ.ਏ. ਇਕਨਾਮਿਕਸ ਦੀ ਪੜ੍ਹਾਈ ਦੌਰਾਨ ਜਿਹੜੀ ਉਸ ਨੇ ਚੰਗੇ ਨੰਬਰਾਂ ਨਾਲ

ਪਾਸ ਕੀਤੀ ਸੀ। ਕਰਮੇ ਤੋਂ ਛੋਟੇ ਭਾਈ ਪਰਵਿੰਦਰ ਦੀ ਸੁਰ ਵਿੱਚ ਸ਼ੁਰੂ ਤੋਂ ਹੀ ਜਾਦੂ ਸੀ। ਪਿੰਡ ਅਤੇ ਲਾਗੇ-ਬੰਨੇ ਮੇਲਿਆਂ ਵਿਚ ਜਦ ਉਸ ਨੇ ਪਿੰਡ ਦੇ ਹੀ ਆਪਣੇ ਹਰੀਜਨ ਮਿੱਤਰ ਫੀਰੇ ਨਾਲ, ਜੋ ਜਮਾਂਦਰੂ ਥੱਥਾ ਸੀ, ਸਟੇਜ 'ਤੇ ਮਾਣਕ ਜਾਂ ਯਮਲੇ ਦੀਆਂ ਤਰਜ਼ਾਂ 'ਤੇ ਗਾਉਣਾ ਤਾਂ ਲੋਕਾਂ ਵੇਖਦੇ ਹੀ ਰਹਿ ਜਾਣਾ।

ਕਰਮੇ ਦੀ ਮਿੱਤਰ-ਮੰਡਲੀ ਨੇ ਪਹਿਲਾਂ ਹੀ ਇਕ ਮਿਊਜ਼ਿਕ ਗਰੁੱਪ ਬਣਾਇਆ ਹੋਇਆ ਸੀ। ਜਦ ਪਹਿਲੀ ਵਾਰ ਕਰਮੇ ਨੇ ਆਪਣੇ ਛੋਟੇ ਭਰਾ ਅਤੇ ਜੀਜਾ ਜੀ ਹੁੰਦਲ ਸਾਹਿਬ ਜੋ ਖ਼ੁਦ ਵੀ ਵਧੀਆ ਗਾਉਂਦੇ ਅਤੇ ਹਾਰਮੋਨੀਅਮ ਦੇ ਮਾਹਰ ਸਾਜਿੰਦੇ ਸਨ, ਨਾਲ ਆਪਣੀਆਂ-ਆਪਣੀਆਂ ਵੰਨਗੀਆਂ ਦੀ ਪੇਸ਼ਕਾਰੀ ਕੀਤੀ ਤਾਂ ਇਕ ਲੰਬੇ ਵਾਲ ਵਧਾ ਕੇ ਬਣੇ ਸੂਫ਼ੀ ਨਕਲੀਏ ਕੋਲੋਂ ਬਰਦਾਸ਼ਤ ਨਾ ਹੋ ਸਕਿਆ। ਅੱਜ ਉਹ ਵਿਚਾਰਾ ਜਿਹਾ ਹੋ ਕੇ ਰਹਿ ਗਿਆ। ਬਾਕੀ ਅਜੇ ਵੀ ਕਾਇਮ ਹਨ।

ਬੋਰਡ ਆਫ਼ ਨਰਸਿੰਗ ਦਾ ਇਮਤਿਹਾਨ ਪਾਸ ਕਰਨ ਉਪਰੰਤ ਇਮੀਗਰੇਸ਼ਨ ਸਟੇਟਸ ਵਿਚ ਬਦਲਾਅ ਕਰਨ ਲਈ ਇਕ ਵੇਰ ਮੁਲਖ ਛੱਡਣਾ ਪੈਣਾ ਸੀ। ਸੁਆਲ ਸੀ, ਕਿਥੇ ਜਾਇਆ ਜਾਵੇ? ਸੋਚ-ਵਿਚਾਰ ਕੇ ਬਹਾਮਾਸ ਟਾਪੂ ਦੀ ਚੋਣ ਕੀਤੀ ਗਈ। ਇਕ ਪਾਸੇ ਇਮੀਗਰੇਸ਼ਨ ਸਟੇਟਸ ਦੀ ਬਹਾਲੀ ਅਤੇ ਦੂਸਰੇ ਪਾਸੇ ਖ਼ੂਬਸੂਰਤ ਟਾਪੂ ਅੰਦਰ ਇਕ ਹਫ਼ਤੇ ਦੀ ਸੈਰ। ਕਮਾਲ ਦਾ ਚਮਤਕਾਰ ਉਦੋਂ ਹੋਇਆ ਜਦੋਂ ਚੌਥੀ ਮੰਜ਼ਲ 'ਤੇ ਕਰਮੇ ਦੀ ਬਾਂਹ ਵਿਚ ਪਏ ਕੜੇ ਨੇ ਤਿੱਖੀ ਧੁੱਪ ਵਿਚ ਅਜਿਹਾ ਲਿਸ਼ਕਾਰਾ ਮਾਰਿਆ ਕਿ ਕਰੀਬ ਦਸਾਂ ਕਿੱਲਿਆਂ ਦੀ ਦੂਰੀ ਤੇ ਇਕ ਬਹੁਮੰਜ਼ਲੀ ਇਮਾਰਤ ਬਣਾ ਰਹੇ ਪੰਜਾਬੀਆਂ ਨੂੰ ਆਣ ਮਿਲਾਇਆ। ਇਹ ਪੰਜਾਬ ਤੋਂ ਆਏ ਨੌਜਵਾਨ ਕਰੀਬ 15 ਕੁ ਜਣੇ ਇਕੱਠੇ ਰਹਿੰਦੇ ਸਨ। ਘਰ ਵਿਚ ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ। ਉਥੇ ਜਾ ਕੇ ਇਲਾਹੀ ਤਰ੍ਹਾਂ ਦਾ ਆਨੰਦ ਕਰਮੇ ਹੁਰਾਂ ਮਹਿਸੂਸ ਕੀਤਾ ਸੀ।

ਪਤਨੀ ਨੂੰ ਪਹਿਲੀ ਨੌਕਰੀ ਗਰੇਟਰ ਸਾਊਥ-ਈਸਟ ਵਾਸ਼ਿੰਗਟਨ (ਡੀ.ਸੀ.) ਵਿਚ ਮਿਲੀ। ਬਹੁਤੀ ਵੇਰ ਰਾਤ ਦੀ ਡਿਊਟੀ। ਦਿਨੇ ਸੌਣਾ ਵੀ ਚੰਗਾ ਨਸੀਬ ਨਹੀਂ ਸੀ ਹੁੰਦਾ ਕਿਉਂਕਿ ਕਰਮਾ ਘਰ ਦੇ ਜਿਸ ਹਿੱਸੇ ਵਿਚ ਕਿਰਾਏ 'ਤੇ ਰਹਿੰਦਾ ਸੀ ਉਸ ਦੇ ਹੇਠਾਂ ਸਾਰਾ ਦਿਨ ਗੱਡੀਆਂ-ਕਾਰਾਂ ਦੀ ਮੁਰੰਮਤ ਕਰਦਿਆਂ ਠੱਕ-ਠੱਕ ਹੁੰਦੀ ਰਹਿੰਦੀ ਸੀ। ਏਸ ਵਜ੍ਹਾ ਕਰਕੇ ਘਰ ਜਲਦੀ ਖ਼ਰੀਦਣਾ ਪਿਆ ਜੋ ਅੱਜ ਵੀ ਕੋਲ ਹੈ ਅਤੇ ਕਰਮੇ ਤੋਂ ਛੋਟਾ ਹਰਬੀਰ ਪਰਵਾਰ ਸਮੇਤ ਉਥੇ ਰਹਿ ਰਿਹਾ ਹੈ। ਕੁਝ ਸਾਲਾਂ ਬਾਅਦ ਪਤਨੀ ਨੂੰ ਘਰ ਦੇ ਲਾਗੇ ਨੌਕਰੀ ਮਿਲ ਗਈ।

ਨਰਸਿੰਗ ਖੇਤਰ ਵਿਚ ਕੰਮ ਕਰਨਾ ਵੀ ਕੋਈ ਸੌਖਾ ਨਹੀਂ ਹੁੰਦਾ। ਆਪਣੇ ਕੰਮ ਅਤੇ ਡਿਊਟੀ 'ਤੇ ਹੱਦੋਂ ਵੱਧ ਹੋਸ਼ਿਆਰ ਹੋਣ ਕਰਕੇ ਅਤੇ ਸਲੀਕੇ ਨਾਲ ਕੰਮ ਕਰਨ ਦੀ ਵਜ੍ਹਾ ਨਾਲ ਕਈ ਇਨਾਮ ਵੀ ਮਿਲਦੇ ਰਹੇ। ਹਸਪਤਾਲ ਵਿਚ ਲੋੜ ਤੋਂ ਵੱਧ ਮਰੀਜ਼ਾਂ ਦੀ ਦੇਖ-ਭਾਲ ਅਤੇ ਡਾਕਟਰਾਂ-ਨਰਸਾਂ ਵਿਚ ਆਪਣੀ ਸਖ਼ਤ ਮਿਹਨਤ ਨਾਲ ਕਮਾਇਆ ਬਹੁਤ ਸਾਰਾ ਇੱਜ਼ਤ-ਮਾਣ ਉਸ ਦੇ ਬਹੁਤ ਹਿੱਸੇ ਆਇਆ।

ਕਰਮੇ ਦੀ ਕਰਮੀ ਨੇ ਇਮੀਗਰੇਸ਼ਨ ਕਾਇਦੇ-ਕਾਨੂੰਨ ਇੰਜ ਜਾਣ ਲਏ ਸਨ ਜਿਵੇਂ ਉਸ ਨੇ ਅਮਰੀਕਾ ਆ ਕੇ ਲਾਅ ਦੀ ਡਿਗਰੀ ਹਾਸਲ ਕਰ ਲਈ ਹੋਵੇ। ਦਿੱਲੀ ਤੋਂ ਬਹੁਤ ਹੀ ਸਤਿਕਾਰਯੋਗ ਸ. ਭੁਪਿੰਦਰ ਪਾਲ ਸਿੰਘ ਛਾਬੜਾ (ਆਈ. ਐੱਫ.ਐੱਸ.) ਜੋ ਕਰੀਬ 25 ਮੁਲਕਾਂ ਵਿਚ ਇੰਡੀਅਨ ਕਾਨਸਲੇਟ ਰਹਿ ਚੁੱਕੇ ਸਨ, ਬਹੁਤ ਵਧੀਆ ਹਾਕੀ ਦੇ ਖਿਡਾਰੀ, ਜਿਨ੍ਹਾਂ ਨੇ ਲਾਅ ਦੀ ਡਿਗਰੀ ਵੀ ਕੀਤੀ ਹੋਈ ਸੀ, ਬਾਅਦ ਵਿੱਚ ਵਾਸ਼ਿੰਗਟਨ (ਡੀ.ਸੀ.) ਆ ਕੇ ਇਕ ਬਹੁਤ ਮਸ਼ਹੂਰ ਇਮੀਗਰੇਸ਼ਨ ਫਰਮ ਵਿਚ ਪ੍ਰੈਕਟਸ ਸ਼ੁਰੂ ਕੀਤੀ, ਕਰਮੇ ਅਤੇ ਕਰਮੀ ਦੇ ਬਹੁਤ ਚੰਗੇ ਦੋਸਤ ਬਣ ਗਏ ਸਨ। ਕਰਮੀ ਨੇ ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ ਸੀ। ਬੇਗਿਣਤ ਲੋਕਾਂ ਨੇ ਉਸ ਦੀ ਲਿਆਕਤ ਦਾ ਫਾਇਦਾ ਲਿਆ ਅਤੇ ਵਕੀਲਾਂ ਦੀਆਂ ਲੱਖਾਂ ਡਾਲਰਾਂ ਦੀ ਫੀਸ ਨੂੰ ਬਚਾਇਆ।

ਬਿਨਾਂ ਸ਼ੱਕ ਵਿਆਹ ਚਾਹੇ ਮੁੰਡੇ ਜਾਂ ਕੁੜੀ ਦਾ ਹੋਵੇ ਇਹ ਉਨ੍ਹਾਂ ਦੇ ਜੀਵਨ ਦਾ ਸਭ ਤੋਂ ਵੱਡੀ ਖੁਸ਼ੀ ਵਾਲਾ ਸਮਾਂ ਹੁੰਦਾ ਹੈ। ਉਦੋਂ ਤਾਂ ਚਾਰ ਚੰਨ ਹੀ ਲੱਗ ਜਾਂਦੇ ਨੇ ਜਦ ਦੋਹਾਂ ਰੂਹਾਂ ਦੀ ਆਪਸੀ ਕਮਿਸਟਰੀ ਚੰਗਾ ਮੇਲ-ਜੋਲ ਬਣਾ ਲਵੇ। ਫਿਰ ਜੇ ਦੋਨੋਂ ਜੀਅ ਆਪ ਖੁਸ਼ ਤਾਂ ਨਾਲ ਹੀ ਉਨ੍ਹਾਂ ਦੇ ਪਰਵਾਰ ਵੀ ਖੁਸ਼। ਬਸ ਇੱਕ ਗੱਲ ਦਾ ਖ਼ਿਆਲ ਰੱਖਣਾ ਬਹੁਤ ਜ਼ਰੂਰੀ ਹੈ ਕਿ ਜਜ਼ਬਾਤਾਂ ਵਿਚ ਵਹਿ ਕੇ ਕਿਧਰੇ ਜਿਵੇਂ ਕਹਿੰਦੇ ਨੇ 'ਰੰਨ ਦਾ ਗੁਲਾਮ' ਹੀ ਨਾ ਬਣ ਜਾਵੇ ! ਫਿਰ ਆਪ ਤਾਂ ਭਾਵੇਂ ਬੌਣੇ ਬਣ ਕੇ ਜੀਵਨ ਬਸਰ ਕਰੀ ਜਾਵੇ ਪਰ ਜੰਮਣ ਵਾਲਿਆਂ ਲਈ ਇਹ ਅਸਹਿਣਯੋਗ ਵਰਤਾਰੇ ਜ਼ਰੂਰ ਬਣ ਜਾਂਦੇ ਨੇ। ਇੰਝ ਅੱਜ ਹਰ ਥਾਂ ਹੋ ਰਿਹਾ। ਇਹੀ ਗੱਲ ਦੂਸਰੇ ਪਾਸੇ ਵੀ ਢੁੱਕਦੀ ਹੈ।

'ਰੰਨ ਦਾ ਗੁਲਾਮ' ਤੋਂ ਇਹ ਅਰਥ ਹਰਗਿਜ਼ ਨਹੀਂ ਲੈਣਾ ਚਾਹੀਦਾ ਕਿ ਔਰਤ ਮਰਦ ਤੋਂ ਨੀਵੀਂ ਹੈ। ਗੱਲ ਬਸ ਏਨੀ ਹੈ ਕਿ ਪਤੀ ਨੂੰ ਆਪਣੀ ਪੜ੍ਹਾਈ ਲਿਖਾਈ, ਸੂਝ-ਬੂਝ ਕਿਧਰੇ ਖ਼ੂਬਸੂਰਤ ਪਤਨੀ ਦੀ ਸ਼ਕਲ-ਸੂਰਤ ਮੂਹਰੇ ਆਤਮ-ਸਮਰਪਨ ਹੀ ਨਹੀਂ ਕਰ ਦੇਣੀ ਚਾਹੀਦੀ। ਅਗਰ ਇੰਝ ਹੁੰਦਾ ਹੈ ਤਾਂ ਬਹੁਤ ਘੱਟ ਚਾਂਸ ਹੋਣਗੇ ਕਿ ਫਿਰ ਵੀ ਖੁਸ਼ਹਾਲ ਜ਼ਿੰਦਗੀ ਦਾ ਸਬੱਬ ਬਣਿਆ ਰਹੇ

ਵਰਨਾ ਜੋ ਚਾਰ-ਚੁਫ਼ੇਰੇ ਹੋ ਰਿਹਾ ਉਹ ਤਾਂ ਹੁੰਦਾ ਹੀ ਰਹੇਗਾ।

ਬੰਦੇ ਨੂੰ ਕਦੇ-ਕਦੇ ਆਪਣੇ ਹੀ ਬਣਾਏ ਘੇਰੇ ਚੰਗੇ ਨਹੀਂ ਲੱਗਦੇ। ਉਹ ਇਨ੍ਹਾਂ ਘੇਰਿਆਂ, ਇਨ੍ਹਾਂ ਵਲਗਣਾਂ ਨੂੰ ਤੋੜ ਕੇ ਕਿਧਰੇ ਦੂਰ ਉੱਡ ਜਾਣ ਨੂੰ ਵੀ ਲੋਚਦੇ ਨੇ। ਜੇਕਰ ਇਨਸਾਨ ਆਪਣੀਆਂ ਗਿਆਨ-ਇੰਦਰੀਆਂ ਨੂੰ ਕਾਬੂ ਹੇਠ ਰੱਖ ਕੇ ਉਨ੍ਹਾਂ ਦੀ ਸਹੀ ਤਰੀਕੇ ਤੇ ਸਹੀ ਸਮੇਂ ਵਰਤੋਂ ਕਰ ਲੈਣੀ ਸਿੱਖ ਲਵੇ ਤਾਂ ਸਮਝੋ ਉਹ ਆਪਣੇ ਮੁਕੱਦਰ ਦਾ ਸਿਕੰਦਰ ਹੋ ਗਿਆ ! ਬੰਦੇ ਅੰਦਰ ਅਥਾਹ ਤਾਕਤ ਹੁੰਦੀ ਏ, ਬਸ ਉਸ ਨੂੰ ਜਾਗ ਲਾਉਣੀ ਆ ਜਾਵੇ ਸਹੀ, ਫਿਰ ਵਾਰੇ-ਨਿਆਰੇ ਹੋ ਜਾਂਦੇ ਨੇ।

ਸੰਸਾਰ ਅੰਦਰ ਘਟਨਾਵਾਂ ਤੇਜ਼ੀ ਨਾਲ ਵਾਪਰ ਰਹੀਆਂ ਨੇ। ਏਡੀ ਤੇਜ਼ੀ ਨਾਲ ਕਿ ਅਜੇ ਪਹਿਲੀ ਘਟਨਾ ਉੱਪਰ ਹੀ ਵਿਚਾਰ-ਚਰਚਾ ਪਈ ਹੁੰਦੀ ਏ ਤਾਂ ਯੱਕਦਮ ਦੂਸਰੀ ਆਣ ਦਸਤਕ ਦੇਂਦੀ ਏ, ਬੰਦਾ ਚਕਰਾ ਜਾਂਦਾ। ਕਿਹਨੂੰ ਕਿਵੇਂ ਲਿਖ ਕੇ ਬਿਆਨ ਕਰੇ, ਆਪਣੇ ਵਿਚਾਰ ਦੱਸੇ? ਜਿਵੇਂ ਕਿਸੇ ਪਹਾੜ ਦੇ ਇਕ ਹਿੱਸੇ ਦਾ ਇਕ ਥਾਂ ਤੋਂ ਟੁੱਟ ਕੇ ਹੇਠਾਂ ਆ ਜਾਣਾ। ਅਜੇ ਇਹ ਕਿੰਝ ਹੋਇਆ? ਦਾ ਪਤਾ ਨਹੀਂ ਲੱਗਾ ਕਿ ਕਿਧਰੇ ਦੂਸਰੇ ਪਾਸੇ ਤੋਂ ਇਕ ਹੋਰ ਐਸਾ ਤੂਫ਼ਾਨ ਉਮਡ ਆਉਂਦੈ ਕਿ ਬਸ ਸੋਚਣ-ਸ਼ਕਤੀ ਹੀ ਪਸਤ ਹੋ ਜਾਂਦੀ ਏ। ਆਮ ਮਾਨਸਿਕਤਾ ਗੁੰਮ-ਸੁੰਮ ਹੋ ਜਾਂਦੀ ਏ। ਬਸ ਫਿਰ ਇੱਕੋ ਹੀ ਫ਼ਿਕਰੇ ਨਾਲ ਬੰਦਾ ਸਬਰ ਕਰ ਲੈਂਦਾ ਏ। 'ਰੱਬ ਦੀ ਖੇਡ ਏ, ਇਸ ਨੂੰ ਕੌਣ ਟਾਲ ਸਕਦਾ ?'

ਕਰਮੇ ਨੂੰ ਸਰਕਾਰੀ ਨੌਕਰੀ ਕਰਦਿਆਂ ਤੇਰ੍ਹਾਂ ਸਾਲ ਹੋ ਚੁੱਕੇ ਸਨ। ਘਰ ਦੇ ਬਿਲਕੁਲ ਲਾਗੇ ਇਕ ਬਹੁਤ ਪੁਰਾਣਾ ਗੈਸ-ਸਟੇਸ਼ਨ, ਕਾਰ ਗਰਾਜ, ਮੈਡੀਕਲ ਕੇਅਰ ਸੈਂਟਰ ਅਤੇ ਉੱਪਰ ਰਹਿਣ ਲਈ ਘਰ ਪਹਿਲਾਂ ਤਾਂ ਇਕ ਸਾਲ ਕਿਰਾਏ ’ਤੇ ਚਲਾਇਆ ਅਤੇ ਬਾਅਦ ਵਿਚ ਖ਼ਰੀਦ ਲਿਆ ਸੀ। ਕੁਝ ਨਕਦ-ਰਾਸ਼ੀ ਦੇ ਕੇ ਬਾਕੀ ਰਕਮ-ਪ੍ਰਾਪਤੀ ਮਾਲਕਾਂ ਤੋਂ 8% ਦੇ ਹਿਸਾਬ ਨਾਲ ਕਿਸ਼ਤਾਂ ਕਰ ਲਈਆਂ। ਪਹਿਲੀ ਵਾਰ ਜੱਟਾਂ ਦੇ ਪੁੱਤਰ ਨੂੰ ਬਾਣੀਆਪੁਣੇ ਦੇ ਹਿਸਾਬ-ਕਿਤਾਬ ਨਾਲ ਵਾਹ-ਵਾਸਤਾ ਪਿਆ। ਅਜੇ ਇਹ ਬਿਜ਼ਨਿਸ ਖ਼ਰੀਦਿਆ ਹੀ ਸੀ ਕਿ ਸੰਬੰਧਿਤ ਮਹਿਕਮੇ ਵੱਲੋਂ ਚਿੱਠੀ ਆਣ ਪਹੁੰਚੀ। ਜਾਂ ਤਾਂ ਗੈਸ-ਸਟੇਸ਼ਨ ਦੇ ਪੰਜਾਹ ਸਾਲ ਪੁਰਾਣੇ ਟੈਂਕ ਪੁੱਟ ਕੇ ਨਵੇਂ ਲਗਵਾਉ ਤੇ ਜਾਂ ਗੈਸ-ਸਟੇਸ਼ਨ ਬੰਦ ਕਰਨਾ ਪਵੇਗਾ। ਪਹਿਲਾਂ ਹੀ ਕਰੀਬ ਡੇਢ ਲੱਖ ਡਾਲਰ ਨਗਦ ਦੇ ਚੁੱਕੇ ਸੀ, ਹੁਣ ਹੋਰ ਪੌਣੇ ਦੋ ਲੱਖ ਦਾ ਖ਼ਰਚਾ ਆਣ ਪਿਆ। ਔਖੇ-ਸੌਖੇ ਹੋ ਕੇ ਫਿਰ ਦੋ ਮਹੀਨੇ ਵਿਚ ਸਾਰਾ ਕੁਝ ਬਦਲ ਕੇ ਨਵਾਂ ਕਰਨਾ ਹੀ ਪਿਆ।

ਸ਼ੁਰੂ-ਸ਼ੁਰੂ ਵਿਚ ਬਹੁਤ ਪ੍ਰੇਸ਼ਾਨੀਆਂ ਆਈਆਂ। ਹੁਣ ਤਾਂ ਕਰੀਬ ਸਤਾਈ ਸਾਲ

ਹੋ ਚੁੱਕੇ ਹਨ ਇਸ ਕਾਰੋਬਾਰ ਨੂੰ ਚਲਾਉਂਦਿਆਂ। ਕਈ ਮਕੈਨਿਕ ਆਏ, ਕਈ ਗਏ। ਅੱਜਕਲ੍ਹ ਲਾਹੌਰ ਦੇ ਜ਼ੌਹਰ-ਟਾਊਨ ਤੋਂ ਇਕ ਪਰਵਾਰ ਪਿਛਲੇ ਅਠਾਰਾਂ ਸਾਲਾਂ ਤੋਂ ਕਾਰਾਂ ਦੇ ਗਰਾਜ ਦੇ ਨਾਲ-ਨਾਲ ਸਟੇਟ ਇਨਸਪੈਕਸ਼ਨ ਵੀ ਕਰ ਰਿਹਾ ਹੈ। ਪੰਜ ਮਕੈਨਿਕਾਂ ਦੀ ਟੀਮ ਨਾਲ ਲੋਕਾਂ ਵਿਚ ਵਧੀਆ ਨਾਮ ਕਮਾ ਚੁੱਕੇ ਨੇ। ਮੈਡੀਕਲ ਕੇਅਰ ਸੈਂਟਰ ਤੋਂ ਬਾਅਦ ਕੁਝ ਹੋਰ ਬਿਜ਼ਨਿਸ ਵੀ ਆਏ ਪਰ ਪਿਛਲੇ ਗਿਆਰ੍ਹਾਂ ਸਾਲ ਤੋਂ ਚਾਈਨੀ ਰੈਸਟੋਰੈਂਟ ਬਹੁਤ ਵਧੀਆ ਚੱਲ ਰਿਹਾ ਹੈ। ਕਰਮਾ ਗੈਸ-ਸਟੇਸ਼ਨ, ਸਟੋਰ ਅਤੇ ਯੂ.ਹਾਲ ਭਾਵ ਮੂਵਿੰਗ ਰੈਂਟੱਲ ਟਰੱਕਿੰਗ ਵੀ ਚਲਾ ਰਿਹਾ ਹੈ।

ਹੁਣ ਤਕ ਪਤਾ ਨਹੀਂ ਕਿੰਨੇ ਹੀ ਨਵੇਂ ਆਏ ਲੋਕਾਂ ਲਈ ਜਿਵੇਂ ਇਹ ਬਿਜ਼ਨਿਸ ਇਕ ਕੋਚਿੰਗ ਸੈਂਟਰ ਬਣ ਕੇ ਰਹਿ ਗਿਆ ਹੋਵੇ। ਕਈ ਇਥੇ ਕੰਮ ਕਰਦੇ-ਕਰਦੇ ਪੱਕੇ ਪੈਰੀਂ ਅਮਰੀਕਨ ਵੀ ਬਣ ਚੁੱਕੇ ਸਨ। ਕਦੇ ਕਿਸੇ ਕੋਲੋਂ ਕੱਚੀ ਕੌਡੀ ਵੀ ਨਹੀਂ ਸੀ ਲਈ ਸਗੋਂ ਇਨ੍ਹਾਂ ਮਜਬੂਰ ਲੋਕਾਂ ਨੂੰ ਆਪਣੇ ਘਰੇ ਰਹਿਣ, ਖਾਣ ਲਈ ਆਸਰਾ ਵੀ ਦਿੱਤਾ।

ਬਿਨਾਂ ਸ਼ੱਕ ਚੋਰੀਆਂ, ਲੁੱਟਾਂ-ਖੋਹਾਂ ਇਨ੍ਹਾਂ ਮੁਲਖਾਂ ਦਾ ਕਲਚਰ ਬਣ ਚੁੱਕਾ ਹੈ। ਕਰਮੇ ਤੋਂ ਛੋਟਾ ਹਰਬੀਰ ਹੀ ਸਾਰਾ ਕਾਰੋਬਾਰ ਚਲਾ ਰਿਹਾ ਹੈ ਜਿਸ ਨੂੰ 2-3 ਵਾਰ ਲੁਟੇਰਿਆਂ ਦਾ ਬੜੀ ਦਲੇਰੀ ਨਾਲ ਸਾਹਮਣਾ ਕਰਨਾ ਪਿਆ। ਜ਼ਰੂਰੀ ਬਣ ਜਾਂਦਾ ਹੈ, ਆਪਣੀ ਜਾਨ ਦੀ ਰਾਖ਼ੀ ਲਈ ਵਧੀਆ ਹਥਿਆਰ ਰੱਖਿਆ ਜਾਵੇ ਅਤੇ ਉਸ ਦੀ ਲੋੜ ਪੈਣ ’ਤੇ ਸਹੀ ਵਰਤੋਂ ਕਰਨੀ ਵੀ ਆਉਂਦੀ ਹੋਵੇ। ਘਰ ਦੇ ਪਿਛਲੇ ਪਾਸੇ ਸਰੂ ਵਰਗਾ ਪੰਜਾਹ ਫੁੱਟ ਉੱਚਾ ਪਾਈਨ ਦਾ ਦਰਖ਼ਤ ਕਰਮੇ ਨੂੰ ਘੂਰ-ਘੂਰ ਵੇਖਦਾ ਰਿਹਾ ਜਿਸ ਉੱਪਰ ਉਸ ਨੇ ਛੋਟੇ ਬੱਚਿਆਂ ਨੂੰ ਨਿਸ਼ਾਨੇ ਮਾਰਨੇ ਸਿਖਾਏ ਸਨ। ਦਰਖ਼ਤ ਸੁੱਕ ਕੇ ਲੱਕੋਂ ਟੁੱਟ ਚੁੱਕਾ ਹੈ। ਕਰਮਾ ਪਹਿਲਾਂ ਹੀ ਉਸ ਦੇ ਬਦਲੇ ਵਿਚ ਦੋ ਹੋਰ ਦਰਖ਼ਤ ਲਾ ਕੇ ਜਵਾਨ ਕਰ ਚੁੱਕਾ ਏ।

ਕਰਮੇ ਦੀ ਐਕੋਕੀਕ ਮੈਰੀਲੈਂਡ ਵਿਚ ਬਿਜ਼ਨਿਸ ਲੋਕੇਸ਼ਨ ਇਸ ਏਰੀਏ ਦੀ ਖਾਸ ਪਹਿਚਾਣ ਹੈ। ਕਰੀਬ ਏਥੋਂ ਅੱਧੇ ਮੀਲ ਦੀ ਦੂਰੀ ’ਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਹੁਰਾਂ ਦਾ 19 ਫੁੱਟ ਉੱਚਾ ਬੁੱਤ ਅੱਜ ਦੇ ਭਾਰਤੀ ਹਾਕਮਾਂ ਨੂੰ ਕੁਝ ਅਜਿਹਾ ਸੁਨੇਹਾ ਦੇ ਰਿਹਾ ਹੈ ਕਿ 'ਐ ਹਾਕਮੋ ! ਬੰਦੇ ਦੇ ਪੁੱਤ ਬਣ ਕੇ ਘੱਟੋ-ਘੱਟ ਆਪਣੇ ਮੁਲਖ ਦੇ ਕਾਇਦੇ-ਕਾਨੂੰਨਾਂ ਦੀਆਂ ਧੱਜੀਆਂ ਤਾਂ ਨਾ ਉਡਾਉ !’

ਕਦੇ-ਕਦੇ ਕਰਮਾ ਸੋਚਦਾ, ਇਕ ਉਹ ਵੀ ਵਕਤ ਸੀ ਜਦ ਉਹ ਬਿਨਾਂ ਕਿਸੇ ਪਾਸਪੋਰਟ ਦੇ, ਬਿਨਾਂ ਕਿਸੇ ਕੱਪੜੇ-ਲੱਤੇ ਦੇ, ਜੇਬ ਵਿਚ ਬਸ ਦਸ ਕੈਨੇਡੀਅਨ ਡਾਲਰ ਸਨ, ਅਮਰੀਕਾ ਅੰਦਰ ਆ ਵੜਿਆ ਸੀ। ਅੱਜ ਉਸ ਕੋਲ ਏਨੀ ਕੁ

ਸਮਰੱਥਾ ਹੈ ਕਿ ਉਹ ਆਪਣੇ ਪਿੰਡ, ਆਪਣੇ ਇਲਾਕੇ ਦੇ ਗਰੀਬ, ਬੇਬਸ ਬੱਚਿਆਂ ਦੀ ਪੜ੍ਹਾਈ ਦਾ ਸਹਾਰਾ ਬਣ ਰਿਹਾ ਹੈ।

ਇਸ ਕਾਰੋਬਾਰ ਦੀ ਬਦੌਲਤ ਪੈਸੇ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਫ਼ਾਇਦੇ ਹੋਏ। ਵੱਖ-ਵੱਖ ਲੋਕਾਂ ਨਾਲ ਰੋਜ਼ਮੱਰਾ ਦਾ ਵਿਵਹਾਰ, ਉਨ੍ਹਾਂ ਦੀਆਂ ਚੰਗੀਆਂ ਮਾੜੀਆਂ ਗੱਲਾਂ ਦਾ ਸਾਹਮਣਾ। ਕਿਧਰੇ ਬਿਜ਼ਨਿਸ ਦੀ ਟੁੱਟ-ਭੱਜ, ਕਿਧਰੇ ਅੱਧੀ ਰਾਤ ਨੂੰ ਅਲਾਰਮ ਦਾ ਵੱਜਣਾ, ਕਿਧਰੇ ਪੁਲੀਸ ਦਾ ਫ਼ੋਨ। ਸਥਾਨਕ ਲੋਕਾਂ ਨਾਲ ਜਾਣ-ਪਛਾਣ ਜਿਵੇਂ ਤੁਹਾਡੇ ਆਪਣੇ ਹੀ ਪਿੰਡ ਦੇ ਲੋਕ ਹੋਣ ! ਪਰ ਫਿਰ ਵੀ ਇਕ ਚੀਜ਼, ਆਪਣੇ ਪਿੰਡ ਦੇ ਜੰਮੇ-ਜਾਇਆਂ ਦਾ ਵਿਯੋਗ। ਇਥੇ ਭਾਵੇਂ ਕਾਰੋਬਾਰ ਲੱਖਾਂ ਵਿਚ ਸੀ ਪਰ ਆਪਣੇ ਕੱਖਾਂ ਦੀਆਂ ਕੁੱਲੀਆਂ ਕਿਵੇਂ ਭੁੱਲ ਸਕਦੀਆਂ ?

ਤੜਕੇ ਉੱਠਣ ਦੀ ਆਦਤ ਵੈਸੇ ਹੀ ਬੰਦੇ ਲਈ ਚੰਗੀ ਏ। ਅਗਰ ਥੋੜ੍ਹੀ ਹੋਰ ਜ਼ੁੰਮੇਵਾਰੀ ਹੋਵੇ ਤਾਂ ਸੋਨੇ 'ਤੇ ਸੁਹਾਗਾ ਸਮਝੋ। ਅਨੁਸਾਸ਼ਨ ਵਿਚ ਰਹਿ ਕੇ ਜ਼ਿੰਦਗੀ ਦੀਆਂ ਜ਼ੁੰਮੇਵਾਰੀਆਂ ਨੂੰ ਸੁਖਾਲੇ ਨਿਭਾਇਆ ਜਾ ਸਕਦੈ। ਪਤਾ ਹੋਵੇ ਕਿ ਸੁਬਹ ਉੱਠ ਕੇ ਕੰਮ 'ਤੇ ਜਾਣਾ ਹੀ ਜਾਣਾ ਹੈ ਤਾਂ ਇਕ ਸਮਾਂ ਆ ਜਾਵੇਗਾ, ਅਲਾਰਮ ਲਾਉਣ ਦੀ ਵੀ ਲੋੜ ਨਹੀਂ ਪਵੇਗੀ। ਤੜਕੇ ਦੇ ਸਮੇਂ ਨੂੰ ਕੈਸ਼ ਕਰਨ ਦੀ ਜੁਗਤ, ਮਹਾਂਪੁਰਸ਼ ਵੀ ਤਾਂ ਇਹੀ ਕਹਿੰਦੇ ਚਲੇ ਗਏ।

ਐਕੋਕੀਕ ਸ਼ਹਿਰ ਜਾਂ ਪਿੰਡ ਕਹਿ ਲਉ, ਇਕ ਨਵਾਂ-ਨਵਾਂ ਬਣਿਆ ਘਰ ਲੈ ਕੇ ਜਿਵੇਂ ਆਪਣੇ ਹੀ ਪਿੰਡ ਦੀ ਹਵੇਲੀ ਹੋਵੇ ! ਇਕ ਏਕੜ ਵਿਚ ਪੰਜ ਕਮਰੇ, ਤਿੰਨ ਪੂਰੇ ਬਾਥਰੂਮ। ਬਾਹਰ ਜਿਵੇਂ ਦਰਖ਼ਤਾਂ ਦਾ ਬਾਗ਼ ਬਣਿਆ ਹੋਵੇ।

ਭਲਾ ਪਿਛੋਕੜ ਕਿਵੇਂ ਭੁੱਲ ਸਕਦਾ ਸੀ ! ਹਲ ਵਾਹੁੰਦਿਆਂ, ਟਰੈਕਟਰ ਚਲਾਉਂਦਿਆਂ, ਮਿੱਟੀ ਨਾਲ ਮਿੱਟੀ ਹੋਣਾ ਜਿਵੇਂ ਜਨਮ-ਸਿੱਧ ਅਧਿਕਾਰ ਹੋਵੇ ! ਘਰ ਦੇ ਪਿਛਲੇ ਪਾਸੇ ਨੂੰ ਸਬਜ਼ੀਆਂ-ਭਾਜੀਆਂ ਉਗਾਉਣ ਲਈ ਤਿਆਰ ਕੀਤਾ। ਬਹੁਤ ਪੁਰਾਣਾ ਕੱਬ ਸ਼ਾਈਜ਼ ਇੰਟਰਨੈਸ਼ਨਲ ਟਰੈਕਟਰ ਖ਼ਰੀਦ ਕੇ ਬਚਪਨ ਨੂੰ ਵਾਪਿਸ ਲੈ ਆਂਦਾ। ਸ਼ੌਂਕ ਦਾ ਕਹਿੰਦੇ, ਕੋਈ ਮੁੱਲ ਨਹੀਂ ਹੁੰਦਾ। ਉਥੇ ਨਾਲ ਹੀ ਮਕਈ, ਟਮਾਟਰ, ਮਿਰਚਾਂ, ਖ਼ਰਬੂਜੇ, ਹਦਵਾਣੇ, ਭਿੰਡੀਆਂ ਤੋਰੀਆਂ, ਖੀਰੇ, ਮਟਰ, ਸਰ੍ਹੋਂ, ਤਿੰਨ-ਤਿੰਨ ਫੁੱਟ ਲੰਮੀਆਂ ਫਿਲੋਪੀਨੋ ਤੋਰੀਆਂ, ਪਾਲਕ ਕਿਵੇਂ ਨਾ ਉੱਗਦੀ ਤੇ ਭਲਾ ਕਰੇਲੇ ਕਿੰਝ ਨਾ ਉੱਗਦੇ ਜਿਨ੍ਹਾਂ ਨੂੰ ਕਰਮੇ ਨੇ ਪਹਿਲੀ ਵਾਰ ਆਪਣੇ ਬਾਪੂ ਹੱਥੋਂ ਬਿਜਵਾਇਆ ਸੀ। ਇਹ ਘਰ ਦੀ ਖੇਤੀ ਦੀ ਉਪਜ ਪਤਾ ਨਹੀਂ ਦੂਰ-ਦੂਰ ਤਕ ਕਿਨ੍ਹਾਂ-ਕਿਨ੍ਹਾਂ ਘਰਾਂ ਤਕ ਜਾਂਦੀ ਰਹੀ !

ਵਿਆਹ ਤੋਂ ਕੁਝ ਸਾਲ ਬਾਅਦ ਬੇਟੀ ਦਾ ਜਨਮ ਹੋਇਆ। ਕਰਮੇ ਦੀ ਦਿਨ ਦੀ ਡਿਊਟੀ, ਕਰਮੀ ਦੀ ਰਾਤ ਨੂੰ ਹਸਪਤਾਲ ਡਿਊਟੀ। ਜਦ ਅਮਰੀਕਾ ਵਰਗੇ

ਪੱਛਮੀ ਮੁਲਖਾਂ ਅੰਦਰ ਦੋਨੋਂ ਜੀਅ ਕੰਮ ’ਤੇ ਜਾਂਦੇ ਹੋਣ ਉਦੋਂ ਛੋਟੇ ਬੱਚਿਆਂ ਦੀ ਦੇਖ-ਭਾਲ, ਪਾਲਣ-ਪੋਸ਼ਣ ਕੋਈ ਏਡਾ ਸੌਖਾ ਨਹੀਂ ਹੁੰਦਾ।

ਬੇਟੀ ਦੇ ਜਨਮ ਤੋਂ ਕੁਝ ਸਾਲ ਬਾਅਦ ਇੰਡੀਆ ਤੋਂ ਇਕ ਬੇਟਾ ਗੋਦ ਲੈ ਕੇ ਅਮਰੀਕਾ ਲੈ ਆਂਦਾ। ਕਾਫ਼ੀ ਲੰਬਾ-ਚੌੜਾ ਸਿਲਸਿਲਾ ਸੀ। ਆਪਣੀ ਬੋਲੀ, ਸਭਿਆਚਾਰ ਇਨ੍ਹਾਂ ਬੱਚਿਆਂ ਅੰਦਰ ਪੈਦਾ ਕਰਨ ਲਈ ਹਰ ਐਤਵਾਰ ਇਕ ਸੌ ਮੀਲ ਆਉਣ-ਜਾਣ ਕਰਮੀ ਨੇ ਲੈ ਕੇ ਗੁਰਦਵਾਰੇ ਵਿਖੇ ਸਥਿਤ ਪੰਜਾਬੀ ਸਕੂਲ ਜਾਣਾ। ਉਪਰੰਤ ਰਾਗੀ ਸਿੰਘਾਂ ਤੋਂ ਹਾਰਮੋਨੀਅਮ ਵੀ ਸਿਖਵਾਉਣਾ। ਹੌਲੀ-ਹੌਲੀ ਬੇਟੀ ਨੇ ਸ਼ਬਦ ਵੀ ਗਾਉਣੇ ਸਿੱਖ ਲਏ। ਫਿਰ ਮੁਹਾਰਤ ਹਾਸਲ ਹੋ ਗਈ। ਦੂਸਰੇ ਸੂਬਿਆਂ ਵਿਚ ਕੀਰਤਨ ਮੁਕਾਬਲੇ ਹੁੰਦੇ ਤੇ ਇਨਾਮ ਵੀ ਮਿਲਦੇ।

ਦੋਨਾਂ ਬੱਚਿਆਂ ਨੂੰ ਸਵਿਮਿੰਗ ਅਤੇ ਕਰਾਟੇ ਦੀਆਂ ਕਲਾਸਾਂ ਵਿਚ ਟਰੇਨਿੰਗ ਲਈ ਲੈ ਕੇ ਜਾਣਾ। ਲਾਇਬਰੇਰੀ ਜਾ ਕੇ ਪੜ੍ਹਨ ਦੀ ਆਦਤ ਪਾਈ, ਆਰਟ ਦੀ ਟਰੇਨਿੰਗ, ਕੈਂਪਿੰਗ ਗੇਮਾਂ ਲਈ ਲਿਜਾਣਾ।

ਆਪਣਾ ਘਰ-ਬਾਰ ਛੱਡ ਕੇ ਕਿਸੇ ਹੋਰ ਧਰਤੀ ’ਤੇ ਜਾਣਾ। ਮੁਸ਼ਕਲਾਂ ਤਾਂ ਲਾਜ਼ਮੀ ਆਉਣਗੀਆਂ। ਕੁਝ ਆਂਢ-ਗੁਆਂਢ ਦੇ ਵਿਗੜੇ ਨਸ਼ਾ-ਪੱਤਾ ਕਰਨ ਵਾਲੇ, ਚੋਰੀਆਂ ਕਰਨ ਵਾਲੇ ਲੋਕਾਂ ਨਾਲ ਵਾਹ ਪੈਣਾ ਸ਼ੁਰੂ ਹੋ ਗਿਆ। ਕਈ ਵਾਰ ਗੱਲਾਂ-ਬਾਤਾਂ ਤੋਂ ਮਸਲਾ ਅੱਗੇ ਲੰਘ ਜਾਣਾ। ਗਲੀ ਵਿਚ ਦੋ-ਤਿੰਨ ਹੀ ਤਾਂ ਪੰਜਾਬੀ ਘਰ ਸਨ। ਜਦ ਉਨ੍ਹਾਂ ਦੀਆਂ ਬੀਬੀਆਂ ਨੇ ਕੰਮ ’ਤੇ ਜਾਣਾ-ਆਉਣਾ ਤਾਂ ਇਨ੍ਹਾਂ ਲੋਕਾਂ ਨੇ ਹਨੇਰ-ਸਵੇਰ ਉਨ੍ਹਾਂ ਦਾ ਰਾਹ ਰੋਕ ਲੈਣਾ। ਹਾਰ ਕੇ ਕਰਮੇ ਨੇ ਟਾਂਉਰਸ ਨਾਈਨ ਐੱਮ.ਐੱਮ. ਦਾ ਰਿਵਾਲਵਰ ਲਿਆ। ਕਰਮੇ ਨੂੰ ਆਪਣਾ ਪੰਜਾਬੀ ਜੱਟਪੁਣਾ ਜਜ਼ਬਾ ਦੱਸਣਾ ਪਿਆ। ਉਦੋਂ ਤਾਂ ਹੱਦ ਹੀ ਹੋ ਗਈ ਜਦ ਗਲੀ ਦੇ ਅਖ਼ੀਰ ਇਕ ਬਹੁਤ ਪੁਰਾਣੇ ਘਰ ਜਿਸ ਨੂੰ ਅਮਲੀਆਂ ਨੇ ਆਪਣੀ ਰਹਿਣ-ਗਾਹ ਬਣਾਇਆ ਹੋਇਆ ਸੀ, ਲੋਕਲ ਐਕੋਕੀਕ ਦੇ ਸੈਨੇਟਰ ਈ-ਸਟੱਪ ਦੀ ਮਦਦ ਨਾਲ ਅੱਗ ਦੇ ਹਵਾਲੇ ਕੀਤਾ ਗਿਆ ਸੀ।

ਬੇਟੀ ਨੇ ਸਾਈਕਾਲੋਜੀ ਵਿਚ ‘ਮਾਸਟਰਜ਼’ ਕਰਨ ਉਪਰੰਤ ਐਜੂਕੇਸ਼ਨ ਸਾਈਕਾਲੋਜੀ ਵਿਚ ਮੁਹਾਰਤ ਕਰਕੇ ਕੈਲੇਫੋਰਨੀਆ ਹਾਈ ਸਕੂਲ ਵਿਚ ਵਧੀਆ ਨੌਕਰੀ ਕਰ ਰਹੀ ਹੈ। ਉਸ ਨੂੰ ਕੈਲੇਫੋਰਨੀਆ ਚੰਗਾ ਲੱਗਦਾ। ਬੇਟੇ ਨੇ ਵਧੀਆ ਯੂਨੀਵਰਸਿਟੀ ਕੈਂਪਸ ਤੋਂ ਕੰਪਿਊਟਰ ਇੰਜੀਨੀਅਰਿੰਗ ਕਰਕੇ ਆਈ.ਆਰ.ਐੱਸ. ਵਿਚ ਕੰਮ ਸ਼ੁਰੂ ਕੀਤਾ ਉਥੇ ਨਾਲ ਹੀ ਆਪਣੇ ਕਾਰੋਬਾਰ ਦੀ ਸਾਂਭ-ਸੰਭਾਲ ਕਰਦਾ ਹੈ।

ਸੱਤ ਸਮੁੰਦਰਾਂ ਤੋਂ ਵੀ ਜ਼ਿਆਦਾ ਪਾਣੀਆਂ ਉੱਪਰ ਤਰਦਾ ਕਰਮਾ ਪਿਛਲੇ

ਕਈਆਂ ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਿਹਾ ਸੀ। ਅਖੀਰ ਇਕ ਸੁੱਤੀ ਪਈ ਕਲਾ ਨੂੰ ਜਾਗ ਲਾਉਣ ਲਈ ਪਹਿਲੀ ਵਾਰ ਕਰਮਾ ਆਪਣੀ ਪਤਨੀ ਨਾਲ ਅਕਤੂਬਰ-ਨਵੰਬਰ, 2006 ਨੂੰ ਅਮਰੀਕਾ ਤੋਂ ਸਿੱਧੀ ਲਾਹੌਰ ਦੀ ਫਲਾਈਟ ਲੈ ਕੇ ਜੌਹਰ-ਟਾਊਨ ਨਜ਼ਦੀਕ (ਬੀ.ਆਰ.ਬੀ. ਨਹਿਰ ਅਤੇ ਪੰਜਾਬ ਯੂਨੀਵਰਸਿਟੀ, ਲਾਹੌਰ) ਪਹੁੰਚ ਗਿਆ। ਕੁੱਲ ਇਕ ਹਫਤਾ ਰਹਿ ਕੇ ਲਹਿੰਦੇ ਪੰਜਾਬ ਨੂੰ ਦਿਨ-ਰਾਤ ਇਕ ਕਰਕੇ ਜਿੰਨਾ ਵੀ ਹੋ ਸਕਿਆ ਵੇਖਿਆ। ਜਿਵੇਂ ਕਿ ਨਨਕਾਣਾ ਸਾਹਿਬ, ਡੇਹਰਾ ਸਾਹਿਬ, ਸ਼ਾਹੀ ਕਿਲ੍ਹਾ, ਕਰਤਾਰਪੁਰ ਸਾਹਿਬ, ਪੰਜਾ ਸਾਹਿਬ, ਹਸਨ-ਅਬਦਾਲ, ਰੋੜੀ ਸਾਹਿਬ, ਕੰਗਣਪੁਰ, ਪਿੰਡੀ ਭੱਟੀਆਂ, ਕਸੂਰ, ਅਤੇ ਦੁੱਲੇ-ਭੱਟੀ ਦੀ ਕਬਰ, ਬਾਬਾ ਬੁੱਲ੍ਹੇ ਸ਼ਾਹ ਦੀ ਮਜ਼ਾਰ ਤੇ ਇੰਝ ਲਿਖਣ ਕਲਾ ਜਾਗੀ।

ਕਰਮੇ ਨੂੰ ਚੜ੍ਹਦਾ ਪੰਜਾਬ ਛੱਡੇ ਨੂੰ ਬਹੁਤ ਸਾਲ ਹੋ ਚੁੱਕੇ ਸਨ ਪਰ ਉਹ ਲਗਾਤਾਰ ਜਾਂਦਾ-ਆਉਂਦਾ ਰਹਿੰਦਾ ਸੀ। ਉਧਰ ਲਹਿੰਦੇ ਪੰਜਾਬ ਨੂੰ ਜਿਵੇਂ ਉਸ ਨੇ ਆਪਣਾ ਦੂਸਰਾ ਘਰ ਬਣਾ ਲਿਆ ਸੀ। ਪੱਕਾ ਟਿਕਾਣਾ ਹੁੰਦਾ ਸੀ ਪਿੰਡੀ-ਭੱਟੀਆਂ। ਉਹ ਏਨੀ ਵਾਰ ਏਥੇ ਆ ਚੁੱਕਾ ਸੀ ਕਿ ਕਾਲਜਾਂ-ਸਕੂਲਾਂ ਦੇ ਬੱਚੇ, ਪ੍ਰੋਫ਼ੈਸਰ, ਮੈਡਮਾਂ, ਗਲ਼ੀਆਂ-ਬਾਜ਼ਾਰਾਂ ਦੇ ਲੋਕ ਇਥੋਂ ਤਕ ਕਿ ਅਫ਼ਸਰਸ਼ਾਹੀ ਵੱਲੋਂ ਨਿਓਤੇ ਆਉਂਦੇ। ਵੱਡੇ ਵੱਡੇ ਜ਼ਿਮੀਂਦਾਰਾਂ ਦੀਆਂ ਬਾਹਰ ਖੇਤਾਂ ਵਿਚ ਖੁੱਲ੍ਹੀਆਂ ਹਵੇਲੀਆਂ ਜਿਵੇਂ ਕਰਮੇ ਨੂੰ ਆਵਾਜ਼ਾਂ ਮਾਰ ਬੁਲਾਉਂਦੀਆਂ।

ਹਰੇ ਇਨਕਲਾਬ ਨੇ ਭਾਰਤੀ ਪੰਜਾਬ ਨੂੰ ਅਜਿਹਾ ਜੰਪ-ਸਟਾਰਟ ਦਿੱਤਾ ਕਿ ਫਿਰ ਇਸ ਤੇਜ਼ ਰਫ਼ਤਾਰੀ ਨੂੰ ਬਰੇਕਾਂ ਲਾਉਣੀਆਂ ਮੁਸ਼ਕਿਲ ਹੋ ਗਈਆਂ। ਅਜਿਹੀ ਤਰੱਕੀ ਦੀ ਤੇਜ਼ ਰਫ਼ਤਾਰ ਐਸੀ ਸੀ ਜਿਸ ਨੇ ਕਾਇਨਾਤ ਵੱਲੋਂ ਦਿੱਤੀਆਂ ਨਿਆਮਤਾਂ ਨੂੰ ਤਹਿਸ-ਨਹਿਸ ਕਰ ਦਿੱਤਾ। ਉਮਰੋਂ ਪਹਿਲਾਂ ਹੀ ਮਿੱਟੀ ਨੂੰ ਬੁੱਢਿਆਂ ਕਰਨਾ, ਪਾਣੀ ਵਿਚ ਜ਼ਹਿਰ ਘੋਲਣਾ, ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨਾ, ਪਿੰਡਾਂ ਅੰਦਰ ਸਭਿਆਚਾਰਕ ਟੁੱਟ-ਭੱਜ, ਰਿਸ਼ਤਿਆਂ ਅੰਦਰ ਕੁੜੱਤਣ ਪੈਦਾ ਕਰਨਾ। ਹੱਲ-ਪੰਜਾਲੀ ਤੋਂ ਟਰੈਕਟਰਾਂ-ਕਾਰਾਂ ਦੇ ਝੂਟੇ। ਇਉਂ ਲੋਕਾਂ ਅੰਦਰ ਅੰਨ੍ਹਾ ਵਿਖਾਵਾ ਅਤੇ ਨਕਲੀਪੁਣਾ ਆਇਆ।

ਇਹੀ ਕਾਰਨ ਸਨ ਕਿ ਕਰਮੇ ਨੂੰ ਲਹਿੰਦਾ ਪੰਜਾਬ ਚੰਗਾ ਲੱਗਦਾ ਸੀ ਕਿਉਂਕਿ ਉਥੇ ਅਜੇ ਕੁਝ ਵੀ ਇੰਝ ਦੀ ਤਰ੍ਹਾਂ ਨਹੀਂ ਸੀ। ਲਹਿੰਦੇ ਪੰਜਾਬ ਦਾ ਸ਼ਾਇਦ ਹੀ ਕੋਈ ਅਜਿਹਾ ਇਲਾਕਾ ਹੋਵੇਗਾ ਜੋ ਕਰਮੇ ਨੇ ਨਹੀਂ ਸੀ ਵੇਖਿਆ।

ਚਾਹੇ ਸਾਧਨ-ਵਸੀਲੇ ਘੱਟ ਅਤੇ ਪੁਰਾਣੇ ਵੀ ਸਨ ਲੋਕਾਂ ਅੰਦਰ ਅਜੇ ਸ਼ੈਤਾਨ ਨਹੀਂ ਸੀ ਜਾਗਿਆ। 1960ਵਿਆਂ ਅਤੇ 70ਵਿਆਂ ਨੇ ਪੰਜਾਬ ਨੂੰ ਕੁਦਰਤ ਨਾਲੋਂ ਤੋੜਨਾ ਸ਼ੁਰੂ ਕਰ ਦਿੱਤਾ। ਕਿਸਾਨਾਂ ਦੇ ਨੰਗੇ ਪੈਰੀਂ ਨਵੀਂ ਨੁਹਾਰ ਵਾਲੀਆਂ

ਜੁੱਤੀਆਂ ਆਣ ਪਈਆਂ। ਖੂਹੀਆਂ ਦੇ ਪਾਣੀ ਘਰਾਂ ਦੇ ਨਲਕਿਆਂ ਅੰਦਰ ਆ ਗਏ। ਬੌਲਦਾਂ ਦੀਆਂ ਟੱਲੀਆਂ ਦੀ ਥਾਂ ਟਰੈਕਟਰਾਂ ਉੱਪਰ ਬੇਹੱਦ ਉੱਚੀ ਆਵਾਜ਼ ਸਹਿਤ ਚਲਦੀਆਂ ਕੈਸਟਾਂ-ਸੀ.ਡੀਆਂ ਆ ਗਈਆਂ। ਪਿੰਡ ਪਿੰਡ ਹੀ ਨਾ ਰਹੇ। ਗਲੀ-ਮੁਹੱਲੇ ਨਾ ਰਹੇ। ਇਥੋਂ ਤਕ ਕਿ ਘਰ ਵੀ ਘਰ ਨਾ ਰਹੇ। ਫਿਰ ਬੰਦਾ ਵੀ ਬੰਦਾ ਨਾ ਰਿਹਾ। ਬੰਦੇ ਤਾਂ ਵੱਢਖਾਣੇ ਜਾਨਵਰ ਹੀ ਬਣ ਗਏ। ਯਾਰੀਆਂ-ਦੋਸਤੀਆਂ-ਰਿਸ਼ਤੇਦਾਰੀਆਂ ਵੀ ਮੂਧੇ ਮੂੰਹ ਜਾ ਪਈਆਂ। ਆਮ ਕਹਿਣ ਤੇ ਸੁਣਨ ਨੂੰ ਮਿਲਦਾ ਏ ਅਖੇ! ਪਿਛਲੇ ਜ਼ਮਾਨੇ ਚੰਗੇ ਹੁੰਦੇ ਸਨ। ਕੀ ਲੋਕ 21ਵੀਂ ਸਦੀ ਦੇ ਦੂਸਰੇ ਦਹਾਕੇ ਦੇ ਦੌਰ ਨੂੰ ਵੀ ਉਵੇਂ ਯਾਦ ਕਰਨਗੇ?

'ਸਾਵਧਾਨ! ਅਗਰ ਕਿਸੇ ਨੇ ਝੂਠ ਬੋਲਿਆ! ਯਕੀਨ ਕਰਨਾ, ਤੁਸੀਂ ਅਗਰ ਇੰਝ ਕੀਤਾ ਤਾਂ ਫੜੇ ਜਾਵੋਗੇ। ਉਦੋਂ ਤੁਹਾਡੀ ਆਪਣੀ ਜ਼ਮੀਰ ਵੀ ਤੁਹਾਨੂੰ ਲਾਹਣਤਾਂ ਪਾਵੇਗੀ। ਪਰ ਫਿਰ ਵੀ ਤੁਹਾਨੂੰ ਕੋਈ ਫ਼ਰਕ ਨਹੀਂ ਪੈਣਾ। ਤੁਸੀਂ ਵੀ ਬਹੁ-ਗਿਣਤੀ ਦਾ ਹਿੱਸਾ ਬਣ ਜਾਣਾ ਤੇ ਤੁਹਾਡਾ ਕੋਈ ਵਾਲ ਵਿੰਗਾ ਵੀ ਨਹੀਂ ਕਰ ਸਕੇਗਾ।' ਮਾਰਟਿਨ ਨਿਮੋਲਰ ਕਿੰਨਾ ਸੱਚ ਕਹਿ ਗਿਆ ਸੀ:

**"ਪਹਿਲਾਂ ਉਹ ਸਮਾਜਵਾਦੀਆਂ ਲਈ ਆਏ, ਤੇ ਮੈਂ ਨਹੀਂ ਬੋਲਿਆ-ਕਿਉਂਕਿ ਮੈਂ ਸਮਾਜਵਾਦੀ ਨਹੀਂ ਸੀ। ਫਿਰ ਉਹ ਟਰੇਡ ਯੂਨੀਅਨਿਸਟਾਂ ਲਈ ਆਏ, ਤੇ ਮੈਂ ਨਹੀਂ ਬੋਲਿਆ-ਕਿਉਂਕਿ ਮੈਂ ਟਰੇਡ ਯੂਨੀਅਨਿਸਟ ਨਹੀਂ ਸੀ। ਫਿਰ ਉਹ ਯਹੂਦੀਆਂ ਲਈ ਆਏ, ਮੈਂ ਫਿਰ ਵੀ ਨਹੀਂ ਬੋਲਿਆ - ਕਿਉਂਕਿ ਮੈਂ ਯਹੂਦੀ ਨਹੀਂ ਸੀ। ਫਿਰ ਉਹ ਮੇਰੇ ਲਈ ਆਏ - ਤੇ ਉਦੋਂ ਕੋਈ ਨਹੀਂ ਸੀ ਬਚਿਆ ਜੋ ਮੇਰੇ ਲਈ ਬੋਲਦਾ!"**

ਲਗਾਤਾਰ ਤੇਜ਼ੀ ਨਾਲ ਭਾਰਤ ਅੰਦਰ ਅਜਿਹੇ ਸਮੀਕਰਨ ਬਣ ਰਹੇ ਹਨ ਕਿ ਰਾਜਨੀਤੀ ਕਿਸ ਹੱਦ ਤਕ ਘਿਨਾਉਣੇਪਨ ਦੀਆਂ ਸਭ ਸੀਮਾਵਾਂ ਪਾਰ ਕਰਦੀ ਹੋਈ ਆਮ ਇਨਸਾਨ ਖਾਸ ਕਰਕੇ ਘੱਟ-ਗਿਣਤੀ ਅਤੇ ਗਰੀਬ ਵਰਗ ਲਈ ਚੱਲਦੀ-ਫਿਰਦੀ ਮੌਤ ਬਣ ਜਾਵੇਗੀ ਤੇ ਉਦੋਂ ਵਾਕਿਆ ਹੀ ਤੁਹਾਡੇ ਲਈ ਬੋਲਣ ਵਾਲਾ ਕੋਈ ਨਹੀਂ ਬਚੇਗਾ!

ਚਾਹੇ ਗੁਜਰਾਤ ਦੀ ਵੱਢ-ਟੁਕ, ਸਾੜ-ਫੂਕ ਹੋਵੇ, ਚਾਹੇ ਬਾਬਰੀ-ਮਸਜਿਦ ਨੂੰ ਢਾਹੁਣ ਦਾ ਅਮਲ ਹੋਵੇ, ਚਾਹੇ 1984 ਦੀ ਸਿੱਖਾਂ ਦੀ ਨਸਲਕੁਸ਼ੀ ਹੋਵੇ ਕੋਈ ਫ਼ਰਕ ਨਹੀਂ ਪੈਂਦਾ। ਬਹੁ-ਗਿਣਤੀ ਦੇ ਅੰਨ੍ਹੇ ਘੋੜੇ 'ਤੇ ਸਵਾਰ ਹੋ ਕੇ ਤੁਸੀਂ ਜੋ ਮਰਜ਼ੀ ਕਰੋ, ਤੁਸੀਂ ਤਦ ਵੀ 'ਉਨ੍ਹਾਂ' ਦੇ ਹੀਰੋ ਬਣ ਜਾਉਗੇ!

ਬਹੁਗਿਣਤੀ ਦੀ ਕੱਟੜਵਾਦੀ ਸੋਚ ਘੱਟ-ਗਿਣਤੀ ਨੂੰ ਮਲੀਆਮੇਟ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਵਿਚ ਦਿਨ-ਰਾਤ ਕੰਮ ਕਰ ਰਹੀ ਹੈ। ਘੱਟ-ਗਿਣਤੀਆਂ ਦਾ ਗੌਰਵਮਈ ਇਤਿਹਾਸ, ਇਤਿਹਾਸ ਦੇ ਪੰਨਿਆਂ ਵਿੱਚੋਂ ਸਦਾ ਲਈ ਮਨਫ਼ੀ

ਹੋ ਜਾਵੇਗਾ। ਇਹ ਲੋਕ ਤੁਹਾਡੀ ਬੋਲੀ, ਤੁਹਾਡੇ ਸਭਿਆਚਾਰ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦੇਣਗੇ ਜੇਕਰ ਤੁਸੀਂ ਅਜੇ ਵੀ ਨਾ ਜਾਗੇ ! ਸਿਰ ਉੱਚਾ ਕਰਕੇ ਜਿਉਣ ਦੇ ਸਾਰੇ ਸਬੱਬ ਤੁਹਾਡੇ ਕੋਲੋਂ ਬੜੀ ਤੇਜ਼ੀ ਨਾਲ ਖੋਹੇ ਜਾ ਰਹੇ ਹਨ। ਪਰ ਤੁਸੀਂ ਅਜੇ ਵੀ ਸੁੱਤੇ ਪਏ ਹੋ। ਆਹ ਵੇਖੋ ਗੁਰਭਜਨ ਗਿੱਲ ਕੀ ਕਹਿ ਰਹੇ ਨੇ : "ਗਰਦਣ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ, ਬੇਸ਼ਰਮਾਂ ਦਾ ਨੀਵੀਂ ਪਾ ਕੇ ਸਰ ਜਾਂਦਾ ਹੈ।"

ਪੰਜਾਬ ਦੇ ਲੋਕਾਂ ਦੀ ਗੱਲ ਕਰਦਿਆਂ ਤਾਂ ਹੁਣ ਡਰ ਹੀ ਆਉਂਦਾ ਏ। ਇਥੋਂ ਦਾ ਹਰ ਖੇਤਰਫ਼ਲ ਫ਼ੇਲ੍ਹ ਹੁੰਦਾ ਜਾ ਰਿਹਾ। ਉਹ ਸਮਾਂ ਦੂਰ ਨਹੀਂ ਜਦ ਬਾਹਰ ਜਾ ਵੱਸੇ ਪੰਜਾਬੀਆਂ ਨੂੰ ਆਪਣੇ ਘਰਾਂ ਅੰਦਰ ਵੜਨ ਤੋਂ ਵੀ ਡਰ ਲੱਗੇਗਾ ! ਇਨ੍ਹਾਂ ਕੋਲ ਆਪਣੇ ਬੱਚਿਆਂ ਨੂੰ ਦੱਸਣ ਲਈ ਕੁਝ ਵੀ ਬਾਕੀ ਨਹੀਂ ਰਹੇਗਾ ! ਹਿੰਦੋਸਤਾਨ ਅੰਦਰ ਰਹਿ ਰਹੀਆਂ ਘੱਟ-ਗਿਣਤੀ ਕੌਮਾਂ ਨੂੰ ਚੰਗੀ ਸੁਚਾਰੂ ਵਿੱਦਿਆ ਦੇ ਨਾਲ-ਨਾਲ ਬਹੁਤ ਹੀ ਅਕਲਮੰਦ ਹੋਣ ਦੀ ਲੋੜ ਹੈ ਵਰਨਾ ਇਨ੍ਹਾਂ ਦੀ ਹੋਂਦ ਹੀ ਖ਼ਤਮ ਹੋ ਜਾਵੇਗੀ !

ਅਜਿਹੀ ਕੱਲੇ ਕਰਮੇ ਦੀ ਸੋਚ ਹੀ ਨਹੀਂ, ਹੋਰ ਵੀ ਬਹੁਤ ਲੋਕ ਇੰਝ ਹੀ ਸੋਚ ਰਹੇ ਹੋਣਗੇ !

ਦਰਿਆ ਵਿਚ ਆਏ ਤੂਫ਼ਾਨ ਨੂੰ ਚੀਰ ਕੇ ਪਾਰ ਕਰਨਾ ਬਹੁਤ ਘੱਟ ਲੋਕਾਂ ਦੇ ਨਸੀਬ ਵਿਚ ਹੁੰਦਾ ਹੈ। ਬਹੁਤੇ ਤਾਂ ਰੁੜ੍ਹ ਕੇ ਹੀ ਡੁੱਬ-ਮਰ ਜਾਂਦੇ ਨੇ। ਅੱਗ ਦੇ ਦਰਿਆ ਨੂੰ ਪਾਰ ਕਰਨਾ ਸੱਚੇ ਇਸ਼ਕ ਦਾ ਜਨੂੰਨ ਹੋਵੇ ਤਾਂ ਹੀ ਸਿਰੇ ਲੱਗਿਆ ਜਾਂਦਾ ! ਵਰਨਾ ਸੜ ਕੇ ਸੁਆਹ ਹੋ ਜਾਣਾ ਯਕੀਨੀ ਏ।

ਦੁਨੀਆ ਅੰਦਰ ਬਹੁਤ ਅਜਿਹੇ ਖੇਤਰ ਹਨ ਜੋ ਜਵਾਲਾਮੁਖੀ ਵਰਗੇ ਕਗਾਰ ਭਾਵ ਕੰਢੇ 'ਤੇ ਖੜ੍ਹੇ ਦਿਖਾਈ ਦੇ ਰਹੇ ਹਨ। ਉਨ੍ਹਾਂ ਵਿੱਚੋਂ ਕਰਮੇ ਦੀ ਜਨਮ-ਮਿੱਟੀ ਵੀ ਇਕ ਹੈ। 20ਵੀਂ ਸਦੀ ਦੇ ਅੱਧ ਤੋਂ ਬਾਅਦ ਆਈਆਂ ਅਚਾਨਕ ਤਬਦੀਲੀਆਂ ਯਾਨੀ ਕਿ ਅਖੌਤੀ 'ਤਰੱਕੀਆਂ' ਨੇ ਆਪਣੇ 'ਚਮਤਕਾਰ' ਵਿਖਾਏ ਵੀ ਹਨ। ਅੱਜ ਅਸੀਂ ਬੜੇ ਮਹਿੰਗੇ ਭਾਅ ਤਰੱਕੀਆਂ ਦਾ ਮੁੱਲ ਤਾਰ ਰਹੇ ਹਾਂ।

ਏਸ 'ਤਰੱਕੀ' ਨੇ ਬਹੁਤ ਕੁਝ ਦਾ ਧਰਤੀ ਤੋਂ ਨਾਮੋ-ਨਿਸ਼ਾਨ ਹੀ ਮਿਟਾ ਦਿੱਤਾ। ਕੀ ਇਹ 'ਤਰੱਕੀ' ਦਾ ਕਸੂਰ ਏ ਜਾਂ ਇਨਸਾਨ ਜਵਾਬਦੇਹ ਹੈ? ਅੱਜ ਬਿਨਾਂ ਕੁਝ ਬੋਲਿਆਂ ਕੁਦਰਤ ਸਾਡੇ ਤੋਂ ਇਸ ਦਾ ਜਵਾਬ ਉਡੀਕ ਰਹੀ ਏ !

ਅੱਜ ਦੀ ਮੰਡੀਕਰਨ ਦੀ ਦੌੜ ਵਿਚ ਬੰਦਾ ਏਸ ਕਦਰ ਗਵਾਚ ਗਿਆ ਹੈ ਕਿ ਉਸ ਦੀ ਆਪਣੀ ਖ਼ੁਦ ਦੀ ਪਹਿਚਾਣ ਵੀ ਗੁੰਮ ਹੁੰਦੀ ਜਾ ਰਹੀ ਹੈ। ਬੰਦੇ ਨੂੰ ਤਾਂ ਇਹ ਵੀ ਭੁੱਲ ਗਿਆ ਏ ਕਿ ਜ਼ਿੰਦਗੀ ਦਾ ਮਕਸਦ ਕੀ ਏ !

ਕਰਮੇ ਨੂੰ ਬਾਬੇ ਸੁਰੈਣੂ ਦੀਆਂ ਸੁਭਾਵਿਕ ਕੀਤੀਆਂ ਗੱਲਾਂ ਯਾਦ ਆਉਂਦੀਆਂ। ਕਿੱਡੇ ਸਿਆਣੇ ਹੁੰਦੇ ਸਨ ਪੁਰਾਣੇ ਲੋਕ ! ਨਾ ਪੜ੍ਹਾਈ, ਨਾ ਲਿਖਾਈ ਫਿਰ ਵੀ ਸੁਕਰਾਤ ਵਾਂਗ ਨੌਜਵਾਨਾਂ ਅੰਦਰ ਨਵੀਂ ਸੋਚ, ਨਵੇਂ ਵਿਚਾਰ, ਕੁਝ ਸਮਾਜਿਕ ਤਾਣੇ-ਬਾਣੇ ਲਈ ਚੰਗਾ ਕਰਨ ਦੀ ਭਾਵਨਾ ਅਤੇ ਗ਼ਲਤ ਰਾਜਨੀਤਿਕ ਢਾਂਚੇ ਨੂੰ ਤਹਿਸ-ਨਹਿਸ ਕਰਨ ਦੀ ਅਗਨ ਪੈਦਾ ਕਰਨ ਦੀ ਗੱਲ।

ਕਿੰਨੇ ਸੱਚੇ-ਸੁੱਚੇ ਹੁੰਦੇ ਸਨ ਓਹ ਲੋਕ ਕਿ ਜੋ ਉਨ੍ਹਾਂ ਦੇ ਦਿਲਾਂ-ਮਨਾਂ ਅੰਦਰ ਹੁੰਦਾ ਉਹੀ ਬਾਹਰ ਹੁੰਦਾ!

ਸਰਕਾਰੀ ਜਬਰ ਦਾ ਕੁਹਾੜਾ ਪੰਜਾਬ ਦੀ ਨੌਜਵਾਨੀ ਉੱਪਰ ਐਸਾ ਵਰ੍ਹਿਆ ਕਿ ਹਜ਼ਾਰਾਂ ਹੀ ਨੌਜਵਾਨ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਯੂਰਪੀ ਮੁਲਖਾਂ ਨੂੰ ਵਹੀਰਾਂ ਘੱਤ ਗਏ। ਰਾਜਨੀਤਿਕ ਪਨਾਹਾਂ ਤਕ ਲਈਆਂ ਗਈਆਂ। ਕਰੀਬ ਤੀਹ ਹਜ਼ਾਰ ਪੰਜਾਬੀਆਂ ਨੂੰ ਬੇਪਛਾਣੇ ਬਣਾ ਕੇ ਸਾੜ ਦਿੱਤਾ ਗਿਆ। ਜਸਵੰਤ ਸਿੰਘ ਖਾਲੜਾ ਨੇ ਜਦ ਪੂਰੀ ਜਾਣਕਾਰੀ ਇਨ੍ਹਾਂ ਮਰਨ ਵਾਲਿਆਂ ਦੀ ਛਾਪੀ ਤਾਂ ਪੰਜਾਬ ਦੇ ਪੁਲੀਸ ਸੁਪਰੀਮੋ ਕੇ.ਪੀ.ਐੱਸ. ਗਿੱਲ ਨੇ ਉਸ ਦਾ ਵੀ ਖ਼ਾਤਮਾ ਕਰਕੇ ਲਾਸ਼ ਨੂੰ ਹੀ ਖ਼ੁਰਦ-ਬੁਰਦ ਕਰ ਦਿੱਤਾ ਸੀ।

ਜ਼ੁਲਮ ਦੀ ਅਜਿਹੀ ਹਨੇਰੀ ਪੰਜਾਬ ਨੇ 1947 ਦੀ ਵੰਡ ਤੋਂ ਬਾਅਦ ਏਡੀ ਦਰਦਨਾਕ ਪਹਿਲੀ ਵੇਰ ਵੇਖੀ ਅਤੇ ਲੋਕ ਅੱਜ ਵੀ ਉਸ ਪੀੜਾ ਨੂੰ ਹੰਢਾ ਰਹੇ ਹਨ।

ਲੋਕ-ਵਿਖਾਵੇ ਦੇ ਤੌਰ ’ਤੇ ਬਹੁਤਾ ਰੱਬ ਨੂੰ ਮੰਨਣ ਵਾਲਾ ਤਾਂ ਨਹੀਂ ਸੀ ਪਰ ਹਰਿਮੰਦਰ ਸਾਹਿਬ ਉੱਪਰ ਹੋਏ ਹਮਲੇ ਨੇ ਉਸ ਨੂੰ ਫਿਰ ਵੀ ਬੁਰੀ ਤਰ੍ਹਾਂ ਝੰਜੋੜ ਸੁੱਟਿਆ ਸੀ। ਅਮਰੀਕਾ ਅੰਦਰ ਹਰਿਮੰਦਰ ਸਾਹਿਬ ਉਤੇ ਹੋਏ ਹਮਲੇ ਵਿਰੁੱਧ ਵੱਡੇ-ਵੱਡੇ ਰੋਸ-ਮੁਜ਼ਾਹਰੇ ਹੋਏ। ਕਰਮੇ ਨੇ ਵੀ ਉਨ੍ਹਾਂ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ‘ਖਾਲਿਸਤਾਨ ਜ਼ਿੰਦਾਬਾਦ’ ਅਤੇ ‘ਭਾਰਤ ਸਰਕਾਰ ਮੁਰਦਾਬਾਦ’ ਦੇ ਨਾਹਰੇ ਗੂੰਜਦੇ। ਕਰਮੇ ਨੇ ਕਦੇ ਵੀ ਖਾਲਿਸਤਾਨ ਲੈਣ ਲਈ ਕੋਈ ਹਾਮੀ ਨਹੀਂ ਸੀ ਭਰੀ ਕਿਉਂਕਿ ਉਹ ਤਾਂ ਸ਼ੁਰੂ ਤੋਂ ਹੀ ਸਮਾਜਵਾਦੀ ਵਿਚਾਰਧਾਰਾ ਨਾਲ ਜੁੜਿਆ ਹੋਇਆ ਸੀ। ਉਸ ਨੇ ਹੋਰ ਵੀ ਡੂੰਘਾਈ ਨਾਲ ਸਿੱਖ ਇਤਿਹਾਸ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨਾ ਤੇ ਵਿਚਾਰਨਾ ਜ਼ਰੂਰ ਸ਼ੁਰੂ ਕਰ ਦਿੱਤਾ ਸੀ। ਉਹ ਹਿੰਦੂ ਮਨੂੰਵਾਦੀ ਸੋਚ ਨੂੰ ਆਪਣੀ ਪਕੜ ਵਿਚ ਲਿਆਉਣਾ ਚਾਹੁੰਦਾ ਸੀ। ਸਰਕਾਰ ਵੱਲੋਂ ਵਰਤੇ ਜਾਣ ਵਾਲੇ ਲਕਬਾਂ ਜਿਵੇਂ ਅੱਤਵਾਦੀ, ਵੱਖਵਾਦੀ, ਦੇਸ਼-ਧਰੋਹੀ ਉਹ ਸਮਝਣ ਦਾ ਯਤਨ ਕਰਦਾ। ਉਹ ਆਪਣੇ ਵਿਚਾਰਾਂ ਨੂੰ ਲਿਖ ਕੇ ਅਖ਼ਬਾਰਾਂ-ਰਸਾਲਿਆਂ ਨੂੰ ਭੇਜਦਾ। ਹੌਲੀ-ਹੌਲੀ ਉਹ ਲੋਕਾਂ ਵਿਚ ਜਾਣਿਆ ਜਾਣ ਲੱਗਾ। ਪਰ ਉਹ ਬੇਚੈਨ ਰਹਿੰਦਾ। ਉਹ ਕੁਝ ਵੱਖਰਾ ਕਰਨਾ ਚਾਹੁੰਦਾ ਸੀ।

ਬਾਹਰਲੇ ਮੁਲਖਾਂ ਵਿਚ ਪੰਜਾਬੀਆਂ ਲਈ ਆ-ਜਾ ਕੇ ਗੁਰੂ-ਘਰ ਹੀ ਉਨ੍ਹਾਂ ਲਈ ਐਤਵਾਰ ਨੂੰ ਜੁੜਨ ਦਾ ਸਬੱਬ ਬਣਦੇ। ਯਾਰਾਂ-ਦੋਸਤਾਂ ਨੂੰ ਮਿਲਣਾ, ਗੱਪਾਂ ਮਾਰਨੀਆਂ ਇਕ-ਦੂਜੇ ਦੀਆਂ ਚੁਗ਼ਲੀਆਂ ਅਤੇ ਵੈਰ-ਵਿਰੋਧ ਸਹੇੜਨੇ ਇਹ ਵਰਤਾਰਾ ਅਜੇ ਵੀ ਗੁਰੂ-ਘਰਾਂ ਵਿਚ ਨਿਰੰਤਰ ਕਾਇਮ ਸੀ। ਕਰਮਾ ਇਸ ਵਰਤਾਰੇ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦਾ। ਹੌਲੀ-ਹੌਲੀ ਸਮਾਂ ਪੈਣ ’ਤੇ ਕਰਮੇ ਨੇ ਗੁਰਦੁਆਰੇ ਅੰਦਰ ਕਾਬਜ਼ ਪੁਰਾਣੇ ਡਾਕਟਰਾਂ, ਇੰਜੀਨੀਅਰਾਂ ਅਤੇ ਕਾਰੋਬਾਰੀਆਂ ਵੱਲੋਂ ਹੋ ਰਹੀਆਂ ਕੁਰੀਤੀਆਂ ਵਿਰੁੱਧ ਬੋਲਣਾ ਸ਼ੁਰੂ ਕੀਤਾ। ਵਿਰੋਧ ਜ਼ਰੂਰ ਹੋਇਆ ਪਰ ਕਰਮੇ ਨੇ ਪਰਵਾਹ ਨਾ ਕੀਤੀ। ਬੱਚਿਆਂ ਨੂੰ ਖੇਡਾਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਵੱਲ ਲਿਆਉਣ ਲਈ ਨਿੱਗਰ ਕੰਮ ਕੀਤੇ। ਸਮਾਂ ਆਇਆ ਤਾਂ ਖੇਡਾਂ ਦੇ ਮੁਕਾਬਲੇ ਹੋਣ ਲੱਗੇ। ਬਾਹਰ ਵੱਡੇ ਹਾਲਾਂ ਵਿਚ ਗੀਤ-ਸੰਗੀਤ, ਭੰਗੜੇ, ਡਰਾਮੇ ਹੋਣ ਲੱਗੇ। ਬੱਚਿਆਂ ਨੂੰ ਗੁਰਦੁਆਰੇ ਤੋਂ ਬਾਹਰ ਇਕ ਸੁਚਾਰੂ ਵਾਤਾਵਰਨ ਵਿਚ ਵਧਣ-ਫੁਲਣ ਦੇ ਅਵਸਰ ਮਿਲਣ ਲੱਗੇ।

ਪੰਜਾਬ ਤੋਂ ਆਈ ਨਵੀਂ ਨੌਜਵਾਨੀ ਨੇ ਗੁਰਦੁਆਰਿਆਂ ਦੇ ਪ੍ਰਬੰਧਕੀ ਢਾਂਚੇ ਬਦਲ ਕੇ ਰੱਖ ਦਿੱਤੇ। ਕਰਮਾ ਵੀ ਬੋਰਡ ਮੈਂਬਰ ਬਣਦਾ ਰਿਹਾ ਤੇ ਸਕੱਤਰੀ ਦੀ ਸੇਵਾ ਵੀ ਨਿਭਾਈ। ਸਕੱਤਰੀ ਦੀ ਸੇਵਾ ਕਰਦਿਆਂ ਕਰਮੇ ਅੰਦਰ ਨਿਮਰਤਾ ਵੀ ਆਈ। ਉਸ ਨੇ ਖ਼ੁਦ ਬੜਾ ਅਜੀਬ ਮਹਿਸੂਸ ਕੀਤਾ। ਇਹ ਵੀ ਪ੍ਰਤੀਤ ਕੀਤਾ ਗੁਰੂ ਗ੍ਰੰਥ ਸਾਹਿਬ ਅੰਦਰ ਕੁਝ ਤਾਂ ਐਸਾ ਵਧੀਆ ਹੈ ਜਿਸ ਦਾ ਆਸਰਾ ਹਰੇਕ ਜੰਮਣ-ਮਰਨ ਵੇਲੇ ਅਵੱਸ਼ ਲਿਆ ਜਾਂਦਾ ਹੈ।

ਪੰਜਾਬ ਦੇ ਹਾਲਾਤ ਵਿਗੜ ਗਏ। ਭਾਰਤ ਦੀ ਉਸ ਵਕਤ ਦੀ ਕਾਂਗਰਸੀ ਹਕੂਮਤ ਦੇ ਦਿਸ਼ਾ-ਨਿਰਦੇਸ਼ਾਂ ’ਤੇ ਹਰਿਮੰਦਰ ਸਾਹਿਬ (ਸਿੱਖਾਂ ਦਾ ਸਭ ਤੋਂ ਉੱਤਮ ਧਾਰਮਿਕ ਸਥਾਨ) ਅੰਮ੍ਰਿਤਸਰ ਫੌਜ ਨੇ ਜੂਨ ਦੇ ਪਹਿਲੇ ਹਫ਼ਤੇ ਹਮਲਾ ਕਰ ਦਿੱਤਾ ਜੋ ਬੇਹੱਦ ਕਰੂਰ ਤੇ ਅਣਮਨੁੱਖੀ ਹਮਲਾ ਸੀ ਤੇ ਲਗਾਤਾਰ 3-4 ਦਿਨ ਚੱਲਦਾ ਰਿਹਾ ਜਿਸ ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਜਿਨ੍ਹਾਂ ਵਿਚ ਬਜ਼ੁਰਗ, ਔਰਤਾਂ, ਨੌਜਵਾਨ ਬੱਚੇ ਮਾਰੇ ਗਏ। ਗੱਲ ਤਾਂ ਸ਼ੁਰੂ ਹੋਈ ਸੀ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਤੇ ਓੜਕ ਮੁੱਕੀ ਜਾ ਕੇ ਗੋਲੀਆਂ, ਬਾਰੂਦਾਂ, ਬੰਬਾਂ ਦੇ ਹਮਲਿਆਂ ਨਾਲ। ਆਨੰਦਪੁਰ ਵਿਖੇ 1973 ਵਿਚ ਅਕਾਲੀ ਦਲ ਵੱਲੋਂ ਮਤੇ ਪਾਸ ਕੀਤੇ ਗਏ ਜਿਨ੍ਹਾਂ ਵਿਚ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਮੁੱਖ ਗੱਲ ਤੋਂ ਇਲਾਵਾ ਪੰਜਾਬ ਅੰਦਰ ਆਨੰਦਪੁਰ ਮਤੇ ਵਿਚ ਸਭ ਤੋਂ ਵੱਧ ਆਵੱਸ਼ਕ ਮੰਗ ਜੋ ਨਿਖਰ ਕੇ ਸਾਹਮਣੇ ਆਈ ਉਹ ਸੀ ਪੰਜਾਬ ਦੇ ਪਾਣੀਆਂ ਦੀ ਲੁੱਟ ਨੂੰ ਰੋਕਣਾ।

13 ਅਪਰੈਲ, 1978 ਦੀ ਵਿਸਾਖੀ ਤਕ ਪੰਜਾਬ ਤੋਂ ਬਾਹਰ ਗਏ ਲੋਕ

ਬਹੁਤ ਘੱਟ ਸਨ ਜਿਨ੍ਹਾਂ ਨੇ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਨਾਂ ਸੁਣਿਆ ਸੀ। ਉਹ ਅਜੇ ਇਕ ਸਾਲ ਪਹਿਲਾਂ ਹੀ ਦਮਦਮੀ ਟਕਸਾਲ ਮੁਖੀ ਕਰਤਾਰ ਸਿੰਘ ਦੇ 16 ਅਗਸਤ 1977 ਨੂੰ ਹੋਏ ਅਕਾਲ-ਚਲਾਣੇ ਤੋਂ ਬਾਅਦ ਟਕਸਾਲ ਦਾ ਮੁਖੀ ਬਣਿਆ ਸੀ। ਅੰਮ੍ਰਿਤਸਰ ਵਿਚ ਨਿਰੰਕਾਰੀ ਸੰਪਰਦਾ ਦੇ ਪ੍ਰਧਾਨ ਗੁਰਬਚਨ ਸਿੰਘ ਵੱਲੋਂ ਇਕ ਸਮਾਗਮ ਉਲੀਕਿਆ ਗਿਆ। ਭਿੰਡਰਾਂਵਾਲਾ ਧੜਾ ਇਸ ਦੇ ਵਿਰੋਧ ਵਿਚ ਸੀ ਪਰ ਅਕਾਲੀ-ਜਨਤਾ ਸਰਕਾਰ **'ਨਾ ਇਧਰ ਨਾ ਉਧਰ'** ਸੀ। ਅਖੰਡ ਕੀਰਤਨੀ ਜੱਥੇ ਅਤੇ ਭਿੰਡਰਾਂਵਾਲਿਆਂ ਗਰੁੱਪ ਦਾ ਨਿਰੰਕਾਰੀਆਂ ਨਾਲ ਟਕਰਾਅ ਹੋ ਗਿਆ। ਟਕਰਾਅ ਵਿਚ ਸਤਾਰਾਂ ਵਿਅਕਤੀ ਜੋ ਕਿ ਕਰੀਬ-ਕਰੀਬ ਸਾਰੇ ਹੀ ਅਖੰਡ ਕੀਰਤਨੀ ਜਥੇ ਨਾਲ ਸਬੰਧਿਤ ਸਨ, ਮਾਰੇ ਗਏ। ਬਸ ਫਿਰ ਕੀ ਸੀ ਭਿੰਡਰਾਂਵਾਲੇ ਧੜੇ ਅੰਦਰ ਬਹੁਤ ਗੁੱਸੇ ਦੀ ਲਹਿਰ ਉਭਰ ਕੇ ਪ੍ਰਗਟ ਹੋਈ ਜਿਸ ਦਾ ਜਨਮ ਹੋਣਾ ਕੁਦਰਤੀ ਸੀ। ਅਪਰੈਲ 24, 1980 ਨੂੰ ਗੁਰਬਚਨ ਸਿੰਘ ਨੂੰ ਦਿੱਲੀ ਵਿਚ ਕਤਲ ਕਰ ਦਿੱਤਾ ਗਿਆ। ਇਸ ਕਤਲ ਪਿੱਛੇ ਭਿੰਡਰਾਂਵਾਲੇ ਦੇ 20 ਬੰਦਿਆਂ ਨੂੰ ਨਾਮਜ਼ਦ ਕੀਤਾ ਗਿਆ ਤੇ ਸਾਰੀ ਸਾਜ਼ਿਸ਼ ਪਿੱਛੇ ਉਸੇ ਦਾ ਹੱਥ ਠਹਿਰਾਇਆ ਗਿਆ। ਗਿਆਨੀ ਜ਼ੈਲ ਸਿੰਘ ਸਮੇਂ ਦੇ ਗ੍ਰਹਿ ਮੰਤਰੀ ਨੇ ਪੁਲਿਸ ਬਿਆਨਾਂ ਨੂੰ ਝੂਠ ਦੱਸਿਆ। ਗਿਆਨੀ ਜ਼ੈਲ ਸਿੰਘ ਪੰਜਾਬ ਅੰਦਰ ਭਿੰਡਰਾਂਵਾਲੇ ਨੂੰ ਅਕਾਲੀਆਂ ਖਿਲਾਫ਼ ਵਰਤਣਾ ਚਾਹੁੰਦਾ ਸੀ ਅਤੇ ਇੰਝ ਉਸ ਨੇ ਕੀਤਾ ਵੀ। ਲੇਕਿਨ ਆਪਣੇ ਛੋਟੇ-ਛੋਟੇ ਸਿਆਸੀ ਮੁਫ਼ਾਦਾਂ ਲਈ ਸਰਕਾਰ ਨੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਜੋ ਬਾਅਦ ਵਿਚ ਹਰਿਮੰਦਰ ਸਾਹਿਬ ਉੱਪਰ ਹਮਲਾ ਤੇ ਅਖੀਰ ਇੰਦਰਾ ਗਾਂਧੀ ਲਈ ਮੌਤ ਦਾ ਕਾਰਨ ਹੋ ਨਿੱਬੜੇ। ਜੂਨ 1984 ਅਤੇ ਅਕਤੂਬਰ-ਨਵੰਬਰ 1984 ਦਿੱਲੀ ਸਿੱਖ ਕਤਲੋਗਾਰਤ ਨੇ ਸਿੱਖ ਮਾਨਸਿਕਤਾ ਨੂੰ ਬੁਰੀ ਤਰ੍ਹਾਂ ਵਲੂੰਧਰ ਦਿੱਤਾ। ਫਲਸਰੂਪ ਬਹੁਤ ਸਾਰੇ ਕਾਮਰੇਡਾਂ ਦੇ ਘਰਾਂ ਦੀਆਂ ਦੀਵਾਰਾਂ 'ਤੇ ਮਾਰਕਸ-ਲੈਨਿਨ-ਮਾਓ ਦੀਆਂ ਤਸਵੀਰਾਂ ਦੇ ਨਾਲ-ਨਾਲ ਗੁਰੂ ਗੋਬਿੰਦ ਸਿੰਘ ਅਤੇ ਭਿੰਡਰਾਂਵਾਲੇ ਦੀਆਂ ਤਸਵੀਰਾਂ ਵੀ ਆਣ ਲੱਗੀਆਂ। ਸਿੱਖਾਂ ਅੰਦਰ ਬੇਗਾਨਗੀ ਤਾਂ ਪਹਿਲਾਂ ਹੀ ਸੀ ਹੁਣ ਇਹ ਹੋਰ ਵੀ ਪ੍ਰਤੱਖ ਸਾਹਮਣੇ ਆਉਣ ਲੱਗੀ।

ਚਾਹੇ ਭਿੰਡਰਾਂਵਾਲੇ ਨੇ ਆਪਣੇ ਜਿਉਂਦੇ-ਜੀਅ ਕਦੇ ਖਾਲਿਸਤਾਨ ਦੀ ਮੰਗ ਨਹੀਂ ਸੀ ਕੀਤੀ ਪਰ ਇਹ ਜ਼ਰੂਰ ਕਿਹਾ ਸੀ ਕਿ 'ਜਿਸ ਦਿਨ ਇੰਦਰਾ ਨੇ ਹਰਿਮੰਦਰ ਸਾਹਿਬ ਅੰਦਰ ਫੌਜ ਲਿਆ ਵਾੜੀ ਸਮਝੋ ਖਾਲਿਸਤਾਨ ਦਾ ਨੀਂਹ ਪੱਥਰ ਰੱਖਿਆ ਗਿਆ!'

ਇਸ ਕਤਲੋ-ਗਾਰਤ ਵਿਚ ਕਿੰਨੇ ਲੋਕ ਮਾਰੇ ਗਏ — ਇਹ ਤੱਥ ਕਦੇ

ਵੀ ਸਹੀ ਗਿਣਤੀ ਵਿਚ ਸਾਹਮਣੇ ਨਹੀਂ ਆਉਣਗੇ। ਬਿਨਾਂ ਸ਼ੱਕ ਇਹ ਗਿਣਤੀ ਸੈਂਕੜੇ 'ਚ ਨਹੀਂ ਹਜ਼ਾਰਾਂ 'ਚ ਸੀ।

ਇਕ ਬੇਚੈਨੀ, ਤੜਫ਼ ਵਾਰ-ਵਾਰ ਆਣ ਘੇਰਦੀ। ਕਰਮਾ ਜਿਵੇਂ ਕਿਧਰੇ ਉੱਡ ਜਾਣ ਲਈ, ਕੁਝ ਨਵਾਂ ਕਰਨ ਲਈ ਕਿਸੇ ਘੁੰਮਣਘੇਰੀ ਵਿਚ ਘਿਰਿਆ ਮਹਿਸੂਸ ਕਰਦਾ। ਉਹ ਆਪਣੇ ਆਪ ਨੂੰ ਲੁੱਟਿਆ-ਪੁੱਟਿਆ ਮਹਿਸੂਸ ਕਰਦਾ। ਏਨਾ ਪੜ੍ਹ-ਲਿਖ ਕੇ ਵੀ ਹਾਲਾਤ ਦੀ ਮਜਬੂਰੀ ਨੇ ਉਸ ਨੂੰ ਉਸ ਦੀ ਅਸਲ ਲਿਆਕਤ ਅਨੁਸਾਰ ਕਿਧਰੇ ਖਿੜਨ-ਵਿਗਸਣ ਨਾ ਦਿੱਤਾ। ਇਸ ਲਈ ਬੇਹੱਦ ਸੁਭਾਵਿਕ ਸੀ ਕਿ ਕਦੀ-ਕਦੀ ਬਹੁਤ ਮਾਯੂਸ ਜ਼ਰੂਰ ਹੋ ਜਾਂਦਾ ਪਰ ਇਕ ਗੱਲ ਨੇ ਉਸ ਦਾ ਸਦਾ ਭੈੜੇ ਤੋਂ ਭੈੜੇ ਸਮਿਆਂ ਵਿਚ ਵੀ ਉਸ ਨੂੰ ਦਿਲ ਕਾਇਮ ਰੱਖਣ ਤੇ ਹਿੰਮਤ ਬਣਾਈ ਰੱਖਣ ਦੀ ਤਾਕਤ ਵਿਚ ਰੱਖਿਆ ਤੇ ਉਹ ਸੀ ਉਸ ਦੇ ਬਾਪੂ ਦੀ ਹਮੇਸ਼ਾ ਚੜ੍ਹਦੀ ਕਲਾ, ਅਣਥੱਕ ਮਿਹਨਤ ਅਤੇ ਸੱਚੀ-ਸੁੱਚੀ ਲਗਨ। ਕਈ ਵੇਰ ਬਾਪੂ ਦਾ ਆਪਣੇ ਵਜਦ ਵਿਚ ਆਇਆਂ ਕਹਿਣਾ, 'ਏਹ ਮੇਰਾ ਬਾਦਸ਼ਾਹ ਪੁੱਤਰ ਏ।' ਕਰਮੇ ਲਈ ਹੋਰ ਪ੍ਰੇਰਨਾਦਾਇਕ ਬਣਦਾ ਰਿਹਾ।

ਕਰਮੇ ਲਈ ਉਸ ਦਾ ਬਾਪੂ ਇਕ ਅਸਲੀ ਇਨਸਾਨ ਦੀ ਦਾਸਤਾਨ ਤੋਂ ਘੱਟ ਨਹੀਂ ਸੀ।

ਕਰਮੇ ਦੇ ਆਲੇ-ਦੁਆਲੇ ਯਾਰਾਂ-ਦੋਸਤਾਂ, ਇਥੋਂ ਤਕ ਕਿ ਰਿਸ਼ਤੇਦਾਰੀਆਂ ਵਿੱਚ ਵੀ ਦੂਰੀਆਂ ਦਿੱਸਣ ਲੱਗੀਆਂ। ਦਾਰੂ ਦਾ ਤਾਂ ਉਹ ਸ਼ੁਰੂ ਤੋਂ ਸ਼ੌਕੀਨ ਸੀ ਪਰ ਗ਼ੁਲਾਮ ਫਿਰ ਵੀ ਨਹੀਂ ਸੀ। ਮਿੱਤਰ-ਮੰਡਲੀਆਂ ਦੇ ਗਲਾਸਾਂ ਦੇ ਟਕਰਾਅ ਮੱਧਮ ਹੋਣ ਲੱਗੇ। ਜਿਵੇਂ ਕਿਸੇ ਨੂੰ ਕਿਸੇ ਤੋਂ ਖੁੰਦਕ ਹੋਣ ਲੱਗੀ ਹੋਵੇ। ਕਿਉਂ ਇੰਝ ਹੋਣ ਲੱਗਾ ? ਸ਼ਾਇਦ ਇਸ ਪਿੱਛੇ ਖੁਦ ਕਰਮੇ ਦਾ ਹੀ ਇਕ ਇਹ ਕਸੂਰ ਸੀ ਕਿ ਉਹ ਮੂੰਹ-ਫੱਟ ਬਹੁਤ ਸੀ, ਜਿਹੜੀ ਗੱਲ ਉਸ ਨੂੰ ਠੀਕ ਲੱਗਦੀ ਉਹ ਕਹਿ ਦੇਂਦਾ। ਮੂਹਰੇ ਚਾਹੇ ਸੁਣਨ ਵਾਲੇ ਸਾਰੇ ਹੀ ਉਸ ਦੀ ਮੁਖ਼ਾਲਫ਼ਤ ਕਰ ਰਹੇ ਹੁੰਦੇ। ਪੜ੍ਹੇ-ਲਿਖੇ ਹੋਣ ਉਪਰੰਤ ਵੀ ਉਸ ਵਿੱਚੋਂ ਜੱਟਪੁਣਾ ਨਹੀਂ ਸੀ ਨਿਕਲਿਆ। ਉਹ ਸ਼ਾਇਦ ਆਉਣ ਵਾਲੇ ਵਕਤ ਦੀ ਨਬਜ਼ ਪਛਾਣ ਕੇ ਗੱਲ ਕਰਦਾ ਸੀ ਜਿਹੜੀ ਬਹੁਤਿਆਂ ਨੂੰ ਹਜ਼ਮ ਨਹੀਂ ਸੀ ਹੁੰਦੀ। ਉਹ ਝੂਠੀ ਠਾਠ-ਬਾਠ ਅਤੇ ਬਹੁਤੇ ਟੌਹਰ-ਟੱਪੇ ਵਿਚ ਬਿਲਕੁਲ ਯਕੀਨ ਨਹੀਂ ਸੀ ਕਰਦਾ। ਉਹ ਕਿਸੇ ਦਾ ਪਿਛਲੱਗ ਨਹੀਂ ਸੀ ਬਣਦਾ। ਉਹ ਹਰ ਯਤਨ ਕਰਦਾ ਕਿ ਕਿਸੇ ਤਰ੍ਹਾਂ ਨਵੇਂ ਰਾਹ ਉਲੀਕੇ ਜਾਣ। ਉਹ ਔਖੇ ਸੁਆਲ ਬਣਾ ਕੇ ਆਪਣੇ ਆਪ ਨੂੰ ਮਜਬੂਰ ਕਰਦਾ ਕਿ ਉਨ੍ਹਾਂ ਦੇ ਜੁਆਬ ਲੱਭੇ ਜਾਣ ਜਾਂ ਹੋਰਨਾਂ ਨਾਲ ਸੰਵਾਦ ਰਚਾ ਕੇ ਕੁਝ ਨਿਵੇਕਲਾ ਪੈਦਾ ਕੀਤਾ ਜਾਵੇ। ਉਹ ਇਸ ਦਾ ਆਦੀ ਸੀ।

## (10)

**ਰੱਖਦਾ ਦਾਨਿਸ਼ਮੰਦਾਂ ਦਾ ਮਰਤਬਾ, ਲੋਕੀਂ ਕਹਿੰਦੇ ਲਾਹੌਰ ਹੈ ਸ਼ਹਿਰ।**
**ਜਿਹਨੂੰ ਕਦੇ ਕਿਹਾ ਸੀ ਗੁਰਾਂ ਨੇ, "ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥"**

ਕੁਝ ਪਲ, ਕੁਝ ਸਥਾਨ ਅਤੇ ਕੁਝ ਮੁਲਾਕਾਤਾਂ ਹਮੇਸ਼ਾ ਯਾਦ ਰਹਿ ਜਾਂਦੀਆਂ ਹਨ। ਕਰਮੇ ਦੇ ਜੀਵਨ ਵਿੱਚ ਵੀ ਅਜਿਹੇ ਪਲ, ਅਜਿਹੇ ਸਥਾਨ ਅਤੇ ਕੁਝ ਵਿਅਕਤੀ ਅਜਿਹੇ ਆਏ ਕਿ ਜਿਨ੍ਹਾਂ ਨੂੰ ਉਹ ਕਦੇ ਭੁਲਾ ਨਹੀਂ ਸਕੇਗਾ। ਕਰਮੇ ਦੀ ਬਹੁਤ ਚਿਰ ਤੋਂ ਇਹ ਇੱਛਾ ਸੀ ਕਿ ਉਹ ਗੁਰੂ ਨਾਨਕ ਸਾਹਿਬ ਦੇ ਜਨਮ ਅਸਥਾਨ ਦੀ ਯਾਤਰਾ ਕਰੇ ਅਤੇ ਨਾਲ-ਨਾਲ ਪੰਜਾਬ ਦੇ ਉਨ੍ਹਾਂ ਪਾਤਰਾਂ ਦੇ ਬਾਰੇ ਜਾਣਕਾਰੀ ਹਾਸਿਲ ਕਰੇ ਜਿਨ੍ਹਾਂ ਨੇ ਹਿੰਮਤ ਅਤੇ ਬਹਾਦਰੀ ਦਾ ਵਿਖਾਲਾ ਕੀਤਾ ਜਾਂ ਪ੍ਰੇਮ ਅਤੇ ਪਿਆਰ ਦੀਆਂ ਅਨੰਤ ਕਹਾਣੀਆਂ ਰਚੀਆਂ। ਕਰਮੇ ਦੀ ਇਹ ਇੱਛਾ ਅਕਤੂਬਰ 2006 ਈ: ਵਿੱਚ ਪੂਰੀ ਹੋਈ ਜਦੋਂ ਉਹ ਆਪਣੀ ਪਤਨੀ ਨਾਲ ਪਾਕਿਸਤਾਨੀ ਪੰਜਾਬ ਜਾ ਅੱਪੜਿਆ। ਉਸ ਦਾ ਪਹਿਲਾ ਪੜਾਅ ਲਾਹੌਰ ਸੀ ਜਿਸ ਦੇ ਬਾਰੇ ਵਿੱਚ ਕਹਾਵਤ ਪ੍ਰਸਿੱਧ ਹੈ ਕਿ ਜਿਸ ਨੇ ਲਾਹੌਰ ਨਹੀਂ ਵੇਖਿਆ ਉਹ ਜੰਮਿਆ ਹੀ ਨਹੀਂ ! ਇਸੇ ਲਾਹੌਰ ਦੀਆਂ ਗਲੀਆਂ ਵੇਖਦੇ ਹੋਏ ਕਰਮੇ ਦੀ ਗੁਜ਼ਰ ਜ਼ਿਲ੍ਹਾ ਕਚਹਿਰੀ ਦੇ ਪਿਛਲੇ ਬੰਨੇ ਵਾਲੀ ਸੜਕ ਜੋ ਰੇਟਿੰਗਨ ਸੜਕ ਕਹਾਉਂਦੀ ਹੈ, ਉੱਤੇ ਹੋਈ ਤਾਂ ਉਹ ਬਾਬਾ ਫ਼ਰੀਦ ਦੇ ਚਿਲ੍ਹਾਗਾਹ ਜਾਂ ਬੈਠਕ ਜਾ ਅੱਪੜਿਆ ਜੋ ਇਕ ਚੁਰਸਤੇ ਉੱਤੇ ਸਥਿਤ ਸੀ। ਇਥੇ ਹੀ ਬਾਬਾ ਫਰੀਦ ਨੇ ਦਾਤਾ ਗੰਜਬਖਸ਼ ਦੇ ਮਜ਼ਾਰ ਦੇ ਕੋਲ ਚਿਲ੍ਹਾ ਕੱਟਿਆ ਸੀ। ਕਰਮਾ ਇਹ ਚਿਲ੍ਹਾਗਾਹ ਦੇ ਸਾਹਮਣੇ ਸਤਿਕਾਰ ਵਜੋਂ ਖੜ੍ਹਾ ਹੋ ਗਿਆ ਕਿਉਂਕਿ ਪਾਵਨ ਪਵਿੱਤਰ ਗੁਰੂ ਗ੍ਰੰਥ ਸਾਹਿਬ ਵਿੱਚ ਬਾਬਾ ਫ਼ਰੀਦ ਦੀ ਅਧਿਆਤਮਕ ਸ਼ਾਇਰੀ ਮੌਜੂਦ ਸੀ। ਇੱਥੋਂ ਨਿਕਲ ਕੇ ਕਰਮਾ ਗੁਰਦੁਆਰਾ ਡੇਰਾ ਸਾਹਿਬ ਪਹੁੰਚਾ ਜਿਸ ਨੂੰ ਚਾਰੇ ਬੰਨਿਓਂ ਮੀਨਾਰੇ ਪਾਕਿਸਤਾਨ, ਬਾਦਸ਼ਾਹੀ ਮਸਜਦ ਅਤੇ ਸ਼ਾਹੀ ਕਿਲ੍ਹੇ ਦੀਆਂ ਇਤਿਹਾਸਿਕ ਇਮਾਰਤਾਂ ਨੇ ਘੇਰ ਰੱਖਿਆ ਸੀ। ਗੁਰਦੁਆਰੇ ਦੇ ਪਿੱਛੇ ਮਹਾਰਾਜਾ ਰਣਜੀਤ ਸਿੰਘ, ਉਸ ਦੀ ਪਤਨੀ ਰਾਣੀ ਜਿੰਦਾਂ, ਬੇਟੇ ਖੜਕ ਸਿੰਘ, ਪੋਤੇ ਨੌਨਿਹਾਲ ਸਿੰਘ ਦੇ ਇਲਾਵਾ ਉਨ੍ਹਾਂ ਰਾਣੀਆਂ ਦੀਆਂ ਸਮਾਧੀਆਂ ਵੀ ਸਨ ਜੋ ਮਹਾਰਾਜਾ ਦੀ ਚਿਤਾ ਦੇ ਨਾਲ ਹੀ ਸਤੀ ਹੋ ਗਈਆਂ ਸਨ। ਕਰਮੇ ਦੀ

ਅਗਲੀ ਮੰਜ਼ਿਲ ਕਸੂਰ ਸ਼ਹਿਰ ਸੀ ਜਿੱਥੇ ਅਗਲੇ ਦਿਨ ਉਹ ਸਿੱਧਾ ਬਾਬਾ ਬੁੱਲ੍ਹੇ ਸ਼ਾਹ ਦੇ ਮਜ਼ਾਰ ਉੱਤੇ ਗਿਆ। ਬਾਬਾ ਬੁੱਲ੍ਹੇ ਸ਼ਾਹ ਦੀ ਇਹ ਅੰਤਮ ਆਰਾਮਗਾਹ 1757 ਈ: ਤੋਂ ਸਥਾਪਿਤ ਹੈ। ਇਸ ਸੂਫੀ ਕਵੀ ਦਾ ਕਲਾਮ ਜਦੋਂ ਵੀ ਕਰਮੇ ਨੂੰ ਸੁਣਨ ਦਾ ਮੌਕਾ ਮਿਲਦਾ ਤਾਂ ਮਾਨੋਂ ਉਸ ਦੇ ਦਿਲ ਦੇ ਤਾਰ ਹੀ ਹਿੱਲ ਜਾਂਦੇ।

ਕਸੂਰ ਤੋਂ ਹੁੰਦੇ ਹੋਏ ਹੁਣ ਉਹ ਕੰਗਣਪੁਰ ਪਿੰਡਾਂ ਦੀ ਤਰਫ਼ ਚੱਲ ਪਿਆ। ਇਹ ਉਹ ਇਤਿਹਾਸਿਕ ਜਗ੍ਹਾ ਹੈ ਜਿੱਥੇ ਇੱਕ ਵਾਰ ਬਾਬਾ ਗੁਰੂ ਨਾਨਕ ਪਾਤਸ਼ਾਹ, ਭਾਈ ਮਰਦਾਨਾ ਜੀ ਦੇ ਨਾਲ ਗੁਜ਼ਰੇ ਅਤੇ ਇੱਥੇ ਦੇ ਆਮ ਲੋਕਾਂ ਨੂੰ ਪਿਆਰ ਅਤੇ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਬਾਰੇ ਵਿੱਚ ਸੂਫ਼ੀਆਨਾ ਤਰੀਕੇ ਨਾਲ ਦੱਸਣਾ ਸ਼ੁਰੂ ਕੀਤਾ। ਪਿੰਡ ਦੇ ਲੋਕਾਂ ਨੇ ਮਜ਼ਾਕ ਉਡਾਇਆ ਅਤੇ ਠਹਿਰਨ ਦੀ ਦਾਅਵਤ ਵੀ ਨਹੀਂ ਦਿੱਤੀ ਸੀ। ਇਸ ਉੱਤੇ ਬਾਬਾ ਜੀ ਅਗਲੇ ਪਿੰਡ ਮਾਨਕ ਦੇ ਵੱਲ ਚੱਲ ਪਏ। ਜਾਂਦੇ-ਜਾਂਦੇ ਅਰਦਾਸ ਕੀਤੀ "ਵੱਸਦੇ ਰਹੋ" ਅਤੇ ਪਿੰਡ ਮਾਨਕ-ਦੇ ਦੇ ਲੋਕਾਂ ਵੱਲੋਂ ਪੁਰਜੋਸ਼ ਸਵਾਗਤ ਅਤੇ ਸੇਵਾ ਦੇ ਬਾਅਦ ਉਨ੍ਹਾਂ ਦੇ ਲਈ ਇਹ ਬੋਲ ਅਦਾ ਕੀਤੇ ਕਿ "ਸ਼ਾਲਾ ! ਉੱਜੜ ਜਾਓ।" ਭਾਈ ਮਰਦਾਨਾ ਦੇ ਹੈਰਾਨੀਜਨਕ ਭਾਵ ਅਤੇ ਸਵਾਲ ਉੱਤੇ ਗੁਰੂ ਬਾਬਾ ਜੀ ਕਹਿਣ ਲੱਗੇ ਕਿ ਜਿਨ੍ਹਾਂ ਲੋਕਾਂ ਨੇ ਬੁਰਾ-ਭਲਾ ਕਿਹਾ ਉਹ ਬਦਫ਼ਿਤਰਤ ਹਨ, ਜਿੱਥੇ ਜਾਣਗੇ ਬੁਰਾਈ ਹੀ ਫ਼ੈਲਾਉਣਗੇ। ਇਸ ਲਈ ਉਨ੍ਹਾਂ ਦੇ ਲਈ ਕਿਹਾ ਹੈ ਕਿ ਐਥੇ ਵੱਸਦੇ ਰਹੋ ਅਤੇ ਜੋ ਚੰਗੇ ਸੁਭਾਅ ਵਾਲੇ ਹਨ ਉਹ ਜਗ੍ਹਾ-ਜਗ੍ਹਾ ਫ਼ੈਲਣਗੇ ਤਾਂ ਚੰਗਿਆਈ ਹੀ ਫ਼ੈਲਾਉਣਗੇ। ਇਵੇਂ ਯਾਦਗਾਰੀ ਸਥਾਨਾਂ ਤੋਂ ਹੋ ਕੇ ਕਰਮੇ ਹੁਰਾਂ ਨੇ ਰਾਤ ਲਾਹੌਰ ਵਿੱਚ ਬਸਰ ਕੀਤੀ ਅਤੇ ਅਗਲੇ ਰੋਜ਼ ਬਹੁਤ ਮੋਹ ਦੇ ਨਾਲ ਗੁਰੂ ਨਾਨਕ ਸਾਹਿਬ ਦੀ ਜਨਮ-ਭੂਮੀ ਨਨਕਾਣਾ ਸਾਹਿਬ ਜਾ ਅੱਪੜਿਆ। ਰਸਤੇ ਵਿੱਚ ਉਹ ਆਪਣੇ ਮਨ ਵਿੱਚ ਬਾਬਾ ਜੀ ਦੀਆਂ ਅਨੇਕ ਫ਼ਲਸਫ਼ਾਨਾ ਅਤੇ ਹਿਕਮਤ ਭਰੀਆਂ ਗੱਲਾਂ ਅਤੇ ਕਹਾਣੀਆਂ ਨੂੰ ਮਨ-ਚਿੱਤ ਵਿਚ ਲਿਆਉਂਦਾ ਰਿਹਾ। ਗੁਰਦੁਆਰਾ ਜਨਮ ਅਸਥਾਨ ਅੱਪੜਿਆ ਤਾਂ ਜਿਵੇਂ ਉਸ ਦੇ ਮਨ ਦੀ ਇਕ ਵੱਡੀ ਮੁਰਾਦ ਪੂਰੀ ਹੋ ਗਈ। ਉਥੇ ਉਸ ਨੇ ਕੁਝ ਸਮਾਂ ਪੂਜਾ-ਪਾਠ ਕੀਤੀ। ਬਾਬਾ ਜੀ ਨਾਲ ਸੰਬੰਧਿਤ ਯਾਦਗਾਰੀ ਅਸਥਾਨਾਂ ਨੂੰ ਵੇਖਿਆ। ਉਸ ਦੇ ਨਾਲ ਉਸ ਦੀ ਘਰਵਾਲੀ ਕਰਮੀ ਅਤੇ ਉਸ ਦੇ ਤਿੰਨ ਪਾਕਿਸਤਾਨੀ ਮੇਜ਼ਬਾਨ ਵੀ ਸਨ। ਇਨ੍ਹਾਂ ਮੇਜ਼ਬਾਨਾਂ ਦੇ ਨਾਲ ਕਰਮਾ ਅਗਲੇ ਦਿਨ ਗੁਰੂਦੁਆਰਾ ਪੰਜਾ ਸਾਹਿਬ ਦੀ ਯਾਤਰਾ ਦੇ ਲਈ ਨਿਕਲ ਪਿਆ ਜੋ ਲਾਹੌਰ ਤੋਂ ਕਾਫ਼ੀ ਦੂਰੀ 'ਤੇ ਭਾਵ 395 ਕਿਲੋਮੀਟਰ ਦੂਰ ਸੀ। ਇਹ ਗੁਰੂਦੁਆਰਾ ਬਾਬਾ ਗੁਰੂ ਨਾਨਕ ਸਾਹਿਬ ਜੀ ਦੇ ਉਸ ਇਤਿਹਾਸਿਕ ਕਾਰਨਾਮੇ ਦੀ ਯਾਦਗਾਰ ਹੈ ਜਿਥੇ ਉਨ੍ਹਾਂ ਦੀ ਕਿਰਪਾ

ਸਦਕਾ ਉੱਚੀ ਪਹਾੜੀ ਦੇ ਪੈਰਾਂ ਹੇਠ ਇਕ ਵੱਡੇ ਪੱਥਰ ਲਾਗਿਓਂ ਠੰਡੇ ਅਤੇ ਸਾਫ ਪਾਣੀ ਦਾ ਚਸ਼ਮਾ ਫੁੱਟ ਪਿਆ ਸੀ। 1521 ਈਃ ਤੋਂ ਇਸ ਚਸ਼ਮੇ ਤੋਂ ਤਾਜ਼ਾ ਅਤੇ ਸਾਫ਼ ਪਾਣੀ ਹੁਣ ਤਕ ਚੱਲ ਰਿਹਾ ਹੈ। ਕਰਮਾ ਗੁਰਦੁਆਰਾ ਸਾਹਿਬ ਅਤੇ ਇਸ ਵਗਦੇ ਚਸ਼ਮੇ ਦੇ ਪਾਣੀ ਅਤੇ ਆਲੇ-ਦਵਾਲੇ ਦੇ ਵਾਤਾਵਰਣ ਅਤੇ ਮਾਹੌਲ ਨੂੰ ਵੇਖ ਕੇ ਬਹੁਤ ਖੁਸ਼ ਸੀ। ਉਹ ਇਸ ਗੱਲ ਉੱਤੇ ਵੀ ਹੈਰਾਨ ਸੀ ਕਿ ਪੰਜ ਸਦੀਆਂ ਬਾਅਦ ਵੀ ਇਹ ਚਸ਼ਮਾ ਜਾਰੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਸਿੱਖ ਜਰਨੈਲ ਹਰੀ ਸਿੰਘ ਨਲੂਆ ਨੇ ਇਸ ਸਥਾਨ ਨੂੰ ਬੜੀ ਮਿਹਨਤ ਕਰਕੇ ਸੰਵਾਰਿਆ ਸੀ।

ਇਕ ਦਿਨ ਆਰਾਮ ਦੇ ਬਾਅਦ ਕਰਮਾ ਆਪਣੇ ਸਾਥੀਆਂ ਦੇ ਨਾਲ ਕਰਤਾਰਪੁਰ ਸਾਹਿਬ ਦੀ ਯਾਤਰਾ ਦੇ ਲਈ ਗਿਆ। ਇੱਥੋਂ ਦੇ ਗੁਰਦੁਆਰੇ ਦੀ ਸੁੰਦਰ ਤਿੰਨ-ਮੰਜ਼ਿਲੀ ਇਮਾਰਤ ਸੀ। ਇੱਥੇ ਪਹੁੰਚ ਕੇ ਉਸ ਦੇ ਦਿਲ ਵਿੱਚ ਦੋ ਪ੍ਰਕਾਰ ਦੀਆਂ ਭਾਵਨਾਵਾਂ ਅਤੇ ਜਜ਼ਬਾਤ ਉਮੱਡ ਆਏ ਸਨ। ਇਕ ਤਾਂ ਬਾਬਾ ਜੀ ਦੇ ਪ੍ਰਤੀ ਸ਼ਰਧਾ ਦੀ ਭਾਵਨਾ ਅਤੇ ਹੋਰ ਇੱਥੋਂ ਸੀਮਾ ਅਤੇ ਰਾਵੀ ਦੇ ਉਸ ਪਾਰ ਹਿੰਦੁਸਤਾਨੀ ਪੰਜਾਬ ਵਿੱਚ ਆਪਣੇ ਜੱਦੀ ਪਿੰਡ ਰਣਸੀਂਹਕੇ ਮੀਰਾ ਦੇ ਬਿਲਕੁਲ ਨੇੜੇ ਹੋਣ ਦੇ ਜਜ਼ਬਾਤ। ਦੋਹਾਂ ਦੇ ਵਿੱਚ ਬਸ ਚਾਰ ਕਿਲੋਮੀਟਰ ਦੀ ਹੀ ਦੂਰੀ ਸੀ। ਬਾਬਾ ਗੁਰੂ ਨਾਨਕ ਸਾਹਿਬ ਨੇ ਇੱਥੇ ਆਪਣੀ ਜ਼ਿੰਦਗੀ ਦੇ 18 ਸਾਲ ਬਿਤਾਏ ਸੀ। ਇੱਥੇ ਉਨ੍ਹਾਂ ਨੇ ਵਾਹੀ ਕੀਤੀ ਅਤੇ ਲੋਕਾਂ ਲਈ ਬਗ਼ੈਰ ਕਿਸੇ ਵਿਤਕਰੇ, ਜਾਤ-ਪਾਤ, ਨਸਲ ਅਤੇ ਮਜ਼ਹਬ ਦੇ ਸੰਯੁਕਤ ਲੰਗਰ ਪ੍ਰਥਾ ਸ਼ੁਰੂ ਕੀਤੀ ਸੀ। ਉਨ੍ਹਾਂ ਦਾ ਅਕਾਲ-ਚਲਾਣਾ ਵੀ ਇਸੇ ਸਥਾਨ ਉਤੇ ਹੋਇਆ। ਕਰਮਾ ਜਦੋਂ ਕਰਤਾਰਪੁਰ ਤੋਂ ਵਾਪਸ ਪਰਤਿਆ ਤਾਂ ਰਸਤੇ ਵਿੱਚ ਗੁਰਦੁਆਰਾ ਰੋੜੀ ਸਾਹਿਬ ਐਮਨਾਬਾਦ ਰੁਕਿਆ। ਇਥੇ ਬਾਬਾ ਨਾਨਕ ਸਾਹਿਬ ਮੁਗ਼ਲ ਬਾਦਸ਼ਾਹ ਬਾਬਰ ਦੀ ਫੌਜ ਦੀ ਤਰਫ਼ੋਂ ਲੋਕਾਈ ਦੀ ਕੀਤੀ ਗਈ ਕੁੱਟਮਾਰ ਅਤੇ ਕਤਲੇਆਮ ਦੇ ਚਸ਼ਮਦੀਦ ਗਵਾਹ ਸਨ। ਉਨ੍ਹਾਂ ਨੇ ਮੁਗ਼ਲਾਂ ਦੀਆਂ ਮਚਾਈਆਂ ਤਬਾਹੀਆਂ ਦੇ ਜ਼ਖ਼ਮ ਨੂੰ ਆਪਣੇ ਸੰਵੇਦਨਸ਼ੀਲ ਦਿਲ ਵਿੱਚ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਸੀ। ਗੁਰੂ ਸਾਹਿਬ ਨੇ ਏਸੇ ਹੀ ਅਸਥਾਨ 'ਤੇ "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ" ਦੀ ਰਚਨਾ ਕੀਤੀ ਸੀ। ਐਮਨਾਬਾਦ ਤੋਂ ਨਿਕਲਦੇ ਹੋਏ ਕਰਮੇ ਨੇ ਆਪਣੇ ਮੇਜ਼ਬਾਨਾਂ ਨੂੰ ਝੰਗ ਵਿੱਚ ਹੀਰ-ਰਾਂਝੇ ਦੀ ਕਬਰ 'ਤੇ ਜਾਣ ਦੀ ਇੱਛਾ ਕੀਤੀ। ਪਰ ਜ਼ਿਆਦਾ ਦੂਰੀ 'ਤੇ ਹੋਣ ਅਤੇ ਦੇਰ ਹੋ ਜਾਣ ਦੀ ਵਜ੍ਹਾ ਤੋਂ ਉਥੇ ਜਾਣਾ ਸੰਭਵ ਨਹੀਂ ਸੀ ਅਤੇ ਸ਼ਾਇਦ ਕਰਮੇ ਦੀ ਕਿਸਮਤ ਵਿੱਚ ਸੀ ਕਿ ਉਹ ਪੰਜਾਬ ਦੇ ਬਹਾਦਰ ਸੂਰਮੇ

ਦੁੱਲੇ ਭੱਟੀ ਦੀ ਜੂਹ ਵਿੱਚ ਜਾਵੇ ਅਤੇ ਉੱਥੇ ਸੁਭਾਵਿਕ ਉਸ ਦੀ ਇੱਕ ਅਜਿਹੀ ਸ਼ਖ਼ਸ਼ੀਅਤ ਨਾਲ ਮੁਲਾਕਾਤ ਹੋ ਗਈ ਜੋ ਉਸ ਦੇ ਆਪਣੇ ਵਰਗੇ ਸੁਭਾਅ ਦਾ ਧਾਰਨੀ ਸੀ ਅਤੇ ਜਿਸ ਦੇ ਨਾਲ ਇਸ ਤਰ੍ਹਾਂ ਦੋਸਤੀ ਕਾਇਮ ਹੋਈ ਕਿ ਜਿਵੇਂ ਦੋਵੇਂ ਭਾਈ ਹੀ ਹੋਣ ! ਰਾਤ ਦੇ ਹਨ੍ਹੇਰੇ ਵਿੱਚ ਕਰਮਾ ਆਪਣੇ ਮੇਜ਼ਬਾਨਾਂ ਦੇ ਨਾਲ ਦੁੱਲੇ ਭੱਟੀ ਦੇ ਖਿੱਤੇ ਵਿਚ ਪਹੁੰਚਿਆ। ਪੁੱਛਦੇ-ਪੁਛਾਉਂਦੇ ਪਹਿਲੇ ਕਰੀਬੀ ਪਿੰਡ ਦੁੱਲੇਕੀ ਗਏ ਜਿੱਥੇ ਇੱਕ ਹਵੇਲੀ ਵਿੱਚ ਕੁਝ ਲੋਕ ਵਿਚਾਲੇ ਹੁੱਕਾ ਰੱਖੇ ਗੱਪ-ਸ਼ੱਪ ਵਿਚ ਰੁੱਝੇ ਹੋਏ ਸਨ। ਪਹਿਲਾਂ ਤਾਂ ਉਹ ਸਮਝੇ ਕਿ ਸ਼ਾਇਦ ਕੋਈ ਜਾਨਣ ਵਾਲੇ ਹਨ। ਫਿਰ ਕਰਮੇ ਨੇ ਆਪਣੀ ਜਾਣ-ਪਛਾਣ ਕਰਵਾਈ ਤਾਂ ਉਹ ਬੇ-ਤਕੱਲੁਫ਼ ਹੋ ਗਏ। ਉਨ੍ਹਾਂ ਵਿੱਚ ਪਿੰਡ ਦਾ ਇਕ ਵੱਡਾ ਮੀਆਂ ਅਸਗਰ ਭੱਟੀ ਵੀ ਬੈਠਾ ਸੀ। ਕਰਮੇ ਨੇ ਜਦੋਂ ਉਸ ਨੂੰ ਦੱਸਿਆ ਕਿ ਉਹ ਦੁੱਲਾ ਭੱਟੀ ਅਤੇ ਉਸ ਦੇ ਕਾਰਨਾਮੇ ਦੇ ਬਾਰੇ ਵਿੱਚ ਜਾਣਕਾਰੀ ਲੈਣ ਆਇਆ ਹੈ ਤਾਂ ਉਹ ਫਖ਼ਰ ਕਰਨ ਲੱਗਾ ਪਰ ਜਦੋਂ ਕਰਮੇ ਨੇ ਉਸ ਤੋਂ ਦੁੱਲਾ ਭੱਟੀ ਬਾਰੇ ਪ੍ਰਸ਼ਨ ਕੀਤੇ ਤਾਂ ਉਹ ਕਈ ਪ੍ਰਸ਼ਨਾਂ ਦੇ ਤਸੱਲੀਬਖਸ਼ ਉੱਤਰ ਨਾ ਦੇ ਸਕਿਆ ਜਿਸ ਤੋਂ ਕਰਮੇ ਦੀ ਤਸੱਲੀ ਨਾ ਹੋਈ। ਇਸ ਉੱਤੇ ਕਰਮੇ ਨੇ ਉਨ੍ਹਾਂ ਤੋਂ ਪੁੱਛਿਆ ਕਿ ਉਹ ਕਿਸੇ ਅਜਿਹੇ ਵਿਅਕਤੀ ਦੇ ਬਾਰੇ ਵਿੱਚ ਦੱਸਣ ਜੋ ਸਾਂਦਲ ਬਾਰ ਦੇ ਬਾਰੇ ਵਿੱਚ ਜਾਣਦਾ ਹੋਵੇ। ਇਸ ਉੱਤੇ ਕਰਮੇ ਨੂੰ ਦੱਸਿਆ ਗਿਆ ਕਿ ਹਾਂ, ਸਰਕਾਰੀ ਕਾਲਜ ਪਿੰਡੀ ਭੱਟੀਆਂ ਦੇ ਪ੍ਰੋਫੈਸਰ ਅਸਦ ਸਲੀਮ ਸ਼ੇਖ਼ ਹਨ, ਜੋ ਲਿਖਾਰੀ ਹਨ ਅਤੇ ਉਨ੍ਹਾਂ ਨੇ “ਦੁੱਲ੍ਹੇ ਦੀ ਬਾਰ” ਨਾਮ ਦੀ ਕਿਤਾਬ ਵੀ ਲਿਖੀ ਹੈ। ਰਾਤ ਬੇਸ਼ੱਕ ਬਹੁਤ ਹੋ ਚੁੱਕੀ ਸੀ ਮਗਰ ਕਰਮਾ ਪ੍ਰੋਫੈਸਰ ਸਾਹਿਬ ਨਾਲ ਮਿਲੇ ਬਿਨਾਂ ਵਾਪਸ ਨਹੀਂ ਮੁੜਨਾ ਚਾਹੁੰਦੇ ਸੀ। ਦੁੱਲੇ ਕੀ ਤੋਂ ਇੱਕ ਮੁੰਡਾ ਮੋਟਰਸਾਈਕਲ ਉੱਤੇ ਉਨ੍ਹਾਂ ਨੂੰ ਪ੍ਰੋਫੈਸਰ ਅਸਦ ਸਲੀਮ ਸ਼ੇਖ ਤਕ ਛੱਡ ਆਇਆ।

ਜਦੋਂ ਤੁਸੀਂ ਕੋਈ ਅਜਿਹੇ ਵਿਅਕਤੀ ਦੇ ਕੋਲ ਜਾਂਦੇ ਹੋ ਜਿਸ ਨੂੰ ਤੁਸੀਂ ਪਹਿਲਾਂ ਕਦੇ ਨਾ ਮਿਲੇ ਹੋਵੋ, ਤੁਹਾਡੇ ਕੋਲ ਵਕਤ ਵੀ ਘੱਟ ਹੋਵੇ ਅਤੇ ਤੁਸੀਂ ਬਹੁਤ ਕੁਝ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਆਦਮੀ ਵੱਡੀ ਦੁਬਿਧਾ ਦਾ ਸ਼ਿਕਾਰ ਹੋ ਜਾਂਦਾ ਹੈ! ਮਗਰ ਕਰਮੇ ਨੂੰ ਇੱਥੇ ਅਜਨਬੀ ਸਥਾਨ ਉੱਤੇ ਅਜਨਬੀ ਲੋਕਾਂ ਨੂੰ ਮਿਲਦੇ ਹੋਏ ਰਾਤ ਡੂੰਘੀ ਹੋ ਜਾਣ ਦੇ ਬਾਵਜੂਦ ਕੋਈ ਡਰ ਨਹੀਂ ਸੀ। ਭਲਾ ਕਿਉਂ? ਇਸ ਲਈ ਕਿ ਇਕ ਪੰਜਾਬੀ ਹੋਣ ਦੇ ਨਾਤੇ ਕਰਮੇ ਨੂੰ ਖ਼ੁਦ ’ਤੇ ਪੂਰਾ ਭਰੋਸਾ ਸੀ ਅਤੇ ਉਹ ਪੰਜਾਬੀ ਸੱਭਿਆਚਾਰ ਅਤੇ ਪਰੰਪਰਾਵਾਂ ਦਾ ਗਿਆਨ ਹੋਣ ਦੇ ਕਾਰਨ ਕਿਸੇ ਵੀ ਹਾਲਤ ਦਾ ਸਾਹਮਣਾ ਕਰਨ ਦਾ ਹੌਸਲਾ ਰੱਖਦਾ ਸੀ। ਪਿੰਡੀ ਭੱਟੀਆਂ ਪਹੁੰਚ ਕੇ ਕਰਮਾ ਕੁਝ ਹੀ ਦੇਰ ਬਾਅਦ ਪ੍ਰੋਫ਼ੈਸਰ ਅਸਦ ਸਲੀਮ

ਸ਼ੇਖ ਅਤੇ ਉਨ੍ਹਾਂ ਦੀ ਬੇਗ਼ਮ ਸਾਜੀਆ ਅਸਦ ਦੇ ਨਾਲ ਉਨ੍ਹਾਂ ਦੇ ਘਰ ਵਿੱਚ ਵਾਰਤਾਲਾਪ ਕਰ ਰਿਹਾ ਸੀ। ਇਹ ਗੱਲਬਾਤ ਪੰਜਾਬ ਦੇ ਪ੍ਰਾਚੀਨ ਅਤੇ ਯਾਦਗਾਰੀ ਪਾਤਰਾਂ ਅਤੇ ਉਨ੍ਹਾਂ ਦੀ ਅਸਲ ਜ਼ਿੰਦਗੀ ਬਾਰੇ ਸੀ। ਕਰਮੇ ਵੱਲੋਂ ਇਕ ਮੀਡੀਆ ਰਿਪੋਰਟਰ ਦੀ ਤਰ੍ਹਾਂ ਪ੍ਰਸ਼ਨ ਕੀਤੇ ਜਾ ਰਹੇ ਸਨ। ਅਸਲ ਵਿਚ ਉਹ ਪ੍ਰੋਫ਼ੈਸਰ ਸਾਹਿਬ ਦੀ ਯੋਗਤਾ ਅਤੇ ਦਿਮਾਗ਼ੀ ਪੱਧਰ ਨੂੰ ਵੀ ਪਰਖਣਾ ਚਾਹੁੰਦਾ ਸੀ। ਉਸ ਨੇ ਉਨ੍ਹਾਂ ਨੂੰ ਕਈ ਮੁਸ਼ਕਲ ਪ੍ਰਸ਼ਨ ਵੀ ਕੀਤੇ। ਕਰਮਾ ਉਸ ਸਮੇਂ ਬਹੁਤ ਹੈਰਾਨ ਅਤੇ ਪ੍ਰਭਾਵਿਤ ਹੋਇਆ ਜਦੋਂ ਪ੍ਰੋਫ਼ੈਸਰ ਅਸਦ ਸਲੀਮ ਸ਼ੇਖ ਨੇ ਉਸ ਨੂੰ 350 ਪੰਨਿਆਂ ਦੀ ਪ੍ਰਕਾਸ਼ਿਤ ਹੋਈ ਆਪਣੀ ਕਿਤਾਬ "ਦੁੱਲੇ ਦੀ ਬਾਰ" ਵਿਖਾਈ। ਫ਼ਾਰਸੀ ਲਿੱਪੀ ਵਿੱਚ ਹੋਣ ਦੀ ਵਜ੍ਹਾ ਕਰਕੇ ਕਰਮੇ ਦੇ ਲਈ ਇਸ ਕਿਤਾਬ ਨੂੰ ਪੜ੍ਹਨਾ ਸੰਭਵ ਨਹੀਂ ਸੀ। ਇਸ ਲਈ ਅਸਦ ਨੂੰ ਉਨ੍ਹਾਂ ਨੇ ਸੁਝਾਅ ਦਿੱਤਾ ਕਿ ਉਹ ਉਸ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰਨ ਤਾਂਕਿ ਦੂਜੇ ਵੀ ਉਸ ਤੋਂ ਲਾਭ ਲੈ ਸਕਣ। ਪ੍ਰੋਫ਼ੈਸਰ ਸਾਹਿਬ ਨੇ ਇਹ ਸੁਝਾਅ ਖੁਸ਼ੀ ਨਾਲ ਸਵੀਕਾਰ ਕਰ ਲਿਆ। ਇਵੇਂ ਕਰਮੇ ਦੀ ਉਨ੍ਹਾਂ ਨਾਲ ਪਹਿਲੀ ਮੁਲਾਕਾਤ ਛੋਟੀ ਮਗਰ ਬਹੁਤ ਯਾਦਗਾਰੀ ਰਹੀ। ਇਹ ਕੁਝ ਮੁਲਾਕਾਤ ਨੇ ਉਨ੍ਹਾਂ ਨੂੰ ਬਹੁਤ ਛੇਤੀ ਕਰੀਬ ਕਰ ਦਿੱਤਾ। ਕਰਮਾ ਕਈ ਪੱਖਾਂ ਤੋਂ ਪ੍ਰੋਫ਼ੈਸਰ ਸਾਹਿਬ ਨੂੰ ਆਪਣੇ ਜਿਹਾ ਹੀ ਮਹਿਸੂਸ ਕਰਨ ਲੱਗਾ। ਪੰਜਾਬ ਦੇ ਇਤਿਹਾਸਕ ਸੱਭਿਆਚਾਰਕ ਪਾਤਰਾਂ ਬਾਰੇ ਦਿਲਚਸਪੀ ਪੱਖੋਂ ਉਨ੍ਹਾਂ ਦੇ ਵਿੱਚ ਸਮਾਨਤਾ ਸੀ। ਪ੍ਰੋਫ਼ੈਸਰ ਅਸਦ ਸਲੀਮ ਸ਼ੇਖ ਨੂੰ ਉਂਜ ਵੀ ਤਵਾਰੀਖ਼ ਨਾਲ ਡੂੰਘੀ ਦਿਲਚਸਪੀ ਸੀ ਅਤੇ ਉਨ੍ਹਾਂ ਦੀਆਂ ਇਕ ਦਰਜਨ ਤੋਂ ਜ਼ਿਆਦਾ ਕਿਤਾਬਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਸਨ। ਉਨ੍ਹਾਂ ਨੂੰ ਪਾਕਿਸਤਾਨ ਸਰਕਾਰ ਵੱਲੋਂ ਰਾਸ਼ਟਰਪਤੀ ਪੁਰਸਕਾਰ ਨਾਲ ਵੀ ਸਨਮਾਨ ਦਿੱਤਾ ਜਾ ਚੁੱਕਿਆ ਸੀ। ਪ੍ਰੋਫ਼ੈਸਰ ਅਸਦ ਦਾ ਪੇਂਡੂ ਜ਼ਿੰਦਗੀ ਅਤੇ ਸ਼੍ਰੇਣੀਆਂ ਦੇ ਬਾਰੇ ਵਿੱਚ ਗਹਿਰਾ ਅਧਿਐਨ ਸੀ। ਪ੍ਰੋਫ਼ੈਸਰ ਅਸਦ ਸਲੀਮ ਸ਼ੇਖ਼ ਨਾਲ ਮੁਲਾਕਾਤ ਦੇ ਬਾਅਦ ਕਰਮਾ ਪਿੰਡੀ ਭੱਟੀਆਂ ਦੀਆਂ ਗਲੀਆਂ ਤੋਂ ਵਾਪਸ ਮੁੜਨ ਲੱਗਾ ਤਾਂ ਅੱਧੀ ਰਾਤ ਹੋ ਗਈ ਸੀ ਅਤੇ ਹਰ ਤਰਫ਼ ਪੂਰੀ ਚੁੱਪ ਸੀ। ਉਸ ਨੂੰ ਬਿਲਕੁਲ ਇਹ ਮਹਿਸੂਸ ਨਹੀਂ ਹੋ ਰਿਹਾ ਸੀ ਕਿ ਉਹ ਕਿਸੇ ਅਜਨਬੀ ਥਾਂ 'ਤੇ ਹੈ। ਹਰ ਚੀਜ਼ ਉਸ ਨੂੰ ਆਪਣੇ ਪਿੰਡ ਜਿਹੀ ਲੱਗ ਰਹੀ ਸੀ। ਫ਼ਰਕ ਕੇਵਲ ਇਹ ਸੀ ਕਿ ਕਰਮੇ ਦੇ ਪਿੰਡ ਦੀਆਂ ਪੱਕੀਆਂ ਗਲੀਆਂ, ਬਾਜ਼ਾਰ ਅਤੇ ਦੁਕਾਨਾਂ ਨਹੀਂ ਸਨ। ਬਾਕੀ ਲੋਕ, ਬੋਲੀ, ਸੱਭਿਆਚਾਰ ਸਭ ਕੁਝ ਉਂਜ ਹੀ ਸੀ। ਹਵਾ, ਮਿੱਟੀ ਅਤੇ ਪਾਣੀ ਵੀ ਉਹੀ ਸੀ।

**ਦੂਜੀ ਯਾਤਰਾ :**

ਏਸੇ ਆਪਣੇ ਪਨ ਅਤੇ ਸਾਂਝੇਪਨ ਨੇ ਕਰਮੇ ਨੂੰ ਬਹੁਤ ਛੇਤੀ ਫਿਰ

ਪਾਕਿਸਤਾਨੀ ਪੰਜਾਬ ਮੁੜ ਕੇ ਜਾਣ ਉੱਤੇ ਮਜਬੂਰ ਕਰ ਦਿੱਤਾ ਸੀ। ਦੋ ਸਾਲ ਬਾਅਦ ਹੀ ਮਾਰਚ ਦੇ ਆਖ਼ਰੀ ਹਫ਼ਤੇ ਵਿੱਚ ਉਹ ਉਥੇ ਪਹੁੰਚ ਗਿਆ। ਇਸ ਦੌਰਾਨ ਕਰਮਾ ਪ੍ਰੋਫ਼ੈਸਰ ਅਸਦ ਸਲੀਮ ਸ਼ੇਖ ਨਾਲ ਲਗਾਤਾਰ ਸੰਪਰਕ 'ਚ ਰਿਹਾ ਅਤੇ ਉਨ੍ਹਾਂ ਤੋਂ ਪੰਜਾਬ ਦੇ ਹੀਰੋ ਦੁੱਲੇ ਭੱਟੀ ਨੂੰ ਸ਼ਰਧਾਂਜਲੀ ਪੇਸ਼ ਕਰਨ ਲਈ ਇਕ ਮੇਲਾ ਆਯੋਜਿਤ ਕਰਨ ਦੇ ਪ੍ਰੋਗਰਾਮ ਨੂੰ ਵੀ ਤਰਤੀਬ ਦੇ ਦਿੱਤੀ। ਫਲਸਰੂਪ ਦੁੱਲਾ ਭੱਟੀ ਸੰਗਤ ਵੱਲੋਂ ਮੇਲੇ ਦੀ ਰੂਪ ਰੇਖਾ ਸਬੰਧੀ ਤਹਿ ਕਰ ਲਿਆ ਗਿਆ ਜਿਸ ਵਿੱਚ ਬੁੱਧੀਜੀਵੀ, ਪ੍ਰੋਫ਼ੈਸਰਾਂ, ਸੰਪਾਦਕਾਂ, ਵਕੀਲਾਂ, ਵਿਦਿਆਰਥੀਆਂ ਅਤੇ ਆਮ ਪਿੰਡ ਵਾਲਿਆਂ ਨੂੰ ਸ਼ਾਮਲ ਕਰਨਾ ਸੀ। ਇਹ ਕੰਮ ਐਨ ਕਾਰਜਕ੍ਰਮ ਦੇ ਅਨੁਸਾਰ ਬਹੁਤ ਸੁਹਣੇ ਢੰਗ ਨਾਲ ਸਿਰੇ ਲੱਗਾ। ਕਰਮੇ ਦੇ ਲਈ ਇਹ ਬਹੁਤ ਖੁਸ਼ੀ ਦੇ ਪਲ ਸਨ ਕਿ ਜਿਨ੍ਹਾਂ ਵਿੱਚ ਉਹ ਆਪ ਵੀ ਭਾਗੀਦਾਰ ਸੀ। ਓਧਰ ਕਰਮੇ ਦੀ ਇੱਛਾ ਉੱਤੇ ਪ੍ਰੋਫ਼ੈਸਰ ਸ਼ੇਖ਼ ਨੇ ਆਪਣੀ ਕਿਤਾਬ "ਦੁਲੇ ਦੀ ਬਾਰ" ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰਵਾ ਕੇ ਉਸ ਨੂੰ ਕਿਤਾਬੀ ਰੂਪ ਵਿੱਚ ਵੀ ਪ੍ਰਕਾਸ਼ਿਤ ਕਰਵਾ ਲਿਆ ਸੀ। ਪ੍ਰੋਫ਼ੈਸਰ ਸ਼ੇਖ ਨੇ ਇਹ ਕਿਤਾਬ ਕਰਮੇ ਨੂੰ ਸਮਰਪਣ ਕੀਤੀ ਸੀ।

ਇਸ ਤਰ੍ਹਾਂ ਕਰਮੇ ਦੇ ਲਈ ਦੁੱਲਾ ਭੱਟੀ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਅਤੇ ਉਸ ਨੂੰ ਕਿਤਾਬੀ ਰੂਪ ਵਿੱਚ ਢਾਲਣਾ ਆਸਾਨ ਹੋ ਗਿਆ ਸੀ। ਪਾਕਿਸਤਾਨੀ ਪੰਜਾਬ ਜਾਂਦੇ ਹੋਏ ਕਰਮੇ ਦੇ ਦਿਲ ਵਿੱਚ ਕੁਝ ਨਵੀਂ ਖੋਜ ਲਈ ਇਕ ਜਨੂੰਨ ਅਤੇ ਜੋਸ਼ ਸੀ। ਇਸ ਵਾਰ ਪ੍ਰੋਫ਼ੈਸਰ ਸ਼ੇਖ਼ ਦੇ ਨਾਲ ਕੁਝ ਹੋਰ ਲੋਕ ਵੀ ਕਰਮੇ ਦੀ ਮੇਜ਼ਬਾਨੀ ਦੇ ਲਈ ਤਿਆਰ ਸਨ। ਉਨ੍ਹਾਂ ਵਿੱਚ ਮਲਿਕ ਤਨਵੀਰ ਅਹਿਮਦ ਜੋ ਉਸ ਸਮੇਂ ਵਕੀਲ ਸੀ ਅਤੇ ਬਾਅਦ ਵਿੱਚ ਐਡੀਸ਼ਨਲ ਸੈਸ਼ਨ ਜੱਜ ਬਣ ਗਏ ਅਤੇ ਪੰਜਾਬੀ ਦਾ ਕਵੀ ਬਸ਼ੀਰ ਦੀਵਾਨਾ ਸ਼ਾਮਿਲ ਸੀ। ਉਨ੍ਹਾਂ ਮੇਜ਼ਬਾਨਾਂ ਦੇ ਨਾਲ ਇਹ ਯਾਤਰਾ ਦੇ ਦੂਜੇ ਦਿਨ ਭਾਵ 28 ਮਾਰਚ 2008 ਈ. ਦੇ ਦਿਨ ਕਰਮਾ ਦੁੱਲਾ ਭੱਟੀ ਦੇ ਜਨਮ ਸਥਾਨ ਚੂਚਕ ਵਿਖੇ ਪਹੁੰਚਿਆ। ਪਿੰਡ ਵਿੱਚ ਦਾਖ਼ਲ ਹੁੰਦੇ ਹੀ ਢੋਲ ਦੀ ਥਾਪ ਉੱਤੇ ਝੂੰਮਰ ਨਾਲ ਨਾਚ ਕਰਦੇ ਹੋਏ ਪਿੰਡ ਵਾਲਿਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਪਿੰਡ ਦੇ ਸਭ ਭਰੋਸੇਯੋਗ ਲੋਕ ਉਥੇ ਮੌਜੂਦ ਸੀ। ਪਿੰਡ ਦੇ ਬੱਚੇ ਕਰਮੇ ਨੂੰ ਇਸ ਤਰ੍ਹਾਂ ਵੇਖ ਰਹੇ ਸੀ ਜਿਵੇਂ ਉਨ੍ਹਾਂ ਨੇ ਕਿਸੇ ਸਿੱਖ ਨੂੰ ਪਹਿਲੀ ਵਾਰ ਵੇਖਿਆ ਹੋਵੇ। ਲੋਕਾਂ ਦਾ ਚਾਅ ਬੇਹੱਦ ਸੀ। ਜਿਵੇਂ ਬਾਬਾ ਬੁੱਲ੍ਹੇ ਸ਼ਾਹ ਲਿਖਦੇ ਹਨ :

'ਸੇ ਵਣਜਾਰੇ ਆਏ ਨੀ ਮਾਏ, ਸੇ ਵਣਜਾਰੇ ਆਏ,
ਲਾਲਾਂ ਦਾ ਉਹ ਵਣਜ ਕਰੇਂਦੇ, ਹੋਕਾ ਆਖ ਸੁਣਾਏ।'

ਚੂਚਕ ਤੋਂ ਵਾਪਸੀ ਉੱਤੇ ਪ੍ਰੋਫ਼ੈਸਰ ਸ਼ੇਖ਼ ਨੇ ਇੱਕ ਜਗ੍ਹਾ ਗੱਡੀ ਰੋਕ ਲਈ ਅਤੇ ਕਰਮੇ ਨੂੰ ਕਿਹਾ ਕਿ ਤੁਹਾਨੂੰ "ਦਿੱਲੀ ਦਰਬਾਰ" ਦਿਖਾਉਂਦੇ ਹਾਂ। ਕਰਮੇ ਨੇ ਹੈਰਾਨਗੀ ਨਾਲ ਪੁੱਛਿਆ "ਦਿੱਲੀ ਦਰਬਾਰ ?" ਗੱਡੀ ਇਕ ਖੁੱਲ੍ਹੇ ਅਹਾਤੇ ਵਿੱਚ ਖੜ੍ਹੀ ਹੋਈ। ਬਾਹਰ ਨਿਕਲੇ ਤਾਂ ਕਰਮੇ ਦੇ ਮੂਹਰੇ "ਦਿੱਲੀ ਦਰਬਾਰ" ਦੀ ਸਚਾਈ ਸਾਹਮਣੇ ਆ ਗਈ। ਤਿੰਨ ਚਾਰ ਮਲੰਗ ਇਕ ਬਰਾਮਦੇ ਵਿੱਚ ਭੰਗ ਘੋਟਣ ਵਿੱਚ ਵਿਅਸਤ ਸਨ। ਇਹ ਮਲੰਗਾਂ ਦਾ ਪ੍ਰਸਿੱਧ ਡੇਰਾ ਸੀ ਅਤੇ ਇੱਥੇ ਉਨ੍ਹਾਂ ਦੇ ਗੁਰੂ ਸਾਈਂ ਮਸਤਾਨ ਦੀ ਕਬਰ ਵੀ ਸੀ ਜੋ ਆਪਣੀ ਜ਼ਿੰਦਗੀ ਵਿਚ 60 ਸਾਲ ਤਕ ਨਹੀਂ ਨਹਾਇਆ ਅਤੇ ਨਾ ਉਸ ਨੇ ਵਾਲ ਕਟਵਾਏ ਸੀ। ਉਸ ਦੇ ਵਾਲਾਂ ਦੀ ਲੰਬਾਈ ਸਾਢੇ ਨੌਂ ਫੁੱਟ ਸੀ। ਮਲੰਗਾਂ ਦੇ ਸ਼ਾਹੀ ਸਥਾਨ ਦੀ ਵਜ੍ਹਾ ਕਰਕੇ ਉਸ ਨੂੰ "ਦਿੱਲੀ ਦਰਬਾਰ" ਕਿਹਾ ਜਾਂਦਾ ਹੈ ਅਤੇ ਇਸ ਦਾ ਸਿਲਸਿਲਾ ਪੂਰੇ ਉਪਮਹਾਂਦੀਪ ਵਿੱਚ ਫ਼ੈਲਿਆ ਹੋਇਆ ਹੈ। ਕਰਮੇ ਦੇ ਲਈ ਇਹ ਗੱਲ ਬਹੁਤ ਹੈਰਾਨੀਜਨਕ ਸੀ ਕਿ ਇੱਥੇ ਪਿਛਲੇ 90 ਸਾਲ ਤੋਂ ਅੱਗ ਲਗਾਤਾਰ ਬਲ਼ ਰਹੀ ਸੀ ਜਿਵੇਂ ਸਾਈ ਮਲੰਗ ਨੇ ਆਪਣੀ ਬੈਠਕ ਦੇ ਦੌਰਾਨ ਜਲਾਈ ਸੀ।

ਅਗਲੇ ਦਿਨ ਕਰਮੇ ਨੂੰ ਸਰਕਾਰੀ ਕਾਲਜ ਪਿੰਡੀ ਭੱਟੀਆਂ ਵਿੱਚ ਨਿਓਤਾ ਦਿੱਤਾ ਗਿਆ। ਉਥੇ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ ਦੇ ਨਾਲ ਉਸ ਦੀ ਖ਼ੂਬ ਗੱਪ ਸ਼ੱਪ ਹੋਈ। ਸ਼ਾਮ ਨੂੰ ਪਿੰਡੀ ਭੱਟੀਆਂ ਸ਼ਹਿਰ ਦੇ ਇਕ ਹਾਲ ਵਿੱਚ "ਦੁੱਲਾ ਭੱਟੀ ਸੈਮੀਨਾਰ" ਅਤੇ ਪ੍ਰੋਫ਼ੈਸਰ ਸ਼ੇਖ਼ ਦੀ ਕਿਤਾਬ ਦੇ ਅੰਗਰੇਜ਼ੀ ਅਨੁਵਾਦ ਦਾ ਸਮਾਰੋਹ ਸਮਾਗਮ ਹੋਇਆ ਜਿਸ ਵਿੱਚ ਲਾਹੌਰ ਤੋਂ ਆਏ ਹੋਏ ਬੁੱਧੀਜੀਵੀ ਵੀ ਸ਼ਾਮਲ ਸਨ। ਕਰਮੇ ਨੂੰ ਇਸ ਸਮਾਰੋਹ ਵਿਚ ਮੁੱਖ ਮਹਿਮਾਨ ਦੀ ਹੈਸੀਅਤ ਨਾਲ ਸੱਦਾ ਸੀ। ਉਸ ਨੇ ਆਪਣੀ ਵਾਰੀ ਉੱਤੇ ਜਦੋਂ ਪਤਵੰਤੇ ਸੱਜਣਾਂ ਨੂੰ ਸੰਬੋਧਿਤ ਕਰਨਾ ਸ਼ੁਰੂ ਕੀਤਾ ਤਾਂ ਲੋਕਾਂ ਨੇ ਉਸ ਨੂੰ ਖ਼ੂਬ ਦਾਦ ਦਿੱਤੀ। ਕਰਮੇ ਦਾ ਕਹਿਣਾ ਸੀ ਕਿ ਰਾਜਨੀਤਿਕ ਧੱਕੇ ਦੀ ਵਜ੍ਹਾ ਕਰਕੇ ਪਿਛਲੇ ਪੰਜ ਸਦੀਆਂ ਦੇ ਦੌਰਾਨ ਬਹੁਤ ਸਾਰੇ ਲਿਖਾਰੀਆਂ ਅਤੇ ਖੋਜਕਾਰਾਂ ਨੇ ਬਾਗ਼ੀਆਨਾ ਵਿਚਾਰ ਰੱਖਣ ਵਾਲੇ ਲੋਕਾਂ ਨਾਲ ਨਿਆਂ ਨਹੀਂ ਕੀਤਾ। ਕਈ ਦਲੇਰ ਅਤੇ ਬਹਾਦਰ ਪਾਤਰਾਂ ਨੂੰ ਸਾਸ਼ਕਾਂ ਦੀ ਇੱਛਾ ਦੇ ਅਨੁਸਾਰ ਉਨ੍ਹਾਂ ਦੇ ਅਸਲ ਹਕੀਕੀ ਦਰਜੇ ਤੋਂ ਨੀਵਿਆਂ ਕਰਕੇ ਦਰਸਾਇਆ ਜਾਂਦਾ ਰਿਹਾ। ਦੁੱਲੇ ਭੱਟੀ ਦੇ ਨਾਲ ਵੀ ਇਹੀ ਕੁਝ ਹੋਇਆ, ਜਿਸ ਨੂੰ ਇਕ ਡਾਕੂ ਦੇ ਰੂਪ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹਾਲਾਂਕਿ ਸਾਸ਼ਕਾਂ ਦੀਆਂ ਅਯਾਸ਼ੀਆਂ ਅਤੇ ਜ਼ੁਲਮ-ਓ-ਸਿਤਮ ਦੇ ਖ਼ਾਤਮੇ ਅਤੇ ਪਿਸੇ ਹੋਏ ਲੋਕਾਂ ਦੀ ਮਦਦ ਦੇ ਲਈ ਮੁਗ਼ਲਾਂ ਦੇ ਸਾਹਮਣੇ ਡਟ ਜਾਣ ਦੇ ਜੁਰਮ ਵਿੱਚ ਉਸ ਨੂੰ ਤਖ਼ਤਾ-ਦਾਰ ਉੱਤੇ ਲਟਕਣਾ ਪਿਆ। ਉਹ ਗਰੀਬ ਕਿਸਾਨਾਂ ਦਾ ਆਗੂ

ਸੀ। ਇਸ ਸੈਮੀਨਾਰ ਵਿੱਚ ਹੋਣ ਵਾਲੀ ਗੱਲਬਾਤ ਨਾਲ ਕਰਮੇ ਨੂੰ ਦੁੱਲੇ ਭੱਟੀ ਦੇ ਕਿਰਦਾਰ ਨੂੰ ਸਮਝਣ ਵਿੱਚ ਬਹੁਤ ਮਦਦ ਮਿਲੀ। ਇਸੇ ਯਾਤਰਾ ਵਿੱਚ ਕਰਮੇ ਦੀ ਇੱਛਾ ਸੀ ਕਿ ਉਹ ਪੰਜਾਬ ਦੀ ਪ੍ਰਸਿੱਧ ਇਸ਼ਕੀਆ ਕਹਾਣੀ 'ਹੀਰ ਰਾਂਝਾ' 'ਚ ਵਰਣਤ ਰਾਂਝੇ ਦਾ ਪਿੰਡ ਤਖ਼ਤ ਹਜ਼ਾਰਾ ਵੇਖੇ। ਹੁਣ ਦੀ ਵਾਰ ਉਸ ਦੀ ਇਹ ਇੱਛਾ ਪੂਰੀ ਹੋਈ ਅਤੇ ਪਿੰਡੀ ਭੱਟੀਆਂ ਤੋਂ ਕੋਈ 48 ਕਿਲੋਮੀਟਰ ਦੀ ਯਾਤਰਾ ਕਰਕੇ ਨਦੀ ਚਨਾਬ ਦੇ ਕਿਨਾਰੇ ਵੱਸੇ ਹੋਏ ਪਿੰਡ ਤਖ਼ਤ ਹਜ਼ਾਰੇ ਪਹੁੰਚਿਆ। ਰਸਤੇ ਵਿੱਚ ਉਸ ਨੂੰ ਇਕ ਪ੍ਰਾਚੀਨ ਹਵੇਲੀ ਨਜ਼ਰ ਆਈ ਤਾਂ ਉਥੇ ਰੁਕ ਗਿਆ। ਇਹ ਹਵੇਲੀ ਕਿਸੇ ਵੇਲੇ ਪੰਡਤ ਬਿਹਾਰੀ ਨਾਥ ਦੀ ਜਾਇਦਾਦ ਹੁੰਦੀ ਸੀ। ਪਿੰਡ ਦੇ ਲੋਕਾਂ ਨੇ ਉਸਨੂੰ ਦੱਸਿਆ ਕਿ ਇਸ ਹਵੇਲੀ ਦੇ ਪਿੱਛੇ ਜੋ ਜ਼ਮੀਨਾਂ ਹਨ ਉਹ ਧੀਦੋ ਰਾਂਝੇ ਦੇ ਬਾਪ ਦੀ ਜਾਇਦਾਦ ਸੀ। ਤਖ਼ਤ ਹਜ਼ਾਰੇ ਦੀਆਂ ਗਲੀਆਂ ਵਿੱਚ ਕਰਮਾ ਦਾਖ਼ਲ ਹੋਇਆ ਤਾਂ ਉਸ ਦੇ ਦਿਲ ਦੀ ਹਾਲਤ ਬਦਲ ਗਈ ਸੀ। ਉਹ ਰਾਂਝੇ ਨੂੰ ਮਿਲਣਾ ਚਾਹੁੰਦਾ ਸੀ। ਉਸ ਨੂੰ ਮਹਿਸੂਸ ਕਰਨਾ ਚਾਹੁੰਦਾ ਸੀ। ਇਸੇ ਇੱਛਾ ਵਿੱਚ ਓਹ ਤਖ਼ਤ ਹਜ਼ਾਰੇ ਦੇ ਇਕ ਤਿੰਨ-ਮੰਜ਼ਿਲੇ ਮਕਾਨ ਦੀ ਛੱਤ ਉੱਤੇ ਵੀ ਗਿਆ। ਇਸ ਮਕਾਨ ਦੇ ਮੱਥੇ ਉੱਤੇ 'ਪੰਡਿਤ ਚੂਨੀ ਲਾਲ 1947 ਈ:' ਦੇ ਸ਼ਬਦ ਹਿੰਦੀ ਵਿੱਚ ਹੁਣ ਤਕ ਲਿਖੇ ਹੋਏ ਸਨ। ਦੂਰ ਛੱਤ ਤੋਂ ਕਰਮੇ ਨੇ ਚਾਰ-ਚੁਫ਼ੇਰ ਦਾ ਨਜ਼ਾਰਾ ਤੱਕਿਆ ਤਾਂ ਨਦੀ ਚਨਾਬ ਦੇ ਲੱਛਣ ਵਿਖਾਈ ਦੇ ਰਹੇ ਸਨ। ਕਦੇ ਇਸ ਨਦੀ ਦਾ ਪਾਣੀ ਤਖ਼ਤ ਹਜ਼ਾਰੇ ਨੂੰ ਛੂਹ ਕੇ ਲੰਘਦਾ ਸੀ। ਰਾਂਝਾ ਇੱਥੇ ਕੀ ਰੁੱਸਿਆ ਕਿ ਨਦੀ ਵੀ ਦੂਰ ਹੁੰਦੀ ਗਈ। ਕਰਮਾ ਵੀ ਉਦਾਸ ਭਾਵਨਾਵਾਂ ਦੇ ਨਾਲ ਉਥੋਂ ਨਿਕਲ ਆਇਆ। ਓਸੇ ਸ਼ਾਮ ਉਸ ਨੇ ਦੁੱਲਾ ਭੱਟੀ ਸੰਗਤ ਵੱਲੋਂ ਆਯੋਜਿਤ ਹੋਣ ਵਾਲੇ ਮੁਸ਼ਾਇਰੇ (ਕਵੀ ਦਰਬਾਰ) ਵਿੱਚ ਆਪਣੀ ਸ਼ਾਇਰੀ ਵੀ ਸੁਣਾਈ। ਇੱਥੇ ਕਰਮੇ ਦੀ ਮੁਲਾਕਾਤ ਪੰਜਾਬੀ ਦੇ ਪ੍ਰਸਿੱਧ ਬੁੱਧੀਜੀਵੀ, ਖੋਜਕਾਰ ਅਤੇ ਕਵੀ ਜਨਾਬ ਇਕਬਾਲ ਕੈਸਰ ਨਾਲ ਹੋਈ।

ਪਾਕਿਸਤਾਨੀ ਪੰਜਾਬ ਦੀ ਦੂਜੀ ਯਾਤਰਾ ਤੋਂ ਵਾਪਸੀ ਉੱਤੇ ਕਰਮੇ ਨੇ ਕੁਝ ਵਕਤ ਲਾਹੌਰ ਵਿੱਚ ਗੁਜ਼ਾਰਿਆ। ਪਹਿਲਾਂ ਉਹ ਦਿਆਲ ਸਿੰਘ ਕਾਲਜ ਗਿਆ, ਜਿਸ ਨੂੰ ਸਰਦਾਰ ਦਿਆਲ ਸਿੰਘ ਮਜੀਠੀਆ ਨੇ ਸ਼ੁਰੂ ਕੀਤਾ ਸੀ। ਕਰਮਾ ਇਸ ਖਿਆਲ ਵਿੱਚ ਇੱਥੇ ਗਿਆ ਸੀ ਕਿ ਭਗਤ ਸਿੰਘ ਸ਼ਾਇਦ ਇੱਥੇ ਪੜ੍ਹਦਾ ਰਿਹਾ ਸੀ। ਪਰ ਮਗਰੋਂ ਜਦੋਂ ਪਤਾ ਚੱਲਿਆ ਕਿ ਉਹ ਤਾਂ ਨੈਸ਼ਨਲ ਕਾਲਜ ਵਿੱਚ ਪੜ੍ਹਦਾ ਸੀ ਜੋ ਲਾਲਾ ਲਾਜਪਤ ਰਾਏ ਨੇ ਬਰੈਡਲਾ ਹਾਲ ਵਿੱਚ ਸ਼ੁਰੂ ਕੀਤਾ ਸੀ ਤਾਂ ਕਰਮੇ ਦੇ ਮੇਜ਼ਬਾਨ ਉਸ ਨੂੰ ਉਥੇ ਲੈ ਗਏ। ਉਹ ਉਸ ਜਗ੍ਹਾ ਵੀ ਰੁਕਿਆ

ਜਿੱਥੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਅੰਗ੍ਰੇਜ਼ ਪੁਲਿਸ ਅਧਿਕਾਰੀ ਨੂੰ ਗੋਲੀ ਮਾਰੀ ਸੀ। ਲਾਹੌਰ ਵਿੱਚ ਹੁਣ ਕਰਮੇ ਦੀ ਮੇਜ਼ਬਾਨੀ ਨਾਸਿਰ ਮਹਿਮੂਦ ਕਰ ਰਹੇ ਸੀ ਜੋ ਲਾਹੌਰ ਬਾਰੇ ਬਹੁਤ ਕੁਝ ਜਾਣਦੇ ਸਨ। ਉਹ ਇੱਥੇ ਕਰਮੇ ਨੂੰ ਸਾਈਂ ਮੀਆਂ ਮੀਰ ਦੇ ਮਜ਼ਾਰ ਦੇ ਵੱਲ ਲੈ ਗਏ। ਰਸਤੇ ਵਿੱਚ ਉਨ੍ਹਾਂ ਨੇ ਕਰਮੇ ਨੂੰ ਸ਼ੇਰਸ਼ਾਹ ਸੂਰੀ ਦਾ ਬਣਵਾਇਆ ਹੋਇਆ ਮੀਨਾਰ ਵੀ ਦਿਖਾਇਆ ਜੋ ਉਸ ਸਮੇਂ ਜੀ. ਟੀ. ਰੋਡ ਦੇ ਮੁੱਖ ’ਤੇ ਨਿਰਮਾਣ ਕੀਤਾ ਗਿਆ ਸੀ। ਸਾਈਂ ਮੀਆਂ ਮੀਰ ਦੇ ਮਜ਼ਾਰ ਉੱਤੇ ਹਾਜ਼ਰੀ ਕਰਮੇ ਲਈ ਇਕ ਰੂਹਾਨੀ ਪ੍ਰਕਿਰਿਆ ਸੀ ਕਿਉਂਕਿ ਉਹ ਜਾਣਦਾ ਸੀ ਕਿ ਹਜਰਤ ਮੀਆਂ ਮੀਰ ਨੇ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਦੀ ਦਰਖ਼ਾਸਤ ਉੱਤੇ 1604 ਈ: ਵਿੱਚ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਨੀਂਹ-ਪੱਥਰ ਰੱਖਿਆ ਸੀ। ਮਜ਼ਾਰ ਉੱਤੇ ਖੜ੍ਹੇ ਹੋ ਕੇ ਕਰਮੇ ਨੇ ਹਜ਼ਰਤ ਮੀਆਂ ਮੀਰ ਨੂੰ ਸ਼ਰਧਾਂਜਲੀ ਪੇਸ਼ ਕੀਤੀ ਅਤੇ ਆਪਣੇ ਮੇਜਬਾਨਾਂ ਨੂੰ ਸੰਬੋਧਿਤ ਕਰਕੇ ਬੋਲਿਆ ਕਿ ਮੀਆਂ ਮੀਰ ਸਾਹਿਬ ਆਪਣੇ ਸ਼ਰਧਾਲੂਆਂ ਨੂੰ ਘੱਟ ਖਾਣ, ਘੱਟ ਬੋਲਣ ਅਤੇ ਘੱਟ ਸੌਣ ਦਾ ਪਾਠ ਦਿਆ ਕਰਦੇ ਸੀ। ਇਕ ਵਾਰ ਇੱਕ ਭਾਵ-ਭਗਤ ਦੁਨੀਆਂਦਾਰ ਨੂੰ ਕਿਹਾ ਕਿ ਤੁਸੀਂ ਲੋਕ ਕੋਈ ਚੰਗਾ ਕਰਨ ਦੇ ਬਿਨਾਂ ਦਰਵੇਸ਼ਾਂ ਤੋਂ ਆਪਣੀਆਂ ਮੁਸ਼ਕਿਲਾਂ ਆਸਾਨ ਕਰਾਉਣੀਆਂ ਚਾਹੁੰਦੇ ਹੋਵੇ, ਇਹ ਠੀਕ ਨਹੀਂ। ਤੁਸੀ ਭੁੱਖੇ ਦਾ ਪੇਟ ਭਰੋ, ਨੰਗੇ ਨੂੰ ਕੱਪੜਾ ਦੇਵੋ, ਲੋੜਵੰਦਾਂ ਦੀਆਂ ਲੋੜਾਂ ਰੱਬ ਦੇ ਦਿੱਤੇ ਹੋਏ ਮਾਲ ’ਚੋਂ ਪੂਰੀਆਂ ਕਰੋ। ਉਹ ਤੁਹਾਡੀਆਂ ਜ਼ਰੂਰਤਾਂ ਪੂਰੀਆਂ ਕਰੇਗਾ।

ਇੱਥੋਂ ਨਿਕਲ ਕੇ ਕਰਮਾ ਇੱਕ ਹੋਰ ਸੂਫੀ ਸ਼ਾਹ ਹੁਸੈਨ ਦੇ ਮਜ਼ਾਰ ਉੱਤੇ ਜਾ ਪਹੁੰਚਿਆ ਜੋ ਇੱਥੋਂ ਜ਼ਿਆਦਾ ਦੂਰ ਨਹੀਂ ਸੀ। ਇਸ ਦਿਨ ਉੱਥੇ ਕਾਫ਼ੀ ਭੀੜ ਸੀ ਕਿਉਂਕਿ ਇੱਕ ਦਿਨ ਪਹਿਲਾਂ ਹੀ ਇੱਥੇ ਸਾਲਾਨਾ ਮੇਲੇ ਦਾ ਆਯੋਜਨ ਹੋਇਆ ਸੀ। ਉੱਥੇ ਹਰ ਪਾਸੇ ਦੁਕਾਨਾਂ ਸਜੀਆਂ ਸੀ, ਲੋਕ ਧਮਾਲ ਪਾ ਰਹੇ ਸਨ ਅਤੇ ਆਪਣੇ-ਆਪਣੇ ਤੌਰ ਤਰੀਕਿਆਂ ਨਾਲ ਮੰਨਤਾਂ ਮੰਗ ਰਹੇ ਸਨ। ਕਰਮੇ ਦੇ ਲਈ ਇਹ ਸਭ ਦ੍ਰਿਸ਼ ਦਿਲ ਲੁਭਾਉਣ ਵਾਲੇ ਸਨ। ਇੱਥੋਂ ਵਿਹਲੇ ਹੋ ਕੇ ਕਰਮਾ ਵਾਹਗਾ ਬਾਰਡਰ ਦੀ ਤਰਫ਼ ਵਾਪਸੀ ਦੇ ਲਈ ਰਵਾਨਾ ਹੋ ਗਿਆ। ਉਹ ਪੱਛਮੀ ਪੰਜਾਬ ਵਿੱਚ ਆਪਣੇ ਦੋਸਤਾਂ ਅਤੇ ਖ਼ੈਰਖਾਹਾਂ ਪਿਆਰਿਆਂ ਦਾ ਸ਼ੁਕਰਗੁਜ਼ਾਰ ਸੀ ਕਿ ਜਿਨ੍ਹਾਂ ਨੇ ਉਸ ਨੂੰ ਉਹ ਸਭ ਕੁਝ ਪ੍ਰਦਾਨ ਕੀਤਾ ਜਿਸ ਦੀ ਉਸ ਨੂੰ ਜ਼ਰੂਰਤ ਅਤੇ ਇੱਛਾ ਸੀ ਅਤੇ ਉਹ ਹਰੇਕ ਜਗ੍ਹਾ ਦੇਖਣ ਵਿੱਚ ਉਸ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਿਨ੍ਹਾਂ ਨੂੰ ਦੇਖਣ ਦੇ ਸੁਫ਼ਨੇ ਉਹ ਬਚਪਨ ਤੋਂ ਵੇਖਿਆ ਕਰਦਾ ਸੀ।

**ਤੀਜੀ ਯਾਤਰਾ :**

ਕਰਮੇ ਦੀ ਤਬੀਅਤ ਅਤੇ ਆਤਮਾ ਵਾਰ-ਵਾਰ ਪਾਕਿਸਤਾਨੀ ਪੰਜਾਬ ਯਾਤਰਾ ਦੇ ਲਈ ਬੇਚੈਨ ਰਹਿਣ ਲੱਗੀ। ਦੋ ਸਾਲ ਦੇ ਵਕਫ਼ੇ ਦੇ ਬਾਅਦ ਤੀਜੀ ਯਾਤਰਾ ਦੇ ਲਈ ਨਵੰਬਰ 2011 ਈ: ਵਿੱਚ ਉਹ ਵਾਹਘਾ ਬਾਰਡਰ ਉਤੇ ਅੱਪੜਿਆ ਤਾਂ ਇਸ ਵਾਰ ਉਸ ਦਾ ਹੁਲੀਆ ਕੁਝ ਤਬਦੀਲ ਸੀ। ਉਸ ਦੇ ਭਤੀਜਿਆਂ ਜਿਨ੍ਹਾਂ ਵਿਚੋਂ ਇਕ ਦਾ ਵਿਆਹ ਸੀ, ਨੇ ਕਰਮੇ ਨੂੰ ਜਵਾਨ ਬਣਾਉਣ ਦੇ ਲਈ ਉਸ ਦੀ ਦਾੜ੍ਹੀ ਰੰਗ ਦਿੱਤੀ ਸੀ। ਜਦ ਕਿ ਉਸ ਦੇ ਪਾਸਪੋਰਟ ’ਤੇ ਦਾੜ੍ਹੀ ਸਫੇਦ ਸੀ। ਪਾਕਿਸਤਾਨੀ ਕਸਟਮ ਵਾਲਿਆਂ ਨੇ ਪ੍ਰੋਫੈਸਰ ਸ਼ੇਖ ਦੀ ਮੌਜੂਦਗੀ ਦੀ ਵਜ੍ਹਾ ਕਰਕੇ ਜ਼ਿਆਦਾ ਪੁੱਛ-ਗਿੱਛ ਨਾ ਕੀਤੀ ਅਤੇ ਬਸ ਰਸਮੀ ਕਾਰਵਾਈ ਹੀ ਕੀਤੀ ਅਤੇ ਓੜਕ ਜਾਣ ਦਿੱਤਾ। ਇੱਥੇ ਉਹ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਗਿਆ ਜਿੱਥੇ ਪ੍ਰੋਫੈਸਰ ਸ਼ੇਖ ਦੀ ਬੇਟੀ ਪੜ੍ਹਦੀ ਸੀ। ਉਥੇ ਕੁਝ ਦੇਰ ਠਹਿਰਨ ਦੇ ਬਾਅਦ ਕਰਮਾ ਆਪਣੇ ਮੇਜ਼ਬਾਨਾਂ ਦੇ ਨਾਲ ਪਿੰਡੀ ਭੱਟੀਆਂ ਚੱਲਿਆ ਗਿਆ। ਕਰਮਾ ਇਸ ਵਾਰ ਇੱਛਾ ਲੈ ਕੇ ਆਇਆ ਸੀ ਕਿ ਇੱਥੇ ਦੀਆਂ ਰੁਮਾਂਸ ਨਾਲ ਭਰਪੂਰ ਕਹਾਣੀਆਂ ਦੇ ਜੋ ਕਿਰਦਾਰ ਹਨ, ਉਨ੍ਹਾਂ ਦੇ ਮਕਬਰਿਆਂ ਉਤੇ ਜਾਇਆ ਜਾਵੇ ਮਗਰ ਪ੍ਰੋਫੈਸਰ ਸ਼ੇਖ਼ ਕਰਮੇ ਨੂੰ ਉਨ੍ਹਾਂ ਮਕਬਰਿਆਂ ਉੱਤੇ ਜਾਣ ਤੋਂ ਪਹਿਲਾਂ ਕਿਧਰੇ ਹੋਰ ‘ਤਿੰਨ ਕੱਕਿਆਂ’ ਵੱਲ ਜਾਣ ਦੀ ਯੋਜਨਾਬੰਦੀ ਕਰ ਚੁੱਕੇ ਸੀ। ਕਰਮੇ ਨੇ ਹੈਰਾਨਗੀ ਨਾਲ ਪੁੱਛਿਆ ਇਹ ਤਿੰਨ (ਕ) ਕੀ ਹੈ? ਪ੍ਰੋਫੈਸਰ ਸ਼ੇਖ਼ ਨੇ ਦੱਸਿਆ ਖਿਓੜਾ, ਕਟਾਸ ਅਤੇ ਕਲਰਕਹਾਰ। ਇਹ ਤਿੰਨੋਂ ਇਤਿਹਾਸਿਕ ਅਤੇ ਮਨੋਰੰਜਕ ਸਥਾਨ ਹਨ।

ਖਿਓੜਾ ਪਹੁੰਚਣ ਦੇ ਲਈ ਕਰਮੇ ਨੇ ਦੋ ਦਰਿਆ ਪਾਰ ਕੀਤੇ। ਪਹਿਲੇ ਚਨਾਬ ਗੁਜ਼ਰਿਆ ਅਤੇ ਫਿਰ ਜਿਹਲਮ। ਜਿਹਲਮ ਆਉਣ ਤੋਂ ਪਹਿਲੇ ਕਰਮੇ ਦੀਆਂ ਨਜ਼ਰਾਂ ਦੂਰ ਇੱਕ ਵੱਡੀ ਆਬਾਦੀ ਉਤੇ ਪਈਆਂ। ਇਹ ਉਪਮਹਾਂਦੀਪ ਪਾਕ ਅਤੇ ਹਿੰਦ ਦੇ ਪ੍ਰਾਚੀਨ ਸ਼ਹਿਰਾਂ ਵਿੱਚੋਂ ਇੱਕ ਸ਼ਹਿਰ ਭੇਰਾ ਸੀ। ਜਦੋਂ ਹਿੰਦੁਸਤਾਨ ਉੱਤੇ ਸਿਕੰਦਰੇ-ਆਜ਼ਮ ਨੇ ਹਮਲਾ ਕੀਤਾ ਸੀ ਤਾਂ ਉਸ ਸਮੇਂ ਇਹ ਸ਼ਹਿਰ ਮੌਜੂਦ ਸੀ। ਖਿਓੜਾ ਪਹੁੰਚ ਕੇ ਕਰਮੇ ਨੂੰ ਇਸਦੇ ਇਤਿਹਾਸ ਬਾਰੇ ਦੱਸਿਆ ਗਿਆ ਕਿ ਇਹ ਦੁਨੀਆਂ ਦੀ ਦੂਜੀ ਵੱਡੀ ਲੂਣ ਦੀ ਖਾਣ ਹੈ। ਭੇਰਾ ਫਿਲਮ ਤੇ ਪੰਜਾਬੀ ਲੇਖਕ ਬਲਰਾਜ ਸਾਹਨੀ, ਉਸਦੇ ਨਿੱਕੇ ਵੀਰ ਤੇ ਹਿੰਦੀ ਦੇ ਨਾਮਵਰ ਲੇਖਕ ਭੀਸ਼ਮ ਸਾਹਨੀ ਦੀ ਜਨਮ ਭੂਮੀ ਹੈ। ਜਦੋਂ ਸਿਕੰਦਰ ਦੀ ਫ਼ੌਜ ਨੇ ਇੱਥੇ ਗਠਨ ਕੀਤਾ ਤਾਂ ਉਸ ਦੇ ਘੋੜਿਆਂ ਨੇ ਪਰਬਤਾਂ ਨੂੰ ਚੱਟਣਾ ਸ਼ੁਰੂ ਕਰ ਦਿੱਤਾ ਸੀ। ਇੰਝ ਸਿਕੰਦਰ ਨੂੰ ਪਤਾ ਲੱਗਾ ਕਿ ਇੱਥੇ ਲੂਣ ਹੈ। ਆਧੁਨਿਕ ਵਿਗਿਆਨੀ

ਆਧਾਰ ਉੱਤੇ ਇਸ ਖਾਣ 'ਚ ਲੂਣ ਅੰਗਰੇਜ਼ਾਂ ਨੇ 1870 ਈ: ਵਿੱਚ ਕੱਢਣਾ ਸ਼ੁਰੂ ਕੀਤਾ। ਕਰਮੇ ਦੀ ਅਗਲੀ ਮੰਜ਼ਿਲ ਹਿੰਦੂ ਸੱਭਿਅਤਾ ਅਤੇ ਇਤਿਹਾਸਿਕ ਸਥਾਨ ਕਟਾਸ ਰਾਜ ਸੀ ਜੋ ਇੱਥੋਂ ਜ਼ਿਆਦਾ ਦੂਰ ਨਹੀਂ ਸੀ।

ਕਰਮਾ ਉਸ ਦੀ ਇਤਿਹਾਸਿਕ ਮਹੱਤਤਾ ਬਾਰੇ ਕੁਝ ਕੁਝ ਪਹਿਲਾਂ ਹੀ ਜਾਣਕਾਰੀ ਰੱਖਦਾ ਸੀ, ਮਗਰ ਉਸ ਨੂੰ ਆਪਣੀਆਂ ਅੱਖਾਂ ਨਾਲ ਵੇਖਦੇ ਹੋਏ ਉਹ ਆਪਣੇ ਆਪ ਨੂੰ ਅਤੀਤ ਦੀ ਇਸ ਪ੍ਰਾਚੀਨ ਸੱਭਿਅਤਾ ਦਾ ਹਿੱਸਾ ਮਹਿਸੂਸ ਕਰ ਰਿਹਾ ਸੀ। ਹਿੰਦੂ ਮੱਤਾਂ ਦੇ ਅਨੁਸਾਰ ਕਟਾਸ ਰਾਜ ਇੱਕ ਪਵਿੱਤਰ ਜਗ੍ਹਾ ਹੈ ਅਤੇ ਮਹਾਂਭਾਰਤ ਵਿੱਚ ਇਸ ਦਾ ਜ਼ਿਕਰ ਮੌਜੂਦ ਹੈ। ਬ੍ਰਾਹਮਣਾਂ ਦੀ ਇੱਕ ਪਰੰਪਰਾ ਦੇ ਅਨੁਸਾਰ ਜਦੋਂ ਸ਼ਿਵ ਦੇਵਤੇ ਦੀ ਪਤਨੀ ਸਤੀ ਦੀ ਮੌਤ ਹੋਈ ਤਾਂ ਉਸ ਨੂੰ ਇਸ ਹਾਦਸੇ ਦਾ ਬਹੁਤ ਸਦਮਾ ਅੱਪੜਿਆ ਅਤੇ ਉਸ ਦੇ ਹੰਝੂਆਂ 'ਚੋਂ ਦੋ ਝੀਲਾਂ ਹੋਂਦ ਵਿੱਚ ਆਈਆਂ। ਉਨ੍ਹਾਂ ਵਿੱਚੋਂ ਇਕ ਅਜਮੇਰ ਦੀ "ਪੁਸ਼ਕਰ" ਅਤੇ ਦੂਜੀ ਇਹ ਕਟਾਸ ਦੀ ਝੀਲ। ਇਸ ਝੀਲ ਦੇ ਆਸਪਾਸ ਸੱਤ ਘਰੇ ਮੰਦਿਰ ਹਨ। ਉਨ੍ਹਾਂ ਮੰਦਿਰਾਂ ਦਾ ਕਰਮਾ ਜਦੋਂ ਜਾਇਜ਼ਾ ਲੈ ਰਿਹਾ ਸੀ ਤਾਂ ਪ੍ਰੋਫੈਸਰ ਸ਼ੇਖ਼ ਨੇ ਉਸ ਨੂੰ ਇਹ ਵੀ ਦੱਸਿਆ ਕਿ ਤਿੰਨ ਸੌ ਵਰ੍ਹੇ ਈਸਾ ਤੋਂ ਪਹਿਲੇ ਕਟਾਸ ਰਾਜ ਵਿੱਚ ਇੱਕ ਵਿਸ਼ਾਲ ਸੰਸਕ੍ਰਿਤ ਯੂਨੀਵਰਸਿਟੀ ਵੀ ਸੀ ਜਿੱਥੇ ਵੱਖ-ਵੱਖ ਗਿਆਨ ਸਿਖਾਏ ਜਾਂਦੇ ਸਨ।

ਕਟਾਸ ਰਾਜ ਤੋਂ ਨਿਕਲ ਕੇ ਕਰਮੇ ਦੀ ਅਗਲੀ ਮੰਜਿਲ ਕਲਰ ਕਹਾਰ ਸੀ ਜਿੱਥੇ ਉਹ ਅੱਪੜਿਆ ਤਾਂ ਇੱਕ ਵਿਸਤ੍ਰਿਤ ਅਤੇ ਅਜੀਜ ਝੀਲ ਵਿਚ ਕਿਸ਼ਤੀਆਂ ਤੈਰ ਰਹੀਆਂ ਸਨ। ਨਾਲ ਹੀ ਉਹ ਬਾਗ 'ਸਫ਼ਾ' ਵੀ ਸੀ ਜਿਸ ਨੂੰ ਮੁਗ਼ਲ ਬਾਦਸ਼ਾਹ ਬਾਬਰ ਨੇ 1519 ਈ: ਵਿੱਚ ਬਣਵਾਇਆ ਸੀ। ਇਸੇ ਬਾਗ ਤੋਂ ਹੁੰਦੇ ਹੋਇਆਂ ਕਰਮਾ ਇੱਕ ਤਰਾਸ਼ੀ ਹੋਈ ਪਹਾੜੀ 'ਤੇ ਪਹੁੰਚਿਆ। ਇਹ ਉਹ ਤਖ਼ਤੇ-ਬਾਬਰੀ ਹੈ ਜਿਸ ਨੂੰ ਬਾਬਰ ਦੇ ਕਲਰ ਕਹਾਰ ਵਿਚ ਵਾਸ ਦੇ ਦੌਰਾਨ ਫ਼ੌਜ ਨੇ ਇੱਕ ਚੱਟਾਨ ਤਰਾਸ਼ ਕੇ ਇਸ ਦੇ ਲਈ ਬਣਾਇਆ ਸੀ। ਤਖ਼ਤ 'ਤੇ ਖੜ੍ਹੇ ਹੋ ਕੇ ਕਰਮੇ ਨੂੰ ਇੱਕ ਛਿਣ ਦੇ ਲਈ ਇੰਜ ਲੱਗਿਆ ਕਿ ਉਹ ਵੀ ਕੋਈ ਬਾਦਸ਼ਾਹ ਹੈ ਮਗਰ ਉਸ ਦੇ ਸਾਹਮਣੇ ਨਾ ਕੋਈ ਫ਼ੌਜ ਸੀ ਨਾ ਕੋਈ ਜਨਤਾ ! ਇਸ ਲਈ ਇਹ ਸੋਚ ਕੇ ਉਹ ਸੰਤੁਸ਼ਟ ਜਿਹਾ ਹੋ ਗਿਆ ਕਿ ਉਹ ਬਸ ਆਪਣੇ ਅੰਦਰ ਦਾ ਬਾਦਸ਼ਾਹ ਹੈ।

ਅਗਲੇ ਦਿਨ ਕਰਮੇ ਦੇ ਮੇਜ਼ਬਾਨ ਉਸ ਨੂੰ ਹਾਫ਼ਿਜ਼ਾਬਾਦ ਲੈ ਗਏ ਜਿੱਥੇ ਉਸ ਦੀ ਅਜੀਜ ਅਲੀ ਸ਼ੇਖ਼ ਅਤੇ ਚੌਧਰੀ ਸਲਾਹੁਦੀਨ ਜਹੇ ਬੁੱਧੀਜੀਵੀਆਂ ਨਾਲ ਮੁਲਾਕਾਤ ਹੋਈ ਜੋ ਉਸ ਨੂੰ ਸ਼ਹਿਰ ਦੇ ਵਿਚਾਲੇ ਇਕ ਅਜਿਹੀ ਇਮਾਰਤ ਵਿੱਚ

ਲੈ ਗਏ ਜੋ ਗੁਰੂਦੁਆਰਾ "ਛੱਟੀ ਬਾਦਸ਼ਾਹੀ" ਕਹਾਉਂਦਾ ਹੈ। ਇਸ ਸਥਾਨ ਉੱਤੇ ਜਹਾਂਗੀਰ ਬਾਦਸ਼ਾਹ ਦੇ ਸਮੇਂ ਵਿੱਚ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਸ਼ਮੀਰ ਤੋਂ ਵਾਪਿਸ ਆਉਂਦਿਆਂ ਵਾਸ ਕੀਤਾ ਸੀ।

ਪ੍ਰੋਫੈਸਰ ਚੌਧਰੀ ਸਲਾਹੁਦੀਨ, ਇਕ ਕੱਟੜ ਮਾਰਕਸਵਾਦੀ, ਕਾਲਜ-ਯੂਨੀਵਰਸਿਟੀ ਪੜਾਉਂਦੇ ਸਮੇਂ ਤੋਂ ਲਗਾਤਾਰ ਮਨੁੱਖੀ ਹੱਕਾ, ਗਰੀਬ ਕਿਸਾਨਾਂ, ਮਜ਼ਦੂਰਾਂ ਦੀ ਬੁਲੰਦ ਆਵਾਜ਼ ਬਣਦੇ ਆ ਰਹੇ 85 ਸਾਲਾਂ ਦੀ ਉਮਰ ਵਿਚ ਵੀ ਪੂਰੀ ਤਰ੍ਹਾਂ ਸੰਘਰਸ਼-ਸ਼ੀਲ ਹਨ। ਖਾਸ ਕਰਕੇ ਲੜਕੀਆਂ ਦੀ ਪੜਾਈ ਪ੍ਰਤੀ ਉਨ੍ਹਾਂ ਦੀ ਅਣਥੱਕ ਮਿਹਨਤ। ਖੁਦ ਉਨ੍ਹਾਂ ਨੇ 10 ਸਾਲ ਲੜਕੀਆਂ ਦਾ ਕਾਲਜ ਹਾਫਿਜਾਬਾਦ ਚਲਾ ਕੇ ਬਹੁਤ ਉੱਚਾ ਇੱਜ਼ਤ ਮਾਣ ਕਮਾਇਆ ਹੈ।

ਹੁਣ ਉਸ ਦਿਨ ਦਾ ਸੂਰਜ ਉਦੈ ਹੋ ਗਿਆ ਸੀ ਜਿਸ ਦਾ ਕਰਮੇ ਨੂੰ ਸਾਲਾਂ ਤੋਂ ਇੰਤਜ਼ਾਰ ਸੀ। ਉਹ ਆਪਣੇ ਮੇਜ਼ਬਾਨਾਂ ਦੇ ਨਾਲ ਹੀਰ ਦੇ ਸ਼ਹਿਰ ਝੰਗ ਦੀ ਯਾਤਰਾ ਦੇ ਲਈ ਰਵਾਨਾ ਹੋਇਆ। ਝੰਗ ਵਿੱਚ ਹੀਰ ਦਾ ਮਕਬਰਾ ਇਕ ਪ੍ਰਾਚੀਨ ਕਬਰਸਤਾਨ ਦੇ ਵਿੱਚ ਇਕ ਉੱਚੇ ਟਿੱਲੇ ਉੱਤੇ ਸੀ ਜਿਸ ਦੀ ਛੱਤ ਨਹੀਂ ਸੀ ਅਤੇ ਕਬਰ ਦੇ ਉੱਤੇ ਖੁੱਲ੍ਹਾ ਅਸਮਾਨ ਸੀ। ਕਬਰ ਦੇ ਸਿਰ੍ਹਾਣੇ ਨਮਕ ਪਿਆ ਸੀ ਜਿਸ ਨੂੰ ਆਉਣ ਵਾਲੇ ਪਵਿੱਤਰ ਸਮਝ ਕੇ ਚੱਟਦੇ ਸਨ। ਇੱਥੇ ਪਿਆਰ ਕਰਨ ਵਾਲੇ ਆਉਂਦੇ ਹਨ ਅਤੇ ਆਪਣੀਆਂ ਮੁਰਾਦਾਂ ਪੂਰੀਆਂ ਹੋਣ ਦੀਆਂ ਮੰਨਤਾਂ ਮੰਗਦੇ ਹਨ। ਕਰਮਾ ਉਥੋਂ ਨਿਕਲਦੇ ਹੋਏ ਦਿਲ ਵਿੱਚ ਸੋਚ ਰਿਹਾ ਸੀ ਕਿ ਜੇਕਰ ਹੀਰ ਰਾਂਝੇ ਦਾ ਕਿੱਸਾ ਵਾਰਿਸ ਸ਼ਾਹ ਦੀ ਕਲਮ ਤੋਂ ਰਚਿਆ ਨਾ ਹੁੰਦਾ ਤਾਂ ਉਦੋਂ ਇਹ ਕਥਾ ਸਾਹਮਣੇ ਨਾ ਆਉਂਦੀ। ਪਿਆਰ ਦੀਆਂ ਅਜਿਹੀਆਂ ਕਹਾਣੀਆਂ ਹਰ ਦੌਰ ਵਿੱਚ ਜਨਮ ਲੈਂਦੀਆਂ ਹਨ, ਪਰ ਵਾਰਿਸ ਸ਼ਾਹ ਕਿਸੇ-ਕਿਸੇ ਨੂੰ ਮਿਲਦਾ ਹੈ।

ਹੀਰ ਦੀ ਕਬਰ ਤੋਂ ਵਾਪਸੀ ਉੱਤੇ ਕਰਮਾ ਚਨਿਓਟ ਵਿੱਚ ਵੀ ਰੁਕਿਆ। ਇੱਥੇ ਦੇ ਬਾਜ਼ਾਰਾਂ ਵਿੱਚ ਉਸ ਨੂੰ ਕਾਫ਼ੀ ਰੌਣਕ ਵੇਖਣ ਨੂੰ ਮਿਲੀ। ਇਨ੍ਹਾਂ ਬਾਜ਼ਾਰਾਂ ਤੋਂ ਹੁੰਦੇ ਹੋਏ ਉਹ ਇੱਥੇ ਦੇ ਉਮਰ ਹਿਆਤ ਮਹਿਲ ਗਿਆ ਜਿਸ ਨੂੰ ਉਮਰ ਹਿਆਤ ਨੇ ਕੋਈ ਇੱਕ ਸਦੀ ਪਹਿਲਾਂ ਤਾਮੀਰ ਕਰਾਇਆ ਸੀ ਪਰ ਨਾ ਉਸ ਨੂੰ ਇਸ ਵਿੱਚ ਰਹਿਣਾ ਨਸੀਬ ਹੋਇਆ ਅਤੇ ਨਾ ਉਸ ਦੇ ਬੱਚਿਆਂ ਨੂੰ। ਪਹਿਲੇ ਉਸ ਦੀ ਆਪਣੀ ਮੌਤ ਹੋਈ ਫਿਰ ਵਿਆਹ ਦੇ ਅਗਲੇ ਦਿਨ ਇਕਲੌਤਾ ਬੇਟਾ ਗੁਲਜ਼ਾਰ ਵੀ ਮਰ ਗਿਆ ਜਿਸ ਨੂੰ ਮਹਿਲ ਦੇ ਵਿਹੜੇ ਵਿੱਚ ਹੀ ਦਫ਼ਨ ਕਰ ਦਿੱਤਾ ਗਿਆ ਸੀ। ਕਈ ਸਾਲ ਤਕ ਇਹ ਯਤੀਮਖ਼ਾਨਾ ਬਣਿਆ ਰਿਹਾ। ਫਿਰ ਸਰਕਾਰ ਨੇ ਉਸ ਦੀ ਮੁਰੰਮਤ ਕਰਕੇ ਉਸ ਨੂੰ ਸੁਰੱਖਿਅਤ ਬਣਾ ਲਿਆ। ਝਨਾਂ ਦਰਿਆ ਨੇੜੇ ਵੱਸਿਆ ਪੁਰਾਣਾ ਸ਼ਹਿਰ ਚਨਿਓਟ ਲੱਕੜੀ ਦੇ ਕੰਮ ਅਤੇ ਰੰਗ ਕਲਾਕਾਰੀ

ਵਿਚ ਆਪਣੀ ਮਿਸਾਲ ਆਪ ਰੱਖਦਾ ਹੈ। ਅੱਜ ਪਾਕਿਸਤਾਨੀ ਪੰਜਾਬ ਵਿੱਚ ਕਰਮੇ ਦੇ ਰਹਿਣ ਦਾ ਆਖ਼ਰੀ ਦਿਨ ਸੀ।

**ਚੌਥੀ ਯਾਤਰਾ :**

ਪਿਛਲੀਆਂ ਦੋ-ਤਿੰਨ ਯਾਤਰਾਵਾਂ ਵੇਲੇ ਕਰਮੇ ਨੂੰ ਦੁੱਲੇ ਭੱਟੀ ਅਤੇ ਉਸ ਦੇ ਕਾਰਨਾਮਿਆਂ ਬਾਰੇ ਬਹੁਤ ਸਾਰੀਆਂ ਸੂਚਨਾਵਾਂ ਪ੍ਰਾਪਤ ਹੋ ਗਈਆਂ ਸਨ। ਹੁਣ ਉਸ ਦੇ ਲਈ ਪੰਜਾਬ ਦੇ ਜੰਗਜੂ ਅਤੇ ਬਹਾਦਰ ਸੂਰਮੇ ਉੱਤੇ ਕਿਤਾਬ ਲਿਖਣਾ ਸੰਭਵ ਹੋ ਗਿਆ ਸੀ, ਜਿਸ ਨੂੰ ਉਸ ਨੇ ਬਹੁਤ ਛੇਤੀ ਪੂਰਾ ਕਰ ਲਿਆ ਅਤੇ ਫਿਰ ਉਸ ਨੂੰ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕਰਵਾਇਆ। ਇਸ ਕਿਤਾਬ ਦੀ ਪ੍ਰਕਾਸ਼ਨਾ ਉੱਤੇ ਉਹ ਬਹੁਤ ਖੁਸ਼ ਸੀ। ਇਹੀ ਨਹੀਂ, ਕਰਮੇ ਨੇ ਆਪਣੇ ਹਾਲਾਤੇ- ਜ਼ਿੰਦਗੀ ਅਤੇ ਪਾਕਿਸਤਾਨੀ ਪੰਜਾਬ ਦੀ ਤਰਫ਼ ਜੋ ਸਫ਼ਰ ਕੀਤਾ ਸੀ, ਉਸ ਨੂੰ ਵੀ “Punjab to Punjab” ਦੇ ਸਿਰਲੇਖ ਸਹਿਤ ਲਿਖਣਾ ਸ਼ੁਰੂ ਕੀਤਾ ਅਤੇ ਕਿਤਾਬੀ ਸ਼ਕਲ ਦੇ ਕੇ ਪ੍ਰਕਾਸ਼ਿਤ ਕਰਵਾਇਆ। ਇਸੇ ਕਿਤਾਬ ਨੂੰ ਉਨ੍ਹਾਂ ਦੇ ਪਾਕਿਸਤਾਨੀ ਮਿੱਤਰ ਪ੍ਰੋਫ਼ੈਸਰ ਸ਼ੇਖ਼ ਨੇ ਉਰਦੂ ਭਾਸ਼ਾ ਵਿੱਚ ਢਾਲ ਕੇ ਲਾਹੌਰ ਤੋਂ “ਪੰਜਾਬ ਸੇ ਪੰਜਾਬ” ਦੇ ਸਿਰਲੇਖ ਸਹਿਤ ਪ੍ਰਕਾਸ਼ਿਤ ਕਰਵਾਇਆ।

ਕਰਮੇ ਦੀ ਬੇਚੈਨ ਤਬੀਅਤ ਉਸ ਨੂੰ ਟਿਕਣ ਨਾ ਦਿੰਦੀ ਸੀ। ਉਹ ਹਰ ਵਕਤ ਨਵੀਆਂ-ਨਵੀਆਂ ਪਰਿਯੋਜਨਾਵਾਂ ਦੇ ਬਾਰੇ ਵਿੱਚ ਸੋਚਦਾ ਰਹਿੰਦਾ। ਦੁੱਲਾ ਭੱਟੀ ਬਾਰੇ ਉਸ ਦੀ ਕਿਤਾਬ ਛਪੀ ਅਤੇ ਉਸ ਨੂੰ ਪ੍ਰਸੰਸਾ ਮਿਲੀ ਤਾਂ ਹੁਣ ਕਰਮੇ ਦੇ ਦਿਲ ਵਿੱਚ ਖਿਆਲ ਪੈਦਾ ਹੋਇਆ ਕਿ ਉਹ ਹੁਣ ਪੰਜਾਬ ਦੇ ਕਿਸੇ ਹੋਰ ਬਹਾਦਰ ਕਿਰਦਾਰ ਬਾਰੇ ਖੋਜ ਕਰੇਗਾ। ਉਸ ਨੇ ਜਗਤ ਸਿੰਘ ਉਰਫ ਜੱਗੇ ਡਾਕੂ ਦੀ ਜ਼ਿੰਦਗੀ ਬਾਰੇ ਪਤਾ ਲਗਾਉਣ ਦਾ ਇਰਾਦਾ ਕੀਤਾ। ਇਸੇ ਇਰਾਦੇ ਦੇ ਤਹਿਤ ਉਹ ਚੌਥੀ ਵਾਰ ਮਾਰਚ 2013 ਈ: ਵਿੱਚ ਪਾਕਿਸਤਾਨੀ ਪੰਜਾਬ ਆਇਆ। ਇਸ ਵਾਰ ਵੀ ਉਸ ਦੇ ਮੇਜ਼ਬਾਨ ਪ੍ਰੋਫ਼ੈਸਰ ਸ਼ੇਖ਼ ਹੀ ਸਨ। ਜੱਗਾ ਇੱਕ ਐਸਾ ਸੂਰਮਾ ਸੀ ਜਿਸ ਨੇ ਜ਼ਿਮੀਂਦਾਰਾਂ ਅਤੇ ਸਰਕਾਰ ਦੇ ਧੱਕੇ ਤੋਂ ਤੰਗ ਆ ਕੇ ਆਖ਼ਰ ਡਾਕੂਆਂ ਦਾ ਜੀਵਨ ਅਪਣਾਇਆ ਅਤੇ ਲੁੱਟਮਾਰ ਦੇ ਸਾਮਾਨ ਅਤੇ ਸੋਨੇ ਦੇ ਜ਼ੇਵਰਾਂ ਨਾਲ ਇਲਾਕੇ ਦੇ ਗਰੀਬ ਲੋਕਾਂ ਦੀ ਮਦਦ ਕੀਤੀ। ਜੱਗੇ ਦੀ ਕਹਾਣੀ ਇਕ ਅਜਿਹੇ ਵਿਅਕਤੀ ਦੀ ਕਹਾਣੀ ਸੀ ਜਿਸ ਨੂੰ ਡਾਕੂ ਬਣਨ ਉੱਤੇ ਮਜਬੂਰ ਕਰ ਦਿੱਤਾ ਗਿਆ ਸੀ। ਕਰਮੇ ਨੂੰ ਇਸ ਕਹਾਣੀ ਦੀ ਅਸਲ ਸਚਾਈ ਤਕ ਪਹੁੰਚਣ ਦੇ ਲਈ ਜ਼ਿਲ੍ਹਾ ਕਸੂਰ ਵਿੱਚ ਜੱਗੇ ਦੇ ਪਿੰਡ ਜਾਣਾ ਪਿਆ। ਉਥੇ ਪਹੁੰਚ ਕੇ ਉਸ ਨੂੰ ਬੜੀ ਹੈਰਾਨੀ ਹੋਈ ਜਦੋਂ ਜੱਗੇ ਦੇ ਕੁਝ ਰਿਸ਼ਤੇਦਾਰ

ਉਸ ਨਾਲ ਮਿਲੇ। ਅਸਲ ਵਿਚ ਜੱਗੇ ਦੇ ਕਰੀਬੀ ਰਿਸ਼ਤੇਦਾਰਾਂ ਵਿੱਚੋਂ ਇੱਕ ਵਿਅਕਤੀ ਪਾਕਿਸਤਾਨ ਬਣਨ ਵੇਲੇ ਮੁਸਲਮਾਨ ਹੋ ਗਿਆ ਸੀ ਅਤੇ ਉਹ ਇੱਥੇ ਇਸ ਪਿੰਡ ਵਿਚ ਹੀ ਰਿਹਾ। ਕਰਮਾ ਜਿਸ ਘਰ ਵਿੱਚ ਬੈਠਾ ਸੀ ਉਹ ਕਿਸੇ ਵਕਤ ਜੱਗੇ ਦੀ ਹਵੇਲੀ ਸੀ ਅਤੇ ਇਸ ਵਿੱਚ ਹੁਣ ਸਰਦਾਰ ਇਜਰਤ ਰਹਿੰਦਾ ਸੀ ਜੋ ਜੱਗੇ ਦਾ ਭਤੀਜਾ ਲੱਗਦਾ ਸੀ। ਇਜਰਤ ਤੋਂ ਕਰਮੇ ਨੂੰ ਜੱਗੇ ਦੀ ਨਿੱਜੀ ਜੀਵਨ ਬਾਰੇ ਵੱਡੀ ਜਾਣਕਾਰੀ ਹਾਸਲ ਹੋਈ। ਉਹ ਕਰਮੇ ਨੂੰ ਉਸ ਜਗ੍ਹਾ ਵੀ ਲੈ ਕੇ ਗਿਆ ਜਿੱਥੇ ਗੋਲੀ ਮਾਰ ਕੇ ਜੱਗੇ ਨੂੰ ਮਾਰਿਆ ਗਿਆ ਸੀ। ਕਰਮਾ ਇਸ ਪਿੰਡ ਦੇ ਕੁਝ ਹੋਰ ਬਜ਼ੁਰਗਾਂ ਨੂੰ ਮਿਲਣ ਦੇ ਇਲਾਵਾ ਮਲੰਗੀ ਦੇ ਪਿੰਡ ਵੀ ਗਿਆ ਜਿੱਥੋਂ ਦੇ ਜ਼ਿਮੀਂਦਾਰ ਤੋਂ ਉਸ ਨੂੰ ਮਲੰਗੀ ਬਾਰੇ ਬਹੁਤ ਸਾਰੀਆਂ ਕਹਾਣੀਆਂ ਸੁਣਨ ਨੂੰ ਮਿਲੀਆਂ। ਮਲੰਗੀ ਦੇ ਜਿਉਂਦੇ ਹੀ ਆਮ ਮਸ਼ਹੂਰ ਹੋ ਗਿਆ ਸੀ : 'ਦਿਨੇ ਰਾਜ ਫ਼ਰੰਗੀ ਦਾ ਰਾਤੀਂ ਰਾਜ ਮਲੰਗੀ ਦਾ।' ਉਨ੍ਹਾਂ ਕਿੱਸੇ-ਕਹਾਣੀਆਂ ਨੂੰ ਕਰਮਾ ਆਪਣੇ ਮਨ-ਮਸਤਕ 'ਚ ਲਪੇਟ ਕੇ ਆਪਣੇ ਨਾਲ ਵਾਪਸ ਲੈ ਗਿਆ ਅਤੇ ਉਹਨੂੰ ਕਿਤਾਬੀ ਸ਼ਕਲ ਦੇ ਦਿੱਤੀ। ਜਿਵੇਂ-ਜਿਵੇਂ ਕਰਮਾ ਪੰਜਾਬ ਦੀ ਧਰਤੀ ਦੀ ਮਿੱਟੀ ਛਾਣਦਾ ਰਿਹਾ, ਤਿਵੇਂ-ਤਿਵੇਂ ਇਸ ਧਰਤੀ ਦੇ ਸੂਰਮਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਉਸ ਦੀ ਤਲਾਸ਼ ਵਧਦੀ ਰਹੀ।

ਕਰਮਾ ਕਸੂਰ ਤੋਂ ਹੋ ਕੇ ਪਿੰਡੀ ਭੱਟੀਆਂ ਅੱਪੜਿਆ ਤਾਂ ਦੁੱਲਾ ਭੱਟੀ ਸੰਗਤ ਦੇ ਅਹੁਦੇਦਾਰਾਂ ਦੇ ਸਾਹਮਣੇ ਇਕ ਪ੍ਰਸਤਾਵ ਰੱਖਿਆ ਕਿ ਦੁੱਲਾ ਭੱਟੀ ਦੇ ਪਿੰਡ "ਦੁਲੱਕੀ" ਦੇ ਚੌਂਕ ਵਿਚ ਦੁੱਲਾ ਭੱਟੀ ਦੀ ਮੂਰਤੀ ਰੂਪੀ ਯਾਦਗਾਰੀ ਪੁਤਲਾ ਸਥਾਪਤ ਹੋਣਾ ਚਾਹੀਦਾ ਹੈ। ਇਹ ਮਕਸਦ ਦੇ ਲਈ ਕਰਮਾ ਆਪਣੇ ਮੇਜ਼ਬਾਨਾਂ ਦੇ ਨਾਲ ਉੱਥੇ ਦੇ ਅਸਿਸਟੈਂਟ ਕਮਿਸ਼ਨਰ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਦੁੱਲਾ ਭੱਟੀ ਦੀ ਮੂਰਤੀ ਸਥਾਪਤ ਕਰਨ ਦੀ ਦਰਖ਼ਾਸਤ ਦਿੱਤੀ ਜਿਸ ਦੀ ਅਸਿਸਟੈਂਟ ਕਮਿਸ਼ਨਰ ਨੇ ਹਾਮੀ ਭਰ ਦਿੱਤੀ। ਕਰਮਾ ਹੁਣ ਪਿੰਡੀ ਭੱਟੀਆਂ ਦੇ ਲਈ ਅਜਨਬੀ ਨਹੀਂ ਰਿਹਾ ਸੀ। ਇੱਥੇ ਦੇ ਲੋਕ ਉਸ ਨੂੰ ਪਿਆਰ ਕਰਨ ਲੱਗੇ ਸੀ। ਇਕ ਦਿਨ ਪਿੰਡੀ ਭੱਟੀਆਂ ਦੇ ਕਰੀਬੀ ਪਿੰਡ ਦੇ ਸਕੂਲ ਵਿੱਚ ਉਸ ਨੂੰ ਇਨਾਮ ਵੰਡ ਸਮਾਰੋਹ ਦੇ ਲਈ ਸੱਦਾ ਦਿੱਤਾ ਗਿਆ। ਸਕੂਲ ਦੇ ਬਾਹਰ ਢੋਲ ਦੀ ਥਾਪ ਉੱਤੇ ਸਕੂਲ ਦੇ ਬੱਚਿਆਂ ਨੇ ਲੁੱਡੀ (ਇਕ ਪੇਂਡੂ ਸਭਿਆਚਾਰਕ ਲੋਕ-ਨਾਚ) ਪ੍ਰਸਤੁਤ ਕਰ ਕੇ ਕਰਮੇ ਦਾ ਸਵਾਗਤ ਕੀਤਾ। ਕਰਮੇ ਤੋਂ ਵੀ ਨਾ ਰਿਹਾ ਗਿਆ ਅਤੇ ਉਹ ਖ਼ੁਸ਼ੀ ਵਿੱਚ ਢੋਲ ਦੀ ਥਾਪ ਉੱਤੇ ਆਪ ਵੀ ਘੁਮਰ ਮਾਰਨ ਲੱਗਾ। ਇਹ ਵੇਖ ਕੇ ਸਕੂਲ ਦੇ ਬੱਚੇ ਬਹੁਤ ਖੁਸ਼ ਹੋ ਰਹੇ ਸੀ। ਇਸ ਪ੍ਰਕਾਰ ਕਰਮੇ ਨੂੰ ਇੱਥੇ ਬਹੁਤ ਪਿਆਰ ਅਤੇ ਮੁਹੱਬਤਾਂ ਮਿਲੀਆਂ।

**ਪੰਜਵੀਂ ਯਾਤਰਾ :**

ਕਰਮੇ ਨੂੰ ਵੱਡਾ ਸ਼ੌਂਕ ਸੀ ਕਿ ਪਿੰਡੀ ਭੱਟੀਆਂ ਵਿੱਚ ਦੁੱਲੇ ਭੱਟੀ ਦੀ ਕੋਈ ਯਾਦਗਾਰ ਬਣੇ ਅਤੇ ਉਹ ਉਸ ਨੂੰ ਵੇਖਣ ਜਾਵੇ। ਉਸ ਦੀ ਇਹ ਇੱਛਾ ਪੂਰੀ ਹੋਣ ਵਾਲੀ ਸੀ ਕਿਉਂਕਿ ਇਸ ਦੇ ਮਿੱਤਰ ਪ੍ਰੋਫ਼ੈਸਰ ਸ਼ੇਖ਼ ਅਤੇ ਦੁੱਲਾ ਭੱਟੀ ਸੰਗਤ ਦੇ ਦੂਜੇ ਅਹੁਦੇਦਾਰ ਇਹ ਦੇ ਲਈ ਲਗਾਤਾਰ ਯਤਨਸ਼ੀਲ ਸਨ। ਉਨ੍ਹਾਂ ਦੀਆਂ ਕੋਸ਼ਿਸ਼ਾਂ ਤੋਂ ਮਿਉਂਸਪਲ ਕਮੇਟੀ ਪਿੰਡੀ ਭੱਟੀਆਂ ਨੇ ਇਸ ਕੰਮ ਦੇ ਲਈ ਬਜਟ ਮਨਜ਼ੂਰ ਕੀਤਾ ਜਿਸ ਤੋਂ ਦੁੱਲੇ-ਕੀ ਬਾਈਪਾਸ 'ਤੇ ਦੁੱਲਾ ਭੱਟੀ ਦਾ ਇੱਕ ਘੋੜੇ ਉਤੇ ਸਵਾਰ ਪੁਤਲਾ ਸਥਾਪਤ ਹੋਣਾ ਸੀ। ਕਰਮੇ ਨੂੰ ਜਦੋਂ ਪਤਾ ਲੱਗਿਆ ਤਾਂ ਉਸ ਨੇ ਵੀ ਉਸ ਵਿੱਚ ਆਪਣਾ ਹਿੱਸਾ ਪਾਇਆ ਅਤੇ ਜਦੋਂ ਉਹ 2014 ਈ: ਵਿੱਚ ਇੱਥੇ ਆਇਆ ਤਾਂ ਦੁੱਲਾ ਭੱਟੀ ਦੀ ਮੂਰਤੀ ਸਥਾਪਤ ਹੋ ਚੁੱਕੀ ਸੀ। ਕਰਮੇ ਨੂੰ ਉਸ ਵਕਤ ਬਹੁਤ ਹੈਰਾਨੀ ਹੋਈ ਜਦੋਂ ਉਸ ਦੇ ਮੇਜ਼ਬਾਨ ਪ੍ਰੋਫ਼ੈਸਰ ਸ਼ੇਖ਼ ਨੇ ਉਸ ਨੂੰ ਦੱਸਿਆ ਕਿ ਇਹ ਬੁੱਤ-ਉਦਘਾਟਨ ਕਰਮਾ, ਅਸਿਸਟੈਂਟ ਕਮਿਸ਼ਨਰ ਪਿੰਡੀ ਭੱਟੀਆਂ ਅਤੇ ਪ੍ਰੋਫ਼ੈਸਰ ਸ਼ੇਖ਼ ਸੰਯੁਕਤ ਰੂਪ ਵਿੱਚ ਕਰਨਗੇ। ਕਰਮਾ ਜਦੋਂ ਇਸ ਸਮਾਰੋਹ ਵਿੱਚ ਅੱਪੜਿਆ ਤਾਂ "ਦੁੱਲੇ-ਕੀ" ਦੇ ਲੋਕਾਂ ਨੇ ਉਸ ਦਾ ਪੁਰਜੋਸ਼ ਸਵਾਗਤ ਕੀਤਾ ਜੋ ਢੋਲ ਦੀ ਥਾਪ ਉੱਤੇ ਨੱਚ ਰਹੇ ਸੀ। ਬੁੱਤ ਦੇ ਉਦਘਾਟਨ ਦਾ ਫੀਤਾ ਕੱਟਿਆ ਗਿਆ ਤਾਂ ਕਰਮੇ ਦੀ ਖੁਸ਼ੀ ਦਾ ਅੰਤ ਨਹੀਂ ਸੀ। ਉਸ ਨੂੰ ਇਸ ਸਨਮਾਨ ਅਤੇ ਸਨਮਾਨ-ਪੂਰਤੀ ਉੱਤੇ ਬਹੁਤ ਮਾਣ ਸੀ। ਇਸ ਦੇ ਬਾਅਦ ਕਰਮਾ ਜਦੋਂ ਵੀ ਇੱਥੇ ਆਉਂਦਾ ਤਾਂ ਉਸ ਮੁਜੱਸਮੇ ਨੂੰ ਵੇਖਣ ਜ਼ਰੂਰ ਜਾਂਦਾ।

ਅਗਲੇ ਦਿਨ ਕਰਮਾ ਪਿੰਡੀ ਭੱਟੀਆਂ ਦੇ ਕਾਲਜ ਵਿੱਚ ਗਿਆ ਅਤੇ ਉਥੇ ਦੇ ਪ੍ਰੋਫ਼ੈਸਰਾਂ ਅਤੇ ਵਿਦਿਆਰਥੀਆਂ ਨਾਲ ਮਿਲਿਆ। ਉਨ੍ਹਾਂ ਦੇ ਲਈ ਕਰਮਾ ਅਜਨਬੀ ਬਿਲਕੁਲ ਨਹੀਂ ਸੀ। ਵਿਦਿਆਰਥੀਆਂ ਨੇ ਕਰਮੇ ਨੂੰ ਕਈ ਪ੍ਰਸ਼ਨ ਕੀਤੇ ਜਿਨ੍ਹਾਂ ਦੇ ਕਰਮੇ ਨੇ ਵੱਡੇ ਤਸੱਲੀਬਖਸ਼ ਉੱਤਰ ਦਿੱਤੇ। ਓਸੇ ਸ਼ਾਮ ਕਰਮੇ ਦੇ ਸਨਮਾਨ ਵਿੱਚ ਇੱਕ ਸਮਾਰੋਹ ਹਾਫ਼ਿਜ਼ਾਬਾਦ ਵਿੱਚ ਸਜਾਇਆ ਗਿਆ ਜਿਸ ਦੇ ਮੇਜ਼ਬਾਨ ਲਿਖਾਰੀ ਅਜੀਜ ਅਲੀ ਸ਼ੇਖ਼ ਅਤੇ ਪ੍ਰੋਫ਼ੈਸਰ ਚੌਧਰੀ ਸਲਾਹੁਦੀਨ ਸਨ। ਇਹ ਸਮਾਰੋਹ ਪ੍ਰੈਸ ਕਲੱਬ ਹਾਫਿਜ਼ਾਬਾਦ ਵਿੱਚ ਸਜਾਇਆ ਗਿਆ ਜਿਸ ਵਿੱਚ ਕਰਮੇ ਦੀ ਅੰਗਰੇਜ਼ੀ ਕਿਤਾਬ "Punjab to Punjab" ਦੇ ਉਰਦੂ ਅਨੁਵਾਦ ਦੀ ਕਿਤਾਬ ਦਾ ਉਦਘਾਟਨ ਵੀ ਹੋਇਆ। ਕਰਮੇ ਦੀ ਕੋਸਿਸ਼ ਅਤੇ ਇਸ ਕਿਤਾਬ ਨੂੰ ਬਹੁਤ ਸਰਾਹਿਆ ਗਿਆ। ਇੱਥੇ ਵੀ ਕਰਮੇ ਨੂੰ ਬੜੀਆਂ ਮੁਹੱਬਤਾਂ ਮਿਲੀਆਂ। ਕਰਮੇ ਨੇ ਹੁਣ ਉਸ "ਅਦਬੀ ਮੇਲੇ" ਵਿੱਚ ਵੀ ਭਾਗ ਲੈਣਾ ਸੀ ਜਿਸ ਦੇ ਲਈ

ਦੁੱਲਾ ਭੱਟੀ ਸੰਗਤ ਨੇ ਉਸ ਨੂੰ ਵਿਸ਼ੇਸ਼ ਰੂਪ ਵਿੱਚ ਨਿਓਤਾ ਦਿੱਤਾ ਸੀ। ਉਹ ਅਦਬੀ ਮੇਲੇ ਵਿੱਚ ਮਹਿਮਾਨ-ਏ-ਵਿਸ਼ੇਸ਼ ਸੀ। ਇਸ ਅਦਬੀ ਮੇਲੇ ਵਿੱਚ "ਦੁੱਲੇ ਦੀ ਬਾਰ" ਨਾਲ ਸੰਬੰਧ ਰੱਖਣ ਵਾਲੇ ਲਿਖਾਰੀਆਂ ਦੀਆਂ ਕਿਤਾਬਾਂ ਦੀ ਨੁਮਾਇਸ਼ ਕੀਤੀ ਗਈ ਸੀ ਅਤੇ ਲਿਖਾਰੀਆਂ ਨੂੰ ਇਨਾਮ ਵੀ ਦਿੱਤੇ ਗਏ ਸਨ। ਕਰਮੇ ਨੂੰ ਵੀ "ਦੁੱਲਾ ਭੱਟੀ" ਇਨਾਮ-ਸਨਮਾਨ ਮਿਲਿਆ। ਇਹ ਅਦਬੀ ਮੇਲੇ ਵਿੱਚ ਕਰਮੇ ਨੂੰ ਪ੍ਰਸਿੱਧ ਸ਼ਾਇਰਾ ਅਤੇ ਸੰਪਾਦਕ ਆਰਿਫ਼ਾ ਸੁਬਹਾ ਖਾਨ ਨੂੰ ਵੀ ਮਿਲਣ ਦਾ ਮੌਕਾ ਮਿਲਿਆ। ਡਾਕਟਰ ਆਰਿਫ਼ਾ ਸੁਬਹਾ ਖਾਨ ਪ੍ਰਸਿੱਧ ਕਾਲਮ-ਨਵੀਸ ਅਤੇ ਹਾਸ ਰਸ ਦੇ ਲੇਖਕ ਹਨ। ਉਨ੍ਹਾਂ ਦੀਆਂ ਕਈ ਕਿਤਾਬਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹੋਈਆਂ ਨੇ। ਹਰ ਵਾਰ ਪਾਕਿਸਤਾਨੀ ਪੰਜਾਬ ਆਉਣ ਦੇ ਬਾਅਦ ਕਰਮੇ ਦੇ ਖੇਤਰੀ ਦੋਸਤਾਂ ਵਿੱਚ ਹੋਰ ਵਾਧਾ ਹੋ ਜਾਂਦਾ ਹੈ। ਉਸ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਇੱਥੋਂ ਦੇ ਬੁੱਧੀਜੀਵੀਆਂ ਅਤੇ ਲਿਖਾਰੀਆਂ ਨਾਲ ਮਿਲੇ ਅਤੇ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰੇ।

**ਛੇਵੀਂ ਯਾਤਰਾ :**

ਕਰਮੇ ਨੇ ਹੁਣ ਆਪਣੇ ਮਿੱਤਰ ਪ੍ਰੋਫੈਸਰ ਸ਼ੇਖ਼ ਦੀ ਵਜ੍ਹਾ ਕਰਕੇ ਪਿੰਡੀ ਭੱਟੀਆਂ ਨੂੰ ਆਪਣਾ ਦੂਜਾ ਘਰ ਹੀ ਸਮਝਣਾ ਸ਼ੁਰੂ ਕਰ ਦਿੱਤਾ ਸੀ। ਪਿੰਡੀ ਭੱਟੀਆਂ ਦੇ ਲੋਕਾਂ ਦੇ ਲਈ ਵੀ ਕਰਮਾ ਕੋਈ ਗ਼ੈਰ ਨਹੀਂ ਰਿਹਾ ਸੀ। ਕਰਮਾ ਜਦੋਂ ਵੀ ਇੱਥੇ ਆਉਂਦਾ ਇੱਥੇ ਦੀਆਂ ਗਲੀਆਂ ਅਤੇ ਬਾਜ਼ਾਰਾਂ ਵਿੱਚ ਜ਼ਰੂਰ ਚੱਕਰ ਲਗਾਉਂਦਾ। ਰਸਤੇ ਵਿੱਚ ਮਿਲਣ ਵਾਲਾ ਹਰ ਵਿਅਕਤੀ ਉਸ ਨੂੰ ਇੱਜ਼ਤ ਦੇਂਦਾ। ਕਰਮੇ ਦੀ ਛੇਵੀਂ ਯਾਤਰਾ ਤਿੰਨ ਸਾਲ ਦੇ ਵਕਫ਼ੇ ਮਗਰੋਂ ਹੋਈ। ਉਹ ਮਾਰਚ 2018 ਈ. ਦੇ ਆਖ਼ਰੀ ਦਿਨਾਂ 'ਚ ਇੱਥੇ ਆਇਆ। ਉਸ ਸਮੇਂ ਉਸ ਦੇ ਮਿੱਤਰ ਅਤੇ ਮੇਜ਼ਬਾਨ ਪ੍ਰੋਫੈਸਰ ਸ਼ੇਖ਼ ਤਰੱਕੀ ਕਰਕੇ ਸਰਕਾਰੀ ਕਾਲਜ ਪਿੰਡੀ ਭੱਟੀਆਂ ਦੇ ਪ੍ਰਿੰਸੀਪਲ ਬਣ ਚੁੱਕੇ ਸਨ। ਇਸ ਦਫ਼ਾ ਪ੍ਰੋਫੈਸਰ ਸ਼ੇਖ਼ ਨੇ ਕਰਮੇ ਦੇ ਲਈ ਨਵੇਂ ਸਥਾਨਾਂ ਨੂੰ ਚੁਣਿਆ ਸੀ। ਇਕ ਦਿਨ ਆਰਾਮ ਦੇ ਬਾਅਦ ਕਰਮਾ ਆਪਣੇ ਮੇਜ਼ਬਾਨ ਦੇ ਨਾਲ ਦਾਨਾਬਾਦ ਦੇ ਲਈ ਰਵਾਨਾ ਹੋਇਆ।

ਦੱਸਦੇ ਜਾਈਏ ਕਿ ਪਹਿਲੀ ਯਾਤਰਾ ਦੌਰਾਨ ਕੀ ਹੋਇਆ ਅਤੇ ਫਿਰ ਇਹ ਸੁਫ਼ਨਾ ਕਿਵੇਂ ਪੂਰਾ ਹੋਇਆ। ਕਰਮੇ ਹੁਰਾਂ ਜੜ੍ਹਾਂਵਾਲਾ ਸੜਕੇ ਜਾਂਦਿਆਂ ਪ੍ਰੋਗਰਾਮ ਬਣਾਇਆ ਕਿ ਮਿਰਜ਼ੇ ਖ਼ਰਲ ਦੇ ਪਿੰਡ ਦਾਨਾਬਾਦ ਜਾਇਆ ਜਾਵੇ। ਦਿਨ ਸਿਆਲੀ ਸਨ ਤੇ ਕਰੀਬ ਦੋ ਘੰਟੇ ਰਹਿ ਗਏ ਸਨ ਸੂਰਜ ਅਸਤ ਹੋਣ ਵਿੱਚ।

ਇਕ ਪਟਰੋਲ ਪੰਪ 'ਤੇ ਰੁਕੇ। ਇਸ ਦਾ ਮਾਲਕ ਜਿਹੜਾ ਸਿੱਧੂ ਗੋਤਰ ਵਿੱਚੋਂ ਸੀ।

‘ਭਾਈ ਜਾਨ ਦਾਨਾਬਾਦ ਜਾਣਾ ਕੋਈ ਸਿੱਧਾ ਰਾਹ?’

‘ਸਰਦਾਰ ਸਾਹਿਬ ਪਹਿਲਾਂ ਚਾਹ-ਪਾਣੀ ਪੀਓ ਬਾਕੀ ਗੱਲਾਂ ਫੇਰ।’

‘ਅਸੀਂ ਅੱਗੇ ਬਹੁਤ ਲੇਟ ਹੋ ਗਏ।’

‘ਕੋਈ ਗਲ ਨਹੀਂ, ਬੇਸ਼ਕ ਰਾਤ ਸਾਡੇ ਕੋਲ ਰਹੋ ਪਰ ਅਸੀਂ ਤੁਹਾਨੂੰ ਅੱਗੇ ਨਹੀਂ ਜਾਣ ਦੇਣਾ ਚਾਹੁੰਦੇ।’

‘ਕੀ ਗੱਲ ਭਾਈ ਜਾਨ?’

‘ਏਸ ਇਲਾਕੇ ਵਿਚ ਰਾਤ ਸਮੇਂ ਲੋਕ ਰਾਹਾਂ ਵਿਚ ਦਰੱਖਤ ਸੁੱਟ ਕੇ ਰੋਕ ਲੈਂਦੇ ਹਨ। ਲੁੱਟਾਂ-ਖੋਹਾਂ ਆਮ ਹੁੰਦੀਆਂ ਹਨ।’

ਸਾਰੀ ਸਕੀਮ ਧਰੀ-ਧਰਾਈ ਰਹਿ ਗਈ (ਚਾਹ-ਮਠਿਆਈ ਦੀ ਖ਼ੂਬ ਸੇਵਾ ਹੋਈ। ਪਰ ਛੇਵੀਂ ਫੇਰੀ ਵਿਚ ਦਾਨਾਬਾਦ ਪਿੰਡ ਨੇੜੇ ਮਿਰਜ਼ਾ-ਸਾਹਿਬਾਂ ਨੂੰ ਜਿਥੇ ਮਾਰਿਆ ਗਿਆ ਸੀ, ਵੇਖ ਆਏ।

ਰਸਤੇ ਵਿੱਚ ਇੱਕ ਇਤਿਹਾਸਿਕ ਸ਼ਹਿਰ ਸਾਂਗਲਾ ਆਇਆ ਜਿਸ ਦੇ ਵਿੱਚੋਂ-ਵਿਚ ਇਕ ਪਹਾੜੀ ਵੀ ਸੀ। ਪ੍ਰੋਫੈਸਰ ਸ਼ੇਖ਼ ਹਾਲਾਂਕਿ ਆਪ ਵੀ ਤਾਰੀਖ਼ਦਾਨ ਸੀ, ਇਸ ਲਈ ਜਦੋਂ ਵੀ ਕੋਈ ਇਤਿਹਾਸਿਕ ਸਥਾਨ ਆਉਂਦਾ ਤਾਂ ਉਹ ਕਰਮੇ ਨੂੰ ਇਸ ਦੇ ਇਤਿਹਾਸ ਬਾਰੇ ਜ਼ਰੂਰ ਜਾਣੂੰ ਕਰਾਉਂਦੇ। ਸਾਂਗਲਾ ਤੋਂ ਲੰਘਦੇ ਹੋਏ ਪ੍ਰੋਫੈਸਰ ਸ਼ੇਖ਼ ਨੇ ਕਰਮੇ ਨੂੰ ਦੱਸਿਆ ਕਿ ਇਹ ਬਹੁਤ ਪੁਰਾਣਾ ਸ਼ਹਿਰ ਹੈ ਅਤੇ ਸਿਕੰਦਰ ਜਦੋਂ ਹਿੰਦੁਸਤਾਨ ਉੱਤੇ ਹਮਲਾਵਰ ਹੋਇਆ ਤਾਂ ਇਹ ਸ਼ਹਿਰ ਸਕਾਲਾ ਦੇ ਨਾਮ ਤੋਂ ਪ੍ਰਸਿੱਧ ਸੀ।

ਇਹ ਬੁੱਧ-ਮੱਤ ਦਾ ਕੇਂਦਰ ਵੀ ਰਿਹਾ। ਉਸ ਸਮੇਂ ਇੱਥੇ ਦਾ ਕਾਠੀਆ ਕਬੀਲਾ ਵੱਸਦਾ ਸੀ। ਸਿਕੰਦਰ ਇਸ ਸ਼ਹਿਰ ਉੱਤੇ ਵੀ ਹਮਲਾਵਰ ਹੋਇਆ। ਕਾਠੀਆਂ ਨੇ ਡਟ ਕੇ ਮੁਕਾਬਲਾ ਕੀਤਾ ਅਤੇ ਸਤਾਰ੍ਹਾਂ ਹਜ਼ਾਰ ਲੋਕਾਂ ਨੇ ਜਾਨਾਂ ਦੀ ਕੁਰਬਾਨੀ ਦਿੱਤੀ। ਸਿਕੰਦਰ ਜੇਤੂ ਜ਼ਰੂਰ ਰਿਹਾ ਮਗਰ ਉਸ ਨੂੰ ਜੋ ਇਥੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਇਸ ਲਈ ਉਸ ਨੇ ਇੱਥੋਂ ਅੱਗੇ ਵਧਣ ਦੇ ਬਜਾਏ ਵਾਪਸੀ ਕਰ ਲਈ। ਸਾਂਗਲਾ ਇਸ ਤਬਾਹੀ ਦੇ ਬਾਅਦ ਬੇਆਬਾਦ ਰਿਹਾ। ਫਿਰ ਅੰਗਰੇਜ਼ਾਂ ਨੇ ਇੱਥੇ ਰੇਲਵੇ ਸਟੇਸ਼ਨ ਬਣਾਇਆ ਅਤੇ ਅਨਾਜ ਮੰਡੀ ਨਿਰਮਾਣ ਕੀਤੀ ਤਾਂ ਇਹ ਫਿਰ ਆਬਾਦ ਹੋ ਗਿਆ।

ਸਾਂਗਲਾ ਤੋਂ ਇਕ ਲਿੰਕ ਰੋਡ ਦੇ ਦੁਆਰਾ ਕਰਮਾ ਜੜ੍ਹਾਂਵਾਲੇ ਪਹੁੰਚਿਆ। ਇੱਥੇ ਇੱਕ ਚੌਰਸਤੇ ਵਿੱਚ ਕਿਸੇ ਤੋਂ ਦਾਨਾਬਾਦ ਦਾ ਰਸਤਾ ਪੁੱਛਿਆ ਜੋ ਦਰਿਆ ਰਾਵੀ ਦੇ ਕੋਲ ਹੀ ਸੀ ਅਤੇ ਇਥੋਂ ਜ਼ਿਆਦਾ ਦੂਰ ਨਹੀਂ ਸੀ। ਕੁਝ ਦੂਰ ਜਾ ਕੇ ਕਰਮਾ ਇੱਕ ਛੋਟੀ ਜਹੀ ਸੜਕ ਉਤੇ ਮੁੜਿਆ। ਹਰ ਤਰਫ਼ ਫ਼ਸਲਾਂ ਲਹਿਰਾਅ

ਰਹੀਆਂ ਸੀ। ਕੁਝ ਹੀ ਦੂਰੀ ’ਤੇ ਜਦੋਂ ਦਾਨਾਬਾਦ ਆਉਣ ਲੱਗਾ ਤਾਂ ਇੱਕ ਛੋਟੀ ਜਹੀ ਬਸਤੀ ਦੇ ਇੱਕ ਘਰ ਦੇ ਬਾਹਰ ਸ਼ਾਮਿਆਨੇ ਲੱਗੇ ਸਨ ਅਤੇ ਦਰਜਨਾਂ ਦੇਗਾਂ ’ਚ ਦਾਲ-ਸਬਜ਼ੀਆਂ ਪੱਕ ਰਹੀਆਂ ਸੀ, ਜਾਂਞੀ ਤਿਆਰ ਖੜ੍ਹੇ ਸਨ। ਕਰਮੇ ਦਾ ਦਿਲ ਚਾਹਿਆ ਕਿ ਉਹ ਪੰਜਾਬ ਦੀ ਇਸ ਸੱਭਿਆਚਾਰਕ ਰਸਮ ਨੂੰ ਵੇਖੇ। ਉਹ ਗੱਡੀ ਤੋਂ ਹੇਠਾਂ ਉਤਰਿਆ ਅਤੇ ਬਾਰਾਤੀਆਂ ਦੇ ਨਾਲ ਘੁਲ-ਮਿਲ ਗਿਆ। ਬਾਰਾਤੀਆਂ ਨੇ ਕਰਮੇ ਨੂੰ ਜੀ ਆਇਆਂ ਨੂੰ ਕਿਹਾ ਅਤੇ ਖਾਣਾ ਖਾਣ ਦੀ ਪੇਸ਼ਕਸ਼ ਕੀਤੀ, ਮਗਰ ਕਰਮੇ ਦੇ ਕੋਲ ਵਕਤ ਘੱਟ ਸੀ ਅਤੇ ਉਸ ਨੇ ਦਾਨਾਬਾਦ ਪਹੁੰਚ ਕੇ ਮਿਰਜ਼ਾ ਸਾਹਿਬਾਂ ਦੀ ਕਬਰਾਂ ਉੱਤੇ ਜਾਣਾ ਸੀ। ਹਾਂ ਗੁੜ ਵਾਲੀ ਚਾਹ ਜ਼ਰੂਰ ਪੀਤੀ ਸੀ। ਕਰਮੇ ਨੇ ਬਾਰਾਤੀਆਂ ਦੇ ਨਾਲ ਕੁਝ ਤਸਵੀਰਾਂ ਖਿਚਵਾਈਆਂ ਅਤੇ ਅੱਗੇ ਵਧ ਗਿਆ। ਕੁਝ ਹੀ ਮਿੰਟਾਂ ਬਾਅਦ ਉਹ ਉਸ ਵਿਹੜੇ ਵਿੱਚ ਜਾ ਅੱਪੜਿਆ ਸੀ ਜਿੱਥੇ ਪ੍ਰੇਮ-ਪਿਆਰ ਦੀ ਇਕ ਅਨੰਤ ਕਹਾਣੀ ਦੀ ਭੂਮਿਕਾ “ਮਿਰਜ਼ਾ ਸਾਹਿਬਾਂ” ਦਫ਼ਨ ਸਨ। ਇਹ ਚਾਰੇ ਤਰਫ਼ੋਂ ਫ਼ਸਲਾਂ ਨਾਲ ਘਿਰਿਆ ਹੋਇਆ ਵਿਹੜਾ ਸੀ। ਇਕ ਵੱਡੇ ਜਹੇ ਹਾਲ ਵਰਗੇ ਕਮਰੇ ਵਿੱਚ ਤਿੰਨ ਕਬਰਾਂ ਸਨ। ਉਥੇ ਦੇ ਰਖਵਾਲੇ ਨੇ ਕਰਮੇ ਨੂੰ ਦੱਸਿਆ ਕਿ ਇਹ ਕਬਰਾਂ ਮਿਰਜ਼ਾ ਸਾਹਿਬਾਂ ਦੀਆਂ ਅਤੇ ਮਿਰਜ਼ੇ ਦੇ ਪਿਤਾ ਵੰਝਲ ਦੀਆਂ ਨੇ। ਕੰਪਲੈਕਸ ਦੇ ਬਾਹਰ ਉਹ ਜੰਡ ਦਾ ਦਰਖ਼ਤ ਵੀ ਵੇਖਿਆ ਜਿਸ ਉਤੇ ਮਿਰਜ਼ੇ ਨੇ ਆਪਣੇ ਭੱਥੇ ਸਮੇਤ ਤੀਰ ਲਟਕਾ ਦਿੱਤੇ ਸਨ ਅਤੇ ਇਨ੍ਹਾਂ ਨੂੰ ਸਾਹਿਬਾਂ ਨੇ ‘ਤੋੜ’ ਦਿੱਤਾ ਸੀ। ਇਸ ਜਗ੍ਹਾ ਸਾਹਿਬਾਂ ਦੇ ਰਿਸ਼ਤੇਦਾਰ ਭਰਾ ਪਿੱਛਾ ਕਰਦੇ ਹੋਏ ਇੱਥੇ ਪਹੁੰਚੇ ਅਤੇ ਮਿਰਜ਼ਾ, ਸਾਹਿਬਾਂ ਨੂੰ ਜਾਨੋ ਮਾਰ ਦਿੱਤਾ। ਕਰਮੇ ਨੂੰ ਮਿਰਜ਼ਾ ਸਾਹਿਬਾਂ ਦੀਆਂ ਕਬਰਾਂ ਅਤੇ ਕੰਪਲੈਕਸ ਦੀ ਸਥਿਤੀ ਵੇਖ ਕੇ ਕੁਝ ਦੁੱਖ ਜਿਹਾ ਹੋਇਆ ਕਿ ਇੱਥੇ ਇੱਕ ਉੱਤਮ ਯਾਦਗਾਰ ਦਾ ਨਿਰਮਾਣ ਕਰਨ ਦੀ ਲੋੜ ਹੈ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਸਾਡੇ ਪੰਜਾਬੀ ਕਲਚਰ ਵਿਚ ਵੀ ਉਸ ਤਰ੍ਹਾਂ ਦੀਆਂ ਕਹਾਣੀਆਂ ਵਿੱਚ ਗ਼ੈਰਤ ਦਾ ਤੱਤ ਜ਼ਿਆਦਾ ਮਹੱਤਵਪੂਰਨ ਸਮਝਿਆ ਜਾਂਦਾ ਹੈ। ਕਰਮੇ ਨੇ ਕੁਝ ਆਪਣੇ ਪੱਲਿਉਂ ਹਿੰਮਤ ਜੁਟਾਈ। ਅੱਜ ਏਥੇ ਕੁਝ ਸੁਧਾਰ ਜ਼ਰੂਰ ਨਜ਼ਰ ਆਉਂਦਾ ਹੈ।

ਅਗਲੇ ਦਿਨ ਕਰਮੇ ਦੇ ਲਈ ਪਿੰਡੀ ਭੱਟੀਆਂ ਵਿੱਚ ਫਾਤਿਮਾ ਅਲਜਹਰਾ ਔਰਤ ਮਰਕਜ ਵਿੱਚ ਇੱਕ ਸਮਾਰੋਹ ਸਜਾਇਆ ਗਿਆ। ਇਹ ਮਰਕਜ ਪ੍ਰੋਫੈਸਰ ਸ਼ੇਖ਼ ਦੀ ਸ਼੍ਰੀਮਤੀ ਸਾਜੀਆ ਅਸਦ ਚਲਾ ਰਹੀ ਸੀ ਅਤੇ ਇਸ ਵਿੱਚ ਖੇਤਰ ਦੀਆਂ ਲਾਇਕ ਅਤੇ ਗਰੀਬ ਔਰਤਾਂ ਨੂੰ ਕੰਪਿਊਟਰ, ਸਿਲਾਈ ਅਤੇ ਬਿਊਟੀਸ਼ਨ ਦੀ ਮੁਫ਼ਤ ਸਿਖਲਾਈ ਦਿੱਤੀ ਜਾਂਦੀ ਹੈ। ਕਰਮਾ ਜਦੋਂ ਇਸ ਕੇਂਦਰ ਵਿਖੇ ਅੱਪੜਿਆ ਤਾਂ ਲੜਕੀਆਂ ਨੇ ਉਸ ਦਾ ਭਰਪੂਰ ਸਵਾਗਤ ਕੀਤਾ। ਦੋ-ਤਿੰਨ

ਗੀਤ ਅਤੇ ਇੱਕ ਐਕਟ ਵੀ ਪੇਸ਼ ਕੀਤਾ। ਕਰਮੇ ਨੂੰ ਪ੍ਰਿੰਸੀਪਲ ਸਾਜੀਆ ਅਸਦ ਦੇ ਵੱਲੋਂ ਯਾਦਗਾਰੀ ਸ਼ੀਲਡ ਵੀ ਪੇਸ਼ ਕੀਤੀ ਗਈ। ਕਰਮੇ ਨੇ ਵੀ ਉਨ੍ਹਾਂ ਦੀ ਇਸ ਸੇਵਾ ਨੂੰ ਸਰਾਹਿਆ ਅਤੇ ਲੜਕੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

ਕਰਮਾ ਨੂੰ ਇਸ ਵਾਰ ਪ੍ਰੋਫੈਸਰ ਸ਼ੇਖ਼ ਦੇ ਇੱਕ ਮਿੱਤਰ ਐਕਟਰ ਨਦੀਮ ਮਿਹਰਬਾਨ ਮਲਿਕ ਨੇ ਇਸਲਾਮਾਬਾਦ ਆਉਣ ਦੀ ਦਾਅਵਤ ਦੇ ਰੱਖੀ ਸੀ। ਉਹ ਪਾਕਿਸਤਾਨ ਸਰਕਾਰ ਦੇ ਇੱਕ ਸ਼ਾਨਦਾਰ ਅਧਿਕਾਰੀ ਅਤੇ ਲਿਖਾਰੀ ਸਨ। ਕਰਮਾ ਉਨ੍ਹਾਂ ਦੇ ਘਰ ਅੱਪੜਿਆ ਤਾਂ ਵੇਖ ਕੇ ਹੈਰਾਨ ਹੋਇਆ ਕਿ ਇਸ ਘਰ ਨੂੰ ਡਾਕਟਰ ਸਾਹਿਬ ਨੇ ਲਾਇਬ੍ਰੇਰੀ ਦੇ ਰੂਪ ਦੇ ਰੱਖਿਆ ਹੈ ਅਤੇ ਇੱਥੇ ਹਜ਼ਾਰਾਂ ਕਿਤਾਬਾਂ ਮੌਜੂਦ ਹਨ। ਖਾਣੇ ਦੇ ਦੌਰਾਨ ਕਰਮੇ ਦੀ ਡਾਕਟਰ ਸਾਹਿਬ ਨਾਲ ਖ਼ੂਬ ਗੱਲਬਾਤ ਹੋਈ ਅਤੇ ਕਈ ਸੂਚਨਾਵਾਂ ਦਾ ਆਦਾਨ-ਪ੍ਰਦਾਨ ਹੋਇਆ। ਇੱਥੋਂ ਡਾਕਟਰ ਸਾਹਿਬ ਕਰਮੇ ਨੂੰ ਪਹਿਲੇ “ਲੋਕ ਵਿਰਸਾ” ਵਿਖਾਉਣ ਲੈ ਗਏ। ਇੱਥੇ ਪਾਕਿਸਤਾਨ ਦੀ ਤਮਾਮ ਖੇਤਰੀ ਸੰਸਕ੍ਰਿਤੀਆਂ ਦੀ ਵਿਆਖਿਆ ਕਰਨ ਵਾਲੀਆਂ ਵਸਤੂਆਂ ਬਹੁਤ ਮਨਮੋਹਕ ਤਰੀਕੇ ਨਾਲ ਸਜਾਈਆਂ ਗਈਆਂ ਸੀ। ਇੱਥੇ ਆ ਕੇ ਕਰਮੇ ਨੂੰ ਇਸ ਦੇਸ਼ ਦੇ ਸੰਸਕ੍ਰਿਤੀ, ਲੋਕਾਂ ਦੇ ਰਹਿਣ ਸਹਿਣ ਅਤੇ ਰਸਮੋਂ ਰਿਵਾਜ ਨੂੰ ਸਮਝਣਾ ਹੋਰ ਆਸਾਨ ਹੋ ਗਿਆ ਸੀ। ਇੱਥੋਂ ਨਿਕਲ ਕੇ ਕਰਮੇ ਨੂੰ ਉਸ ਦੇ ਮੇਜ਼ਬਾਨ ਡਾਕਟਰ ਸਾਹਿਬ ਇਸਲਾਮਾਬਾਦ ਦੇ ਇੱਕ ਉੱਚੇ ਮਨੋਰੰਜਕ ਸਥਾਨ ਦਾਮਨੇਕੋਹ ਲੈ ਗਏ। ਇੱਥੇ ਉਚਾਈ ’ਤੇ ਖੜ੍ਹੇ ਹੋ ਕੇ ਪੂਰਾ ਇਸਲਾਮਾਬਾਦ ਕਰਮੇ ਦੀਆਂ ਨਜ਼ਰਾਂ ਵਿੱਚ ਆ ਗਿਆ ਸੀ। ਉਸ ਨੂੰ ਇਹ ਸ਼ਹਿਰ ਬਿਲਕੁਲ ਚੰਡੀਗੜ੍ਹ ਵਰਗਾ ਲੱਗ ਰਿਹਾ ਸੀ। ਬਸ ਜੇ ਕੋਈ ਫ਼ਰਕ ਸੀ ਤਾਂ ਇਹ ਕਿ ਇਸਲਾਮਾਬਾਦ ਦੇ ਇਕ ਤਰਫ਼ ਮਾਰਗਲਾ ਦੇ ਪਹਾੜ ਸਨ ਅਤੇ ਇਸ ਦੀਆਂ ਸੜਕਾਂ ਅਤੇ ਗਲੀਆਂ ਉੱਚੀਆਂ-ਨੀਵੀਆਂ ਪੱਧਰਾਂ ਉੱਤੇ ਹਨ। ਇਸਲਾਮਾਬਾਦ ਦੀ ਸਿਫ਼ਤ ਇਹ ਵੀ ਹੈ ਕਿ ਇਸ ਵਿੱਚ ਉਸਾਰੀ ਵੇਲੇ ਕੁਦਰਤ ਨਾਲ ਛੇੜਛਾੜ ਬਿਲਕੁਲ ਨਹੀਂ ਕੀਤੀ ਗਈ।

ਦਾਮਨੇਕੋਹ ਤੋਂ ਨਿਕਲ ਕੇ ਕਰਮੇ ਨੂੰ ਉਸ ਦੇ ਮੇਜ਼ਬਾਨ “ਲੈਕ ਵਿਊ ਪਾਰਕ” ਲੈ ਗਏ ਜੋ ਰਾਵਲ ਝੀਲ ਦੇ ਕੰਢੇ ਉੱਤੇ ਸੀ। ਕਰਮੇ ਦੀਆਂ ਅੱਖਾਂ ਦੇ ਸਾਹਮਣੇ ਝੀਲ ਦਾ ਪਾਣੀ ਦੂਰ-ਦੂਰ ਫ਼ੈਲਿਆ ਹੋਇਆ ਨਜ਼ਰ ਆਉਂਦਾ ਸੀ ਅਤੇ ਇਸ ਦੀ ਤਹਿ ਉੱਤੇ ਕਈ ਕਿਸ਼ਤੀਆਂ ਤੈਰ ਰਹੀਆਂ ਸੀ। ਇਹ ਇੱਕ ਵਿਸ਼ਾਲ ਪਾਰਕ ਸੀ ਜਿਸ ਵਿੱਚ ਕਈ ਪ੍ਰਕਾਰ ਦੇ ਪੰਛੀ ਅਤੇ ਜਾਨਵਰ ਵੀ ਸਨ। ਕਰਮਾ ਇਸ ਪਾਰਕ ਦੇ ਮਾਹੌਲ ਤੋਂ ਬਹੁਤ ਹੀ ਆਨੰਦਿਤ ਹੋਇਆ ਅਤੇ ਸ਼ਾਮ ਦਾ ਹਨ੍ਹੇਰਾ ਉਤਰਦੇ ਹੀ ਉਹ ਇੱਥੋਂ ਵਾਪਿਸ ਮੁੜੇ। ਰਸਤੇ ਵਿੱਚ ਉਹ ਕਲਰ ਕਹਾਰ ਵੀ

ਰੁਕਿਆ ਜਿੱਥੇ ਉਹ ਇਸ ਤੋਂ ਪਹਿਲਾਂ ਵੀ ਆ ਚੁੱਕਿਆ ਸੀ। ਟੋਰਾਜਮ ਹੋਟਲ ਦੇ ਲਾਅਨ ਵਿੱਚ ਬੈਠ ਕੇ ਇਸ ਨੇ ਚਾਹ-ਪਾਣੀ ਪੀਤਾ ਅਤੇ ਫਿਰ ਵਾਪਸ ਪ੍ਰੋਫ਼ੈਸਰ ਸ਼ੇਖ਼ ਦੇ ਨਾਲ ਪਿੰਡੀ ਭੱਟੀਆਂ ਮੁੜ ਆਇਆ। ਇਹ ਕਰਮੇ ਦੀ ਛੇਵੀਂ ਯਾਤਰਾ ਦੀ ਅੰਤਮ ਰਾਤ ਸੀ। ਅਗਲੇ ਦਿਨ ਉਹ ਨਵੀਆਂ ਯਾਦਾਂ ਲੈ ਕੇ ਵਾਪਸ ਚੜ੍ਹਦੇ ਪੰਜਾਬ ਨੂੰ ਮੁੜ ਗਿਆ।

**ਸੱਤਵੀਂ ਯਾਤਰਾ**

ਕਰਮੇ ਦੀ ਪਾਕਿਸਤਾਨੀ ਪੰਜਾਬ ਦੀ ਸਤਵੀਂ ਵਾਰ ਯਾਤਰਾ ਫ਼ਰਵਰੀ 2020 ਈ. ਵਿੱਚ ਹੋਈ। ਦੁਨੀਆ ਵਿੱਚ ਕੋਰੋਨਾ ਦੀ ਮਹਾਮਾਰੀ ਹੁਣ ਫ਼ੈਲਣੀ ਸ਼ੁਰੂ ਹੀ ਹੋਈ ਸੀ ਅਤੇ ਹੁਣ ਰਸਤੇ ਬੰਦ ਹੋਏ ਸਨ ਅਤੇ ਨਾ ਹੀ ਹਵਾਈ ਸਰਵਿਸ ਸੀ। ਇਸ ਵਾਰ ਕਰਮਾ ਇਕੱਲਾ ਨਹੀਂ ਸੀ। ਉਸ ਦਾ ਸਾਂਢੂ ਗੁਰਚਰਨ ਸਿੰਘ ਵੀ ਨਾਲ ਸੀ। ਗੁਰਚਰਨ ਹਾਲਾਂਕਿ ਪਹਿਲੀ ਵਾਰ ਪਾਕਿਸਤਾਨੀ ਪੰਜਾਬ ਆਇਆ ਸੀ ਇਸ ਲਈ ਕਰਮੇ ਦੀ ਕੋਸ਼ਿਸ਼ ਸੀ ਕਿ ਉਹ ਉਸ ਨੂੰ ਬਾਬਾ ਗੁਰੂ ਨਾਨਕ ਜੀ ਨਾਲ ਸੰਬੰਧਿਤ ਸਭ ਗੁਰਦਵਾਰਿਆਂ ਨੂੰ ਦਿਖਾਏ। 20 ਫਰਵਰੀ ਨੂੰ ਉਨ੍ਹਾਂ ਦੇ ਮੇਜ਼ਬਾਨ ਉਨ੍ਹਾਂ ਨੂੰ ਕਲਰ ਕਹਾਰ ਲੈ ਗਏ। ਪਿੰਡੀ ਭੱਟੀਆਂ ਕਾਲਜ ਦੇ ਕਈ ਪ੍ਰੋਫ਼ੈਸਰ ਵੀ ਨਾਲ ਸਨ। ਉਸ ਦਿਨ ਬਾਗ਼ ਸਫਾ ਕਲਰ ਕਹਾਰ ਦਾ 501-ਵਾਂ ਜਨਮਦਿਨ ਸੀ। ਟੈਰਾਜਮ ਹੋਟਲ ਵਿੱਚ ਕਰਮੇ ਅਤੇ ਹੋਰ ਸਭ ਨੇ ਮਿਲ ਕੇ ਇਸ ਇਤਿਹਾਸਿਕ ਬਾਗ਼ ਦਾ ਜਨਮ-ਦਿਨ ਦਾ ਕੇਕ ਕੱਟਿਆ। ਫਿਰ ਪ੍ਰੋਫ਼ੈਸਰ ਸ਼ੇਖ਼ ਨੇ ਉਸ ਦੇ ਇਤਿਹਾਸ ਬਾਰੇ ਦੱਸਿਆ। ਇਸ ਦੇ ਬਾਅਦ ਜੰਗਲ ਵਿਭਾਗ ਕਲਰ ਕਹਾਰ ਵਾਲਿਆਂ ਨੇ ਕਰਮੇ ਅਤੇ ਪ੍ਰੋਫ਼ੈਸਰ ਸ਼ੇਖ ਦੇ ਹੱਥੋਂ ਲੁਕਾਠ ਦੇ ਬੂਟੇ ਲਗਵਾਏ। ਅਗਲੇ ਦਿਨ ਕਰਮਾ, ਗੁਰਚਰਨ ਆਪਣੇ ਮੇਜ਼ਬਾਨਾਂ ਦੇ ਨਾਲ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਦੇ ਲਈ ਰਵਾਨਾ ਹੋਇਆ। ਇਸ ਸਫਰ ਵਿੱਚ ਪ੍ਰੋਫ਼ੈਸਰ ਸ਼ੇਖ਼ ਦੇ ਦੋ ਮਿੱਤਰ ਆਸਿਫ਼ ਇਕਬਾਲ ਚੌਹਾਨ ਜੋ ਐਡੀਸ਼ਨਲ ਡਿਪਟੀ ਕਮਿਸ਼ਨਰ ਸਨ ਅਤੇ ਚੌਧਰੀ ਹੱਕ ਨਵਾਜ਼ ਹੰਜਰਾਅ ਵੀ ਨਾਲ ਸੀ। ਗੁਰਦੁਆਰਾ ਪੰਜਾ ਸਾਹਿਬ ਪੁੱਜੇ ਤਾਂ ਆਸਿਫ਼ ਇਕਬਾਲ ਚੌਹਾਨ ਨੇ ਪਹਿਲੇ ਹੀ ਉਥੋਂ ਦੇ ਪ੍ਰਸਾਸ਼ਨ ਨੂੰ ਆਪਣੀ ਆਉਣ ਅਤੇ ਮੇਜ਼ਬਾਨੀ ਲਈ ਕਿਹਾ ਹੋਇਆ ਸੀ। ਪ੍ਰੋਫ਼ੈਸਰ ਸ਼ੇਖ ਨੇ ਵੀ ਆਪਣੇ ਇਕ-ਦੋ ਲਿਖਾਰੀ ਦੋਸਤਾਂ ਨੂੰ ਪਾਬੰਦ ਕੀਤਾ ਹੋਇਆ ਸੀ। ਗੁਰਦੁਆਰਾ ਸਾਹਿਬ ਦੀ ਯਾਤਰਾ ਦੇ ਬਾਅਦ ਉਨ੍ਹਾਂ ਮੇਜ਼ਬਾਨਾਂ ਨੇ ਕਰਮੇ ਦੀ ਬਹੁਤ ਟਹਿਲ-ਸੇਵਾ ਕੀਤੀ। ਇੱਥੋਂ ਵਾਪਸ ਹੋਏ ਤਾਂ ਇਸਲਾਮਾਬਾਦ ਵਿੱਚ ਪ੍ਰੋਫ਼ੈਸਰ ਸ਼ੇਖ ਦੀ ਬੇਟੀ ਮਾਰਵੀ ਹੁਸੈਨ ਦੀ ਦਾਅਵਤ ਉੱਤੇ ਕਰਮਾ ਇਨ੍ਹਾਂ

ਦੇ ਘਰ ਪਹੁੰਚਿਆ। ਉਥੇ ਕਰਮੇ ਨੇ ਉਸ ਦੇ ਪਰਿਵਾਰ ਨਾਲ ਖੂਬ ਗੱਪ-ਸ਼ੱਪ ਕੀਤੀ ਅਤੇ ਨੇਕ ਤਮੰਨਾਵਾਂ ਦਾ ਇਜ਼ਹਾਰ ਕਰਨ ਤੋਂ ਬਾਅਦ ਵਾਪਸੀ ਕੀਤੀ।

ਅਗਲੇ ਦਿਨ ਕਰਮਾ ਗੁਰਚਰਨ ਨੂੰ ਲੈ ਕੇ ਤਖ਼ਤ ਹਜ਼ਾਰੇ ਗਿਆ ਜਿੱਥੇ ਉਹ ਆਪਣੇ ਆਪ ਤਾਂ ਪਹਿਲਾਂ ਆ ਹੀ ਚੁੱਕਿਆ ਸੀ। ਇੱਥੋਂ ਵਾਪਸੀ ਹੋਈ ਤਾਂ ਜ਼ਿਲ੍ਹੇ ਫੈਸਲਾਬਾਦ (ਲਾਇਲਪੁਰ) ਵਿੱਚ ਭਗਤ ਸਿੰਘ ਦੇ ਪਿੰਡ ਬੰਗਾ ਚਲੇ ਗਏ। ਇਹ ਸਥਾਨ ਵੀ ਕਰਮੇ ਦੇ ਲਈ ਨਵਾਂ ਨਹੀਂ ਸੀ ਮਗਰ ਇਸ ਵਾਰ ਭਗਤ ਸਿੰਘ ਦੇ ਘਰ ਨੂੰ ਜ਼ਰਾ ਬਿਹਤਰ ਕਰ ਦਿੱਤਾ ਗਿਆ ਸੀ ਅਤੇ ਜਿਸ ਕਮਰੇ ਵਿੱਚ ਉਸ ਦਾ ਜਨਮ ਹੋਇਆ ਸੀ ਉਸ ਦਾ ਮੁੜ ਨਿਰਮਾਣ ਕਰ ਦਿੱਤਾ ਗਿਆ ਸੀ। ਜਦੋਂ ਕਰਮਾ ਪਹਿਲੀ ਵਾਰ ਇੱਥੇ ਆਇਆ ਤਾਂ ਉਸ ਸਮੇਂ ਇਸ ਕਮਰੇ ਦੀ ਮੁਰੰਮਤ ਹੋ ਰਹੀ ਸੀ। ਕਰਮਾ ਇਸ ਤਬਦੀਲੀ ’ਤੇ ਖੁਸ਼ ਸੀ ਕਿ ਪੰਜਾਬ ਦੇ ਇਸ ਖਾਸ ਨਾਇਕ ਦੀ ਯਾਦਗਾਰ ਨੂੰ ਸੁਰੱਖਿਅਤ ਬਣਾ ਦਿੱਤਾ ਗਿਆ ਹੈ। ਅਗਲੇ ਦਿਨ ਕਰਮਾ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਚਲਿਆ ਗਿਆ ਜਿਸ ਨੂੰ ਪਾਕਿਸਤਾਨ ਸਰਕਾਰ ਨੇ ਬਹੁਤ ਵੱਡੇ ਯਤਨ ਕਰਕੇ ਹੁਣ ਬਹੁਤ ਹੀ ਸੁੰਦਰ ਬਣਾ ਦਿੱਤਾ ਸੀ। ਕਰਮਾ ਜਦੋਂ ਵੀ ਕਰਤਾਰਪੁਰ ਗਿਆ ਅਤੇ ਬਾਬਾ ਗੁਰੂ ਨਾਨਕ ਜੀ ਪ੍ਰਤੀ ਇਜ਼ਹਾਰ-ਏ-ਸ਼ਰਧਾ ਕੀਤਾ, ਮੱਥਾ ਟੇਕਿਆ, ਨਾਲ ਹੀ ਦਰਿਆ ਦੇ ਉਸ ਪਾਰ ਆਪਣੇ ਪਿੰਡ ਰਣਸੀਂਹਕੇ ਮੀਰਾ ਤੋਂ ਛੂਹ ਕੇ ਆਉਣਾ ਮਹਿਸੂਸ ਕੀਤਾ ਜੋ ਇੱਥੋਂ ਕੇਵਲ ਤਿੰਨ-ਚਾਰ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਸੀ। ਕਰਤਾਰਪੁਰ ਤੋਂ ਵਾਪਸੀ ’ਤੇ ਹੋਏ ਉਨ੍ਹਾਂ ਗੁਰਦੁਆਰਾ ਰੋੜੀ ਸਾਹਿਬ ਐਮਨਾਬਾਦ ਵੀ ਦਰਸ਼ਨ ਕੀਤੇ। ਇਹ ਯਾਤਰਾ ਦੇ ਆਖ਼ਰੀ ਦਿਨ ਉਹ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਚਲੇ ਗਏ। ਕਰਮੇ ਦੀ ਹਮੇਸ਼ਾ ਇਹ ਕੋਸ਼ਿਸ਼ ਰਹੀ ਕਿ ਉਹ ਜਦੋਂ ਵੀ ਪਾਕਿਸਤਾਨੀ ਪੰਜਾਬ ਆਏ ਤਾਂ ਨਨਕਾਣਾ ਸਾਹਿਬ ਜ਼ਰੂਰ ਹਾਜ਼ਰੀ ਦੇਵੇ। ਇੱਥੇ ਆ ਕੇ ਉਹ ਹਮੇਸ਼ਾ ਇਕ ਅਨੋਖਾ ਤੇ ਵਿਸਮਾਦੀ ਰੂਹਾਨੀ ਅਨੰਦ ਤੇ ਸੁਖ ਆਰਾਮ ਮਹਿਸੂਸ ਕਰਦਾ। ਇਸ ਤਰ੍ਹਾਂ ਕਰਮੇ ਦੀ ਇਹ ਯਾਤਰਾ ਵੀ ਬਹੁਤ ਯਾਦਗਾਰੀ ਰਹੀ।

ਗੁਰਦਾਸਪੁਰ ਵਾਪਿਸ ਆਇਆ ਤੋਂ ਕੁਝ ਦਿਨ ਬਾਅਦ ਜਿਵੇਂ ਕੋਰੋਨਾ ਦੇ ‘ਦੈਂਤ’ ਨੇ ਸਾਰੀ ਦੁਨੀਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਸੀ। ਮੀਡੀਆ ਦੀਆਂ ਸੁਰਖੀਆਂ ਅਤੇ ਟੀ.ਵੀ. ਦੀਆਂ ਖ਼ਬਰਾਂ ਨੇ ਕੁਲ ਲੋਕਾਈ ਨੂੰ ਅੰਦਰੀ ਤਾੜ ਦਿੱਤਾ। ਜਿਵੇਂ ਸਭ ਕੁਝ ਰੁਕ ਗਿਆ ਸੀ। ਚਾਰੇ ਪਾਸੇ ਸਹਿਮ, ਚੁੱਪ-ਚਾਪ, ਡਰ ਦਾ ਮਾਹੌਲ, ਆਪਦੇ ਹੀ ਆਪਣਿਆਂ ਤੋਂ ਦੂਰ। ਅਜਿਹੀ ਸਥਿਤੀ ਜਦ ਕਰਮੇ ਨੇ ਆਪਣੀ ਕਲਮ ਚੁੱਕੀ ਅਤੇ ਆਪਣੀ ਜ਼ਿੰਦਗੀ ਦੀ ਦਾਸਤਾਨ

ਨੂੰ ਕੁਝ ਅੱਖਰ ਦਿੱਤੇ। ਕਰੋਨਾ ਕੀ ਸੀ? ਇਹ ਸਦਾ ਬੁਝਾਰਤ ਰਹੇਗੀ। ਹਾਂ ਮਨੁੱਖ ਲਈ ਕੁਦਰਤ ਦਾ ਸਤਿਕਾਰ ਕਿਨਾਂ ਅਹਿਮ ਹੈ, ਸਮਝਣਾ ਜ਼ਰੂਰੀ ਹੈ।

**ਅੱਠਵੀਂ ਯਾਤਰਾ :**

ਕਰਮਾ ਜਿਵੇਂ ਹੀ ਪਾਕਿਸਤਾਨੀ ਪੰਜਾਬ ਤੋਂ ਇੰਡੀਆ ਪਰਤਿਆ ਤਾਂ ਦਿਨਾਂ ਦੇ ਅੰਦਰ-ਅੰਦਰ ਕੋਰੋਨਾ ਮਹਾਮਾਰੀ ਨੇ ਪੂਰੀ ਦੁਨੀਆਂ ਨੂੰ ਆਪਣੀ ਲਪੇਟ ਵਿੱਚ ਲੈਣਾ ਸ਼ੁਰੂ ਕਰ ਦਿੱਤਾ ਹੋਇਆ ਸੀ। ਸਿੱਖਿਆ ਅਦਾਰੇ, ਆਵਾਜਾਈ ਇੱਥੋਂ ਤਕ ਕਿ ਹਵਾਈ ਸਰਵਿਸ ਤਦ ਵੀ ਹੌਲੀ-ਹੌਲੀ ਸਭ ਬੰਦ ਹੋਣ ਲੱਗੇ। ਲੋਕਾਂ ਨੂੰ ਘਰਾਂ ਵਿੱਚ ਰਹਿਣ ਦੀ ਨਸੀਹਤ ਕੀਤੀ ਜਾਣ ਲੱਗੀ। ਇਹ ਪਾਬੰਦੀਆਂ ਇਸ ਲਈ ਸਨ ਕਿ ਇਹ ਜਾਨ-ਲੇਵਾ ਮਹਾਂਮਾਰੀ ਸੀ ਅਤੇ ਇਸ ਤੋਂ ਮੌਤਾਂ ਵਧਣ ਲੱਗੀਆਂ ਸਨ। ਅਗਲੇ ਦੋ ਸਾਲ ਪੂਰੀ ਦੁਨੀਆ ਇਸ ਨਾਲ ਪੂਰੀ ਤਰ੍ਹਾਂ ਪ੍ਰਭਾਵਿਤ ਰਹੀ। ਇਸ ਲਈ ਕਰਮੇ ਨੂੰ ਵੀ ਆਪਣੀਆਂ ਸਰਗਰਮੀਆਂ ਸੀਮਿਤ ਕਰਨੀਆਂ ਪਈਆਂ। ਜਦੋਂ ਹਾਲਾਤ ਠੀਕ ਹੋਏ ਅਤੇ ਕਰਮੇ ਦੇ ਲਈ ਹਵਾਈ ਸਫਰ ਕਰਨਾ ਸੰਭਵ ਹੋਇਆ ਅਤੇ ਸਭ ਰਸਤੇ ਖੁੱਲ੍ਹ ਗਏ ਤਾਂ ਉਸ ਦੀ ਘੋਰ ਬੇਚੈਨ ਰਹੀ ਤਬੀਅਤ ਉਸ ਨੂੰ ਅਕਤੂਬਰ 2022 ਈ: ਵਿੱਚ ਇਕ ਵਾਰ ਫਿਰ ਪਾਕਿਸਤਾਨੀ ਪੰਜਾਬ ਲੈ ਕੇ ਆਈ।

ਇਹ ਕਰਮੇ ਦੀ ਹੁਣ ਤਕ ਅੱਠਵੀਂ ਅਤੇ ਹੁਣ ਤੀਕ ਦੀ ਅੰਤਮ ਯਾਤਰਾ ਸੀ। ਕਰਮੇ ਦੇ ਲਈ ਇਸ ਵਾਰ ਇੱਥੇ ਆਉਣ ਤੋਂ ਪਹਿਲੇ ਖੁਸ਼ੀ ਦੀ ਗੱਲ ਇਹ ਹੋਈ ਕਿ ਉਸ ਦੀ ਕਿਤਾਬ "ਦੁੱਲਾ ਭੱਟੀ" ਜੋ ਏਧਰ ਗੁਰਮੁਖੀ ਲਿਪੀ ਵਿੱਚ ਪ੍ਰਕਾਸ਼ਿਤ ਹੋਈ ਸੀ, ਪਾਕਿਸਤਾਨ ਵਿੱਚ ਉਸ ਦਾ ਸ਼ਾਹਮੁਖੀ ਵਿੱਚ ਉਲੱਥਾ ਮੁਹੰਮਦ ਆਸਿਫ਼ ਰਜ਼ਾ ਨੇ ਕੀਤਾ ਅਤੇ ਇਹ ਪ੍ਰਕਾਸ਼ਿਤ ਕਰਵਾਇਆ। ਦੁੱਲਾ ਭੱਟੀ ਦੀ ਸ਼ਹਾਦਤ ਦੇ ਦਿਹਾੜੇ 'ਤੇ ਉਸ ਦੀ ਕਬਰ 'ਤੇ ਜਾ ਕੇ ਇਲਿਆਸ ਘੁੰਮਣ, ਮੁਹੰ: ਆਸਿਫ਼ ਰਜ਼ਾ ਤੇ ਹੋਰ ਲੇਖਕਾਂ ਨੇ ਇਸ ਨੂੰ ਲੋਕਾਂ ਹਵਾਲੇ ਕੀਤਾ। ਇਸ ਲਈ ਜਦੋਂ ਕਰਮਾ ਆਪਣੇ ਮੇਜ਼ਬਾਨ ਪ੍ਰੋਫੈਸਰ ਸ਼ੇਖ਼ ਦੇ ਕੋਲ ਪਿੰਡੀ ਭੱਟੀਆਂ ਅੱਪੜਿਆ ਤਾਂ ਉਨ੍ਹਾਂ ਨੇ ਕਰਮੇ ਨੂੰ ਅਗਲੇ ਦਿਨ ਇਕ ਸਥਾਨਕ ਕਾਲਜ ਵਿੱਚ ਉਸ ਦੀ ਇਸ ਕਿਤਾਬ ਦੇ ਉਦਘਾਟਨ ਸਮਾਰੋਹ ਦੇ ਪ੍ਰੋਗਰਾਮ ਬਾਰੇ ਜਾਣੂੰ ਕਰਵਾਇਆ। ਪ੍ਰੋਫੈਸਰ ਸ਼ੇਖ਼ ਵੀ ਕੁਝ ਮਹੀਨੇ ਪਹਿਲਾਂ ਹੀ ਸਰਕਾਰੀ ਕਾਲਜ ਪਿੰਡੀ ਭੱਟੀਆਂ ਤੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋ ਚੁੱਕੇ ਸੀ। ਇਸ ਵਾਰ ਉਹ ਵੀ ਕਰਮੇ ਦੇ ਨਾਲ ਵੱਖ-ਵੱਖ ਥਾਵਾਂ 'ਤੇ ਜਾਣ ਦੇ ਲਈ ਪੂਰੇ ਜੋਸ਼ ਤੇ ਉਤਸ਼ਾਹ 'ਚ ਸਨ। ਪ੍ਰੋਗਰਾਮ ਮੁਤਾਬਿਕ ਕਰਮਾ ਆਪਣੇ ਮੇਜ਼ਬਾਨ ਦੇ ਨਾਲ ਸਪਾਈਰ ਕਾਲਜ ਪਿੰਡੀ

ਭੱਟੀਆਂ ਅੱਪੜਿਆ ਤਾਂ ਉਥੋਂ ਦੇ ਡਾਇਰੈਕਟਰ ਰਾਏ ਮੋਹਸਿਨ ਰਜ਼ਾ ਅਤੇ ਹੋਰ ਸਟਾਫ ਨੇ ਉਸ ਦਾ ਸਵਾਗਤ ਕੀਤਾ। ਪਹਿਲੇ ਕਰਮੇ ਦੀ ਕਿਤਾਬ "ਦੁੱਲਾ ਭੱਟੀ" ਜਿਸ ਦਾ ਮੁਹੰਮਦ ਆਸਿਫ ਰਜ਼ਾ ਨੇ ਸ਼ਾਹਮੁਖੀ ਵਿੱਚ ਲਿਪੀਅੰਤਰ ਕੀਤਾ ਸੀ, ਦਾ ਉਦਘਾਟਨ ਸਮਾਰੋਹ ਹੋਇਆ ਜਿਸ ਵਿੱਚ ਪ੍ਰੋਫੈਸਰ ਸ਼ੇਖ਼, ਮੁਹੰਮਦ ਬਸ਼ੀਰ ਦੀਵਾਨਾ ਅਤੇ ਕਾਲਜ ਦੇ ਡਾਇਰੈਕਟਰ ਮੋਹਸਿਨ ਰਜ਼ਾ ਨੇ ਇਸਤਕਬਾਲ ਕੀਤਾ। ਫਿਰ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨੇ ਕਿਤਾਬ ਵਿੱਚੋਂ ਕੁਝ ਰੈਫ਼ਰੰਸ ਪੇਸ਼ ਕੀਤੇ ਅਤੇ ਕਰਮੇ ਤੋਂ ਕੁਝ ਪ੍ਰਸ਼ਨ ਪੁੱਛੇ। ਇਹ ਇੱਕ ਭਰਪੂਰ ਸੈਸ਼ਨ ਸੀ। ਇਸ ਸੈਸ਼ਨ ਵਿੱਚ ਕਰਮੇ ਨੇ ਇਸ ਕਿਤਾਬ 'ਤੇ ਰੀਵਿਊ ਲਿਖਣ ਅਤੇ ਇਨਾਮ ਦੇਣ ਦੀ ਘੋਸ਼ਣਾ ਵੀ ਕੀਤੀ। ਕਰਮੇ ਦੇ ਵਾਪਸ ਮੁੜ ਆਉਣ ਤੋਂ ਲੱਗਪਗ ਇਕ ਮਹੀਨੇ ਬਾਅਦ ਵੀਹ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਵਿਚਕਾਰ ਇਨਾਮ ਵੰਡੇ ਜਿਸ ਦੀ ਨਿਗਰਾਨੀ ਪ੍ਰੋਫੈਸਰ ਸ਼ੇਖ਼ ਅਤੇ ਮੋਹਸਿਨ ਰਜ਼ਾ ਨੇ ਕੀਤੀ ਸੀ।

ਇਸ ਵਾਰ ਕਰਮਾ ਹੁਣ ਇਕ ਨਵੇਂ ਵਿਸ਼ੇ ਉੱਤੇ ਕਿਤਾਬ ਲਿਖਣ ਦੇ ਲਈ ਸੋਚ ਕੇ ਆਇਆ ਸੀ। ਇਸ ਵਿਸ਼ੇ ਦਾ ਕੇਂਦਰੀ ਕਿਰਦਾਰ ਰਾਏ ਅਹਿਮਦ ਖਾਨ ਖ਼ਰਲ ਸੀ ਜਿਸ ਨੇ 1857 ਦੇ ਗਦਰ ਵੇਲੇ ਅੰਗਰੇਜ਼ਾਂ ਦੇ ਖ਼ਿਲਾਫ ਲੜਾਈ ਵਿੱਚ ਆਪਣੀ ਜਾਨ ਦੀ ਕੁਰਬਾਨੀ ਪੇਸ਼ ਕੀਤੀ ਸੀ। ਪ੍ਰੋਫ਼ੈਸਰ ਸ਼ੇਖ਼ ਨੇ ਕਰਮੇ ਦੀ ਇਸ ਤਲਾਸ਼ ਦੇ ਲਈ ਰਾਏ ਅਹਿਮਦ ਖਾਨ ਖਰਲ ਦੇ ਇਲਾਕੇ ਵਿੱਚ ਜਾਣ ਦਾ ਪ੍ਰੋਗਰਾਮ ਪਹਿਲਾਂ ਤੋਂ ਹੀ ਤਿਆਰ ਕੀਤਾ ਹੋਇਆ ਸੀ। ਉਨ੍ਹਾਂ ਗੁਗੇਰਾ ਅਤੇ ਇਸ ਦੇ ਇਰਦ-ਗਿਰਦ ਵੀ ਜਾਣਾ ਸੀ। ਰਸਤੇ ਵਿੱਚ ਕਰਮਾ ਕੁਝ ਦੇਰ ਦੇ ਲਈ ਸਤਿਆਣਾ ਰੁਕਿਆ ਜਿੱਥੇ ਔਰਤਾਂ ਦੇ ਸਰਕਾਰੀ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਰਲਮਾ ਸਹਿਰਾਈ ਨੇ ਉਸ ਨੂੰ "ਜੀ ਆਇਆਂ" ਨੂੰ ਕਿਹਾ। ਇੱਥੇ ਕਰਮੇ ਨੇ ਵਿਦਿਆਰਥੀਆਂ ਨਾਲ ਗੱਲਬਾਤ ਵੀ ਕੀਤੀ। ਫਿਰ ਉਹ ਗੁਗੇਰਾ ਜਾ ਅੱਪੜਿਆ ਜਿੱਥੇ ਸਰਕਾਰੀ ਕਾਲਜ ਦੇ ਪ੍ਰਿੰਸੀਪਲ ਨਾਸਿਰ ਗੁਗੇਰਾ ਉਸ ਦੀ ਉਡੀਕ ਵਿਚ ਸਨ। ਉਹ ਪ੍ਰੋਫ਼ੈਸਰ ਸ਼ੇਖ ਦੇ ਤਾਅਲੁਕਾਤ ਵਾਲੇ ਸਨ। ਪ੍ਰਿੰਸੀਪਲ ਸਾਹਿਬ ਕਰਮੇ ਨੂੰ ਪਹਿਲਾਂ ਗੁਗੇਰਾ ਦੇ ਹਾਈ ਸਕੂਲ ਲੈ ਗਏ ਜਿੱਥੇ ਪੁੱਜਦੇ ਹੀ ਵਿਦਿਆਰਥੀਆਂ ਨੇ ਕਰਮੇ ਨੂੰ ਵੇਖ ਕੇ ਬਹੁਤ ਖੁਸ਼ੀ ਜਤਾਈ। ਉਹ ਇਤਿਹਾਸਿਕ ਬੰਗਲਾ ਇਸੇ ਸਕੂਲ ਦੇ ਕੰਪਲੈਕਸ ਵਿੱਚ ਸੀ ਅਤੇ ਇਸ ਦੀ ਹਾਲਤ ਹੁਣ ਜ਼ਿਆਦਾ ਚੰਗੀ ਨਹੀਂ ਸੀ। ਜਿੱਥੇ ਜ਼ਿਲ੍ਹੇ ਗੁਗੇਰਾ ਦੇ ਦਫ਼ਤਰ ਸਨ ਅਤੇ ਇੱਥੇ ਅੰਗਰੇਜ਼ਾਂ ਦੇ ਜ਼ੁਲਮ ਦੇ ਖ਼ਿਲਾਫ਼ ਵਿਰੋਧ ਕਰਨ ਵਾਲੇ ਮਜਾਵਰਾਂ ਨੂੰ ਗ੍ਰਿਫ਼ਤਾਰ ਕਰਕੇ ਲਿਆਂਦਾ ਜਾਂਦਾ ਸੀ ਅਤੇ ਦਰਖ਼ਤ ਨਾਲ ਲਟਕਾ ਕੇ ਉਨ੍ਹਾਂ ਉੱਤੇ ਜ਼ੁਲਮ-ਓ-ਸਿਤਮ ਕੀਤਾ ਜਾਂਦਾ ਸੀ। ਇਸੇ ਚੁਫ਼ੇਰੇ ਵਿੱਚ ਓਹ ਇਤਿਹਾਸਿਕ ਬੋਹੜ ਦਾ

ਦਰਖ਼ਤ ਵੀ ਮੌਜੂਦ ਸੀ ਜਿਹਨੂੰ ਵੇਖ ਕੇ ਕਰਮਾ ਹੈਰਾਨ ਸੀ। ਇਸ ਇਤਿਹਾਸਿਕ ਬੰਗਲੇ ਨੂੰ ਦੇਖਣ ਦੇ ਬਾਅਦ ਮੇਜ਼ਬਾਨ ਕਰਮੇ ਨੂੰ ਨਾਲ ਹੀ ਉਸ ਜਗ੍ਹਾ ਲੈ ਗਿਆ ਜਿੱਥੇ ਉਹ ਇਤਿਹਾਸਿਕ ਜੇਲ੍ਹ ਸੀ, ਜਿੱਥੇ ਵਿਦਰੋਹੀਆਂ ਨੂੰ ਕੈਦ ਕੀਤਾ ਗਿਆ ਸੀ ਅਤੇ ਇਸ ਜੇਲ੍ਹ ’ਤੇ ਰਾਏ ਅਹਿਮਦ ਖ਼ਾਨ ਖ਼ਰਲ ਨੇ 26 ਜੁਲਾਈ 1857 ਨੂੰ ਹਮਲਾ ਕਰਕੇ ਕੈਦੀਆਂ ਨੂੰ ਛੁਡਾਇਆ ਸੀ। ਕਰਮੇ ਨੇ ਇਸ ਇਮਾਰਤ ਦਾ ਪੂਰਾ ਜਾਇਜ਼ਾ ਲਿਆ ਅਤੇ ਇਸ ਦੇ ਮੌਜੂਦਾ ਨਿਵਾਸੀਆਂ ਨਾਲ ਗੱਲਬਾਤ ਕੀਤੀ। ਇੱਥੋਂ ਨਿਕਲੇ ਤਾਂ ਕਰਮਾ ਬਰਕਲੇ ਦੀ ਕਬਰ ਉੱਤੇ ਜਾ ਪਹੁੰਚਾ ਜੋ ਗੁਗੇਰਾ ਦਾ ਅਸਿਸਟੈਂਟ ਕਮਿਸ਼ਨਰ ਸੀ ਅਤੇ ਜਿਸ ਨੂੰ ਅਹਿਮਦ ਖ਼ਾਨ ਖ਼ਰਲ ਦੇ ਇਕ ਗੁਰੀਲੇ ਸਾਥੀ ਮੁਰਾਦ ਫ਼ਤਿਆਣਾ ਨੇ ਖ਼ਰਲ ਦੀ ਮੌਤ ਤੋਂ ਫੌਰਨ ਬਾਅਦ ਮਾਰ-ਮੁਕਾਇਆ ਸੀ। ਇਹ ਕਬਰ ਇਕ ਕੰਪਲੈਕਸ ਬਗ਼ੈਰ ਕਿਸੇ ਦੀ ਮਾਲਕੀ ਦੇ ਸੀ। ਇੱਥੋਂ ਨਿਕਲੇ ਤਾਂ ਪ੍ਰੋਫ਼ੈਸਰ ਗੁਗੇਰਾ ਕਰਮੇ ਨੂੰ ਇੱਥੋਂ ਕੁਝ ਕਿਲੋਮੀਟਰ ਦੂਰ ਸਥਿਤ ਉਸ ਪਿੰਡ ਲੈ ਗਏ ਜੋ ਝਾਮਰਾ ਦੇ ਨਾਮ ਨਾਲ ਪ੍ਰਸਿੱਧ ਹੈ ਅਤੇ ਰਾਏ ਅਹਿਮਦ ਖ਼ਾਨ ਖ਼ਰਲ ਜਿੱਥੇ ਦਾ ਰਹਿਣ ਵਾਲਾ ਸੀ। ਇੱਥੇ ਇੱਕ ਡੇਰੇ ’ਤੇ ਰਾਏ ਅਹਿਮਦ ਖਾਨ ਦੀ ਔਲਾਦ ਦੇ ਕੁਝ ਲੋਕਾਂ ਨੇ ਕਰਮੇ ਨੂੰ ਜੀ ਆਇਆਂ ਨੂੰ ਕਿਹਾ। ਕਰਮੇ ਨੇ ਉਨ੍ਹਾਂ ਤੋਂ ਰਾਏ ਅਹਿਮਦ ਖ਼ਾਨ ਖ਼ਰਲ ਦੀ ਜ਼ਿੰਦਗੀ ਤੇ ਕਾਰਨਾਮਿਆਂ ਦੇ ਬਾਰੇ ਵਿੱਚ ਜਾਣਕਾਰੀ ਲਈ ਅਤੇ ਬਹੁਤ ਸਾਰੇ ਪ੍ਰਸ਼ਨ ਕੀਤੇ। ਕਰਮੇ ਨੇ ਜਦੋਂ ਜ਼ਰੂਰੀ ਜਾਣਕਾਰੀ ਲੈ ਲਈ ਤਾਂ ਉਹ ਕਰੀਬ ਹੀ ਮੌਜੂਦ ਕਬਰਿਸਤਾਨ ਵਿੱਚ ਰਾਏ ਅਹਿਮਦ ਖ਼ਾਨ ਖ਼ਰਲ ਸ਼ਹੀਦ ਦੇ ਮਜ਼ਾਰ ਉੱਤੇ ਗਿਆ। ਉੱਥੇ ਕਰਮੇ ਨੇ ਉਸ ਨੂੰ ਸ਼ਰਧਾਂਜਲੀ ਪੇਸ਼ ਕੀਤੀ ਅਤੇ ਵਾਪਸ ਪਿੰਡੀ ਭੱਟੀਆਂ ਮੁੜ ਆਇਆ। ਅਗਲੇ ਦਿਨ ਕਰਮੇ ਨੂੰ ਫ਼ੈਸਲਾਬਾਦ ਦੇ ਚਨਾਬ ਕਲੱਬ ਵਿੱਚ ਆਸਿਫ ਇਕਬਾਲ ਚੌਹਾਨ ਐਡੀਸ਼ਨਲ ਕਮਿਸ਼ਨਰ ਦੇ ਵੱਲੋਂ ਡਾਇਨਿੰਗ ਸੈੱਟ ਦਿੱਤਾ ਗਿਆ। ਉਸ ਦੇ ਨਾਲ ਪ੍ਰੋਫ਼ੈਸਰ ਸ਼ੇਖ ਅਤੇ ਚੌਧਰੀ ਹੱਕ ਨਵਾਜ਼ ਹੰਜਰਾਅ ਵੀ ਸੀ। ਇਹ ਯਾਤਰਾ ਪੂਰੀ ਹੋਣ ਤੋਂ ਪਹਿਲਾਂ ਕਰਮਾ ਇੱਕ ਵਾਰ ਫਿਰ ਕਲਰ ਕਹਾਰ ਗਿਆ ਜਿੱਥੇ ਉਸ ਨੇ ਕੁਝ ਪੁਰਾਣੀਆਂ ਯਾਦਾਂ ਨੂੰ ਵੀ ਤਾਜ਼ਾ ਕੀਤਾ। ਇਸ ਤਰ੍ਹਾਂ ਕਰਮਾ ਇਹ ਯਾਤਰਾ ਪੂਰੀ ਕਰਕੇ ਵਾਪਸ ਮੁੜ ਆਇਆ। ਹੁਣ ਉਸ ਦੇ ਕੋਲ ਇੱਕ ਨਵੀਂ ਕਿਤਾਬ ਦੇ ਲਈ ਕਾਫ਼ੀ ਸਮੱਗਰੀ ਜਮ੍ਹਾਂ ਹੋ ਗਈ ਸੀ, ਜਿਸ ਨੂੰ ਜਲਦੀ ਤਰਤੀਬ ਦੇ ਕੇ ਉਸ ਨੇ ਕਿਤਾਬੀ ਰੂਪ ਵਿੱਚ ਇੰਡੀਆ ਤੋਂ ਪ੍ਰਕਾਸ਼ਿਤ ਕਰਵਾਇਆ ਅਤੇ ਬਾਅਦ ਵਿੱਚ ਇਸ ਦਾ ਮੁਹੰਮਦ ਆਸਿਫ ਰਜ਼ਾ ਤੋਂ ਸ਼ਾਹਮੁਖੀ ਵਿੱਚ ਲਿਪੀਅੰਤਰ ਕਰਵਾ ਕੇ ਪਾਕਿਸਤਾਨ ਤੋਂ ਵੀ ਪ੍ਰਕਾਸ਼ਿਤ ਕਰਵਾਇਆ।

**ਨੌਵੀਂ ਯਾਤਰਾ :**

22 ਨਵੰਬਰ, 2024 ਨੂੰ ਕਰਮਾ ਅਤੇ ਉਸ ਦੀ ਜੀਵਨ ਸਾਥਣ ਨੇ ਵਾਹਗਾ-ਅਟਾਰੀ ਬਾਰਡਰ ਰਾਹੀਂ ਪਾਕਿਸਤਾਨ ਅੰਦਰ ਪ੍ਰਵੇਸ਼ ਕੀਤਾ। ਉਨ੍ਹਾਂ ਨੂੰ ਅੱਗੋ ਲੈਣ ਲਈ ਪ੍ਰੋ. ਅਸਦ ਸਲੀਮ ਸੇਖ, ਉਨ੍ਹਾਂ ਦੀ ਬੇਗਮ ਸਾਜਿਦਾ ਬੇਗਮ ਅਸਦ ਅਤੇ ਪ੍ਰੋ. ਅਸਗਰ ਅਲੀ ਚਿੱਸਤੀ ਆਏ ਹੋਏ ਸਨ। ਬਾਰਡਰ ਤੇ ਹੀ ਚਾਹ-ਪਾਣੀ ਅਤੇ ਦੋ ਘੰਟਿਆਂ ਵਿੱਚ ਪਿੰਡੀ ਭੱਟੀਆਂ। ਅਗਲੇ ਦਿਨ ਗੌਰਮਿੰਟ ਕਾਲਜ ਵਿਚ ਸਪੈਸ਼ਲ ਲੀਡਰਸ਼ਿਪ ਕੋਰਸ ਦੇ ਬੱਚਿਆਂ ਨਾਲ ਸਵਾਲ-ਜੁਵਾਬ ਹੋਏ। ਉਪਰੰਤ ਪਿੰਡੀ ਭੱਟੀਆ ਦੇ ਅਸਿਸਟੈਂਟ ਕਮਿਸ਼ਨਰ ਅਸਗਰ ਅਹਿਮਦ ਨਾਲ ਮੁਲਾਕਾਤ ਹੋਈ ਜਿਨ੍ਹਾਂ ਨੇ ਕੁਝ ਦਿਨ ਪਹਿਲਾਂ ਹੀ ਕਰਮੇ ਵੱਲੋਂ 9 ਸਾਲ ਪਹਿਲਾ ਲਗਵਾਏ ਦੁੱਲਾ ਭੱਟੀ ਦੇ ਘੋੜ-ਸਵਾਰ ਬੁੱਤ ਨੂੰ ਸੁਨਿਹਰੀ ਰੰਗ ਨਾਲ ਸੁਵਾਰਿਆ ਸੀ। ਫੁੱਲ-ਬੂਟੇ, ਛੋਟੇ ਦਰੱਖਤ ਟਹਿਕ ਰਹੇ ਸਨ। ਅਸਗਰ ਅਹਿਮਦ ਦੇ ਵਡੇਰੇ 1947 ਵੇਲੇ ਦੀਨਾ ਨਗਰ ਤੋਂ ਹਿਜ਼ਰਤ ਕਰਕੇ ਲਹਿੰਦੇ ਪੰਜਾਬ ਗਏ ਸਨ। ਇਸ ਇਲਾਕੇ ਦੇ ਅੰਬਾਂ ਦੀ ਗੱਲਬਾਤ ਕਿਉਂ ਨਾ ਹੁੰਦੀ ਜਿਥੇ ਇਹ ਦੋ ਏਕੜ ਵਿਚ ਅੰਬਾਂ ਦਾ ਬਾਗ ਲਗਵਾ ਕੇ ਇਕ ਕੌੜੀ ਅਤੇ ਮਿੱਠੀ ਯਾਦ ਛੱਡ ਗਏ ਸਨ।

24 ਨਵੰਬਰ ਨੂੰ ਜਲਾਲਪੁਰ ਭੱਟੀਆ, ਏਸ਼ੀਆ ਦੀ ਸਭ ਤੋਂ ਵੱਡੀ ਚੌਲਾਂ ਦੀ ਮੰਡੀ ਹੁੰਦੇ ਹੋਏ ਰਸੂਲ-ਨਗਰ ਜਿਥੇ ਝਨ੍ਹਾਂ ਦਰਿਆ ਕੰਢੇ ਮਹਾਰਾਜ ਰਣਜੀਤ ਸਿੰਘ ਦੀ ਆਰਾਮਗਾਹ-ਸ਼ਿਕਾਰਗਾਹ ਸੀ ਪਹੁੰਚੇ ਜਿਥੇ ਦੂਸਰਾ ਐਂਗਲੋ-ਸਿੱਖ ਯੁੱਧ ਹੋਇਆ ਸੀ। ਰਣਜੀਤ ਸਿੰਘ ਦੀ ਆਰਾਮਗਾਹ ਪੂਰੀ ਤਰ੍ਹਾਂ ਢਹਿ ਚੁੱਕੀ ਹੈ ਬਸ ਇਕ ਮੋਟੀ ਦੀਵਾਰ ਹੀ ਕੁਝ ਕਹਿਣ ਦਾ ਯਤਨ ਜ਼ਰੂਰ ਕਰ ਰਹੀ ਸੀ। ਕੁਝ ਕਦਮਾਂ ਦੀ ਦੂਰੀ ਤੇ ਇਕ ਸ਼ਾਨਦਾਰ ਕਬਰ ਜਿਸ ਦਾ ਸਿਲਾਲੇਖ ਚਿਲਾ-ਚਿਲਾ ਕੇ ਦੱਸ ਰਿਹਾ ਸੀ ਕਿ ਇਥੇ ਯੁੱਧ ਕਿੰਝ ਲੜਿਆ ਗਿਆ, ਕਿਨੇ ਅੰਗਰੇਜ਼ ਫੌਜੀ ਮਰੇ, ਜ਼ਖਮੀ ਹੋਏ ਅਤੇ ਗੁੰਮ ਹੋਏ ਸਨ।

25 ਨਵੰਬਰ ਨੂੰ ਪਾਕਿਸਤਾਨ ਬੰਦ ਸੀ। ਬੇਟੀ ਅਮਰੀਕਾ ਤੋਂ ਲਾਹੌਰ ਆ ਚੁੱਕੀ ਸੀ। ਪ੍ਰੋ. ਅਸਦ ਦੀ ਬੇਟੀ ਨਾਲ ਉਨ੍ਹਾਂ ਨੂੰ ਕਿਸ ਤਰ੍ਹਾਂ ਗੁਪਤ ਤਰੀਕੇ ਨਾਲ ਚਾਰ ਗੱਡੀਆਂ ਬਦਲ-ਬਦਲ ਕੇ ਮੋਟਰ-ਵੈਅ ਦੇ ਪੁਲੀਸ ਇੰਸਪੈਕਟਰ ਨੇ ਆਪਣੀਆ ਬੇਟੀਆਂ ਦੱਸ ਕੇ ਲਾਹੌਰ ਤੋਂ ਪਿੰਡੀ ਭੱਟੀਆਂ ਪਹੁੰਚਾਇਆ ਇਕ ਬੜੀ ਹੀ ਜ਼ਜਬਾਤੀ ਅਤੇ ਅਸਲੀ ਦੋਨਾਂ ਪੰਜਾਬਾਂ ਦੀ ਸਨੇਹ ਭਰਪੂਰ ਕਹਾਣੀ ਬਣ ਗਈ। 26 ਨਵੰਬਰ ਨੂੰ ਨਨਕਾਣਾ ਸਾਹਿਬ ਅਤੇ ਉਸੇ ਹੀ ਸ਼ਾਮ ਨੂੰ ਅਸਿਸਟੈਂਟ ਕਮਿਸ਼ਨਰ ਆਸਿਫ ਚੌਹਾਨ ਨਾਲ ਚਿਨਾਬ-ਕਲੱਬ ਵਿਖੇ ਸ਼ਾਮ ਦੀ

ਦਾਅਵਤ ਵਿੱਚ ਹਾਜ਼ਰੀ ਲਗਵਾਈ। 27 ਨਵੰਬਰ ਨੂੰ ਕਲਰ-ਕਹਾਰ ਪਹੁੰਚੇ ਜਿਸ ਦਾ ਸ਼ਬਦ ਮੁਗਲ ਬਾਦਸ਼ਾਹ ਬਾਬਰ ਨਾਲ ਆ ਜੁੜਦਾ ਹੈ। 28-29 ਨਵੰਬਰ ਨੂੰ ਗੁਜਰਾਂਵਾਲਾ, ਪਸਰੂਰ, ਡੱਸਕਾ, ਨਾਰੋਵਾਲ, ਕਰਤਾਰਪੁਰ ਸਾਹਿਬ, ਸ਼ੱਕਰਗੜ੍ਹ, ਸ਼ਿਵ ਕੁਮਾਰ ਬਟਾਲਵੀ ਦਾ 'ਬੜਾ ਪਿੰਡ' (ਲੋਹਟੀਆ) ਅਤੇ ਚਿਰੋਕਣੀ ਤਮੰਨਾ ਆਪਣੇ ਦਾਦਾ ਜੀ ਦੇ ਸਹੁਰੇ ਪਿੰਡ 'ਗੁਰਾਲਾ' ਦੇ ਦਰਸ਼ਨ। ਕਿਤੇ ਇੰਝ ਲੱਗਾ ਜਿਵੇਂ ਕਰਮਾ 131 ਸਾਲ ਪਹਿਲਾ ਪਿੰਡ ਰਣਸੀਹ-ਕੇ-ਮੀਰਾ ਤੋਂ ਆਪਣੇ ਦਾਦੇ ਦੀ ਜੰਝ ਨਾਲ ਗੁਰਾਲੇ ਆਇਆ ਹੋਵੇ, ਕਰੀਬ ਪੰਜ ਸੋ ਘਰ ਅਤੇ ਦੋ ਮੁੰਡਿਆਂ-ਕੁੜੀਆਂ ਦੇ ਹਾਈ ਸਕੂਲ ਹਨ। ਰੰਧਾਵਾ, ਸਿੰਧੂ, ਗੋਰਾਇਆ, ਲੱਲੀ ਗੋਤਾ ਦੇ ਲੋਕ ਰਹਿੰਦੇ ਹਨ। ਦਾਦਾ ਜੀ ਦੇ ਸਹੁਰੇ ਵੀ ਲੱਲੀ ਸਨ।

30 ਨਵੰਬਰ ਨੂੰ ਪਿੰਡੀ ਭੱਟੀਆਂ ਤੋਂ ਚਕਿਓਟ ਨੂੰ ਜਾਂਦਿਆਂ ਸੱਜੇ ਪਾਸੇ ਪ੍ਰੋ. ਅਸਗਰ ਅਲੀ ਚਿਸਤੀ ਦੇ ਬਾਹਰ ਖੇਤਾਂ ਵਿੱਚ ਡੇਰੇ ਤੇ ਗਏ ਜਿਥੇ ਮਨਮੋਹਕ ਵਾਤਾਵਰਣ ਵਿੱਚ ਕਰਮੇ ਹੁਰਾਂ ਦਾ ਸੁਵਾਗਤ ਕੀਤਾ ਗਿਆ। ਬਹੁਤ ਹੀ ਵਧੀਆ ਖਾਣੇ ਨਾਲ ਨਾਸ਼ਤਾ ਕੀਤਾ ਅਤੇ ਬਾਹਰ ਖੇਤਾਂ ਦੀ ਹਰਿਆਵਲ ਨਾਲ ਬਾਤਾਂ ਪਾਈਆ। ਬਾਅਦ ਦੁਪਹਿਰ ਗੌਰਮਿੰਟ ਹਾਈ ਸਕੂਲ 'ਠੱਠਾ ਖੈਰੂ' ਦੇ ਪ੍ਰਿੰਸੀਪਲ ਜਨਾਬ ਅੰਜੁਮ ਰਹਿਮਾਨ ਖਲੀਲ ਵੱਲੋਂ ਖੇਡ ਮੁਕਾਬਲਾ ਸਮਾਰੋਹ ਵਿੱਚ ਬੁਲਾਇਆ ਗਿਆ। ਬੱਚਿਆਂ ਨੂੰ ਇਨਾਮ ਦਿੱਤੇ ਗਏ।

ਇਸੇ ਦਿਨ ਕਰਮੇ ਦੀ ਪਤਨੀ ਅਤੇ ਬੇਟੀ ਨਾਲ ਸਾਜਿਦਾ ਅਸਦ ਲਾਹੌਰ ਨੂੰ ਚਲੇ ਗਏ ਕਿਉਂਕਿ ਬੇਟੀ ਦੀ ਲਾਹੌਰ ਤੋਂ ਅਮਰੀਕਾ ਦੀ ਵਾਪਸੀ ਸੀ। ਬਾਕੀ ਦੇਰ ਰਾਤ ਵਾਪਿਸ ਆ ਗਏ।

ਪਹਿਲੀ ਦਸੰਬਰ ਨੂੰ ਕਰਮੇ ਹੁਰੀਂ ਦੋਨੋਂ ਜੀਅ ਪ੍ਰੋ. ਅਸਦ ਅਤੇ ਉਨ੍ਹਾਂ ਦੀ ਬੇਗਮ ਇਨ੍ਹਾਂ ਨੂੰ ਵਾਹਗਾ ਅਟਾਰੀ ਭਰੇ ਮਨ ਛੱਡ ਆਏ।

## (11)

**ਮੈਂ ਪੰਜਾਬ ਮੇਰੇ ਸਬਰ ਦੀ ਇੰਤਹਾ, ਤੈਨੂੰ ਲੱਗਦਾ ਦਰਵੇਸ਼ ਨਜ਼ਰ ਆਵੇਂਗਾ।**
**ਡੂੰਘੀ ਨੀਝ ਨਾਲ ਤੱਕ ਜ਼ਰਾ, ਤੈਨੂੰ ਲੜਦਾ ਪੰਜਾਬ ਨਜ਼ਰ ਆਵੇਗਾ!**

ਮਾਂ-ਬੋਲੀ ਦੀ ਗੱਲ ਹੋਵੇ, ਦਫ਼ਤਰਾਂ ਵਿਚ ਵੱਡੇ ਅਫਸਰਾਂ ਨਾਲ ਵਾਹ-ਵਾਸਤਾ ਹੋਵੇ, ਜਿਹੜਾ ਮਜ਼ਾ ਆਪਣੀ ਬੋਲੀ ਵਿਚ ਗੱਲ ਕਰਨ ਦਾ ਆਉਂਦਾ ਉਸ ਦਾ ਆਪਣਾ ਹੀ ਨਸ਼ਾ ਹੁੰਦਾ। ਹਾਂ, ਕਦੇ-ਕਦੇ ਜਦੋਂ ਕਿਸੇ ਨੇ ਅੱਗੋਂ ਪੰਜਾਬੀ ਬੋਲੀ ਬੋਲਣ-ਸਮਝਣ ਤੋਂ ਹੱਥ ਖੜ੍ਹੇ ਕਰ ਦੇਣੇ ਤਾਂ ਫਿਰ ਕਰਮੇ ਨੇ ਆਪਣੀ ਅੰਗਰੇਜ਼ੀ ਨੂੰ ਪੰਜਾਬੀ ਦਾ ਤੜਕਾ ਲਾ ਕੇ ਅਗਲੇ ਦਾ ਘਰ ਪੂਰਾ ਕਰ ਦੇਣਾ। ਇਹ ਵਾਕਿਆ ਦਿੱਲੀ ਏਅਰਪੋਰਟ 'ਤੇ ਵੀ ਵਾਪਰਿਆ ਸੀ।

ਪੰਜਾਬ ਦੇ ਲੋਕ-ਨਾਇਕਾਂ ਵਿੱਚੋਂ ਕਰਮੇ ਨੂੰ ਸਭ ਤੋਂ ਸਿਖਰ 'ਤੇ ਦੁੱਲਾ ਭੱਟੀ ਹੀ ਨਜ਼ਰ ਆਉਂਦਾ ਸੀ। ਕਰਮਾ ਪਾਕਿਸਤਾਨੀ ਪੰਜਾਬ ਦੀ ਗੇੜੀ ਮਾਰ ਆਇਆ ਜਿਥੇ ਉਹ ਦੁੱਲਾ ਭੱਟੀ ਦੇ ਪਿੰਡ **ਪਿੰਡੀ ਭੱਟੀਆਂ** ਵੀ ਜਾ ਕੇ ਕਾਫੀ ਜਾਣਕਾਰੀ ਲੈ ਚੁੱਕਾ ਸੀ। ਦੁੱਲੇ ਭੱਟੀ ਬਾਰੇ ਕਰਮਾ ਪਹਿਲਾਂ ਹੀ ਕਈ ਕੁਝ ਪੜ੍ਹ ਚੁੱਕਾ ਸੀ, ਪਰ ਉਹ ਉਨ੍ਹਾਂ ਲਿਖਤਾਂ ਨਾਲ ਬਹੁਤਾ ਸਹਿਮਤ ਨਹੀਂ ਸੀ। ਤਤਕਾਲੀ ਹਾਕਮਾਂ ਦੀ ਖੁਸ਼ਾਮਦ ਕਰਦਿਆਂ ਲੇਖਕਾਂ ਨੇ ਇਸ ਅਦੁੱਤੀ ਤੇ ਲਾਸਾਨੀ ਜਾਂਬਾਜ਼ ਸੂਰਮੇ ਨੂੰ ਬੌਣਾ ਜਿਹਾ ਬਣਾ ਰੱਖਿਆ ਸੀ। ਦੁੱਲੇ ਭੱਟੀ ਨੂੰ ਲਿਖਣ ਤੋਂ ਪਹਿਲਾਂ ਕਰਮਾ ਹੁਣ ਤਕ ਕਿੰਨੀਆਂ ਹੀ ਗੇੜੀਆਂ ਲਹਿੰਦੇ ਪੰਜਾਬ ਦੀਆਂ ਮਾਰ ਚੁੱਕਾ ਸੀ। ਉਥੋਂ ਦੇ ਪੰਜਾਬੀਆਂ ਦੇ ਪਿਆਰ-ਸਤਿਕਾਰ ਨੇ ਕਰਮੇ ਨੂੰ ਵਧੀਆ ਦੋਸਤ-ਮਿੱਤਰ ਦਿੱਤੇ ਜਿਨ੍ਹਾਂ ਵਿੱਚੋਂ ਇਕ ਸਨ ਗੌਰਮਿੰਟ ਡਿਗਰੀ ਕਾਲਜ, ਪਿੰਡੀ ਭੱਟੀਆਂ ਦੇ ਪ੍ਰਿੰਸੀਪਲ ਪ੍ਰੋ. ਅਸਦ ਸਲੀਮ ਸ਼ੇਖ ਜੋ ਖ਼ੁਦ ਨਾਮਵਰ ਲਿਖਾਰੀ ਵੀ ਸਨ। ਹੁਣ ਤਕ ਕਰੀਬ ਪੰਦਰਾਂ ਤੋਂ ਜ਼ਿਆਦਾ ਕਿਤਾਬਾਂ ਲਿਖ ਚੁੱਕੇ ਸਨ।

ਉਨ੍ਹਾਂ ਦੁੱਲੇ ਭੱਟੀ ਨੂੰ ਵੀ ਲਿਖਿਆ ਜ਼ਰੂਰ ਪਰ ਸੰਖੇਪ ਜਿਹਾ। ਇਸ ਦਾ ਕਾਰਨ ਇਹ ਸੀ ਕਿ ਛੋਟੇ ਬੱਚੇ ਛੋਟੀ ਕਿਤਾਬ ਵੇਖ ਕੇ ਘਬਰਾਉਂਦੇ ਨਹੀਂ, ਵੱਡੀ ਕਿਤਾਬ ਤੋਂ ਉਹ ਡਰ ਜਾਂਦੇ ਨੇ। ਸੰਖੇਪ ਜਿਹੀ ਜਾਣਕਾਰੀ ਸੀ ਤਾਂ ਕਿ ਸਕੂਲੀ ਬੱਚੇ ਦੁੱਲਾ ਭੱਟੀ ਬਾਰੇ ਵੱਧ ਤੋਂ ਵੱਧ ਜਾਣਕਾਰੀ ਲੈ ਸਕਣ ਕਿ ਆਖਰ ਕਿਉਂ ਲੋਹੜੀ ਮੌਕੇ 'ਸੁੰਦਰ-ਮੁੰਦਰੀਏ-ਹੋ! ਤੇਰਾ ਕੌਣ ਵਿਚਾਰਾ-ਹੋ, ਕਹਿੰਦਿਆਂ ਦੁੱਲਾ

ਭੱਟੀ ਵਾਲਾ' ਨੂੰ ਯਾਦ ਕੀਤਾ ਜਾਂਦਾ ਹੈ।

ਸਰਕਾਰੀ ਤੰਤਰ ਦਾ ਹਮੇਸ਼ਾ ਪੰਜਾਬੀ ਮਾਂ-ਬੋਲੀ ਪ੍ਰਤੀ ਵਤੀਰਾ ਮਾੜਾ ਹੀ ਰਿਹਾ ਹੈ। ਬਹੁਤੇ ਸਕੂਲਾਂ ਵਿੱਚੋਂ ਤਾਂ ਵੈਸੇ ਹੀ ਪੰਜਾਬੀ ਬੋਲੀ ਨੂੰ ਮਨਫ਼ੀ ਕੀਤਾ ਜਾ ਚੁੱਕਾ ਹੈ। ਖ਼ਾਸ ਕਰਕੇ ਪ੍ਰਾਈਵੇਟ ਸਕੂਲਾਂ ਅੰਦਰ ਪੰਜਾਬੀ ਨੂੰ ਵੜਨ ਵੀ ਨਹੀਂ ਦਿੱਤਾ ਜਾਂਦਾ। ਪਤਾ ਨਹੀਂ ਇਸ ਕਿਤਾਬ ਨੇ ਛੋਟੇ ਬੱਚਿਆਂ ਅੰਦਰ ਕੋਈ ਨਵੀਂ ਸੂਝ, ਨਵੀਂ ਸੋਚ ਲਿਆਂਦੀ ਹੈ ਜਾਂ ਨਹੀਂ। ਇਸ ਦਾ ਪੱਕਾ ਪਤਾ ਨਹੀਂ।

ਕਰਮੇ ਨੇ ਦੂਸਰੀ ਕਿਤਾਬ ਲਿਖੀ 'ਬੁਲੰਦ ਹਵੇਲੀ' ਜਿਸ ਵਿਚ ਜ਼ਿਆਦਾਤਰ ਉਸ ਦੇ ਆਪਣੇ ਪਿੰਡ, ਇਲਾਕੇ ਵਿਚ ਜੋ ਕੁਝ ਉਹ ਛੋਟੇ ਹੁੰਦਿਆਂ ਤੋਂ ਵੇਖਦਾ ਰਿਹਾ, ਹੰਢਾਉਂਦਾ ਰਿਹਾ ਉਹੀ ਕੁਝ ਸੀ, ਜਿਸ ਵਿਚ ਬਹੁਤੇ ਰਾਵੀ ਨੇੜਲੇ ਪਿੰਡਾਂ ਦੀ ਮੂਲ-ਭੂਤ ਰਹਿਤਲ ਅਤੇ ਵਿਰਸੇ ਦੇ ਇਕ ਯੁੱਗ ਦੀ ਕਹਾਣੀ ਨੂੰ ਦਰਜ ਕੀਤਾ ਗਿਆ ਸੀ।

ਉਸ ਨੂੰ ਤੀਸਰੀ ਕਿਤਾਬ ਅੰਗਰੇਜ਼ੀ ਵਿਚ 'Punjab to Punjab' ਲਿਖਣੀ ਪਈ ਕਿਉਂਕਿ ਹੁਣ ਤਕ ਉਹ 4-5 ਵੇਰ ਪਾਕਿਸਤਾਨ (ਪੰਜਾਬ) ਜਾ ਚੁੱਕਾ ਸੀ। ਉਥੋਂ ਦੇ ਯਾਰਾਂ-ਮਿੱਤਰਾਂ ਦੀ ਫ਼ਰਮਾਇਸ਼ 'ਤੇ ਉਨ੍ਹਾਂ ਦੇ ਮੁਲਕ ਪੰਜਾਬ ਅਤੇ ਚੜ੍ਹਦੇ ਪੰਜਾਬ ਦੇ ਅੰਦਰੂਨ ਦੀਆਂ ਗੱਲਾਂਬਾਤਾਂ ਦਾ ਵੇਰਵਾ ਲਿਖਿਆ ਗਿਆ ਜਿਸ ਨੂੰ ਪ੍ਰੋ. ਅਸਦ ਸਲੀਮ ਸ਼ੇਖ਼ ਹੁਰਾਂ ਉਰਦੂ ਵਿਚ ਛਪਵਾਇਆ ਤੇ ਹਾਫ਼ਿਜ਼ਾਬਾਦ ਵਿਖੇ ਇਸ ਕਿਤਾਬ ਨੂੰ ਰੀਲੀਜ਼ ਕੀਤਾ ਗਿਆ ਸੀ, ਬਹੁਤ ਵੱਡੀ ਹਾਜ਼ਰੀ ਵਿਚ। ਜਦ ਹਾਫ਼ਿਜ਼ਾਬਾਦ ਦੀ ਸੀ.ਆਈ.ਡੀ. ਨੂੰ ਪਤਾ ਲੱਗਾ ਕੋਈ ਜ਼ਿਲ੍ਹਾ ਗੁਰਦਾਸਪੁਰ ਤੋਂ ਏਥੇ ਆਪਣੀ ਕਿਤਾਬ ਰੀਲੀਜ਼ ਕਰਨ ਦੇ ਸਬੰਧ ਵਿਚ ਆਇਆ ਹੋਇਆ ਹੈ ਤਾਂ ਵੱਡੀ ਗਿਣਤੀ ਵਿਚ ਸਿਟੀ ਹਾਲ ਨੂੰ ਬਾਹਰੋਂ-ਅੰਦਰੋਂ ਪੁਲੀਸ ਨੇ ਘੇਰਾ ਘੱਤ ਲਿਆ। ਉਹ ਸਮਝਦੇ ਸਨ ਕਿ ਅਗਰ ਇੰਝ ਹੋਇਆ ਹੈ ਤਾਂ ਥਾਣੇ ਇਤਲਾਹ ਕਿਉਂ ਨਹੀਂ ਕੀਤੀ ਗਈ ! ਪਰ ਅਸਲ ਗੱਲ ਹੋਰ ਹੀ ਸੀ। ਕਰਮਾ ਕੋਸ਼ਿਸ਼ ਕਰਦਾ ਜਦ ਕੋਈ ਪੁੱਛਦਾ ਇਹੀ ਕਹਿੰਦਾ ਮੈਂ ਪਿੱਛੋਂ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਕਲਾਨੌਰ ਇਲਾਕੇ ਤੋਂ ਹਾਂ।

ਅਮਰੀਕਾ ਦਾ ਨਾਂ ਤਾਂ ਕਰਮਾ ਨਾ ਸਰਦੇ ਨੂੰ ਹੀ ਲੈਂਦਾ ਸੀ। ਪਿੰਡੀ ਭੱਟੀਆਂ ਠਾਣੇ ਵਾਲੇ ਫ਼ੋਨ 'ਤੇ ਹੀ ਖ਼ਬਰਸਾਰ ਲੈ ਲੈਂਦੇ ਸਨ ਪਰ ਹਾਫਿਜ਼ਾਬਾਦ ਦੂਰ ਸੀ। ਖ਼ੈਰ, ਜਦ ਉਨ੍ਹਾਂ ਨੂੰ ਦੱਸਿਆ ਗਿਆ ਕਿ ਇਹ ਬੰਦਾ ਹੁਣ ਭਾਰਤੀ ਨਹੀਂ ਰਿਹਾ ਤਾਂ ਉਨ੍ਹਾਂ ਵੀ ਸੁਖ ਦਾ ਸਾਹ ਲਿਆ। ਇਕ ਕਿਤਾਬ ਸਿਟੀ ਠਾਣੇ ਵਾਲਿਆਂ ਨੂੰ ਵੀ ਦੇ ਦਿੱਤੀ।

ਹਵੇਲੀ ਵਾਲਿਆਂ ਦੇ ਮੁੰਡਿਆਂ ਅੰਦਰ ਇਕ ਭੈੜ ਸ਼ੁਰੂ ਤੋਂ ਹੀ ਇਨ੍ਹਾਂ ਦੇ

ਅੰਗ-ਸੰਗ ਜੁੜਿਆ ਰਿਹਾ। ਇਕ ਤਾਂ ਇਹ ਛੇਤੀ ਕੀਤਿਆਂ ਕਿਸੇ ਦੀ ਅਧੀਨਗੀ ਨਹੀਂ ਸਨ ਕਬੂਲਦੇ। ਦੂਸਰਾ, ਖ਼ੁਦ ਨੂੰ ਅਗਲੇ ਦੇ ਰੁੱਤਬੇ ਤੋਂ ਹਮੇਸ਼ਾਂ ਆਪਣੇ ਆਪ ਨੂੰ ਉੱਚਾ ਮੰਨਦੇ ਅਤੇ ਚਾਹੇ ਕੋਈ ਜਿੰਨਾ ਮਰਜ਼ੀ ਪੜ੍ਹਿਆ-ਲਿਖਿਆ ਸਿਆਣਾ, ਉੱਚੇ ਸਥਾਨ ’ਤੇ ਪਿਆ ਹੋਵੇ ਉਸ ਨੂੰ ਟਿੱਚ ਹੀ ਸਮਝਦੇ ਸਨ। ਕਹਿ ਲਉ ਕਿ ਕਿਧਰੇ ਹਉਮੈ ਦੀ ਪ੍ਰਵਿਰਤੀ ਸੀ ਜਾਂ ਪਤਾ ਨਹੀਂ ਕੀ ਕੁਝ ਹੋਰ ਸੀ? ਲੋਕ ਇਨ੍ਹਾਂ ਨਾਲ ਛੇਤੀ ਯਾਰੀ-ਦੋਸਤੀ ਲਾਉਣ ਤੋਂ ਵੀ ਡਰਦੇ। ਪਰ ਜੋ ਇਨ੍ਹਾਂ ਦੇ ਵਿਸ਼ਵਾਸ ਵਿਚ ਆ ਜਾਂਦੇ, ਉਨ੍ਹਾਂ ਲਈ ਇਹ ਮਰ-ਮਿਟਦੇ। ਕਿਧਰੇ ਪਿੰਡ ਹਵੇਲੀ ਅੰਦਰੇ ਦਾਰੂ ਦਾ ਦੌਰ ਚੱਲਦਾ ਤਾਂ ਫਿਰ ਉਥੇ ਕੋਈ ਊਚ-ਨੀਚ ਨਹੀਂ ਸੀ ਵੇਖੀ ਜਾਂਦੀ। ਸਭਨਾਂ ਨੂੰ ਬਰਾਬਰ ਰੱਖਿਆ ਜਾਂਦਾ। ਅਕਸਰ ਇਹ ਦੌਰ ਤੇ ਦਾਰੂ ਦੀਆਂ ਮਹਿਫ਼ਲਾਂ ਹਵੇਲੀ ਵਿਚ ਹੁੰਦੀਆਂ ਰਹਿੰਦੀਆਂ ਸਨ। ਦਾਰੂ ਵੀ ਇਨ੍ਹਾਂ ਦੀ ਵੱਡੀ ਕਮਜ਼ੋਰੀ ਸੀ। ਇਸ ਦਾਰੂ ਨੇ ਕੀ ਕੀ ਗੁਲ ਖਿਲਾਏ ਲਿਖਣਾ ਦੱਸਣਾ ਵੀ ਔਖਾ ਹੋਵੇਗਾ। ਕਰਮਾ ਖ਼ੁਦ ਸ਼ਾਇਦ 16-17 ਸਾਲਾਂ ਦਾ ਹੀ ਹੋਵੇਗਾ ਜਦ ਇਸ ਨੇ ਵੀ ਦਾਰੂ ਦੀ ਗੁੜ੍ਹਤੀ ਲੈ ਲਈ ਸੀ। ਅਗਲੇ ਹੋਰ 2-3 ਸਾਲਾਂ ਬਾਅਦ ਤਾਂ ਉਸ ਨੇ ਸ਼ਰਾਬ ਕੱਢਣੀ ਵੀ ਸਿਖ ਲਈ ਸੀ। ਬਾਬਾ ਸੁਰੈਣੂ ਯਾਦ ਆਉਂਦਾ। ਉਸ ਨੇ ਪਿੰਡੇ ’ਤੇ ਹੰਢਾਏ ਪਹਿਲੇ ਅੰਤਰਰਾਸ਼ਟਰੀ ਯੁੱਧ ਦੇ ਤਜਰਬੇ ਦੀਆਂ ਗੱਲਾਂ ਉਸ ਦੀ ਜ਼ੁਬਾਨੀ ਚਾਹੇ ਉਦੋਂ ਬਹੁਤੀ ਸਮਝ ਵਿਚ ਵੀ ਨਹੀਂ ਸੀ ਆਉਂਦੀਆਂ ਪਰ ਜਦ ਉਸ ਨੂੰ ਕਰਮਾ ਸੁਣਦਾ ਜਿਵੇਂ ਕੋਈ ਚਮਕੌਰ ਦੀ ਗੜ੍ਹੀ ਵਿਚ ਸਿੰਘ ਲੜ ਰਿਹਾ ਹੈ ਤੇ ਦੂਸਰੇ ਪਾਸੇ ਮੁਗ਼ਲਾਂ ਦੀ ਟਿੱਡੀ ਦਲ ਫ਼ੌਜ ਉਸ ਨੂੰ ਘੇਰ-ਘੇਰ ਕੇ ਜ਼ਖ਼ਮੀ ਕਰ ਰਹੀ ਹੈ ਪਰ ਉਹ ਫਿਰ ਵੀ ਬਚ ਜਾਂਦਾ ਤੇ ਅੱਜ ਹਵੇਲੀ ਅੰਦਰ ਆਉਣ ਵਾਲੇ ਵਕਤ ਦੀਆਂ ਕਿਆਸ-ਅਰਾਈਆਂ ਦੱਸ ਰਿਹਾ ਹੈ।

ਹਵੇਲੀ ਅੰਦਰ ਦਾਰੂ ਦੀ ਭੱਠੀ ਕਰੀਬ ਮਹੀਨੇ ਵਿਚ 3-4 ਵਾਰ ਤਾਂ ਚੜ੍ਹਨੀ ਹੀ ਹੁੰਦੀ ਸੀ। ਬਾਬਾ ਸੁਰੈਣੂ ਹਮੇਸ਼ਾਂ ਇਨ੍ਹਾਂ ਦੇ ਮੁੰਡਿਆਂ ਨੂੰ ਏਸ ਕੰਮ ਤੋਂ ਰੋਕਦਾ।

ਬਾਬਾ ਸੁਰੈਣੂ ਜਦ ਨਿੰਮੇ ਨਾਲ ਰਾਜਨੀਤੀ ਉੱਪਰ ਵਿਚਾਰ-ਚਰਚਾ ਕਰਿਆ ਕਰਦਾ ਸੀ ਤਾਂ ਉਸ ਨੇ ਕਿਹਾ ਸੀ ‘ਹਰ ਵਰਗ ਦੇ ਲੋਕ ਹੀ ਰਲ ਕੇ ਇਨਕਲਾਬ ਲਿਆ ਸਕਦੇ ਹਨ ਜਿਵੇਂ ਰੂਸ ਵਿਚ, ਚੀਨ ਵਿਚ ਹੋਇਆ ਸੀ। ਉਨ੍ਹਾਂ ਲੋਕਾਂ ਵਿਚ ਮਜ਼ਦੂਰ, ਕਿਸਾਨ, ਬੁੱਧੀਜੀਵੀ, ਲਿਖਾਰੀ, ਚੋਰ-ਡਾਕੂ, ਬਦਮਾਸ਼ ਵੀ ਆ ਰਲੇ ਸਨ। ਸੰਗਤ ਦਾ ਅਸਰ ਬੜੀ ਤਾਕਤ ਰੱਖਦਾ ਹੈ।’ ਬਾਬਾ ਸੁਰੈਣੂ ਇਵੇਂ ਲੱਗਦਾ ਜਿਵੇਂ ਸੁਕਰਾਤ ਆਪਣੇ ਬਚਨ-ਬਿਲਾਸ ਕਰ ਰਿਹਾ ਹੋਵੇ!

ਸ਼ਾਇਦ ਬਾਰਡਰ ਦਾ ਇਲਾਕਾ, ਲੋਕਾਂ ਵਿਚ ਅਨਪੜ੍ਹਤਾ ਆਦਿ ਹੀ ਕਾਰਨ

ਸਨ ਜਿਸ ਕਰਕੇ ਏਸ ਇਲਾਕੇ ਦਾ ਰੰਗ-ਢੰਗ, ਤੌਰ-ਤਰੀਕਾ ਦੂਸਰੇ ਇਲਾਕਿਆਂ ਦੇ ਤੌਰ-ਤਰੀਕਿਆਂ ਤੋਂ ਨਿਵੇਕਲਾ ਸੀ।

ਕਰਮੇ ਨੂੰ ਯਾਦ ਹੈ ਕਿ ਜਦੋਂ ਉਹ ਸ਼ਾਹਪੁਰ ਗੋਰਾਇਆ ਚੌਥੀ ਜਮਾਤ ਵਿਚ ਪੜ੍ਹਦਾ ਸੀ ਤਾਂ ਪਿੰਡ ਦੇ ਬਾਹਰਵਾਰ ਖੁੱਲ੍ਹੀ-ਡੁੱਲ੍ਹੀ ਹਵੇਲੀ ਦਾ ਮਾਲਕ ਇਕ ਜ਼ਿਮੀਂਦਾਰ ਸਰਦਾਰ ਉੱਚਾ ਲੰਬਾ ਗੋਰਾ ਛਟੀ ਵਰਗਾ। ਨਾਮ ਸੀ ਕੇਲੋਂ ਟਕਾ। ਵੇਲੇ-ਕੁਵੇਲੇ ਚੋਰੀਆਂ ਵੀ ਕਰ ਲੈਂਦਾ ਸੀ। ਪਿੰਡ ਕਿਸੇ ਦੇ ਘਰੇ ਵਿਆਹ ਧਰਿਆ ਹੋਇਆ ਸੀ। ਉਥੋਂ ਸਾਰਾ ਗਹਿਣਾ-ਗੱਟਾ ਚੋਰੀ ਕਰਕੇ ਆਪਣੇ ਘਰ ਦੇ ਮੂਹਰੇ ਤੂੜੀ ਦੇ ਬਣੇ ਉੱਚੇ ਮੂਸਲ ਦੀ ਟੀਸੀ ’ਤੇ ਲੁਕਾ ਆਇਆ। ਲੋਕਾਂ ਨੂੰ ਸ਼ੱਕ ਪੈ ਗਿਆ। ਪੁਲੀਸ ਆਈ। ਪੁੱਛ-ਗਿੱਛ ਹੋਈ। ਚੰਗੀ ਮਾਰ-ਕੁੱਟ ਖਾਧੀ ਪਰ ਨਾ ਮੰਨਿਆ। ਅਖੀਰ ਲੋਕਾਂ ਕਿਹਾ ਕਿ ਅਗਰ ਗੁਰਦੁਆਰੇ ਗੁਰੂ ਗਰੰਥ ਸਾਹਿਬ ਸਿਰ ’ਤੇ ਚੁੱਕ ਕੇ ਸਹੁੰ ਖਾ ਲਵੇਂ ਕਿ ਉਸ ਨੇ ਚੋਰੀ ਨਹੀਂ ਕੀਤੀ ਤਦ ਅਸੀਂ ਮੰਨ ਲਵਾਂਗੇ। ਇੰਝ ਕਰਨ ਨੂੰ ਮੰਨ ਗਿਆ ਤੇ ਕਹਿੰਦਾ ਸੱਚੇ ਪਾਤਸ਼ਾਹ ਤੈਨੂੰ ਮੈਂ ਸਿਰ ’ਤੇ ਨਾ ਚੁੱਕਾਂ ਹੋਰ ਕੌਣ ਚੱਕੂ ? ਪਰ ਐਨ ਸਹੁੰ ਚੁੱਕਣ ਤੋਂ ਪਹਿਲਾਂ ਆਪਣੀ ਕੀਤੀ ਗਲਤੀ ਨੂੰ ਵੀ ਮੰਨ ਗਿਆ। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਲੋਕ ਸਨ ਜਿਨ੍ਹਾਂ ਦੀਆਂ ਅਜੀਬੋ-ਗ਼ਰੀਬ ਪਹੇਲੀਆਂ ਸਨ, ਜਿਨ੍ਹਾਂ ਵਿਚ ਬਲੈਕੀਏ, ਮੱਝਾਂ ਦੇ ਚੋਰ, ਬੱਕਰੀਆਂ ਦੇ ਚੋਰ, ਸੰਗਲ-ਚੋਰ, ਪੱਠੇ-ਵੱਢ ਚੋਰ। ਹੱਦ ਤਾਂ ਉਦੋਂ ਹੋਈ ਜਦੋਂ ਹਰੂਵਾਲ ਦੇ ਬਚਨੇ ਬਲੈਕੀਏ ਨੇ ਵੱਡੀ ਬੋਰੀ ਅੱਧੀ ਇਲਾਚੀਆਂ ਦੀ ਅਤੇ ਵਿੱਚ ਅੱਧੀ ਬਰੀਕ ਕੁਤਰੀ ਕਾਹੀ ਭਰ ਕੇ ਅੰਮ੍ਰਿਤਸਰ ਦੇ ਇਕ ਲਾਲੇ ਨੂੰ ਵੇਚ ਦਿੱਤੀ ਸੀ।

ਦਰਅਸਲ ਜ਼ਿੰਦਗੀ ਵਿਚ ਕਦੇ-ਕਦੇ ਸਭ ਸੁਖ-ਸਹੂਲਤਾਂ ਹੋਣ ਦੇ ਬਾਵਜੂਦ ਵੀ ਬੰਦੇ ਦੀ ਭਟਕਣਾ ਨਹੀਂ ਮੁੱਕਦੀ। ਚਾਹੇ ਸਾਇੰਸ ਦੀ ਤਰੱਕੀ ਨਾਲ ਮਨੁੱਖ ਨੇ ਕੁਦਰਤ ਦੀਆਂ ਬਹੁਤ ਗੁੱਝੀਆਂ ਰਮਜ਼ਾਂ ਨੂੰ ਜਾਣ ਲਿਆ ਹੈ, ਹਰ ਖੇਤਰ ਵਿੱਚ ਨਵੀਆਂ ਪਰਤਾਂ ਦੀ ਸੋਝੀ ਪਾ ਲਈ ਏ ਪਰ ਫਿਰ ਵੀ ਬੰਦਾ ਦਿਨੋ-ਦਿਨ ਹੋਰ ਵੀ ਅਸ਼ਾਂਤ, ਦੁਖੀ ਤੇ ਬੇਸਬਰਾ ਹੁੰਦਾ ਜਾ ਰਿਹਾ ਹੈ। ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ, ਮਾਰ-ਧਾੜ, ਕਤਲੋਗਾਰਤ, ਧਰਮ ਦੇ ਨਾਂ ਹੇਠ ਪੂਰੀ ਦੁਨੀਆ ਦਾ ਵੰਡ-ਵੰਡਈਆ ਹੋਰ ਵੀ ਡੂੰਘਾ ਹੁੰਦਾ ਜਾ ਰਿਹਾ ਹੈ। ਬੰਦਾ ਇਨ੍ਹਾਂ ਮੁਸੀਬਤਾਂ 'ਚੋਂ ਬਾਹਰ ਨਿਕਲਣ ਦੀਆਂ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਸਗੋਂ ਹੋਰ ਏਸ ਦਲਦਲ ਵਿਚ ਫਸਦਾ ਜਾ ਰਿਹਾ ਹੈ। ਮਨੁੱਖ ਉਮਰ ਤੋਂ ਪਹਿਲਾਂ ਹੀ ਆਪਣੀ ਉਮਰ ਪੂਰੀ ਕਰਕੇ ਅਲਵਿਦਾ ਕਹਿ ਰਿਹਾ ਹੈ।

ਸਮਾਜ ਵਿਚ ਬੰਦਾ, ਜੋ ਨਹੀਂ, ਉਹ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ। ਮਾਂਗਵੀਂ ਮਨੋਬਿਰਤੀ ਨੇ ਬੰਦੇ ਦੀ ਅਸਲੀ ਸ਼ਕਤੀ ਨੂੰ ਖਿੰਡ-ਖਿੰਡਾ ਦਿੱਤਾ ਹੈ।

ਕਾਦਰ ਦੀ ਕੁਦਰਤ ਨੇ ਮਨੁੱਖ ਨੂੰ ਸਖ਼ਤ ਕੰਮ ਕਰਨ ਦੇ ਸਮਰੱਥ ਤਾਂ ਜ਼ਰੂਰ ਬਣਾਇਆ ਸੀ ਲੇਕਿਨ ਅੱਜ ਦੇ ਦੌਰ ਵਿਚ ਬੰਦੇ ਨੇ ਉਹ ਵੀ ਕਰਨਾ ਛੱਡ ਦਿੱਤਾ। ਖੁੱਲ੍ਹੇ-ਡੁੱਲ੍ਹੇ ਪੱਕੇ ਮਕਾਨ, ਕੋਠੀਆਂ ਜ਼ਰੂਰ ਬਣ ਗਏ ਪਰ ਉਨ੍ਹਾਂ ਅੰਦਰ ਭੂਤਾਂ ਦਾ ਵਾਸਾ ਹੋ ਗਿਆ ! ਇੰਝ ਲੱਗਦਾ ਜਿਵੇਂ ਅਸਲੀ ਇਨਸਾਨਾਂ ਦੀ ਪੈਦਾਇਸ਼ ਹੋਣੀ ਹੀ ਬੰਦ ਹੋ ਗਈ ਹੋਵੇ ! ਸੱਚੀ-ਸੁੱਚੀ ਕਿਰਤ ਕਰਨੀ, ਮਿੱਟੀ ਨਾਲ ਮਿੱਟੀ ਹੋ ਕੇ ਧਰਤੀ ਵਿੱਚੋਂ ਅੰਨ ਪੈਦਾ ਕਰਨਾ, ਕਦੇ ਨਾ ਥੱਕਣ ਵਾਲੇ ਕਰਮੇ ਨੂੰ ਉਸ ਦਾ ਬਾਪੂ ਯਾਦ ਆਇਆ ਜੋ ਕਰੀਬ ਪੌਣੀ ਸਦੀ ਦੀ ਉਮਰ ਭੋਗ ਕੇ ਕੁਝ ਦਿਨ ਬਿਮਾਰ ਰਹਿਣ ਮਗਰੋਂ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ ਸੀ। ਕਰਮੇ ਨੇ ਆਪਣੇ ਬਾਪੂ ਤੋਂ ਬਹੁਤ ਕੁਝ ਸਿੱਖਿਆ ਸੀ। ਕਰਮੇ ਦੇ ਬਾਪੂ ਨੇ ਕਿਸੇ ਗ਼ਰੀਬ ਨੂੰ ਆਪਣੀਆਂ ਪੈਲੀਆਂ 'ਚ ਪੱਠੇ ਕੱਢਦੇ, ਸਬਜ਼ੀ-ਭਾਜੀ ਤੋੜਦੇ, ਤੂੜੀ-ਤੰਦ ਲੈ ਰਹੇ ਨੂੰ ਨਹੀਂ ਸੀ ਰੋਕਿਆ। ਕਦੇ-ਕਦੇ ਇੰਝ ਲੱਗਣਾ ਜਿਵੇਂ ਰਾਵੀਓਂ ਪਾਰੋਂ 'ਬਾਬਾ ਨਾਨਕ' ਕਿਧਰੇ ਇਨ੍ਹਾਂ ਦੇ ਪੈਲੀ-ਬੰਨੇ ਲੰਘਦਾ ਕੋਈ ਸੁਨੇਹਾ ਦੇ ਰਿਹਾ ਹੋਵੇ। ਸ਼ਾਇਦ ਹੀ ਬਾਪੂ ਨੂੰ ਕਿਸੇ ਪਸ਼ੂ ਦੇ ਪਰਾਣੀ ਮਾਰਦਿਆਂ ਵੇਖਿਆ ਹੋਵੇ। ਹਾਂ, ਕਦੇ-ਕਦੇ ਦਬਕਾ ਮਾਰਦਿਆਂ ਜ਼ਰੂਰ ਸੁਣਿਆ ਹੋਵੇਗਾ ਤੇ ਉਹ ਵੀ ਜਿਵੇਂ 'ਚੱਲ ਸ਼ੇਰਾ ! ਰੱਬ ਭਲੀ ਕਰੂ !' 'ਚੱਲ ਓਏ ਭਲਿਆ ਲੋਕਾ' ਤੇ ਕਦੇ 'ਚੱਲ ਓਏ ਤੈਨੂੰ ਰੱਬ ਦੀਆਂ ਰੱਖਾਂ'। ਖੇਤਾਂ ਦੀਆਂ ਆਡਾਂ-ਬੰਨੇ ਬੱਚਿਆਂ ਵਾਂਗ ਸੁਵਾਰ ਕੇ ਰੱਖਣੇ, ਜਿਥੇ ਕਿਤੇ ਢਿੰਙਣ ਜਾਂ ਵਾਧੂ ਘਾਹ-ਫੂਸ ਹੋਣਾ ਹੱਥੀਂ ਪੱਟ ਕੇ ਪਸ਼ੂਆਂ ਨੂੰ ਪੱਠਿਆਂ ਵਿਚ ਕੁਤਰ ਕੇ ਖੁਆ ਦੇਣਾ। ਬਲਦਾਂ ਦੇ ਸਿੰਗਾਂ ਨੂੰ ਸਰ੍ਹੋਂ ਦੇ ਤੇਲ ਨਾਲ ਮਾਲਸ਼ ਕਰਨੀ। ਆਪਣੇ ਹੱਥੀਂ ਸਾਰੇ ਪਸ਼ੂਆਂ ਨੂੰ ਕਾਲਾ ਲੂਣ ਦੇਣਾ ਤਾਂ ਕਿ ਪਸ਼ੂਆਂ ਦੇ ਦੰਦਾਂ ਦਾ ਸਵਾਦ ਨਵਾਂ ਤਾਜ਼ਾ ਹੋ ਜਾਵੇ। ਦੇਸੀ ਸਾਬਣ ਨੂੰ ਕੁੱਟ ਕੇ ਪਾਣੀ ਵਿਚ ਘੋਲ ਕੇ ਉਸ ਦੀ ਗਰੀਸ ਬਣਾ ਲੈਣੀ ਤੇ ਫਿਰ ਗੱਡੇ ਨੂੰ ਵਾਂਗਣਾ ਤਾਂ ਕਿ ਗੱਡੇ ਦੇ ਪਹੀਏ ਲੋਹੇ ਦੀਆਂ ਲੱਠਾਂ ਵਿਚ ਸੌਖੀ ਤਰ੍ਹਾਂ ਰਵਾਂ ਰਹਿਣ। ਪਿੰਡਾਂ ਵਿਚ ਉਦੋਂ ਕੌਣ ਗਰੀਸਾਂ ਵਰਤਦਾ ਸੀ ? ਟੋਕੇ ਦੀਆਂ ਛੁਰੀਆਂ ਨੂੰ ਰੇਤੀ ਲਾ ਕੇ ਤਿੱਖਿਆਂ ਕਰਨਾ ਤਾਂ ਕਿ ਪੱਠੇ ਰਾਲਾਂ ਨਾ ਛੱਡਣ ਤੇ ਜੋਗ ਵੀ ਸੌਖੀ ਰਹੇ। ਟੋਕੇ ਅਤੇ ਖੂਹ ਦੇ ਬੇੜਾਂ ਨੂੰ ਸਰ੍ਹੋਂ ਦੇ ਤੇਲ ਨਾਲ ਰਵਾਂ ਰੱਖਣਾ।

ਉਦੋਂ ਤਾਂ ਮਜ਼ਾ ਹੀ ਆ ਜਾਣਾ ਜਦ ਬਾਪੂ ਨੇ 'ਹੀਰ ਵਾਰਿਸਸ਼ਾਹ' ਜਾਂ ਸਾਧੂ ਦਯਾ ਸਿੰਘ ਆਰਿਫ਼ ਦਾ 'ਜ਼ਿੰਦਗੀ-ਬਿਲਾਸ' ਹੇਕ ਲਾ ਕੇ ਪੜ੍ਹਨਾ। ਕਰਮੇ ਲਈ ਅੱਜ ਤਕ ਵੀ ਇਹ ਬੁਝਾਰਤ ਹੀ ਬਣੀ ਹੋਈ ਹੈ ਕਿ ਉਸ ਦੇ ਬਾਪੂ ਨੇ ਕਿਸ ਕੋਲੋਂ ਪੰਜਾਬੀ ਪੜ੍ਹਨੀ ਸਿੱਖੀ ਹੋਊ ? ਬੰਦਾ ਕਈ ਵੇਰ ਕੁਝ ਸੁਆਲਾਂ ਦੇ ਜਵਾਬ ਲੱਭਦਾ-ਲੱਭਦਾ ਖ਼ੁਦ ਹੀ ਇਕ ਸਵਾਲੀਆ ਨਿਸ਼ਾਨ ਬਣ ਕੇ ਰਹਿ ਜਾਂਦਾ ਹੈ।

ਬਾਪੂ ਦੀਆਂ ਮੱਝਾਂ-ਗਾਵਾਂ, ਬਲਦ, ਟਰੈਕਟਰ, ਹਲ-ਸੁਹਾਗੇ, ਖੇਤਾਂ ਵਿਚ ਲਹਿਰਾਉਂਦੀਆਂ ਹਰੀਆਂ-ਭਰੀਆਂ ਫ਼ਸਲਾਂ, ਵੱਟਾਂ-ਬੰਨੇ, ਖ਼ਾਲ, ਆਡਾਂ ਜਿਵੇਂ ਸਭ ਕੁਝ ਉਦਾਸ ਹੋ ਗਿਆ।

ਕਰਮੇ ਨੂੰ ਬਾਰ-ਬਾਰ ਉਹ ਦਿਨ ਯਾਦ ਆਉਂਦੇ ਜਦ ਉਸ ਦਾ ਬਾਪੂ ਅਤੇ ਬੀਜੀ ਉਸ ਕੋਲ ਅਮਰੀਕਾ ਆਏ। ਉਨ੍ਹਾਂ ਨੇ ਬੜੀ ਮੁਸ਼ਕਿਲ ਦੋ ਮਹੀਨੇ ਕੱਟੇ। ਬਾਪੂ ਹੁਰੀਂ ਗੁਰੂ ਅਰਜਨ ਸਾਹਿਬ ਦੀ ਕੰਧ ਉੱਪਰ ਲੱਗੀ ਫ਼ੋਟੋ ਹੇਠ ਅੱਖਾਂ ਮੀਟੀ ਕਿੰਨਾ-ਕਿੰਨਾ ਚਿਰ ਸਮਾਧੀ ਲਾਈ ਬੈਠੇ ਰਹਿੰਦੇ। ਇਕ ਦਿਨ ਹਾਰ ਕੇ ਬੀਜੀ ਨੇ ਪੁੱਛ ਹੀ ਲਿਆ : "ਐਡੀ ਕਿਹੜੀ ਵੱਡੀ ਮੰਗ ਹੈ ਜੋ ਗੁਰੂ ਜੀ ਤੋਂ ਮੰਗਦੇ ਹੋ ?" ਅੱਗੋਂ ਜਵਾਬ ਸੀ : "ਭਲੀਏ ਲੋਕੇ ! ਮੈਂ ਚਾਹੁੰਦਾਂ ਕਿ ਜਿਉਂਦੇ-ਜੀਅ ਇਕ ਵਾਰ ਆਪਣੇ ਮਿੱਤਰਾਂ-ਬੇਲੀਆਂ ਨੂੰ ਮਿਲ ਲਵਾਂ।" ਕਰਮੇ ਨੇ ਵੀ ਸਭ ਕੁਝ ਸੁਣ ਲਿਆ ਸੀ। ਦੋ ਹਫ਼ਤਿਆਂ ਮਗਰੋਂ ਦੋਨਾਂ ਨੂੰ ਪੰਜਾਬ ਘੱਲ ਦਿੱਤਾ ਉਸ ਤੋਂ ਬਾਅਦ ਬਾਪੂ ਹੁਰੀਂ ਨੌਂ ਸਾਲ ਵਧੀਆ ਤੁਰਦੇ-ਫਿਰਦੇ ਪੈਲੀ-ਬੰਨੇ ਜਾਂਦੇ, ਚਾਰ-ਚਾਰ ਮੀਲ ਰੋਜ਼ ਪੈਂਡਾ ਕਰਦੇ ਰਹੇ ਸਨ।

ਉਮਰਦਰਾਜ਼ ਲੋਕਾਂ ਨੂੰ ਉਨ੍ਹਾਂ ਦੀ ਮਿੱਟੀ, ਉਨ੍ਹਾਂ ਦੇ ਸ਼ਹਿਰ-ਗਿਰਾਂ ਤੋਂ ਦੂਰ ਰਹਿਣ ਲਈ ਜੇਕਰ ਮਜਬੂਰ ਕਰੋਗੇ ਤਾਂ ਉਨ੍ਹਾਂ ਵਿੱਚੋਂ ਬਹੁਤੇ ਜਲਦੀ ਰੱਬ ਨੂੰ ਪਿਆਰੇ ਹੋ ਜਾਣਗੇ। ਦਰਅਸਲ ਪੁਰਾਣਿਆਂ ਨੂੰ ਪੁਰਾਣਿਆਂ ਵਿਚ ਰਹਿਣਾ ਹੀ ਚੰਗਾ ਲੱਗਦਾ। ਕੱਚਿਆਂ ਵਿਚ ਰਹਿਣ ਵਾਲਿਆਂ ਨੂੰ ਪੱਕੀਆਂ ਇੱਟਾਂ ਵਿੱਚੋਂ ਸਿਆਲਾਂ ਵਿਚ ਲਪਟਾਂ ਨਿਕਲਦੀਆਂ ਮਹਿਸੂਸ ਹੋਣਗੀਆਂ ਤੇ ਗਰਮੀਆਂ ਵਿਚ ਉਨ੍ਹਾਂ ਨੂੰ ਕੱਚਿਆਂ ਘਰਾਂ ਵਿੱਚੋਂ ਇਕ ਸੀਤਲ ਸੁਖਦਾਇਕ ਠੰਢ ਮਹਿਸੂਸ ਹੋਵੇਗੀ।

ਕਦੇ ਵੀ ਬੇ-ਬਹਾਰੇ ਮੌਸਮ ਵਿਚ ਬੂਟੇ ਨੂੰ ਇਕ ਥਾਂ ਤੋਂ ਦੂਸਰੀ ਥਾਂ 'ਤੇ ਲਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

ਮਿੱਟੀ ਨਾਲ ਮਿੱਟੀ ਹੋਣ ਵਾਲੇ ਬੰਦਿਆਂ ਨੂੰ ਮਿੱਟੀ ਵੀ ਛੇਤੀ ਆਪਣੇ ਗਲ਼ ਲਗਾ ਲੈਂਦੀ ਏ। ਨਹੀਂ ਤਾਂ ਉਨਾਸੀ ਸਾਲਾਂ ਦੀ ਉਮਰ ਕੋਈ ਵੱਡੀ ਉਮਰ ਨਹੀਂ ਸੀ। ਬਾਪੂ ਕਿੰਨਾ ਕੁਝ ਧਰਿਆ-ਧਰਾਇਆ ਛੱਡ ਗਿਆ। ਉਸ ਨੂੰ ਮਿੱਟੀ ਨਾਲ ਅਥਾਹ ਪਿਆਰ ਸੀ। ਵਾਹੀ-ਜੋਤੀ ਦੇ ਕੰਮ ਵਿਚ ਉਸ ਦੇ ਮੁਕਾਬਲੇ ਪੂਰੇ ਇਲਾਕੇ ਵਿਚ ਕੋਈ ਨਹੀਂ ਸੀ। ਹਲ਼ਾਂ ਨਾਲ ਬਾਈ-ਬਾਈ ਕੁਵਿੰਟਲ ਕਣਕ ਇਕ ਕਿੱਲੇ ਵਿੱਚੋਂ ਕੱਢਣੀ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਪੰਦਰਾਂ-ਪੰਦਰਾਂ ਫੁੱਟ ਉੱਚੇ ਕਮਾਦ ਵਿਚ ਪੂਰਾ ਪਿੰਡ ਹੀ ਲੁਕ ਜਾਣਾ ਤੇ ਪੁਲੀਸ ਨੇ ਲੱਭਦੀ ਫਿਰਨਾ। ਕਰਜ਼ਿਆਂ ਦੀ ਉਗਰਾਹੀ ਲਈ ਜਾਂ ਸ਼ਰਾਬ ਦੇ ਘੜੇ ਫੜਨ ਆਈ ਨੇ।

ਜ਼ਮਾਨੇ ਚੰਗੇ ਸਨ। ਲੋਕ ਇਕ-ਦੂਸਰੇ ਦੀ ਖ਼ਬਰ-ਸਾਰ ਰੱਖਦੇ ਸਨ। ਪਿੰਡ

ਵਿਚ ਬਰਾਤ ਆਉਣੀ ਜਿਸ ਘਰ ਵਿਆਹ ਹੋਣਾ, ਆਈ ਬਰਾਤ ਦੀਆਂ ਘੋੜੀਆਂ ਸਾਰੇ ਪਿੰਡ ਨੇ ਇਕ ਇਕ ਕਰਕੇ ਆਪਣੇ ਘਰੀਂ ਲੈ ਜਾਣੀਆਂ ਤੇ ਉਨ੍ਹਾਂ ਲਈ ਵਧੀਆ ਚਾਰਾ ਤਿਆਰ ਕਰਨਾ ਜਿਸ ਸ਼ਰੀਕ ਨਾਲ ਨਾ ਵੀ ਬਣ ਆਉਂਦੀ ਉਸ ਨੇ ਵੀ ਘੋੜੀ ਆਪਣੇ ਘਰੇ ਲੈ ਕੇ ਉਸ ਦੀ ਸੇਵਾ ਕਰਨੀ।

ਕਰਮੇ ਨੂੰ ਬਾਪੂ ਖੇਤਾਂ ਵਿਚ ਕੰਮ ਕਰਦਾ ਗੁਰੂ ਨਾਨਕ ਦੀ ਕਰਤਾਰਪੁਰ ਕੁਝ ਪੈਲ਼ੀਆਂ ਦੀ ਵਿੱਥ 'ਤੇ ਆਪਣੇ ਮੋਢੇ ਕਹੀ ਰੱਖੀ ਵੱਟਾਂ-ਬੰਨਿਆਂ 'ਤੇ ਤੁਰਦਾ ਦਿਖਾਈ ਦੇਂਦਾ। ਅਸਲ ਵਿਚ ਪੰਜਾਬ ਦੇ ਸਾਰੇ ਮਿੱਟੀ ਨਾਲ ਮਿੱਟੀ ਹੁੰਦੇ ਬੰਦਿਆਂ ਵਿੱਚੋਂ ਸਭ ਕੁਝ ਇੱਕੋ ਜਿਹਾ ਹੀ ਦਿਸਦਾ ਹੈ। ਧੰਨ ਹੈ ਨਾਨਕ ਜਿਸ ਨੇ ਹਲ ਚਲਾ ਕੇ ਕਿਸਾਨੀ ਨੂੰ ਸਭ ਤੋਂ ਉੱਤਮ ਧਰਮੀ ਕਿੱਤਾ ਬਣਾ ਦਿੱਤਾ !

ਪੁਰਾਣੇ ਪੰਜਾਬੀ ਸਭਿਆਚਾਰ ਵਿਚ ਬਹੁਤ ਵਡਮੁੱਲੇ ਗੁਣ ਹੁੰਦੇ ਸਨ। ਜਿਉਂ-ਜਿਉਂ ਵਿਗਿਆਨਕ ਯੁੱਗ ਨੇ ਹਰ ਖੇਤਰ ਵਿਚ ਆਪਣੇ ਪੈਰ ਪਸਾਰਨੇ ਸ਼ੁਰੂ ਕੀਤੇ, ਹਰ ਚੀਜ਼ ਦਾ ਮੁੱਲ ਪੈਣ ਲੱਗਾ, ਹਰ ਚੀਜ਼ ਵਿਕਾਊ ਹੋਣ ਲੱਗੀ, ਪਦਾਰਥਕ ਵਾਤਾਵਰਨ ਬਣਨ ਲੱਗਾ ਤਾਂ ਇਸ ਦਾ ਅਸਰ ਆਪਸੀ ਮਨੁੱਖੀ ਰਿਸ਼ਤਿਆਂ ਉੱਪਰ ਵੀ ਪੈਣ ਲੱਗਾ। ਅਖੌਤੀ ਹਰੇ ਇਨਕਲਾਬ ਨੇ ਬੜਾ ਕੁਝ ਸਮਾਜਿਕ ਤਾਣੇ-ਬਾਣੇ ਨੂੰ ਤਹਿਸ-ਨਹਿਸ ਕਰਨ ਵਿਚ ਆਪਣਾ 'ਯੋਗਦਾਨ' ਪਾਇਆ। ਇਕੱਠੇ ਰਹਿੰਦੇ ਪਰਵਾਰਾਂ ਦੀ ਟੁੱਟ-ਭੱਜ ਹੋਈ। ਹੌਲੀ-ਹੌਲੀ ਲੋਕਾਂ ਦਾ ਪਰਵਾਸ ਹੋਣ ਲੱਗਾ ਤੇ ਸਿੱਟੇ ਵਜੋਂ ਕਰਮਾ ਵੀ ਤਾਂ ਉਨ੍ਹਾਂ ਵਿੱਚੋਂ ਹੀ ਇਕ ਸੀ। ਕੁਝ ਸਾਲ ਬਾਅਦ ਪਿੱਛੋਂ ਸਾਰਾ ਪਰਿਵਾਰ ਵੀ ਅਮਰੀਕਾ ਆ ਗਿਆ। ਉਧਰੋਂ ਸਹੁਰਿਆਂ ਵੱਲੋਂ ਵੀ। ਕਰ- ਕਰਾ ਕੇ ਸ਼ਾਇਦ ਕੁੱਲ 30-35 ਜਣੇ ਤਾਂ ਜ਼ਰੂਰ ਹੋਣਗੇ। ਧੰਨ ਕਰਮੇ ਦੀ ਕਰਮੀ ਜਿਸ ਨੇ ਬੜੀ ਸੂਝ-ਬੂਝ ਅਤੇ ਦੂਰ-ਅੰਦੇਸ਼ੀ ਨਾਲ ਸਾਰਿਆਂ ਦਾ ਟਿਕ-ਟਿਕਾਅ ਕੀਤਾ। ਕਿੰਨਾ ਹੀ ਸਮਾਂ ਇੱਕੋ ਰਸੋਈ ਵਿਚ ਸਾਰਿਆਂ ਲਈ ਰੋਟੀ ਖਾਣਾ-ਪਕਾਉਣਾ ਚੱਲਦਾ ਰਿਹਾ। ਹੌਲੀ-ਹੌਲੀ ਕਰੀਬ 2-3 ਸਾਲਾਂ ਵਿਚ ਸਾਰਿਆਂ ਨੇ ਛੋਟੇ-ਛੋਟੇ ਟਿਕਾਣੇ ਬਣਾ ਲਏ। ਕੰਮਾਂ ਤੇ ਕੰਮਾਂ ਵਾਲੇ ਅਤੇ ਸਕੂਲ ਕਾਲਜ ਜਾਣ ਵਾਲੇ ਸਭ ਥਾਂ-ਸਿਰ ਹੁੰਦੇ ਗਏ।

ਕਰਮੇ ਨੇ ਆਪਣੀ ਜ਼ਿੰਦਗੀ ਦੀ ਦੌੜ ਦੌਰਾਨ ਬਹੁਤ ਸਾਰੇ ਪਹਿਲੋਂ ਇਕੱਠੇ ਰਹਿੰਦੇ ਪਰਵਾਰ ਤੇ ਹੁਣ ਤੀਲਾ-ਤੀਲਾ ਹੁੰਦੇ ਵੇਖੇ ਸਨ। ਉਹ ਵੀ ਚਾਹੁੰਦਾ ਸੀ ਕਿ ਜਿੰਨੀ ਜਲਦੀ ਹੋਵੇ ਸਾਰੇ ਪਰਿਵਾਰ ਦੂਰ-ਦੂਰ ਰਹਿਣ ਤੇ ਆਪੋ ਆਪਣੀ ਜ਼ਿੰਦਗੀ ਨੂੰ ਮਜ਼ੇ ਨਾਲ ਜਿਊਣ। ਕਈ ਵੇਰ ਬੰਦਾ ਬੜਾ ਕੁਝ ਚੰਗਾ ਕਰਨ ਲਈ ਔਖੇ ਫ਼ੈਸਲੇ ਲੈਣ ਤੋਂ ਅਸਮਰੱਥ ਹੋ ਜਾਂਦਾ ਹੈ। ਇਹੀ ਕੁਝ ਕਰਮੇ ਨਾਲ ਹੋਇਆ। ਬਾਵਜੂਦ ਕੁਝ ਯਤਨਾਂ ਦੇ ਕਿ ਪਰਵਾਰ ਥੋੜ੍ਹੀ ਦੂਰੀ 'ਤੇ ਰਹਿਣ ਤਾਂ

ਕਿ ਰਿਸ਼ਤਿਆਂ ਵਿਚ ਨੇੜਤਾ ਬਣੀ ਰਹੇ। ਕੁਝ ਕੁ ਸਫ਼ਲਤਾ ਤਾਂ ਜ਼ਰੂਰ ਮਿਲੀ ਪਰ ਮੁਕੰਮਲ ਨਹੀਂ। ਇਸ ਪਿੱਛੇ ਹਰ ਕੌਮ, ਹਰ ਖਿੱਤੇ ਦੇ ਆਪਣੇ-ਆਪਣੇ ਸਮਾਜਿਕ ਸਰੋਕਾਰ ਸਾਹਮਣੇ ਆ ਖਲੋਂਦੇ ਨੇ ਅਤੇ ਚਲੀਆਂ ਆਉਂਦੀਆਂ ਰਵਾਇਤਾਂ ਨੂੰ ਤੋੜਨਾ ਮੁਸ਼ਕਲ ਹੋ ਜਾਂਦਾ ਹੈ। ਹੋਰ ਵੀ ਬਹੁਤ ਕਾਰਨ ਸਨ ਜਿਨ੍ਹਾਂ ਦੀ ਹਰੇਕ ਨੂੰ ਵੇਲੇ-ਕੁਵੇਲੇ ਪੜਚੋਲ ਕਰਦੇ ਰਹਿਣਾ ਚਾਹੀਦਾ ਹੈ। ਸਰਮਾਏਦਾਰ ਮੁਲਖ਼ਾਂ ਦੇ ਲੋਕਾਂ ਦੀ ਜ਼ਿੰਦਗੀ ਦੀ ਤੋਰ ਆਮ ਗਰੀਬ ਮੁਲਖ਼ਾਂ ਦੇ ਲੋਕਾਂ ਦੀ ਦੌੜ ਨਾਲੋਂ ਬਹੁਤ ਅੱਡਰੀ ਹੈ। ਜਿਥੇ ਪਹਿਲਾਂ ਲੋਕਾਂ ਕੋਲ ਸਵਾਰੀ ਲਈ ਸਾਈਕਲ ਵੀ ਨਹੀਂ ਸੀ ਹੁੰਦਾ ਹੁਣ ਕਾਰਾਂ ਆ ਗਈਆਂ। ਬੱਚਿਆਂ ਅੰਦਰ ਇਨ੍ਹਾਂ ਨਵੇਂ ਮੁਲਖ਼ਾਂ ਦਾ ਰੰਗ-ਢੰਗ ਬਣਨਾ। ਪੂਰਨ ਖੁਲ੍ਹਦਿਲੀ। ਟੀ.ਵੀ., ਮੀਡੀਆ, ਟੈਲੀਫ਼ੋਨ, ਇੰਟਰਨੈੱਟ ਦਾ ਪਸਾਰਾ ਖਾਣ ਪੀਣ ਲਈ ਖੁੱਲ੍ਹਾ-ਡੁੱਲ੍ਹਾ।

ਜਜ਼ਬਾਤਾਂ ਦੇ ਵਹਿਣਾਂ ਵਿਚ ਵਹਿ ਕੇ ਬੰਦਾ ਕਵੀ ਤਾਂ ਭਾਵੇਂ ਬਣ ਜਾਵੇ ਪਰ ਅਸਲੀ ਜ਼ਿੰਦਗੀ ਵਿਚ ਉਹ ਦੁਖੀ ਫਿਰ ਵੀ ਜ਼ਰੂਰ ਰਹਿੰਦਾ ਹੈ। ਉਂਜ ਜਜ਼ਬਾਤਾਂ ਨੂੰ ਜੇਕਰ ਜ਼ਿੰਦਗੀ ਦੇ ਕੌੜੇ ਸੱਚ ਨਾਲ ਜੋੜ ਕੇ ਰੱਖੋਗੇ ਤਾਂ ਪਰੇਸ਼ਾਨੀਆਂ ਕੁਝ ਹੱਦ ਤਕ ਜ਼ਰੂਰ ਘਟਣਗੀਆਂ।

ਕਦੇ ਵੀ ਕਿਸੇ ਲੋੜਵੰਦ ਦੀ ਏਨੀ ਇਮਦਾਦ ਨਾ ਕਰੀ ਜਾਵੋ ਕਿ ਉਹ ਤੁਹਾਡਾ ਮੁਥਾਜ ਹੀ ਬਣ ਕੇ ਰਹਿ ਜਾਵੇ। ਉਲਝੀ ਤਾਣੀ ਨੂੰ ਸੁਲਝਾਉਣ ਦਾ ਤਰੀਕਾ ਅਗਲੇ ਨੂੰ ਦੱਸ ਦਿਉ ਨਾ ਕਿ ਆਪ ਹੀ ਸਾਰਾ ਕੁਝ ਕਰਨ ਬੈਠ ਜਾਵੋ!

ਆਪਣੀ ਜ਼ਿੰਦਗੀ ਦੇ ਔਖੇ ਤਜਰਬੇ ਹੋਰਨਾਂ ਨਾਲ ਜ਼ਰੂਰ ਸਾਂਝੇ ਕਰੋ। ਪਤਾ ਨਹੀਂ ਕਿਸ ਦਾ ਕੀ ਕੰਮ ਸੌਰ-ਸੰਵਰ ਜਾਵੇ!

ਨਵੇਂ ਮੁਲਕ ਵਿਚ ਆਏ ਨਵੇਂ ਲੋਕਾਂ ਨੂੰ ਬਾਰੀਕੀ ਨਾਲ ਘਰ-ਬਾਰ, ਬੋਲ-ਚਾਲ, ਕਾਇਦੇ-ਕਾਨੂੰਨ, ਸਾਫ਼-ਸਫ਼ਾਈ, ਡਰਾਈਵਿੰਗ, ਲੋਕਾਂ ਨਾਲ ਵਿਵਹਾਰ ਆਦਿ ਬਹੁਤ ਸਾਰੀਆਂ ਜਾਣਕਾਰੀਆਂ ਬਾਰੇ ਜਾਣੂੰ ਕਰਾਉਣਾ ਅਤੀ ਜ਼ਰੂਰੀ ਹੈ। ਨਵੇਂ ਆਏ ਬੱਚਿਆਂ ਵਿਚ ਆਤਮ-ਵਿਸ਼ਵਾਸ ਪੈਦਾ ਕਰਨਾ, ਸਕੂਲਾਂ ਵਿਚ ਉਨ੍ਹਾਂ ਨਾਲ ਸਥਾਨਕ ਬੱਚਿਆਂ ਦਾ ਵਰਤਾਰਾ ਉਸ ਉੱਪਰ ਲਗਾਤਾਰ ਨਿਗਰਾਨੀ ਰੱਖਣੀ, ਸਕੂਲ ਦੇ ਅਧਿਆਪਕਾਂ ਨਾਲ ਸੰਪਰਕ ਵਿਚ ਰਹਿਣਾ, 'ਲਾਅ ਐਂਡ ਆਰਡਰ' ਨੂੰ ਸਮਝਣਾ ਅਤੇ ਉਸ ਉੱਤੇ ਪਹਿਰਾ ਦੇਣਾ ਆਦਿ ਕੁਝ ਅਜਿਹੇ ਵਿਸ਼ੇ ਹਨ ਜਿਨ੍ਹਾਂ ਨੂੰ ਧਿਆਨ ਵਿਚ ਰੱਖਣਾ ਤੇ ਨਵਿਆਂ ਨੂੰ ਉਨ੍ਹਾਂ ਬਾਰੇ ਚੇਤੰਨ ਕਰਨਾ ਤਾਂ ਕਿ ਉਹ ਐਵੇਂ ਬਿਨਾਂ ਵਜਹ ਹੀ ਕਿਸੇ ਮੁਸ਼ਕਲ ਵਿਚ ਨਾ ਆ ਜਾਣ।

ਬਹੁਤ ਹੀ ਜ਼ਰੂਰੀ ਇਨ੍ਹਾਂ ਨਵੇਂ ਆਏ ਅਤੇ ਇਥੇ ਨਵੇਂ ਜੰਮਿਆਂ ਨੂੰ ਨਸ਼ੇ-ਡਰੱਗ ਦੇ ਬੁਰੇ ਅਸਰ ਬਾਰੇ ਜਾਣਕਾਰੀ ਦੇਣੀ। ਇਕ ਵੇਰ ਨਸ਼ਿਆਂ ਦੀ ਗ਼ਲਤਾਨ

ਵਿਚ ਫਸਿਆ ਬੰਦਾ ਕਦੇ ਵੀ ਪੂਰਾ ਬੰਦਾ ਨਹੀਂ ਰਹਿੰਦਾ। ਉਹ ਕਦੋਂ ਕੀ ਕਰ ਗੁਜ਼ਰੇ ਹਰ ਵਕਤ ਦੀ ਚਿੰਤਾ ਬਣੀ ਰਹਿੰਦੀ ਹੈ। ਆਮ ਹੀ ਵੇਖਣ ਵਿਚ ਆਉਂਦਾ ਹੈ, ਕੁਝ ਪੰਜਾਬੀ ਅਮਰੀਕਾ ਕੈਨੇਡਾ ਆ ਕੇ ਰਾਤੋ-ਰਾਤ ਅਮੀਰ ਬਣਨ ਦੇ ਸੁਪਨੇ ਵੇਖਦੇ ਅਜਿਹਾ ਕੁਝ ਕਰ ਬੈਠਦੇ ਕਿ ਫਿਰ ਸਾਰੀ ਉਮਰ ਆਪ ਅਤੇ ਪਰਵਾਰ ਸੰਤਾਪ ਭੋਗਦੇ ਵੇਖੇ ਹਨ। ਇਨ੍ਹਾਂ ਵਿਚ ਕਾਰੋਬਾਰੀ ਲੋਕ, ਡਾਕਟਰੀ ਪੇਸ਼ੇ ਵਿਚ ਲੱਗੇ ਲੋਕ ਅਤੇ ਕੈਨੇਡਾ ਵਿਚ ਖਾਸ ਤੌਰ ’ਤੇ ਕੁਝ ਟਰੱਕਿੰਗ ਬਿਜ਼ਨਿਸ ਵਿਚ ਜੁੜੇ ਲੋਕ ਆਉਂਦੇ ਹਨ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿਚ ਪੰਜਾਬੀ ਨੌਜਵਾਨਾਂ ਦੀ ਡਰੱਗ ਨਾਲ ਜੁੜੀ ਗੈਂਗਵਾਰ ਨੇ ਤਾਂ ਸਾਰੇ ਹੱਦ-ਬੰਨੇ ਹੀ ਪਾਰ ਕਰ ਸੁੱਟੇ ਹਨ। ਨੌਜਵਾਨਾਂ ਦੀ ਕਤਲੋਗਾਰਤ ਪੰਜਾਬ ਨਾਲੋਂ ਵੀ ਵੱਧ ਏਥੇ ਵੇਖੀ ਗਈ ਹੈ। ਪਰਵਾਰਾਂ ਦੀ ਟੁੱਟ-ਭੱਜ ਗੰਭੀਰ ਚਿੰਤਾ ਦਾ ਵਿਸ਼ਾ ਬਣ ਚੁੱਕਿਆ ਹੈ।

ਪੈਸੇ ਦੇ ਲਾਲਚ ਨੇ ਪੰਜਾਬੀਆਂ ਨੂੰ ਕਈ ਨਵੇਂ ਦਾਅ-ਪੇਚ ਵੀ ਸਿਖਾ ਦਿੱਤੇ। ਘਰਾਂ ਵਿਚ ਝੂਠੇ ਗੁਰਦੁਆਰੇ ਰਜਿਸਟਰਡ ਕਰਵਾ ਕੇ ਟੈਕਸ ਦੀ ਛੋਟ ਲੈਣੀ ਅਤੇ ਉੱਪਰ ਸਰਕਾਰ ਤੋਂ ਵੀ ਨਵੇਂ ਫੰਡ ਲੈ ਲੈਣੇ। ਵਧੀਆ ਚੱਲ ਰਹੇ ਗੁਰਦੁਆਰੇ ਅਤੇ ਉਨ੍ਹਾਂ ਦੀਆਂ ਕਮੇਟੀਆਂ ਵੱਲੋਂ ਰਾਗੀਆਂ ਤੋਂ ਪੈਸੇ ਲੈ ਕੇ ਉਨ੍ਹਾਂ ਨੂੰ ਸਪੌਂਸਰਸ਼ਿੱਪਸ ਭੇਜਣੀਆਂ। ਇਨ੍ਹਾਂ ਥਾਵਾਂ ’ਤੇ ਅੰਨ੍ਹਾ ਚੜ੍ਹਾਵਾ ਅਤੇ ਨਿੱਜੀ ਹਉਮੈ ਹੀ ਲੜਾਈਆਂ ਦਾ ਮੁੱਢਲਾ ਕਾਰਨ ਹਨ ਜੋ ਅੱਜ ਵੀ ਨਿਰੰਤਰ ਜਾਰੀ ਹੈ।

ਸਿੱਖਾਂ ਦੇ ਨਾਂ ’ਤੇ ਅਣਗਿਣਤ ਅਜਿਹੀਆਂ ਜਥੇਬੰਦੀਆਂ ਬਣ ਚੁੱਕੀਆਂ ਹਨ ਜੋ ਕਿ ਗਿਣਤੀ ਤੋਂ ਬਾਹਰ ਹਨ। ਪੰਜਾਬੀ ਲੋਕ ਵੀ ਏਨੇ ‘ਦਿਆਲੂ’ ਅਤੇ ‘ਸ਼ਰਧਾਲੂ’ ਹਨ ਕਿ ਕਿਸੇ ਨੂੰ ਪੈਸਾ ਦੇਣ ਲੱਗੇ ਵੀ ਨਹੀਂ ਸੋਚਦੇ। ਕਈ ਵਾਤਾਵਰਨ ਦੇ ਨਾਮ ’ਤੇ, ਕਈ ਕੈਂਪਾਂ ਦੇ ਨਾਮ ’ਤੇ, ਕੋਈ ਗੁਰੂਆਂ ਦੇ ਨਾਵਾਂ ’ਤੇ ਫ਼ਿਲਮਾਂ ਬਣਾ ਕੇ ਵਿਉਪਾਰ ਕਰੀ ਜਾ ਰਹੇ ਨੇ। ਲੋਕ ਏਨੇ ਵੀ ਬਹੁਰੂਪੀਏ ਹੋ ਜਾਣਗੇ ਇਹ ਤਾਂ ਕਦੇ ਕਿਆਸ ਵੀ ਨਹੀਂ ਸੀ ਕੀਤਾ ! ਇਹ ਖ਼ਤਰਨਾਕ ਰੁਝਾਨ ਸਾਡੀ ਗਿਰਾਵਟ ਦੀ ਨਿਸ਼ਾਨੀ ਹੈ।

ਆਪਸੀ ਨਿੱਜੀ ਮੁਕਾਬਲੇਬਾਜ਼ੀ ਨੇ ਸਮੁੱਚੀ ਭਾਈਚਾਰਕ ਸਾਂਝ ਨੂੰ ਅੱਡ-ਅੱਡ ਕਰ ਸੁੱਟਿਆ ਹੈ। ਪੜ੍ਹਨ-ਲਿਖਣ ਦਾ ਰੁਝਾਨ ਬਹੁਤ ਘੱਟ ਹੈ। ਹਰ ਕੋਈ ‘ਕਵਿਕ ਫਿਕਸ’ ਮਗਰ ਹੀ ਤੁਰਿਆ ਫਿਰਦਾ। ਬਹੁਤ ਥੋੜ੍ਹੇ ਹਨ ਜੋ ਜ਼ਿੰਦਗੀ ਦੀਆਂ ਬਾਰੀਕੀਆਂ ਨਾਲ ਆਪਣੇ ਆਪ ਨੂੰ ਜੋੜ ਕੇ ਵੇਖਦੇ ਹਨ ਵਰਨਾ ਬਹੁਤੇ ਨਿੱਜ- ਪੁਣੇ ਦੀ ਹਉਮੈ ਨੂੰ ਪਾਲ ਰਹੇ ਹਨ। ਸਮਾਜ ਵਿਚ ਆਏ ਨਿਘਾਰਾਂ ਨੂੰ ਹੋਰ ਨੀਵਾਂ ਹੁੰਦਾ ਕਦ ਤਕ ਵੇਖਾਂਗੇ? ਕਦੇ ਲੋਕਾਂ ਵਿਚ ਚੰਗੇ ਕਿਰਦਾਰ ਵਾਲਿਆਂ ਨੂੰ ਗਲੇ ਲਾਇਆ ਜਾਂਦਾ ਸੀ। ਅੱਜ ਚੰਗੇ ਕਿਰਦਾਰ ਵਾਲਿਆਂ ਦੀ ਕੋਈ ਗੱਲ

ਵੀ ਨਹੀਂ ਸੁਣਦਾ, ਗਲੇ ਲਾਉਣਾ ਤਾਂ ਦੂਰ ਦੀ ਗੱਲ ਹੈ !

ਰਾਜਨੀਤੀ ਵਿਚ ਲੀਡਰਾਂ ਦਾ ਚਾਲ-ਚਲਨ, ਉਨ੍ਹਾਂ ਦੇ ਲੋੜਵੰਦ ਲੋਕਾਂ ਪ੍ਰਤੀ ਵਿਵਹਾਰ ਅਤੇ ਅਮਲੀ ਤੌਰ 'ਤੇ ਮਸਲਿਆਂ ਦੇ ਹੱਲ ਲਈ ਉਨ੍ਹਾਂ ਦੀ ਪਹੁੰਚ ਵੱਲ ਵੇਖ ਕੇ ਲੋਕ ਉਨ੍ਹਾਂ ਦਾ ਮਾਣ-ਸਤਿਕਾਰ ਕਰਦੇ ਸਨ। ਅੱਜ ਸਭ ਕੁਝ ਬਦਲ ਗਿਆ। ਅੱਜ ਤਾਂ 'ਚੋਰ ਉਚੱਕਾ ਚੌਧਰੀ ਤੇ ਗੁੰਡੀ ਰੰਨ ਪ੍ਰਧਾਨ' ਤੋਂ ਵੀ ਹਾਲਾਤ ਅੱਗੇ ਲੰਘ ਚੁੱਕੇ ਹਨ।

ਬਸ ਤੁਸੀਂ ਚਲਾਕ, ਚਤੁਰ ਹੋਣੇ ਚਾਹੀਦੇ ਹੋ ਭਾਵੇਂ ਨੀਵੇਂ ਦਰਜੇ ਦੇ ਬੇਗ਼ੈਰਤੀ ਕਿਰਦਾਰ ਵਾਲਾ ਹੋਵੇ, ਚੋਰ-ਉਚੱਕਿਆਂ ਵਾਲਾ ਹੋਵੇ, ਬਦਮਾਸ਼ਾਂ ਬਲਾਤਕਾਰੀਆਂ ਵਾਲਾ ਹੋਵੇ, ਪਰ ਹਾਂ ਪੈਸਾ ਕੋਲ ਹੋਵੇ। ਅੱਜ ਦੇ ਬਹੁਤੇ ਸਿਆਸੀ ਲੀਡਰਾਂ ਦਾ ਇਹੀ ਪਿਛੋਕੜ ਹੈ। ਦਿਨੋ-ਦਿਨ ਰਾਜਨੀਤੀ ਵਿਚ ਨਿਘਾਰ ਆ ਰਿਹਾ ਹੈ। ਕਹਿਣ ਨੂੰ ਤਾਂ ਲੋਕਤੰਤਰ ਬੜਾ ਵਧੀਆ ਸਿਸਟਮ ਹੈ ਪਰ ਜਿਸ ਤਰੀਕੇ ਨਾਲ ਇਸ ਨਾਂ ਦੀ ਵਰਤੋਂ ਕਰਕੇ ਇਹ ਸਿਆਸੀ ਲੋਕ ਇਸ ਦਾ ਲਾਹਾ ਲੈ ਰਹੇ ਹਨ ਉਹ ਕਿਸੇ ਤੋਂ ਛੁਪਿਆ ਨਹੀਂ ਹੈ। ਲੋਕਤੰਤਰ ਢਾਂਚੇ ਨੂੰ ਸਹੀ ਅਰਥਾਂ ਵਿਚ ਅਮਲ ਵਿਚ ਕਿੰਝ ਲਿਆਂਦਾ ਜਾ ਸਕਦਾ, ਸਾਨੂੰ ਸਾਰਿਆਂ ਨੂੰ ਹੀ ਇਸ ਦਾ ਜਵਾਬ ਲੱਭਣਾ ਪਵੇਗਾ।

ਗੰਦੀ ਰਾਜਨੀਤੀ ਨੇ ਪੇਂਡੂ ਭਾਈਚਾਰਕ ਸਾਂਝ ਨੂੰ ਬਹੁਤ ਬੁਰੀ ਤਰ੍ਹਾਂ ਵਲੂੰਧਰ ਕੇ ਰੱਖ ਦਿੱਤਾ ਹੈ। ਪਿੰਡਾਂ ਅੰਦਰ ਤਾਂ ਲੋਕ ਵੱਖ-ਵੱਖ ਵਿਚਾਰਧਾਰਾਵਾਂ ਨਾਲ ਜੁੜੇ ਵੇਖੇ ਜਾਂਦੇ ਸਨ ਪਰ ਅੱਜ ਇੱਕੋ ਘਰ ਇੱਕੋ ਛੱਤ ਹੇਠ ਰਹਿੰਦੇ ਲੋਕ ਵੀ ਆਪਸ ਵਿਚ ਲੜ-ਮਰ ਰਹੇ ਹਨ। ਦਰਅਸਲ ਪੁਰਾਣੇ ਸੰਸਕਾਰ ਅਲੋਪ ਹੋ ਚੁੱਕੇ ਹਨ। ਇਸ ਸਭ ਕੁਝ ਲਈ ਬਹੁਤਾ ਕਸੂਰ **ਤਤਕਾਲੀ ਸਿਆਸਤ** ਦਾ ਹੈ। ਇਸ ਨੂੰ ਕਦੇ ਮਾਫ਼ ਨਹੀਂ ਕੀਤਾ ਜਾ ਸਕਦਾ।

ਪੰਜਾਬੀਆਂ ਦਾ ਕਿਰਦਾਰ ਕਿੱਡਾ ਉੱਚਾ-ਸੁੱਚਾ ਹੁੰਦਾ ਸੀ ਅੱਜ ਭ੍ਰਿਸ਼ਟ ਸਿਆਸਤਦਾਨਾਂ ਨੇ ਇਨ੍ਹਾਂ ਨੂੰ ਲਾਚਾਰ, ਬੇਬਸ ਅਤੇ ਵਿਚਾਰੇ ਬਣਾ ਕੇ ਰੱਖ ਦਿੱਤਾ ਹੈ।

ਕੀ ਮੈਨੂੰ ਇੰਝ ਕਰਨਾ ਚਾਹੀਦਾ ਸੀ? ਕਰਮਾ ਆਪਣੇ ਆਪ ਨੂੰ ਸੁਆਲ ਕਰਦਾ ! ਸਾਰਾ ਆਪਣਾ ਪਰਿਵਾਰ ਅਤੇ ਸਹੁਰਿਆਂ ਦਾ ਪਰਿਵਾਰ, ਦੋਨੋਂ ਪਾਸਿਓਂ ਸਾਰੇ ਭੈਣ-ਭਾਈ ਅਤੇ ਅਗਾਂਹ ਉਨ੍ਹਾਂ ਦੇ ਬੱਚੇ ਅਮਰੀਕਾ ਬੁਲਾ ਲਏ। ਹੁਣ ਜਦ ਕਰਮਾ ਵਾਪਿਸ ਕਰੀਬ ਹਰ ਸਾਲ ਹੀ ਪੰਜਾਬ ਜਾਂ ਪਾਕਿਸਤਾਨ ਗੇੜਾ ਮਾਰਦਾ ਤਾਂ ਕਈ ਵੇਰ ਰੋਟੀ, ਚਾਹ-ਪਾਣੀ ਵੀ ਉਸ ਨੂੰ ਆਪ ਹੀ ਕਰਨਾ ਪੈਂਦਾ। ਕਰਮੇ ਨੇ ਕਰੀਬ ਇਕ ਦਰਜਨ ਘਰਾਂ ਨੂੰ ਤਾਂ ਜਿੰਦੇ ਹੀ ਲਵਾ ਦਿੱਤੇ। ਪਰ ਉਸ ਨੂੰ ਕਦੇ ਵੀ ਕੋਈ ਜਵਾਬ ਨਹੀਂ ਲੱਭਦਾ। ਜੇ ਇੰਜ ਨਾ ਕਰਦਾ ਸਾਰਿਆਂ

ਕਹਿਣਾ ਸੀ, ਕਿੰਨਾ ਸੁਆਰਥੀ ਹੋ ਗਿਆ ! ਕਿੰਨਾ ਨਾ-ਸ਼ੁਕਰਾ ਹੋ ਗਿਆ ! ਕਿੰਨਾ ਬਾਹਰ ਜਾ ਕੇ ਬਦਲ ਗਿਆ ! ਸ਼ਾਇਦ ਇਹੀ ਸੁਆਲ ਹੋਰ ਵੀ ਲੋਕਾਂ ਦੇ ਦਿਮਾਗ਼ ਵਿੱਚ ਆਉਂਦੇ ਹੋਣਗੇ। ਕਰਮਾ ਆਪਣੇ ਆਪ ਨੂੰ ਹੌਂਸਲਾ ਦੇਂਦਾ ਕਿ 'ਚੱਲ ਕੋਈ ਨਹੀਂ ਤੂੰ ਕਿਸੇ 'ਤੇ ਕੋਈ ਅਹਿਸਾਨ ਨਹੀਂ ਕੀਤਾ, ਇਹ ਤਾਂ ਤੇਰਾ ਸਮਾਜਿਕ ਫ਼ਰਜ਼ ਸੀ ਜੋ ਤੂੰ ਨਿਭਾਇਆ। ਇਹੀ ਤਾਂ ਪੰਜਾਬੀਆਂ ਦੀ ਦਿਲ-ਦਰਿਆਈ ਦੀ ਮਿਸਾਲ ਹੁੰਦੀ ਏ। ਤੂੰ ਜੋ ਕੀਤਾ ਆਪਣੇ ਵੱਡਿਆਂ ਦੇ ਦਿੱਤੇ ਸੰਸਕਾਰਾਂ ਉਤੇ ਫੁੱਲ ਹੀ ਚੜ੍ਹਾਏ ਨੇ, ਕੋਈ ਅਵੱਲੀ ਮੱਲ ਨਹੀਂ ਮਾਰੀ।'

ਆਮ ਕਿਹਾ ਜਾਂਦਾ ਹੈ ਕਿ ਬੰਦੇ ਨੂੰ ਅਤੀਤ ਭੁੱਲ ਕੇ ਭਵਿੱਖ ਬਾਰੇ ਹੀ ਸੋਚਣਾ ਚਾਹੀਦਾ ਹੈ। ਕਰਮੇ ਨੂੰ ਇਹ ਗੱਲ ਨਹੀਂ ਸੀ ਭਾਉਂਦੀ। ਉਹ ਤਾਂ ਅਤੀਤ ਨੂੰ ਹਮੇਸ਼ਾਂ ਹੀ ਆਪਣੀ ਹਿੱਕ ਨਾਲ ਲਗਾਈ ਸਮਾਈ ਰੱਖਦਾ। ਜਦੋਂ ਕੋਈ ਮੁਸ਼ਕਲ ਆਉਂਦੀ ਹੱਲ ਕਰਨ ਦਾ ਸਬੱਬ ਲੱਭ ਲੈਂਦਾ ਸੀ, ਉਹ ਬੀਤਿਆ ਕਿਵੇਂ ਵਿਸਾਰ ਦੇਂਦਾ ? ਉਸ ਲਈ ਅਤੀਤ ਦੀਆਂ ਘਟਨਾਵਾਂ ਇਕ ਬੈਂਕ ਬੈਲੇਂਸ ਦੀ ਤਰ੍ਹਾਂ ਸਨ, ਇਕ ਮਿੱਤਰ ਦੀ ਤਰ੍ਹਾਂ ਸਨ। ਜ਼ਿੰਦਗੀ ਵਿਚ ਉਸ ਨੂੰ ਬੜੀਆਂ ਮੁਸੀਬਤਾਂ ਨਾਲ ਲੜਨਾ ਪਿਆ ਪਰ ਇਨ੍ਹਾਂ ਔਖੀਆਂ ਘੜੀਆਂ ਵਿੱਚੋਂ ਉਹ ਬਚ ਕੇ ਨਿਕਲਦਾ ਰਿਹਾ। ਇਹ ਉਸ ਦੇ ਬਚਪਨ ਦੇ ਤਲਖ਼ ਤਜਰਬੇ ਸਨ, ਇਮਤਿਹਾਨ ਸਨ ਜਿਨ੍ਹਾਂ ਨੂੰ ਉਹ ਔਖਾ/ਸੌਖਾ ਪਾਸ ਕਰਦਾ-ਕਰਦਾ ਅੱਜ ਅਜਿਹੀ ਅਵਸਥਾ ਵਿਚ ਪਹੁੰਚ ਚੁੱਕਾ ਸੀ ਕਿ ਉਹ ਖ਼ੁਦ ਅਜੇ ਵੀ ਆਰਾਮ ਵਾਲੀ ਜ਼ਿੰਦਗੀ ਨੂੰ ਆਰਾਮ ਨਾਲ ਜਿਉਣ ਦਾ ਆਦੀ ਨਹੀਂ ਸੀ ਬਣਾ ਸਕਿਆ।

ਵਕਤ ਨਾਲ ਬਹੁਤ ਕੁਝ ਬਦਲ ਜਾਂਦਾ ਹੈ। ਇਥੋਂ ਤਕ ਕਿ ਪੁਰਾਣੀਆਂ ਕਹਾਵਤਾਂ ਦੇ ਅਰਥ ਵੀ ਗ਼ਲਤ ਜਾਪਣ ਲੱਗ ਪੈਂਦੇ ਨੇ।

ਕਿੰਝ ਕਹੀਏ, ਕਵੀ ਆਪਣੀ ਕੌਮ ਦਾ ਬੁਲਾਰਾ ਹੁੰਦਾ ਹੈ?
ਕਿੰਝ ਕਹੀਏ, ਮੀਡੀਆ ਲੋਕਤੰਤਰ ਦਾ ਚੌਥਾ ਥੰਮ੍ਹ ਹੁੰਦਾ ਹੈ?
ਕਿੰਝ ਕਹੀਏ, ਲੋਕਤੰਤਰੀ ਢਾਂਚਾ ਸਭ ਤੋਂ ਵਧੀਆ ਹੈ?
ਕਿੰਝ ਕਹੀਏ, ਭਾਰਤ ਅੰਦਰ ਘੱਟ-ਗਿਣਤੀਆਂ ਪੂਰੀ ਤਰ੍ਹਾਂ ਸੁਰੱਖਿਅਤ ਹਨ?
ਕਿੰਝ ਕਹੀਏ, ਸੱਚੇ ਰਾਹ 'ਤੇ ਚੱਲਣ ਵਾਲਿਆਂ ਦੀ ਲੋਕ ਉਸਤਤ ਕਰਦੇ ਨੇ?
ਕਿੰਝ ਕਹੀਏ, ਜੰਗਲ ਦਾ ਰਾਜਾ ਸ਼ੇਰ ਹੁੰਦਾ ਹੈ?
ਕਿੰਝ ਕਹੀਏ, ਪੈਸੇ ਨਾਲ ਸਭ ਕੁਝ ਨਹੀਂ ਖ਼ਰੀਦਿਆ ਜਾ ਸਕਦਾ?
ਕਿੰਝ ਕਹੀਏ, ਪਿੰਡਾਂ ਵਿਚ ਲੋਕ ਰੱਬ ਵਰਗੇ ਵੱਸਦੇ ਨੇ?
ਕਿੰਝ ਕਹੀਏ, ਅੱਜ ਮੰਡੀ ਵਿਚ ਇਨਸਾਨ ਪਸ਼ੂਆਂ ਦੀ ਤਰ੍ਹਾਂ ਵਿਕ ਰਿਹਾ ਹੈ?

ਕਿੰਝ ਕਹੀਏ, ਅੱਜ ਮਾਵਾਂ ਦੇ ਪੁੱਤ ਕਪੁੱਤ ਹੁੰਦੇ ਜਾ ਰਹੇ ਨੇ?

ਬੰਦੇ ਅੰਦਰ ਅੱਗ ਹੋਵੇ ਉਹ ਤਾਂ ਹੀ ਜਿਉਂਦਾ ਸਮਝਿਆ ਜਾਂਦਾ ਹੈ। ਅੱਗ ਹੈ ਤਾਂ ਜ਼ਿੰਦਗੀ ਹੈ। ਅੱਗ ਹੈ ਤਾਂ ਬੰਦਾ ਪਹਾੜਾਂ ਨਾਲ ਵੀ ਮੱਥਾ ਲਾ ਬੈਠਦਾ ਹੈ। ਬਿਨਾਂ ਅੱਗ ਦੇ ਇਹੀ ਬੰਦਾ ਮੁਰਦਾ ਹੀ ਤਾਂ ਹੈ! ਅੱਗ ਹੈ ਤਾਂ ਹੀ ਸ੍ਰਿਸ਼ਟੀ ਹੈ। ਜੇ ਅੱਗ ਨਹੀਂ ਰਹੇਗੀ ਤਾਂ ਸਭ ਕੁਝ ਰੁਕ ਜਾਵੇਗਾ। ਜਿਸ ਦਿਨ ਬੰਦੇ ਨੂੰ ਅੰਦਰ ਦੀ ਅੱਗ ਸਹੀ ਤਰ੍ਹਾਂ ਵਰਤਣ ਦੀ ਜਾਚ ਆ ਗਈ, ਸਮਝੋ ਉਹ ਅੱਧੀ ਲੜਾਈ ਜ਼ਿੰਦਗੀ ਦੀ ਜਿੱਤ ਗਿਆ।

ਸੁਆਲ ਹੈ ਬੰਦਾ ਆਪਣੇ ਅੰਦਰ ਦੀ ਅੱਗ ਨੂੰ ਕਿਉਂ ਆਵਾਗੌਣ ਹੀ ਗੁਆ ਰਿਹਾ ਏ? ਜਿਸ ਦਿਨ ਖ਼ਾਸ ਕਰਕੇ ਨੌਜਵਾਨਾਂ ਨੂੰ ਆਪਣੇ ਅੰਦਰ ਦੀ ਅੱਗ ਨੂੰ ਸਹੀ ਵਰਤੋਂ ਕਰਨ ਦੀ ਜਾਚ ਆ ਗਈ ਉਸ ਦਿਨ ਸਮਾਜ ਵਿਚ ਚੰਗੇਰਾਪਨ ਆਉਣ ਦੇ ਆਸਾਰ ਬਣ ਜਾਣਗੇ। ਬਸ ਮਨੁੱਖਤਾਵਾਦੀ ਉਸਾਰੂ ਸੋਚ ਨੂੰ ਸਾਣ ਦੀ ਭੱਠੀ ਦੀ ਅਗਨੀ ਪ੍ਰੀਖਿਆ ਦੇਣ ਦੀ ਜ਼ਰੂਰਤ ਹੈ।

ਵਿਗਿਆਨ ਦੇ ਖੇਤਰ ਵਿਚ ਆਈਆਂ ਅਥਾਹ ਨਵੀਆਂ ਤਰੱਕੀਆਂ ਨੇ ਪਿੰਡਾਂ-ਸ਼ਹਿਰਾਂ, ਮੁਲਖਾਂ ਨੂੰ ਇਕ-ਦੂਸਰੇ ਨਾਲ ਲਿਆ ਜੋੜਿਆ ਜਿਵੇਂ ਕਿ ਸਾਰਾ ਕੁਝ ਹੀ ਇੱਕ ਬੰਦੇ ਨੇ ਆਪਣੇ ਵੱਸ ਵਿਚ ਕਰ ਲਿਆ ਹੋਵੇ ! ਦੁਨੀਆਂ ਦੇ ਕਿਸ ਵਕਤ, ਕਿਸ ਹਿੱਸੇ ਵਿਚ ਕੀ ਹੋ ਰਿਹਾ, ਜਿਵੇਂ ਸਭ ਕੁਝ ਤੁਹਾਡੀਆਂ ਨਜ਼ਰਾਂ ਮੂਹਰੇ ਹੋ ਰਿਹਾ ਹੋਵੇ।

ਕਰਮੇ ਨੇ "ਚੀ ਗੁਵੇਰਾ" ਲਿਖਣ ਬਾਅਦ ਥੋੜ੍ਹਾ ਆਰਾਮ ਕਰਨ ਲਈ ਕਲਮ ਨੂੰ ਛੱਡ ਦਿੱਤਾ। ਪਰ ਇਹ ਬਹੁਤਾ ਸਮਾਂ ਨਾ ਚੱਲਿਆ। ਉਸ ਨੂੰ ਮਜਬੂਰਨ ਦੁਬਾਰਾ ਲੋਕਾਂ ਅਤੇ ਪਬਲਿਸ਼ਰ ਦੀ ਮੰਗ 'ਤੇ 'ਜੱਗਾ ਡਾਕੂ' ਕਿਤਾਬ ਵਿਚ ਵਾਧਾ ਕਰਨ ਲਈ ਕਿਹਾ ਗਿਆ। ਕੁਝ ਹੋਰ ਖੋਜ ਕਰਨ ਉਪਰੰਤ 'ਜੱਗਾ ਡਾਕੂ' ਨੂੰ ਦੁਬਾਰਾ ਲੋਕਾਂ ਦੀ ਕਚਹਿਰੀ ਵਿੱਚ ਲਿਆਂਦਾ ਗਿਆ।

--- ਜੱਗੇ ਮਾਰਿਆ ਲਾਇਲਪੁਰ ਡਾਕਾ, ਤਾਰਾਂ ਖੜਕ ਗਈਆਂ ---

ਅਣਖ਼ਾਂ ਵਾਲੇ ਬੁਰੇ ਕਰਮ ਨਹੀਂ ਕਰਦੇ। ਅਣਖ਼ਾਂ ਵਾਲੇ ਨਵੀਆਂ ਪੈੜਾਂ ਕਾਇਮ ਕਰਦੇ ਨੇ। ਅਣਖ਼ਾਂ ਵਾਲੇ ਤਾਂ ਅਣਜਾਣਿਆਂ ਦੇ ਦੁੱਖ-ਦਰਦ ਵੀ ਆਪਣੇ ਸਿਰ ਲੈ ਲੈਂਦੇ ਨੇ ! ਉਹ ਦਿਲਾਂ ਦੇ ਦਿਲਦਾਰ ਹੁੰਦੇ ਨੇ। ਐਸੇ ਲੋਕ ਤਾਂ ਹੀ ਆਮ ਲੋਕਾਂ ਦੀਆਂ ਯਾਦਾਂ ਵਿਚ ਇੱਕ-ਮਿੱਕ ਹੋਏ ਰਹਿੰਦੇ ਨੇ।

ਫਿਰ ਕਰਮੇ ਨੂੰ 'ਜੱਗੇ ਡਾਕੂ' ਦੀ ਯਾਦ ਆਈ ਜੋ ਬਸ ਕੁਝ ਬੋਲੀਆਂ ਅਤੇ ਟੱਪਿਆਂ ਤਕ ਹੀ ਸੁੰਗੜ ਕੇ ਰਹਿ ਗਿਆ ਸੀ। ਕਦੇ ਕਿਸੇ ਨੇ ਜੱਗੇ ਡਾਕੂ ਦੀ ਜ਼ਿੰਦਗੀ ਉੱਪਰ ਕੁਝ ਨਹੀਂ ਸੀ ਲਿਖਿਆ। ਜੱਗੇ ਦੀ ਭਾਲ ਹੋਣ ਲੱਗੀ। ਉਸ

ਦੇ ਅੱਗੇ-ਪਿੱਛੇ ਦੀ ਨਿਸ਼ਾਨਦੇਹੀ ਹੋਣ ਲੱਗੀ। ਲਹਿੰਦੇ ਪੰਜਾਬ ਪਾਕਿਸਤਾਨ ਦੇ ਕਸੂਰ ਜ਼ਿਲ੍ਹੇ ਦੀ ਤਲਾਸ਼ੀ ਲਈ ਗਈ। ਇਸ ਤਲਾਸ਼ੀ ਦੌਰਾਨ ਦੀਪਾਲਪੁਰ, ਚੂਨੀਆਂ, ਸਿੱਧੂਪੁਰ, ਅਤੇ ਅਖ਼ੀਰ ਬੁਰਜ ਰਣ ਸਿੰਘ ਵਾਲਾ ਨੂੰ ਘੇਰਾ ਘੱਤਿਆ ਗਿਆ। ਪਹਿਲੀ ਵੇਰ ਜੱਗਾ ਡਾਕੂ ਲਿਖਣ ਲਈ ਦੋ ਵਾਰ ਅਤੇ ਦੂਸਰੀ ਵਾਰ ਲਿਖਣ ਲਈ ਫਿਰ ਦੋ ਵੱਖ-ਵੱਖ ਗਰੁੱਪਾਂ ਨੂੰ ਕਸੂਰ ਦੇ ਇਲਾਕੇ ਵਿਚ ਭੇਜ ਕੇ ਜਾਣਕਾਰੀ ਹਾਸਲ ਕੀਤੀ ਗਈ। ਜੱਗੇ ਦੇ ਘਰ ਦੀ ਪੈੜ ਨੱਪਦੇ-ਨੱਪਦੇ ਉਸ ਦੇ ਬਚੇ-ਖੁਚੇ ਕੁਨਬੇ ਦੇ ਜੀਆਂ ਨਾਲ ਮੁਲਾਕਾਤਾਂ ਕੀਤੀਆਂ। ਇਸ ਖੋਜ ਦੌਰਾਨ ਕਰਮਾ ਇੰਞ ਮਹਿਸੂਸ ਕਰ ਰਿਹਾ ਸੀ, ਜਿਵੇਂ ਉਹ ਖ਼ੁਦ ਜੱਗੇ ਦੇ ਬਰਾਬਰ ਘੋੜੀ ਭਜਾ ਕੇ ਉਸ ਨਾਲ ਉਨ੍ਹਾਂ ਪਿੰਡਾਂ, ਜੰਗਲਾਂ, ਰਾਹਾਂ-ਟਿੱਬਿਆਂ ਵਿੱਚੋਂ ਦੀ ਲੰਘਦਾ ਹੋਇਆ ਹਰ ਉਸ ਘਟਨਾ ਨੂੰ ਮਹਿਸੂਸ ਕਰ ਰਿਹਾ ਸੀ ਜਿਸ ਵਿੱਚੋਂ ਜੱਗਾ ਅਤੇ ਉਸ ਦੇ ਸਾਥੀ ਲੰਘ ਚੁੱਕੇ ਸਨ। ਏਨਾ ਹੀ ਨਹੀਂ ਕਰਮਾ ਹੌਲੀ-ਹੌਲੀ ਕਦਮ-ਦਰ-ਕਦਮ ਜੱਗੇ ਦੀ ਧੀ ਗਾਬੋ (ਰੇਸ਼ਮ ਕੌਰ) ਦੀਆਂ ਬਰੂਹਾਂ ਉੱਤੇ ਵੀ ਆਣ ਪਹੁੰਚਿਆ ਤੇ ਪਿੰਡ ਸੀ ਵਣਵਾਲਾ- ਅਨੂੰ (ਮੁਕਤਸਰ ਤੋਂ 50 ਕਿਲੋਮੀਟਰ ਮਲੋਟ-ਡੱਬਵਾਲੀ ਸੜਕ ਉੱਪਰ)। ਜੱਗੇ ਦੀ ਧੀ ਉਸ ਦੇ ਪੁੱਤਰ ਅਤੇ ਪੋਤਰਿਆਂ ਨਾਲ ਤਿੰਨ ਵਾਰ ਵੱਖ-ਵੱਖ ਸਮਿਆਂ ’ਤੇ ਮੁਲਾਕਾਤਾਂ ਹੋਈਆਂ। ਕਰਮੇ ਤੇ ਇਨ੍ਹਾਂ ਦੀ ਗੱਲਬਾਤ ਫ਼ੋਨ ਰਾਹੀਂ ਪਹਿਲੀ ਵੇਰ ਬੁਰਜ ਰਣ ਸਿੰਘ ਵਾਲਾ ਪੰਜਾਬ—ਪਾਕਿਸਤਾਨ ਵਾਲਿਆਂ ਨਾਲ ਵੀ ਕਰਵਾਈ।

ਕਰੀਬ ਡੇਢ ਸਾਲ ਬਾਅਦ ‘ਜੱਗਾ ਡਾਕੂ’ ਕਿਤਾਬ ਮੁਕੰਮਲ ਹੋਈ। ਏਸ ਕਿਤਾਬ ਨੇ ਪਹਿਲੀ ਵੇਰ ਕਰਮੇ ਨੂੰ ਸਾਹਿਤਕ ਖੇਤਰ ਵਿਚ ਕੁਝ ਪਛਾਣ ਦਿੱਤੀ। ਅਖ਼ਬਾਰਾਂ ਰਸਾਲਿਆਂ ਵਿਚ ਵੱਖ-ਵੱਖ ਲਿੱਪੀਆਂ ਵਰਤਣ ਵਾਲਿਆਂ ਨੇ ਏਸ ਕਿਤਾਬ ਉੱਪਰ ਆਪਣੇ ਵਿਚਾਰ ਵੀ ਲਿਖੇ। ਕਿਤਾਬ ਨੂੰ ਪੰਜਾਬੀਆਂ ਨੇ ਸਿਰ-ਮੱਥੇ ਕਬੂਲ ਕੀਤਾ। ਇਕ ਸਾਲ ਦੇ ਅੰਦਰ ਹੀ ਦੋ ਐਡੀਸ਼ਨ ਛਪ ਗਏ। ਕੁਝ ਟੀ.ਵੀ.ਐਂਕਰਾਂ ਨੇ ਟੀ.ਵੀ. ਸ਼ੋਅ ਬਣਾ ਕੇ ਜੱਗਾ ਡਾਕੂ ਕਿਤਾਬ ਵਿੱਚੋਂ ਪੂਰੀ ਨਕਲ ਵੀ ਮਾਰੀ ਪਰ ਕਿਸੇ ਦੇ ਮੂੰਹ ਵਿੱਚੋਂ ਕਰਮੇ ਦੀ ਕੀਤੀ ਮਿਹਨਤ ਨੂੰ ਨਹੀਂ ਸੀ ਸਲਾਹਿਆ ਗਿਆ। ਜਿਵੇਂ ਸ਼ੇਰਾਂ ਦਾ ਸ਼ਿਕਾਰ ਗਿੱਦੜਾਂ ਨੇ ਚਸਕੇ ਲਾ ਲਾ ਕੇ ਖਾਧਾ ਹੋਵੇ ! ਜਦ ਜੱਗੇ ਦੀ ਧੀ ਗਾਬੋ ਨੂੰ ਪਹਿਲੀ ਕਿਤਾਬ ਦੇਣ ਵਣਵਾਲਾ-ਅਨੂੰ ਗਿਆ ਤਾਂ ਕਹਿੰਦੀ

‘ਵੇ ਪੁੱਤ, ਮੇਰੇ ਬਾਪੂ ਨੂੰ ‘ਜੱਗਾ ਡਾਕੂ’ ਲਿਖ ਦਿੱਤਾ ਈ ?’

‘ਮਾਤਾ ਜੀ ਆਮ ਲੋਕ ਤੇਰੇ ਬਾਪੂ ਨੂੰ ਇੰਞ ਹੀ ਜਾਣਦੇ ਨੇ। ਮੇਰਾ ਵਾਹਦਾ ਰਿਹਾ ਅਗਲੀ ਵੇਰ ਇੰਞ ਨਹੀਂ ਹੋਵੇਗਾ !’

ਜਦ ਦੁਬਾਰਾ ਕਿਤਾਬ ਲਿਖੀ ਜਿਹੜੀ ਲਾਹੌਰ ਤੋਂ ਸ਼ਾਹਮੁਖੀ ਵਿਚ ਮੁਹੰਮਦ

ਆਸਿਫ ਰਜ਼ਾ ਹੁਰਾਂ ਛਪਵਾਈ ਉਸ ਦਾ ਨਾਮ 'ਜੱਗਾ ਸੂਰਮਾ' ਰੱਖਿਆ ਸੀ।

ਕਿੰਝ ਬਹੁਤ 'ਅਗਾਂਹਵਧੂ' ਚਿੰਤਕ, ਲਿਖਾਰੀ ਹੋਰ ਲੋਕਾਂ ਦੀ ਸਖ਼ਤ ਮਿਹਨਤ ਕਮਾਈ ਉੱਪਰੋਂ ਮਲਾਈ ਖਾਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਕਿਵੇਂ ਧੱਕੇ ਨਾਲ ਕਿਸੇ ਦੀ ਲਿਖਤ ਉੱਪਰ ਆਪਣਾ ਨਾਮ ਛਪਵਾਉਣ ਲਈ ਬਜ਼ਿਦ ਹੋ ਜਾਂਦੇ ਨੇ। ਕਰਮੇ ਨੂੰ ਕੋਈ ਰੋਸ ਨਹੀਂ ਸੀ। ਇਹ ਕੁਝ ਤਾਂ ਆਮ ਹੀ ਹੁੰਦਾ ਰਿਹਾ, ਹੁੰਦਾ ਵੀ ਰਹੇਗਾ!

ਕੁਝ ਪ੍ਰਚੱਲਤ ਰਿਵਾਇਤਾਂ ਲੋਕਾਂ ਵਿਚ ਏਨੀਆਂ ਮਕਬੂਲ ਹੋ ਜਾਂਦੀਆਂ ਹਨ ਕਿ ਸਭ ਕੁਝ ਗ਼ਲਤ ਹੋਣ ਦੇ ਬਾਵਜੂਦ ਵੀ ਕੋਈ ਉਨ੍ਹਾਂ ਦਾ ਸਹੀ ਮੁਲਾਂਕਣ ਕਰਕੇ ਦੁਬਾਰਾ ਲਿਖਣ ਦਾ ਜ਼ੋਖਮ ਹੀ ਨਹੀਂ ਉਠਾਉਂਦਾ। ਉਵੇਂ ਹੀ ਜਿਵੇਂ ਇਤਿਹਾਸਕਾਰਾਂ ਨੇ ਅਕਬਰ ਦੇ ਪੁੱਤਰ ਸਲੀਮ ਅਤੇ ਦੁੱਲੇ ਭੱਟੀ ਨੂੰ ਮਾਈ ਲੱਧੀ, ਦੁੱਲਾ ਭੱਟੀ ਦੀ ਮਾਂ ਦਾ ਦੁੱਧ ਪਿਆ ਕੇ ਜਵਾਨ ਕਰ ਵਿਖਾਇਆ! ਉਵੇਂ ਹੀ ਜਿਵੇਂ ਦੁੱਲੇ ਭੱਟੀ ਦੇ ਬਾਪ-ਦਾਦੇ ਨੂੰ ਅਕਬਰ ਵੱਲੋਂ ਲਾਹੌਰ ਸ਼ਹੀਦ ਕੀਤਾ ਗਿਆ ਸੀ ਜਦ ਕਿ ਉਨ੍ਹਾਂ ਦੀ ਮੌਤ ਸਮੇਂ ਅਕਬਰ ਤਾਂ ਮਹਿਜ਼ ਪੰਜ ਸਾਲਾਂ ਦਾ ਸੀ। ਅਕਬਰ ਦੁੱਲਾ ਭੱਟੀ ਤੋਂ ਉਮਰ ਵਿਚ ਪੰਜ ਸਾਲ ਵੱਡਾ ਸੀ। ਸਲੀਮ (ਜਹਾਂਗੀਰ) ਦੁੱਲਾ ਭੱਟੀ ਤੋਂ 21 ਸਾਲ ਛੋਟਾ ਸੀ।

ਗੱਲ ਕਰਾਂਗੇ ਐਸੀਆਂ ਦੋ ਸਖ਼ਸ਼ੀਅਤਾਂ ਦੀ ਜਿਨ੍ਹਾਂ ਦਾ ਬਹੁਤ ਕੁਝ ਕੁਦਰਤੀ ਆਪਸ ਵਿਚ ਰਲਦਾ-ਮਿਲਦਾ ਵੀ ਸੀ।

ਦੋਹਾਂ ਦਾ ਨਾਮ ਜਗਤ ਸਿੰਘ। ਬਾਅਦ ਵਿਚ ਜਗਤ ਸਿੰਘ ਜੱਗਾ ਦੇ ਨਾਮ ਨਾਲ ਜੱਗ ਵਿਚ ਮਸ਼ਹੂਰ ਹੋਏ।

ਦੋਨੋਂ ਕਰੀਬ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪੈਦਾ ਹੋਏ।

ਦੋਨਾਂ ਦਾ ਕੱਦ-ਕਾਠ ਭਾਵ ਮੜੰਘਾ ਇਕ-ਦੂਸਰੇ ਦਾ ਰਲਦਾ-ਮਿਲਦਾ ਸੀ।

ਦੋਹਾਂ ਨੂੰ ਲੋਕ ਡਾਕੂਆਂ ਵਜੋਂ ਹੀ ਯਾਦ ਕਰਦੇ ਸਨ।

ਦੋਵੇਂ ਹੀ ਇੱਕੋ ਇਲਾਕੇ ਵਿਚ ਜੰਮੇ-ਪਲੇ ਜਵਾਨ ਹੋਏ ਸਨ।

ਕਿਉਂ ਅੱਜ ਤੱਕ ਵੀ ਲੋਕ ਇਨ੍ਹਾਂ ਦੋ ਕਿਰਦਾਰਾਂ ਨੂੰ ਅੱਡੋ-ਅੱਡ ਕਰਕੇ ਜਾਨਣ ਤੋਂ ਅਸਮਰੱਥ ਰਹੇ? ਇਹ ਕਸੂਰ ਸਾਡੇ ਬੁੱਧੀਜੀਵੀ ਲੇਖਕਾਂ ਸਿਰ ਜਾਂਦਾ ਹੈ।

ਕਰਮੇ ਨੇ ਤੱਥਾਂ ਦੇ ਆਧਾਰ 'ਤੇ ਪੂਰੀ ਛਾਣਬੀਣ ਕਰਨ ਦੀ ਕੋਸ਼ਿਸ਼ ਕੀਤੀ। ਕੁਝ ਅਜਿਹੇ ਵੇਰਵੇ, ਕੁਝ ਅਜਿਹੇ ਜਿਉਂਦੇ-ਜਾਗਦੇ ਸਬੂਤ ਜਿਸ ਦੇ ਆਧਾਰ 'ਤੇ ਜੱਗਾ ਡਾਕੂ ਦੇ ਦੂਸਰੇ ਐਡੀਸ਼ਨ ਵਿਚ ਨਵੀਂ ਜਾਣਕਾਰੀ ਨੂੰ ਦਰਜ ਕੀਤਾ ਗਿਆ।

ਕਈ ਦਹਾਕਿਆਂ ਤੋਂ ਚਲੇ ਆ ਰਹੇ ਭੁਲੇਖੇ ਦੂਰ ਕਰਨੇ ਬੜੇ ਜ਼ਰੂਰੀ ਹੋ ਜਾਂਦੇ ਹਨ। ਜੇਕਰ ਇੰਝ ਨਹੀਂ ਹੁੰਦਾ ਤਾਂ ਪਗਡੰਡੀ ਤੋਂ ਹੌਲੀ-ਹੌਲੀ ਪੱਕਾ ਰਾਹ

ਬਣ ਜਾਂਦਾ ਹੈ ਤੇ ਫਿਰ ਲੋਕਾਂ ਦੇ ਚੇਤਿਆਂ ’ਚ ਗ਼ਲਤ ਬਣੀ ਧਾਰਨਾ ਵੀ ਸੱਚ ਜਾਪਣ ਲੱਗ ਜਾਂਦੀ ਹੈ।

ਪਹਿਲਾਂ ਗੱਲ ਹੋਵੇਗੀ ਜੱਗਾ ‘ਡਾਕੂ’ ਦੀ ਜੋ ਕਰਮੇ ਦੀਆਂ ਨਜ਼ਰਾਂ ਵਿਚ ਜੱਗਾ ‘ਸੂਰਮਾ’ ਸੀ। ਕਿਉਂਕਿ ਇਸ ਉੱਪਰ ਕਰਮਾ ਪਹਿਲਾਂ ਹੀ ਪੂਰੀ ਕਿਤਾਬ ਲਿਖ ਚੁੱਕਾ ਸੀ, ਸੋ ਹੁਣ ਕੁਝ ਹੀ ਸ਼ਬਦ ਲਿਖੇ ਜਾਣਗੇ।

ਜਗਤ ਸਿੰਘ ਸਿੱਧੂ ਉਰਫ ਜੱਗਾ ਡਾਕੂ ਪੁੱਤਰ ਮੱਖਣ ਸਿੰਘ ਸਿੱਧੂ, ਪਿੰਡ ਬੁਰਜ ਰਣਸਿੰਘ ਵਾਲਾ ਇਕ ਜੱਟ ਸਿੱਖ ਪਰਿਵਾਰ ਵਿੱਚੋਂ ਸੀ ਇਸ ਦੀ ਪੁਸ਼ਟੀ ਇਨ੍ਹਾਂ ਦੇ ਖਾਨਦਾਨ ਦੇ ਪਿੰਡ ਬੁਰਜ ਰਣਸਿੰਘ ਵਾਲਾ ਵਿੱਚ ਰਹਿ ਰਹੇ ਪਰਿਵਾਰਿਕ ਮੈਂਬਰ ਅੱਜ ਵੀ ਕਰਦੇ ਹਨ ਚਾਹੇ ਉਹ ਮਜਬੂਰੀ ਵੱਸ ਮੁਸਲਮਾਨ ਹੋ ਚੁੱਕੇ ਹਨ।

ਪਾਕਿਸਤਾਨੀ ਪੰਜਾਬ ਦੇ ਵੱਡੇ-ਵੱਡੇ ਸ਼ਹਿਰਾਂ ਵਿਚ ਇਕ ਰਵਾਇਤ ਪ੍ਰਚੱਲਿਤ ਹੈ ਤੇ ਉਹ ਹੈ 'ਜੱਗਾ ਟੈਕਸ'। ਇਸ ਉੱਤੇ ਥੋੜ੍ਹੀ ਖੋਜ ਕਰਨ ਉਪਰੰਤ ਪਤਾ ਲੱਗਾ ਕਿ ਕੁਝ ਮਾਫੀਆ ਕਿਸਮ ਦੇ ਗੈਂਗ ਸ਼ਹਿਰੀ ਖੇਤਰਾਂ ਵਿਚ ਦੁਕਾਨਦਾਰਾਂ ਤੋਂ ਮਹੀਨਾ ਵਸੂਲ ਕਰਦੇ ਤੇ ਇਨ੍ਹਾਂ ਨੇ ਪੂਰੇ ਦੇ ਪੂਰੇ ਵੱਡੇ ਸ਼ਹਿਰਾਂ ਨੂੰ ਕਈ-ਕਈ ਹਿੱਸਿਆਂ ਵਿਚ ਵੰਡਿਆ ਹੁੰਦਾ ਹੈ। ਵੱਖ-ਵੱਖ ਗੈਂਗ ਆਪਣੇ-ਆਪਣੇ ਖੇਤਰਾਂ ’ਚ ‘ਮਹੀਨਾ’ ਇਕੱਠਾ ਕਰਦੇ ਹਨ ਤੇ ਇਸੇ ਦਾ ਹੀ ਦੂਸਰਾ ਨਾਮ ਹੈ ‘ਜੱਗਾ ਟੈਕਸ’। ਅਸਲ ਵਿਚ ਇਹ ਲੋਕ ਜੱਗੇ ਦੇ ਨਾਮ ਨੂੰ ਰੂਪਾਂਤਕ ਰੂਪ ਵਜੋਂ ਵਰਤਦੇ ਹਨ ਤੇ ਦਰਅਸਲ ਆਪਣੀਆਂ ਦੁਕਾਨਾਂ ਚਲਾਉਂਦੇ ਹਨ। ਲੇਕਿਨ ਐਸਾ ਤਾਂ ਕੁਝ ਵੀ ਨਹੀਂ ਸੀ ਜੱਗੇ ਦੇ ਕਿਰਦਾਰ ਵਿਚ ਜਿਸ ਨੂੰ ਇਨ੍ਹਾਂ ਬੇਸਮਝਾਂ ਨੇ ਸਖ਼ਤ ਮਿਹਨਤ-ਮਜ਼ਦੂਰੀ ਕਰਨ ਵਾਲੇ ਆਮ ਲੋਕਾਂ ਦੀ ਲੁੱਟ ਕਰਨ ਨਾਲ ਲਿਆ ਜੋੜਿਆ।

ਇਹ ਜੱਗਾ ਸਮੇਂ ਦੇ ਹਾਲਾਤ ਦਾ ਸਤਾਇਆ ਅਖ਼ੀਰ ਨਾਬਰੀ ਦੇ ਰਾਹੇ ਤੁਰਿਆ ਸੀ। ਜੰਮਦਾ ਕੋਈ ਵੀ ਟਕਰਾਅ ਦੀ ਸੋਚ ਲੈ ਕੇ ਨਹੀਂ ਆਉਂਦਾ। ਮਜਬੂਰੀਆਂ ਹੀ ਹੁੰਦੀਆਂ ਹਨ ਜੋ ਬੰਦੇ ਨੂੰ ਆਮ ਸਮਾਜਿਕ ਜੀਵਨ-ਧਾਰਾ ਤੋਂ ਨਿਖੇੜ ਦੇਂਦੀਆਂ ਨੇ। ਜੱਗਾ ‘ਡਾਕੂ’ ਸਥਾਨਿਕ ਵਿਰੋਧ ਵਿੱਚੋਂ ਉਠਿਆ ਸੂਰਬੀਰ ਸੀ। ਜੇਕਰ ਡਾਕੇ ਮਾਰੇ ਤਾਂ ਪ੍ਰਚਲਤ ਸੂਦਖੋਰੀ ਉੱਪਰ ਸੱਟ ਮਾਰੀ। ਲੋਕਾਂ ਦਾ ਲੁੱਟਿਆ ਧਨ-ਮਾਲ ਉਨ੍ਹਾਂ ਦੇ ਹੀ ਸਪੁਰਦ ਕੀਤਾ। ਗਰੀਬ ਦਾ ਸਹਾਰਾ ਬਣਿਆ। ਉਸ ਸਮੇਂ ਚਲ ਰਹੇ ਬੱਬਰ ਲਹਿਰ ਦੇ ਸੰਘਰਸ਼ ਵਿਚ ਅੰਗਰੇਜ਼ਾਂ ਦੇ ਉਲਟ ਉਨਾਂ ਮਰਜੀਵੜਿਆਂ ਦੀ ਹਮਾਇਤ ਵੀ ਕੀਤੀ। ਜੱਗਾ ਅੱਜ ਵੀ ਲੋਕ-ਗੀਤਾਂ ਦਾ ਸ਼ਿੰਗਾਰ ਹੈ।

ਦੂਸਰੇ ਜੱਗੇ ਦੀ ਗੱਲ ਕਰਦੇ ਹਾਂ। ਏਸ ਜੱਗੇ ਨੂੰ ਕਦੇ ਕਰਮੇ ਨੇ ਖੁਦ ‘ਚੋਲ਼ਾ ਸਾਹਿਬ ਦੇ ਮੇਲੇ’ ਡੇਰਾ ਬਾਬਾ ਨਾਨਕ ਗਾਉਂਦਿਆਂ ਵੇਖਿਆ ਸੀ। ਇਸ ਵੱਲੋਂ ਗਾਇਆ ‘ਜੁਗਨੀ’ ਅਤੇ ‘ਮਿਰਜ਼ਾ’ ਬਾਕਮਾਲ ਸੀ।

ਏਸ ਜਗਤ ਸਿੰਘ ਦਾ ਜਨਮ ਪਹਿਲੀ ਸੰਸਾਰ ਜੰਗ ਤੋਂ 4-5 ਸਾਲ ਪਹਿਲਾਂ ਪਿੰਡ ਦਾਭਾਂਵਾਲੀ, ਜ਼ਿਲ੍ਹਾ ਲਾਇਲਪੁਰ ਇਕ ਮਜ਼੍ਹਬੀ ਸਿੱਖ ਪਰਿਵਾਰ ਵਿੱਚ ਹੋਇਆ। ਪਿੰਡ ਦੇ ਸ਼ਰੀਕਾਂ ਨਾਲ ਪੁਰਾਣੀ ਖ਼ਾਨਦਾਨੀ ਦੁਸ਼ਮਣੀ ਚਲੀ ਆਉਂਦੀ ਸੀ। ਵੱਡੇ ਭਰਾ ਸ਼ਿਵ ਸਿੰਘ ਨੂੰ ਪੁਲੀਸ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ। ਛੋਟੇ ਭਰਾ ਭਗਤ ਸਿੰਘ ਨੂੰ ਦੋ ਕਤਲਾਂ ਵਿਚ ਫਾਂਸੀ ਹੋ ਗਈ। ਜਗਤ ਸਿੰਘ ਜਵਾਨ ਹੋ ਕੇ ਆਪਣੇ ਨਾਨਕੇ ਪਿੰਡ ਆਇਆ। ਉਹੀ ਲੜਾਈ-ਝਗੜਾ। ਜੱਗੇ ਕੋਲੋਂ ਕਤਲ ਹੋ ਗਏ ਤੇ ਫਿਰ ਫਰਾਰ ਹੋ ਗਿਆ। ਬਾਅਦ ਵਿੱਚ ਡਾਕਿਆਂ ਦਾ ਦੌਰ ਸ਼ੁਰੂ ਹੋ ਗਿਆ ਪਰ ਕੋਈ ਜ਼ਿਆਦਾ ਨਹੀਂ। ਦੋ ਵੇਰ ਏਸ ਨੂੰ ਗੋਲੀ ਦਾ ਆਰਡਰ ਵੀ ਹੋਇਆ ਪਰ ਇਹ ਬਚਦਾ ਰਿਹਾ। ਸੰਤਾਲੀ ਦੀ ਵੰਡ ਵੇਲੇ ਇਹ ਕੁਝ ਚਿਰ ਅੰਮ੍ਰਿਤਸਰ ਕਾਲਜ ਕੈਂਪ ਵਿਚ ਰਿਹਾ। ਕੁਝ ਚਿਰ ਬਾਅਦ ਚੰਨਣ ਸਿੰਘ ਨਾਲ ਰਲ ਕੇ ਦੋਨਾਂ ਨੇ ਗੁਰੂ-ਕੇ-ਜੰਡਿਆਲੇ ਸਰਾਫ਼ਾਂ ਦੇ ਘਰੇ 30 ਜਨਵਰੀ 1948 ਨੂੰ ਡਾਕਾ ਮਾਰਿਆ। ਇਸ ਤੋਂ ਬਾਅਦ ਇਨ੍ਹਾਂ ਨੇ ਜਲੰਧਰ ਮੀਟ ਝਟਕਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਪਰ ਏਥੋਂ ਇਹ ਪੁਲਿਸ ਦੇ ਹੱਥ ਲੱਗ ਗਏ। ਕੇਸ ਚੱਲਿਆ ਤੇ ਉਮਰ ਕੈਦ ਦੀ ਸਜ਼ਾ ਹੋ ਗਈ ਜੋ ਇਨ੍ਹਾਂ ਫਿਰੋਜ਼ਪੁਰ ਦੀ ਸੈਂਟਰਲ ਜੇਲ੍ਹ ਵਿਚ ਕੱਟਣੀ ਸ਼ੁਰੂ ਕੀਤੀ।

ਸਰਦਾਰ ਹਰਦਿਆਲ ਸਿੰਘ ਹੁੰਦਲ, ਪਿੰਡ ਬੱਬੇਹਾਲੀ, ਜ਼ਿਲ੍ਹਾ ਗੁਰਦਾਸਪੁਰ ਵੀ ਉਨ੍ਹੀਂ ਦਿਨੀਂ ਫਿਰੋਜ਼ਪੁਰ ਜੇਲ੍ਹ ਵਿਚ ਸਨ। ਅਗਾਂਹਵਧੂ ਤੇ ਦੇਸ਼-ਭਗਤੀ ਦੀ ਸੋਚ ਦੇ ਧਾਰਨੀ ਹੋਣ ਕਰਕੇ ਇਨ੍ਹਾਂ ਨੇ ਜੇਲ੍ਹ ਅੰਦਰ ਆਪ ਹੀ ਡਰਾਮਿਆਂ ਦੀ ਸਕਰਿਪਟ ਲਿਖਣੀ ਤੇ ਜੇਲ੍ਹ ਅੰਦਰ ਪ੍ਰਚਾਰ ਵੀ ਕਰਨਾ। ਇਕ ਵੇਰ ਪ੍ਰਤਾਪ ਸਿੰਘ ਕੈਰੋਂ ਜੇਲ੍ਹ ਅੰਦਰ ਆਇਆ ਤਾਂ ਇਨ੍ਹਾਂ ਦੀਆਂ ਲਿਖੀਆਂ ਇਹ ਸਤਰਾਂ-

ਜਾਗਦੇ ਰਹਿਣਾ ਭਈ ਜਾਗਦੇ ਰਹਿਣਾ
ਇਹ ਲੀਡਰ ਭੁੱਖੇ ਚੌਧਰ ਦੇ
ਦੁਨੀਆ ਮਰਵਾਉਣਾ ਚਾਹੁੰਦੇ ਨੇ
ਜੱਗੇ ਨੇ ਛੱਡੇ ਕੰਮ ਜਿਹੜੇ
ਹੁਣ ਇਹ ਅਪਣਾਉਣਾ ਚਾਹੁੰਦੇ ਨੇ
ਭਾਈ ਜਾਗਦੇ ਰਹਿਣਾ ਭਈ ਜਾਗਦੇ ਰਹਿਣਾ।

ਜਗਤ ਸਿੰਘ ਉਰਫ਼ ਜਗਤ ਸਿੰਘ ਜੱਗੇ ਨੇ ਗਾਈਆਂ। ਜੱਗੇ ਨੇ ਜੇਲ੍ਹ ਅੰਦਰ ਗੁਣਗੁਣਾਉਂਦੇ ਰਹਿਣਾ ਤੇ ਇਕ ਵੇਰ ਜੇਲ੍ਹ ਦਾ ਨਵਾਂ ਸੁਪਰਡੈਂਟ ਮਦਨ ਮੋਹਨ ਮਹਿਤਾ ਜਦ ਜੇਲ੍ਹ ਦਾ ਚੱਕਰ ਲਾ ਰਿਹਾ ਸੀ ਤਾਂ ਉਸ ਦੇ ਕੰਨੀਂ ਜੱਗੇ ਦੇ ਬੋਲ ਪਏ। ਜੱਗੇ ਦੀ ਆਵਾਜ਼ ਦਾ ਦਰਦ ਉਸ ਨੂੰ ਚੰਗਾ ਲੱਗਾ। ਮਦਨ

ਮੋਹਨ ਹੁਰਾਂ ਜੱਗੇ ਨੂੰ ਗਾਉਣ ਵਾਲੇ ਪਾਸੇ ਵੱਲ ਪ੍ਰੇਰਿਆ ਤੇ ਕਦੇ-ਕਦੇ ਜੇਲ੍ਹ ਤੋਂ ਬਾਹਰ ਵੀ ਜੱਗੇ ਦਾ ਪ੍ਰੋਗਰਾਮ ਕਰਵਾ ਦਿੰਦਾ।

ਆਖਰ ਇਕ ਅਜਿਹਾ ਸਬੱਬ ਬਣਿਆ ਜਦੋਂ ਜੇਲ੍ਹ ਅੰਦਰ ਜੱਗੇ ਦੀ ਮਿਲਣੀ ਪ੍ਰਿਥਵੀ ਰਾਜ ਕਪੂਰ ਨਾਲ ਹੋਈ। ਕਿੱਡੇ ਇਤਫ਼ਾਕ ਦੀ ਗੱਲ ਹੈ ਕਿ ਏਸੇ ਪ੍ਰਿਥਵੀ ਰਾਜ ਕਪੂਰ ਦੀ ਮੁਲਾਕਾਤ ਸੰਨ 1927 ਵਿਚ ਲਾਇਲਪੁਰ ਵਿਖੇ ਦੂਸਰੇ ਜੱਗੇ ਨਾਲ ਵੀ ਹੋਈ ਸੀ। ਇਹ ਉਹ ਸਮਾਂ ਸੀ ਜਦੋਂ ਭੀਮ ਸੈਨ ਸੱਚਰ ਪੰਜਾਬ ਦੇ ਮੁੱਖ ਮੰਤਰੀ ਸਨ (ਦੂਸਰੀ ਵਾਰ ਮੁੱਖ ਮੰਤਰੀ ਬਣਨ ਸਮੇਂ 17 ਅਪ੍ਰੈਲ, 1952-ਜਨਵਰੀ 23, 1956) ਪਹਿਲੀ ਵਾਰ 13 ਅਪ੍ਰੈਲ, 1949-ਅਕਤੂਬਰ 18, 1949 ਸੀ। ਜੇਲ੍ਹ ਦੀ ਚੰਗੀ ਰਿਪੋਰਟ ਦੇ ਆਧਾਰ ’ਤੇ ਜਗਤ ਸਿੰਘ ਜੱਗੇ ਨੂੰ ਜੇਲ੍ਹ ਵਿੱਚੋਂ ਰਿਹਾਈ ਏਸ ਸ਼ਰਤ ’ਤੇ ਮਿਲੀ ਕਿ ਬਾਕੀ ਜ਼ਿੰਦਗੀ ਵਿਚ ਕੋਈ ਪੁੱਠਾ ਕਾਰਾ ਨਹੀਂ ਕਰੇਗਾ ਤੇ ਚੰਗਾ ਗਾਉਂਦਾ ਰਹੇਗਾ! ਏਸ ਸ਼ਰਤ ਨੂੰ ਜੱਗੇ ਨੇ ਆਖਰੀ ਦਮ ਤਕ ਨਿਭਾ ਦਿੱਤਾ। ਗਾਉਣ ਵਾਲੇ ਏਸ ਜੱਗੇ ਦੀ ਮੌਤ 1 ਨਵੰਬਰ 1998 ਵਿਚ ਕੈਨੇਡਾ ਦੇ ਸ਼ਹਿਰ ਟਰਾਂਟੋ ਵਿਖੇ ਹੋਈ। ਗੁਜਰਾਤ ਦੇ ਇਕ ਮਸ਼ਹੂਰ ਮਰਹੂਮ ਲੇਖਕ ਹਰਕਿਸ਼ਨ ਮਹਿਤਾ ਹੁਰਾਂ ਇਕ ਨਾਵਲ ਗੁਜਰਾਤੀ ਭਾਸ਼ਾ ਵਿਚ ਇਸ ਜਗਤ ਸਿੰਘ ਜੱਗੇ ਉੱਤੇ ਲਿਖਿਆ ਜੋ ਤਿੰਨ ਭਾਗਾਂ ਵਿਚ ਹੈ ਅਤੇ ਕੁੱਲ 1283 ਸਫ਼ੇ ਹਨ ਜਿਸ ਦਾ ਨਾਂ ਹੈ ‘Jagga Dakuna’-Verna Valamana ਅਤੇ ਇਨਾਮ ਹਾਸਲ ਕਰ ਚੁੱਕਾ ਹੈ। ਲੱਗਦਾ ਇੰਝ ਹੈ ਕਿਧਰੇ ਮਹਿਤੇ ਹੁਰੀਂ ਅਸਲੀ ਜੱਗੇ ਤੋਂ ਵੀ ਪ੍ਰਭਾਵਿਤ ਹੋਏ ਹੋਣਗੇ।

ਕਲਾਕਾਰ ਜਗਤ ਸਿੰਘ ਜੱਗਾ ਜਿਹੜਾ ਪੰਜਾਬ ਅੰਦਰ ਬਹੁਤ ਵਧੀਆ ਨਾਮ ਕਮਾ ਚੁੱਕਾ ਸੀ। ਕੱਦ ਦਰਮਿਆਨਾ, ਭਾਰੀ ਜੁੱਸਾ, ਕੁੰਢੀਆਂ ਮੁੱਛਾਂ ਅਤੇ ਹੱਥ ਵਿਚ ਹਰ ਵੇਲੇ ਖੂੰਡਾ, ਦੇਸੀ ਪੰਜਾਬੀ ਚਾਦਰਾ-ਕੁੜਤਾ। ਇਕ ਵਾਰ ਟਰਾਂਟੋ ਵਿਖੇ ਉਸ ਨੂੰ ਇਕ ਪ੍ਰੋਗਰਾਮ ਵਿਚ ਬੁਲਾਇਆ ਗਿਆ। ਜਦ ਸਟੇਜ ਸਕੱਤਰ ਨੇ ਜੱਗੇ ਦੀ ਜ਼ਿੰਦਗੀ ਬਾਰੇ ਸਰੋਤਿਆਂ ਨਾਲ ਜਾਣਕਾਰੀ ਸਾਂਝੀ ਕੀਤੀ ਤਾਂ ਮੂਹਰੇ ਬੈਠੇ ਸਰੋਤਿਆਂ ’ਚ ਇਕ ਬਹੁਤ ਬਿਰਧ ਮਾਤਾ ਕੋਲੋਂ ਰਿਹਾ ਨਾ ਗਿਆ।

‘ਵੇ ਪੁੱਤ, ਤੂੰ ਫਿਰ ਉਹੀ ਜੱਗਾ ਹੋਇਆ ਜਿਸ ਨੇ ਗੁਰੂ-ਕੇ-ਜੰਡਿਆਲੇ ਸਾਡੇ ਘਰ ਡਾਕਾ ਮਾਰਿਆ ਸੀ ?’

‘ਹਾਂ ਮਾਤਾ, ਮੈਂ ਹੀ ਹਾਂ ਉਹ ਭੁਲੱਕੜ ਤੇ ਚੰਗੀ ਸਜ਼ਾ ਵੀ ਕੱਟਣੀ ਪਈ।’

ਸਟੇਜ ਤੋਂ ਹੇਠਾਂ ਉਤਰ ਕੇ ਜੱਗੇ ਨੇ ਮਾਤਾ ਦੇ ਪੈਰੀਂ ਹੱਥ ਲਾ ਕੇ ਮੁਆਫ਼ੀ ਵੀ ਮੰਗੀ ਸੀ।

## (12)

**ਬਾਰ ਬਾਰ ਏਨੀ ਪਰਖ ਨਾ ਕਰ, ਕਦੇ ਇਤਿਹਾਸ ਦੇ ਵਰਕੇ ਵੀ ਪੜ੍ਹ ਵੇਖ!**
**ਮੇਰੇ ਚੱਪੇ-ਚੱਪੇ 'ਤੇ ਘੋੜਿਆਂ ਦੇ ਪੌੜ, ਕਦੇ ਉਨ੍ਹਾਂ ਕਦਮਾਂ ਦੀ ਮਿੱਟੀ ਫੜ ਵੇਖ!**

ਕਈਆਂ ਸਾਲਾਂ ਦਾ ਅਮਰੀਕਾ ਵਿਚ ਰੈਣ-ਬਸੇਰਾ ਬੜਾ ਕੁਝ ਇਥੋਂ ਦੀ ਰਾਜਨੀਤੀ ਵਿਚ ਹੁੰਦਾ ਵੇਖਿਆ। ਰਾਜਨੀਤੀ ਦੀ ਖੇਡ ਵਿਚ ਜਿੰਨਾ ਪੈਸਾ ਏਥੇ ਵਹਾਇਆ ਜਾਂਦਾ ਹੈ ਸ਼ਾਇਦ ਕਿਧਰੇ ਹੋਰ ਕੋਈ ਏਨਾ ਖ਼ਰਚ ਕਰਦਾ ਹੋਵੇ। ਖੈਰ, ਹੁਣ ਤਾਂ ਭਾਰਤ ਵਰਗੇ ਦੇਸ਼ ਵੀ ਕਿਸੇ ਤੋਂ ਪਿੱਛੇ ਨਹੀਂ। ਚਾਹੇ ਇਨ੍ਹਾਂ ਮੁਲਕਾਂ ਉੱਪਰ ਲੋਕਤੰਤਰ ਢਾਂਚੇ ਦੀ ਮੋਹਰ ਲੱਗੀ ਹੋਈ ਏ ਪਰ ਯਕੀਨਨ ਇਸ 'ਲੋਕਤੰਤਰ' ਅੰਦਰ ਕੋਈ ਸਾਧਾਰਨ ਵਿਅਕਤੀ ਚੋਣ ਲੜਨ ਦਾ ਹੀਆ ਹੀ ਨਹੀਂ ਕਰ ਸਕਦਾ। ਪੈਸੇ ਦੀ ਪ੍ਰਧਾਨਗੀ, ਪੈਸੇ ਦੀ ਸਰਦਾਰੀ, ਅਮਰੀਕੀ ਫੌਜਾਂ ਵੱਲੋਂ ਇਰਾਕ 'ਤੇ ਹਮਲਾ, ਉਸ ਤੋਂ ਬਾਅਦ ਲੀਬੀਆਂ 'ਤੇ ਹਮਲਾ। ਅੰਨ੍ਹੀ ਕਤਲੋਗਾਰਤ ਅਤੇ ਦੋਨਾਂ ਮੁਲਕਾਂ ਦੇ ਸਦਰਾਂ ਨੂੰ ਮੌਤ ਦੇ ਘਾਟ ਉਤਾਰਿਆ ਜਾਣਾ। ਲੰਬੇ ਸਮੇਂ ਤੋਂ ਫ਼ਿਲਸਤੀਨੀਆਂ ਦਾ ਇਜ਼ਰਾਈਲ ਨਾਲ ਲੜਾਈ-ਝਗੜਾ ਪਰ ਅਮਰੀਕਾ ਦੀਆਂ ਗੁੱਝੀਆਂ ਚਾਲਾਂ ਨੇ ਇਨ੍ਹਾਂ ਦਰਮਿਆਨ ਹੁੰਦੇ-ਹੁੰਦੇ ਸ਼ਾਂਤੀ-ਵਾਰਤਾਲਾਪਾਂ ਨੂੰ ਫ਼ੇਲ੍ਹ ਕਰਵਾ ਕੇ ਫਿਰ ਇਕ-ਦੂਸਰੇ ਦੇ ਮੂਹਰੇ ਲਿਆ ਖੜ੍ਹਾ ਕਰਨਾ। ਫਿਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਦਾ ਚੇਅਰਮੈਨ ਯਾਸਰ ਅਰਾਫਾਤ ਜੋ ਸਾਰੀ ਜ਼ਿੰਦਗੀ ਫਿਲਸਤੀਨੀਆਂ ਦੀ ਆਜ਼ਾਦੀ ਲਈ ਲੜਦਾ ਰਿਹਾ ਉਸ ਨੂੰ ਅਮਰੀਕਾ ਦੀ ਖ਼ੁਫ਼ੀਆ ਏਜੰਸੀ ਨੇ ਪੈਰਿਸ ਵਿਚ ਬੜੇ ਸਾਜ਼ਸ਼ੀ ਢੰਗ ਨਾਲ ਮਰਵਾਉਣਾ। ਅਮਰੀਕਾ ਦਾ ਆਪਣੀਆਂ ਵਸਤਾਂ ਵੇਚਣ ਲਈ ਚਾਹੇ ਹਥਿਆਰ, ਜੰਗੀ ਸਾਜ਼ੋ- ਸਾਮਾਨ, ਗੱਡੀਆਂ, ਮੋਟਰਾਂ-ਕਾਰਾਂ, ਟਰੱਕ, ਬੱਸਾਂ ਇਹ ਮੁੱਖ ਏਜੰਡਾ। ਆਪਣੇ ਸ਼ਹਿਰੀਆਂ ਉੱਪਰ ਭਾਰੀ ਟੈਕਸਾਂ ਦਾ ਬੋਝ, ਪਰ ਵਾਰੇ ਜਾਈਏ ਏਥੋਂ ਦੇ ਲੋਕ ਜ਼ਰਾ ਵੀ ਟੱਸ ਤੋਂ ਮੱਸ ਨਹੀਂ ਹੁੰਦੇ !

ਸਮਾਜਿਕ ਬਣਤਰ, ਕੰਮਾਂ-ਕਾਰਾਂ ਦਾ ਢਾਂਚਾ, ਸਖ਼ਤੀ ਨਾਲ ਮਜ਼ਦੂਰਾਂ-ਕਾਮਿਆਂ ਉੱਪਰ ਸਮੇਂ ਦੀ ਪਾਬੰਦੀ ਦਾ ਪੂਰੀ ਤਰ੍ਹਾਂ ਜਾਬਤਾ ਕਾਇਮ ਰੱਖਣਾ। ਅਮਰੀਕਾ ਵਰਗੇ ਮੁਲਕ ਅੰਦਰ ਤਾਂ ਕਿਧਰੇ ਚਾਰ ਆਦਮੀ ਇਕੱਠੇ ਕਰਕੇ ਕਿਸੇ ਗ਼ਲਤ ਕਾਇਦੇ-ਕਾਨੂੰਨ ਦਾ ਵਿਰੋਧ ਕਰਨਾ ਵੀ ਮੁਸ਼ਕਲ ਬਣ ਚੁਕਾ ਹੈ। ਆਮ

ਲੋਕਾਂ ਦੀ ਜ਼ਿੰਦਗੀ ਦੀ ਤਰਜ਼ ਬਸ ਰੀਮੋਟ ਨਾਲ ਹੀ ਚੱਲਣ ਜੋਗੀ ਬਣਾ ਦਿੱਤੀ ਗਈ ਹੈ।

ਅਮਰੀਕਾ ਵੱਲੋਂ ਕੋਰੀਆ, ਵੀਅਤਨਾਮ, ਯੂਰਪ ਅਤੇ ਮਿਡਲ ਈਸਟਰਨ, ਮੁਲਕਾਂ ਅੰਦਰ ਮਨੁੱਖੀ ਕਤਲੋ-ਗਾਰਤ ਨੇ ਕਰਮੇ ਅੰਦਰ ਕੁਝ ਨਵਾਂ ਲਿਖਣ ਦਾ ਜੋਸ਼ ਭਰ ਦਿੱਤਾ। ਕੁਝ ਅਜਿਹਾ ਲਿਖਣ ਦਾ ਜੋ ਅਮਰੀਕੀ ਸਾਮਰਾਜੀ ਢੰਗ ਤੋਂ ਵੱਖਰਾ ਤੇ ਚੰਗੇ ਬਦਲ ਵਾਲਾ ਹੋਵੇ। ਕਰਮੇ ਨੂੰ ਆਪਣਾ ਵੱਡਾ ਭਰਾ ਪ੍ਰੋ. ਨਿੰਮਾ ਯਾਦ ਆਇਆ ਜਦ ਉਸ ਨੇ ਐਮ.ਏ. ਇਕਨਾਮਿਕਸ ਕਲਾਸ ਦੇ ਕੁੜੀਆਂ-ਮੁੰਡਿਆਂ ਨੂੰ ਇਕ ਵੇਰ ਸੁਆਲ ਕੀਤਾ ਸੀ ਕਿ 'ਭਲਾ ਚੀ-ਗੁਵੇਰਾ ਕੌਣ ਸੀ ?' ਸੁਣ ਕੇ ਕਲਾਸ ਵਿਚ ਸੰਨਾਟਾ ਛਾ ਗਿਆ ਸੀ। ਫਿਰ ਪ੍ਰੋ. ਨਿੰਮੇ ਨੇ ਪੂਰਾ ਇਕਨਾਮਿਕਸ ਦਾ ਪੀਰੀਅਡ ਹੀ ਚੀ-ਗੁਵੇਰਾ ਉੱਪਰ ਲਾ ਦਿੱਤਾ ਸੀ। ਇਸ ਤਰ੍ਹਾਂ ਦੇ ਬਾਗ਼ੀ ਇਨਕਲਾਬੀ ਪਹਿਲਾਂ ਹੀ ਕਰਮੇ ਦੇ ਧੁਰ ਦਿਮਾਗ਼ ਅੰਦਰ ਕਿਤੇ ਨਾ ਕਿਤੇ ਆਪਣਾ ਵਾਸਾ ਕਰੀ ਸੁੱਤੇ ਪਏ ਸਨ। ਬਸ ਥੋੜ੍ਹੀ ਜਾਗ ਹੀ ਚਾਹੀਦੀ ਸੀ। ਅਮਰੀਕੀ ਸਾਮਰਾਜ ਦੇ ਖ਼ੂੰਖ਼ਾਰ ਵਰਤਾਰੇ ਨੇ ਕਰਮੇ ਨੂੰ ਨਵਾਂ ਮਿਸ਼ਨ ਦੇ ਦਿੱਤਾ ਅਤੇ ਉਸ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਸਭ ਤੋਂ ਪਹਿਲਾਂ ਕਰਮੇ ਨੇ ਅੰਗਰੇਜ਼ੀ, ਸਪੈਨਿਸ਼, ਫਰੈਂਚ ਵਿਚ ਬਣੀਆਂ ਚੀ-ਗੁਵੇਰਾ ਉੱਪਰ ਬਹੁਤ ਸਾਰੀਆਂ ਫ਼ਿਲਮਾਂ ਵੇਖੀਆਂ। ਨਾਲ ਹੀ ਮਸ਼ਹੂਰ ਚੀ-ਗੁਵੇਰਾ ਉੱਪਰ ਬਣੀਆਂ ਗੀਤਾਂ ਦੀਆਂ ਐਲਬਮਾਂ ਖ਼ਰੀਦ ਕੇ ਸੁਣੀਆਂ ਅਤੇ ਫਿਰ ਪਤਾ ਹੀ ਨਹੀਂ ਕਿੰਨੀਆਂ ਲਾਇਬ੍ਰੇਰੀਆਂ ਵਿੱਚੋਂ ਜੋ ਵੀ ਚੀ-ਉੱਪਰ ਕਿਤਾਬਾਂ ਉਪਲਬਧ ਸਨ, ਉਹ ਪੜ੍ਹੀਆਂ। ਕਰਮੇ ਨੂੰ ਮਜਬੂਰਨ ਕੁਝ ਸਪੈਨਿਸ਼ ਵੀ ਸਿੱਖਣੀ ਪਈ। ਕਿਤਾਬਾਂ ਜੋ ਵੱਖ-ਵੱਖ ਮੁਲਖਾਂ ਦੇ ਲੇਖਕਾਂ ਨੇ ਲਿਖੀਆਂ ਸਨ ਜਿਵੇਂ ਕਿਸੇ ਨੇ ਸਾਮਰਾਜੀ ਢਾਂਚੇ ਵਿਚ ਰਹਿੰਦਿਆਂ ਜਾਂ ਕਿਸੇ ਨੇ ਸਮਾਜਵਾਦੀ ਮੁਲਕ ਵਿਚ ਰਹਿੰਦਿਆਂ। ਜਾਂ ਕਿਸੇ ਥਰਡ-ਵਰਲਡ ਮੁਲਕਾਂ ਵਿੱਚ ਲਿਖੀਆਂ ਗਈਆਂ ਸਨ। ਚੀ ਉੱਪਰ ਕਲਮ ਚੁੱਕਣ ਤੋਂ ਪਹਿਲਾਂ ਕਰਮੇ ਨੇ ਕਰੀਬ 18 ਮਹੀਨੇ ਖੋਜ ਪੱਤਰ, ਕਿਤਾਬਾਂ, ਰਸਾਲਿਆਂ ਪੁਰਾਣੀਆਂ ਅਖ਼ਬਾਰਾਂ, ਏਸ ਕਿਰਦਾਰ ਨਾਲ ਜੁੜੀਆਂ ਪੁਰਾਣੀਆਂ ਰੀਕਾਰਡ ਜਾਣਕਾਰੀਆਂ ਜੋ ਵੱਖ-ਵੱਖ ਹਸਤੀਆਂ ਨਾਲ ਸੰਬੰਧਿਤ ਸਨ ਜਿਵੇਂ ਕਿ ਫੀਡਲ-ਕਾਸਟਰੋ, ਰਾਹੁਲ-ਕਾਸਟਰੋ ਅਤੇ ਬਹੁਤ ਸਾਰੇ ਅਮਰੀਕਨ ਇਤਿਹਾਸਕਾਰ ਅਤੇ ਟੀ.ਵੀ. ਅਖ਼ਬਾਰਾਂ ਨਾਲ ਜੁੜੇ ਲੋਕ।

ਪ੍ਰੋਫ਼ੈਸਰ ਨਿੰਮਾ ਪੋਲੈਂਡ, ਇੰਗਲੈਂਡ, ਫਰਾਂਸ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ ਇਕਨਾਮਿਕਸ ਦੇ ਵੱਖ-ਵੱਖ ਵਿਸ਼ਿਆਂ ਉੱਪਰ 6-6 ਮਹੀਨੇ ਦੇ ਸੈਮੀਨਾਰਾਂ 'ਤੇ ਜਾ ਚੁੱਕਾ ਸੀ। ਪੈਰਿਸ (ਫਰਾਂਸ) ਵਿਖੇ ਜਿਸ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ

ਨਿੰਮੇ ਦੀ ਰਿਹਾਇਸ਼ ਸੀ ਉਥੇ ਹੋਰ ਵੀ ਅੰਤਰਰਾਸ਼ਟਰੀ ਲੋਕ ਸਨ। ਉਨ੍ਹਾਂ ਵਿਚ ਇਕ ਮੈਕਸੀਕੋ ਯੂਨੀਵਰਸਿਟੀ ਦੀ ਪ੍ਰੋਫ਼ੈਸਰ ਡੀ. ਗੈਬਰੀਅਲ ਉਰਟੇਗਾ ਪੀਅਰਸ ਵੀ ਸੀ। ਇਹ ਚੰਗੇ ਦੋਸਤ ਬਣ ਗਏ ਸਨ।

ਕਿਸੇ ਤਰ੍ਹਾਂ ਫੇਸ ਬੁੱਕ ਦੀ ਕਰਾਮਾਤ ਨਾਲ ਕਰਮੇ ਨੇ ਡਾਕਟਰ ਗੈਬਰੀਅਲ ਨੂੰ ਲੱਭ ਲਿਆ। ਲਗਾਤਾਰ 8-9 ਮਹੀਨੇ ਦੀ ਮਿਹਨਤ ਮਗਰੋਂ ਕਰਮੇ ਨੇ ਡਾ. ਗੈਬਰੀਅਲ ਨਾਲ ਮੈਕਸੀਕੋ, ਅਰਜਨਟੀਨਾ ਅਤੇ ਬੋਲੀਵੀਆ ਸਭ ਉਹ ਥਾਵਾਂ ਜੋ ਚੀ-ਗੁਵੇਰਾ ਨਾਲ ਸੰਬੰਧਤ ਸਨ ਉਨ੍ਹਾਂ ਨੂੰ ਵੇਖਣ ਅਤੇ ਹੋਰ ਖੋਜ ਕਰਨ ਲਈ ਪੂਰਾ ਪਲਾਨ ਤਿਆਰ ਕਰ ਲਿਆ। ਕਰਮਾ ਪਹਿਲਾਂ ਮੈਕਸੀਕੋ ਗਿਆ ਜਿਥੇ ਉਸ ਨੇ ਡਾ. ਗੈਬਰੀਅਲ ਨਾਲ ਵੱਖ-ਵੱਖ ਇਤਿਹਾਸਕ ਥਾਵਾਂ ਵੇਖੀਆਂ ਜਿਵੇਂ ਕਿ ਮੈਕਸੀਕੋ ਸਿਟੀ ਦਾ ਇਤਿਹਾਸਕ ਮਿਊਜ਼ੀਅਮ (ਲੀਉਨ ਟਰਾਂਟਸਕੀ), ਈਮੀਲੀਆਨੋ ਸਪਾਤਾਂ ਦਾ ਕਸਬਾ ਕੁਆਲਟਾ ਅਤੇ ਟੁਕਸਪਾਨ ਸ਼ਹਿਰ ਜੋ ਮੈਕਸੀਕੋ ਦੀ ਰਾਜਧਾਨੀ ਤੋਂ 285 ਕਿਲੋਮੀਟਰ ਦੂਰ ਸਮੁੰਦਰ ਕਿਨਾਰੇ ਜਿਥੋਂ ਚੀ ਗੁਵੇਰਾ, ਫੀਡਲ ਕਾਸਟਰੋ, ਰਾਉਲ ਕਾਸਟਰੋ ਅਤੇ 80 ਹੋਰ ਸਾਥੀ ਇਕ ਕਿਸ਼ਤੀ ਰਾਹੀਂ 25 ਨਵੰਬਰ 1956 ਨੂੰ ਸਮੁੰਦਰ ਵਿਚ ਠਿੱਲ੍ਹ ਕੇ 2 ਦਸੰਬਰ, 1956 ਨੂੰ ਸੀਆਰਾ ਮੈਸਟਰਾ ਦੀਆਂ ਪਹਾੜੀਆਂ ਤਕ ਪੁੱਜੇ ਸਨ। ਮੈਕਸੀਕੋ ਸ਼ਹਿਰ ਉਹ ਥਾਂ ਵੀ ਵੇਖਣ ਗਏ ਜਿਥੇ ਪਹਿਲੀ ਵੇਰ ਚੀ ਗੁਵੇਰਾ ਦੀ ਫੀਡਲ ਕਾਸਟਰੋ ਨਾਲ ਮੁਲਾਕਾਤ ਹੋਈ ਸੀ। ਇਕ ਮਸ਼ਹੂਰ ਮੈਕਸੀਕਨ ਇਨਕਲਾਬੀ ਕਲਾਕਾਰ ਚਿੱਤਰਕਾਰ ਫਰੀਦਾ ਕਾਹਲੋਂ ਦੀ ਆਰਟ ਗੈਲਰੀ ਆਪਣੇ ਆਪ ਵਿਚ ਇਕ ਸਮੁੰਦਰ ਸਮੋਈ ਬੈਠੀ ਸੀ। ਦੁਨੀਆਂ ਦੇ ਵੱਡੇ-ਵੱਡੇ ਇਨਕਲਾਬੀਆਂ ਦੇ ਚਿੱਤਰ ਪ੍ਰਤੱਖ ਕੰਧਾਂ ਉੱਪਰ ਆਪਣੀਆਂ ਦਾਸਤਾਨਾਂ ਬਿਆਨ ਕਰ ਰਹੇ ਸਨ।

ਮੈਕਸੀਕੋ ਵਿਚ ਦਸ ਦਿਨ ਠਹਿਰਨ ਤੋਂ ਬਾਅਦ ਦੋਨੋਂ ਅਰਜਨਟੀਨਾ ਚਲੇ ਗਏ। ਕੁਝ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਅਰਜਨਟੀਨਾ ਦੀ ਰਾਜਧਾਨੀ ਬਿਉਨਸ ਆਇਰਸ ਵਿਚ ਅਜੇ ਵੀ ਚੀ-ਗੁਵੇਰਾ ਦੀਆਂ ਯਾਦਾਂ ਆਪਣੇ ਅੰਦਰ ਸਮੋਈ ਬੈਠੇ ਸਨ। ਉਨ੍ਹਾਂ ਨਾਲ ਲੰਬੀਆਂ ਮੁਲਾਕਾਤਾਂ ਹੋਈਆਂ। ਇਨ੍ਹਾਂ ਵਿੱਚੋਂ ਇਕ ਡਾਕਟਰ ਹੈਕਟਰ ਮਾਰਟੀ ਤਾਂ ਆਪਣੀ ਇਨਕਲਾਬੀ ਵਿਚਾਰਧਾਰਾ ਕਰਕੇ ਕਈ ਸਾਲ ਜੇਲ੍ਹ ਵੀ ਕੱਟ ਚੁੱਕਾ ਸੀ। ਹੈਕਟਰ ਮਾਰਟੀ ਕੁੱਲ ਸਤਾਰ੍ਹਾਂ ਭੈਣ-ਭਰਾ ਸਨ। ਆਪ ਨੇ ਕਈ ਸਾਲ ਅਰਜਨਟੀਨਾ ਦੀ ਰਾਜਧਾਨੀ ਬਿਉਨਸ ਆਇਰਸ਼ ਯੂਨੀਵਰਸਿਟੀ ਵਿਚ ਇਤਿਹਾਸ, ਮਨੋਵਿਗਿਆਨ ਅਤੇ ਮਨੁੱਖੀ ਅਧਿਕਾਰ ਖੇਤਰ ਵਿਚ ਪੜ੍ਹਾਇਆ। ਪਹਿਲੀ ਮੁਲਾਕਾਤ ਤੋਂ ਇਕ ਸਾਲ ਬਾਅਦ ਹੈਕਟਰ ਮਾਰਟੀ ਦੀ ਮੌਤ ਹੋ ਗਈ ਸੀ। ਚੀ ਦੀ ਜਨਮ-ਭੂਮੀ ਰੋਜ਼ੇਰਿਓ, ਅੱਲਟਾ ਗਰੇਸ਼ੀਆ

ਅਤੇ ਕਾਰਡੋਬਾ ਜਾ ਕੇ ਉਨ੍ਹਾਂ ਲੋਕਾਂ ਨਾਲ ਮੁਲਾਕਾਤਾਂ ਕੀਤੀਆਂ ਜੋ ਬੜੀ ਅਣਥੱਕ ਮਿਹਨਤ ਕਰਕੇ ਚੀ-ਗੁਵੇਰਾ ਦੀ ਵਿਚਾਰਧਾਰਾ ਅਤੇ ਉਸ ਦੀਆਂ ਯਾਦਾਂ ਨੂੰ ਜਿਉਂਦਿਆਂ ਰੱਖ ਰਹੇ ਸਨ ਜਿਵੇਂ ਕਿ ਰਾਉਲ ਉਮੀਲੀਓ ਆਕੋਸਟਾ ਜੋ ਇਕ ਜਰਨਲਿਸਟ ਅਤੇ ਰੇਡੀਓ ਹੋਸਟ ਸੀ, ਨੌਰਬਰੋਟ ਚਾਂਪਾ ਗੇਲੀਆਡੀ, ਪ੍ਰੋਫ਼ੈਸਰ ਹਾਉਜੇ ਹੀਆਵੰਦਨੀ ਲੀਓਨੀਦਸ।

ਜਿਉਂ-ਜਿਉਂ ਕਰਮਾ ਚੀ-ਗੁਵੇਰਾ ਦੀਆਂ ਪੈੜਾਂ ਨੱਪਦਾ-ਨੱਪਦਾ ਕਈ ਹਜ਼ਾਰ ਕਿਲੋਮੀਟਰ ਗਾਹ ਚੁੱਕਾ ਸੀ ਤਾਂ ਉਸ ਨੇ ਇੰਝ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ ਜਿਵੇਂ ਕਿਧਰੇ ਚੀ ਦੀ ਰੂਹ ਹੀ ਕਰਮੇ ਅੰਦਰ ਪ੍ਰਵੇਸ਼ ਕਰ ਗਈ ਹੋਵੇ!

ਅੱਲਟਾ ਗਰੇਸ਼ੀਆ ਜਿੱਥੇ ਚੀ ਦਾ ਬਚਪਨ ਗੁਜ਼ਰਿਆ ਅਤੇ ਉਹ ਸਕੂਲ ਜਿਥੋਂ ਉਸ ਨੇ ਮੁੱਢਲੀ ਪੜ੍ਹਾਈ ਹਾਸਲ ਕੀਤੀ। ਉਹ ਮੋਟਰ ਸਾਈਕਲ ਜਿਸ ਰਾਹੀਂ ਚੀ ਨੇ ਹਜ਼ਾਰਾਂ ਮੀਲਾਂ ਦਾ ਸਫ਼ਰ ਕੀਤਾ। ਜਿਥੋਂ ਉਸ ਦੀ ਸੋਚ ਨੇ ਪਲਟਾ ਖਾਧਾ। ਕਾਰਡੋਬਾ ਜਿਥੇ ਚੀ ਨੇ ਕਾਲਜ ਦੀ ਪੜ੍ਹਾਈ ਪੂਰੀ ਕੀਤੀ। ਬਸ ਰਾਹੀਂ ਸਫ਼ਰ ਕਰਦਿਆਂ ਕਰਮਾ ਇੰਝ ਮਹਿਸੂਸ ਕਰ ਰਿਹਾ ਸੀ ਜਿਵੇਂ ਉਹ ਕਿਧਰੇ ਪੰਜਾਬ ਅੰਦਰ ਘੁੰਮ ਰਿਹਾ ਹੋਵੇ। ਇਕਸਾਰ ਪੱਧਰੀ ਜ਼ਮੀਨ। ਮਾਲ-ਡੰਗਰਾਂ ਦਾ ਖੁੱਲ੍ਹੇ ਮੈਦਾਨਾਂ ਵਿਚ ਚਰਨਾ ਜਿਵੇਂ ਕਰਮਾ ਛੋਟੇ ਹੁੰਦਿਆਂ ਆਪਣੇ ਪਸ਼ੂ ਬੇਲੇ 'ਚ ਚਾਰਿਆ ਕਰਦਾ ਸੀ। ਖੇਤਾਂ ਵਿਚ ਪਾਣੀ ਦੀਆਂ ਆਡਾਂ ਵਿਚ ਪਾਣੀ ਦੀ ਚਾਲ ਉਵੇਂ ਹੀ ਜਿਵੇਂ ਖੂਹ ਵਾਲੀ ਬੰਬੀ ਦਾ ਪਾਣੀ ਉੱਚੇ ਥੇਹ ਵਾਲੀ ਨਿਆਈਂ ਨੂੰ ਠਾਰਨ ਲਈ ਕਾਹਲਾ ਪਿਆ ਹੋਵੇ! ਕਰਮੇ ਨੂੰ ਅਰਜਨਟੀਨਾ ਦੀ ਧਰਤੀ ਆਪਣੀ ਧਰਤੀ ਵਰਗੀ ਲੱਗਦੀ ਤੇ ਉਵੇਂ ਹੀ ਚੀ ਗੁਵੇਰਾ ਜਿਵੇਂ ਭਗਤ ਸਿੰਘ ਨੇ ਨਾਲ-ਨਾਲ ਦਿੱਲੀ ਅਸੈਂਬਲੀ ਹਾਲ ਅੰਦਰ ਸੁੱਤੇ ਪਏ ਲੋਕਾਂ ਨੂੰ ਜਗਾਉਣ ਜਾ ਰਿਹਾ ਹੋਵੇ।

ਇਹ ਈਮੀਲੀਆਨੋ ਸ਼ਪਾਤਾ ਦੇ ਗੁਰੀਲਾ ਸੰਘਰਸ਼ ਦੀ ਬਦੌਲਤ ਹੀ ਸੀ ਕਿ 1917 ਵਿਚ ਮੈਕਸੀਕੋ ਦੇ ਸੰਵਿਧਾਨ ਅੰਦਰ ਜ਼ਮੀਨੀ ਸੁਧਾਰਾਂ ਨੂੰ ਖ਼ਾਸ ਥਾਂ ਦਿੱਤੀ ਗਈ ਸੀ। ਧੋਖੇ ਨਾਲ 10 ਅਪਰੈਲ 1919 ਨੂੰ ਮੈਕਸੀਕੋ ਦੇ ਪ੍ਰੈਜ਼ੀਡੈਂਟ ਕਰਾਨਜ਼ਾ ਦੇ ਏਜੰਟਾਂ ਨੇ ਈਮੀਲੀਆਨੋ ਸ਼ਪਾਤਾ ਦਾ ਕਤਲ ਕਰ ਦਿੱਤਾ।

ਕਰਮੇ ਨੇ ਖ਼ੁਦ ਜਾ ਕੇ ਸ਼ਪਾਤਾ ਦੀ ਯਾਦ ਵਿਚ ਉਸ ਦੇ ਘਰੇ ਬਣੇ ਅਜਾਇਬ ਘਰ ਨੂੰ ਸਿਜਦਾ ਕੀਤਾ ਅਤੇ ਹੋਰ ਉਥੋਂ ਦੇ ਲੋਕਾਂ ਤੋਂ ਨਵੀਆਂ ਜਾਣਕਾਰੀਆਂ ਹਾਸਲ ਕੀਤੀਆਂ ਸਨ।

9 ਮਾਰਚ, 1916 ਨੂੰ ਪਾਚੋਂ ਵੀਯਾ ਨੇ ਕੋਲੰਬਸ (ਨੀਓ ਮੈਕਸੀਕੋ) ਉੱਪਰ ਇਕ ਜ਼ਬਰਦਸਤ ਹਮਲਾ ਕਰ ਦਿੱਤਾ। ਅਮਰੀਕੀ ਪ੍ਰਧਾਨ ਵੂਡਰੋ ਵਿਲਸਨ ਨੇ ਜਨਰਲ ਜੋਨ ਪਰਸਿੰਗ ਦੀ ਕਮਾਂਡ ਹੇਠ 10 ਹਜ਼ਾਰ ਫੌਜੀਆਂ ਦੇ ਟੋਲੇ ਨਾਲ

ਪਾਚੋਂ ਵੀਯਾ ਨੂੰ ਫੜਨ ਲਈ ਭੇਜਿਆ ਪਰ ਸਭ ਵਿਅਰਥ ਰਿਹਾ। ਸੰਨ 1920 ਵਿਚ ਪਾਚੋਂ ਵੀਯਾ ਆਪਣੀ ਇਨਕਲਾਬੀ ਜ਼ਿੰਦਗੀ ਤੋਂ ਥੋੜ੍ਹਾ ਫਾਰਗ ਹੋ ਗਿਆ।

20 ਜੁਲਾਈ, 1923 ਨੂੰ ਇਕ ਸਾਜ਼ਿਸ਼ ਅਧੀਨ, ਜਿਸ ਦੀ ਅਗਵਾਈ ਪ੍ਰਧਾਨ ਉਬਰੇਹੋ ਕਰ ਰਿਹਾ ਸੀ, ਪਾਚੋਂ ਵੀਯਾ ਨੂੰ ਪਾਰਲ ਦੇ ਸਥਾਨ ’ਤੇ ਮਾਰ ਦਿੱਤਾ ਗਿਆ ਸੀ।

ਰੋਜ਼ੇਰਿਓ ਅਤੇ ਬਿਊਨਸ ਆਇਰਸ ਵਿਚ ਕਰਮੇ ਨੇ ਬੜੀ ਕੋਸ਼ਿਸ਼ ਕੀਤੀ ਕਿਧਰੇ ਉਹ ਥਾਂ ਲੱਭ ਸਕਦਾ ਜਿਥੇ ਕਦੇ ਗ਼ਦਰ ਲਹਿਰ ਨਾਲ ਜੁੜੇ ਪੰਜਾਬੀਆਂ ਦੇ ਰੈਣ-ਬਸੇਰੇ ਹੁੰਦੇ ਸਨ ਪਰ ਇਹ ਸੰਭਵ ਨਾ ਹੋ ਸਕਿਆ। ਕਰਮਾ ਇੱਕੋ ਤੀਰ ਨਾਲ ਕਈ ਨਿਸ਼ਾਨੇ ਲਾਉਣੇ ਚਾਹੁੰਦਾ ਸੀ ਪਰ ਸਭ ਕੁਝ ਬੰਦੇ ਦੇ ਵੱਸ ਨਹੀਂ ਹੁੰਦਾ। ਵਾਪਿਸ ਮੈਕਸੀਕੋ ਆ ਕੇ ਕੁਝ ਹੋਰ ਇਤਿਹਾਸਕ ਦਸਤਾਵੇਜ਼ਾਂ ਦੀ ਖੋਜ ਕਰਨ ਉਪਰੰਤ ਉਹ ਅਮਰੀਕਾ ਆ ਗਿਆ। ਜਿਥੇ ਉਸ ਨੇ ਚੀ ਗੁਵੇਰਾ ਉੱਪਰ ਬੜੀ ਮਿਹਨਤ ਨਾਲ ਹੋਰ ਮੁੱਲਵਾਨ ਜਾਣਕਾਰੀ ਹਾਸਲ ਕੀਤੀ ਉਥੇ ਦੱਖਣੀ ਅਮਰੀਕਾ ਦੇ ਮੁਲਖਾਂ ਦੇ ਲੋਕਾਂ ਦੀ ਜੀਵਨ-ਸ਼ੈਲੀ ਨੂੰ ਵੀ ਨੇੜਿਓਂ ਹੋ ਕੇ ਵੇਖਿਆ। ਏਸ ਕਿਤਾਬ ਨੂੰ ਪੰਜਾਬੀਆਂ ਨੇ ਬਹੁਤ ਪੜ੍ਹਿਆ ਅਤੇ ਸਲਾਹਿਆ ਵੀ। ਬਾਰ-ਬਾਰ ਇਹ ਪੁੱਛਿਆ ਜਾਂਦਾ ਕਿ ਚੀ ਗੁਵੇਰਾ ਨੂੰ ਲਿਖਣ ਦਾ ਵਿਚਾਰ ਕਿਵੇਂ ਬਣਿਆ ਤਾਂ ਜਵਾਬ ਹੁੰਦਾ ਪ੍ਰੋਫੈਸਰ ਨਿੰਮੇ ਦੇ ਸੁਆਲ ਅਤੇ ਏਸ ਕਿਰਦਾਰ 'ਚ ਸ਼ਹੀਦ ਭਗਤ ਸਿੰਘ ਦਾ ਚਿਹਰਾ-ਮੁਹਰਾ ਝਲਕਦਾ ਹੋਣਾ।

ਦਿੱਲੀ ਦੀਆਂ ਬਰੂਹਾਂ ’ਤੇ 2020 ਵਿੱਚ ਲੱਗੇ ਕਿਸਾਨ ਮੋਰਚੇ ਦੌਰਾਨ ਕਿਸਾਨਾਂ ਵੱਲੋਂ ਚੀ ਗੁਵੇਰਾ ਨੂੰ ਰੱਜ ਕੇ ਪੜ੍ਹਿਆ ਗਿਆ ਸੀ।

ਚੀ ਗੁਵੇਰਾ ਦੀ ਖੋਜ ਕਰਦਿਆਂ ਭਲਾ ਈਮੀਲੀਆਨੋ ਸ਼ਪਾਤਾ ਕਿਵੇਂ ਕਰਮੇ ਦੀਆਂ ਨਜ਼ਰਾਂ ਤੋਂ ਉਹਲੇ ਰਹਿ ਸਕਦਾ ਸੀ ? ਮੈਕਸੀਕੋ ਦੀ ਰਾਜਧਾਨੀ ਤੋਂ ਦੱਖਣੀ ਪਾਸੇ 75 ਕਿਲੋਮੀਟਰ ਦੀ ਦੂਰੀ ’ਤੇ 8 ਅਗਸਤ, 1879 ਨੂੰ ਪਿੰਡ ਐਨਨੀਕੀਓਕੋ (ਮੋਰੇਲਸ) ਦੇ ਇਕ ਕਿਰਸਾਨੀ ਵਾਲੇ ਘਰ ਵਿਚ ਜਨਮੇ ਈਮੀਲੀਆਨੋ ਸ਼ਪਾਤਾ ਨੇ ਬਹੁਤ ਛੋਟੀ ਉਮਰੇ ਹੀ ਆਮ ਗਰੀਬ ਕਿਸਾਨਾਂ ਦੀ ਭਲਾਈ ਲਈ ਲੜਨਾ ਸ਼ੁਰੂ ਕਰ ਦਿੱਤਾ। ਵੱਡੇ-ਵੱਡੇ ਜਾਗੀਰਦਾਰਾਂ ਨਾਲ ਮੱਥਾ ਲਾਇਆ। ਸ਼ਪਾਤਾ 1909 ਈ: ਵਿਚ ਆਪਣੇ ਚੰਗੇ ਸੁਭਾਅ ਅਤੇ ਅਮਲਾਂ ਕਰਕੇ ਪਿੰਡ ਦਾ ਮੁਖੀਆ (ਸਰਪੰਚ) ਚੁਣਿਆ ਗਿਆ। ਆਪਣੇ ਕੁਝ ਕੁ ਗੁਰੀਲੇ ਸਾਥੀਆਂ ਨਾਲ ਫਰਾਂਸਿਸਕੋ ਮੰਡੇਰਾ ਨੂੰ ਪੋਰਫੀਰੀਓ ਡਿਆਜ਼ ਵਿਰੁੱਧ ਮਦਦ ਕਰਕੇ ਜਿਤਾਉਣਾ। ਪਰ ਜ਼ਮੀਨੀ ਸੁਧਾਰਾਂ ਵਿਚ ਬਹੁਤਾ ਫ਼ਰਕ ਨਾ ਪਿਆ ਤਾਂ ਅਮੀਰਾਂ ਅਤੇ ਵੱਡੀਆਂ ਜਗੀਰਾਂ ਵਾਲਿਆਂ ਤੋਂ ਉਨ੍ਹਾਂ ਦੀਆਂ ਜ਼ਮੀਨਾਂ ਖੋਹ ਕੇ ਸਥਾਨਕ ਇੰਡੀਅਨਜ਼ ਵਿਚਕਾਰ

ਤਕਸੀਮ ਕਰ ਦਿੱਤੀਆਂ ਸਨ। ਵੱਖ-ਵੱਖ ਦੌਰਾਂ ਵਿੱਚੋਂ ਲੰਘਦਿਆਂ ਸ਼ਪਾਤਾਂ ਨੇ ਆਪਣੇ ਸਾਥੀਆਂ ਨਾਲ 'ਜ਼ਮੀਨ ਅਤੇ ਆਜ਼ਾਦੀ' ਦੇ ਨਾਅਰੇ ਹੇਠਾਂ ਆਪਣੇ ਗਰੀਬ ਲੋਕਾਂ ਦੀ ਅਗਵਾਈ ਕੀਤੀ।

ਕਮਾਲ ਤਾਂ ਉਦੋਂ ਹੁੰਦੀ ਹੈ ਜਦ ਦੋ ਬਹਾਦਰ ਸੂਰਮਿਆਂ ਦੀ ਆਪਸ ਵਿਚ ਮੁਲਾਕਾਤ ਦਸੰਬਰ 1914 ਨੂੰ ਮੈਕਸੀਕੋ ਸ਼ਹਿਰ ਵਿਚ ਹੁੰਦੀ ਹੈ। ਪਾਚੋਂ ਵੀਯਾ ਉੱਤਰੀ ਮੈਕਸੀਕੋ ਅਤੇ ਈਮੀਲੀਆਨੋ ਸ਼ਪਾਤਾ ਦੱਖਣੀ ਮੈਕਸੀਕੋ ਤੋਂ ਆਪਣੀਆਂ-ਆਪਣੀਆਂ ਫੌਜਾਂ ਨਾਲ ਆਣ ਕਬਜ਼ਾ ਕਰਦੇ ਹਨ। ਇਸ ਮੁਲਾਕਾਤ ਨੂੰ ਮੈਕਸੀਕਨ ਇਨਕਲਾਬ ਦੇ ਵਧੀਆ ਪਲਾਂ ਨਾਲ ਯਾਦ ਕੀਤਾ ਜਾਂਦਾ ਹੈ। ਵਕਤ ਦੇ ਅੱਡੋ-ਅੱਡ ਪੜਾਅ, ਜਦੋਂ ਇਤਿਹਾਸ ਵਿਚ ਅਹਿਮ ਘਟਨਾਵਾਂ ਨੇ ਜਨਮ ਲਿਆ ਤੇ ਇਹ ਕੁਝ ਐਵੇਂ ਹੀ ਨਹੀਂ ਸੀ ਹੋ ਗੁਜ਼ਰਿਆ। ਕਿਧਰੇ ਬਾਬਾ ਬੰਦਾ ਸਿੰਘ ਦੀ ਮੁਲਾਕਾਤ ਗੁਰੂ ਗੋਬਿੰਦ ਸਿੰਘ ਨਾਲ ਹੋਣੀ ਸੀ। ਉਸ ਵਿੱਚ ਅਸੀਮ ਅਨੰਤ ਸੰਭਾਵਨਾਵਾਂ ਸਨ। ਜ਼ੁਲਮ-ਓ-ਅਤਿਆਚਾਰ ਖ਼ਿਲਾਫ਼ ਲੜਨ ਦੀਆਂ ਜਿਨ੍ਹਾਂ ਨੂੰ ਕਲਗੀਧਰ ਪਿਤਾ ਨੇ ਮਹਿਸੂਸਿਆ ਸੀ। ਕਿਧਰੇ ਦਰਿਆ ਰਾਵੀ ਦੇ ਕਿਨਾਰੇ ਮੁਸੱਮਨ ਬੁਰਜ ਤੱਕ ਪਹੁੰਚ ਕੇ ਰਣਜੀਤ ਸਿੰਘ 'ਓਇ ਅਬਦਾਲੀ ਦਿਆਂ ਪੋਤਰਿਆ, ਬਾਹਰ ਨਿਕਲ ਤੇ ਚੜ੍ਹਤ ਸਿੰਘ ਦੇ ਪੋਤਰੇ ਨਾਲ ਤਲਵਾਰ ਫੜ ਕੇ ਟੱਕਰ ਲੈ।' ਸ਼ਾਹ ਜ਼ਮਾਨ ਨੂੰ ਲੱਗੇ ਦਰਬਾਰ ਵਿੱਚ ਲਲਕਾਰਦਾ ਹੈ। ਕਿਧਰੇ ਭਗਤ ਸਿੰਘ ਦੀ ਸਾਂਝ ਚੰਦਰ ਸ਼ੇਖਰ ਆਜ਼ਾਦ ਨਾਲ ਹੋਣੀ ਸੀ। ਕਿਧਰੇ ਮੈਕਸੀਕੋ ਅੰਦਰ ਚੀ ਗੁਵੇਰਾ ਨੇ ਫੀਲਡ ਕਾਸਟਰੋ ਨਾਲ ਨਵਾਂ ਇਤਿਹਾਸ ਸਿਰਜਣ ਲਈ ਸੰਘਰਸ਼ ਸ਼ੁਰੂ ਕਰਨ ਦੀ ਵਿਉਂਤ ਬਣਾਉਣੀ ਸੀ।

ਸਵਾਲ ਪੈਦਾ ਹੁੰਦਾ ਹੈ: ਇਤਿਹਾਸ ਪੜ੍ਹਨਾ ਕਿਉਂ ਜ਼ਰੂਰੀ ਹੈ। ਇਸ ਦਾ ਬੜਾ ਹੀ ਵਾਜਿਬ ਉੱਤਰ ਹੈ- ਬੀਤ ਚੁੱਕੇ ਨੂੰ ਤੁਸੀਂ ਬਦਲ ਨਹੀਂ ਸਕਦੇ। ਹਾਂ, ਉਸ ਤੋਂ ਬਹੁਤ ਕੁਝ ਸਿੱਖਣ ਲਈ ਤੇ ਨਵਾਂ ਜ਼ਰੂਰ ਮਿਲਦਾ ਹੈ। ਇਤਿਹਾਸ ਪੜ੍ਹਦਿਆਂ ਐਸੇ ਲੋਕ ਮਿਲਦੇ ਹਨ ਜਿਨ੍ਹਾਂ ਦੀ ਜ਼ਿੰਦਗੀ ਦਾ ਸੰਘਰਸ਼ ਸਾਨੂੰ ਆਪਣੇ ਹੀ ਲੋਕਾਂ ਦਾ ਸੰਘਰਸ਼ ਲੱਗਦਾ ਹੈ। ਇਥੇ ਆ ਕੇ ਰੰਗ-ਰੂਪ, ਬੋਲੀ, ਸਰਹੱਦਾਂ, ਸਭ ਕੁਝ ਇੱਕੋ ਜਿਹਾ ਲੱਗਦਾ ਹੈ। ਅਰਜਨਟੀਨਾ ਤੋਂ ਚੀ-ਗੁਵੇਰਾ ਕਿਊਬਾ ਵਿਚ ਲੜਦਾ ਤੁਹਾਨੂੰ ਪੰਜਾਬ ਦਾ ਊਧਮ ਸਿੰਘ ਲੰਡਨ ਜਾ ਕੇ ਲੜਦਾ ਦਿੱਸੇਗਾ! ਕੂਕਾ ਲਹਿਰ ਦੇ ਬਾਬਾ ਰਾਮ ਸਿੰਘ ਤੁਹਾਨੂੰ ਅਮਰੀਕਾ ਦੇ ਮਾਰਟਨ ਲੂਥਰ ਕਿੰਗ ਲੱਗਣਗੇ! ਮਹਾਂਰਾਸ਼ਟਰ ਵਿਚ ਪੈਦਾ ਹੋਈ ਭੀਖਾ (ਮੈਡਮ ਕਾਮਾ) ਜਿਸ ਨੇ ਸਾਰੀ ਜ਼ਿੰਦਗੀ ਹਿੰਦੋਸਤਾਨ ਦੀ ਅੰਗਰੇਜ਼ਾਂ ਤੋਂ ਆਜ਼ਾਦੀ ਲਈ ਇੰਗਲੈਂਡ, ਫਰਾਂਸ, ਜਰਮਨੀ ਅਤੇ ਹੋਰ ਕਈ ਮੁਲਖਾਂ ਅੰਦਰ ਇਨਕਲਾਬੀ ਸੰਘਰਸ਼ ਕੀਤਾ, ਤੁਹਾਨੂੰ

ਪੰਜਾਬ ਦੀ ਇਨਕਲਾਬੀ ਧੀ ਬੀਬੀ ਗੁਲਾਬ ਕੌਰ ਹੀ ਜਾਪੇਗੀ! ਮੈਕਸੀਕੋ ਦਾ ਪਾਚੋਂ-ਵੀਯਾ ਜਾਂ ਈਮੀਲੀਆਨੋ ਸ਼ਪਾਤਾ ਪੰਜਾਬ ਦੀ ਮਿੱਟੀ ਦੇ ਪੁੱਤਰ ਦੁੱਲੇ ਭੱਟੀ ਵਰਗੇ ਜਾਪਣਗੇ।

ਪੂਰੀ ਦੁਨੀਆ ਅੰਦਰ ਮਿੱਟੀ ਨਾਲ ਮਿੱਟੀ ਹੁੰਦੇ ਕਿਸਾਨ ਇੱਕੋ ਤਰ੍ਹਾਂ ਦੇ ਲੱਗਦੇ ਹਨ। ਹਾਂ, ਖੇਤੀ ਕਰਨ ਦੇ ਢੰਗ-ਤਰੀਕੇ ਥੋੜ੍ਹੇ ਅੱਡੋ-ਅੱਡਰੇ ਜ਼ਰੂਰ ਹੋ ਸਕਦੇ ਹਨ ਪਰ ਜਿਥੋਂ ਤਕ ਉਨ੍ਹਾਂ ਦੇ ਫ਼ਿਕਰ, ਡਰ, ਚਿੰਤਾਵਾਂ ਦਾ ਮਸਲਾ ਹੈ ਓਹ ਸਭ ਇੱਕੋ ਜਿਹੀਆਂ ਹੀ ਹੁੰਦੀਆਂ ਨੇ।

ਜ਼ਰਾ ਇਤਿਹਾਸ ਦੀ ਗੰਭੀਰਤਾ ਨਾਲ ਛਾਣਬੀਣ ਕਰਨ ਤੋਂ ਪਤਾ ਲੱਗੇਗਾ ਕਿ ਖੇਤੀਬਾੜੀ ਖੇਤਰ ਕਿੰਝ ਹਰ ਮੁਲਕ ਦੀ ਤਕਦੀਰ ਬਦਲਣ ਵਿਚ ਆਪਣਾ ਅਹਿਮ ਹਿੱਸਾ ਪਾਉਂਦੀ ਰਹੀ। ਖੇਤੀ-ਪ੍ਰਧਾਨ ਆਰਥਿਕਤਾ ਨੇ ਕਿੰਝ ਆਪਣੀ ਕਿਸਮਤ ਵਿਚ ਤਬਦੀਲੀ ਕਰਨ ਲਈ ਹਥਿਆਰਬੰਦ ਬਗ਼ਾਵਤਾਂ ਨੂੰ ਅੰਜਾਮ ਦਿੱਤੇ। ਇਨ੍ਹਾਂ ਕਿਸਾਨਾਂ-ਕਿਰਤੀਆਂ ਨੇ ਦੁਨੀਆ ਭਰ ਵਿੱਚ ਬਹੁਤ ਮੁਹਿੰਮਾਂ ਲੜੀਆਂ, ਜਿੱਤੀਆਂ ਅਤੇ ਭਾਵੇਂ ਕਿ ਕੁਝ ਹਾਰੀਆਂ ਵੀ ਅਵੱਸ਼! ਪਰ ਪ੍ਰੇਰਿਤ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਨੇ ਬਹੁਤ ਜਿੱਤਾਂ ਵੀ ਹਾਸਲ ਕੀਤੀਆਂ ਪਰ ਫੇਰ ਅਫ਼ਸੋਸ ਦੀ ਗੱਲ ਹੈ ਕਿ ਫਿਰ ਵੀ ਆਰਥਿਕ ਪੱਖੋਂ ਇਹ ਹਮੇਸ਼ਾਂ ਹੀ ਫਾਡੀ ਰਹੇ।

ਸਭ ਤੋਂ ਅਹਿਮ ਗੱਲ ਇਹ ਹੁੰਦੀ ਹੈ ਕਿ ਕਿਸ ਦਾ ਇਤਿਹਾਸ ਕੌਣ ਲਿਖ ਰਿਹਾ ਹੈ। ਅੱਜ ਸਮੇਂ ਦੀ ਲੋੜ ਹੈ ਹਰ ਲਿਖੇ ਜਾ ਰਹੇ ਇਤਿਹਾਸਕ ਨੁਕਤੇ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਵੇ। ਪੈਸੇ ਦੀ ਭੁੱਖ ਅਤੇ ਲਾਲਸਾ ਨੇ ਲਿਖਾਰੀਆਂ ਕੋਲੋਂ ਉਨ੍ਹਾਂ ਦੀ ਕਾਬਲੀਅਤ ਅਤੇ ਅਕਲ ਨੂੰ ਗ੍ਰਹਿਣ ਲਗਾ ਦਿੱਤਾ ਹੋਇਆ ਹੈ।

ਅਜੋਕੇ ਪਦਾਰਥਿਕ ਹਾਲਾਤ ਨੇ ਬੰਦੇ ਦੀ ਜ਼ਿੰਦਗੀ ਨੂੰ ਬੌਣਾ ਬਣਾ ਕੇ ਰੱਖ ਦਿੱਤਾ ਹੈ। ਪੂਰੀ ਕਾਇਨਾਤ ਅੰਦਰ ਚੁੱਪ-ਚੁਪੀਤੇ ਕਰੈਸ਼ ਹੋ ਰਹੇ ਹਨ। ਪਰ ਅਸੀਂ ਹੀ ਏਡੇ ਬਜ਼ਿਦ ਹਾਂ ਕਿ ਮੰਨਣ ਨੂੰ ਹੀ ਤਿਆਰ ਨਹੀਂ। ਜਦ ਮੰਨਣ ਲਈ ਤਿਆਰ ਹੋਏ ਉਦੋਂ ਤਕ ਹੀਰ ਨੂੰ ਖੇੜੇ ਲਿਜਾ ਚੁੱਕੇ ਹੋਣਗੇ! ਰਾਂਝੇ ਦੇ ਦਰਦ ਨੂੰ ਲਿਖਣ ਵਾਲਾ ਵੀ ਕੋਈ ਨਹੀਂ ਲੱਭੇਗਾ!

ਕਰਮਾ ਕਵਿਤਾਵਾਂ ਤੇ ਕਦੇ-ਕਦੇ ਗੀਤ ਲਿਖਣ ਨੂੰ ਵੀ ਹੱਥ-ਪੱਲਾ ਮਾਰ ਲੈਂਦਾ। ਇਹੀ ਵਜ੍ਹਾ ਸੀ ਕਿ 'ਮਾਟੀ ਰੁਦਨ ਕਰੇਂਦੀ' ਨੇ ਜਨਮ ਲਿਆ ਜਿਸ ਵਿਚ ਸਾਰੀਆਂ ਕਿਸਮਾਂ ਦੇ ਰੰਗ ਸਨ ਜਿਵੇਂ ਪਿਆਰ-ਮੁਹੱਬਤ, ਰਿਸ਼ਤਿਆਂ ਦੀ ਸਾਂਝ, ਸਮਾਜੀ ਟੁੱਟ-ਭੱਜ, ਕਿਸਾਨੀ ਦੀ ਆਰਥਿਕ ਮੰਦਹਾਲੀ ਅਤੇ ਰਾਜਨੀਤਿਕ ਲੁੱਟ-ਖਸੁੱਟ।

ਜ਼ਰੂਰੀ ਨਹੀਂ ਬੰਦਾ ਜੋ ਸੋਚਦਾ ਉਹੀ ਹੁੰਦਾ। ਬਹੁਤ ਵਾਰ ਕਰਨਾ ਕੁਝ ਹੋਰ ਚਾਹੁੰਦਾ ਪਰ ਹੁੰਦਾ ਕੁਝ ਹੋਰ ਹੀ ਏ।

ਸੁੰਨ-ਮਸਾਣ ਜੰਗਲ ਵਿੱਚੋਂ ਲੰਘਦਿਆਂ ਜਿਥੇ ਕੋਈ ਰਾਹ ਨਹੀਂ ਉਥੇ ਨਵਾਂ ਰਾਹ ਬਣਾਉਣ ਲਈ ਵੱਡਾ ਜਿਗਰਾ ਲੋੜੀਂਦਾ ਹੈ।

ਜਿਥੇ ਤੁਹਾਡਾ ਕੋਈ ਜਾਣਕਾਰ ਨਹੀਂ ਬਿਲਕੁਲ ਅਜਨਬੀ ਸਥਾਨ ਹੋਵੇ ਉਥੇ ਰਾਤ ਦਾ ਟਿਕਾਅ ਲੱਭ ਲੈਣਾ ਵੀ ਵੱਡੀ ਗੱਲ ਹੁੰਦੀ ਏ!

ਦੂਸਰੇ ਦੀ ਬੋਲੀ ਤੋਂ ਨਾਵਾਕਿਫ਼ ਵੀ ਹੋਈਏ ਫਿਰ ਵੀ ਉਸ ਨੂੰ ਆਪਣੀ ਮਾਂ-ਬੋਲੀ ਵਿਚ ਆਪਣੀ ਗੱਲ ਸਮਝਾ ਸਕਦੇ ਹਾਂ! ਇਹ ਚੀਜ਼ ਵਿਸ਼ਵਾਸ ਅਤੇ ਅਕਲਮੰਦੀ ਹੁੰਦੀ ਏ।

ਬਾਰ-ਬਾਰ ਮੌਤ ਦੇ ਮੂੰਹ 'ਚ ਬਚ ਨਿਕਲਣਾ ਅਤੇ ਦੁਬਾਰਾ ਉਨ੍ਹਾਂ ਗ਼ਲਤੀਆਂ ਤੋਂ ਤੌਬਾ ਕਰਨਾ ਬੜੇ ਵੱਡੇ ਜਿਗਰੇ ਦੀ ਗੱਲ ਏ।

ਭੀੜ-ਭੜੱਕੇ ਵਿੱਚੋਂ ਬਾਹਰ ਨਿਕਲ ਕੇ ਹੀ ਨਰੋਏ ਵਿਚਾਰਾਂ ਨਾਲ ਸਾਂਝ ਅਤੇ ਕੁਦਰਤ ਨਾਲ ਗੱਲਾਂ ਕੀਤੀਆਂ ਜਾ ਸਕਦੀਆਂ ਨੇ।

ਬੰਦੇ ਲਈ ਇਕੱਲਪੁਣਾ ਕਿਸੇ ਔਖੇ ਇਮਤਿਹਾਨ ਤੋਂ ਘੱਟ ਨਹੀਂ ਹੁੰਦਾ। ਇਕੱਲਾਪਨ ਤੁਹਾਡੇ ਅਸਲੀ ਕਿਰਦਾਰ ਦਾ ਪੈਮਾਨਾ ਹੋ ਸਕਦਾ ਹੈ। ਸਹਿਜਤਾ, ਹੌਂਸਲਾ, ਸਲੀਕਾ ਬਣਿਆ ਰਵ੍ਹੇ ਤਾਂ ਬੜੀਆਂ ਮੁਸੀਬਤਾਂ ਤੋਂ ਬਚਿਆ ਰਿਹਾ ਜਾ ਸਕਦਾ।

ਕਾਹਲੀ ਨਾਲ ਅੱਗੇ ਨਿਕਲ ਜਾਣ ਦੀ ਹੋੜ ਵਿਚ ਬੰਦਾ ਛੇਤੀ ਮੁੱਕਣ ਦਾ ਸਾਮਾਨ ਇਕੱਠਾ ਕਰ ਲੈਂਦਾ ਹੈ। ਧੱਕੇ ਨਾਲ ਕੁਝ ਸਾਲਾਂ ਲਈ ਬਣਾਈ ਸ਼ੁਹਰਤ ਅਤੇ ਬੱਲੇ-ਬੱਲੇ ਅਗਲੀ ਪੀੜ੍ਹੀ ਲਈ ਕੰਡੇ ਬੀਜਣਾ ਨਹੀਂ ਤਾਂ ਹੋਰ ਕੀ ਏ ? ਆਸਾਨੀ ਨਾਲ ਮਿਲੀ ਸਫ਼ਲਤਾ ਅਤੇ ਇਕੱਠੀ ਕੀਤੀ ਧਨ-ਦੌਲਤ ਵਿਚ ਬਹੁਤੀ ਬਰਕਤ ਨਹੀਂ ਹੁੰਦੀ।

ਜਿਸ ਨੇ ਤੁਹਾਨੂੰ ਚੰਗੇ ਰਾਹੇ ਪਾਉਣ ਦਾ ਯਤਨ ਕੀਤਾ ਹੋਵੇ, ਜਿਸ ਨੇ ਪਿੰਡ ਅਤੇ ਇਲਾਕੇ ਅੰਦਰ ਚੰਗੀ ਪੜ੍ਹਾਈ ਕਰਨ ਦੀਆਂ ਨਵੀਆਂ ਪੈੜਾਂ ਪਾਈਆਂ ਹੋਣ, ਜਿਸ ਨੇ ਸਾਰੇ ਆਲੇ-ਦੁਆਲੇ ਨੂੰ ਪੜ੍ਹਾਈ ਕਰਨ ਲਈ ਪ੍ਰੇਰਿਆ ਹੋਵੇ, ਜਿਸ ਨੇ ਹੌਂਸਲਾ ਢਾਹ ਚੁੱਕਿਆਂ ਨੂੰ ਮੁੜ ਪੈਰਾਂ ਸਿਰ ਖੜ੍ਹ ਜਾਣ ਦਾ ਵੱਤਰ ਸਿਖਾਇਆ ਹੋਵੇ, ਜਿਸ ਨੇ ਬਹੁਤ ਪੱਛੜੇ ਇਲਾਕੇ ਦਾ ਆਪਣੀ ਮਿਹਨਤ, ਲਗਨ ਅਤੇ ਦ੍ਰਿੜ੍ਹਤਾ ਨਾਲ ਨਾਮ ਰੋਸ਼ਨ ਕੀਤਾ ਹੋਵੇ ! ਜਿਸ ਦੀ ਪੜ੍ਹਾਈ-ਲਿਖਾਈ ਦੀਆਂ ਸੋਆਂ ਅਖ਼ਬਾਰਾਂ, ਰਸਾਲਿਆਂ ਦੀਆਂ ਮੁੱਖ ਸਤਰਾਂ ਬਣ ਕੇ ਲੋਕਾਂ ਦੇ ਘਰੀਂ ਪਹੁੰਚੀਆਂ ਹੋਵਣ ਉਸ ਬੰਦੇ ਦਾ ਅਚਨਚੇਤ ਅਤੇ ਬੜੇ ਭੇਦ ਭਰੇ ਤਰੀਕੇ ਨਾਲ

ਸਦਾ ਲਈ ਛੱਡ ਜਾਣਾ ਅਤੇ ਇਸ ਪੀੜ ਨੂੰ ਜਰਨਾ ਸ਼ਾਇਦ ਮਰਿਆਂ ਨਾਲ ਮਰਿਆ ਤਾਂ ਨਹੀਂ ਜਾ ਸਕਦਾ ਪਰ ਬਾਕੀਆਂ ਲਈ ਹਮੇਸ਼ਾਂ ਇਕ ਨਾਸੂਰ ਬਣ ਕੇ ਜ਼ਰੂਰ ਰਹਿ ਜਾਂਦਾ, ਐਸਾ ਨਾਸੂਰ ਜੋ ਲੱਗਦਾ ਬਿਲਕੁਲ ਭਰ ਗਿਆ ਹੈ ਪਰ ਪਤਾ ਨਹੀਂ ਕਦੋਂ ਉਸ ਵਿੱਚੋਂ ਖ਼ੂਨ ਦੇ ਹੰਝੂ ਕਿਰਨੇ ਸ਼ੁਰੂ ਹੋ ਜਾਣ।

ਕਰਮਾ ਵੀ ਤਾਂ ਆਖਿਰ ਉਸੇ ਹੀ ਮਿੱਟੀ ਵਿੱਚੋਂ ਪੈਦਾ ਹੋਇਆ ਸੀ ਜਿਥੋਂ ਪ੍ਰੋ. ਨਿੰਮਾ। ਅੱਜ ਉਸ ਨੂੰ ਆਪਣਾ ਵੱਡਾ ਭਰਾ ਯਾਦ ਆਇਆ ਤਾਂ ਕਹਿੰਦਾ:

'ਕਾਸ਼ ਤੂੰ ਅੱਜ ਜਿਉਂਦਾ ਹੁੰਦਾ!'

ਕੋਈ ਤਾਂ ਐਸਾ ਹੁੰਦਾ ਜੋ ਸਾਡੀਆਂ ਗ਼ਲਤੀਆਂ, ਸਾਡੀਆਂ ਕਮਜ਼ੋਰੀਆਂ ਦੱਸ ਸਕਦਾ! ਤੂੰ ਕਿੰਨਿਆਂ ਹੀ ਲੋਕਾਂ ਦਾ ਗਾਡੀ ਰਾਹ-ਦਿਸੇਰਾ ਬਣਿਆ ਪਰ ਇਹ ਕਿਵੇਂ ਹੋ ਗਿਆ ਕਿ ਖ਼ੁਦ ਹੀ ਅਜਿਹੇ ਚੱਕਰਵਿਊ ਵਿਚ ਜਾ ਫਸਿਆ ਜਿਸ ਵਿੱਚੋਂ ਫਿਰ ਬਾਹਰ ਹੀ ਨਾ ਨਿਕਲ ਸਕਿਆ? ਕਾਸ਼! ਅੱਜ ਪ੍ਰੋ. ਨਿੰਮਾ ਕਰਮੇ ਦੀ ਲਿਖੀ ਕਿਤਾਬ 'ਚੀ ਗੁਵੇਰਾ' ਨੂੰ ਨਿਹਾਰਦਾ ਤੇ ਬੋਲ ਉੱਠਦਾ 'ਇਹ ਤਾਂ ਮੇਰਾ ਕੰਮ ਸੀ, ਤੂੰ ਕਿੱਧਰੋਂ ਵਿੱਚ ਆ ਗਿਆ?'

ਕਰਮਾ ਆਪਣੇ ਪੇਂਡੂ ਆਲੇ-ਦੁਆਲੇ ਵੱਲ ਨਜ਼ਰ ਮਾਰਦਾ-ਮਾਰਦਾ ਕਿਧਰੇ ਗੁਰਦਾਸਪੁਰ ਲਾਗੇ ਦੇ ਲਹਿੰਦੇ ਪਾਸੇ ਤੁਰ ਜਾਂਦਾ। ਪਿੰਡ ਦਾ ਨਾਮ ਸੀ **ਅਲੂਣਾ** (ਅਕਾਲ-ਗੜ੍ਹ)। ਉਸ ਨੂੰ ਨਵਾਂ ਮਕਸਦ ਮਿਲ ਗਿਆ। ਕਰਮੇ ਨੂੰ ਆਪਣੇ ਆਪ ਨੂੰ ਕਰੀਬ ਸਵਾ ਸੌ ਸਾਲ ਪਿੱਛੇ ਦੀ ਖੋਜ ਵਿਚ ਗਵਾਚਣਾ ਪਿਆ। ਜਿਵੇਂ ਕਿਸੇ ਡੂੰਘੇ ਸਮੁੰਦਰ ਦੇ ਤਲ ਤਕ ਚੁੱਭੀ ਮਾਰ ਕੇ ਰਤਨ-ਜਵਾਹਰਾਤ ਲੱਭ ਕੇ ਲਿਆਉਣੇ ਹੋਵਣ।

ਇਤਿਹਾਸ ਕਦੇ ਵੀ ਪੂਰਾ ਨਹੀਂ ਲਿਖਿਆ ਜਾਂਦਾ। ਜਿਹੜਾ ਲਿਖਿਆ ਵੀ ਜਾਂਦਾ ਐ ਉਹ ਵੀ ਬਹੁਤੀ ਵਾਰ ਪੱਖਪਾਤ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਦਰਅਸਲ ਇਤਿਹਾਸਕਾਰਾਂ ਲੇਖਕਾਂ ਉੱਪਰ ਨਿਰਭਰ ਕਰਦਾ ਹੈ ਕਿ ਉਨ੍ਹਾਂ ਨੇ ਕਿਸੇ ਘਟਨਾ ਨੂੰ ਕਿਸ ਲਹਿਜ਼ੇ, ਕਿਸ ਰੂਪ ਵਿਚ ਲੋਕਾਂ ਮੂਹਰੇ ਪਰੋਸਣਾ ਹੈ।

ਲੋਕ ਸਾਰੀ-ਸਾਰੀ ਜ਼ਿੰਦਗੀ ਦੂਸਰਿਆਂ ਦੀ ਬਿਹਤਰੀ ਲਈ ਦਾਅ 'ਤੇ ਲਾ ਦੇਂਦੇ ਹਨ ਪਰ ਇਤਿਹਾਸ ਦੇ ਪੰਨਿਆਂ 'ਤੇ ਉਨ੍ਹਾਂ ਦਾ ਨਾਮ ਫਿਰ ਵੀ ਕਦੇ ਨਹੀਂ ਉੱਕਰਦਾ। ਬਿਲਕੁਲ ਉਵੇਂ ਹੀ ਜਿਵੇਂ ਕਿਸੇ ਉੱਚੇ ਕਿਲ੍ਹੇ ਜਾਂ ਮਹਿਲ ਦੀਆਂ ਨੀਹਾਂ ਹੇਠਾਂ ਆਏ ਇੱਟਾਂ-ਪੱਥਰਾਂ ਨੂੰ ਕਦੇ ਕੋਈ ਯਾਦ ਨਹੀਂ ਕਰਦਾ।

ਕਰਮੇ ਨੇ ਇਸ ਜਾਂ-ਬਾਜ਼ ਮਹਾਨ ਸੰਗਰਾਮੀ ਉੱਪਰ ਲਿਖਣ ਤੋਂ ਪਹਿਲਾਂ ਕੁਝ ਮਿੱਤਰ-ਪਿਆਰਿਆਂ ਨਾਲ ਗੱਲ ਕੀਤੀ। ਸਾਰਿਆਂ ਨੇ ਕਿਹਾ, ਬਹੁਤ ਵਧੀਆ ਫੈਸਲਾ ਹੈ। ਹਾਂ, ਕਈਆਂ ਨੇ ਇਹ ਵੀ ਸਲਾਹ-ਮਸ਼ਵਰਾ ਦਿੱਤਾ ਕਿ ਚੰਗਾ ਹੋਵੇਗਾ

ਜੇ ਅੰਗਰੇਜ਼ੀ ਵਿਚ ਲਿਖਿਆ ਜਾਵੇ ਕਿਉਂਕਿ ਪੰਜਾਬੀ ਪੜ੍ਹਨ-ਲਿਖਣ ਵਾਲਿਆਂ ਦਾ ਘੇਰਾ ਬੜਾ ਸੀਮਤ ਏ। ਕਰਮੇ ਦਾ ਜੁਆਬ ਸੀ ਜਿਸ ਮਾਂ ਦੀ ਗੋਦ ਵਿਚ ਜੰਮਿਆ-ਪਲਿਆ, ਮੈਂ ਉਸ ਨੂੰ ਨਹੀਂ ਛੱਡ ਸਕਦਾ!

ਉਹ ਕੌਣ ਸੀ ਜਿਸ ਦੀਆਂ ਪੈੜਾਂ ਨੱਪਦਾ ਕਰਮਾ ਪਹਿਲਾਂ ਉਸ ਦੀ ਜਨਮ-ਭੂਮੀ ਨੂੰ ਸਿਜਦਾ ਕਰਦਾ ਹੋਇਆ ਉਸ ਦੀ ਕਰਮਭੂਮੀ ਤਕ ਜਾ ਪਹੁੰਚਿਆ ਜੋ ਮਾਲਵੇ ਦਾ ਖੇਤਰ ਜਿਸ ਨੂੰ ਪੈਪਸੂ ਰਿਆਸਤ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ।

ਅਤੇ ਉਹ ਸੀ ਸਮੁੰਦ ਸਿੰਘ ਉਰਫ਼ ਤੇਜਾ ਸਿੰਘ ਸੁਤੰਤਰ। ਸਖ਼ਤ ਖੋਜ ਅਤੇ ਸਾਰਥਿਕ ਦੌੜ-ਭੱਜ ਤੋਂ ਬਾਅਦ 'ਲੋਹ ਪੁਰਖ ਮਰਜੀਵੜਾ-ਕਾਮਰੇਡ ਤੇਜਾ ਸਿੰਘ ਸੁਤੰਤਰ' ਨੂੰ ਪਹਿਲੀ ਵਾਰ ਕਿਸੇ ਨੇ ਲੋਕਾਂ ਦੀ ਅਦਾਲਤ ਵਿਚ ਪੇਸ਼ ਕੀਤਾ। ਅਜਿਹੀ ਅਦਾਲਤ ਜਿਸ ਨੇ ਸੁਤੰਤਰ ਹੁਰਾਂ ਦੇ ਹਲਫ਼ੀਆ ਬਿਆਨ ਪੜ੍ਹਨ-ਸੁਣਨ ਤੋਂ ਬਾਅਦ ਸਮੇਂ ਦੀ ਹਕੂਮਤ ਅਤੇ ਕਮਿਊਨਿਸਟ ਪਾਰਟੀਆਂ ਨੂੰ ਸ਼ਰ੍ਹੇਆਮ ਦੋਸ਼ੀ ਘੋਸ਼ਿਤ ਕੀਤਾ।

ਮੁਲਕ ਨੂੰ ਆਜ਼ਾਦ ਕਰਵਾਉਣ ਅਤੇ ਉਸ ਤੋਂ ਬਾਅਦ ਦੀ ਰੂ-ਪੋਸ਼ੀ ਸਮੇਂ ਤੇਜਾ ਸਿੰਘ ਸੁਤੰਤਰ ਦਾ ਪਿੰਡ ਹਵੇਲੀਆਂ ਨੰਬਰਦਾਰਾਂ ਦੀ ਹਵੇਲੀ ਵਿਚ ਆ ਕੇ ਰਾਤਾਂ ਕੱਟਣੀਆਂ ਅਤੇ ਬਾਬਾ ਸੁਰੈਣੂ ਅਤੇ ਕਰਮੇ ਦੇ ਦਾਦਾ ਜੀ ਨਾਲ ਲੰਮੀਆਂ ਬਹਿਸਾਂ ਕਰਨੀਆਂ ਜੋ ਬਾਅਦ ਵਿਚ ਕਰਮਾ ਆਪਣੇ ਬਾਪੂ ਤੋਂ ਸੁਣਦਾ ਰਿਹਾ। ਸੁਤੰਤਰ ਦੀ ਜ਼ਿੰਦਗੀ ਅਤੇ ਸੰਘਰਸ਼ ਉੱਪਰ ਲਿਖਣਾ ਬੜਾ ਕਠਿਨ ਸਾਬਿਤ ਹੋਇਆ। ਕਈ ਕਾਰਨ ਸਨ ਜਿਵੇਂ ਕਿ :

ਸੁਤੰਤਰ ਹੁਰਾਂ ਦੇ ਹਮਰਾਹੀ ਹੁਣ ਤਕ ਬਹੁਤ ਥੋੜ੍ਹੀ ਗਿਣਤੀ ਵਿਚ ਜਿਉਂਦੇ ਰਹੇ ਤੇ ਉਹ ਵੀ ਉਮਰ ਦੇ ਆਖਰੀ ਸਾਲਾਂ ਵਿਚ ਜਾ ਚੁੱਕੇ ਸਨ।

ਸੁਤੰਤਰ ਹੁਰਾਂ ਨਾਲ ਕੌਣ ਕਿੰਝ ਉਸ ਦੇ ਸੰਘਰਸ਼ ਵਿਚ ਸ਼ਾਮਲ ਹੋਏ ਅਤੇ ਉਨਾਂ ਨਾਲ ਕਿੰਝ ਵਾਪਰਦੇ ਰਹੇ? ਕਿਧਰੇ ਡਰ ਲੱਗਦਾ ਸੀ ਕਿ ਕਿਸੇ ਬਾਰੇ ਗ਼ਲਤ ਨਾ ਲਿਖਿਆ ਜਾਵੇ।

ਖਾਸ ਕਰਕੇ ਕਮਿਊਨਿਸਟ ਪਾਰਟੀ ਇੰਡੀਆ (ਸੀ.ਪੀ.ਆਈ.) ਅਤੇ ਕਮਿਊਨਿਸਟ ਪਾਰਟੀ ਇੰਡੀਆ ਮਾਰਕਸਵਾਦੀ ਭਾਵ ਸੀ.ਪੀ.ਆਈ.ਐੱਮ. ਅਤੇ ਨਕਸਲਵਾਦੀ ਲਹਿਰ ਦੇ ਕੁਝ ਜਿਉਂਦੇ-ਜਾਗਦੇ ਲੋਕ।

ਆਜ਼ਾਦੀ ਤੋਂ ਬਾਅਦ ਕਾਂਗਰਸ ਪਾਰਟੀ ਦੀ ਹਕੂਮਤ ਦਾ ਸੁਤੰਤਰ ਪ੍ਰਤੀ ਰਵੱਈਆ। ਕਿਸ ਤਰ੍ਹਾਂ ਉਸ ਨੂੰ 1962 ਦੇ ਅੰਤ ਤਕ ਰੂ-ਪੋਸ਼ੀ ਵਿਚ ਰਹਿ ਕੇ ਆਮ ਲੋਕਾਂ ਦੀ ਭਲਾਈ-ਚੰਗਿਆਈ ਲਈ ਕੰਮ ਕਰਨਾ ਪਿਆ।

ਜੋ ਵੀ ਸੀ ਕਰਮੇ ਨੇ ਏਸ ਕਿਤਾਬ ਵਿਚ ਕਿਸੇ ਦਾ ਵਿਸ਼ੇਸ਼ ਲਿਹਾਜ਼ ਨਾ ਕੀਤਾ। ਉਸ ਨੇ ਜੋ ਸੁਣਿਆ, ਵੇਖਿਆ, ਪੜ੍ਹਿਆ ਉਸ ਦੇ ਹੀ ਆਧਾਰ ’ਤੇ ਸੱਚ ਨੂੰ ਸੱਚ ਅਤੇ ਕੂੜ ਨੂੰ ਕੂੜ ਲਿਖਿਆ। ਕੁਝ ਸੀ.ਪੀ.ਆਈ. ਅਤੇ ਸੀ.ਪੀ.ਆਈ.ਐੱਮ. ਅੰਧ ਭਗਤਾਂ ਨੂੰ ਇਹ ਕਿਤਾਬ ਪੜ੍ਹ ਕੇ ਤਕਲੀਫ਼ ਵੀ ਹੋਈ ਪਰ ਕਰਮੇ ਦਾ ਉਨ੍ਹਾਂ ਨੂੰ ਜਵਾਬ ਹੁੰਦਾ ਸੀ ‘ਮੈਨੂੰ ਜੋ ਠੀਕ ਲੱਗਿਆ ਉਹ ਲਿਖ ਦਿੱਤਾ ਅਤੇ ਮੈਂ ਉਸ ਨੂੰ ਵਾਪਿਸ ਨਹੀਂ ਲਵਾਂਗਾ’!

ਪਿੰਡ ਹਵੇਲੀਆਂ ਤੋਂ ਕੱਚੇ ਰਾਹੀਂ ਪੈਲੀਆਂ ਦੇ ਵੱਟਾਂ-ਬੰਨਿਆਂ ਉੱਪਰ ਕਰੀਬ 7 ਕਿਲੋਮੀਟਰ ਆਉਣਾ-ਜਾਣਾ ਤੇ ਉਮਰ ਮਸਾਂ 5 ਸਾਲਾਂ ਦੀ। ਡਿੱਗਦੇ-ਉੱਠਦੇ ਇੰਝ ਪੰਜਾਂ ਸਾਲਾਂ ਵਿਚ ਪ੍ਰਾਇਮਰੀ ਪਾਸ ਕੀਤੀ। ਇਹੀ ਹਾਲਤ ਖਾਸ ਕਰ ਬਾਰਡਰ ਦੇ ਪਿੰਡਾਂ ਦੀ ਹੁੰਦੀ ਸੀ ਜਿਥੇ ਨਾ ਕੋਈ ਰਾਹ, ਨਾ ਕੋਈ ਸਾਈਕਲ। ਬਰਸਾਤਾਂ ਵਿਚ ਪੈਰੀਂ ਟਾਕੀ ਦੇ ਬੂਟ ਕਦੇ-ਕਦੇ ਲਾਹ ਕੇ ਫੜ ਲੈਣੇ। ਫਿਰ ਦੱਭ, ਸਰਕੜੇ ਦੀਆਂ ਤਿੱਖੀਆਂ ਸੂਲਾਂ ਨਾਲ ਜਾ ਦੋਸਤੀ ਪਾਉਣੀ। ਪੰਜਵੀਂ ਜਮਾਤ ਕਰਨ ਤੋਂ ਬਾਅਦ ਡੇਰਾ ਬਾਬਾ ਨਾਨਕ ਵੀ ਇਹੀ ਹਾਲ ਸੀ। ਬਸ ਫ਼ਰਕ ਏਨਾ ਹੀ ਸੀ ਕਿ ਜਿਥੇ ਉਮਰ ਵਧ ਗਈ ਉਥੇ ਨਾਲ ਹੀ ਪੈਂਡਾ ਵੀ 7 ਕਿਲੋਮੀਟਰ ਤੋਂ 14 ਕਿਲੋਮੀਟਰ ਹੋ ਗਿਆ।

ਸ਼ਾਇਦ ਇਹੀ ਕੱਚੇ ਰਾਹ ਸਨ ਜਿਨ੍ਹਾਂ ’ਤੇ ਤੁਰਦਿਆਂ-ਤੁਰਦਿਆਂ ਆਮ ਘਰਾਂ ਦੇ ਬੱਚੇ ਪੜ੍ਹ-ਲਿਖ ਕੇ ਉਹ ਮੁਕਾਮ ਹਾਸਲ ਕਰ ਗਏ ਜੋ ਹੋ ਸਕਦਾ ਉਹ ਅਮੀਰ ਘਰਾਂ ਵਿਚ ਜੰਮ ਕੇ ਵੀ ਪ੍ਰਾਪਤ ਨਾ ਕਰ ਸਕਦੇ!

ਕਰਮੇ ਤੋਂ ਵੱਡਾ ਕੰਤਾ ਕਤਲ ਦੇ ਕੇਸ ਵਿੱਚੋਂ ਬਰੀ ਹੋ ਚੁੱਕਾ ਸੀ। ਜੱਟਾਂ ਦੀਆਂ ਦੁਸ਼ਮਣੀਆਂ ਕਈ ਵਾਰ ਪੀੜ੍ਹੀ-ਦਰ-ਪੀੜ੍ਹੀ ਵੀ ਚੱਲੀਆਂ ਆਉਂਦੀਆਂ ਨੇ। ਜਦ ਤਕ ਦੋਹਾਂ ਪਾਸਿਆਂ ਤੋਂ 5-5, 7-7 ਨਾ ਮਰਨ ਇਹ ਜਾਤ ਬਾਜ਼ ਹੀ ਨਹੀਂ ਆਉਂਦੀ। ਹਵੇਲੀ ਵਾਲਿਆਂ ਨੂੰ ਉਨ੍ਹਾਂ ਦੀ ਸ਼ਾਇਦ ਪੜ੍ਹਾਈ-ਲਿਖਾਈ ਨੇ ਥੋੜ੍ਹਾ ਲੜਾਈ-ਭਿੜਾਈ ਤੋਂ ਬਚ ਕੇ ਰਹਿਣਾ ਸਿਖਾ ਦਿੱਤਾ ਸੀ। ਕਦੇ ਬਾਬਾ ਸੁਰੈਣੂ ਵੀ ਇੰਝ ਹੀ ਕਿਹਾ ਕਰਦਾ ਸੀ।

(13)

## ਮੈਂ ਧਰਤੀ-ਪੁੱਤਰ ਐ ਪੰਜਾਬ, ਤੇਰਾ ਕਰਜ਼ ਕਿੰਝ ਲਾਹਵਾਂਗਾ? ਤੇਰਾ ਅੰਨ ਖਾਧਾ ਤੇਰੀ ਗੋਦ ਖੇਡਿਆ, ਤੇਰਾ ਅਹਿਸਾਨ ਕਿੰਝ ਚੁਕਾਵਾਂਗਾ?

ਕੰਤਾ ਹੁਣ ਇਲਾਕੇ ਅੰਦਰ ਵੱਖ-ਵੱਖ ਖੇਤਰਾਂ ਵਿਚ ਹੁੰਦੀਆਂ ਵਧੀਕੀਆਂ ਖ਼ਿਲਾਫ਼ ਲੜ ਰਿਹਾ ਹੁੰਦਾ। ਉਨ੍ਹਾਂ ਆਪਣੀ ਪਾਰਟੀ ਅੰਦਰ ਸਿਆਣੇ ਸੂਝਵਾਨ, ਬਜ਼ੁਰਗ, ਨੌਜਵਾਨਾਂ ਦਾ ਐਸਾ ਟੋਲਾ ਬਣਾ ਰੱਖਿਆ ਸੀ ਕਿ ਜੋ ਕਿਧਰੇ ਉਹ ਅੱਜ ਕਿਸੇ ਥਾਣੇ ਅੰਦਰ ਗਿਆ ਹੁੰਦਾ ਤਾਂ ਕੱਲ੍ਹ ਉਹ ਕਿਸੇ ਐੱਸ.ਐੱਸ.ਪੀ. ਮੂਹਰੇ ਉਸ ਨੂੰ ਮੁਖ਼ਾਤਿਬ ਹੋਇਆ ਹੁੰਦਾ ਅਤੇ ਪਰਸੋਂ ਉਹ ਤੇ ਉਹਦੇ ਸਾਥੀ ਕਿਸੇ ਭ੍ਰਿਸ਼ਟ ਐੱਸ.ਡੀ.ਓ. ਜਾਂ ਬਿਜਲੀ ਮਹਿਕਮੇ ਦੇ ਐਕਸੀਅਨ ਦਾ ਘਿਰਾਉ ਕਰ ਰਹੇ ਹੁੰਦੇ ਕਿਉਂਕਿ ਖੱਬੇ-ਪੱਖੀ ਸੋਚ ਦਾ ਧਾਰਨੀ ਹੋ ਚੁੱਕਾ ਸੀ। ਜਦ 1984 ਤੋਂ ਬਾਅਦ ਪੰਜਾਬ ਅੰਦਰ ਵੱਖਰੀ ਕਿਸਮ ਦੇ ਅੱਤਵਾਦ ਨੇ ਸਿਰ ਚੁੱਕ ਲਿਆ ਤਾਂ ਕੰਤੇ ਨੂੰ ਮਜਬੂਰਨ ਇਕ ਲਾਇਸੈਂਸੀ ਰਫ਼ਲ ਰੱਖਣੀ ਪਈ।

ਪਰ ਉਹੀ ਹੋਇਆ ਜਿਸ ਦਾ ਡਰ ਸੀ। ਮਾਰਚ ਮਹੀਨਾ। ਕਣਕਾਂ ਆਖ਼ਰੀ ਉਮਰ ਵਿਚ ਸਨ। ਦੋ ਜਣਿਆਂ ਨੇ ਲੋਈਆਂ ਲਈਆਂ ਹੋਈਆਂ ਸਨ ਚਾਹੇ ਮੌਸਮ ਲੋਈਆਂ ਲੈਣ ਵਾਲਾ ਨਹੀਂ ਸੀ ਪਰ ਉਨਾਂ ਦੀ ਮਜਬੂਰੀ ਸੀ। ਇਹ ਅਜਿਹੇ ਦਿਨ ਸਨ ਜਦ ਲੋਕ ਆਪਣਿਆਂ ਨੂੰ ਵੀ ਸ਼ੱਕ ਦੀ ਨਿਗ੍ਹਾ ਨਾਲ ਵੇਖਦੇ ਸਨ। ਘਰ ਦੇ ਚੜ੍ਹਦੇ ਪਾਸੇ ਕੰਤੇ ਹੁਰਾਂ ਦੀਆਂ ਪੈਲੀਆਂ ਉੱਚੀ ਕਣਕ ਦੇ ਬੰਨੇ ਫਿਰਦੇ ਚਿਰਾਂ ਦੀ ਸ਼ਹਿ ਲਾਏ ਬੈਠੇ ਸਨ। ਕਿਸੇ ਨੇ ਘਰ ਆ ਕੇ ਖ਼ਬਰ ਦਿੱਤੀ। ਕੁਝ ਦਿਨ ਪਹਿਲਾਂ ਕੰਤੇ ਦਾ ਕਿਧਰੇ ਸ਼ਹਿਰ ਜਾਂਦਿਆਂ ਕੁਝ ਮੁੰਡਿਆਂ ਨਾਲ ਤਕਰਾਰ ਹੋਇਆ ਸੀ।

'ਸਰਪੰਚਾ ਜ਼ਰਾ ਸੰਭਲ ਕੇ ਰਿਹਾ ਕਰ'

'ਓ ਤੁਸੀਂ ਵੀ ਬੰਦਾ-ਕੁ-ਬੰਦਾ ਵੇਖ ਲਿਆ ਕਰੋ'

'ਅਸੀਂ ਤਾਂ ਹੁਕਮ 'ਤੇ ਚੱਲਦੇ ਹਾਂ'

'ਮੈਂ ਵੀ ਹੁਕਮ ਹੀ ਵਜਾਉਂਦਾ ਹਾਂ'

'ਉਹ ਭਲਾ ਕੀਹਦਾ?'

'ਆਪਣੇ ਮਨ ਦਾ। ਹੁਣ ਤਕ ਤੁਹਾਡੇ 8-9 ਮੁੰਡਿਆਂ ਨੂੰ ਬਚਾ ਛੱਡਿਆ,

ਨਹੀਂ ਤਾਂ ਉਨ੍ਹਾਂ ਦੀਆਂ ਲਾਸ਼ਾਂ ਵੀ ਤੁਹਾਡੇ ਹੱਥ ਨਹੀਂ ਸੀ ਆਉਣੀਆਂ।'

'ਚਲੋ ਫਿਰ ਵੀ ਬਚ ਕੇ ਰਿਹਾ ਕਰੋ।'

1984 ਦੇ ਬਲਿਊ ਸਟਾਰ ਉਪਰੇਸ਼ਨ ਤੋਂ ਮਗਰੋਂ ਜੋ ਪੁਲੀਸ ਵੱਲੋਂ ਅਤੇ ਨੌਜਵਾਨਾਂ ਵੱਲੋਂ ਹਾਲਾਤ ਬਣਾਏ ਗਏ, ਲੋਕਾਂ ਨੂੰ ਕਿਨ੍ਹਾਂ ਕਿਨ੍ਹਾਂ ਮੁਸੀਬਤਾਂ ਵਿੱਚੋਂ ਗੁਜ਼ਰਨਾ ਪਿਆ ਇਹ ਇਕ ਬਹੁਤ ਲੰਬੀ ਦਾਸਤਾਨ ਹੈ। ਕੁਝ ਸਿਆਣੇ ਪਰਵਾਰਾਂ ਨੇ ਜਦੋਂ ਆਪਣੇ ਮੁੰਡਿਆਂ ਬਾਰੇ ਕੰਤੇ ਨਾਲ ਗੱਲਬਾਤ ਕੀਤੀ ਤੇ ਵਾਸਤੇ ਪਾਏ ਕਿ ਇਨ੍ਹਾਂ ਨੂੰ ਵਾਪਿਸ ਮੋੜ ਲਿਆਓ ਤਾਂ ਕੰਤੇ ਨੇ ਆਪਣੇ ਬਣਾਏ ਗਰੁੱਪ ਨਾਲ ਮਿਲ ਕੇ ਬਹੁਤ ਐਸੇ ਮੁੰਡਿਆਂ ਨੂੰ ਜਿਨ੍ਹਾਂ ਨੂੰ ਕੁਝ ਪਕਰੌੜ ਮੁੰਡੇ ਧੱਕੇ ਨਾਲ ਘਰੋਂ ਬੇ-ਘਰ ਬਣਾ ਚੁੱਕੇ ਸਨ ਉਨ੍ਹਾਂ ਨੂੰ ਐੱਸ.ਐੱਸ.ਪੀ. ਰੈਂਕ ਦੇ ਅਫ਼ਸਰਾਂ ਮੂਹਰੇ ਏਸ ਸ਼ਰਤ 'ਤੇ ਪੇਸ਼ ਕਰਵਾ ਕੇ ਦੁਬਾਰਾ ਉਨ੍ਹਾਂ ਦੀ ਘਰ-ਵਾਪਸੀ ਕਰਾਈ ਅਤੇ ਸ਼ਰਤ ਹੁੰਦੀ ਸੀ ਅਗਰ ਇਨ੍ਹਾਂ ਵਿੱਚੋਂ ਕੋਈ ਕਸੂਰਵਾਰ ਹੋਵੇ ਉਸ ਨੂੰ ਉਸ ਦੀ ਐੱਫ.ਆਈ.ਆਰ. ਕੱਟ ਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇ ਨਾ ਕਿ ਉਸ ਦਾ ਪੁਲੀਸ-ਮੁਕਾਬਲਾ ਬਣਾ ਕੇ ਮਾਰ ਦਿੱਤਾ ਜਾਵੇ।

ਕੰਤਾ ਆਪਣੀ ਰਫਲ ਚੱਕ ਕੇ ਕਿੱਕਰਾਂ ਦੀ ਆੜ ਲੈਂਦਾ ਹੋਇਆ ਜਦ ਹੌਲੀ-ਹੌਲੀ ਅਗਾਂਹ ਵਧਦਾ ਤਾਂ ਅੱਗੋਂ ਫਾਇਰ ਹੁੰਦਾ ਸੁਣਦਾ। ਕੰਤੇ ਨੇ ਵੀ ਕਿੱਕਰ ਦਾ ਓਹਲਾ ਲੈਂਦੇ ਹੋਏ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਅੱਗੋਂ ਵੀ ਗੋਲੀਆਂ ਚੱਲਦੀਆਂ ਰਹੀਆਂ ਤੇ ਨਾਲ ਹੀ ਉਹ ਕਣਕਾਂ ਵਿੱਚੋਂ ਦੀ ਦੌੜਦੇ ਦੂਰ ਹੁੰਦੇ ਗਏ।

ਸ਼ਾਇਦ 'ਅੱਤਵਾਦੀਆਂ' ਦੀਆਂ ਸਫ਼ਾਂ ਵਿੱਚੋਂ ਕੁਝ ਲੋਕਾਂ ਦੀ ਘਰ ਹੋਈ ਵਾਪਸੀ ਦੀ ਸਜ਼ਾ ਸੀ। ਪਰ ਹਾਂ, ਕਰੀਬ ਇਨ੍ਹਾਂ ਦੋ ਮੁੰਡਿਆਂ ਵਿਚੋਂ ਇਕ ਸੁੱਖੀ ਪਿੰਡ ਮੇਤਲਾ ਤੋਂ ਇਕ ਮਹੀਨੇ ਬਾਅਦ ਪੁਲੀਸ ਹੱਥੋਂ ਮਾਰਿਆ ਗਿਆ। ਮੇਤਲੇ ਪੈਲੀ ਬੰਨਾ ਵੀ ਲਾਗੇ ਸੀ ਤੇ ਸੁੱਖੀ ਕੰਤੇ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਵੀ ਸੀ। ਇਹ ਇਕ ਨਿਹੰਗ ਦਾ ਮੁੰਡਾ ਸੀ।

ਪਤਨੀ ਦਾ ਅਚਾਨਕ ਤੁਰ ਜਾਣਾ, ਕਤਲ ਦਾ ਕੇਸ ਪੈ ਜਾਣਾ ਅਤੇ ਕਿਧਰੇ ਸਿਰ ਫਿਰਿਆਂ ਤੋਂ ਬਚ ਕੇ ਰਹਿਣਾ। ਏਥੇ ਹੀ ਬੱਸ ਨਹੀਂ ਸੀ। ਅਜੇ ਇਕ ਹੋਰ ਭਿਆਨਕ ਮੁਸੀਬਤ ਮੂੰਹ ਅੱਡੀ ਖੜ੍ਹੀ ਸੀ।

ਲੋਕ ਲਹਿਰ ਦੇ ਸੰਪਾਦਕ ਕਾ. ਸੁਹੇਲ ਸਿੰਘ (ਸੀ.ਪੀ.ਐੱਮ.) ਜਿਸ ਦੀ ਹਾਰਟ ਅਟੈਕ ਕਾਰਨ ਮੌਤ ਹੋ ਗਈ ਸੀ—ਉਸ ਦੇ ਸਸਕਾਰ ਤੋਂ ਵਾਪਿਸ ਜਦ ਕੰਤਾ ਆਪਣੇ ਜ਼ਿਲ੍ਹਾ ਗੁਰਦਾਸਪੁਰ ਪਾਰਟੀ ਸਕੱਤਰ ਅਮਰਜੀਤ ਸਿੰਘ ਕੁਲਾਰ ਨਾਲ ਬਾਡੀਗਾਰਡ ਬਟਾਲਾ ਤੋਂ ਅੱਗੇ ਬਿਧੀਪੁਰ ਫ਼ਾਟਕ ਲਾਗੇ ਪਹੁੰਚੇ ਤਾਂ ਅਗਲੇ

ਪਾਸਿਉਂ ਆਉਂਦੀ ਬੱਸ ਉਵਰਟੇਕ ਕਰਦੀ ਕੰਤੇ ਵੱਲੋਂ ਚਲਾਈ ਜਾ ਰਹੀ ਕਾਰ ਵਿਚ ਆ ਵੱਜੀ। ਇਹ ਇਕ ਅਜਿਹੀ ਸੱਟ ਸੀ ਜਿਸ ਨੇ ਕੰਤੇ ਨੂੰ ਜ਼ਿੰਦਗੀ ਭਰ ਇਕ ਲੱਤ 'ਤੇ ਤੁਰਨ ਲਈ ਮਜਬੂਰ ਕਰ ਦਿੱਤਾ। ਮੂਹਰੇ ਬੈਠੇ ਪਾਰਟੀ ਸਕੱਤਰ ਨੂੰ ਵੀ ਕੁਝ ਸੱਟਾਂ ਲੱਗੀਆਂ ਪਰ ਕੰਤੇ ਦੀ ਸੱਜੀ ਲੱਤ ਗੋਡੇ ਤੋਂ ਹੇਠਾਂ ਟੁੱਟ ਚੁੱਕੀ ਸੀ। ਬਸ ਡਰਾਈਵਰ ਨੇ ਸਵਾਰੀਆਂ ਦੀ ਮਦਦ ਨਾਲ ਸਾਰਿਆਂ ਨੂੰ ਬਟਾਲਾ ਡਾਕਟਰ ਜੌਹਲ, ਜੋ ਹੱਡੀਆਂ ਦਾ ਮਾਹਰ ਸੀ, ਕੋਲ ਪਹੁੰਚਾਇਆ। ਕੰਤੇ ਦੀ ਹਾਲਤ ਬਹੁਤ ਵਿਗੜਦੀ ਜਾ ਰਹੀ ਸੀ। ਦੋ ਦਿਨ ਬਾਅਦ ਗੁਰੂ ਨਾਨਕ ਹਸਪਤਾਲ, ਅੰਮ੍ਰਿਤਸਰ ਲਿਆਂਦਾ ਗਿਆ। ਏਥੇ ਡਾ. ਜੋਗਿੰਦਰ ਪਾਲ ਸਿੰਘ ਛੀਨਾ, ਹੈੱਡ ਆਫ ਆਰਥੋਪੈਡਿਕ ਡੀਪਾਰਟਮੈਂਟ ਵੱਲੋਂ ਇਲਾਜ ਸ਼ੁਰੂ ਕੀਤਾ ਗਿਆ। ਪਤਾ ਨਹੀਂ ਡਾਕਟਰ ਕਿਸ ਤਰ੍ਹਾਂ ਦਾ ਇਲਾਜ ਕਰਦਾ ਰਿਹਾ ਕਿ ਉਸ ਕੋਲੋਂ ਨਾ ਪੀੜ ਕਾਬੂ ਵਿਚ ਆਈ ਤੇ ਨਾ ਹੀ ਇਨਫੈਕਸ਼ਨ ਕੰਟਰੋਲ ਹੋਈ। ਕਰੀਬ 14 ਮਹੀਨੇ ਕੰਤਾ ਮੰਜੇ 'ਤੇ ਪਿਆ ਰਿਹਾ। ਇਸ ਦੌਰਾਨ ਉਸ ਦੀ ਸੱਜੀ ਲੱਤ ਗੋਡੇ ਤੋਂ ਹੇਠਾਂ ਕੱਟ ਦਿੱਤੀ ਗਈ। ਹੁਣ ਤਕ ਡਾਕਟਰ ਦੇ ਅਸਲੀ ਘਿਨਾਉਣੇ ਕਿਰਦਾਰ ਦਾ ਪਤਾ ਲੱਗ ਚੁੱਕਾ ਸੀ। ਕੰਤੇ ਨਾਲ ਕਈ ਵੇਰ ਇਸ ਤਰ੍ਹਾਂ ਵਾਪਰਿਆ ਕਿ ਜਦ ਇਸ ਦੀ ਸਰਜਰੀ ਦਾ ਦਿਨ ਤੇ ਸਮਾਂ ਬੰਨ੍ਹ ਦਿੱਤਾ ਜਾਂਦਾ ਤਾਂ ਐਨ ਮੌਕੇ 'ਤੇ ਅੰਦਰ ਕਿਸੇ ਹੋਰ ਨੂੰ ਲੈ ਜਾਣਾ। ਇੰਝ ਇਕੱਲੇ ਕੰਤੇ ਨਾਲ ਹੀ ਨਹੀਂ ਹੋਰ ਵੀ ਬਹੁਤ ਸਾਰੇ ਮਰੀਜ਼ਾਂ ਨਾਲ ਵਾਪਰਦਾ ਰਿਹਾ। ਹਸਪਤਾਲ ਅੰਦਰ ਮਨੁੱਖਾਂ ਦੀ ਮੰਡੀ ਦੀ ਜਿਵੇਂ ਬੋਲੀ ਹੋ ਰਹੀ ਸੀ। ਇਹ ਡਾਕਟਰ (ਜੇ.ਪੀ. ਐੱਸ. ਛੀਨਾ) ਉੱਚਾ-ਲੰਮਾ, ਸੁਹਣਾ-ਸੁਨੱਖਾ ਸਫੈਦ ਦਾੜ੍ਹੀ ਵਾਲਾ ਤਾਂ ਸੀ ਪਰ ਅਸਲ 'ਚ ਕਿਸੇ ਦੈਂਤ ਤੋਂ ਘੱਟ ਨਹੀਂ ਸੀ। ਅੰਮ੍ਰਿਤਸਰ ਵਿੱਚ ਇਸ ਨੂੰ ਬਹੁਤ ਮਾਹਿਰ ਅਤੇ ਮਸ਼ਹੂਰ ਮੰਨਿਆ ਜਾਂਦਾ ਸੀ।

ਜਿਹੜਾ ਬੰਦਾ ਬੇਖੌਫ਼ ਹੁਣ ਤਕ ਗੰਦੇ ਸਿਸਟਮ ਨਾਲ ਲੜਦਾ ਆਇਆ ਭਲਾ ਉਸ ਕੋਲੋਂ ਇਹ ਚਾਹੇ ਬੜਾ ਮਸ਼ਹੂਰ ਨਾਮੀ ਡਾਕਟਰ ਸੀ, ਕਿੰਝ ਬਚ ਸਕਦਾ ਸੀ ? ਵਿਜੀਲੈਂਸ ਵਾਲਿਆਂ ਨੂੰ ਬੁਲਾ ਕੇ ਸਾਰੀ ਹਕੀਕਤ ਦੱਸੀ। ਉਹ ਕਿਧਰੇ ਵੀ ਪੈਰ ਨਹੀਂ ਸਨ ਲਾ ਰਹੇ। ਤਿੰਨ ਮੀਟਿੰਗਾਂ ਤੋਂ ਬਾਅਦ ਵਿਜੀਲੈਂਸ ਵਾਲੇ ਕਹਿੰਦੇ, "ਅਸੀਂ ਤੁਹਾਡੀ ਤੁਹਾਡੇ ਪਿੰਡੋਂ ਅਤੇ ਥਾਣੇ ਤੋਂ ਸਾਰੀ ਜਾਣਕਾਰੀ ਲੈ ਕੇ ਹੀ ਅੱਗੇ ਕੋਈ ਕਦਮ ਚੁੱਕਾਂਗੇ।"

ਲੋਕ ਅਫਸਰਾਂ ਦੀਆਂ ਸ਼ਿਕਾਇਤਾਂ ਕਰਦੇ ਉਨ੍ਹਾਂ ਨੂੰ ਫੜਵਾ ਦੇਂਦੇ ਤੇ ਬਾਅਦ ਵਿਚ ਪੈਸੇ ਲੈ ਕੇ ਕੇਸ ਵਾਪਿਸ ਕਰਵਾ ਲੈਂਦੇ। ਇੰਝ ਬਹੁਤ ਵਾਰ ਹੁੰਦਾ ਰਿਹਾ। ਸੀ.ਬੀ.ਆਈ. ਜਾਂ ਵਿਜੀਲੈਂਸ ਵਾਲੇ ਵੇਖਦੇ ਰਹਿ ਜਾਂਦੇ। ਉਨ੍ਹਾਂ ਦੀ ਕੀਤੀ-

ਕਰਾਈ ਮਿਹਨਤ ਖੂਹ ਵਿਚ ਜਾ ਡੁੱਬਦੀ। ਇਕ ਮਹੀਨੇ ਬਾਅਦ ਵਿਜੀਲੈਂਸ ਵਾਲੇ ਸਹਿਮਤ ਹੋ ਗਏ। ਉਹ ਜਾਣ ਚੁੱਕੇ ਸਨ ਕਿ ਇਹ ਬੰਦਾ ਕੋਈ ਆਮ ਨਹੀਂ ਤੇ ਆਪਣੇ ਬਚਨ ਦਾ ਬਲੀ ਹੈ।

ਉਹ ਦਿਨ ਆਣ ਪੁੱਜਾ ਜਦ ਕੰਤੇ ਨਾਲ ਉਸ ਦਾ ਛੋਟਾ ਭਾਈ ਹਰਬੀਰ ਇਕ ਇਨ੍ਹਾਂ ਦਾ ਦੋਸਤ ਬਿੱਟੂ ਸ਼ਾਹਪੁਰੀਆ ਅਤੇ ਵਿਜੀਲੈਂਸ ਦੇ ਅਫਸਰ ਨਾਲ ਲੋਕਲ ਥਾਣੇ ਦੀ ਪੁਲਿਸ ਨੇ ਰਣਜੀਤ ਐਵੀਨਿਊ ਦੀ ਆਲੀਸ਼ਾਨ ਕੋਠੀ ਦੀਆਂ ਬਾਹਰੋਂ ਟੈਲੀਫ਼ੋਨ ਦੀਆਂ ਤਾਰਾਂ ਕੱਟ ਕੇ ਬਣਾਈ ਸਕੀਮ ਅਨੁਸਾਰ ਡਾਕਟਰ ਨੂੰ ਰੰਗੇ-ਹੱਥੀਂ, ਨੋਟਾਂ ਨਾਲ ਕਾਬੂ ਕਰ ਲਿਆ। ਜਿਵੇਂ ਆਮ ਹੁੰਦਾ ਹੈ ਐਸੀਆਂ ਹਾਲਤਾਂ ਵਿਚ ਕਿ ਅਜਿਹੇ ਲੋਕਾਂ ਨੂੰ ਦਿਲ ਦੀ ਬਿਮਾਰੀ ਲੱਗ ਜਾਂਦੀ ਹੈ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਣਾ ਪੈਂਦਾ ਹੈ। ਇਸ ਨਾਲ ਵੀ ਏਸੇ ਤਰ੍ਹਾਂ ਹੋਇਆ।

ਕੇਸ ਸ਼ੁਰੂ ਹੋਇਆ ਪਰ ਕੇਸ ਦੀ ਰਫ਼ਤਾਰ ਉਵੇਂ ਹੀ ਜਿਵੇਂ ਅਦਾਲਤਾਂ ਅੰਦਰ ਹੁੰਦਾ ਹੈ। ਕੰਤੇ ਦੀ ਸਰੀਰਕ ਹਾਲਤ ਬਸ ਹੱਡੀਆਂ ਦੀ ਮੁੱਠ ਬਣ ਚੁੱਕੀ ਸੀ। ਹੁਣ ਤਕ ਤਕਰੀਬਨ 25 ਸਰਜਰੀਆਂ ਹੋ ਚੁੱਕੀਆਂ ਸਨ। ਘਰ ਆ ਚੁੱਕਾ ਸੀ। ਕੁਝ ਸਮਝ ਨਹੀਂ ਸੀ ਆ ਰਹੀ। ਡਾਕਟਰ ਨੇ ਆਪਣਾ ਦਾਅ ਖੇਡਣ ਦਾ ਚਾਰਾ ਕੀਤਾ ਅਤੇ ਕੰਤੇ ਦੀ ਪਾਰਟੀ ਦੇ ਅੰਮ੍ਰਿਤਸਰ ਤੋਂ ਕੁਝ ਬੰਦਿਆਂ ਨੂੰ ਪਿੰਡ ਭੇਜਿਆ ਜਿਨ੍ਹਾਂ ਆ ਕੇ ਦੱਸਿਆ ਕਿ ਡਾ. (ਜੇ.ਪੀ. ਐੱਸ. ਛੀਨਾ) 10 ਲੱਖ ਰੁਪਏ ਦੇਣ ਨੂੰ ਤਿਆਰ ਹੈ ਜੇਕਰ ਕੇਸ ਦੀ ਪੈਰਵਾਈ ਕਰਨੀ ਛੱਡ ਦੇਵੋ।

ਕੰਤੇ ਨੂੰ ਇਹ ਹਰਗਿਜ਼ ਮਨਜ਼ੂਰ ਨਹੀਂ ਸੀ ਤੇ ਆਇਆਂ 'ਪਰਾਹੁਣਿਆਂ' ਦੀ ਜੋ ਉਸ ਨੇ 'ਸੇਵਾ' ਕੀਤੀ ਸ਼ਾਇਦ ਹੀ ਕਿਸੇ ਹੋਰ ਨਾਲ ਘਰ ਆਇਆਂ ਦੀ ਹੋਈ ਹੋਵੇ।

ਪਤਾ ਲੱਗਾ ਕੱਕੜ ਹਸਪਤਾਲ ਅੰਮ੍ਰਿਤਸਰ ਡਾ. ਸ਼ਵਿੰਦਰ ਸਿੰਘ ਵਿੱਲੀ ਸੰਧੂ ਵੀ ਹੱਡੀਆਂ ਦਾ ਚੰਗਾ ਡਾਕਟਰ ਏ।

'ਡਾਕਟਰ ਸਾਹਿਬ, ਇਲਾਜ ਕਰਵਾਉਣਾ ਏ।'

ਡਾਕਟਰ ਵਿੱਲੀ ਨੇ ਕੰਤੇ ਨੂੰ ਜੋ ਆਪਣੀ ਜੀਪ ਤੋਂ ਹੇਠਾਂ ਉਤਰ ਚੁੱਕਾ ਅਤੇ ਭੌਂੜੀਆਂ ਦੇ ਆਸਰੇ ਖੜ੍ਹਾ ਸੀ, ਚੰਗੀ ਤਰ੍ਹਾਂ ਨਿਹਾਰਿਆ। ਪੁਰਾਣੀ ਮਹਿੰਦਰਾ ਜੀਪ ਵੀ ਸੁਰਖੀਆਂ ਵਿੱਚ ਆ ਚੁੱਕੀ ਸੀ। ਡਾਕਟਰ ਕਦੇ ਕੰਤੇ ਦੀ ਕਟੀ ਲੱਤ ਵੱਲ ਵੇਖੇ, ਕਦੇ ਪੁਰਾਣੀ ਜੀਪ ਨੂੰ ਵੇਖੇ ਤੇ ਕਦੇ ਨਾਲ ਗਏ ਬੰਦਿਆਂ ਵੱਲ ਝਾਕੇ।

'ਅੱਛਾ ਤੁਸੀਂ ਹੀ ਕਾਮਰੇਡ, ਸਰਪੰਚ, ਹਾਂ ਹਾਂ ਕੁਲਵੰਤ ਸਿੰਘ ਹੋ?'

'ਜੀ ਡਾਕਟਰ ਸਾਹਿਬ, ਮੈਂ ਹੀ ਕੁਲਵੰਤ ਸਿੰਘ ਹਾਂ।'

'ਠੀਕ, ਠੀਕ, ਜਿਨ੍ਹਾਂ ਨੇ ਡਾ. ਜੇ.ਪੀ. ਸਿੰਘ ਛੀਨਾ ਨੂੰ ਫੜਵਾਇਆ ਸੀ।'

'ਜੀ!'

ਡਾਕਟਰ ਵਿੱਲੀ ਦੇ ਚਿਹਰੇ ਦੇ ਹਾਵ-ਭਾਵ ਜਿਵੇਂ ਆਪਸ ਵਿਚ ਲੜ ਰਹੇ ਸਨ।

'ਵੇਖੋ, ਮੈਂ ਤੁਹਾਡਾ ਇਲਾਜ ਕਰਾਂਗਾ ਪਰ ਤੁਹਾਨੂੰ ਲਿਖ ਕੇ ਦੇਣਾ ਪਵੇਗਾ ਕਿ ਅਗਰ ਕੋਈ ਗੜਬੜ ਹੁੰਦੀ ਹੈ ਤਾਂ ਡਾਕਟਰ ਜ਼ੁੰਮੇਵਾਰ ਨਹੀਂ ਹੋਵੇਗਾ।'

'ਜੇਕਰ ਹਾਂ ਕਰੋਗੇ, ਮੈਂ ਤੁਹਾਡਾ ਇਲਾਜ ਵੀ ਮੁਫ਼ਤ ਕਰਾਂਗਾ ਕਿਉਂਕਿ ਮੈਨੂੰ ਪਤਾ ਹੈ ਤੁਹਾਡਾ ਅੱਗੇ ਹੀ ਬਹੁਤ ਖ਼ਰਚ ਹੋ ਚੁੱਕਾ ਹੈ।'

ਡਾਕਟਰ ਵਿੱਲੀ ਨੇ ਸਾਰੇ ਮੁੱਢਲੇ ਟੈਸਟ ਕੀਤੇ। ਕੋਈ ਫੀਸ ਵੀ ਨਹੀਂ ਸੀ ਲਈ ਜੋ ਕਰੀਬ 15 ਹਜ਼ਾਰ ਰੁਪਏ ਬਣਦੀ ਸੀ।

ਪਤਾ ਨਹੀਂ ਕੰਤੇ ਹੁਰਾਂ ਨੂੰ ਅੰਮ੍ਰਿਤਸਰ ਦੇ ਡਾਕਟਰ ਕਿਉਂ ਤੁਰਦੀ-ਫਿਰਦੀ ਮੌਤ ਦਾ ਪਰਛਾਵਾਂ ਲੱਗਣ ਲੱਗ ਪਏ।

ਅੰਮ੍ਰਿਤਸਰ ਵਿਚ ਆਰਥੋਪੈਡਿਕ ਡੀਪਾਰਟਮੈਂਟ ਦੇ ਸਾਰੇ ਡਾਕਟਰ ਡਾ. ਜੇ.ਪੀ. ਸਿੰਘ ਛੀਨਾ ਨੂੰ ਆਪਣਾ ਗੁਰੂ ਮੰਨਦੇ ਸਨ। ਜਦ ਗੁਰੂ ਨਾਲ ਹੀ ਅਣਹੋਣੀ ਵਰਤ ਗਈ ਤਾਂ ਚੇਲਿਆਂ ਦੇ ਮਨਾਂ ਅੰਦਰ ਕੀ ਕੁਝ ਚੱਲ ਰਿਹਾ ਹੋਵੇਗਾ! ਸ਼ਾਇਦ ਕੰਤੇ ਅੰਦਰ ਜੀਉਣ ਦੀ ਅਜੇ ਪ੍ਰਬਲ ਤਮੰਨਾ ਸੀ ਜਿਸ ਨੇ ਉਸ ਨੂੰ ਕਿਧਰੇ ਹੋਰ ਜਾਣ ਲਈ ਮਜਬੂਰ ਕਰ ਦਿੱਤਾ ਸੀ।

ਲੁਧਿਆਣਾ ਦੇ ਸੀ.ਐੱਮ.ਸੀ. ਹਸਪਤਾਲ ਵਿਚ ਕੰਤੇ ਦਾ ਇਲਾਜ ਸ਼ੁਰੂ ਕੀਤਾ ਗਿਆ। ਹੁਣ ਤਕ ਇਨਫ਼ੈਕਸ਼ਨ ਪੂਰੇ ਜ਼ੋਰਾਂ 'ਤੇ ਸੀ। ਡਾਕਟਰਾਂ ਮੁਤਾਬਕ ਇਹ ਲੱਤ ਤੋਂ ਅਗਾਂਹ ਰੀੜ੍ਹ ਦੀ ਹੱਡੀ ਵੱਲ ਜਾ ਰਹੀ ਸੀ। ਡਾਕਟਰਾਂ ਦੇ ਬੋਰਡ ਨੇ ਫ਼ੈਸਲਾ ਕੀਤਾ ਕਿ ਅਗਰ ਰਹਿੰਦੀ ਸੱਜੀ ਲੱਤ ਨੂੰ ਚੂਲੇ ਤੋਂ ਨਾ ਕਟਿਆ ਗਿਆ ਤਾਂ ਇਨਫੈਕਸ਼ਨ ਜਿੱਤ ਜਾਵੇਗੀ ਤੇ ਮਰੀਜ਼ ਹਾਰ ਜਾਵੇਗਾ। ਇਹ ਬਹੁਤ ਵੱਡਾ ਫ਼ੈਸਲਾ ਸੀ ਜੋ ਸ਼ਾਇਦ ਕੰਤੇ ਨੂੰ ਉਸ ਦੀ ਆਖ਼ਰੀ ਮੰਜ਼ਲ ਵੱਲ ਜਾਂ ਕਿਸੇ ਨਵੀਂ ਮੰਜ਼ਲ ਵੱਲ ਲਿਜਾ ਰਿਹਾ ਸੀ। ਲੱਤ ਚੂਲੇ ਤੋਂ ਜਦ ਕਟੀ ਗਈ ਤਾਂ ਖ਼ੂਨ ਦਾ ਵਹਿਣ ਡਾਕਟਰਾਂ ਤੋਂ ਰੋਕਿਆ ਨਾ ਗਿਆ। ਕੰਤਾ ਕੋਮਾ ਵਿੱਚ ਜਾ ਚੁੱਕਾ ਸੀ। ਉਧਰੋਂ ਖ਼ੂਨ ਦੀ ਬੜੀ ਲੋੜ ਸੀ ਜੋ ਸ਼ਾਇਦ ਡਾਕਟਰਾਂ ਲਈ ਬਹੁਤ ਪਰੇਸ਼ਾਨੀ ਬਣ ਗਈ ਸੀ। ਇਕ ਲੜਕੀ ਜੋ ਉਥੇ ਨਰਸ ਸੀ, ਨਾਮ ਸੀ ਰਾਜ ਜੋ ਕਰਮੇ ਦੀ ਪਤਨੀ ਦੀ ਚੰਗੀ ਸਹੇਲੀ ਸੀ। ਜਦ ਇਸ ਨੇ ਡਾਕਟਰਾਂ ਨੂੰ ਵਾਸਤਾ ਪਾਇਆ ਕਿ ਜੋ ਮਰਜ਼ੀ ਕਰੋ ਮੇਰੇ ਵੀਰ ਨੂੰ ਬਚਾ ਲਉ, ਮੈਂ ਇਸ ਨੂੰ ਮਰਨ ਨਹੀਂ ਦੇਣਾ! ਸਟਾਫ਼ ਮੈਂਬਰ ਦਾ ਤਰਲਾ ਸੁਣ ਕੇ ਸਾਰੇ ਡਾਕਟਰ ਭਾਵੁਕ ਹੋ ਗਏ। ਪਤਾ ਨਹੀਂ ਉਨ੍ਹਾਂ ਨੇ ਕਿਸ ਤਰ੍ਹਾਂ ਖ਼ੂਨ ਦਾ ਪ੍ਰਬੰਧ ਕੀਤਾ। ਇਕ ਮੂੰਹ-

ਬੋਲੀ ਭੈਣ ਦੀਆਂ ਦੁਆਵਾਂ ਨੇ ਇਕ ਮੂੰਹ-ਬੋਲੇ ਵੀਰ ਨੂੰ ਹੋਸ਼ ਵਿਚ ਲੈ ਆਂਦਾ।

ਪਰ ਏਥੇ ਵੀ ਬਸ ਨਹੀਂ ਸੀ ! ਮੁਸੀਬਤਾਂ ਦੇ ਪਹਾੜ ਤਾਂ ਅੱਗੇ ਖੜ੍ਹੇ ਪਏ ਸਨ। ਅਜੇ ਮੌਤ ਨੇ ਕੰਤੇ ਨਾਲ ਬੜੇ ਖਿਲਵਾੜ ਕਰਨੇ ਸਨ!

ਪੂਰੀ ਲੱਤ ਚਲੀ ਗਈ, ਡਾਕਟਰਾਂ ਤੋਂ ਫਿਰ ਵੀ ਇਨਫੈਕਸ਼ਨ ਕਾਬੂ ਵਿਚ ਨਾ ਆ ਸਕੀ। ਦਰਦ ਘਟਾਉਣ ਵਾਲੀਆਂ ਗੋਲੀਆਂ ਵੀ ਅਸਰ ਕਰਨੋਂ ਹਟ ਗਈਆਂ। ਦਰਦ ਦੀ ਕੁਰਲਾਹਟ ਏਨੀ ਮੱਚਦੀ ਕਿ ਕਿਸੇ ਦਾ ਉਹਦੇ ਲਾਗੇ ਖਲੋਣਾ-ਬਹਿਣਾ ਵੀ ਔਖਾ ਸੀ। ਕਰਮੇ ਨੇ ਬਾਕੀ ਪਰਵਾਰ ਨਾਲ ਸਲਾਹ ਕੀਤੀ ਕਿ ਇਲਾਜ ਅਮਰੀਕਾ ਤੋਂ ਕਰਵਾਇਆ ਜਾਵੇ। ਦੋ ਵੱਡੇ ਸਵਾਲ ਸਨ। ਇਕ ਅਮਰੀਕਾ ਦਾ ਵੀਜ਼ਾ ਤੇ ਦੂਸਰਾ ਕਿਸ ਹਸਪਤਾਲ ਨਾਲ ਸੰਪਰਕ ਕੀਤਾ ਜਾਵੇ ? ਇਕ ਮਸ਼ਹੂਰ ਪੇਨ ਸਪੈਸ਼ਲਿਸਟ ਡਾਕਟਰ ਜੋ ਪਿੱਛੋਂ ਅੰਮ੍ਰਿਤਸਰ ਤੋਂ ਸੀ ਤੇ ਇਹਨੀਂ ਦਿਨੀਂ ਗਰੀਨ ਬੈਲਟ, ਮੈਰੀਲੈਂਡ ਪ੍ਰੈਕਟਿਸ ਕਰ ਰਿਹਾ ਸੀ ਅਤੇ ਕਰਮੇ ਨਾਲ ਬੜੇ ਸਤਿਕਾਰਤ ਸੰਬੰਧ ਸਨ, ਉਸ ਦੁਆਰਾ ਡਾਕਟਰ ਕੁਰੈਸ਼ੀ (ਆਰਥੋ-ਪੀਡਕ) ਨਾਲ ਕੰਤੇ ਦੀ ਪੂਰੀ ਮੈਡੀਕਲ ਹਿਸਟਰੀ ਦੀ ਸਟੱਡੀ ਕੀਤੀ ਗਈ ਅਤੇ ਇਲਾਜ ਲਈ ਜਾਨ-ਹੋਪਕਿਨ ਬਾਲਟੀਮੋਰ ਹਸਪਤਾਲ ਨੂੰ ਚੁਣਿਆ ਗਿਆ। ਉੱਪਰੋਂ ਇਕ ਹੋਰ ਪੰਗਾ ਆਣ ਪਿਆ। ਡਾਕਟਰ ਕਹਿੰਦੇ, ਅਸੀਂ ਰੀਲੀਜ਼ ਸਰਟੀਫਿਕੇਟ ਨਹੀਂ ਦੇ ਸਕਦੇ। ਇੰਝ ਕਰਨ ਨਾਲ ਸਾਡਾ ਰਿਕਾਰਡ ਖਰਾਬ ਹੁੰਦਾ ਹੈ। ਬੜੀ ਮੁਸ਼ਕਲ ਨਾਲ ਉਨ੍ਹਾਂ ਨੂੰ ਏਸ ਗੱਲ ’ਤੇ ਲਿਆਂਦਾ ਗਿਆ ਕਿ ਲਿਖ ਦਿਉ ਮਰੀਜ਼ ਆਪਣੀ ਮਰਜ਼ੀ ਨਾਲ ਜਾਣਾ ਚਾਹੁੰਦਾ ਤੇ ਜੇਕਰ ਬਾਹਰੋਂ ਇਲਾਜ ਕਰਵਾਉਣਾ ਚਾਹੁੰਦਾ ਹੈ ਤਾਂ ਇਹ ਇਸ ਦਾ ਆਪਣਾ ਰਿਸਕ ਹੋਵੇਗਾ!

ਅਮਰੀਕਾ ਤੋਂ ਸਪਾਂਸਰਸ਼ਿਪ ਭੇਜੀ ਗਈ। ਦਿੱਲੀ ਅਮਰੀਕਾ ਦੀ ਐਂਬੈਸੀ ਅੰਦਰ ਗੇੜੇ ’ਤੇ ਗੇੜੇ। ਸ਼ਾਇਦ ਅਮਰੀਕਨ ਐਂਬੈਸੀ ਅੰਦਰ ਪਹਿਲਾਂ ਵੀ ਕਦੇ ਇੰਝ ਹੋਇਆ ਹੋਵੇ? ਪਤਾ ਨਹੀਂ।

‘ਤੇਰਾ ਨਾਮ’?

..................

‘ਪਿਤਾ ਦਾ ਨਾਮ’?

...........................

‘ਐਡਰੈੱਸ’?

.................

‘ਅਮਰੀਕਾ ਕਿਉਂ ਜਾ ਰਹੇ ਹੋ?’

‘ਕੀ ਏਥੇ ਇਲਾਜ ਨਹੀਂ ਹੈ?’

ਕਾਊਂਟਰ ਮੂਹਰੇ ਕੁੱਬੇ ਹੋਏ ਖੜ੍ਹੇ ਕੰਤੇ ਨੇ ਸਾਰੇ ਜਵਾਬ ਸਿੱਧੀ-ਸਾਦੀ ਠੇਠ ਪੰਜਾਬੀ ਵਿਚ ਦਿੱਤੇ। ਭਾਵੇਂ ਕਾਊਂਟਰ ਅੱਗੇ ਖੜ੍ਹਾ ਮਰੀਜ਼ ਪਿੰਜਰ ਲੱਗਦਾ ਸੀ ਪਰ ਬੋਲ-ਚਾਲ ਵਿਚ ਗਰਜ ਵੇਖ ਕੇ ਹੁਣ ਇਕ ਇਮੀਗਰੇਸ਼ਨ ਅਫਸਰ ਨਹੀਂ ਸਗੋਂ 4-5 ਆ ਜੁੜੇ ਸਨ ਕਿਉਂਕਿ ਕੰਤਾ ਕੁਝ ਅਜਿਹਾ ਕਹਿ ਗਿਆ ਸੀ ਜੋ ਸ਼ਾਇਦ ਹੀ ਅਜਿਹੀ ਅਵਸਥਾ ਵਿਚ ਉਨ੍ਹਾਂ ਨੇ ਕਦੇ ਕਿਸੇ ਹੋਰ ਦੇ ਮੂੰਹੋਂ ਸੁਣਿਆ ਹੋਵੇ।

ਹੁਣ ਤਕ ਕੰਤਾ ਸਮਝ ਚੁੱਕਾ ਸੀ ਕਿ ਇਹ ਵੀਜ਼ੇ ਨੂੰ ਟਾਲ-ਮਟੋਲ ਕਰ ਰਹੇ ਨੇ।

'ਮੇਰੇ ਭਰਾ-ਭਰਜਾਈ ਨੇ ਸਪਾਂਸਰਸ਼ਿਪ ਨਾਲ ਬੈਂਕ ਖਾਤਿਆਂ ਦੀ ਰਕਮ ਦਾ ਵੇਰਵਾ ਭੇਜਿਆ। ਉਨ੍ਹਾਂ ਮੈਨੂੰ ਉਥੇ ਸਾਂਭਣਾ ਤੇ ਸਾਰਾ ਖ਼ਰਚ ਕਰਨਾ। ਤੁਹਾਨੂੰ ਵੀਜ਼ਾ ਦੇਣ ਵਿਚ ਕਿਉਂ ਤਕਲੀਫ਼ ਹੋ ਰਹੀ ਏ?'

'ਤੁਸੀਂ ਇਥੇ ਕਿਸੇ ਚੰਗੇ ਹਸਪਤਾਲ ਤੋਂ ਇਲਾਜ ਕਿਉਂ ਨਹੀਂ ਕਰਵਾਉਂਦੇ ?'

'ਆਹ ਵੇਖੋ ! ਰਿਪੋਰਟਾਂ ! ਹੁਣ ਤਕ ਤੀਹ ਸਰਜਰੀਆਂ ਹੋ ਚੁੱਕੀਆਂ ਨੇ। ਤਿੰਨ ਹਸਪਤਾਲ ਬਦਲ ਚੁੱਕਾ ਹਾਂ।'

'ਸੌਰੀ ਮਿਸਟਰ ਸਿੰਘ !'

'ਜੇ ਮੈਂ ਵੀ ਤੁਹਾਡੇ ਕਿਸੇ ਕੰਜਰ ਅਫਸਰ ਨੂੰ ਪੰਜ ਲੱਖ ਰੁਪਏ ਦੇ ਦੇਂਦਾ ਫੇਰ ਇਹ ਵੀਜ਼ਾ ਜ਼ਰੂਰ ਲੱਗ ਜਾਂਦਾ ! ਪਰ ਮੇਰੀ ਜ਼ਮੀਰ ਨੇ ਕਦੇ ਮੇਰੇ ਨਾਲ ਸਹਿਮਤ ਨਹੀਂ ਸੀ ਹੋਣਾ !'

'ਯਹ ਆਪ ਕੈਸੇ ਕਹਿ ਸਕਤੇ ਹੋ ?'

'ਇਸ ਤਰ੍ਹਾਂ ਏਜੰਟਾਂ ਰਾਹੀਂ ਤੁਹਾਡੇ ਮੁਲਾਜ਼ਮ ਕਰ ਰਹੇ ਨੇ।'

'ਆਪਕੇ ਪਾਸ ਕੋਈ ਸਬੂਤ ਹੈ ?'

'ਬਹੁਤ ਹੈਣ, ਮੈਂ ਨਾਮ ਤੇ ਪਤਾ ਦੱਸਦਾ ਹਾਂ, ਲਿਖੋਗੇ?'

ਸੀਨੀਅਰ ਅਫ਼ਸਰ ਪਿੱਛੇ ਖਲੋਤਾ ਸੁਣ ਰਿਹਾ ਸੀ ਅਤੇ ਇਕ ਭਾਰਤੀ ਲੜਕੀ ਕੰਤੇ ਦਾ ਪੰਜਾਬੀ ਵਿੱਚ ਬੋਲਿਆ-ਚਾਲਿਆ ਅੰਗਰੇਜ਼ੀ ਵਿਚ ਦੱਸੀ ਜਾ ਰਹੀ ਸੀ।

ਕੰਤੇ ਨੂੰ ਕਿਹਾ ਗਿਆ ਕਿ ਪਿੱਛੇ ਕੁਰਸੀ 'ਤੇ ਬੈਠ ਜਾਵੋ, ਤੁਹਾਨੂੰ ਦੁਬਾਰਾ ਬੁਲਾਉਂਦੇ ਹਾਂ। ਕੁਝ ਮਿੰਟਾਂ ਬਾਅਦ ਕੰਤੇ ਨੂੰ ਬੁਲਾ ਕੇ ਕਿਹਾ ਗਿਆ ਕਿ ਤੁਹਾਨੂੰ ਚਿੱਠੀ ਪਾਵਾਂਗੇ ਤੇ ਉਹ ਲੈ ਕੇ ਦੱਸੀ ਤਰੀਕ 'ਤੇ ਆ ਜਾਣਾ।

ਦੋ ਮਹੀਨੇ ਲੰਘ ਗਏ, ਕੋਈ ਚਿੱਠੀ ਨਾ ਆਈ। ਅਖੀਰ ਕਰਮੇ ਨੇ ਆਪਣੇ ਡਿਸਟ੍ਰਿਕਟ ਦੇ ਕਾਂਗਰਸਮੈਨ ਨਾਲ ਸੰਪਰਕ ਕਰਕੇ ਸਾਰੀ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਸਭ ਕੁਝ ਲਿਖਤੀ ਭੇਜ ਦਿੱਤਾ। ਕਾਂਗਰਸਮੈਨ ਸਟੋਨੀ ਹੋਅਰ ਨੇ ਦਿੱਲੀ

ਅਮਰੀਕਨ ਐਂਬੈਸੀ ਨਾਲ ਗੱਲਬਾਤ ਕੀਤੀ।

ਦੇਰੀ ਦੇ ਕਾਰਨ ਦਾ ਪਤਾ ਲੱਗਾ। ਸਟੇਟ ਡੀਪਾਰਟਮੈਂਟ ਵਾਸ਼ਿੰਗਟਨ ਡੀ.ਸੀ. ਰਾਹੀਂ ਕੀਤੀ ਗਈ ਪੜਚੋਲ ਅਨੁਸਾਰ ਏਸੇ ਹੀ ਨਾਂ ਦੇ ਪੰਜਾਬ ਤੋਂ ਕਿਸੇ ਬੰਦੇ ਦਾ ਨਾਂ ਅੱਤਵਾਦੀਆਂ ਦੀ ਲਿਸਟ ਵਿਚ ਬੋਲ ਰਿਹਾ ਸੀ ਜਿਸ ਨੂੰ ਫੜਨ ਲਈ ਪੰਜਾਬ ਪੁਲੀਸ ਉਸ ਨੂੰ ਲੱਭ ਰਹੀ ਸੀ। ਕਾਂਗਰਸਮੈਨ ਨੇ ਸਟੇਟ ਡੀਪਾਰਟਮੈਂਟ ਨੂੰ ਝਾੜ ਪਾਈ ਕਿ ਕਿਸੇ ਦਾ ਕਿਸੇ ਨਾਲ ਨਾਂ ਮਿਲ ਸਕਦਾ, ਪਿਤਾ ਦਾ ਨਾਂ ਵੀ ਮਿਲ ਸਕਦਾ, ਜਨਮ ਤਰੀਕ ਵੀ ਮਿਲ ਸਕਦੀ ਹੈ ਪਰ ਘਰ ਦਾ ਨੰਬਰ, ਪਿੰਡ ਸ਼ਹਿਰ ਦਾ ਨਾਮ ਜਾਂ ਬਾਬੇ-ਦਾਦੇ ਦਾ ਨਾਮ ਸਭ ਕੁਝ ਇੱਕ ਹੋਣਾ ਅਸੰਭਵ ਹੈ।

ਕੰਤੇ ਦਾ ਭਿਆਨਕ ਐਕਸੀਡੈਂਟ ਹੋਣਾ, ਹਸਪਤਾਲਾਂ ਵਿਚ ਲਗਾਤਾਰ ਉਸ ਦੀ ਸਾਂਭ-ਸੰਭਾਲ, ਸਾਲਾਂ ਬੱਧੀ ਬਿਸਤਰੇ ’ਤੇ ਕਿਧਰੇ ਪਿੱਠ ਨੂੰ ਲਾਗਾ ਨਾ ਲੱਗ ਜਾਵੇ, ਆਪਣੇ ਮਨੋਬਲ ਨੂੰ ਵੀ ਕਾਇਮ ਰੱਖਣਾ, ਉਸ ਲਈ ਵਧੀਆ ਖ਼ੁਰਾਕ ਦਾ ਪ੍ਰਬੰਧ ਇਤਿਆਦ ਲਈ ਬਹੁਤ ਸਾਰੇ ਮਿੱਤਰਾਂ-ਬੇਲੀਆਂ ਨੇ ਮਦਦ ਦਿੱਤੀ। ਖਾਸ ਕਰਕੇ ਪਿੰਡ ਦੇ ਹਰੀਜਨ ਪਰਵਾਰ ਦੇ ਦੋ ਭਰਾਵਾਂ ਮੱਖਣ ਅਤੇ ਸੁਮੇਸ਼ ਦਿਲਬਰ ਦੇ ਨਾਮ ਵਰਨਣਯੋਗ ਹਨ। ਦਿਲ-ਪ੍ਰਚਾਵੇ ਲਈ ਤਾਸ਼ ਖੇਡਣ ਲਈ ਖਿਡਾਰੀ ਅਤੇ ਹਰ ਵਕਤ ਟੀ.ਵੀ. ਅਤੇ ਰੇਡੀਓ ਦਾ ਪ੍ਰਬੰਧ। ਪਿੰਡ ਤੋਂ ਤਾਜ਼ਾ ਦੁੱਧ-ਘਿਉ, ਸਬਜ਼ੀਆਂ ਨੂੰ ਤਕਰੀਬਨ ਹਰ ਦੂਸਰੇ ਤੀਸਰੇ ਦਿਨ ਹਸਪਤਾਲ ਪੁੱਜਦਾ ਕਰਨਾ। ਏਨਾ ਹੀ ਨਹੀਂ, ਛੋਟੇ ਭਰਾ ਹਰਬੀਰ ਨੇ ਆਪਣੇ ਦੋਸਤ ਬਿੱਟੂ ਅਤੇ ਰਾਮ ਲਾਲ ਨਾਲ ਜ਼ਮੀਨ ਦੇ ਵੱਡੇ ਰਕਬੇ ਉੱਪਰ ਟਰੈਕਟਰ ਨਾਲ ਖੇਤੀਬਾੜੀ ਅਤੇ ਗੰਨੇ ਨੂੰ ਵੱਖ-ਵੱਖ ਸ਼ੂਗਰ ਮਿੱਲਾਂ ਤਕ ਪਹੁੰਚਦਾ ਕਰਨਾ ਅਤੇ ਗੁਰਦਾਸਪੁਰ ਰਹਿੰਦੇ ਅੱਧੇ ਪਰਵਾਰ ਅਤੇ ਬੱਚਿਆਂ ਦੀ ਪੜ੍ਹਾਈ ਦਾ ਖ਼ਿਆਲ ਰੱਖਣਾ। ਹਰਬੀਰ ਦੀ ਨੱਠ-ਭੱਜ, ਜ਼ੁੰਮੇਵਾਰੀਆਂ ਪ੍ਰਤੀ ਲਗਨ ਅਤੇ ਫ਼ਿਕਰ ਨੇ ਇਲਾਕੇ ਵਿੱਚੋਂ ਬਹੁਤ ਵਾਹ-ਵਾਹ ਖੱਟੀ ਸੀ।

ਲੰਬੇ ਸੰਘਰਸ਼ ਤੋਂ ਮਗਰੋਂ ਕੰਤਾ ਵੀਲ੍ਹ-ਚੇਅਰ ’ਤੇ ਡੱਲਸ ਏਅਰ-ਪੋਰਟ ਤੋਂ ਬਾਹਰ ਆ ਰਿਹਾ ਸੀ ਜਿਸ ਨੂੰ ਵੇਖ ਕੇ ਕਰਮੇ ਦੀਆਂ ਭੁੱਬਾਂ ਨਿਕਲ ਗਈਆਂ।

ਸਖ਼ਤ ਦੁਖਦਾਈ ਹਾਲਾਤ ਦਾ ਸਾਹਮਣਾ ਕਰਨਾ ਅਜੇ ਬਾਕੀ ਸੀ।

ਵੀਜ਼ੇ ਦਾ ਮਸਲਾ ਤਾਂ ਹੱਲ ਹੋ ਚੁੱਕਾ ਸੀ?

ਅਤੇ ਕੰਤਾ ਅਮਰੀਕਾ ਆ ਚੁੱਕਾ ਸੀ। ਕਰੀਬ ਇਕ ਮਹੀਨਾ ਲੱਗ ਗਿਆ ਅਤੇ ਅਖ਼ੀਰ ਕੰਤੇ ਦਾ ਇਲਾਜ ਜਾਨ-ਹੋਪਕਿਨ ਵਿਚ ਸ਼ੁਰੂ ਹੋਇਆ ਜੋ ਉਸ ਵਕਤ ਅਮਰੀਕਾ ਦੇ ਪਹਿਲੇ ਤਿੰਨ ਹਸਪਤਾਲਾਂ ਵਿਚ ਆਉਂਦਾ ਸੀ ਜਿਨ੍ਹਾਂ ਨੂੰ ਟੌਪ ਆੱਨਰ ਵਿਚ ਗਿਣਿਆ ਗਿਆ ਸੀ। ਵੈਸੇ ਇਹ ਦੁਨੀਆ ਦੇ ਇਲਾਜ ਪੱਖੋਂ ਉੱਚੀ

ਪੱਧਰ ਦੇ ਦਸ ਹਸਪਤਾਲਾਂ ਵਿਚ ਵੀ ਆਉਂਦਾ ਸੀ। ਏਥੇ ਲਗਾਤਾਰ ਤਿੰਨ ਮਹੀਨੇ ਇਲਾਜ ਚੱਲਿਆ। ਕਰਮੇ ਦੀ ਪਤਨੀ ਆਪਣੇ ਮੈਡੀਕਲ ਫੀਲਡ ਵਿੱਚ ਬਹੁਤ ਨਿਪੁੰਨ ਸੀ ਜਿਸ ਨੂੰ ਹੁਣ ਤਕ ਆਪਣੀ ਕਾਰਗੁਜ਼ਾਰੀ ਲਈ ਕਈ ਇਨਾਮ ਤਕ ਮਿਲ ਚੁੱਕੇ ਸਨ। ਉਸ ਦੀ ਲਿਆਕਤ ਅਤੇ ਪੇਨ ਸਪੈਸ਼ਲਿਸਟ ਸਟਾਫ ਦੀ ਸਹਾਇਤਾ ਨਾਲ ਮੈਰੀਲੈਂਡ ਸਟੇਟ ਨੂੰ ਇਕ ਦਰਖ਼ਾਸਤ ਕੀਤੀ ਗਈ ਕਿ ਅਗਰ ਉਹ ਇਲਾਜ ਦੇ ਖ਼ਰਚੇ ਲਈ ਕੁਝ ਮਦਦ ਦੇ ਸਕਣ। ਕੁਝ ਮਦਦ ਸਟੇਟ ਵੱਲੋਂ ਮਨਜ਼ੂਰ ਹੋ ਗਈ।

ਜਾਨ ਹੋਪਕਿਨ ਵਿਚ ਕੰਤੇ ਦਾ ਇਲਾਜ ਬੜੇ ਅਜੀਬ ਤਰੀਕੇ ਨਾਲ ਕੀਤਾ ਗਿਆ। ਉਸ ਦੀ ਸੱਜੀ ਲੱਤ ਦੇ ਚੂਲੇ ਵਾਲੇ ਜ਼ਖ਼ਮ ਨੂੰ ਪਹਿਲਾਂ ਅੰਦਰੋਂ ਕੱਟ ਵੱਢ ਕੇ ਸਾਫ਼ ਕੀਤਾ ਗਿਆ। ਚਾਰ ਸਰਜਰੀਆਂ ਤੋਂ ਬਾਅਦ ਖੁੱਲ੍ਹੇ ਜ਼ਖ਼ਮ ਨੂੰ ਮੈਡੀਕੇਟਡ ਪਾਣੀ ਦੀ ਚੱਲਦੀ ਤੇਜ਼ ਧਾਰਾ ਵਿਚ ਕਰੀਬ ਹਫ਼ਤੇ ਦੇ ਚਾਰ ਦਿਨ ਇੱਕ-ਇੱਕ ਘੰਟਾ ਰੱਖਿਆ ਜਾਂਦਾ। ਜੋ ਕੋਈ ਵੀ ਪਹਿਲੀ ਵਾਰ ਖ਼ਬਰ ਲੈਣ ਜਾਂਦਾ ਉਹ ਮੁੜ ਦੂਸਰੀ ਵਾਰ ਜਾਣ ਦੀ ਹਿੰਮਤ ਨਹੀਂ ਸੀ ਕਰਦਾ। ਕੰਤੇ ਦੀਆਂ ਕੁਰਲਾਹਟਾਂ ਨੂੰ ਵੇਖਣਾ-ਸੁਣਨਾ ਔਖਾ ਹੋ ਗਿਆ ਸੀ। ਕੰਤੇ ਨੂੰ ਕਮਰੇ ਵਿਚ ਕਦੀ ਇਕੱਲਿਆਂ ਨਹੀਂ ਸੀ ਛੱਡਿਆ ਗਿਆ। ਹਮੇਸ਼ਾ ਕੋਈ ਨਾ ਕੋਈ ਘਰ ਦਾ ਜੀਅ, ਰਿਸ਼ਤੇਦਾਰ ਜਾਂ ਸੱਜਣ-ਬੇਲੀ ਕੋਲ ਹੁੰਦਾ। ਕਰਮੇ ਨੂੰ ਉਹ ਦਿਨ ਨਹੀਂ ਭੁੱਲਦਾ ਜਦੋਂ ਉਸ ਨੇ ਕੰਤੇ ਨੂੰ ਬਿਸਤਰੇ ’ਤੇ ਪਏ ਨੂੰ ਤੜਫ਼ਦਿਆਂ ਤੇ ਯੱਕ-ਦਮ ਸ਼ਾਂਤ ਹੁੰਦੇ ਵੇਖਿਆ। ਉੱਚੀ ਰੌਲਾ ਪਾਉਣ ਤੇ ਬਾਹਰੋਂ ਆ ਕੇ ਨਰਸ ਦੇ ਜਦ ਵਾਈਟਲਜ਼ ਮੋਨੀਟਰ ਉੱਪਰ ਨਜ਼ਰ ਮਾਰੀ ਤਾਂ ਉਸ ਨੇ ਬਲਿਊ-ਕੋਡ ਦਾ ਅਲਾਰਮ ਵਜਾ ਦਿੱਤਾ। ਦੋ ਮਿੰਟਾਂ ਵਿਚ ਹੀ ਕਰੀਬ ਪੰਦਰਾਂ ਡਾਕਟਰ ਕਮਰੇ ਅੰਦਰ ਆ ਚੁੱਕੇ ਸਨ ਤੇ ਕਰਮੇ ਨੂੰ ਕਮਰੇ ਵਿੱਚੋਂ ਬਾਹਰ ਕਰ ਦਿੱਤਾ ਸੀ।

ਕਿਧਰੇ ਕਰਮਾ ਖੁਲ੍ਹੇ ਪਾਣੀ ਅੰਦਰ ਹੋ ਰਹੇ ਇਲਾਜ ਤੋਂ ਕਿਆਸ-ਅਰਾਈਆਂ ਲਾਉਂਦਾ ਕਿ ਪੂਰੀ ਤਰ੍ਹਾਂ ਠੀਕ ਹੋਣ ਤੇ ਕੰਤੇ ਨੂੰ ਨਿਆਗਰਾ-ਫਾਲ ਦੇ ਪਾਣੀ ਦੇ ਚਸ਼ਮੇ ਦੀਆਂ ਗੂੰਜਾਂ ਦੇ ਨਜ਼ਾਰੇ ਵਿਖਾਵਾਂਗੇ ਤੇ ਕਿਧਰੇ ਅੰਦਰ ਡਾਕਟਰਾਂ ਦੀ ਫ਼ੌਜ ਦਾ ਆਣ ਪਹੁੰਚਣਾ।

ਬੰਦਾ ਦੌੜ-ਭੱਜ ਕਰਦਾ ਥੱਕ ਜਾਂਦਾ, ਪਰ ਕਾਦਰ ਦੀ ਕੁਦਰਤ ਕਦੇ ਵੀ ਆਪਣੀ ਚਾਲ ਨੂੰ ਬੇ-ਚਾਲ ਨਹੀਂ ਹੋਣ ਦੇਂਦੀ।

ਸ਼ੁਰੂ ਵਿਚ ਹੀ ਭਾਵ ਪਹਿਲੇ ਦਿਨ ਜਦ ਏਸ ਹਸਪਤਾਲ ਵਿਚ ਡਾਕਟਰਾਂ ਨਾਲ ਲੰਬੀ ਮੀਟਿੰਗ ਹੋਈ ਜਿਸ ਦੌਰਾਨ ਉਨ੍ਹਾਂ ਦੱਸ ਦਿੱਤਾ ਸੀ ਕਿ ਜਿਸ ਸਟੇਜ ’ਤੇ ਇੰਨਫੈਕਸ਼ਨ ਪਹੁੰਚ ਚੁੱਕੀ ਹੈ ਕੋਈ ਗਾਰੰਟੀ ਨਹੀਂ ਕਿ ਇਹ ਪੂਰੀ ਤਰ੍ਹਾਂ ਖ਼ਤਮ

ਹੀ ਹੋ ਜਾਵੇ। 65% ਦਾ ਭਰੋਸਾ ਉਨ੍ਹਾਂ ਜ਼ਰੂਰ ਦਿੱਤਾ ਸੀ। ਪਰ ਸਦਕੇ ਜਾਈਏ ਏਥੋਂ ਦੇ ਡਾਕਟਰਾਂ ਦੀ ਕਰਾਮਾਤ ਦੇ ਜਿਨ੍ਹਾਂ ਇਨਫੈਕਸ਼ਨ ਨੂੰ ਸੌ ਫੀਸਦੀ ਜੜ੍ਹਾਂ ਤੋਂ ਪੁੱਟ ਦਿੱਤਾ !

ਤਿੰਨ ਮਹੀਨੇ ਦੇ ਕਠਿਨ ਇਲਾਜ ਮਗਰੋਂ ਛੁੱਟੀ ਮਿਲੀ ਤੇ ਕੰਤੇ ਨੂੰ ਘਰ ਲਿਆਂਦਾ ਗਿਆ। ਕੁਝ ਦਿਨ ਮਗਰੋਂ ਗਰੇਟਰ ਸਾਊਥ-ਈਸਟ ਹਸਪਤਾਲ, ਵਾਸ਼ਿੰਗਟਨ ਡੀ.ਸੀ. ਵਿਖੇ ਫਿਜ਼ੀਓਥੈਰੇਪੀ ਸ਼ੁਰੂ ਕੀਤੀ ਗਈ। ਲਗਾਤਾਰ ਇਕ ਮਹੀਨਾ।

ਬੇਖ਼ੌਫ਼ ਦਲੇਰ ਲੋਕ ਚਾਹੇ ਕਿਸੇ ਵੀ ਖੇਮੇ ਵਿਚ ਵਿਚਰਦੇ ਹੋਵਣ ਉਨ੍ਹਾਂ ਨਾਲ ਮੁਸੀਬਤਾਂ ਕੁਝ ਇੰਝ ਤੁਰਦੀਆਂ ਨੇ ਜਿਵੇਂ ਉਨ੍ਹਾਂ ਦੇ ਬੜੇ ਗੂੜ੍ਹੇ ਯਾਰ-ਮਿੱਤਰ ਹੋਵਣ !

ਅਜੇ ਘੱਟੋ-ਘੱਟ ਥੈਰੇਪੀ ਦੋ ਮਹੀਨੇ ਹੋਰ ਚੱਲਣੀ ਸੀ ਪਰ ਪਿੱਛੇ ਪਿੰਡ ਜਾਣ ਦੀ ਕਾਹਲ ਹੋ ਗਈ। ਕੰਤਾ ਇਲਾਜ ਕਰਵਾਉਣ ਅਮਰੀਕਾ ਦਸੰਬਰ 1997 ਨੂੰ ਆਇਆ ਤੇ ਮਈ ਦੇ ਅਖੀਰ 1998 'ਚ ਪਿੰਡ ਚਲਾ ਗਿਆ। ਉਹ ਪਿਛਲੇ ਕਈਆਂ ਸਾਲਾਂ ਤੋਂ ਸਰਪੰਚ ਚਲਿਆ ਆ ਰਿਹਾ ਸੀ। ਸਰਪੰਚੀ ਲਈ ਕਾਗਜ਼ ਨਾ ਭਰ ਸਕਿਆ ਪਰ ਛੋਟੇ ਭਰਾ ਹਰਬੀਰ ਨੇ ਸਰਪੰਚੀ ਲਈ ਕਾਗਜ਼ ਭਰ ਦਿੱਤੇ ਸਨ। ਵੋਟਾਂ ਤੋਂ ਇਕ ਦਿਨ ਪਹਿਲਾਂ ਕੰਤੇ ਦੇ ਪਹੁੰਚਣ 'ਤੇ ਹਵੇਲੀ ਅੰਦਰ ਮਹਿਫ਼ਲਾਂ ਆਣ ਜੁੜੀਆਂ। ਵਿਆਹ ਵਰਗਾ ਮਾਹੌਲ ਬਣ ਚੁੱਕਾ ਸੀ। ਬੱਕਰੇ ਤੇ ਦੇਸੀ ਸ਼ਰਾਬ ਤੇ ਕੁਝ ਬਲੈਕ ਲੇਬਲ ਦੀਆਂ ਬੋਤਲਾਂ। ਹਰਬੀਰ ਸਰਪੰਚ ਬਣ ਚੁੱਕਾ ਸੀ। ਤੂਫ਼ੈਲ ਦਾ ਵਾਜਾ 'ਆਖੇ ਅਕਬਰ ਬਾਦਸ਼ਾਹ' ਤੇ ਕਦੇ 'ਲੱਧੀ ਮੱਤਾਂ ਦੇਂਵਦੀ' ਤੇ ਕਦੇ 'ਚਿੱਟਾ ਹੋ ਗਿਆ ਲਹੂ ਭਰਾਉ' ਆਪਣੇ ਰੰਗ ਬੰਨ੍ਹ ਰਿਹਾ ਸੀ।

ਹੁਣ ਤਕ ਗੁਰਦਾਸਪੁਰ ਦੀ ਜੇਲ੍ਹ ਦੇ ਬਿਲਕੁਲ ਨਾਲ ਕਰੀਬ 15 ਮਰਲਿਆਂ ਵਿਚ ਦੋ-ਮੰਜ਼ਲੀ ਕੋਠੀ ਵੀ ਬਣ ਚੁੱਕੀ ਸੀ।

2003 ਵਿਚ ਸਾਰਾ ਪਰਵਾਰ ਅਮਰੀਕਾ ਆ ਗਿਆ ਪੱਕੀ ਤਰ੍ਹਾਂ। ਕਰਮੇ ਨੇ 1989 ਵਿਚ ਪਿੱਛੇ ਰਹਿੰਦੇ ਸਾਰੇ ਭੈਣਾਂ-ਭਰਾਵਾਂ ਲਈ ਅਪਲਾਈ ਕਰ ਛੱਡਿਆ ਸੀ। ਸ਼ਾਇਦ ਏਨੇ ਸਾਲ ਨਾ ਲੱਗਦੇ ਜੇਕਰ ਕਰਮੇ ਵੱਲੋਂ ਕੀਤੇ ਵਕੀਲ ਨੇ ਸਹੀ ਪਹੁੰਚ ਵਰਤੀ ਹੁੰਦੀ। ਇਹ ਤਾਂ ਕਰਾਮਾਤ ਕਰਮੇ ਦੀ ਪਤਨੀ ਨੇ ਕੀਤੀ ਜਿਸ ਨੇ ਇਮੀਗਰੇਸ਼ਨ ਵਾਲਿਆਂ ਨਾਲ ਮੱਥਾ ਮਾਰ ਕੇ ਖਲ੍ਹੋ ਚੁੱਕੀਆਂ ਫ਼ਾਈਲਾਂ ਨੂੰ ਹਰਕਤ ਵਿਚ ਲਿਆਂਦਾ ਸੀ। ਇੱਕ ਤੋਂ ਡੇਢ ਸਾਲਾਂ ਦੇ ਦਰਮਿਆਨ 19 ਪਰਿਵਾਰਕ ਮੈਂਬਰ ਅਮਰੀਕਾ ਆ ਚੁੱਕੇ ਸਨ।

ਸਕੂਲ ਜਾਣ ਵਾਲੇ ਸਕੂਲ-ਬੱਸ ਵਿਚ ਚਲੇ ਜਾਂਦੇ। ਕੁਝ ਨੇ ਥੋੜ੍ਹੇ ਮੈਡੀਕਲ

ਕੋਰਸ ਕਰਕੇ ਹਸਪਤਾਲਾਂ ਵਿਚ ਨੌਕਰੀਆਂ ਸ਼ੁਰੂ ਕਰ ਲਈਆਂ। ਕਰਮੇ ਹੁਰਾਂ ਦੇ ਦੋ ਲਾਗੇ-ਲਾਗੇ ਘਰ ਸਨ ਜਿਨ੍ਹਾਂ ਦੇ ਕੁੱਲ 10 ਕਮਰੇ ਬਣਦੇ ਸਨ। ਕਰੀਬ ਇਕ ਸਾਲ ਬਾਅਦ ਕਿਰਨ-ਮ-ਕਿਰਨੀ ਸਾਰੇ ਹੌਲੀ-ਹੌਲੀ ਸੈੱਟ ਹੁੰਦੇ ਗਏ।

ਨਵੀਂ ਧਰਤੀ, ਨਵੇਂ ਲੋਕ, ਨਵੀਂ ਬੋਲੀ, ਨਵਾਂ ਸੱਭਿਆਚਾਰ, ਨਵੇਂ-ਨਵੇਂ ਕਾਨੂੰਨਾਂ ਵਿਚ ਸਿਮਟ ਕੇ ਜ਼ਿੰਦਗੀ ਨੂੰ ਨਵੇਂ ਸਿਰਿਉਂ ਬੰਨ੍ਹ ਕੇ ਚਲਾਉਣ ਦੇ ਆਦੀ ਹੋਣਾ, ਇਹ ਸੌਖਾ ਨਹੀਂ ਹੁੰਦਾ।

ਸ਼ੁਰੂ ਵਿਚ ਤਾਂ ਕਿਉਂਕਿ ਸਾਰੇ ਵਿਹਲੇ ਸਨ ਇਸ ਕਰਕੇ ਤਾਸ਼ ਬਹੁਤ ਖੇਡੀ ਜਾਂਦੀ ਸੀ। ਜਦ ਸਾਰੇ ਕੰਮਾਂ ’ਤੇ ਲੱਗ ਗਏ ਤਾਂ ਕੰਤੇ ਲਈ ਬਹੁਤਾ ਆਹਰ ਨਾ ਰਿਹਾ। ਹੁਣ ਤਕ ਉਸ ਦੀ ਸਿਹਤ ਵੀ ਲਾਲੀ ਫੜ ਚੁੱਕੀ ਸੀ। ਵਾਲਡੋਰਫ ਮੋਟਰ ਵਹੀਕਲ ਐਡਮਿਨਿਸਟਰੇਸ਼ਨ (M.V.A.) ਦੇ ਦਫ਼ਤਰ ਜਾ ਵੜਿਆ। ਪਤਾ ਨਹੀਂ ਡਰਾਇਵਿੰਗ ਲਾਇਸੈਂਸ ਬਣਾਉਣ ਦਾ ਖ਼ਿਆਲ ਕਿੱਥੋਂ ਆ ਗਿਆ ! ਦੋਹਾਂ ਹੱਥਾਂ ਵਿਚ ਭੌਂੜੀਆਂ। ਢਾਈ ਜਮਾਤਾਂ ਪੜ੍ਹੇ ਨੂੰ ਅੰਗਰੇਜ਼ੀ ?

ਅਖੇ, ਲਾਇਸੈਂਸ ਲੈਣ ਆਇਆਂ !

ਐੱਮ.ਵੀ.ਏ. ਵਾਲੇ ਵੇਖ ਅੰਦਰੋ-ਅੰਦਰੀ ਮੁਸਕਰਾਏ। ਸੱਜੀ ਲੱਤ ਤੋਂ ਬਿਨਾਂ ਗੱਡੀ। ਐੱਮ.ਵੀ.ਏ. ਅਫ਼ਸਰ ਦੇ ਇਨ੍ਹਾਂ ਸ਼ਬਦਾਂ ਨੇ ਕੰਤੇ ਨੂੰ ਘਰ ਤੋਰ ਦਿੱਤਾ।

"ਪਹਿਲਾਂ ਆਪਣੇ ਡਾਕਟਰ ਤੋਂ ਲਿਖਵਾ ਕੇ ਲਿਆਓ ਕਿ ਤੁਸੀਂ ਗੱਡੀ ਚਲਾ ਸਕੋਗੇ।" ਲੇਡੀ ਡਾਕਟਰ ਜੋ ਪਿੱਛੋਂ ਦਿੱਲੀ ਤੋਂ ਸੀ ਉਸ ਨੇ ਕੰਤੇ ਦੇ ਬਲੱਡ ਟੈਸਟ ਕੀਤੇ। ਕਰਮਾ ਆਪਣੇ ਕੰਮ ’ਤੇ ਗੱਡੀ ਵਿਚ ਡਾਕ ਵੰਡ ਰਿਹਾ ਸੀ ਜਦੋਂ ਉਸ ਨੂੰ ਡਾਕਟਰ ਆਰ. ਐੱਸ. ਔਜਲਾ ਦਾ ਫ਼ੋਨ ਆਇਆ ਜਿਸ ਨੂੰ ਸੁਣ ਕੇ ਕਰਮਾ ਸੁੰਨ ਹੋ ਗਿਆ। ਡਾ. ਔਜਲਾ ਅਤੇ ਡਾ. ਜੇ. ਐੱਸ. ਸਿੱਧੂ ਜਿਨ੍ਹਾਂ ਕੋਲ ਕੰਤੇ ਦੀ ਰੈਗੂਲਰ ਚੈੱਕਅੱਪ ਹੁੰਦੀ ਸੀ। ਡਾ. ਔਜਲਾ ਨੈਫਰਾਲੋਜੀ ਵਿਭਾਗ ਦਾ ਮੁਖੀ ਸੀ।

ਲੇਡੀ ਡਾਕਟਰ ਨੇ ਡਾ. ਔਜਲਾ ਨੂੰ ਜਦ ਬਲੱਡ ਟੈਸਟ ਦੀ ਰਿਪੋਰਟ ਭੇਜੀ ਤਾਂ ਡਾ. ਔਜਲਾ ਨੇ ਕਰਮੇ ਨੂੰ ਕਿਹਾ ਕਿ ਛੇਤੀ ਆਪਣੇ ਭਾਈ ਸਾਹਿਬ ਨੂੰ ਸ਼ੈਵਰਲੀ ਹਸਪਤਾਲ ਲੈ ਕੇ ਪਹੁੰਚੋ। ਉਸ ਨੇ ਪਹਿਲਾਂ ਹੀ ਹਸਪਤਾਲ ਦੇ ਡਾਇਲੇਸੱਸ ਸੈਂਟਰ ਵਿਚ ਪ੍ਰਬੰਧ ਕਰਵਾ ਦਿੱਤਾ ਸੀ। ਡਾ. ਔਜਲਾ ਏਸ ਹਸਪਤਾਲ ਵਿਚ ਪਿਛਲੇ 25 ਸਾਲਾਂ ਤੋਂ ਕੰਮ ਕਰ ਰਿਹਾ ਸੀ।

ਕੰਤੇ ਦੀਆਂ ਦੋਨੋਂ ਕਿਡਨੀਆਂ ਨਕਾਰਾ ਹੋ ਚੁੱਕੀਆਂ ਸਨ।

ਬੰਦੇ ਨੂੰ ਕਦੇ ਵੀ ਆਸਾਂ-ਉਮੀਦਾਂ ਨਹੀਂ ਛੱਡਣੀਆਂ ਚਾਹੀਦੀਆਂ। ਸਦਾ ਨਵੇਂ ਰਾਹਾਂ ਦੀ ਖੋਜ, ਨਵੀਆਂ ਪਰਤਾਂ ਅਤੇ ਨਵੇਂ ਦਿਸਹੱਦੇ ਲੱਭਣ ਵਿਚ ਸਹਾਈ ਹੁੰਦੀਆਂ ਨੇ।

ਹੁਣ ਦਿੱਲੀ ਦੂਰ ਨਹੀਂ ਸੀ। ਚਮਤਕਾਰ ਹੀ ਸਮਝਿਆ ਜਾ ਸਕਦਾ ਸੀ। ਅਮਰੀਕਾ ਵਰਗੇ ਦੇਸ਼ ਅੰਦਰ ਉਸ ਸਮੇਂ ਲੋੜਵੰਦਾਂ ਨੂੰ ਕਿਡਨੀ ਲਈ 5-5 ਸਾਲ ਉਡੀਕ ਕਰਨੀ ਪੈਂਦੀ ਸੀ।

ਜ਼ਿੰਦਗੀ ਵਿਚ ਕਈ ਵਾਰ ਮਾਮੂਲੀ ਚੀਜ਼ ਹਾਸਲ ਕਰਨਾ ਵੱਡਾ ਮਸਲਾ ਬਣ ਖਲੋਂਦਾ ਪਰ ਕਦੇ-ਕਦੇ ਬਹੁਤ ਕਠਨ ਸੁਆਲ ਵੀ ਇਕ ਚੁਟਕੀ ਵਿਚ ਹੱਲ ਹੋ ਨਿਬੜਦੇ ਨੇ। ਏਥੇ ਕੁਝ ਏਸੇ ਤਰ੍ਹਾਂ ਹੀ ਵਾਪਰਿਆ। ਕਰਮੇ ਦੇ ਇਕ ਮਿੱਤਰ ਕੋਲ ਉਸ ਦਾ ਕੋਈ ਜਾਣ-ਪਛਾਣ ਵਾਲਾ ਦਿੱਲੀ ਤੋਂ ਜੋ ਡਾਕਟਰੀ ਦੀ ਪੜ੍ਹਾਈ ਕਰ ਰਿਹਾ ਸੀ, ਆਇਆ। ਉਸ ਨੇ ਦਿੱਲੀ ਆਪਣੇ ਕਿਸੇ ਜਾਣੂ ਡਾਕਟਰ ਨਾਲ ਗੱਲਬਾਤ ਕੀਤੀ। ਕੰਤੇ ਦੀ ਸਾਰੀ ਮੈਡੀਕਲ ਹਿਸਟਰੀ ਉਸ ਨੂੰ ਭੇਜ ਦਿੱਤੀ। ਕੁਝ ਹੀ ਦਿਨਾਂ ਵਿਚ ਉਸ ਨੇ ਕਿਹਾ ਕਿ ਜਲਦੀ ਦਿੱਲੀ ਪਹੁੰਚੋ। ਕੰਤਾ ਆਪਣੀ ਪਤਨੀ ਨਾਲ ਦਿੱਲੀ ਭੇਜਿਆ ਗਿਆ।

ਹੁਣ ਤਕ ਦਿੱਲੀ ਵਾਲਾ ਡਾਕਟਰ ਜੌਹਰ-ਟਾਊਨ ਲਾਹੌਰ (ਪਾਕਿਸਤਾਨ) ਡਾਕਟਰਾਂ ਨਾਲ ਕੰਤੇ ਦੀ ਮੈਡੀਕਲ ਹਿਸਟਰੀ ਸਾਂਝੀ ਕਰ ਚੁੱਕਾ ਸੀ। ਨਵੇਂ ਸਿਰਿਉਂ ਸਾਰੇ ਟੈਸਟ ਕਰਨ ਤੋਂ ਬਾਅਦ 21 ਦਿਨਾਂ ਮਗਰੋਂ ਦੋਨੋਂ ਜਣੇ ਲਾਹੌਰ ਪਹੁੰਚ ਗਏ। ਕਿਉਂਕਿ ਮੈਚਿੰਗ ਕਿਡਨੀ ਡੋਨਰ ਲੱਭ ਲਿਆ ਗਿਆ ਸੀ। ਕਰਮੇ ਨੇ ਫ਼ੋਨ ਕਰਕੇ ਕਿਹਾ ਕਿ ਕਿਡਨੀ ਟਰਾਂਸਪਲਾਂਟ ਕਰਨ ਤੋਂ ਪਹਿਲਾਂ ਕਰਤਾਰਪੁਰ ਸਾਹਿਬ ਬਾਬੇ ਨਾਨਕ ਦਾ ਅਸ਼ੀਰਵਾਦ ਲੈ ਆਇਉ। ਡਾਕਟਰ ਰਜ਼ਾਮੰਦ ਹੋ ਗਏ। ਉਨ੍ਹਾਂ ਨੇ ਹੀ ਗੱਡੀ ਦਾ ਪ੍ਰਬੰਧ ਕਰ ਦਿੱਤਾ। ਚਾਲੇ ਪੈ ਗਏ। ਅਜੇ ਸਵੇਰੇ-ਸਵੇਰੇ ਤੜਕਾ ਹੀ ਸੀ। ਨਾਰੋਵਾਲ ਆ ਕੇ ਇਕ ਦੁਕਾਨ ਖੁਲ੍ਹਵਾ ਕੇ ਕੈਮਰਾ ਖਰੀਦਿਆ। ਦੁਕਾਨਦਾਰ ਨੇ ਬੜੇ ਪਿਆਰ ਨਾਲ ਚਾਹ-ਪਾਣੀ ਦੀ ਸੇਵਾ ਕੀਤੀ। ਕੰਤੇ ਨੇ ਇਕ ਵਾਰ ਤਾਂ ਦਿਲ ਅੰਦਰ ਜ਼ਰੂਰ ਕਿਹਾ ਹੋਵੇਗਾ ਬਾਬਾ ਮੇਹਰਾਂ ਰੱਖੀਂ, ਵਾਪਿਸ ਪਿੰਡ ਦੇ ਕੋਠੇ ਉੱਤੇ ਚੜ੍ਹ ਕੇ ਤੇਰਾ ਧੰਨਵਾਦ ਜ਼ਰੂਰ ਕਰਾਂਗਾ! ਪਿੰਡ ਹਵੇਲੀਆ ਦੇ ਉੱਤਰ-ਪੱਛਮ ਵੱਲ ਕਰਤਾਰਪੁਰ ਸਾਫ਼ ਲਿਸ਼ਕਦਾ ਸੀ।

ਕਿਡਨੀ ਬਦਲੀ ਗਈ ਤੇ ਇਕ ਹਫ਼ਤੇ ਮਗਰੋਂ ਕੰਤਾ ਅਤੇ ਉਹਦੀ ਪਤਨੀ ਦੋਨੋਂ ਵਾਪਿਸ ਦਿੱਲੀ ਆ ਗਏ। ਇਥੇ ਇਕ ਮਹੀਨਾ ਰਹਿਣ ਮਗਰੋਂ ਡਾਕਟਰਾਂ ਨੇ ਘਰ ਜਾਣ ਲਈ ਇਜਾਜ਼ਤ ਦੇ ਦਿੱਤੀ। ਦੋਨੋਂ ਪਿੰਡ ਹਵੇਲੀਆਂ ਆ ਗਏ। ਪਰ ਕਿਡਨੀ ਟਰਾਂਸਪਲਾਂਟ ਦੀ ਖੁਸ਼ੀ ਬਹੁਤਾ ਚਿਰ ਨਾ ਨਿਭੀ।

ਕਦੇ-ਕਦੇ ਕੁਝ ਘਟਨਾਵਾਂ ਤੁਹਾਨੂੰ ਮਾਨਸਿਕ ਤੌਰ 'ਤੇ ਏਨਾ ਹਿਲਾ ਕੇ ਰੱਖ ਦੇਂਦੀਆਂ ਹਨ ਕਿ ਇਨਸਾਨ ਆਪਣੀ ਸੁੱਧ-ਬੁੱਧ ਹੀ ਗਵਾ ਬੈਠਦਾ ਹੈ। ਉਸ ਲਈ ਮੁੜ ਪੈਰਾਂ ਸਿਰ ਆਉਣਾ, ਆਪਣੇ ਆਪ ਨੂੰ ਦਿਮਾਗ਼ੀ ਤੌਰ 'ਤੇ ਕਾਇਮ ਕਰਨਾ ਨਾਮੁਮਕਿਨ ਹੋ ਜਾਂਦਾ ਹੈ। ਕਈ ਵਾਰ ਲੱਗਦਾ ਹੈ ਕਿ ਜਿਵੇਂ ਵਕਤ ਦੇ ਪੈਰੀਂ ਬੇੜੀਆਂ ਆ ਪਈਆਂ ਹੋਵਣ।

(14)

## ਵਕਤ ਆਖਰੀ ਜਦ ਵੇਖੇਂਗਾ, ਤੇਰੇ ਨਾਲ ਕਿਸੇ ਨਹੀਂ ਜਾਣਾ
## ਝੂਠੇ ਦਾਵੇ ਲੋਕੀਂ ਕਰਦੇ, ਤੇਰੇ ਤੋਂ ਬਿਨ ਅਸਾਂ ਨਹੀਂ ਰਹਿਣਾ!

ਹਵੇਲੀ ਅੰਦਰ ਕਹਿਰ ਢਹਿ ਚੁੱਕਾ ਸੀ। ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਦੇ ਅਰਬਨ ਐਸਟੇਟ ਵਿੱਚ ਪ੍ਰੋਫ਼ੈਸਰ ਨਿੰਮੇ ਦੀ ਬਹੁਤ ਹੀ ਭੇਦਭਰੀ ਹਾਲਤ ਵਿਚ ਮੌਤ ਹੋ ਚੁੱਕੀ ਸੀ। ਜਿਸ ਬੰਦੇ ਨੇ ਸਾਰੀ ਜ਼ਿੰਦਗੀ ਕਦੇ ਹਾਰ ਨੂੰ ਆਪਣੇ ਲਾਗੇ ਨਹੀਂ ਸੀ ਆਉਣ ਦਿੱਤਾ ਉਹ ਅੱਜ ਜ਼ਿੰਦਗੀ-ਮੌਤ ਦੀ ਲੜਾਈ ਵਿੱਚੋਂ ਬੁਰੀ ਤਰ੍ਹਾਂ ਹਾਰ ਗਿਆ।

ਪੰਜਾਬ ਦੇ ਸਭ ਅਗਾਂਹਵਧੂ ਅਦਾਰਿਆਂ ਨੇ ਪ੍ਰੋ. ਨਿੰਮੇ ਦੀ ਅਚਾਨਕ ਮੌਤ ਲਈ ਦੱਬੀ ਜ਼ੁਬਾਨ ਵਿਚ ਯੂਨੀਵਰਸਿਟੀ ਦੇ ਤੱਤਕਾਲੀ ਵੀ. ਸੀ. ਅਤੇ ਕੁਝ ਪ੍ਰੋ. ਨਿੰਮੇ ਦੇ ਰਹਿ ਚੁੱਕੇ ਯਾਰਾਂ-ਦੋਸਤਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਿਨ੍ਹਾਂ ਵਿੱਚੋਂ ਇਕ ਗੁਰਦਾਸਪੁਰ ਜ਼ਿਲ੍ਹੇ ਦਾ ਪ੍ਰੋਫ਼ੈਸਰ ਵੀ ਸੀ।

ਕਰਮੇ ਨੇ ਅਮਰੀਕਾ ਤੋਂ ਹਿੰਦੋਸਤਾਨ ਦੀ ਤਿਆਰੀ ਕਰ ਲਈ। ਜਹਾਜ਼ ਨੇ ਅਮਰੀਕਾ ਤੋਂ ਕੈਨੇਡਾ ਰਾਹੀਂ ਦਿੱਲੀ ਜਾਣਾ ਸੀ। ਕੈਨੇਡਾ ਦੀ ਇਮੀਗਰੇਸ਼ਨ ਦੇ ਕੀਤੇ ਕੁਝ ਸੁਆਲਾਂ ਨੇ ਕਰਮੇ ਦੇ ਕੰਨ ਖੜ੍ਹੇ ਕਰਾ ਦਿੱਤੇ। ਕਰਮੇ ਦੇ ਗੋਲ-ਮੋਲ ਜਵਾਬਾਂ ਨੇ ਉਸ ਨੂੰ ਇਮੀਗਰੇਸ਼ਨ 'ਚ ਲੰਘ ਜਾਣ ਦਿੱਤਾ। ਸ਼ਾਇਦ ਉਨ੍ਹਾਂ ਨੂੰ ਕਰਮੇ ਦੇ ਭਾਈ ਦੀ ਮੌਤ ਨੇ ਥੋੜ੍ਹਾ ਤਰਸਯੋਗ ਬਣਾ ਦਿੱਤਾ ਸੀ। ਵਾਪਸੀ ਵੇਲੇ ਉਹੀ ਹੋਇਆ ਜਿਸ ਦਾ ਕਰਮੇ ਨੂੰ ਡਰ ਸੀ।

'ਕੀ ਤੂੰ ਕਦੇ ਪਹਿਲਾਂ ਕੈਨੇਡਾ ਵਿਚ ਰਹਿ ਚੁੱਕਾ ਏਂ?'

........................

'ਤੇਰੇ ਪਿਤਾ ਦਾ ਨਾਮ ਕੀ ਹੈ?'

...........................

'ਤੇ ਮਾਤਾ ਦਾ ਨਾਮ?'

........................

'ਤੇਰੇ ਪਿੰਡ ਦਾ ਨਾਮ ਕੀ ਏ?'

...........................

'ਕੀ ਤੂੰ ਉਹੀ ਨਹੀਂ ਜਿਹੜਾ ਕਰੀਬ 6 ਮਹੀਨੇ ਐਡਮਿੰਟਨ ਅਲਬਰਟਾ ਰਹਿ ਕੇ ਭਗੌੜਾ ਹੋ ਗਿਆ ਸੀ?'

ਕਰਮਾ ਚੁੱਪ ਸੀ। ਜਿਵੇਂ ਕਿਸੇ ਡੂੰਘੀ ਸੋਚ ਵਿਚ ਉੱਤਰਦਾ ਹੋਇਆ ਡੂੰਘੇ ਪਾਣੀਆਂ ਦੇ ਅੰਦਰ ਜਾ ਰਿਹਾ ਹੋਵੇ।

'ਆਰ.ਸੀ. ਐੱਮ.ਪੀ. ਦੀ ਗ਼ਲਤੀ ਕਾਰਨ ਤੇਰੀ ਜ਼ਮਾਨਤ ਕਿਸੇ ਹੋਰ ਸਿੰਘ ਨਾਲ ਮਿਲਦੀ-ਜੁਲਦੀ ਹੋ ਗਈ ਤੇ ਉਨ੍ਹਾਂ ਤੈਨੂੰ ਛੱਡ ਦਿੱਤਾ। ਫਿਰ ਤੂੰ ਹਮੇਸ਼ਾਂ ਲਈ ਲਾਪਤਾ ਹੋ ਗਿਆ।'

'ਅਗਰ ਸੱਚੋ-ਸੱਚ ਦੱਸ ਦੇਵੇਂਗਾ ਤਾਂ ਸ਼ਾਇਦ ਅਸੀਂ ਤੈਨੂੰ ਛੱਡ ਵੀ ਸਕਦੇ ਹਾਂ।'

ਕਰਮੇ ਨੂੰ ਪੰਜਾਬ ਪੁਲੀਸ ਯਾਦ ਆ ਗਈ। ਇੰਝ ਕਹਿ ਕੇ ਕਿਸ ਤਰ੍ਹਾਂ ਇਹ ਪੁਲਿਸ ਵਾਲੇ ਸੱਚ ਉਗਲਾ ਲੈਂਦੇ ਸਨ ਤੇ ਫਿਰ ਵਾਇਦੇ ਤੋਂ ਵੀ ਮੁੱਕਰ ਜਾਂਦੇ ਸਨ। ਪਰ ਇਹ ਤਾਂ ਕੈਨੇਡਾ ਦੀ ਪੁਲੀਸ। ਇਮੀਗਰੇਸ਼ਨ ਹੈ। ਇਹ ਤਾਂ ਪੰਜਾਬ ਪੁਲੀਸ ਨਹੀਂ ? ਬਸ ਫਿਰ ਕੀ ਸੀ ਕਰਮੇ ਨੇ ਬੜੇ ਸਿੱਧੇ ਸ਼ਬਦਾਂ ਵਿਚ ਕਹਿ ਦਿੱਤਾ ਕਿਉਂਕਿ ਉਹ ਜਾਣਦਾ ਸੀ ਕਿ ਹੋਰ ਦੇਰੀ ਹੋਰ ਮੁਸ਼ਕਿਲਾਂ ਹੀ ਪੈਦਾ ਕਰੇਗੀ।

'ਆਈ ਐਮ ਸੌਰੀ। ਇੱਟਸ ਮਾਈ ਸਿਨਸੀਅਰ ਮਿਸਟੇਕ। ਆਈ ਨੇਵਰ ਥਾਟ ਯੂ ਸਟਿਲ ਹੈਵ ਟਵੰਟੀ ਫਾਈਵ ਯੀਅਰਜ਼ ਓਲਡ ਰਿਕਾਰਡ।'

'ਓ ਯੈੱਸ ਵੂਈ ਹੇਵ ਯੂਅਰ ਰਿਕਾਰਡ।'

ਇਸ ਤਰ੍ਹਾਂ ਕੁਝ ਫਾਰਮ ਭਰ ਕੇ ਅਤੇ ਉਨ੍ਹਾਂ ਉੱਪਰ ਫਿੰਗਰ-ਪ੍ਰਿੰਟ ਕਰਵਾ ਕੇ ਕਰਮੇ ਨੂੰ ਛੱਡ ਦਿੱਤਾ। ਕਰਮਾ ਅਜੇ ਵੀ ਕੈਨੇਡਾ ਦੀਆਂ ਇਮੀਗਰੇਸ਼ਨ ਫਾਈਲਾਂ ਵਿਚ ਲਾਲ ਅੱਖਰਾਂ ਨਾਲ ਯਾਦ ਕੀਤਾ ਜਾਂਦਾ ਹੈ।

ਜਦ ਪ੍ਰੋਫ਼ੈਸਰ ਨਿੰਮਾ ਪੂਰੀ ਬੁਲੰਦੀ 'ਤੇ ਸੀ ਚਾਹੇ ਉਹ ਯੂਨੀਵਰਸਿਟੀ ਦੀਆਂ ਗਤੀਵਿਧੀਆਂ ਹੋਣ, ਚਾਹੇ ਅਗਾਂਹਵਧੂ ਸਰਕਲ ਵਿਚ ਉਸ ਦੀ ਚਰਚਾ ਦੀ ਗੱਲ ਹੋਵੇ ਤੇ ਚਾਹੇ ਪੰਜਾਬ ਅਤੇ ਪੂਰੇ ਮੁਲਕ ਦੀ ਆਰਥਿਕ ਮੰਦਹਾਲੀ ਉੱਪਰ ਧੜਾ-ਧੜ ਛਪਦੀਆਂ ਅਖ਼ਬਾਰਾਂ ਵਿਚ ਉਸ ਦੇ ਲੇਖ ਹੋਵਣ ਤੇ ਭਾਵੇਂ ਪੰਜਾਬ ਦੀ ਵਿਧਾਨ ਸਭਾ ਦੇ ਸੈਸ਼ਨ ਵਿਚ ਉਸ ਵੱਲੋਂ ਲਿਖੇ ਪੰਜਾਬ ਦੀ ਕਿਸਾਨੀ ਉਪਰ ਆਰਟੀਕਲ ਦੀ ਗੱਲਬਾਤ ਹੋਵੇ। ਬਸ ਠੀਕ ਉਦੋਂ ਹੀ ਜੂਲੀਅਸ ਸੀਜ਼ਰ ਦੀ ਤਰ੍ਹਾਂ ਉਸ ਦਾ ਇਸ ਜਹਾਨ ਤੋਂ ਤੁਰ ਜਾਣਾ, ਜਿਵੇਂ ਪੂਰਨਮਾਸ਼ੀ ਨੂੰ ਗ੍ਰਹਿਣ ਲੱਗ ਗਿਆ ਸੀ।

ਉਸ ਦਾ ਅੜੀਅਲ ਸੁਭਾਅ, ਅਸੂਲਾਂ ਉੱਪਰ ਕਦੇ ਨਾ ਸਮਝੌਤਾ ਕਰਨ ਦੀ

ਜ਼ਿਦ, ਅਗਲੇ ਨੂੰ ਆਪਣੀ ਗੱਲ ਮੰਨਵਾਉਣ ਦੀ ਆਦਤ ਨੇ ਜਿਥੇ ਉਸ ਨੂੰ ਬਹੁਤ ਥੋੜ੍ਹੇ ਦੋਸਤ ਦਿੱਤੇ ਉਥੇ ਦੁਸ਼ਮਣਾਂ ਦੀਆਂ ਤਾਂ ਕਤਾਰਾਂ ਦੀਆਂ ਕਤਾਰਾਂ ਲੱਗ ਚੁੱਕੀਆਂ ਸਨ। ਅਜਿਹੇ ਅਣਸੁਖਾਵੇਂ ਹਾਲਾਤ ਨੇ ਉਸ ਨੂੰ ਦਾਰੂ ਪੀਣ ਵੱਲ ਵੀ ਧੱਕ ਦਿੱਤਾ।

ਅਚਾਨਕ ਪ੍ਰੋਫ਼ੈਸਰ ਨਿੰਮੇ ਦੇ ਤੁਰ ਜਾਣ ਨੇ ਪੂਰੇ ਪਰਿਵਾਰ, ਰਿਸ਼ਤੇਦਾਰਾਂ, ਸਕੇ-ਸਬੰਧੀਆਂ, ਯਾਰਾਂ-ਦੋਸਤਾਂ ਵਿਚ ਅਜਿਹਾ ਖ਼ਲਾਅ ਬਣਾ ਦਿੱਤਾ ਜਿਸ ਨੂੰ ਅੱਜ ਤਕ ਵੀ ਨਹੀਂ ਸਮਝਿਆ ਗਿਆ ਤੇ ਸ਼ਾਇਦ ਇਹ ਇਕ ਅਣਸੁਲਝੀ ਹੋਈ ਫ਼ਾਈਲ ਬਣ ਕੇ ਹੀ ਕਿਧਰੇ ਸਦਾ ਲਈ ਅਲੋਪ ਹੋ ਜਾਵੇਗੀ।

ਪੰਜਾਬੀ ਦੀਆਂ ਅਖ਼ਬਾਰਾਂ ਵਿਚ ਪੰਜਾਬ ਦੇ ਆਰਥਿਕ ਵਿਸ਼ਿਆਂ ਉੱਪਰ ਅਗਰ ਕਿਸੇ ਨੇ ਪਹਿਲੀ ਵਾਰ ਮਾਂ-ਬੋਲੀ ਪੰਜਾਬੀ ਵਿਚ ਲਿਖਣ ਦੀ ਰਿਵਾਇਤ ਸ਼ੁਰੂ ਕੀਤੀ ਤਾਂ ਉਹ ਪ੍ਰੋ. ਨਿੰਮਾ ਹੀ ਤਾਂ ਸੀ। ਇਹ ਉਸ ਦੇ ਲਿਖਣ ਦਾ ਉੱਚ-ਪੱਧਰੀ ਮਿਆਰ ਹੀ ਸੀ ਕਿ ਬੰਬਈ ਤੋਂ ਛਪਦੇ Economic and Political Weekly (EPW) ਵਿਚ 1970-80 ਵਿਆਂ ਵਿਚ ਲਗਾਤਾਰ ਆਰਟੀਕਲ ਛਪਦੇ ਰਹੇ। ਜਦ ਪ੍ਰੋ. ਨਿੰਮਾ ਅਣ-ਸੁਖਾਵੇਂ ਹਾਲਾਤ ਵਿਚ ਆਣ ਘਿਰਿਆ ਤਾਂ EPW ਲਈ ਲਿਖਣਾ ਬੰਦ ਹੋ ਗਿਆ ਜਿਸ ਬਾਰੇ EPW ਦੇ ਐਡੀਟਰ ਕ੍ਰਿਸ਼ਨਾ ਰਾਜ ਨੇ ਪ੍ਰੋ. ਪ੍ਰੀਤਮ ਸਿੰਘ (ਔਕਸਫੋਰਡ ਯੂ.ਕੇ.) ਨਾਲ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਦਿਆਂ ਕਿਹਾ ਕਿ 'ਮੈਨੂੰ ਬਹੁਤ ਅਫ਼ਸੋਸ ਹੈ ਕਿ ਪ੍ਰੋ. ਨਿੰਮਾ ਨੇ EPW ਲਈ ਲਿਖਣਾ ਬੰਦ ਕਰ ਦਿੱਤਾ।'

ਪ੍ਰੋ. ਨਿੰਮੇ ਦੇ ਤੁਰ ਜਾਣ ਤੇ ਉਨ੍ਹਾਂ ਦੇ ਬਹੁਤ ਨੇੜੇ ਰਹਿ ਚੁੱਕੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਾਥੀ ਪ੍ਰੋ. ਪ੍ਰੀਤਮ ਸਿੰਘ ਆਪਣੇ ਸ਼ੋਕ ਸੁਨੇਹੇ ਨੂੰ ਹਿੰਦੋਸਤਾਨ ਟਾਈਮਜ਼ ਅਕਤੂਬਰ 6, 2005 ਵਿਚ ਦੱਸਦੇ ਹਨ ਕਿ ਪ੍ਰੋ. ਨਿੰਮਾ ਦਾ ਪੰਜਾਬ ਆਰਥਿਕਤਾ ਉਪਰ ਲਗਾਤਾਰ ਪੰਜਾਬੀ ਅਖਬਾਰਾਂ ਅਤੇ ਮੈਗਜ਼ੀਨਾਂ ਵਿਚ ਪੰਜਾਬੀ ਮਾਂ-ਬੋਲੀ ਵਿਚ ਲਿਖਣਾ ਅਤੇ ਨਾ ਕੇਵਲ ਪੰਜਾਬ ਦੀ ਆਰਥਿਕਤਾ ਨੂੰ ਸੌਖਿਆਂ ਸਮਝਣਾ ਸਗੋਂ ਪੰਜਾਬੀ ਬੋਲੀ ਅੰਦਰ ਨਵੇਂ ਸ਼ਬਦਾਂ ਦੀ ਸ਼ਮੂਲੀਅਤ ਕਰਨਾ ਵੀ ਉਸ ਦੀ ਵਧੀਆ ਸੋਚ ਦਾ ਨਤੀਜਾ ਸੀ।

ਪੰਜਾਬੀ ਯੂਨੀਵਰਸਿਟੀ, ਪਟਿਆਲੇ ਦੇ ਪ੍ਰੋ. ਭੁਪਿੰਦਰ ਸਿੰਘ (ਦਲੀਪ ਕੌਰ ਟਿਵਾਣਾ ਦੇ ਪਤੀ) ਮੁਤਾਬਿਕ ਸੋਵੀਅਤ ਯੂਨੀਅਨ ਦਾ ਡਿੱਗ ਜਾਣਾ ਅਤੇ ਪੰਜਾਬ ਅੰਦਰ ਖਾੜਕੂਵਾਦ ਦਾ ਉਭਾਰ ਆਉਣ ਨੇ ਜਿਵੇਂ ਪ੍ਰੋ. ਨਿੰਮੇ ਨੂੰ ਤੋੜ ਕੇ ਰੱਖ ਦਿੱਤਾ ਸੀ।

ਕਿੰਝ ਦੇ ਹਾਲਾਤ ਬਣ ਗਏ ਕਿ ਜਿਥੇ ਏਸ ਵਕਤ ਕੰਤੇ ਨੂੰ ਸਹਾਰੇ ਦੀ

ਬੜੀ ਲੋੜ ਸੀ ਉਥੇ ਉਸ ਨੂੰ ਆਪਣੇ ਵੱਡੇ ਭਰਾ ਦੀ ਭੇਦਭਰੀ ਮੌਤ ਦੀ ਗੁੱਥੀ ਸੁਲਝਾਉਣ ਦਾ ਬਹੁਤ ਹੀ ਭਿਆਨਕ ਸਮਾਂ ਵੇਖਣਾ ਪਿਆ।

ਕੰਤੇ ਲਈ ਇਹ ਸਮਾਂ ਸਿਰ ਉੱਪਰ ਆ ਪਏ ਕਤਲ ਕੇਸ ਨਾਲੋਂ ਵੀ ਔਖਾ ਸਾਬਿਤ ਹੋਇਆ। ਕਰੀਬ ਅਮਰੀਕਾ ਤੋਂ ਹਰ ਸਾਲ ਪੰਜਾਬ ਦਾ ਗੇੜਾ ਲੱਗਦਾ ਹੈ। ਗੱਡੀ ਉਥੇ ਵੀ ਚਲਾਉਂਦਾ ਹੈ, ਗੱਡੀ ਅਮਰੀਕਾ ਵੀ ਚਲਾਉਂਦਾ ਹੈ।

ਪੰਜ ਦਰਿਆਵਾਂ ਦੀ ਧਰਤੀ ਦੇ ਲੋਕ-ਨਾਇਕਾਂ ਵਿੱਚੋਂ ਜਿਸ ਨੇ ਸਭ ਤੋਂ ਵੱਧ ਕਰਮੇ ਨੂੰ ਪ੍ਰਭਾਵਿਤ ਕੀਤਾ ਉਹ ਸੀ ਸਾਂਦਲਬਾਰ ਦਾ ਦੁੱਲਾ ਭੱਟੀ ਜਿਸ ਉੱਪਰ ਉਹ ਆਪਣੀ ਪਹਿਲੀ ਕਿਤਾਬ ਲਿਖ ਚੁੱਕਾ ਸੀ। ਬਹੁਤ ਸਾਰੇ ਲੋਕਾਂ ਦੇ ਕਹਿਣ ’ਤੇ ਕਰਮੇ ਨੇ ਇਸੇ ਹੀ ਸਰੋਕਾਰ ਉੱਪਰ ਦੁਬਾਰਾ ਲਿਖਣ ਦਾ ਫ਼ੈਸਲਾ ਕਰ ਲਿਆ।

'ਸੁਰਤਿ ਦੀ ਸੂਲੀ ਪ੍ਰੇਮ ਦੇ ਧਾਗੇ, ਪੇਂਵਦੁ ਲੱਗ ਸਤਸੰਗੇ।
ਕਹੈ ਹੁਸੈਨ ਫ਼ਕੀਰ ਸਾਈਂ ਦਾ, ਤਖ਼ਤ ਨਾ ਮਿਲਦੇ ਮੰਗੇ।'

ਬੇਹੱਦ ਲਗਨ ਅਤੇ ਅਗਨ ਦੇ ਸੁਮੇਲ ਨਾਲ ਦੁੱਲੇ ਦੀਆਂ ਗੁਪਤ ਛੁਪਣ-ਗਾਹਾਂ ਦੀ ਭਾਲ ਕੀਤੀ ਗਈ।

ਨਾ ਦੁੱਲਾ ਕਿਧਰੇ ਪਿੰਡੀ-ਭੱਟੀਆਂ ਲੱਭੇ, ਨਾ ਚਨਿਉਟ ਆਪਣੇ ਨਾਨਕੇ ਪਿੰਡ ਹੀ ਮਿਲੇ। ਨਾ ਕਿਤੇ ਸਾਂਦਲਬਾਰ ਦਿਆਂ ਜੰਗਲਾਂ ਵਿਚ ਬਣਾਏ ਮਣ੍ਹਿਆਂ ’ਤੇ ਮਿਲੇ। ਉਦੋਂ ਤਾਂ ਹੱਦ ਹੀ ਹੋ ਗਈ ਜਦ ਐਮਨਾਬਾਦ ਦੇ ਇਕ ਉੱਚੇ ਥੇਹ ਉੱਪਰ ਦੁੱਲਾ ਭੱਟੀ, ਸਾਈਂ ਸ਼ਾਹ ਹੁਸੈਨ ਤੇ ਬਹਿਲੋਲ ਦਰਿਆਈ ਨਾਲ ਕੁਝ ਡੂੰਘੀਆਂ ਗੁਫ਼ਤਗੂਆਂ ਵਿੱਚ ਪਿਆ ਹੋਇਆ ਸੀ।

ਆਮ ਸਾਧਾਰਣ ਲੋਕਾਂ ਨੂੰ ਵੀ ਚੰਗੀ ਤਰ੍ਹਾਂ ਸੁਣਨਾ ਚਾਹੀਦਾ। ਆਈ-ਚਲਾਈ ਨਹੀਂ ਕਰਨੀ ਚਾਹੀਦੀ। ਲੋਕਾਂ ਨਾਲ ਹੀ ਤਾਂ ਸੰਸਾਰ ਵੱਸ ਰਿਹਾ। ਜਿਥੇ ਲੋਕ ਨਹੀਂ ਉਥੇ ਖ਼ਿਆਲ-ਵਿਚਾਰ ਵੀ ਨਹੀਂ ਪੈਦਾ ਹੋਣਗੇ। ਸਾਧਾਰਨ ਗਰੀਬ ਵਰਗ ਨੂੰ ਆਪਣਾ ਸਮਝ ਕੇ ਉਨ੍ਹਾਂ ਦੀਆਂ ਮੁਸੀਬਤਾਂ ਨੂੰ ਹੱਲ ਕਰਨਾ ਬਹੁਤ ਵੱਡਾ ਕਰਮ ਸਾਬਿਤ ਹੋ ਸਕਦਾ ਹੈ। ਲੋਕਾਂ ਦੀਆਂ ਜੁੜੀਆਂ ਸੱਥਾਂ ਵੀ ਸਕੂਲ-ਕਾਲਜ-ਯੂਨੀਵਰਸਿਟੀ ਦੀ ਤਰ੍ਹਾਂ ਹੀ ਤਾਂ ਹੁੰਦੀਆਂ ਨੇ ਜਿਥੋਂ ਤੁਹਾਨੂੰ ਆਮ ਪੇਂਡੂ ਬੋਲੀ ਵਿਚ ਸਮਾਜਿਕ, ਆਰਥਿਕ, ਰਾਜਨੀਤਿਕ, ਇਤਿਹਾਸਿਕ ਅਤੇ ਧਾਰਮਿਕ ਚੇਤੰਨਤਾ ਸਹਿਜੇ ਹੀ ਮਿਲ ਜਾਂਦੀ ਹੈ।

ਲੋਕ-ਨਾਇਕਾਂ ਦੀ ਜਾਣਕਾਰੀ ਸਥਾਨਿਕ ਲੋਕਾਂ ਤੋਂ ਲਈ ਜਾਵੇ ਫਿਰ ਉਸ ਜਾਣਕਾਰੀ ਨੂੰ ਸੰਬੰਧਿਤ ਨਾਇਕਾਂ ਬਾਰੇ ਲਿਖੇ ਸਾਹਿਤ ਨਾਲ ਜੋੜ ਕੇ ਪੜ੍ਹਿਆ ਜਾਵੇ। ਏਨਾ ਹੀ ਨਹੀਂ, ਉਦੋਂ ਅਤੇ ਹੁਣ ਦੇ ਹਾਲਾਤ ਵਿਚ ਆਈਆਂ ਬੇਪਨਾਹ

ਤਬਦੀਲੀਆਂ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ।

ਕੁਝ ਸੁਣਿਆ, ਕੁਝ ਪੜ੍ਹਿਆ, ਕੁਝ ਵੇਖਿਆ, ਕੁਝ ਵੱਖਰਾ ਮਹਿਸੂਸ ਕੀਤਾ। ਇੰਝ ਦੁੱਲਾ ਭੱਟੀ ਨੂੰ ਜਵਾਨ ਕੀਤਾ। ਬਚਪਨ ਤੋਂ ਜਵਾਨੀ ਆਉਣ ਤਕ ਦੁੱਲੇ ਨਾਲ ਕੋਈ ਲੀਆ-ਲਿਹਾਜ਼ ਵੀ ਨਾ ਕੀਤਾ। ਇਥੋਂ ਤਕ ਕਿ ਲਾਹੌਰ ਦੇ ਸ਼ਾਹੀ ਕਿਲ੍ਹੇ ਤੋਂ ਲੈ ਕੇ ਫਾਂਸੀਘਾਟ ਤਕ ਵੀ ਉਸ ਦਾ ਕੋਈ ਲਿਹਾਜ਼ ਜਾਂ ਤਰਸ ਨਾ ਕੀਤਾ। ਕਲਮ ਵਿਚ ਸ਼ਾਇਦ ਏਨੀ ਹਿੰਮਤ ਨਹੀਂ ਸੀ ਕਿ ਉਹ ਪੰਜਾਬ ਦੇ ਜਾਂਬਾਜ਼ ਸਪੂਤ ਨਾਲ ਕੋਈ ਵੀ ਵਾਧਾ-ਘਾਟਾ ਜਾਂ ਧੱਕਾ ਕਰ ਸਕੇ।

ਸੂਰਬੀਰ ਸਿਰਫ਼ ਵਧੀਆ ਘੋੜ-ਸਵਾਰ ਹੀ ਨਹੀਂ ਹੁੰਦੇ ਸਗੋਂ ਆਪਣੀ ਆਈ ਅੜੀ 'ਤੇ ਉਹ ਕਲਮਾਂ ਉੱਪਰ ਵੀ ਆਪਣਾ ਹੱਕ ਜਮਾ ਲੈਂਦੇ ਨੇ। ਇਹ ਵੱਖਰੀ ਗੱਲ ਹੈ ਕਿ ਕਲਮਾਂ ਵਾਲੇ ਕਿਧਰੇ ਉਹ ਮੰਡੀ ਵਿਚ ਵਿਕਾਊ ਮਾਲ ਤਾਂ ਨਹੀਂ ਬਣ ਗਏ (?) ਜਿਵੇਂ ਅਜੋਕੇ ਸਮੇਂ ਵਿਚ ਭਾਰਤ ਅੰਦਰ ਆਮ ਹੀ ਹੋ ਰਿਹਾ ਹੈ।

'ਅਣਖੀਲਾ ਧਰਤੀ-ਪੁੱਤਰ-ਦੁੱਲਾ ਭੱਟੀ' ਕਿਤਾਬ ਬੜੀ ਮਕਬੂਲ ਹੋਈ। ਦੋ ਕਿਤਾਬਾਂ 'ਜੱਗਾ ਸੂਰਮਾ' ਅਤੇ 'ਦੁੱਲਾ ਭੱਟੀ' ਨੂੰ ਲਾਹੌਰ ਤੋਂ ਸ਼ਾਹਮੁਖੀ ਵਿਚ ਲਿਖਵਾ ਕੇ ਲੋਕਾਂ ਸਪੁਰਦ ਕੀਤਾ ਗਿਆ। ਲਹਿੰਦੇ ਪੰਜਾਬ ਤੋਂ ਬੜੇ ਨਾਮਵਰ ਲਿਖਾਰੀਆਂ, ਗੰਭੀਰ ਚਿੰਤਕਾਂ ਨੇ ਇਨ੍ਹਾਂ ਕਿਤਾਬਾਂ ਨੂੰ ਪੜ੍ਹਿਆ ਅਤੇ ਸਲਾਹਿਆ। ਦੁੱਲੇ ਭੱਟੀ ਉੱਪਰ ਫਿਲਮ ਬਣਾਉਣ ਲਈ ਕੁਝ ਫਿਲਮਸਾਜ਼ਾਂ ਦੇ ਕਰਮੇ ਨੂੰ ਫ਼ੋਨ ਵੀ ਆਏ।

ਕੁਦਰਤ ਦੇ ਅਸੂਲ ਆਪਣੇ ਹੀ ਨੇ। ਉਹ ਕਿਤੇ ਲਿਖੇ-ਪੜ੍ਹੇ ਨਹੀਂ ਜਾਂਦੇ। ਮਨੁੱਖ ਸਹਿਜ ਅਵਸਥਾ ਵਿਚ ਰਹਿੰਦਾ ਹੋਇਆ ਸਭ ਕੁਝ ਜਾਣ ਸਕਦਾ ਹੈ। ਬਸ ਸ਼ਰਤ ਹੈ ਕਿ ਬੰਦਾ ਆਪਣੇ ਦਿਲ-ਦਿਮਾਗ਼ ਦੇ ਕਿਵਾੜ ਅਵੱਸ਼ ਖੁੱਲ੍ਹੇ ਰੱਖੇ।

**'ਸਹਿਜ ਅਵਸਥਾ'** ਬਸ ਦੋ ਸ਼ਬਦ ਹੀ ਤਾਂ ਹਨ। ਇਨ੍ਹਾਂ ਦੋ ਸ਼ਬਦਾਂ ਦੇ ਅੰਤਰੀਵ ਭਾਵ ਨੂੰ ਜਿਸ ਕਿਸੇ ਵੀ ਸੂਝ-ਬੂਝ ਨਾਲ ਅਪਣਾ ਲਿਆ ਸਮਝੋ ਉਸ ਨੇ ਜ਼ਿੰਦਗੀ ਦੇ ਅਸਲੀ ਅਰਥਾਂ ਨਾਲ ਆਪਣਾ ਸਫ਼ਰ ਸੁਖਾਲਾ ਕਰ ਲਿਆ!

ਘਟਨਾਵਾਂ ਵਾਪਰਦੀਆਂ ਹਨ। ਕਿਤੇ ਨਾ ਕਿਤੇ ਉਨ੍ਹਾਂ ਵਿਚ ਗੁੱਝੀਆਂ ਰਮਜ਼ਾਂ ਵੀ ਹੁੰਦੀਆਂ ਨੇ। ਬੰਦਾ ਬਹੁਤੀ ਵਾਰ ਉਦੋਂ ਧਿਆਨ ਨਹੀਂ ਦੇਂਦਾ ; ਜਦ ਵਕਤ ਬੀਤ ਜਾਂਦਾ, ਫਿਰ ਝੂਰਦਾ ਵੀ ਏ।

ਕਿਸੇ ਦੀ ਚਲਾਵੀਂ ਗੱਲ ਨੂੰ ਵੀ ਧਿਆਨ ਦੇਣਾ ਬੰਦੇ ਲਈ ਚੰਗਾ ਸਾਬਿਤ ਹੋ ਜਾਂਦਾ। ਬੰਦੇ ਅੰਦਰ 'ਹਉਮੈ' ਅਤੇ ਉਸ ਦੀ ਆਪਣੀ 'ਅਕਲ' ਉਸ ਲਈ ਬਹੁਤੀ ਵਾਰ ਸਿਰਦਰਦੀ ਵੀ ਬਣ ਜਾਂਦੀ ਏ।

ਬਹੁਤ ਪੁਰਾਣਾ ਘਰ ਸੀ, ਕਰੀਬ 80-85 ਸਾਲ ਉਮਰ। ਲੱਕੜੀ ਦਾ

ਬਣਿਆ ਹੋਇਆ। ਬਾਹਰ ਸੜਕ ਕਿਨਾਰੇ ਵੱਡਾ ਮੇਲ-ਬਾਕਸ ਜਿਸ ਉੱਪਰ ਅੰਗਰੇਜ਼ੀ ਦੇ ਵੱਡੇ ਅੱਖਰਾਂ ਵਿਚ ਲਿਖਿਆ ਸੀ— SINGH. ਇਕ ਦਿਨ ਕੋਈ ਉਸ ਵਿਚ ਅੰਗਰੇਜ਼ੀ ਦਾ ਲਿਖਿਆ ਰੁੱਕਾ ਰੱਖ ਗਿਆ। ਕਰਮਾ ਪੜ੍ਹ ਕੇ ਹੈਰਾਨ। ਨਾ ਕੋਈ ਜਾਣ-ਪਹਿਚਾਣ, ਨਾ ਕੋਈ ਵਾਹ-ਵਾਸਤਾ ਲਿਖਿਆ ਸੀ 'SINGHS ARE BLESSED BY THE GURUS, YOU DESERVE BETTER PLACE TO LIVE IN' ਹੇਠਾਂ ਨਾਮ ਲਿਖਿਆ ਸੀ VAN SINGH.

ਬਹੁਤ ਸਾਲਾਂ ਬਾਅਦ ਇਸ ਬੰਦੇ ਨਾਲ ਮੁਲਾਕਾਤ ਹੋਈ। ਵੱਡੇ ਭਾਈ ਕੰਤੇ ਹੁਰਾਂ ਲਈ ਘਰ ਖ਼ਰੀਦਣ ਲਈ ਇਸ ਨੂੰ ਏਜੰਟ ਦੇ ਤੌਰ 'ਤੇ ਸਾਈਨ ਕੀਤਾ ਗਿਆ। ਥੋੜ੍ਹੀ ਕੁ ਨੇੜਤਾ ਹੋ ਜਾਣੀ ਕੁਦਰਤੀ ਸੀ। ਅਸਲ ਵਿਚ ਇਸ ਦਾ ਪਿਛੋਕੜ ਪਿੱਛੋਂ ਫਿਲਪਾਈਨਜ਼ ਤੋਂ ਸੀ। ਜਿਵੇਂ ਪੰਜਾਬੀ ਦੁਨੀਆ ਦੇ ਹਰ ਕੋਨੇ ਵਿਚ ਜਾ ਚੁੱਕੇ ਹਨ। ਵੈਨ ਸਿੰਘ ਦਾ ਪਿਤਾ ਪੰਜਾਬੀ ਸਰਦਾਰ ਅਤੇ ਮਾਂ ਫਿਲਪਾਈਨ ਤੋਂ ਸੀ। ਇਸ ਦਾ ਪੂਰਾ ਨਾਮ ਸਰਵਨ ਸਿੰਘ ਸੀ ਜਿਸ ਨੂੰ ਛੋਟਾ ਕੀਤਾ ਹੋਇਆ ਸੀ। ਪੰਜਾਬੀ ਸਰਦਾਰ ਦਾ ਫਾਈਨਾਂਸ ਦਾ ਕਾਰੋਬਾਰ ਭਾਵ ਛੋਟੇ ਦੁਕਾਨਦਾਰਾਂ ਨੂੰ ਫਿਲਪਾਈਨ ਵਿਚ ਵਿਆਜੀ ਪੈਸੇ ਦੇਣੇ ਹੀ ਸੀ। ਕਹਿਣ ਲੱਗਾ, 'ਤੇਰੇ ਘਰੇ ਆ ਕੇ ਚਾਹ ਪੀਂਦੇ ਹਾਂ।' ਕਿਹਾ, 'ਠੀਕ ਏ।' ਦਰਵਾਜ਼ੇ 'ਤੇ ਦਸਤਕ ਦੇਂਦਾ ਹੋਇਆ :

'ਵੱਟ ਏ ਬਿਊਟੀਫੁਲ ਹਾਊਸ!'

''ਥੈਂਕ ਯੂ।'

'ਯੂ ਆਰ ਫਰਾੱਮ ਪੰਜਾਬ? ਆਈ ਐਮ ਸ਼ਿਉਰ?'

'ਯੈੱਸ ਆਈ ਐਮ।'

ਇੰਝ ਕੁਝ ਸਰਸਰੀ ਜਿਹੀਆਂ ਗੱਲਾਂਬਾਤਾਂ ਮਗਰੋਂ ਉਸ ਨੇ ਆਪਣੇ ਪਰਿਵਾਰ ਬਾਰੇ ਦੱਸਿਆ। ਗੁਰਦੁਆਰਾ, ਪਾਠ, ਪਰਸ਼ਾਦ, ਗੁਰੂ ਨਾਨਕ, ੧ੴ ਆਦਿ ਜੋ ਵੀ ਉਸ ਨੂੰ ਵਿਰਸੇ ਵਿਚ ਮਿਲੇ ਪੰਜਾਬੀ ਸ਼ਬਦ ਉਸ ਨੇ ਕਹਿ ਸੁਣਾਏ।

ਕਦੋਂ, ਕਿੱਥੇ, ਕਿੰਨੇ ਸਾਲ, ਕੰਮਾਂ ਦਾ ਵੇਰਵਾ ਕਰਦਿਆਂ ਅਖੀਰ ਉਹ ਵੱਡੇ ਮੇਲ-ਬਾਕਸ ਤੱਕ ਪਹੁੰਚ ਗਿਆ। ਜਦ ਕਰਮੇ ਕੋਲੋਂ ਵੀ ਰਿਹਾ ਨਾ ਗਿਆ ਤਾਂ ਉਹ ਵੀ ਬਹੁਤ ਹੈਰਾਨ ਹੋਇਆ। ਅਖੀਰ ਕਹਿ ਉਠਿਆ, ''ਕਿਹਾ ਸੀ ਨਾ ਮੈਂ 'YOU DESERVE A BETTER PLACE' ?

ਜਦ ਕਰਮੇ ਨੇ ਉਸ ਨੂੰ ਦੱਸਿਆ ਕਿੰਝ ਉਹ ਬਿਨਾਂ ਕਿਸੇ ਸਾਮਾਨ ਦੇ, ਬਿਨਾਂ ਪਾਸਪੋਰਟ ਸਿਰਫ਼ ਦਸ ਕੈਨੇਡੀਅਨ ਡਾਲਰ ਲੈ ਕੇ ਗਰੇਟ ਫਾਲਜ਼, ਮੋਨਟੈਨਾ ਭਰ ਸਿਆਲਾਂ ਵਿਚ ਤਿੰਨ-ਤਿੰਨ ਫੁੱਟ ਬਰਫ਼ ਚੀਰਦਾ ਕੈਨੇਡਾ ਤੋਂ ਅਮਰੀਕਾ ਪਹੁੰਚਿਆ

ਤਾਂ ਇਹ ਉਸ ਲਈ ਕਿਸੇ ਅਚੰਭੇ ਤੋਂ ਘੱਟ ਨਹੀਂ ਸੀ।

ਉਹ ਕਰਮੇ ਬਾਰੇ ਹੋਰ ਜਾਨਣਾ ਚਾਹੁੰਦਾ ਸੀ ਪਰ ਉਸ ਨੂੰ ਇਹ ਕਹਿ ਕੇ ਟਾਲ ਦਿੱਤਾ ਕਿ ਜਦ ਕਿਤਾਬ ਮੁਕੰਮਲ ਹੋ ਗਈ, ਪੜ੍ਹ ਲਈਂ, ਸਭ ਪਤਾ ਲੱਗ ਜਾਵੇਗਾ!

ਕਦੇ ਵੀ ਕਿਸੇ ਚੀਜ਼ ਦੀ ਹੱਦ ਨਹੀਂ ਕਰਨੀ ਚਾਹੀਦੀ—
ਚਾਹੇ ਯਾਰੀ-ਦੋਸਤੀ ਹੋਵੇ,
ਚਾਹੇ ਵੈਰ-ਵਿਰੋਧ-ਦੁਸ਼ਮਣੀ ਹੋਵੇ,
ਚਾਹੇ ਹਰ ਇਕ ਨਾਲ ਚੰਗੇ ਬਣ ਕੇ ਰਹਿਣ ਦੀ ਗੱਲ ਹੋਵੇ,
ਚਾਹੇ ਦਾਨ-ਪੁੰਨ ਕਰਨ ਦੀ ਗੱਲ ਹੋਵੇ,
ਚਾਹੇ ਖਾਣ-ਪੀਣ ਦੀ ਗੱਲ ਹੋਵੇ।

ਬਾਰ-ਬਾਰ ਇੱਕੋ ਗ਼ਲਤੀ ਕਰੀ ਜਾਣਾ ਤੇ ਹਰ ਵਾਰ ਕਿਸੇ ਢੰਗ ਨਾਲ ਬਚ ਨਿਕਲਣਾ। ਇਸ ਦਾ ਇਹ ਮਤਲਬ ਤਾਂ ਨਹੀਂ ਕੱਢ ਲੈਣਾ ਚਾਹੀਦਾ 'ਚਲੋ ਕੋਈ ਗੱਲ ਨਹੀਂ!' ਹਰ ਵਾਰ ਕੁਦਰਤ ਦਾ 'ਵਾਰ' ਜ਼ਰੂਰੀ ਨਹੀਂ ਤੁਹਾਡੇ ਹੱਕ ਵਿਚ ਹੋਵੇ! ਵੈਸੇ ਇਨਸਾਨ ਨੂੰ ਕੁਦਰਤ ਨੇ ਇੰਨੀ ਸੋਝੀ ਵੀ ਦਿੱਤੀ ਹੋਈ ਹੈ ਕਿ ਹਨ੍ਹੇਰੇ-ਸਵੇਰੇ ਬਾਹਰ ਜਾਣ ਵਕਤ ਹੱਥ ਵਿੱਚ ਡੰਡਾ-ਸੋਟੀ ਲੈ ਲਿਆ ਕਰੇ। ਜੇਕਰ ਦਾਰੂ ਬਹੁਤ ਜ਼ਿਆਦਾ ਪੀਤੀ ਹੈ ਤਾਂ ਆਪਣੀ ਗੱਡੀ ਦੀ ਚਾਬੀ ਕਿਸੇ ਹੋਰ ਨੂੰ ਫੜਾ ਦੇਵੋ। ਏਸ ਹਾਲਤ ਵਿਚ ਜ਼ਰੂਰੀ ਨਹੀਂ ਕਿ ਆਪਣੀ ਰਫ਼ਲ-ਗੰਨ ਨੂੰ ਸਾਫ਼ ਕਰਨ ਬੈਠ ਜਾਵੇ। ਲੋਕਾਂ ਦੀ ਇਕੱਠੀ ਹੋਈ ਬੇਹੂਦਾ ਭੀੜ ਵਿਚ ਅਗਰ ਅਕਲਮੰਦੀ ਦੀ ਗੱਲ ਕਰੋਗੇ ਤਾਂ ਸ਼ਾਇਦ ਕੀ ਸਿੱਟਾ ਨਿਕਲੇ ? ਅੰਦਾਜ਼ਾ ਵੀ ਨਹੀਂ ਹੋਵੇਗਾ।

ਬਹੁਤ ਵਾਰ ਇੰਝ ਵੀ ਹੁੰਦਾ ਹੈ ਤੁਹਾਡੇ ਕੋਲੋਂ ਸ਼ਬਦਾਂ ਦਾ ਭੰਡਾਰ ਮੁੱਕ ਗਿਆ ਲੱਗਦਾ ਹੁੰਦਾ ਏ। ਉਦੋਂ ਇਹੀ ਵਧੀਆ ਹੋ ਸਕਦਾ ਕਿ ਉਸ ਜਗ੍ਹਾ 'ਤੇ ਪਹੁੰਚ ਜਾਵੋ ਜਿਹੜੀ ਤੁਹਾਨੂੰ ਸਭ ਤੋਂ ਵਧੀਆ ਲੱਗਦੀ ਹੋਵੇ ਜਾਂ ਕੁਝ ਵਕਤ ਲਈ ਸਮਾਂ, ਸਥਾਨ ਬਦਲ ਲਵੋ।

ਕੱਚਾ ਜਿਹਾ ਪਿੰਡ, ਚਾਰ-ਚੁਫ਼ੇਰੇ ਕੱਚੀ, ਉੱਚੀ-ਨੀਵੀਂ ਫਿਰਨੀ। ਸਾਉਣ-ਭਾਦਰੋਂ ਵਿਚ ਦੂਸਰੇ ਪਿੰਡ ਦੇ ਪਾਸੇ ਭਾਵੇਂ ਤਰ ਕੇ ਚਲੇ ਜਾਵੋ। ਬਚਪਨ ਦੀਆਂ ਯਾਦਾਂ, ਖੇਡਾਂ-ਦੌੜਾਂ, ਗੁੱਲੀ-ਡੰਡਾ, ਖਿੱਦੋ-ਖੂੰਡੀ, ਕਬੱਡੀ, ਲੰਬੀ ਛਾਲ ਤੇ ਕਦੇ-ਕਦੇ ਹਾਣੀਆਂ ਨਾਲ ਘੋਲ, ਅਕਸਰ ਗਰਮੀਆਂ ਵਿਚ ਅੱਧੀ-ਅੱਧੀ ਰਾਤ ਤਕ ਲੁਕਣ-ਮੀਚੀ। ਚਾਹੇ ਗਰਮੀਆਂ, ਚਾਹੇ ਸਰਦੀਆਂ ਕਰਮੇ ਦੀ ਬੀਬੀ ਦਾ ਪੱਕਾ ਅਸੂਲ ਰਾਤ ਨੂੰ ਪੈਰ ਧੋ ਕੇ ਪਰਨੇ ਨਾਲ ਸਾਫ਼ ਕਰਕੇ ਹੀ ਬਿਸਤਰੇ ਵਿਚ ਵੜਨਾ।

ਧੰਨ ਪੰਜਾਬ ਦੀਆਂ ਮਾਵਾਂ ਖ਼ਾਸ ਕਰਕੇ ਜੱਟ-ਜ਼ਿਮੀਂਦਾਰਾਂ ਦੇ ਘਰਾਂ ਦਾ ਖਿਲਾਰਾ। ਤੜਕੇ ਮੱਝਾਂ-ਗਾਵਾਂ ਦੀਆਂ ਧਾਰਾਂ ਕੱਢਣੀਆਂ, ਦੁੱਧ ਰਿੜਕਣਾ, ਚਾਹ ਬਣਾਉਣੀ, ਬੱਚਿਆਂ ਨੂੰ ਸਕੂਲ ਲਈ ਤਿਆਰ ਕਰਨਾ, ਉਨ੍ਹਾਂ ਲਈ ਰੋਟੀ-ਪਰਾਉਂਠੇ ਨਾਲ ਪੱਲੇ ਬੰਨ੍ਹ ਕੇ ਤੋਰਨਾ। ਫਿਰ ਗੋਹਾ-ਕੂੜਾ ਕਰਨਾ। ਆਏ-ਗਏ ਲਈ ਉਚੇਚ ਕਰਨੀ। ਚੌਂਕੇ-ਚੁੱਲ੍ਹੇ, ਵਿਹੜੇ ਦੀ ਸਫ਼ਾਈ। ਬਾਹਰ ਹਵੇਲੀ ਜਾ ਕੇ ਗੋਹੇ ਦੀਆਂ ਪਾਥੀਆਂ ਪੱਥਣੀਆਂ। ਪਿੰਡ ਦੀਆਂ ਧੀਆਂ-ਧਿਆਣੀਆਂ ਦਾ ਭੂਆ ਬਣ ਕੇ ਆਪਣੇ ਪੇਕੇ ਦੀ ਖ਼ਬਰ-ਸਾਰ ਲੈਣ ਆਉਣਾ ਤੇ ਉਨ੍ਹਾਂ ਨਾਲ ਦੁਖ-ਸੁਖ ਸਾਂਝਾ ਕਰਨਾ। ਕਰਮੇ ਦੀ ਬੀਬੀ ਦੇ ਸੁਭਾਅ ਵਿਚ ਹਲੀਮੀ, ਸਹਿਜਤਾ, ਠਰ੍ਹੰਮਾ, ਧੀਰਜ, ਸੰਤੋਖ, ਮਨ ਦੀ ਸ਼ੁੱਧਤਾ, ਰੱਬ ਦਾ ਡਰ ਸਾਰੇ ਤੱਤ ਭਰਪੂਰ ਸਨ। ਜਦ ਕਦੇ ਪੁੱਛਣਾ, ਬੀਬੀ ! ਰੱਬ ਤੋਂ ਡਰ ਨਹੀਂ ਲੱਗਦਾ ? 'ਲੈ ਰੱਬ ਤੋਂ ਉਹ ਡਰਨ ਜੋ ਪੁੱਠੇ ਕੰਮੀਂ ਪਏ ਨੇ।'

'ਸੱਚੇ ਦਿਲੋਂ ਚੰਗੇ ਕੰਮ ਕਰੋ, ਸੱਚੀ ਨੀਅਤ ਰੱਖੋ, ਆਪੇ ਸਭ ਕੁਝ ਠੀਕ ਹੋ ਜਾਂਦਾ।'

ਵੇਲੇ-ਕੁਵੇਲੇ ਹਰੀਜਨਾਂ ਦੀਆਂ ਦੋ ਵਹੁਟੀਆਂ ਨੇ ਬੀਬੀ ਦੇ ਕੰਮਾਂ ਵਿਚ ਹੱਥ ਵਟਾ ਜਾਣਾ। ਉਨ੍ਹਾਂ ਆਪਣੇ ਘਰਦਿਆਂ ਨਾਲ ਬੀਬੀ ਦੇ ਕੰਮ ਕਰਨ ਦੇ ਤਰੀਕੇ, ਕਦੇ ਕਾਹਲ ਵਿਚ ਜਾਂ ਗੁੱਸੇ ਵਿਚ ਨਾ ਆਉਣਾ, ਬੜੇ ਹੈਰਾਨ ਹੋ ਕੇ ਗੱਲਾਂ ਕਰਨੀਆਂ।

'ਲੰਬੜਾਂ ਦਾ ਏਡਾ ਵੱਡਾ ਟੱਬਰ, ਉਹ ਫਿਰ ਵੀ ਸ਼ਾਂਤ ! ਕੋਈ ਲੜਾਈ-ਝਗੜਾ, ਗਾਲ੍ਹੀ-ਗਲੋਚ ਨਹੀਂ ਤੇ ਤੁਹਾਡੇ ਦੋ-ਦੋ ਜਵਾਕ ਤੇ ਤੁਸੀਂ ਹਰ ਵੇਲੇ ਮਿੱਟੀ ਸਿਰ ਚੁੱਕਣੇ ਲਈ ਹੁੰਦੀ ਏ।'

'ਕਦੇ ਲੰਬੜਦਾਰਨੀ ਤੋਂ ਹੀ ਕੁਝ ਸਿੱਖ ਲਉ। ਘਰਾਂ ਵਿਚ ਛੋਟੀਆਂ-ਛੋਟੀਆਂ ਗੱਲਾਂ ਤੋਂ ਐਵੇਂ ਆਂਢ-ਗੁਆਂਢ 'ਚ ਸਿਆਪੇ ਨਾ ਪਾਇਆ ਕਰੋ !'

ਦੋ ਆਈਆਂ ਦੋ ਗਈਆਂ, ਘਰ ਵਿਚ ਜਿਵੇਂ ਬੀਬੀਆਂ ਦੀ ਅਦਾਲਤ ਲੱਗੀ ਹੋਵੇ ! ਬੀਬੀ ਉਨ੍ਹਾਂ ਨੂੰ ਬਹੁਤ ਸਮਝਾਉਂਦੀ ਜੋ ਚੁਗਲੀਆਂ ਕਰਦੀਆਂ ਤੇ ਆਪਣੇ ਘਰ ਅਤੇ ਬੱਚਿਆਂ ਵੱਲ ਧਿਆਨ ਨਾ ਦੇਂਦੀਆਂ।

ਪਿੰਡਾਂ ਵਿਚ ਭਾਈਚਾਰਾ, ਸਹਿਚਾਰ, ਸ਼ਰਮ-ਹਯਾ ਹੁੰਦੀ ਸੀ। ਘਰਾਂ ਵਿਚ ਔਰਤਾਂ ਨੂੰ ਸਖ਼ਤ ਕੰਮ ਕਰਨ ਤੋਂ ਇਲਾਵਾ 'ਮਰਦਾਂ ਦੀ ਮਰਦਾਨਗੀ' ਦਾ ਵੀ ਸੰਤਾਪ ਝੱਲਣਾ ਪੈਂਦਾ। ਸਦੀਆਂ ਤੋਂ ਮਰਦ ਜਾਤ ਨੇ ਔਰਤ ਜਾਤ ਨੂੰ ਕਿਹੜੇ ਐਸੇ ਸੁਖ ਦਿੱਤੇ ? ਪਤਾ ਨਹੀਂ ਉਹ ਆਪਣੀ ਇਕ ਜ਼ਿੰਦਗੀ ਵਿਚ ਕਿੰਨੀ ਵਾਰ ਮਰਦੀ ਰਹੀ, ਜੰਮਦੀ ਰਹੀ। ਐਸੇ ਕਿਹੜੇ ਜਬਰ-ਜ਼ੁਲਮ ਬਾਕੀ ਰਹਿ ਗਏ ਜੋ

ਔਰਤ ਨਹੀਂ ਝੱਲਦੀ ਰਹੀ, ਸਹਿੰਦੀ ਰਹੀ ?

ਮਰਦ ਦੀ ਗੁਲਾਮੀ, ਮਰਦ ਸਮਾਜ ਦਾ ਅੱਤਿਆਚਾਰ, ਮਨੂੰਵਾਦ ਦੀ ਔਰਤ ਪ੍ਰਤੀ ਪਹੁੰਚ ਕੁਝ ਅਜਿਹੇ ਵਰਤਾਰੇ ਜਿਨ੍ਹਾਂ ਨੇ ਔਰਤ ਜਾਤੀ ਨੂੰ ਲਾਚਾਰ-ਬੇਬਸ ਬਣਾ ਦਿੱਤਾ। ਘਰਾਂ ਵਿਚ ਨਾ ਇੱਜ਼ਤ-ਮਾਣ, ਨਾ ਚੰਗਾ ਪਹਿਰਾਵਾ, ਨਾ ਚੰਗੇ ਬੋਲ। ਨਾ ਕਿਸੇ ਅੱਗੇ ਆਪਣੇ ਮਨ ਦੇ ਵਲਵਲਿਆਂ ਦਾ ਇਜ਼ਹਾਰ। ਫਿਰ ਉਹ ਕਰੇ ਤੇ ਕੀ ਕਰੇ ? ਜਦ ਕਦੇ ਔਰਤਾਂ ਨੂੰ ਕਿਧਰੇ ਕਿਸੇ ਮੇਲੇ, ਵਿਆਹ-ਸ਼ਾਦੀ ਜਾਂ ਸਾਉਣ ਮਹੀਨੇ ਸਾਂਵਿਆਂ 'ਤੇ ਜਾਣ ਦਾ ਮੌਕਾ ਮਿਲਦਾ ਉਹ ਵੱਧ ਤੋਂ ਵੱਧ ਹਾਰ-ਸ਼ਿੰਗਾਰ, ਬੁੱਲ੍ਹਾਂ ਉੱਪਰ ਸੱਕ ਦਾ ਦੰਦਾਸਾ ਲਾ ਕੇ, ਅੱਖਾਂ ਵਿਚ ਸੁਰਮੇ ਦੀਆਂ ਧਾਰੀਆਂ ਖਿੱਚ ਕੇ, ਤਿੱਲੇ ਵਾਲੀ ਜੁੱਤੀ ਪਹਿਨ ਕੇ ਆਪਣੇ ਹੁਸਨ ਨੂੰ ਨਿਸ਼ਾਰਦੀਆਂ। ਅਜਿਹੇ ਮੌਕੇ ਬਹੁਤ ਘੱਟ ਆਉਂਦੇ। ਜਦ ਆਉਂਦੇ ਫਿਰ ਔਰਤ ਕਿਉਂ ਨਾ ਆਪਣੇ ਹੁਸਨ ਨੂੰ ਬਿਖੇਰੇ ? ਉਸ ਅੰਦਰ ਵੀ ਤਾਂ ਚਾਹਤ ਹੁੰਦੀ ਹੈ ਕਿ ਕੋਈ ਬਾਹਰਲਾ ਉਸ ਵੱਲ ਵੇਖੇ ਅਤੇ ਆਪਣੇ ਪਿਆਰ ਦਾ ਪ੍ਰਗਟਾਵਾ ਕਰੇ।

ਕਰਮੇ ਨੂੰ ਯਾਦ ਆਇਆ, ਉਹ ਸਮਾਂ ਜਦੋਂ ਹਵੇਲੀ ਉਨ੍ਹਾਂ ਦੇ ਘਰ ਦੇ ਪਿਛਵਾੜੇ ਗਿਆਨ ਝਿਊਰ ਦਾ ਘਰ ਹੁੰਦਾ ਸੀ। ਗਿਆਨ ਭੰਗ ਪੀਣ ਦਾ ਆਦੀ ਸੀ। ਕਾਲਾ ਸਿਆਹ ਰੰਗ। ਭੰਗ ਦੇ ਨਸ਼ੇ ਨਾਲ ਅੱਖਾਂ ਵਿੱਚੋਂ ਜਿਵੇਂ ਅੱਗ ਨਿਕਲਦੀ ਹੋਵੇ ! ਗਿਆਨ ਦੀ ਘਰ ਵਾਲੀ ਦਾ ਨਾਂ ਵੀਰੋ। ਰੰਗ ਦੀ ਗੋਰੀ, ਲਾਲ ਸੂਹਾ ਚਿਹਰਾ ਜਿਵੇਂ ਲੁਹਾਰ ਦੀ ਤਪਦੀ ਭੱਠੀ ਵਿੱਚੋਂ ਲਾਲ ਅੱਗ ਦੀਆਂ ਲਾਟਾਂ ਹੋਣ ! ਚਾਹੇ ਦੋ ਬੇਟੀਆਂ ਦੀ ਮਾਂ ਬਣ ਚੁੱਕੀ ਸੀ ਪਰ ਹਾਲੇ ਵੀ ਇੰਝ ਲੱਗਦਾ ਸੀ ਜਿਵੇਂ ਕੰਜ-ਕਵਾਰੀ ਹੋਵੇ। ਅੱਗ ਲੱਗਣੀ ਜਵਾਨੀ ਦੇ ਸੇਕ ਨੂੰ ਜਿਵੇਂ ਗਿਆਨ ਲਈ ਠੰਢਾ ਕਰਨਾ ਵੱਸੋਂ ਬਾਹਰ ਸੀ। ਗਰਮੀਆਂ ਦੇ ਦਿਨ। ਇਕ ਦਿਨ ਗਿਆਨ ਤੋਂ ਛੋਟੇ ਸ਼ਾਮ ਨਾਲ ਕੋਠੇ ਉੱਪਰ ਰਾਤ ਸਮੇਂ ਵੀਰੋ ਨੂੰ ਉਸ ਦੇ ਮੰਜੇ ਉੱਪਰ ਬੈਠਿਆਂ ਗਿਆਨ ਨੇ ਵੇਖ ਲਿਆ। ਬਸ ਫਿਰ ਕੀ ਸੀ। ਕੁੱਟ-ਮਾਰ, ਗਾਲ੍ਹਾਂ ਦਾ ਅਜਿਹਾ ਸਿਲਸਿਲਾ ਚੱਲਿਆ ਜਿਸ ਨੇ ਅਗਲੀ ਸਵੇਰ ਦੇ ਕੁੱਕੜ ਦੀ ਬਾਂਗ ਨਾਲ ਹੀ ਵੀਰੋ ਨੂੰ ਪਿੰਡ ਹੀ ਛੁਡਵਾ ਦਿੱਤਾ। ਭੂਆ ਨੇ ਕੁੜੀਆਂ ਦੀ ਜ਼ੁੰਮੇਵਾਰੀ ਲੈ ਲਈ।

ਕੁੜੀਆਂ ਦੇ ਵਿਆਹਾਂ ਤੋਂ ਬਾਅਦ ਗਿਆਨ ਦੀ ਭੂਆ ਨੇ ਵੀਰੋ ਨੂੰ ਅੰਮ੍ਰਿਤਸਰ ਇਕ ਲਾਲੇ ਦੇ ਘਰ ਕੰਮ 'ਤੇ ਲਗਵਾ ਦਿੱਤਾ। ਲਾਲੇ ਦੀ ਘਰ ਦੀ ਦੀ ਮੌਤ ਹੋ ਚੁੱਕੀ ਸੀ। ਵੀਰੋ ਘਰ ਦੀ ਸਫ਼ਾਈ, ਬੱਚਿਆਂ ਦੀ ਦੇਖ-ਭਾਲ, ਰੋਟੀ-ਪਾਣੀ, ਚੌਂਕਾ-ਚੁੱਲ੍ਹਾ ਕਰਦੀ। ਤਦ ਵੀ ਉਹ ਖ਼ੁਦ ਨੂੰ ਭਾਗਸ਼ਾਲੀ ਗਿਣਦੀ। ਵੀਰੋ ਦਾ ਨਰਕ ਭਰੀ ਜ਼ਿੰਦਗੀ ਤੋਂ ਛੁਟਕਾਰਾ ਹੋ ਚੁੱਕਾ ਸੀ। ਕਿਸੇ ਨੇ ਉਸ ਦੀ ਜ਼ਿੰਦਗੀ ਨੂੰ ਨਵੇਂ ਅਰਥ ਦੇ ਦਿੱਤੇ ਸਨ।

ਕਿੰਨੀਆਂ ਹੀ ਔਰਤਾਂ ਬਿਨਾਂ ਜ਼ਿੰਦਗੀ ਦੇ ਅਰਥਾਂ ਤੋਂ ਸਹਿਕ-ਸਹਿਕ ਕੇ ਰੋਜ਼ ਮਰ ਰਹੀਆਂ ਹਨ। ਇਹ ਤਾਂ ਮਹਿਜ਼ ਕਰਮੇ ਦੇ ਛੋਟੇ ਜਿਹੇ ਪਿੰਡ ਦੀ ਹੀ ਮਿਸਾਲ ਸੀ।

ਉਮਰ ਨਾਲ ਬੰਦਾ ਲੜਦਾ ਹੋਇਆ ਕਈਆਂ ਕਿਸਮਾਂ ਦੇ ਨਵੇਂ ਤੋਂ ਨਵੇਂ ਤਜਰਬੇ ਕਰਨ ਲਈ ਮਜਬੂਰ ਵੀ ਹੋ ਜਾਂਦਾ। ਇਸ ਪਿੱਛੇ ਉਸ ਦਾ ਲਾਲਚ, ਹਉਮੈ, ਮਜਬੂਰੀਆਂ ਕਹਿ ਲਉ।

ਉਮਰ ਬੀਤਣ ਨਾਲ ਹਰ ਚੀਜ਼ ਪ੍ਰਤੀ ਬੰਦੇ ਦੇ ਸੋਚਣ ਦਾ ਢੰਗ-ਤਰੀਕਾ ਵੀ ਬਦਲ ਜਾਂਦਾ ਹੈ, ਸਿਵਾਏ ਕੁਝ ਕੁ ਲੋਕਾਂ ਦੇ। ਕੁਝ ਅਜਿਹੇ ਇਨਸਾਨ ਹੁੰਦੇ ਨੇ ਜੋ ਜੰਮਦੇ ਹੀ ਬਚਪਨ ਤੋਂ ਜ਼ਿੰਦਗੀ ਦੇ ਹਰ ਪਹਿਲੂ ਉੱਪਰ ਸਦੀਵੀ, ਪ੍ਰਪੱਕ, ਕੁਦਰਤ ਨਾਲ ਮੇਲ ਖਾਂਦੀ ਸੋਚ ਦੇ ਧਾਰਨੀ ਹੁੰਦੇ ਨੇ। ਅਜਿਹੀਆਂ ਮਹਾਨ ਸ਼ਖਸੀਅਤਾਂ ਸਦਾ ਹੀ ਅਮਰ ਰਹਿੰਦੀਆਂ ਨੇ। ਇਨ੍ਹਾਂ ਵੱਲੋਂ ਦਰਸਾਏ ਸਿਧਾਂਤ ਲੱਖਾਂ-ਕਰੋੜਾਂ ਲੋਕਾਂ ਲਈ ਰਾਹ-ਦਿਸੇਰਾ ਹੋ ਨਿੱਬੜਦੇ ਨੇ।

ਮਨੁੱਖੀ ਜੀਵਨ-ਜਾਚ ਨੂੰ ਕਿੰਜ ਜੀਵਿਆ ਜਾਵੇ ਤਾਂ ਕਿ ਇਨਸਾਨ ਆਪਣੀ ਜ਼ਿੰਦਗੀ ਦੇ ਮਿਲੇ ਵਕਤ ਨੂੰ ਚੰਗੇ ਲੇਖੇ ਲਾ ਸਕੇ—ਸ਼ਾਇਦ ਗੁਰੂ ਨਾਨਕ ਦੇਵ ਜੀ ਨਾਲੋਂ ਬਿਹਤਰ ਕੋਈ ਵੀ ਫ਼ਿਲਾਸਫ਼ਰ, ਵਿਗਿਆਨੀ, ਧਾਰਮਿਕ ਪੀਰ-ਪੈਗੰਬਰ ਨਹੀਂ ਦੱਸ ਸਕਿਆ—ਜਿਸ ਵਿਧੀ-ਵਿਧਾਨ ਨਾਲ ਬੜੀ ਸਰਲ-ਸਾਧਾਰਨ ਪ੍ਰਚੱਲਤ ਬੋਲੀ ਵਿਚ ਗੁਰੂ ਸਾਹਿਬ ਨੇ ਆਪਣੀ ਬਾਣੀ ਦੀ ਰਚਨਾ ਕੀਤੀ। ਪੰਦਰ੍ਹਵੀਂ ਅਤੇ ਸੋਲ੍ਹਵੀਂ ਸਦੀ ਦੌਰਾਨ ਹਿੰਦੋਸਤਾਨ ਅੰਦਰ ਕਿਸ ਕਿਸਮ ਦਾ ਤਾਣਾ-ਬਾਣਾ ਸੀ, ਅੱਜ ਸ਼ਾਇਦ ਉਸ ਸਮੇਂ ਨਾਲੋਂ ਵੀ ਹਾਲਾਤ ਬੁਰੇ ਹੋ ਚੁੱਕੇ ਹਨ। ਬਾਵਜੂਦ ਏਨੀ ਸਾਇੰਸ ਦੀ ਤਰੱਕੀ ਦੇ ਕਿ ਬੰਦਾ ਚੰਦ ਉੱਪਰ ਵੀ ਸੈਰਾਂ ਕਰ ਚੁੱਕਾ ਹੈ ਪਰ ਜ਼ਮੀਨੀ ਪੱਧਰ ’ਤੇ ਅਜੇ ਮੁੱਢਲੀਆਂ ਲੋੜਾਂ ਵੀ ਪੂਰੀਆਂ ਨਹੀਂ ਹੋ ਰਹੀਆਂ।

ਅੱਜ ਦੇ ਸਮਾਜ ਅੰਦਰ ਰਾਜਸੀ ਧੱਕੇਸ਼ਾਹੀ, ਊਚ-ਨੀਚ ਦੇ ਪਾੜੇ, ਸਮਾਜਿਕ ਦੁਫੇੜ, ਲੋਕਾਂ ਦੀ ਇਖ਼ਲਾਕੀ ਗਿਰਾਵਟ, ਆਮ ਲੋਕਾਂ ਅੰਦਰ ਵਹਿਮ-ਭਰਮ, ਫ਼ਜ਼ੂਲ ਦੀ ਪਾਖੰਡਬਾਜ਼ੀ, ਤਰਕਹੀਣ ਲੋਕਾਚਾਰੀ, ਲੋਕਾਂ ਅੰਦਰ ਬੇਸਬਰੀ, ਮਨ ਦੀ ਲਾਚਾਰ ਦੌੜ, ਪਰਵਾਰਿਕ ਸੰਬੰਧਾਂ ਅੰਦਰ ਟੁੱਟ-ਭੱਜ। ਅਜਿਹੇ ਹਾਲਾਤ ਉਦੋਂ ਵੀ ਸਨ ਤਾਂ ਹੀ ਤੇ ਗੁਰੂ ਨਾਨਕ ਸਾਹਿਬ ਲਿਖਦੇ ਹਨ :

'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥'

ਬੀਮਾਰ ਹੋ ਚੁੱਕੇ ਸਿਸਟਮ ਉੱਪਰ ਗੁਰੂ ਸਾਹਿਬ ਨੇ ਅਜਿਹੀ ਕਰਾਰੀ ਸੱਟ ਮਾਰੀ ਜਿਸ ਬਾਰੇ ਪੱਛਮ ਦੇ ਬੁੱਧੀਜੀਵੀਆਂ ਨੂੰ ਵੀ ਮਜਬੂਰ ਹੋ ਕੇ ਗੁਰੂ ਸਾਹਿਬ

ਦੀ ਰਚਨਾ ਮੂਹਰੇ ਸਿਰ ਝੁਕਾਉਣੇ ਪਏ। ਕਰਮਾ ਕਿਨ੍ਹਾਂ ਵਿੱਚੋਂ ਸੀ ? ਕੋਈ ਵੀ ਕੁਦਰਤੀ ਆਫ਼ਤ ਆਉਂਦੀ ਚਾਹੇ ਪਰਬਤਾਂ ਦਾ ਟੁੱਟਣਾ, ਗਿਰਨਾ, ਹੜ੍ਹਾਂ ਦਾ ਕੁਹਰਾਮ, ਭਿਆਨਕ ਮਨੁੱਖੀ ਬੀਮਾਰੀਆਂ, ਇਕ ਦੇਸ਼ ਦੀ ਦੂਸਰੇ ਦੇਸ਼ ਨਾਲ ਜੰਗ ਤਾਂ ਕਰਮੇ ਨੂੰ ਗੁਰੂ ਨਾਨਕ ਸਾਹਿਬ ਹੀ ਇਨ੍ਹਾਂ ਸਭਨਾਂ ਦਾ ਹੱਲ ਦਿੱਸਦਾ। ਕੁਦਰਤ ਨਾਲ ਉਹ ਕਿੰਨਾ ਪਿਆਰ ਕਰਦੇ ਸਨ :

'ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ ॥'

ਅੱਜ ਬੰਦਾ ਲਾਲਚ ਵੱਸ, ਮਾਇਆ ਦੇ ਚੱਕਰ ਵਿਚ ਘਿਰਿਆ ਹੋਇਆ ਕੁਦਰਤ ਦੇ ਬਣੇ ਅਸੂਲਾਂ ਨਾਲ ਅਜਿਹੇ ਬਿਖੇੜੇ ਕਰ ਰਿਹਾ ਹੈ ਕਿ ਜਿਵੇਂ 'ਕੱਲ੍ਹ' ਨਹੀਂ ਆਵੇਗਾ। 'ਕੱਲ੍ਹ' ਤਾਂ ਜ਼ਰੂਰ ਚੜ੍ਹੇਗਾ ਪਰ 'ਕਾਲ' ਕਿਵੇਂ ਆਵੇਗਾ ਇਹ ਤਾਂ ਬੰਦੇ ਦੀ ਕੀਤੀ ਕਮਾਈ ਉੱਪਰ ਹੀ ਨਿਰਭਰ ਕਰੇਗਾ!

ਚੜ੍ਹਦੀ ਉਮਰੇ ਕਹਿੰਦੇ ਨੇ ਜਿਨ੍ਹਾਂ ਨੂੰ ਇਕ ਵਾਰ ਮਾਰਕਸਵਾਦ ਵਿਚ ਵਿਸ਼ਵਾਸ ਆ ਗਿਆ ਉਹ ਫਿਰ ਸਾਰੀ ਉਮਰ ਇਸ ਫ਼ਲਸਫ਼ੇ ਨਾਲ ਹੀ ਜੁੜਿਆ ਰਹਿੰਦਾ ਹੈ। ਫਿਰ ਉਹ ਕਿਸੇ ਹੋਰ 'ਵਾਦ' ਵੱਲ ਨਹੀਂ ਝਾਕਦਾ। ਪਰ ਇਥੇ ਕੁਝ ਹੋਰ ਹੀ ਸੀ। ਮਾਰਕਸਵਾਦ ਦੇ ਅੱਥਰੇ ਘੋੜੇ ਉੱਪਰ ਸਵਾਰੀ ਕਰਨ ਲਈ ਪਹਿਲਾਂ ਬੰਦੇ ਵਿਚ ਹਲੀਮੀ, ਸਹਿਜਤਾ, ਸਬਰ, ਸੰਤੋਖ ਦਾ ਚਿੰਤਨ ਅਤੇ ਸੰਕਲਪ ਪੈਦਾ ਹੁੰਦਾ, ਲੰਬੀ ਉਡਾਰੀ ਅਤੇ ਵਾਟ ਤੈਅ ਹੋ ਸਕਦੀ ਸੀ ਪਰ ਐਸਾ ਨਾ ਹੋ ਸਕਿਆ।

ਪੰਜਾਬ ਵਰਗੇ ਖਿੱਤੇ ਅੰਦਰ ਜਿਥੇ ਦੁਨੀਆਂ ਤੋਂ ਵੱਖਰੀ ਕਿਸਮ ਦਾ ਵਰਤਾਰਾ ਵਾਪਰਦਾ ਰਿਹਾ, ਅੱਡਰੀ ਕਿਸਮ ਦੇ ਲੋਕਾਂ ਦਾ ਆਪਣੇ ਪਿੰਡਿਆਂ 'ਤੇ ਹੰਢਾਇਆ ਅਲੋਕਾਰ ਇਤਿਹਾਸ, ਵੱਖਰੀ ਬੋਲੀ, ਵੱਖਰਾ ਸਹਿਚਾਰ ਜੋ ਵੱਸਦਾ ਰਿਹਾ ਗੁਰੂ ਦੇ ਨਾਂ 'ਤੇ। ਪਰ ਅੱਜ ਤਾਂ ਉਹ ਲੀਰੋ-ਲੀਰ ਹੋਇਆ ਪਿਆ ਹੈ! ਕਿਧਰੇ ਇੰਝ ਲੱਗਦਾ ਜਿਵੇਂ ਲੋਕਾਂ ਨੇ ਗੁਰੂ ਨਾਨਕ ਸਾਹਿਬ ਦੀ ਰਚੀ ਬਾਣੀ ਨੂੰ ਪੜ੍ਹਨਾ, ਵਿਚਾਰਨਾ ਅਤੇ ਉਸ 'ਤੇ ਅਮਲ ਕਰਨਾ ਵਿਸਾਰ ਦਿੱਤਾ ਹੋਵੇ।

ਕਰਮੇ ਦੀ ਸੋਚ ਵਿਚ ਪਰਿਵਰਤਨ ਦੀ ਵਜ੍ਹਾ ਸੀ ਕਿ 'ਅਗਾਂਹਵਧੂ' ਸੋਚ ਦੇ ਧਾਰਨੀਆਂ ਨੇ ਗੁਰੂਆਂ ਵੱਲੋਂ ਦਿੱਤਾ ਅਨਮੋਲ ਖਜ਼ਾਨਾ ਖੋਲ੍ਹਣ ਦੀ ਹਿੰਮਤ ਹੀ ਨਾ ਕੀਤੀ ਅਤੇ ਆਪਣੇ 'ਵਾਦ' ਦੀ ਹੀ ਗੁਹਾਰ ਲਾਈ ਗਏ। ਧਰਾਤਲ ਨਾਲ ਜੁੜੀਆਂ ਬੀਮਾਰੀਆਂ ਨੂੰ ਆਪਣੀ ਮਿੱਟੀ ਦੇ ਜਾਇਆਂ ਵੱਲੋਂ ਤਿਆਰ ਦੇਸੀ ਦਵਾ-ਦਾਰੂ ਨੂੰ ਅੱਖੋਂ-ਪਰੋਖੇ ਕਰੀ ਰੱਖਿਆ। ਪਰ ਹੁਣ ਤਾਂ ਬਹੁਤ ਦੇਰ ਹੋ ਚੁੱਕੀ ਸੀ। ਫਿਰ ਵੀ ਕਰਮਾ ਬਚ ਗਿਆ। ਐਵੇਂ ਹੀ ਮਿੱਟੀ ਦਾ ਢੇਰ ਹੋਣ ਤੋਂ ਪਾਸਾ ਵੱਟ ਗਿਆ। ਹਾਂ, ਜ਼ਿੰਦਗੀ ਦੇ ਕਿੰਨੇ ਹੀ ਅਨਮੋਲ ਸਾਲ ਜ਼ਰੂਰ ਗੁਆ ਧਰੇ।

ਚੜ੍ਹਦੀ ਉਮਰੇ ਹੋਏ ਬੁਖ਼ਾਰ ਨੂੰ ਸਹਿਜੇ-ਸਹਿਜੇ ਲਾਹ ਜ਼ਰੂਰ ਸੁੱਟਿਆ ਅਤੇ ਉਸ ਦੀ ਥਾਂ ਗੁਰੂ ਨਾਨਕ ਸਾਹਿਬ ਦੇ ਮਾਨਵਤਾ ਦੇ ਇਨਕਲਾਬੀ ਸੰਤੁਲਿਤ ਸਿਧਾਂਤ ਨੇ ਲੈ ਲਈ। ਅਜੇ ਸਭ ਕੁਝ ਢਹਿ-ਢੇਰੀ ਹੋਣ ਨੂੰ ਵਕਤ ਲੱਗੇਗਾ। ਅਜੇ ਉਹ ਲੋਕ ਵੀ ਜਿਉਂਦੇ ਹਨ ਜਿਹੜੇ ਹਰ ਆਈ ਮੁਸੀਬਤ ਵਿਚ ਲੋਕਾਂ ਦਾ ਸਹਾਰਾ ਵੀ ਬਣ ਰਹੇ ਹਨ। ਲੋਕ ਬਹੁਤ ਅਮੀਰ ਵੀ ਹੋ ਜਾਣਗੇ ਪਰ ਉਨ੍ਹਾਂ ਵਿੱਚੋਂ ਇਨਸਾਨ ਕਹਾਉਣ ਵਾਲੇ ਗੁਣ ਖ਼ਤਮ ਹੋ ਜਾਣਗੇ। ਉਸ ਸੂਰਤ 'ਚ ਲੋਕ ਚੱਲਦੇ-ਫਿਰਦੇ ਮੁਰਦੇ ਨਜ਼ਰ ਆਉਣਗੇ!

ਬੰਦਾ ਜਿੰਨਾ ਜ਼ਿਆਦਾ ਕੁਦਰਤ ਦੇ ਬਣੇ ਆਪ-ਮੁਹਾਰੇ ਵਰਤਾਰੇ ਨੂੰ ਆਪਣੇ ਨਿੱਜੀ ਮਨੋਰਥ, ਲਾਲਚ, ਖ਼ੁਦਗਰਜ਼ੀ ਲਈ ਉਸ ਨਾਲ ਛੇੜ-ਛਾੜ ਕਰੇਗਾ ਉਨਾ ਹੀ ਉਹ ਆਉਣ ਵਾਲੀਆਂ ਨਸਲਾਂ ਲਈ ਪਾਪੀ ਬਣਦਾ ਜਾਵੇਗਾ।

ਬੰਦੇ ਨੇ ਕੁਦਰਤ ਵੱਲੋਂ ਵਰੋਸਾਈਆਂ ਬਰਕਤਾਂ ਉੱਪਰ ਆਪਣਾ ਹੱਕ ਠੋਕ ਦਿੱਤਾ ਜਦੋਂ ਕਿ ਉਸ ਨੂੰ ਹਰ ਘੜੀ, ਹਰ ਪਲ ਕਾਦਰ ਦੀ ਕੁਦਰਤ ਦਾ ਸ਼ੁਕਰੀਆ ਕਰਨਾ ਚਾਹੀਦਾ ਸੀ।

ਪੈਸੇ ਦੀ ਚੌਧਰ ਨੇ ਇਨਸਾਨ ਨੂੰ ਹੈਵਾਨ ਦਾ ਰੂਪ ਬਣਾ ਦਿੱਤਾ। ਬਾਵਜੂਦ ਅੰਨ੍ਹੀ ਪੈਸੇ ਦੀ ਸਰਦਾਰੀ ਦੇ ਕੁਝ ਭਲੇ ਲੋਕ ਅੱਜ ਵੀ ਆਪਣਾ ਇਤਿਹਾਸਕ ਫਰਜ਼ ਨਿਭਾ ਰਹੇ ਨੇ। ਉਹ ਚਾਹੇ ਚੰਗੀ ਲੇਖਣੀ ਦੇ ਰੂਪ ਵਿਚ, ਚਾਹੇ ਚੰਗੀ ਵਿਗਿਆਨਕ ਖੋਜ ਵਿਚ, ਚਾਹੇ ਵਧੀਆ ਖੇਤੀ ਉਤਪਾਦਕ ਬਣ ਕੇ ਜਾਂ ਮਸ਼ੀਨੀਕਰਨ, ਚਾਹੇ ਵਾਤਾਵਰਣ ਦੀ ਸਾਫ਼-ਸਫ਼ਾਈ ਲਈ ਬਨਸਪਤੀ, ਚਾਹੇ ਸੰਗੀਤ-ਕਲਾ ਹੋਵੇ।

ਬਹੁਤ ਬੀਤ ਚੁੱਕੇ ਸਾਲਾਂ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਘਟਨਾਵਾਂ, ਕੁਝ ਚੰਗੀਆਂ, ਕੁਝ ਨਾ-ਮਾੜੀਆਂ ਘਟਿਤ ਹੋਈਆਂ ਜਿਨ੍ਹਾਂ ਵਿੱਚ ਨਵੇਂ ਸੱਜਣ, ਮਿੱਤਰ, ਬੇਲੀ ਆਉਂਦੇ ਗਏ, ਜਾਂਦੇ ਗਏ। ਕੁਝ ਆਪਣੀਆਂ ਯਾਦਾਂ ਦਾ ਅਮਿਟ ਅਸਰ ਵੀ ਛੱਡ ਗਏ। ਪਰ ਇੱਕ ਗੱਲ ਤਾਂ ਪ੍ਰਪੱਕ ਹੋ ਗਈ ਸੀ ਕਿ ਕਰਮਾ ਛੇਤੀ ਕੀਤੇ ਕਿਸੇ ਦਾ ਅਸਰ ਕਬੂਲ ਨਹੀਂ ਸੀ ਕਰਦਾ। ਛੋਟੇ ਹੁੰਦਿਆਂ ਤੋਂ ਹੀ ਨਾ ਕਿਸੇ ਆਪਣੇ ਸਕੂਲ ਟੀਚਰ ਦਾ, ਨਾ ਕਿਸੇ ਕਾਲਜ ਜਾਂ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਦਾ। ਜਿੱਥੋਂ ਤਕ ਲਿਖਣ-ਪੜ੍ਹਨ ਦਾ ਸੁਆਲ ਉਸ ਨੇ ਕਦੇ ਕਿਸੇ ਨੂੰ ਆਪਣਾ ਉਸਤਾਦ ਨਾ ਧਾਰਿਆ। ਇਸ ਨੂੰ ਭਾਵੇਂ ਕਹਿ ਲਉ ਜੱਟਪੁਣਾ ਜਾਂ ਅੜਬਪੁਣਾ। ਬਿਨਾਂ ਸ਼ੱਕ ਉਸ ਨੂੰ ਗੋਰਕੀ, ਟਾਲਸਟਾਏ, ਰਸੂਲ ਹਮਜ਼ਾਤੋਵ ਬਾਹਰਲੇ ਅਤੇ ਵਾਰਸ ਸ਼ਾਹ, ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ ਆਪਣੇ ਪੰਜਾਬੀ ਲਿਖਾਰੀ ਪੜ੍ਹਨੇ ਚੰਗੇ ਲੱਗਦੇ ਸਨ।

ਦੁਨੀਆ ਦੇ ਇਤਿਹਾਸ ਨਾਲ ਵਾਕਫ਼ੀ ਜਿਵੇਂ ਕਰਮੇ ਲਈ ਭੁੱਖ ਬਣ ਗਈ ਸੀ। ਉਹ ਸਮੁੱਚੇ ਮੁਲਕਾਂ ਦੇ ਲੋਕਾਂ ਦਾ ਰੰਗ-ਢੰਗ, ਰਹਿਣੀ-ਬਹਿਣੀ, ਉਨ੍ਹਾਂ ਦੀ ਕਮਾਈ ਦੇ ਵਸੀਲੇ, ਉਨ੍ਹਾਂ ਦਾ ਸਭਿਆਚਾਰ, ਰਹੁ-ਰੀਤਾਂ, ਉਨ੍ਹਾਂ ਦੇ ਰਾਜਨੀਤਕ ਸਿਸਟਮ ਅਤੇ ਉਨ੍ਹਾਂ ਅੰਦਰ ਫ਼ੈਲਿਆ ਹੇਠਲੀ ਪੱਧਰ ਦਾ ਨੀਵਾਂਪਣ ਜਾਂ ਕਹਿ ਲਉ ਗੰਧਲਾਪਨ, ਇਸ ਸਭ ਕੁਝ ਨੂੰ ਜਾਣਨ, ਸਮਝਣ ਲਈ ਜਿਵੇਂ ਉਸ ਨੂੰ ਹਰ ਵੇਲੇ ਅਚਵੀ ਜਿਹੀ ਲੱਗੀ ਰਹਿੰਦੀ ਸੀ।

ਹੁਣ ਤਕ ਕਰਮਾ ਤਕਰੀਬਨ ਅੱਧੇ ਯੂਰਪੀਅਨ ਮੁਲਕਾਂ ਨੂੰ ਵੇਖ-ਜਾਂਚ ਚੁੱਕਾ ਸੀ। ਉੱਤਰੀ ਅਮਰੀਕਾ ਜਿਵੇਂ ਅਲਾਸਕਾ, ਕੈਨੇਡਾ, ਅਮਰੀਕਾ ਅਤੇ ਦੱਖਣੀ ਅਮਰੀਕਾ ਜਿਨ੍ਹਾਂ ਵਿਚ ਮੈਕਸੀਕੋ, ਅਰਜਨਟਾਈਨਾ ਅਤੇ ਬੋਲੀਵੀਆ ਵੀ ਸਨ। ਕਮਿਊਨਿਸਟ ਮੁਲਖ ਆਪਣੇ ਸਿਧਾਂਤਾਂ ਤੋਂ ਬੁਰੀ ਤਰ੍ਹਾਂ ਥਿੜਕ ਚੁੱਕੇ ਸਨ ਅਤੇ ਸਰਮਾਏਦਾਰੀ ਪੈਂਤੜਾ ਅਪਣਾ ਚੁੱਕੇ ਸਨ। ਦੋ ਵੱਡੀਆਂ ਤਾਕਤਾਂ ਰੂਸ ਅਤੇ ਚੀਨ ਬੁਰੀ ਤਰ੍ਹਾਂ ਪ੍ਰਾਈਵੇਟ ਕੰਪਨੀਆਂ ਦੇ ਮੁਨਾਫ਼ੇ ਦੀ ਤੱਕੜੀ ਤੁਲ ਚੁੱਕੇ ਸਨ। ਜਿੱਥੋਂ ਤਕ ਲੋਕਤੰਤਰ ਦੀ ਗੱਲ ਹੈ, ਉਥੇ ਪੈਸੇ ਦੀ ਅੰਨ੍ਹੀ ਸਰਦਾਰੀ ਨੇ ਸਿਰਫ਼ ਨਾਮ ਦਾ ਹੀ ਲੋਕਤੰਤਰ ਬਣਾ ਕੇ ਰੱਖ ਦਿੱਤਾ ਹੋਇਐ। ਕਰਮੇ ਲਈ ਜਿਵੇਂ ਸਾਰੇ ਹੀ ਰਾਜਨੀਤਿਕ ਵਿਧੀ-ਵਿਧਾਨ ਵਿਅਰਥ ਅਤੇ ਬੇਕਾਰ ਸਨ।

ਨਾ ਡਿਕਟੇਟਰਸ਼ਿਪ, ਨਾ ਲੋਕਤੰਤਰ, ਨਾ ਸਮਾਜਵਾਦੀ ਸਿਧਾਂਤ ਕਿਵੇਂ ਅੱਧੀ ਦੁਨੀਆਂ ਨੂੰ ਇਕ ਵਾਰ ਆਪਣੇ ਕਲਾਵੇ ਵਿਚ ਲੈ ਕੇ ਫਿਰ ਸਾਮਰਾਜ ਦੀ ਝੋਲੀ ਜਾ ਪਏ। ਕਿਸ ਧਿਰ ਨਾਲ ਜੁੜਿਆ ਜਾਵੇ ਅਤੇ ਉਸ ਦੀ ਬਿਹਤਰੀ ਲਈ ਕੰਮ ਕੀਤਾ ਜਾਵੇ, ਇਕ ਵੱਡਾ ਸਵਾਲ ਕਰਮੇ ਮੂਹਰੇ ਆਪਣਾ ਮੂੰਹ ਚਿੜਾਈ ਰੱਖਦਾ ਪਰ ਅੱਗੋਂ ਕਰਮਾ ਖਾਮੋਸ਼ ਚੁੱਪ-ਚਾਪ ਜਿਵੇਂ ਕਹਿ ਰਿਹਾ ਹੋਵੇ 'ਜਾਹ ਜਾਹ! ਫਿਰ ਆਈਂ, ਅਜੇ ਹਾਲਾਤ ਬਣੇ ਨਹੀਂ ਹਨ।'

ਕਰਮੇ ਵਰਗੇ ਹੋਰ ਵੀ ਬਹੁਤ ਜੋ ਆਪੋ-ਆਪਣੀਆਂ ਧਿਰਾਂ ਲੱਭ ਕੇ ਉਨ੍ਹਾਂ ਵਿਚ ਸਮਾ ਚੁੱਕੇ ਹਨ। ਘਟੋ-ਘੱਟ ਉਹ ਪਰੇਸ਼ਾਨ ਤਾਂ ਨਹੀਂ ਰਹਿੰਦੇ! ਉਹ ਸਮਝੌਤਾ ਕਰਕੇ ਟਿਕ ਚੁੱਕੇ ਸਨ। ਮੰਡੀ ਅੰਦਰ ਮੁੱਲ ਉਦੋਂ ਹੀ ਪਵੇਗਾ ਜਦ ਵਸਤੂ ਉੱਪਰ **ਫਾਰ ਸੇਲ** ਦਾ ਲੇਬਲ ਲੱਗਦਾ ਹੈ। ਕਰਮੇ ਨੇ ਆਪਣੇ ਉੱਪਰ ਕੋਈ ਲੇਬਲ ਨਾ ਲੱਗਣ ਦਿੱਤਾ। ਇਹੀ ਸਭ ਤੋਂ ਵੱਡੀ ਵਜ੍ਹਾ ਸੀ ਕਿ ਉਸ ਦੀ ਕਿਤੇ ਬਹੁਤੀ ਪੁੱਛ-ਪ੍ਰਤੀਤ ਨਹੀਂ ਹੋਈ। ਆਵਾਗੌਣ ਭੀੜ-ਭੜੱਕਾ ਉਸ ਨੂੰ ਵੈਸੇ ਚੰਗਾ ਨਹੀਂ ਲੱਗਦਾ।

ਪਤਾ ਨਹੀਂ ਉਸ ਦੀ ਲੇਖਣੀ ਹੀ ਉਸ ਦੀ ਸੌਂਕਣ ਬਣ ਬੈਠੀ। ਬਹੁਤ ਸਾਰੇ ਲੋਕ ਜਿਹੜੇ ਉਸ ਨਾਲ ਬੜੀ ਦੋਸਤੀ, ਨੇੜਤਾ, ਦਾਰੂ ਪਿਆਲੇ ਦੀ ਸਾਂਝ

ਰੱਖਦੇ ਸਨ ਕਿਧਰੇ ਰੁੱਸ ਗਏ ਜਾਂ ਕਰਮੇ ਨਾਲੋਂ ਦੂਰੀ ਬਣਾ ਚੁੱਕੇ ਸਨ। ਇਕ ਹੋਰ ਮਾੜੀ ਆਦਤ ਜਿਸ ਨੇ ਕਰਮੇ ਨੂੰ ਕੱਲ-ਮ-ਕੱਲ੍ਹਾ ਕਰ ਛੱਡਿਆ ਤੇ ਉਹ ਸੀ ਕੁਝ ਲੋਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਆਪੇ ਮਸ਼ਹੂਰੀ ਲਈ ਹਰ ਮਸਲੇ 'ਤੇ ਟਿੱਪਣੀਆਂ ਤੇ ਫ਼ੋਟੋਆਂ ਛਾਪ ਕੇ ਜਿਵੇਂ ਬਹੁਤ ਫ਼ਲਸਫੇ ਭਰੀਆਂ ਗੱਲਾਂ ਦਾ ਪ੍ਰਦਰਸ਼ਨ ਕਰਨਾ। ਕਰਮੇ ਲਈ ਇਹ ਨਿਰੋਲ ਫ਼ੋਟੋ-ਕਲਚਰ, ਆਪਣੀ ਹਉਮੈ ਨੂੰ ਪੱਠੇ ਪਾਉਣਾ ਹੁੰਦਾ ਹੈ ਤੇ ਜੋ ਔਕਾਤ ਨਹੀਂ ਹੁੰਦੀ ਉਸ ਦਾ ਪ੍ਰਚਾਰ ਕਰਨਾ। ਇਨ੍ਹਾਂ ਲੋਕਾਂ ਨੂੰ ਕਰਮੇ ਦੀਆਂ ਕੀਤੀਆਂ ਟਿੱਪਣੀਆਂ ਜਿਵੇਂ ਸਹਿਣ ਕਰਨੀਆਂ ਔਖੀਆਂ ਹੁੰਦੀਆਂ।

ਬਹੁਤ ਵਾਰ ਵੱਖ-ਵੱਖ ਰੇਡੀਓ ਪ੍ਰੋਗਰਾਮ, ਜ਼ੂਮ ਕਾਨਫਰੰਸਾਂ, ਜਾਂ ਦੂਰੋਂ-ਦੂਰੋਂ ਆਉਣ ਵਾਲੇ ਸੱਦਾ-ਪੱਤਰ ਸਭਨਾਂ 'ਚ ਡੂੰਘੀ ਰੁਚੀ ਰੱਖਦਾ ਰਿਹਾ ਸੀ। ਲੇਕਿਨ ਕਰਮਾ ਹੁਣ ਤਕ ਇਨ੍ਹਾਂ ਲੋਕਾਂ ਦੀ ਅਸਲ ਲਿਆਕਤ ਦਾ ਮਾਪ ਜਾਣ ਚੁੱਕਾ ਸੀ। ਕਰਮੇ ਵੱਲੋਂ ਬਹੁਤ ਸਾਰੇ ਟਾਕ ਸ਼ੋਅ ਕੀਤੇ ਗਏ ਜਿਨ੍ਹਾਂ ਨੂੰ ਅਕਲਾਂ ਵਾਲਿਆਂ ਨੇ ਬਹੁਤ ਸਲਾਹਿਆ ਵੀ ਪਰ ਹੁਣ ਉਹ ਛੇਤੀ ਕੀਤੇ ਐਵੇਂ ਕਿਸੇ ਦੇ ਹੱਥ ਨਹੀਂ ਸੀ ਆਉਂਦਾ। ਇਸ ਨੂੰ ਚਾਹੇ ਉਸ ਦੀ ਆਪਣੀ ਮਿਜਾਜ਼ ਕਹਿ ਲਉ, ਉਸ ਦੀ ਆਪਣੀ ਮਰਜ਼ੀ ਜਾਂ ਕਿਸੇ ਹੱਦ ਤਕ ਆਪਣੀ ਅਕਲ, ਆਪਣੇ ਗਿਆਨ ਦੀ ਹਉਮੈ ਕਹਿ ਲਉ। ਉਸ ਨੂੰ ਡੂੰਘੀ ਤਰ੍ਹਾਂ ਮਹਿਸੂਸ ਹੋ ਚੁੱਕਾ ਸੀ ਕਿ ਇਹ ਲੋਕ ਆਪ ਤਾਂ ਆਪਣੇ ਪ੍ਰੋਗਰਾਮਾਂ, ਸ਼ੋਆਂ ਤੋਂ ਹਜ਼ਾਰਾਂ ਡਾਲਰ ਕਮਾ ਲੈਂਦੇ ਨੇ ਪਰ ਕਿਸੇ ਦੀ ਕੀਤੀ ਮਿਹਨਤ ਦਾ ਮੁੱਲ ਪਾਉਣਾ ਇਨ੍ਹਾਂ ਦੇ ਵੱਸ ਦਾ ਰੋਗ ਨਹੀਂ।

ਮੌਜੂਦਾ ਸੰਸਾਰ ਦੇ ਹਾਲਾਤ ਨੂੰ ਵੇਖਦਿਆਂ ਕਰਮੇ ਨੂੰ ਆਪਣਾ ਭਵਿੱਖ ਹੁਣ ਬਹੁਤਾ ਆਸ਼ਾਵਾਦੀ ਨਹੀਂ ਜਾਪਦਾ। ਕਈ ਕਾਰਨ ਹਨ ਜਿਵੇਂ ਕਿ ਪੈਸੇ ਦੀ ਪ੍ਰਧਾਨਗੀ, ਮਨੁੱਖ ਅੰਦਰ ਲਾਲਚੀ ਲਾਲਸਾਵਾਂ, ਦੁਨੀਆ ਵਿਚ ਇਕ ਨੰਬਰ 'ਤੇ ਰਹਿਣ ਦੀ ਦੌੜ। ਸਭ ਤੋਂ ਵੱਡਾ ਮਸਲਾ ਹੈ ਧਾਰਮਿਕ ਕੱਟੜਤਾ। ਇਕ-ਦੂਸਰੇ ਪ੍ਰਤੀ ਸਹਿਣਸ਼ੀਲਤਾ ਦਾ ਅਲੋਪ ਹੋਈ ਜਾਣਾ।

ਅੱਜ ਸਖ਼ਤ ਲੋੜ ਹੈ ਤੁਸੀਂ ਜਿਸ ਵੀ ਧਾਰਮਿਕ ਆਸਥਾ ਨਾਲ ਜੁੜੇ ਹੋ ਉਸ ਦੇ ਸਿਧਾਂਤ, ਫ਼ਲਸਫੇ ਨੂੰ ਚੰਗੀ ਤਰ੍ਹਾਂ ਪੜ੍ਹੋ, ਸਮਝੋ। ਕਿਸੇ ਪਾਦਰੀ, ਪੁਜਾਰੀ, ਮੁੱਲਾਂ, ਭਾਈ ਕੋਲ ਜਾਣ ਦੀ ਲੋੜ ਨਹੀਂ। ਖ਼ੁਦ ਨੂੰ ਏਨਾ ਕਾਬਲ ਜ਼ਰੂਰ ਬਣਾਉ ਕਿ ਤੁਹਾਨੂੰ ਕੋਈ ਮੂਰਖ ਨਾ ਬਣਾ ਸਕੇ।

ਦਿਲਾਂ ਅੰਦਰ ਵੀ ਦਰਿਆਵੀ ਵਹਿਣ ਚੱਲਦੇ ਰਹਿੰਦੇ ਨੇ। ਅਗਰ ਸਹੀ ਸਮੇਂ 'ਤੇ ਇਨ੍ਹਾਂ ਵਹਿਣਾਂ ਨੂੰ ਕਾਬੂ ਵਿਚ ਲੈ ਲਿਆ ਜਾਵੇ ਤਾਂ ਸਭ ਭਲੀ ਵਰਨਾ ਆਪ-ਮੁਹਾਰੇ ਚੱਲਦੇ ਹੋਏ ਇਹ ਤਬਾਹੀ ਦੀ ਜੜ੍ਹ ਵੀ ਬਣ ਜਾਂਦੇ ਨੇ।

## (15)

**ਜਰ ਨਹੀਂ ਹੋਣਾ ਮੇਰੀ ਮਿੱਟੀ ਦਾ ਸੇਕ, ਆਪਣੇ ਪੈਰਾਂ ਹੇਠ ਮਘਦੇ ਅੰਗਿਆਰ ਵੇਖ, ਜੇ ਫਿਰ ਵੀ ਤੇਰੀ ਜ਼ਮੀਰ ਨਾ ਜਾਗੀ, ਆਪਣੇ ਵਜੂਦ ਨੂੰ ਫ਼ਨਾਹ ਹੁੰਦਾ ਵੇਖ!**

ਕਰਮੇ ਨੂੰ ਹਮੇਸ਼ਾਂ ਰਾਵੀ ਦਰਿਆ ਦੀਆਂ ਲਹਿਰਾਂ ਵਿੱਚੋਂ ਜਿਵੇਂ ਹੀਰੇ-ਮੋਤੀ ਲੱਭਦੇ ਜਦ ਵੀ ਉਹ ਉਸ ਦੇ ਕਿਨਾਰੇ ਬੈਠ ਕੇ ਉਨ੍ਹਾਂ ਨੂੰ ਨੀਝ ਲਾ ਕੇ ਤੱਕਦਾ। ਚਾਰ-ਚੁਫ਼ੇਰੇ ਦੀ ਹਰਿਆਲੀ ਜਿਵੇਂ ਕਹਿ ਰਹੀ ਹੋਵੇ 'ਆ, ਆ ਕੇ ਮੇਰੀ ਬੁੱਕਲ ਵਿਚ ਬੈਠ ਕੇ ਵੇਖ, ਤੈਨੂੰ ਮਾਂ ਦੀ ਗੋਦ ਯਾਦ ਆਊ !' ਥੋੜ੍ਹੀ ਦੂਰੀ 'ਤੇ ਜਿਵੇਂ ਸ਼ੱਕਰਗੜ੍ਹ ਦਾ ਪਿੰਡ ਲੋਹਟੀਆਂ ਉੱਚੀ-ਉੱਚੀ ਆਵਾਜ਼ਾਂ ਮਾਰ ਰਿਹਾ ਹੋਵੇ ਤੇ ਕਹਿ ਰਿਹਾ ਹੋਵੇ 'ਜਾਹ ਜਾ ਕੇ ਮੇਰੇ ਪੁੱਤਰ ਸ਼ਿਵਕੁਮਾਰ ਨੂੰ ਸੁਨੇਹਾ ਦੇ ਆਈਂ';

'ਕੀ ਪੁੱਛਦੇ ਓ ਹਾਲ ਫ਼ਕੀਰਾਂ ਦਾ
ਸਾਡਾ ਨਦੀਓਂ ਵਿੱਛੜੇ ਨੀਰਾਂ ਦਾ
ਸਾਡਾ ਹੰਝ ਦੀ ਜੂਨੇ ਆਇਆਂ ਦਾ,
ਸਾਡਾ ਦਿਲ ਜਲਿਆਂ ਦਿਲਗੀਰਾਂ ਦਾ।'

ਥੋੜ੍ਹਾ ਹੋਰ ਲਹਿੰਦੇ ਪਾਸੇ ਕਰਮੇ ਦੇ ਬਾਬੇ ਨੰਬਰਦਾਰ ਸੰਤ ਸਿੰਘ ਹੁਰਾਂ ਦਾ ਸਹੁਰਾ ਪਿੰਡ ਗਰਾਲਾ ਜਿਵੇਂ ਕੋਈ ਲੰਬੀ ਉਡੀਕ ਪਿਆ ਕਰਦਾ ਹੋਵੇ! ਕਹਿ ਰਿਹਾ ਹੋਵੇ 'ਆ ਵੇਖ, ਉਹ ਕੱਚੀਆਂ ਗਲੀਆਂ ਜਿਥੇ ਕਦੇ ਤੇਰੇ ਬਾਪ ਦਾ ਬਾਪ ਘੋੜੀ ਚੜ੍ਹ ਕੇ ਢੁੱਕਿਆ ਸੀ।'

ਥੋੜ੍ਹਾ ਹੋਰ ਲਹਿੰਦੇ ਪਾਸੇ ਨੂੰ ਜਾਂਦਿਆਂ ਇੰਜ ਲੱਗਦਾ ਸੀ ਜਿਵੇਂ ਕੁੱਲ ਜਹਾਨ ਹੀ ਕਰਤਾਰਪੁਰੇ ਆ ਕੇ ਭਾਈ ਮਰਦਾਨੇ ਦੀ ਰਬਾਬ ਦੀਆਂ ਸੁਰਾਂ ਗੁਰੂ ਨਾਨਕ ਸਾਹਿਬ ਦੇ ਮਿੱਠੜੇ ਬੋਲਾਂ ਨਾਲ ਇਕਮਿਕ ਤਪਦੇ ਸੀਨਿਆਂ ਅੰਦਰ ਠੰਡ ਵਰਤਾ ਰਹੀਆਂ ਹੋਵਣ! ਜਿਵੇਂ ਰਾਵੀ ਦੀਆਂ ਲਹਿਰਾਂ ਕਰਤਾਰਪੁਰ ਸਾਹਿਬ ਦੀ ਨਗਰੀ ਦੀਆਂ ਪਰਕਰਮਾ ਕਰ ਰਹੀਆਂ ਹੋਵਣ!

ਕੋਈ ਆਪਣਾ ਪਿੰਡ ਚੁੱਪ-ਚਾਪ ਕਿਵੇਂ ਲੰਘ ਜਾਵੇ ! ਪਿੰਡ ਤਾਂ ਪਿੰਡ ਹੀ ਹੁੰਦਾ ਤੇ ਉਹ ਵੀ ਆਪਣਾ ਜੱਦੀ-ਪੁਸ਼ਤੀ ਪਿੰਡ।

ਰਾਵੀ ਦੇ ਵਹਿਣ ਵਿਚ ਰੁੜ੍ਹਿਆ ਜਾਂਦਾ ਬਾਹਰ ਨਿਕਲ ਕਰਮਾ ਆਪਣੇ ਪਿੰਡ ਨੂੰ ਹੋ ਤੁਰਿਆ। ਕੁਝ ਹੀ ਪੈਲੀਆਂ ਦੀ ਤਾਂ ਵਾਟ ਸੀ। ਪੈਲੀਆਂ ਵੀ

ਇਨ੍ਹਾਂ ਦੀਆਂ ਆਪਣੀਆਂ। ਕਰਮੇ ਨੂੰ ਪੁਰਾਣੀਆਂ ਯਾਦਾਂ ਨੇ ਆ ਘੇਰਿਆ। ਹਲ ਵਾਹੁੰਦੇ ਬਾਪੂ ਦੇ ਪੈਰਾਂ ਨੂੰ ਕਈ ਵਾਰ ਫ਼ਾਲਿਆਂ ਨੇ ਡੂੰਘੇ ਜ਼ਖ਼ਮ ਕੀਤੇ, ਫਿਰ ਵੀ ਉਸ ਰੱਬ ਦੇ ਬੰਦੇ ਨੇ 'ਵਾਹਿਗੁਰੂ' ਕਹਿ ਕੇ ਉਸ ਦਾ ਭਾਣਾ ਮੰਨ ਲੈਣਾ। ਯਾਦ ਆਈਆਂ ਉਹ ਘੜੀਆਂ ਜਦੋਂ ਨਿੰਮਾ ਖਾਲਸਾ ਕਾਲਜ ਪੜ੍ਹਦਾ ਪਿੰਡ ਪੈਸੇ ਲੈਣ ਆਉਂਦਾ। ਘਰੇ ਪੈਸੇ ਨਾ ਹੋਣੇ। ਬਾਪੂ ਨੇ ਹਲ ਵਾਹੁੰਦੇ ਨੇ ਵਿਚੇ ਛੱਡ ਕੇ ਆਪਣੇ ਸੱਜਣ-ਬੇਲੀਆਂ ਤੋਂ ਪੈਸੇ ਫ਼ੜਨੇ ਤੇ ਨਿੰਮੇ ਦੇ ਹੱਥ ਧਰਨੇ। ਬਾਪੂ ਦੇ ਚਿਹਰੇ 'ਤੇ ਉਦਾਸੀ ਤੇ ਪਰੇਸ਼ਾਨੀ ਨੇ ਨਿੰਮੇ ਨੂੰ ਵੀ ਉਦਾਸ ਕਰ ਦੇਣਾ। ਬਾਪੂ ਨੂੰ ਬੋਲਿਆ ਵਾਧਾ-ਘਾਟਾ ਉਸ ਨੂੰ ਵੀ ਸ਼ਰਮਸਾਰ ਕਰਦਾ ਜਿਵੇਂ ਉਹ ਆਪਣੀਆਂ ਰੋਜ਼ਾਨਾ ਦੀਆਂ ਡਾਇਰੀਆਂ ਜਿਹੜੀਆਂ ਉਸ ਨੇ ਸੰਨ 1965 ਤੋਂ ਲਿਖਣੀਆਂ ਸ਼ੁਰੂ ਕੀਤੀਆਂ ਸਨ, ਅੱਜ ਵੀ ਏਸ ਗੱਲ ਨੂੰ ਤਸਦੀਕ ਕਰਦੀਆਂ ਨੇ। ਚਾਹੇ ਲੱਖ ਮੁਸੀਬਤਾਂ ਹੋਵਣ ਬੰਦਾ ਕਦੇ ਆਪਣੇ ਪਿੰਡ ਨੂੰ ਕੰਡ ਨਹੀਂ ਵਿਖਾਉਂਦਾ। ਬਾਪੂ ਨੇ ਹਰ ਹੀਲੇ ਸਭਨਾਂ ਦੀਆਂ ਗ਼ਰਜ਼ਾਂ ਪੂਰੀਆਂ ਕੀਤੀਆਂ। ਇਹ ਤਲਖ਼ ਮਜਬੂਰੀਆਂ ਹੀ ਸਨ ਕਿ ਕਰਮਾ ਜ਼ਿੰਦਗੀ-ਮੌਤ ਦੀ ਲੜਾਈ ਲੜਦਾ ਅੱਜ ਏਸ ਮੁਕਾਮ 'ਤੇ ਪਹੁੰਚ ਚੁੱਕਾ ਸੀ ਕਿ ਉਹ ਹਰ ਯਤਨ ਕਰਦਾ ਉਦਾਸ, ਪਰੇਸ਼ਾਨ ਚਿਹਰਿਆਂ 'ਤੇ ਹਾਸਾ-ਖੇੜਾ ਲਿਆ ਸਕੇ।

ਜਿਵੇਂ ਕੋਈ ਕਹਿ ਰਿਹਾ ਹੋਵੇ ਉੱਠ ਅਜੇ ਤਾਂ ਰਾਵੀ ਦੀਆਂ ਲਹਿਰਾਂ ਨਾਲ ਹੋਰ ਵੀ ਸਾਂਝਾਂ ਪਾਉਣੀਆਂ ਨੇ। ਪਿੰਡ ਦੀ ਮਿੱਟੀ ਨੂੰ ਚੁੰਮਦਾ ਹੋਇਆ ਕਰਮਾ ਵਾਹੋ-ਦਾਹੀ ਸਿੱਧਾ ਰਾਵੀ ਨੂੰ ਹੋ ਤੁਰਿਆ। ਪਤਾ ਨਹੀਂ ਫਿਰ ਕਦੋਂ ਰਾਵੀ ਪਾਰ ਕਰਦਿਆਂ ਆਵਾਜ਼ਾਂ ਉੱਚੀਆਂ ਆਉਣ ਲੱਗੀਆਂ ਜਿਵੇਂ ਲੋਕ ਆਪਸ ਵਿਚ ਉੱਚੀ-ਉੱਚੀ ਬਹਿਸ ਪਏ ਕਰਦੇ ਹੋਵਣ।

ਕਈ ਕਹਿੰਦੇ, ਇਹ ਸਾਡਾ ਪੀਰ ਹੈ। ਕਈ ਕਹਿੰਦੇ, ਇਹ ਸਾਡਾ ਗੁਰੂ ਹੈ।

ਦੂਰੋਂ ਬਾਬਾ ਅਜਿੱਤਾ ਰੰਧਾਵਾ ਜਿਵੇਂ ਆਪਣੇ ਪੱਲੇ ਨੂੰ ਹਵਾ ਵਿਚ ਲਹਿਰਾ ਕੇ ਕੁਝ ਕਹਿਣ ਦਾ ਯਤਨ ਕਰ ਰਿਹਾ ਹੋਵੇ।

'ਅਜੇ ਗੁਰੂ ਸਾਹਿਬ ਠੀਕ ਨੇ। ਜਿਉਂਦੇ ਕਦੇ ਵੰਡ ਨਾ ਹੋਏ। ਜਾਉ ਆਰਾਮ ਕਰੋ। ਕੁਦਰਤ ਦੀਆਂ ਦਿੱਤੀਆਂ ਨਿਆਮਤਾਂ ਦਾ ਸ਼ੁਕਰ ਕਰਨਾ ਆ ਜਾਵੇ। ਸਮਾਂ ਸਭ ਦੀ ਝੋਲੀ ਭਰੇਗਾ। ਜੋ ਰੱਬ ਦੇ ਭਾਣੇ ਵਿਚ ਗੁਰੂ ਹਮੇਸ਼ਾਂ ਉਨ੍ਹਾਂ ਦੇ ਅੰਗ-ਸੰਗ !'

ਰਾਵੀ ਦੀਆਂ ਲਹਿਰਾਂ ਕਰਤਾਰਪੁਰ ਦੇ 'ਸਤਿ-ਕਰਤਾਰ' ਦੇ ਇਲਾਹੀ ਹੁਕਮ ਦੇ ਪਹਿਰੇਦਾਰ ਨਾਲ ਜਿਵੇਂ ਸਦੀਵੀਂ ਸਾਂਝ ਪਾ ਕੇ ਸਦਾ ਲਈ ਇਕਮਿਕ ਹੋ ਚੁੱਕੀਆਂ ਸਨ। ਲੋਕ ਆਪੋ-ਆਪਣੀਆਂ ਰਹੁ-ਰੀਤਾਂ ਪੂਰੀਆਂ ਕਰਕੇ ਵਿਹਲੇ ਹੋ

ਗਏ ਲੱਗਦੇ ਸਨ।

ਪਤਾ ਹੀ ਨਾ ਲੱਗਦਾ ਕਦੋਂ ਕਰਮਾ ਰਾਵੀ ਦੇ ਕਿਨਾਰਿਆਂ ਨਾਲ ਕਦੇ ਕੁਝ ਕਹਿੰਦਾ, ਕਦੇ ਕੁਝ ਸੁਣਦਾ। ਨਾਰੋਵਾਲ ਤੋਂ ਅਗਾਂਹ ਥੱਕਾ-ਟੁੱਟਾ ਸ਼ਾਹੀ ਕਿਲ੍ਹੇ ਨਾਲ ਖਹਿ ਕੇ ਵਗਦੀ ਰਾਵੀ ਨੂੰ ਜਿਵੇਂ ਕੁਝ ਕਹਿਣ ਲਈ ਰੁਕ ਗਿਆ ਹੋਵੇ। ਅਜੇ ਕਰਮਾ ਰਾਵੀ ਕੰਢੇ ਉੱਗੇ ਕਿੱਕਰਾਂ ਦੇ ਰੁੱਖਾਂ ਹੇਠ ਬੈਠਣ ਹੀ ਲੱਗਾ ਸੀ ਕਿ ਸ਼ਾਹੀ ਕਿਲ੍ਹੇ ਅੰਦਰੋਂ ਉੱਚੀ ਆਵਾਜ਼ ਨੇ ਉਸ ਨੂੰ ਫਿਰ ਪੈਰਾਂ ਸਿਰ ਕਰ ਦਿੱਤਾ।

'ਤੁਸੀਂ ਲੋਕਾਂ ਕਦੇ ਮੇਰੀ ਸ਼ਾਨ ਵਿਚ ਨਹੀਂ ਲਿਖਿਆ। ਵੇਖ ! ਮੇਰਾ ਆਕਾਰ, ਮੇਰਾ ਕੱਦ-ਕਾਠ ! ਮੈਂ ਕਿੰਨੀਆਂ ਸਲਤਨਤਾਂ ਨੂੰ ਆਪਣੇ ਤਖ਼ਤ ’ਤੇ ਬਿਠਾਇਆ। ਕਿੰਨਿਆਂ ਨੂੰ ਰਾਜ-ਭਾਗ ਸੌਂਪੇ !

'ਮੈਨੂੰ ਯਾਦ ਏ ਏਥੇ ਗਜ਼ਨੀ ਆਇਆ, ਗੌਰੀ ਆਇਆ, ਮੁਗ਼ਲ ਆਏ, ਸਿੱਖ ਆਏ ਫਿਰ ਅੰਗਰੇਜ਼ ਆਏ। ਤੂੰ ਆਪਣੇ ਸ਼ਾਹੀ-ਠਾਠ-ਬਾਠ ਦੀ ਗੱਲ ਕੀਤੀ ਏ। ਤੇਰੀ ਏਸ ਚਾਰ-ਦੀਵਾਰੀ ਅੰਦਰ ਕੀ-ਕੀ ਜ਼ੁਲਮ ਹੁੰਦੇ ਰਹੇ, ਮੈਨੂੰ ਸਭ ਯਾਦ ਨੇ। ਮੈਂ ਤੇਰੇ ਨਾਲ ਖ਼ਹਿ ਕੇ ਏਸੇ ਕਰਕੇ ਵਗਦੀ ਰਹੀ ਕਿ ਇਕ ਦਿਨ ਤੇਰੀ ਹਰ ਕਰਤੂਤ, ਹਰ ਸਾਜ਼ਿਸ਼ ਜੱਗ-ਜ਼ਾਹਿਰ ਕਰ ਸਕਾਂ। ਤੇਰੇ ਮੁਗ਼ਲ ਦੌਰ ਸਮੇਂ ਆਮ ਲੋਕਾਂ ’ਤੇ ਕੀ-ਕੀ ਮੁਸੀਬਤਾਂ ਆਈਆਂ, ਹੱਕ-ਸੱਚ ਲਈ ਉੱਠੀ ਹਰ ਆਵਾਜ਼ ਨੂੰ ਤੂੰ ਕਿੰਝ ਫਾਹੇ ਲਾਉਂਦੀ ਰਹੀ।

ਤੂੰ ਸਾਂਦਲ ਬਾਰ ਦੇ ਭੱਟੀਆਂ ਨੂੰ ਕਤਲ ਕੀਤਾ ਕਿਉਂਕਿ ਉਹ ਤੇਰੇ ਮੂਹਰੇ ਸਿਰ ਨਹੀਂ ਸਨ ਝੁਕਾਉਂਦੇ।

ਤੂੰ ਦੁੱਲੇ ਭੱਟੀ ਨੂੰ ਫਾਹੇ ਚਾੜ੍ਹ ਦਿੱਤਾ ਕਿਉਂਕਿ ਉਸ ਨੇ ਪੰਜਾਬੀਆਂ ਨੂੰ ਅਣਖ, ਆਬਰੂ ਅਤੇ ਸਿਰ ਉੱਚਾ ਕਰਕੇ ਤੁਰਨ ਦੀ ਜਾਚ ਦੱਸੀ ਸੀ।

ਤੇਰੇ ਕੋਲੋਂ ਗੁਰੂ ਅਰਜਨ ਸਾਹਿਬ ਦਾ ਬੋਲਿਆ, ਉਚਾਰਿਆ ਸੱਚ ਸਹਾਰ ਨਾ ਹੋਇਆ।

ਤੂੰ ਆਪਣੇ ਝੂਠੇ ਕਿਲ੍ਹੇ ਮੂਹਰੇ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ। ਇਹ ਤਾਂ ਸ਼ੁਕਰ ਹੋਇਆ ਕਾਦਰ ਦੀ ਕੁਦਰਤ ਦਾ ਕਿ ਮੇਰੀਆਂ ਲਹਿਰਾਂ ਨੇ ਗੁਰੂ ਸਾਹਿਬ ਨੂੰ ਆਪਣੇ ਨਾਲ ਇਕਮਿਕ ਕਰ ਲਿਆ।

ਮੇਰੇ ਸੀਨੇ ਉਦੋਂ ਠੰਢ ਪਈ ਸੀ ਜਦ ਤੇਰੇ ਸ਼ਾਹੀ ਕਿਲ੍ਹੇ ਉੱਪਰ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਦਾ ਕੇਸਰੀ ਨਿਸ਼ਾਨ ਝੁਲਾਇਆ। ਇਹੀ ਉਹ ਸਮਾਂ ਸੀ ਜਦ ਮੈਂ ਏਸ ਕਿਲ੍ਹੇ ਅੰਦਰ ਕਿਸੇ ਅਬਲਾ ਦੀਆਂ ਚੀਕਾਂ ਨਹੀਂ ਸਨ ਸੁਣੀਆਂ। ਕਿਸੇ ਉੱਪਰ ਜ਼ੁਲਮ ਹੁੰਦਾ ਨਹੀਂ ਸੀ ਵੇਖਿਆ। ਰਣਜੀਤ ਸਿੰਘ ਦੇ ਰਾਜ ਵਿਚ ਸਾਰੀਆਂ ਕੌਮਾਂ ਦੇ ਲੋਕ ਬੜੇ ਪਿਆਰ, ਸਤਿਕਾਰ ਨਾਲ ਰਹਿੰਦੇ

ਸਨ। ਅੰਗਰੇਜ਼ ਆਏ, ਉਨ੍ਹਾਂ ਲਾਲਚ ਦੇ ਕੇ ਤੇਰੇ ਹੀ ਕਿਲ੍ਹੇ ਅੰਦਰ ਏਸ ਰਾਜ ਨੂੰ ਖ਼ਤਮ ਕਰਨ ਲਈ ਸਾਜ਼ਿਸ਼ਾਂ ਘੜਨੀਆਂ ਸ਼ੁਰੂ ਕੀਤੀਆਂ ਸਨ। ਮੇਰੇ ਵੇਖਦੇ ਹੀ ਵੇਖਦੇ ਪਹਾੜੀ ਡੋਗਰਿਆਂ ਨੇ ਰਣਜੀਤ ਸਿੰਘ ਦੀ ਮੌਤ ਮਗਰੋਂ ਉਸ ਦਾ ਸਾਰਾ ਖਾਨਦਾਨ ਹੀ ਖ਼ਤਮ ਕਰਵਾ ਦਿੱਤਾ ਸੀ।

'ਅੱਜ ਤੂੰ ਚਿੱਲਾਅ ਰਿਹਾ ਏਂ ਕਿ ਕੋਈ ਤੇਰੀ ਸਿਫ਼ਤ ਨਹੀਂ ਕਰਦਾ, ਕੋਈ ਤੇਰਾ ਜੱਸ ਨਹੀਂ ਗਾਉਂਦਾ, ਕੋਈ ਤੇਰੇ ਗੀਤ ਨਹੀਂ ਲਿਖਦਾ। ਕੋਈ ਕਿਉਂ ਲਿਖੇ ? ਹਾਂ, ਅਗਰ ਤੂੰ ਕਿਸੇ ਨੂੰ ਮੁੱਲ ਖ਼ਰੀਦ ਲਵੇਂ ਤਾਂ ਉਹ ਜ਼ਰੂਰ ਤੇਰੀਆਂ ਝੂਠੀਆਂ ਵਡਿਆਈਆਂ ਲਿਖੇਗਾ। ਪਰ ਪੰਜਾਬ ਦੀਆਂ ਕੁਝ ਕਲਮਾਂ ਅਜੇ ਵੀ ਜਿਉਂਦੀਆਂ- ਜਾਗਦੀਆਂ ਨੇ।'

'ਯਾਦ ਰੱਖੀਂ, ਜਿਉਂਦੇ-ਜੀਅ ਮੈਂ ਤੇਰੀ ਇਹ ਰੀਝ ਕਦੇ ਪੂਰੀ ਨਹੀਂ ਹੋਣ ਦੇਣੀ !'

ਮੇਰੇ ਆਰ-ਪਾਰ ਐਸੀ ਜਰਖੇਜ਼ ਮਿੱਟੀ ਏ ਜਿਸ ਵਿੱਚੋਂ ਹਮੇਸ਼ਾਂ ਬਾਗ਼ੀ ਨਾਬਰ ਜਾਂਬਾਜ਼ ਸਪੂਤ ਪੈਦਾ ਹੁੰਦੇ ਰਹੇ ਤੇ ਹੁੰਦੇ ਰਹਿਣਗੇ ਜੋ ਸਦਾ ਤੈਨੂੰ ਇਹ ਪੁੱਛਦੇ ਰਹਿਣਗੇ:

'ਐ ਤਖ਼ਤ ਲਾਹੌਰ ! ਤੇਰੇ ਜ਼ੁਲਮਾਂ ਦੀ ਫ਼ਹਿਰਿਸਤ ਬਹੁਤ ਲੰਬੀ ਏ। ਬਿਲਕੁਲ ਉਵੇਂ ਜਿਵੇਂ ਦਿੱਲੀ ਦੀ। ਇਹੀ ਵਜਹ ਹੈ ਕਿ ਤੈਨੂੰ ਇਹ ਬੋਲੀ ਹਮੇਸ਼ਾ ਵੱਜਦੀ ਰਹੇਗੀ ! ਕਿਉਂ ਨਾ ਵੱਜਦੀ ਰਹੇ ? ਹੈ ਜਵਾਬ ?'

'ਢਾਹਵਾਂ ਕਿਲ੍ਹਾ ਲਾਹੌਰ ਦਾ
ਤੇ ਦਿੱਲੀ ਕਰਾਂ ਤਬਾਹ !'

ਰਾਵੀ ਤੋਂ ਸਿੱਧਾ ਕਰਮਾ ਲਾਹੌਰ ਸ਼ਹਿਰ ਅੰਦਰੂਨ ਮਿਆਨੀ ਸਾਹਿਬ ਕਬਰਿਸਤਾਨ ਵੱਲ ਹੋ ਤੁਰਿਆ। ਉਹ ਪਹਿਲਾਂ ਵੀ ਏਥੇ ਦੋ ਵਾਰ ਆ ਚੁੱਕਾ ਸੀ। ਐਤਕੀਂ ਜਿਵੇਂ ਇਕੱਲ ਵਿਚ ਦੁੱਲੇ ਭੱਟੀ ਨਾਲ ਕੁਝ ਗੱਲਾਂ ਕਰਨਾ ਚਾਹੁੰਦਾ ਸੀ।

'ਦੁੱਲੇ ਭਾਈ ਜਾਨ, ਮੈਂ ਕਰਮਾ ਚੜ੍ਹਦੇ ਪੰਜਾਬ ਤੋਂ। ਪੁੱਛੇਂਗਾ ਇਹ ਚੜ੍ਹਦਾ ਕੀ? ਤੇ ਲੈ ਸੁਣ ! ਜਿਨ੍ਹਾਂ ਮੁਗਲਾਂ ਤੇਰੇ ਤੋਂ ਪਹਿਲਾਂ ਤੇਰੇ ਬਾਪ-ਦਾਦੇ ਨੂੰ ਲਾਹੌਰ ਵਿੱਚ ਸ਼ਹੀਦ ਕੀਤਾ ਸੀ ਉਸੇ ਕਿਸਮ ਦੀ ਇਕ ਹੋਰ ਗੋਰੀ ਹਾਕਮਸ਼ਾਹੀ ਨੇ ਤੇਰੇ ਪੰਜਾਬ ਨੂੰ ਕਰੀਬ ਇਕ ਸੌ ਸਾਲ ਤਕ ਲੁੱਟਿਆ-ਪੁੱਟਿਆ ਤੇ ਠੀਕ ਤੇਰੇ ਜਨਮ ਤੋਂ ਚਾਰ ਸੌ ਸਾਲ ਬਾਅਦ ਤੇਰੇ ਪਿਆਰੇ ਪੰਜਾਬ ਨੂੰ ਅੱਧੋ-ਅੱਧ ਕਰ ਦਿੱਤਾ ਸੀ। ਹਿੰਦੋਸਤਾਨ ਦੇ ਦੋ ਟੋਟੇ ਹੋ ਗਏ ਜਿਵੇਂ ਪੰਜਾਬ ਦੇ। ਹਿੰਦੋਸਤਾਨ ਵਾਲਾ ਪੰਜਾਬ ਚੜ੍ਹਦਾ ਪੰਜਾਬ ਤੇ ਪਾਕਿਸਤਾਨ ਜਿਸ ਅੰਦਰ ਤੇਰਾ 'ਪਿੰਡੀ ਭੱਟੀਆਂ' ਆਉਂਦਾ, ਲਹਿੰਦਾ ਪੰਜਾਬ ਬਣ ਗਿਆ।

ਦੁੱਲਿਆ ! ਹਾਕਮਸ਼ਾਹੀ ਵਿਰੁੱਧ ਤੇਰੀ ਨਾਬਰੀ ਨੂੰ ਅਜੇ ਵੀ ਲੋਕ ਬੜਾ

ਔਖਾ ਹੋ ਕੇ ਵੇਖਦੇ ਨੇ। ਲਾਲਚ ਵੱਸ ਇਤਿਹਾਸਕਾਰਾਂ, ਲਿਖਾਰੀਆਂ ਨੇ ਤੇਰੇ ਨਾਲ ਇਨਸਾਫ਼ ਨਹੀਂ ਕੀਤਾ। ਤੈਨੂੰ ਡਾਕੂ, ਚੋਰ, ਧਾੜਵੀ ਬਣਾ ਦਿੱਤਾ।

ਦੁੱਲਿਆ! ਤੇਰੀ ਬਹਾਦਰੀ, ਜ਼ਿੰਦਾਦਿਲੀ ਨੇ ਇਕ ਤੇਰੇ ਭਾਈ ਕਰਮੇ ਨੂੰ, ਜਿਹੜਾ ਤੇਰੀ ਤੇਰ੍ਹਵੀਂ ਪੀੜ੍ਹੀ ਨੂੰ ਪਿੰਡ ਦੁੱਲੇ-ਕੀ ਮਿਲ ਕੇ ਆਇਆ ਸੀ ਅਤੇ ਵਾਅਦਾ ਕੀਤਾ ਸੀ ਤੇਰੇ ਅਸਲੀ ਰੂਪ ਨੂੰ ਲੋਕਾਂ ਸਾਹਮਣੇ ਪੇਸ਼ ਕਰੇਗਾ, ਇਹ ਕਾਰਜ ਕਰਨ ਦੀ ਹਿੰਮਤ ਦਿੱਤੀ।

ਦੁੱਲਿਆ ! ਕਰਮੇ ਨੇ ਤੇਰੀ ਜ਼ਿੰਦਗੀ ਦੀ ਦਾਸਤਾਨ ਨੂੰ ਲੋਕਾਂ ਵਿਚ ਵੰਡਿਆ। ਹੁਣ ਤਾਂ ਲਹਿੰਦੇ ਪੰਜਾਬ ਅੰਦਰ ਲੋਹੜੀ ਦੇ ਦਿਨ 'ਦੁੱਲਾ ਭੱਟੀ ਵਾਲਾ' ਵੀ ਲੋਕ ਗਾਉਂਦੇ ਨੇ। ਕਰਮੇ ਨੇ ਹਰ ਯਤਨ ਕੀਤਾ ਤੇਰੀ ਜ਼ਿੰਦਗੀ ਦੀ ਦੌੜ-ਭੱਜ ਨੂੰ ਪੂਰੇ ਵੇਰਵੇ ਨਾਲ ਕਲਮਬੱਧ ਕਰ ਸਕਦਾ ! ਤੇਰੇ ਕੁਨਬੇ ਦੀ ਮੁਗ਼ਲਾਂ ਵਿਰੁੱਧ ਨਾਬਰੀ ਨੇ ਅੱਜ ਵੀ ਨੌਜਵਾਨਾਂ ਨੂੰ ਹੱਕ-ਸੱਚ ਲਈ ਲੜਨ-ਮਰਨ ਦਾ ਜੋ ਜਜ਼ਬਾ ਉਨ੍ਹਾਂ ਦੀ ਝੋਲੀ ਪਾਇਆ, ਲੋਕ ਤੈਨੂੰ ਯਾਦ ਕਰਦੇ ਨੇ। ਆਪਣੇ ਅਸਲੇ ਦੀ ਸਲਾਮਤੀ, ਅਣਖ਼ ਨਾਲ ਜੀਉਣ ਦਾ ਵੱਤਰ ਦੁੱਲਿਆ, ਜਿਸ ਤਰ੍ਹਾਂ ਤੂੰ ਦੱਸ ਕੇ ਤੁਰ ਗਿਆ ਏਂ, ਇਹ ਉਸੇ ਦੀ ਬਦੌਲਤ ਹੈ ਕਿ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀ ਅੱਜ ਵੀ ਇਕ-ਦੂਸਰੇ ਲਈ ਅਥਾਹ ਮੁਹੱਬਤ-ਪਿਆਰ ਰੱਖਦੇ ਨੇ। ਪਰ ਦੁੱਲਿਆ ਅਫ਼ਸੋਸ ਮੁਗਲਾਂ ਦੀ ਰਹਿੰਦ-ਖੂੰਹਦ ਅੱਜ ਵੀ ਘੱਟ ਨਹੀਂ ਗੁਜ਼ਾਰ ਰਹੀ। ਦੁੱਲਿਆ, ਕਿਧਰੇ ਮੁੜ ਗੇੜਾ ਤੇ ਆ ਕੇ ਲਾ ਜਾ!

ਦੁੱਲਿਆ! ਕਰਮੇ ਨੇ ਤੇਰੇ ਪਿੰਡ ਦੇ ਚੌਂਕ ਵਿਚ ਤੇਰੇ ਘੋੜੇ 'ਤੇ ਸਵਾਰ ਹੋਏ ਦਾ ਬੁੱਤ ਵੀ ਲਵਾਇਆ ਹੋਇਆ ਏ।

ਹਾਂ, ਸੱਚ! ਕਿਸੇ ਨੇ ਪਹਿਲੀ ਵਾਰ ਤੇਰੇ ਸ਼ਹੀਦ ਹੋਣ ਤੋਂ ਠੀਕ 419 ਸਾਲ ਮਗਰੋਂ ਤੇਰੇ ਪਿੰਡੀ ਭੱਟੀਆਂ ਤੇਰੀ ਯਾਦ ਵਿਚ ਬਹੁਤ ਵੱਡਾ ਮੇਲਾ ਕਰਵਾਇਆ ਜਿਥੇ ਤੇਰੇ ਇਲਾਕੇ ਦੇ ਗੱਭਰੂਆਂ ਨੇ 'ਦੁੱਲਾ ਭੱਟੀ, ਅਮਰ ਰਹੇ' ਦੇ ਜੈਕਾਰੇ ਲਾਏ ਸਨ। ਦੁੱਲਿਆ ਇਹ ਕਾਰਜ ਵੀ ਕਰਮੇ ਦੇ ਹਿੱਸੇ ਆਇਆ।

ਇਕ ਹੋਰ ਗੱਲ ਪਿੰਡੀ ਭੱਟੀਆਂ ਕਰਮੇ ਨੇ 'ਦੁੱਲਾ ਭੱਟੀ ਸੰਗਤ' ਵੀ ਬਣਾਈ ਹੋਈ ਹੈ ਜਿਹੜੀ ਤੇਰੀ ਯਾਦ ਵਿਚ ਕੁਝ ਨਾ ਕੁਝ ਤੇਰੇ ਇਲਾਕੇ ਅੰਦਰ ਕੁਝ ਲੋਕ ਤੇਰੇ ਨਾਮ ਨੂੰ ਸਦੀਵੀ ਰੱਖਣ ਲਈ ਚੰਗੇ ਕੰਮ ਕਰਦੇ ਰਹਿੰਦੇ ਹਨ।

'ਦੁੱਲਾ ਭੱਟੀ ਸੰਗਤ' ਦੀ ਇਕ ਸ਼ਾਖ ਅਮਰੀਕਾ ਵਿਚ ਵੀ ਹੈ। ਖ਼ੈਰ, ਅਮਰੀਕਾ ਬਾਰੇ ਸ਼ਾਇਦ ਤੈਨੂੰ ਪਤਾ ਨਾ ਲੱਗੇ ਕਿਉਂਕਿ ਤੇਰੇ ਸਮੇਂ ਅਜੇ ਇਸ ਮੁਲਕ ਦਾ ਜਨਮ ਨਹੀਂ ਸੀ ਹੋਇਆ।

ਦੁੱਲਿਆ! ਹੈਰਾਨ ਨਾ ਹੋਈਂ, ਤੈਨੂੰ ਲਹਿੰਦੇ ਪੰਜਾਬ ਨਾਲੋਂ ਚੜ੍ਹਦੇ ਪੰਜਾਬ

ਵਾਲੇ ਹੋਰ ਵੀ ਜ਼ਿਆਦਾ ਮੁਹੱਬਤ ਕਰਦੇ ਈ। ਕੋਈ ਨਹੀਂ, ਅਸੀਂ ਸਾਰੇ ਭਾਈ ਭਾਈ ਹਾਂ।'

ਦੁੱਲੇ ਦੀ ਕਬਰ 'ਤੇ ਸਿਜਦਾ ਕਰਕੇ ਕਰਮਾ ਰਾਵੀ ਦੇ ਨਾਲ-ਨਾਲ ਲਹਿੰਦੇ ਪਾਸੇ ਨੂੰ ਜਾਂਦਾ ਰਾਵੀ ਦੇ ਖੱਬੇ ਪਾਸੇ ਨੂੰ ਹੋ ਤੁਰਿਆ। ਕਰਮਾ ਗੁਗੇਰਾ ਪਹੁੰਚ ਗਿਆ ਜਿਸ ਦੇ ਬਿਲਕੁਲ ਲਾਗੇ ਹੀ ਇਕ ਪਿੰਡ ਝਾਂਮਰਾ ਸੀ। ਸ਼ਾਇਦ ਲੰਬੇ ਸਮੇਂ ਤੋਂ ਉਹ ਏਸ ਪਿੰਡ ਦੀ ਭਾਲ ਕਰ ਰਿਹਾ ਸੀ। ਪੰਜਾਬ ਦੇ ਆਮ ਪਿੰਡਾਂ ਵਰਗਾ ਪਿੰਡ ਪਰ ਜਿਸ ਸੂਰਮੇ ਭਗਤ ਨੂੰ ਏਸ ਪਿੰਡ ਨੇ ਜਨਮ ਦਿੱਤਾ ਉਹ ਕੋਈ ਆਮ ਨਹੀਂ ਸੀ ਉਹ ਖਾਸ ਵੀ ਨਹੀਂ ਸੀ ਬਲਕਿ ਖਾਸਮ-ਖਾਸਾਂ ਵਿੱਚੋਂ ਵੀ ਖਾਸ ਸੀ ਤੇ ਉਹ ਸੀ ਰਾਏ ਅਹਿਮਦ ਖ਼ਾਨ ਖ਼ਰਲ।

ਅਮੀਰ ਖ਼ਾਨਦਾਨ ਵਿਚ ਪੈਦਾ ਹੋਇਆ, ਰੱਬ ਤੋਂ ਡਰਨ ਵਾਲਾ, ਹੱਕ ਇਨਸਾਫ਼ 'ਤੇ ਪਹਿਰਾ ਦੇਣ ਵਾਲਾ। ਸੰਨ 1857 ਦੇ ਅੱਧ ਵਿਚ ਜਦ ਗੁਗੇਰਾ ਦੇ ਅਸਿਸਟੈਂਟ ਕਮਿਸ਼ਨਰ ਲਾਰਡ ਬਰਕਲੇ ਨੇ ਬਹੁਤ ਸਾਰੇ ਪਿੰਡਾਂ ਦੇ ਚੌਧਰੀਆਂ ਮੂਹਰੇ ਇਹ ਮੰਗ ਰੱਖੀ ਕਿ ਅੰਗਰੇਜ਼ਾਂ ਨੂੰ ਚੰਗੀਆਂ ਘੋੜੀਆਂ ਅਤੇ ਨੌਜਵਾਨ ਫੌਜ ਵਿਚ ਭਰਤੀ ਕਰਨ ਲਈ ਦੇਵੋ। ਜ਼ਮੀਨੀ ਮਾਲੀਆ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾਉ ਤਾਂ ਰਾਏ ਅਹਿਮਦ ਖ਼ਾਨ ਖ਼ਰਲ ਹੀ ਸੀ ਜਿਸ ਨੇ ਠੋਕ ਕੇ ਜਵਾਬ ਦਿੱਤਾ ਸੀ ਕਿ :

'ਖਰਲ ਆਪਣੀਆਂ ਘੋੜੀਆਂ, ਜ਼ਮੀਨਾਂ ਤੇ ਔਰਤਾਂ ਕਿਸੇ ਨਾਲ ਸਾਂਝੀਆਂ ਨਹੀਂ ਕਰਦੇ।'

ਇਕ ਅਜਿਹੀ ਨਾਬਰੀ ਲਲਕਾਰ ਜਿਸ ਨੇ ਨੀਲੀਬਾਰ, ਗੰਜੀਬਾਰ, ਸਾਂਦਲਬਾਰ, ਦਰਿਆ ਰਾਵੀ-ਸਤਲੁਜ ਦੇ ਸਮੁੱਚੇ ਖੇਤਰ ਨੂੰ ਅੰਗਰੇਜ਼ਾਂ ਵਿਰੁੱਧ ਲੜਨ ਲਈ ਲਾਮਬੰਦ ਕਰ ਦਿੱਤਾ ਸੀ।

ਚਾਹੇ ਰਾਏ ਅਹਿਮਦ ਖ਼ਾਨ ਖਰਲ ਦੀ ਅੰਗਰੇਜ਼ਾਂ ਖ਼ਿਲਾਫ਼ ਇਸ ਜੰਗ ਦੀ ਉਮਰ ਬਹੁਤ ਛੋਟੀ ਰਹੀ ਲੇਕਿਨ ਇਸ ਦਾ ਪ੍ਰਭਾਵ ਅੰਤਰਰਾਸ਼ਟਰੀ ਪੱਧਰ 'ਤੇ ਵੇਖਣ ਨੂੰ ਮਿਲਿਆ। ਇਸ ਬਗ਼ਾਵਤ ਬਾਰੇ ਕਾਰਲ ਮਾਰਕਸ ਦੇ ਨਿਊਯਾਰਕ ਦੀਆਂ ਅਖ਼ਬਾਰਾਂ ਵਿਚ ਲਿਖੇ ਲੇਖ ਮੁੱਖ ਸਿਰਲੇਖ ਬਣੇ। ਅਹਿਮਦ ਖ਼ਰਲ ਦੀ ਸ਼ਹਾਦਤ ਵੀ ਆਪਣੀ ਮਿਸਾਲ ਆਪ ਬਣ ਗਈ ਜਿਸ ਨੇ ਕਰਮੇ ਨੂੰ ਇਸ ਉੱਪਰ ਖੋਜ ਕਰਕੇ ਲਿਖਣ ਲਈ ਮਜਬੂਰ ਕੀਤਾ।

ਪਾਕਿਸਤਾਨ ਜਾ ਕੇ ਇਸ ਬਾਗ਼ੀ ਉੱਪਰ ਲਿਖਣ ਲਈ ਉਨ੍ਹਾਂ ਥਾਵਾਂ ਦੀ ਨਿਸ਼ਾਨਦੇਹੀ ਕੀਤੀ ਗਈ ਜਿਨ੍ਹਾਂ ਦਾ ਖ਼ਰਲ ਨਾਲ ਸੰਬੰਧ ਸੀ। ਇਸ ਦੀ ਚੌਥੀ-ਪੰਜਵੀਂ ਪੀੜ੍ਹੀ ਨਾਲ ਮੁਲਾਕਾਤਾਂ ਹੋਈਆਂ। ਵੱਖ-ਵੱਖ ਲਿਖਾਰੀਆਂ ਦੀਆਂ

ਲਿਖਤਾਂ ਦੀ ਘੋਖ-ਪੜਚੋਲ ਕੀਤੀ। ਪਰ ਬਹੁਤ ਹੀ ਘੱਟ ਇਤਿਹਾਸਕਾਰਾਂ ਵੱਲੋਂ ਅਹਿਮਦ ਖ਼ਰਲ ਬਾਰੇ ਲਿਖਿਆ ਗਿਆ। ਉਹ ਵੀ ਲਹਿੰਦੇ ਪੰਜਾਬ ਵਿਚ। ਚੜ੍ਹਦੇ ਪੰਜਾਬੀਆਂ ਨੂੰ ਤਾਂ ਇਸ ਬਾਰੇ ਬਹੁਤ ਹੀ ਥੋੜ੍ਹੀ ਨਾਂ-ਮਾਤਰ ਜਾਣਕਾਰੀ ਹੋਵੇਗੀ। ਪਹਿਲੀ ਵੇਰ ਕਿਸੇ ਚੜ੍ਹਦੇ ਪੰਜਾਬ ਦੇ ਪੰਜਾਬੀ ਨੇ ਅਹਿਮਦ ਖ਼ਾਨ ਖ਼ਰਲ ਉੱਪਰ ਪੂਰੇ ਵੇਰਵੇ ਨਾਲ ਲਿਖਿਆ ਜਿਸ ਨੂੰ ਪਹਿਲੀਆਂ ਦੋ ਕਿਤਾਬਾਂ 'ਜੱਗਾ ਸੂਰਮਾ', ਅਤੇ 'ਅਣਖੀਲਾ ਧਰਤੀ ਪੁੱਤਰ-ਦੁੱਲਾ ਭੱਟੀ' ਦੀ ਤਰ੍ਹਾਂ ਲਾਹੌਰ ਤੋਂ ਸ਼ਾਹਮੁਖੀ ਵਿਚ ਵੀ ਛਪਵਾਇਆ ਗਿਆ ਅਤੇ ਏਸ ਕਿਤਾਬ ਦਾ ਨਾਂ ਸੀ **‘ਰਾਵੀ ਦਾ ਰਾਠ-ਰਾਏ ਅਹਿਮਦ ਖ਼ਾਨ ਖ਼ਰਲ’** , ਜਿਸ ਨੇ 72 ਸਾਲਾਂ ਦੀ ਉਮਰ ਵਿਚ ਅੰਗਰੇਜ਼ਾਂ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ ਸੀ।

ਪਤਾ ਨਹੀਂ ਕਰਮੇ ਅੰਦਰ ਇਕ ਨਵੀਂ ਦੌੜ ਕਿੱਥੋਂ ਆਣ ਵੜੀ ! ਉਹ ਇਹ ਤਾਂ ਜ਼ਰੂਰ ਪੜ੍ਹਦਾ-ਸੁਣਦਾ ਰਹਿੰਦਾ ਸੀ ਕਿ ਅੱਜ ਫਲਾਣੇ ਕਾਲਜ, ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਲੰਬੇ ਸਮੇਂ ਬਾਅਦ ਮਿਲ ਰਹੇ ਹਨ। ਕੱਲ੍ਹ ਉਹ ਕਿਤੇ ਇਕੱਠੇ ਹੋ ਕੇ ਬੱਸ ਟੂਰ ਬਣਾ ਰਹੇ ਹਨ। ਉਸ ਨੂੰ ਖੁਦ ਐਸਾ ਮੌਕਾ ਨਹੀਂ ਸੀ ਮਿਲਿਆ ਸਿਵਾਏ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਐਮ.ਏ. ਕਰਦਿਆਂ ਇਕ ਵਾਰ ਵਿਦਿਆਰਥੀਆਂ ਦਾ ਬੱਸ ਟੂਰ ਸ਼ਿਮਲੇ ਜ਼ਰੂਰ ਗਿਆ ਸੀ।

ਕਰਮੇ ਨੇ ਆਪਣੇ ਜਮਾਤੀਆਂ, ਯਾਰਾਂ-ਦੋਸਤਾਂ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਤੇ ਉਹ ਵੀ ਪੰਜਵੀਂ ਜਮਾਤ ਤੋਂ ਲੈ ਕੇ ਐਮ.ਏ. ਕਲਾਸਾਂ ਤਕ ਦਿਆਂ ਦੀ। ਇਸ ਭਾਲ ਦੀ ਗਿਣਤੀ ਸ਼ੁਰੂ-ਸ਼ੁਰੂ ਵਿਚ ਤਾਂ 8-10 ਜ਼ਰੂਰ ਸੀ ਪਰ ਜਿਉਂ-ਜਿਉਂ ਕਲਾਸਾਂ ਉਤਾਂਹ ਜਾਣ ਲੱਗੀਆਂ, ਇਹ ਗਿਣਤੀ ਘਟਦੀ ਗਈ ਅਤੇ ਅਖੀਰ ਐੱਮ.ਏ. ਤਕ ਪਹੁੰਚਣ ’ਤੇ ਬਸ 2-3 ਹੀ ਰਹਿ ਗਈ। ਹੁਣ ਤਕ ਆ ਕੇ ਬਹੁਤੇ ਰੱਬ ਨੂੰ ਪਿਆਰੇ ਹੋ ਗਏ ਜੋ ਅਜੇ ਜਿਉਂਦੇ ਹਨ ਉਹ ਗੁਆਚਿਆਂ ਦੀ ਲਿਸਟ ਵਿਚ ਚਲੇ ਗਏ। ਉਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਰਾਬਤਾ ਕਾਇਮ ਨਹੀਂ ਹੋ ਸਕਿਆ। ਹਾਇਰ ਸਕੈਂਡਰੀ ਸਕੂਲ, ਡੇਰਾ ਬਾਬਾ ਨਾਨਕ ਅੰਗਰੇਜ਼ੀ ਪੜ੍ਹਾਉਣ ਵਾਲੇ ਸਤਿਕਾਰ ਯੋਗ ਮਾਸਟਰ ਜੀ, ਜਿਨ੍ਹਾਂ ਤੋਂ ਰੱਜ ਕੇ ਕੁੱਟ ਖਾਂਦੇ ਰਹੇ, ਨਾਮ ਸ. ਮਹਿੰਦਰ ਸਿੰਘ ਰੰਧਾਵਾ, ਪਿੰਡ ਸ਼ਾਮਪੁਰਾ, ਜਦ ਉਨ੍ਹਾਂ ਨਾਲ ਕੁਝ ਸਾਲ ਪਹਿਲਾਂ ਫ਼ੋਨ ’ਤੇ ਗੱਲਬਾਤ ਹੋਈ ਤਾਂ ਉਨ੍ਹਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਇਸ ਸਕੂਲ ਦੇ ਦੋ ਹੀ ਹਮ-ਜਮਾਤੀ ਇਕ ਡੇਰਾ ਬਾਬਾ ਨਾਨਕ ਤੋਂ ਕਰਮੇ ਦੀ ਹਰ ਜਮਾਤ ਦਾ ਮੁਨੀਟਰ ਸੰਤੋਖ ਸਿੰਘ, ਜੋ ਚੰਡੀਗੜ੍ਹ ਰਹਿੰਦਾ ਹੈ, ਘਰ ਤੋਂ ਅੱਤ ਦੀ ਗਰੀਬੀ ਦੀ ਹਾਲਤ ਵਿੱਚੋਂ ਨਿਕਲ ਕੇ ਉਸ ਦਾ ਹਰ ਵਿਸ਼ੇ ਵਿਚ ਮਾਹਿਰ ਹੋਣਾ। ਉਸ ਦੇ ਸਤਿਕਾਰਤ ਮਾਪੇ ਖੱਡੀਆਂ-ਤਾਣੀਆਂ ਦਾ ਕੰਮ ਕਰਦੇ ਸਨ।

ਦੂਸਰਾ, ਚਰਨਜੀਤ ਕਰਮੇ ਦੇ ਲਾਗਲੇ ਪਿੰਡ ਭਗਠਾਣਾ ਤੁਲੀਆਂ ਤੋਂ ਖੱਤਰੀਆਂ ਦਾ ਮੁੰਡਾ, ਉਹ ਵੀ ਚੰਡੀਗੜ੍ਹ ਹੀ ਰਹਿੰਦਾ ਹੈ। ਇਨ੍ਹਾਂ ਦੀ ਜ਼ਮੀਨੀ ਮਾਲਕੀ ਵੀ ਸੀ ਅਤੇ ਚਰਨਜੀਤ ਦੇ ਬਾਪ ਦੇਵੀ ਸਿੰਘ ਨੂੰ ਵਧੀਆ ਬਲਦਾਂ ਦੀ ਜੋੜੀ ਨੂੰ ਪੂਰੀ ਤਰਾਂ ਸ਼ਿੰਗਾਰ ਕੇ ਰੱਖਣ ਦਾ ਸ਼ੌਂਕ ਵੀ ਸੀ। ਹੁਣ ਤੇ ਇਸ ਨਾਲ ਫ਼ੋਨ ’ਤੇ ਗੱਲਬਾਤ ਵੀ ਹੋ ਜਾਂਦੀ ਹੈ।

ਐਮ.ਏ. ਜਮਾਤੀਆਂ 'ਚ ਦੋ ਹੀ ਸਨ ਜਿਨ੍ਹਾਂ ਨਾਲ ਵੀ ਬਹੁਤ ਹੀ ਘੱਟ ਵਾਹ-ਵਾਸਤਾ ਰਿਹਾ, ਇਕ ਜੋ ਕੁਝ ਸਾਲ ਪਹਿਲਾਂ, ਪਟਿਆਲਾ ਜ਼ੋਨ ਦੇ ਪੁਲਿਸ ਇੰਸਪੈਕਟਰ ਜਨਰਲ ਤੌਰ ’ਤੇ ਰਿਟਾਇਰ ਹੋਇਆ ਜਿਸ ਬਾਰੇ ਇਕ ਪਾਸੇ ਕਿਹਾ ਜਾਂਦਾ ਕਿ ਬੇਦਾਗ਼ ਪੁਲੀਸ ਅਫਸਰ ਸੀ ਪਰ ਦੂਸਰੇ ਪਾਸੇ ਜਦ ਇਹ ਐੱਸ.ਐੱਸ.ਪੀ. ਅੰਮ੍ਰਿਤਸਰ ਸੀ ਤਾਂ ਬਹੁਤ ਲੋਕਾਂ ਮੁਤਾਬਿਕ ਇਸ ਨੇ ਬਹੁਤ ਸਾਰੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਨੌਜਵਾਨ ਵੀ ਮਰਵਾਏ ਸਨ। ਦੂਸਰੇ ਕਰਮੇ ਦੇ ਜਮਾਤੀ ਜੋ ਹੁਣੇ ਹੀ ਕੁਝ ਸਾਲ ਪਹਿਲਾਂ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵਜੋਂ ਰਿਟਾਇਰ ਹੋਏ। ਇਨ੍ਹਾਂ ਨਾਲ ਮੁਲਾਕਾਤ ਪਟਿਆਲਾ ਯੂਨੀਵਰਸਿਟੀ ’ਚ ਹੋਏ ਇਕ ਫੰਕਸ਼ਨ ਵਿਚ ਹੋਈ ਜਿਥੇ ਇਨ੍ਹਾਂ ਵੱਲੋਂ ਕਰਮੇ ਦੀ ਲਿਖੀ ਕਿਤਾਬ- 'ਲੋਹ ਪੁਰਖ ਮਰਜੀਵੜਾ-ਕਾਮਰੇਡ ਤੇਜਾ ਸਿੰਘ ਸੁਤੰਤਰ' ਨੂੰ ਲੋਕ-ਅਰਪਨ ਕੀਤਾ ਗਿਆ ਸੀ। ਦੂਸਰੀ ਵਾਰ ਸਰੀ, ਕੈਨੇਡਾ ਇਕ ਪੰਜਾਬੀ ਫੰਕਸ਼ਨ ਵਿਚ ਮਿਲੇ।

ਸਭ ਤੋਂ ਸੁਨਹਿਰੀ ਸਮਾਂ ਜੋ ਔਖਾ ਵੀ ਸੀ, ਸੰਘਰਸ਼ ਭਰਿਆ ਵੀ ਸੀ, ਬਹੁਤ ਚੁਨੌਤੀਆਂ ਵੀ ਸਨ ਤੇ ਉਹ ਸੀ ਕਾਲਜ ਦਾ ਸਮਾਂ। ਜੇਕਰ ਵੇਖਿਆ ਜਾਵੇ ਤਾਂ ਏਸ ਸਮੇਂ ਦੇ ਕਰਮੇ ਦੇ ਦੋਸਤ-ਮਿੱਤਰ ਅੱਜ ਵੀ ਕੁਝ ਉਂਗਲਾਂ ’ਤੇ ਗਿਣੇ ਜਾਣ ਜੋਗੇ ਜਿਉਂਦੇ-ਜਾਗਦੇ ਹਨ ਜਿਨ੍ਹਾਂ ਵਿੱਚੋਂ ਇਕ ਹਨ ਅਨੂੰ ਜੀ, ਜੋ ਪਟੇਲ ਨਗਰ, ਦਿੱਲੀ ਵਿਚ ਵਿਆਹ ਉਪਰੰਤ ਉਥੇ ਬਹੁਤ ਵਧੀਆ ਪਰਿਵਾਰ ਵਿਚ ਪੰਜਾਬੀ ਬੋਲੀ ਨੂੰ ਸਮਰਪਤ ਹਮੇਸ਼ਾਂ ਕੋਈ ਨਾ ਕੋਈ ਅਗਾਂਹਵਧੂ ਗਤੀਵਿਧੀਆਂ ਦਾ ਪਿੜ ਬੰਨ੍ਹੀ ਬੈਠੇ ਹੁੰਦੇ ਹਨ। ਅਨੂੰ ਹੁਣ ਤਕ ਬੱਚਿਆਂ ਸਬੰਧੀ ਪੰਜਾਬੀ ਬੋਲੀ ਵਿਚ ਚਾਰ ਕਿਤਾਬਾਂ ਲਿਖ ਚੁੱਕੇ ਹਨ। ਕੁਝ ਰੂਸੀ ਕਹਾਣੀਆਂ ਵੀ ਪੰਜਾਬੀ ਮਾਂ-ਬੋਲੀ ਵਿਚ ਛਪਵਾ ਚੁੱਕੇ ਹਨ। ਇਕ ਮਿੰਨੀ ਕਹਾਣੀਆਂ ਦੀ ਕਿਤਾਬ ਵੀ ਸ਼ਾਮਲ ਹੈ। ਅਗਰ ਅਨੂੰ ਨੂੰ ਰਾਜਧਾਨੀ ਦਿੱਲੀ ਵਿਚ ਪੰਜਾਬੀ ਬੋਲੀ ਦੀ ਰਾਜਦੂਤ ਕਿਹਾ ਜਾਵੇ ਉਹ ਵੀ ਉਸ ਦੀ ਦ੍ਰਿੜ੍ਹਤਾ, ਹਿੰਮਤ, ਸਾਹਸ ਲਈ ਛੋਟਾ ਸ਼ਬਦ ਹੀ ਰਹਿ ਜਾਂਦਾ ਹੈ। ਬਾਵਜੂਦ ਕੁਝ ਸਿਹਤ ਪ੍ਰਤੀ ਮਸਲਿਆਂ ਦੇ, ਉਹ ਮੈਦਾਨਿ-ਪੰਜਾਬੀ ਸਭਿਆਚਾਰਕ ਗਤੀਵਿਧੀਆਂ ਵਿਚ ਕਿਸੇ ਮਹਾਂਬਲੀ ਗੁਰੀਲੇ ਨਾਲੋਂ ਘੱਟ ਨਹੀਂ ਹੈ।

ਇਕ ਅਜੀਬ ਘਟਨਾ। ਕੁਝ ਪਲਾਂ ਦੀ ਮੁਲਾਕਾਤ ਕਰੀਬ ਅੱਧੀ ਸਦੀ

ਬਾਅਦ ਵੀ ਉਵੇਂ ਹੀ ਤਰੋ-ਤਾਜ਼ਾ।

ਕਰਮਾ ਆਪਣੇ ਦੋਸਤਾਂ ਨਾਲ ਗੁਰਦਾਸਪੁਰ ਜਹਾਜ਼ ਚੌਕ (ਲਾਗੇ ਗੁਰਦਾਸਪੁਰ-ਪੁਲੀਸ ਲਾਈਨ) ਰਹਿ ਰਿਹਾ ਸੀ। ਐਮ.ਏ. ਤੋਂ ਬਾਅਦ ਨੌਕਰੀ ਦੀ ਤਲਾਸ਼ ਵਿਚ ਦਰ-ਦਰ ਠੋਕਰਾਂ। ਕਰਮੇ ਦਾ ਜਮਾਤੀ ਅਮਰ ਸਿੰਘ ਢੀਂਡਸਾ ਸਰਕਾਰੀ ਕਾਲਜ ਗੁਰਦਾਸਪੁਰ, ਇਕਨਾਮਿਕਸ ਦਾ ਲੈਕਚਰਾਰ, ਕੁਲਦੀਪ ਸਿੰਘ-ਬੈਂਕ ਆਫ ਬੜੌਦਾ, ਅਤੇ ਕਰਮੇ ਦਾ ਪੁਰਾਣਾ ਕਾਲਜ ਦਾ ਮਿੱਤਰ ਨਾਨਕ ਸਿੰਘ ਇਕ ਚੁਬਾਰੇ ਵਿਚ ਰਹਿ ਰਹੇ ਸਨ।

ਕਰਮਾ ਬਾਹਰੋਂ ਚਾਹ ਵਾਲੀ ਦੁਕਾਨ ਤੋਂ ਦੁੱਧ ਲੈਣ ਗਿਆ ਤਾਂ ਚਾਣਚੱਕ ਇਕ ਮੁੰਡਾ ਰਾਇਲ-ਐਨਫੀਲਡ ’ਤੇ ਆ ਕੇ ਲਾਗੇ ਰੁੱਕ ਗਿਆ।

‘ਯਾਰ ਲੱਗਦਾ ਤੈਨੂੰ ਪਹਿਲਾਂ ਵੀ ਵੇਖਿਆ ਏ।’ ਕਰਮੇ ਦੇ ਬੋਲ ਸਨ।

‘ਹੋ ਸਕਦਾ ਏ ਬਾਈ!’

‘ਹੂੰ ਬਾਈ।’

‘ਕਿਧਰੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣੇ ਤਾਂ ਨਹੀਂ ਪੜਦਾ ਰਿਹਾ?’

‘ਜੀ ਬਿਲਕੁਲ ਉਥੇ ਹੀ ਪੜ੍ਹਿਆ।’

‘ਫਿਰ ਤਾਂ ਖਾਨ ਨੂੰ ਵੀ ਜਾਣਦਾ ਹੋਵੇਂਗਾ।’

‘ਬੜੀ ਚੰਗੀ ਤਰ੍ਹਾਂ, ਸਾਡਾ ਇਕੋ ਗਰੁੱਪ ਹੁੰਦਾ ਸੀ।’

‘ਪਿਛੋਂ ਮਾਲਵੇ ਤੋਂ ਹੀ ਹੋਵੇਂਗਾ। ਕਿਉਂਕਿ ਪੀ.ਏ.ਯੂ. ਵਿਚ ਬਹੁਤੀ ਉਨ੍ਹਾਂ ਹੀ ਰੌਣਕ ਕਰੀ ਹੋਈ ਏ।’

‘ਮੈਂ ਫਰੀਦਕੋਟ ਜ਼ਿਲ੍ਹੇ ਤੋਂ ਹਾਂ। ਪਿੰਡ ਬੋਦੀ ਵਾਲਾ - ਖੜਕ ਸਿੰਘ।’

‘ਏਧਰ ਕਿੱਧਰ ਬਾਰਡਰ ਦੇ ਇਲਾਕੇ ਵਿਚ ਆਉਣਾ ਹੋਇਆ?’

‘ਮੈਂ ਪੰਜਾਬ ਡੇਅਰੀ ਡੀਵੈੱਲਪਮੈਂਟ ਕਾਰਪੋਰੇਸ਼ਨ, ਵੇਰਕਾ ਵਿੱਚ ਨੌਕਰੀ ਕਰਦਾ ਹਾਂ ਅਤੇ ਸ਼ਹਿਰ ਵਿੱਚ ਕੋਈ ਰਹਿਣ ਲਈ ਕਮਰਾ ਲੱਭ ਰਿਹਾ ਹਾਂ।’

‘ਓ ਚੱਲ ਛੱਡ ਖਹਿੜਾ, ਆ ਜਾਹ ਮੇਰੇ ਮਗਰੇ-ਮਗਰ ਚਾਹ ਪੀਨੇ ਆਂ।’

ਇੰਝ ਕੁਝ ਸਮਾਂ ਸਾਰੇ ਇਕੱਠੇ ਰਹਿੰਦੇ ਰਹੇ।

ਇਸ ਬਾਈ ਦਾ ਨਾਮ ਸੀ ਜਗਜੀਤ ਸਿੰਘ ਭੁਲਰ (ਡਾ.) ਜਿਸ ਨੂੰ ਕਰਮੇ ਨੇ ਦਰਜ਼ਨਾਂ ਪਿੰਡਾਂ ਵਿਚ ਲਿਜਾ ਕੇ ਮਿਲਕ-ਚਿਲਿੰਗ ਸੈਂਟਰ ਖੁਲ੍ਹਵਾਏ ਸਨ।

ਗੁਰਦਾਸਪੁਰ ਦੇ ਦੂਰ-ਦੂਰ ਪਿੰਡਾਂ ਵਿਚ ਲੋਕਾਂ ਨੂੰ ਅਤੇ ਕਰਮੇ ਦੇ ਰਿਸ਼ਤੇਦਾਰਾਂ ਨੂੰ ਮਿਲ ਕੇ ਡਾ. ਭੁੱਲਰ ਨੇ ਬਹੁਤ ਖੁਸ਼ ਹੋਣਾ। ਜਦੋਂ ਕਰਮੇ ਨੇ ਉਸ ਨੂੰ ਆਪਣੇ ਪਿੰਡ ਲਿਜਾ ਕੇ ਦੱਸਿਆ ਕਿ ‘ਆਹ ਈ ਖਾਨ ਦਾ ਘਰ’, ਜੋ ਕਰਮੇ ਹੁਰਾਂ ਦੇ

ਘਰ ਨਾਲ ਲੱਗਦਾ ਸੀ ਤਾਂ ਡਾ. ਭੁੱਲਰ ਬਹੁਤ ਹੈਰਾਨ ਹੋਇਆ। ਕਹਿ ਉਠਿਆ, 'ਇਹ ਕਿਵੇਂ ਹੋ ਸਕਦਾ ਏ!'

ਕਰਮੇ ਨੇ ਉਸ ਦੀ ਹੈਰਾਨਗੀ ਦੂਰ ਕਰਨ ਲਈ ਦੱਸਿਆ ਕਿ ਖਾਨ ਉਸ ਦੀ ਤਾਈ ਅਤੇ ਮਾਸੀ ਦਾ ਹੀ ਬੇਟਾ ਏ।

ਇੰਝ ਤੁਰੇ-ਫਿਰਦਿਆਂ ਅਤੇ ਵਕਤ ਦੇ ਹਾਲਾਤਾਂ ਦਾ ਸਾਹਮਣਾ ਕਰਦੇ ਕਰਮੇ ਨੇ ਫਰੀਦਕੋਟ-ਬਠਿੰਡਾ ਜਾ ਕੇ ਵੀ ਮੇਲ-ਜੋਲ ਕਾਇਮ ਰੱਖਿਆ। ਬਹੁਤੀ ਵੇਰ ਜ਼ਿੰਦਗੀ ਪ੍ਰਤੀ ਵਿਚਾਰਾਂ ਦੀ ਸਾਂਝ ਰਿਸ਼ਤੇਦਾਰੀਆਂ ਨਾਲੋਂ ਵੀ ਲੰਮੇਰੀ ਹੋ ਨਿੱਭਦੀ ਏ।

ਡਾ. ਜਗਜੀਤ ਸਿੰਘ ਭੁੱਲਰ ਸੈਕਰਾਮੈਂਟੋ ਮੰਨਿਆਂ-ਪ੍ਰਮੰਨਿਆਂ ਵੈਟਨਰੀ ਡਾਕਟਰ ਹੈ ਅਤੇ ਕਰਮੇ ਹੁਰਾਂ ਨੂੰ ਕਈ ਵੇਰ ਮਿਲ ਚੁੱਕੇ ਹਨ। ਪੜ੍ਹੇ-ਲਿਖੇ ਚੰਗੇ ਪਰਵਾਰ ਸਮੇਤ ਖੁਸ਼ ਰਹਿੰਦੇ ਹਨ ਅਤੇ ਕਰਮੇ ਨਾਲ ਅੱਧੀ ਸਦੀ ਪੁਰਾਣੀਆਂ ਯਾਦਾਂ ਨਾਲ ਸਾਂਝਾਂ ਪਾ ਕੇ ਫਿਰ ਜਵਾਨ ਹੋਣ ਦਾ ਸਰੂਰ ਲੈ ਲੈਂਦੇ ਹਨ।

## (16)

**ਆਖਰੀ ਅਲਵਿਦਾ ਇੰਝ, ਤੇਰੇ ਨਾਮ ਦੀ ਕੋਈ ਬਾਤ ਛੇੜੇ,**
**ਦੁਸ਼ਮਣ ਵੀ ਕਹੇ ਕੁਝ ਇੰਝ, ਬੜਾ ਖ਼ੁਦਦਾਰ ਸੀ ਭਾਵੇਂ ਰਹੇ ਝੇੜੇ।**

ਇਕ ਦਿਨ ਸੋਚਿਆ ਚਲੋ ਪਿਆਰੇ ਮਿੱਤਰ-ਪਿਆਰਿਆਂ ਦੀ ਭਾਲ ਕੀਤੀ ਜਾਵੇ। ਤੰਦਾਂ ਨਾਲ ਤੰਦਾਂ ਜੋੜ-ਜੋੜ ਕੇ ਦਿੱਲੀ ਤਕ ਚਲੇ ਗਏ। ਪਟੇਲ ਨਗਰ ਦੇ ਐਨ ਭੀੜ-ਭੜੱਕੇ ਵਾਲੇ ਇਲਾਕੇ ਵਿਚ ਛੋਟੀਆਂ ਪੌੜੀਆਂ ਚੜ੍ਹ ਕੇ ਜਿਵੇਂ ਕਿਸੇ ਦੇਵੀ ਦੇ ਦਰਸ਼ਨ ਹੋ ਗਏ ਹੋਵਣ। ਸ਼ਿਵ ਦੀ 'ਇਕ ਕੁੜੀ, ਜਿਹਦਾ ਨਾਮ ਮੁਹੱਬਤ ਗੁੰਮ ਹੈ, ਗੁੰਮ ਹੈ, ਗੁੰਮ ਹੈ।'

ਕਾਲਜ ਪੜ੍ਹਦਿਆਂ ਗੱਲ ਚੱਲੀ ਕਿ "ਮੈਂ ਪੰਜਾਬੀ ਲੇਖ ਮੁਕਾਬਲੇ ਵਿਚ ਹਿੱਸਾ ਲੈਣ ਜਾ ਰਹੀ ਹਾਂ ਅਤੇ ਵਿਸ਼ਾ ਹੈ:

ਕਿੱਕਰਾ ਵੇ ਕੰਡਿਆਲਿਆ, ਉਤੋਂ ਚੜ੍ਹਿਆ ਪੋਹ।
ਹੱਕ ਜਿਨ੍ਹਾਂ ਦੇ ਆਪਣੇ, ਆਪ ਲੈਣਗੇ ਖੋਹ।

ਇਸ ਉੱਪਰ ਲੇਖ ਲਿਖ ਦਿਉ।" ਕਰਮੇ ਨੇ ਤਿੰਨ-ਚਾਰ ਦਿਨਾਂ ਵਿਚ ਵਧੀਆ ਲੇਖ ਲਿਖ ਕੇ ਅਨੂੰ ਦੇ ਹਵਾਲੇ ਕਰ ਦਿੱਤਾ।

ਬਹੁਤ ਹੀ ਗਹਿਰ-ਗੰਭੀਰ, ਸ਼ਾਂਤ, ਚੁੱਪ-ਚਾਪ ਰਹਿਣ ਵਾਲਾ ਸੁਭਾਅ ਸੀ ਉਸ ਦਾ ਉਦੋਂ, ਜਦੋਂ ਕਰਮੇ ਨੇ ਉਸ ਨੂੰ ਇਕ ਲੰਬੀ ਚਿੱਠੀ ਲਿਖੀ ਸੀ।

ਅੱਜ ਫ਼ੋਨ ਤੋਂ ਉਸ ਦਾ ਸੁਨੇਹਾ ਕੁਝ ਇੰਝ ਸੀ:

ਪਹਿਲੇ ਕਾਲਜ ਸਮੇਂ ਦੀ ਸਟੂਡੈਂਟਸ ਸੈਂਟਰਲ ਐਸੋਸੀਏਸ਼ਨ ਦੀ ਪੁਰਾਣੀ ਫੋਟੋ ਜਿਸ ਵਿਚ ਕਰਮਾ ਮੁੰਡਿਆਂ ਦੇ ਵਿੰਗ ਦਾ ਪ੍ਰਧਾਨ ਅਤੇ ਅਨੂੰ ਕੁੜੀਆਂ ਦੇ ਵਿੰਗ ਦੀ ਪ੍ਰਧਾਨ।

ਅਨੂੰ : 'ਸਤਿ ਸ੍ਰੀ ਅਕਾਲ'

ਅਨੂੰ : 'ਯਾਦ ਤਾਜ਼ੀ ਕਰੋ ਗੁਰੂ ਨਾਨਕ ਕਾਲਜ'

ਅਨੂੰ : 'ਆਪਣੀ ਬਾਇਓਗ੍ਰਾਫੀ ਲਿਖ ਰਹੇ ਹੋ। ਸਚਾਈ ਤੇ ਇਮਾਨਦਾਰੀ ਨਾਲ ਲਿਖਣਾ ਸੁਨਹਿਰੇ ਦਿਨਾਂ ਦੀਆਂ ਯਾਦਾਂ'।

ਕਰਮਾ : 'ਜੀ ਤਕਰੀਬਨ ਲਿਖ ਚੁੱਕਾ ਹਾਂ। ਤੁਹਾਨੂੰ ਜੋ ਚਿੱਠੀ ਲਿਖੀ ਸੀ

ਉਸ ਦਾ ਵੀ ਜ਼ਿਕਰ ਹੈ। ਉਸ ਬਾਰੇ ਤੁਹਾਡੀ ਰਾਏ?'

ਅਨੂੰ : 'ਜੀ ਕੋਈ ਰਾਏ ਦੱਸਣ ਵਾਲੀ ਗੱਲ ਹੀ ਨਹੀਂ। ਤੁਸੀਂ ਜੋ ਕਰ ਰਹੇ ਹੋ ਵਧੀਆ ਹੈ। ਖੁਸ਼ੀ ਹੈ ਕਿ ਅਸੀਂ ਚੰਗੇ ਦੋਸਤ ਹਾਂ।'

ਅਨੂੰ : 'ਸਾਡੇ ਪਰਿਵਾਰਕ ਰਿਸ਼ਤੇ ਹਨ ਅੱਜ ਵੀ। ਮੈਂ ਆਪਣੇ ਘਰ ਹਰ ਗੱਲ ਸਾਂਝੀ ਕੀਤੀ ਹੈ। ਨੂੰਹਾਂ ਨਾਲ ਵੀ।'

ਅਨੂੰ : 'ਮੇਰੀ ਇੱਜ਼ਤ ਹੋਰ ਵੀ ਵਧੀ ਹੈ ਉਨ੍ਹਾਂ ਦੇ ਦਿਲਾਂ ਵਿਚ।'

ਕਰਮਾ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਕਿ ਦਿੱਲੀ ਵਰਗੇ ਸ਼ਹਿਰ ਵਿਚ ਉਹ ਇਕੱਲਾਪਨ ਮਹਿਸੂਸ ਨਹੀਂ ਕਰਦਾ। ਸ਼ਾਇਦ ਇੰਝ ਬਹੁਤ ਘੱਟ ਲੋਕਾਂ ਦੇ ਨਸੀਬਾਂ ਵਿਚ ਹੁੰਦਾ ਹੋਵੇ!

ਅਨੂੰ ਦੇ ਜੀਵਨ-ਸਾਥੀ ਬਹੁਤ ਪਿਆਰੇ ਜਤਿੰਦਰ ਜੀ ਹੁਰਾਂ ਦੀ ਬਦੌਲਤ ਕਰਮੇ ਨੂੰ ਕਈ ਪੰਜਾਬੀ ਸੈਮੀਨਾਰਾਂ ਵਿਚ ਸ਼ਰੀਕ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਦਿੱਲੀ ਵਿਚ ਉਨ੍ਹਾਂ ਦੀ ਜਾਣ-ਪਹਿਚਾਣ ਦਾ ਘੇਰਾ ਬਹੁਤ ਵਿਸ਼ਾਲ ਹੈ। ਦਿੱਲੀ ਦੇ ਐਨਸਾਈਕਲੋਪੀਡੀਆ ਕਹਿ ਲਉ। ਤਕਰੀਬਨ ਚਾਰ-ਪੰਜ ਵਾਰ ਘਰੇ ਜਾ ਚੁੱਕਾ ਹਾਂ।

ਅਨੂੰ ਦੇ ਪਿਤਾ ਸੰਸਾਰ-ਪ੍ਰਸਿੱਧ ਈਸ਼ਵਰ ਚਿੱਤਰਕਾਰ ਸਨ ਜਿਨ੍ਹਾਂ ਦੀਆਂ ਬੁਰਸ਼ੀ ਛੋਹਾਂ ਦਾ ਕਮਾਲ ਲਘੂ ਚਿੱਤਰ "ਰਾਂਝਾ" ਨੂੰ ਚਿਤਰਕਲਾ ਦੇ ਖੇਤਰ ਵਿਚ ਬਹੁਤ ਮਾਣ ਪ੍ਰਾਪਤ ਹੋਇਆ। ਕਦੇ ਅਗਾਂਹਵਧੂ ਬੁੱਧੀਜੀਵੀ ਲੇਖਕਾਂ ਦੀ ਦੁਨੀਆ ਵਿੱਚ ਸੁਜਾਨ ਸਿੰਘ, ਈਸ਼ਵਰ ਚਿੱਤਰਕਾਰ, ਕਰਤਾਰ ਸਿੰਘ ਸੁਮੇਰ, ਬਾਵਾ ਬਲਵੰਤ ਅਤੇ ਉਸਤਾਦ ਪਾਲ ਸਿੰਘ ਨੂੰ 'ਪੰਜ ਪਾਂਡਵ' ਦੇ ਤਖ਼ੱਲਸ ਨਾਲ ਬਹੁਤ ਮਾਣ-ਸਤਿਕਾਰ ਦਿੱਤਾ ਜਾਂਦਾ ਸੀ।

ਕਾਲਜ ਸਮੇਂ ਦੇ ਕੁਝ ਹੋਰ ਦੋਸਤ-ਮਿੱਤਰ ਜਿਨ੍ਹਾਂ ਨਾਲ ਸਾਂਝ ਵੱਖ-ਵੱਖ ਖੇਤਰਾਂ ਅੰਦਰ ਹੁੰਦੀਆਂ ਗਤੀਵਿਧੀਆਂ ਦੇ ਆਧਾਰ 'ਤੇ ਵੱਖ-ਵੱਖ ਘੇਰਿਆਂ ਵਿਚ ਸੀਮਤ ਹੁੰਦੀਆਂ ਸਨ। ਉਦਾਹਰਣ ਦੇ ਤੌਰ 'ਤੇ ਜੇਕਰ ਸ਼ੈਕਸਪੀਅਰ, ਮਿਲਟਨ ਜਾਂ ਵਰਡਜ਼ਵਰਥ ਦੀਆਂ ਕਾਵਿ-ਰਚਨਾਵਾਂ ਨੂੰ ਸਮਝਣਾ, ਉਨ੍ਹਾਂ ਦੀ ਪੂਰੀ ਵਿਆਖਿਆ ਵਿਚ ਜਾਣਾ ਹੁੰਦਾ ਤਾਂ ਏਸ ਕੰਮ ਲਈ ਬਹੁਤ ਪਿਆਰਾ ਦੋਸਤ ਨਾਨਕ ਸਿੰਘ ਸੰਗਲਪੁਰਾ ਮੁਹੱਲਾ, ਗੁਰਦਾਸਪੁਰ ਤੋਂ ਸੀ। ਬਾਅਦ ਵਿਚ ਊਧਮਪੁਰ (ਜੰਮੂ-ਕਸ਼ਮੀਰ) ਲੰਬਾ ਸਮਾਂ ਆਪਣੀ ਅਕੈਡਮੀ ਚਲਾਉਂਦਾ ਰਿਹਾ। ਅਗਰ ਜਲਸੇ-ਜਲੂਸ-ਮੁਜ਼ਾਹਰੇ-ਹੜਤਾਲਾਂ ਦਾ ਮਸਲਾ ਬਣਦਾ ਤਾਂ ਅਮਰਜੀਤ ਸਿੰਘ ਚਾਹਿਲ-ਗੁਰਦਾਸ ਨੰਗਲ ਤੋਂ, ਗੁਰਦੀਪ ਸਿੰਘ-ਭੰਗਵਾਂ ਤੋਂ, ਗੁਰਨਾਮ ਸਿੰਘ-ਔਜਲੇ ਤੋਂ, ਅਮਰਜੀਤ ਸਿੰਘ-ਸਹਾਰੀ ਤੋਂ। ਜਦ ਕਦੇ ਕਿਧਰੇ ਕਿਸੇ ਮਸਲੇ ਤੋਂ ਗੱਲ ਲੜਾਈ-

ਝਗੜੇ ਤਕ ਪਹੁੰਚ ਜਾਣੀ ਤਾਂ ਉਸ ਦੇ ਹੱਲ ਲਈ (ਬਾਪੂ) ਅਜੀਤ ਸਿੰਘ-ਦੁੱਲਾ ਨੰਗਲ ਅੱਗੇ ਕੇਸ ਲਾ ਦੇਣਾ। ਅਜੀਤ ਸਿੰਘ ਨੂੰ ਸਾਰੇ ਵਿਦਿਆਰਥੀ ਹੀ ਨਹੀਂ ਸਗੋਂ ਮੈਡਮਾਂ ਅਤੇ ਪ੍ਰੋਫ਼ੈਸਰ ਵੀ ਬਾਪੂ ਹੀ ਕਹਿ ਕੇ ਬੁਲਾਉਂਦੇ ਸਨ। ਵਜ੍ਹਾ ਸੀ ਕਿ ਇਕ ਤਾਂ ਉਸ ਦਾ ਵਿਆਹ ਕਾਲਜ ਦਾਖ਼ਲ ਹੋਣ ਤੋਂ ਪਹਿਲਾਂ ਹੀ ਹੋ ਚੁੱਕਾ ਸੀ। ਦੂਸਰਾ, ਉਸ ਦਾ ਗੱਲ ਕਰਨ ਦਾ ਲਹਿਜ਼ਾ ਉਵੇਂ ਦਾ ਹੀ ਜਿਵੇਂ ਪਿੰਡਾਂ ਵਿਚ ਦਾਨੇ ਬੰਦੇ ਗੱਲਾਂ ਕਰਦੇ ਹਨ। ਇਸ ਪਿੱਛੇ ਵੀ ਕਾਰਨ ਸੀ ਕਿ ਕਾਲਜ ਸਮੇਂ ਤੋਂ ਹੀ ਪਿੰਡ ਦਾ ਸਰਪੰਚ ਚਲਿਆ ਆ ਰਿਹਾ ਸੀ। ਕਰਮੇ ਨਾਲ ਗੂੜ੍ਹੀ ਨੇੜਤਾ ਦਾ ਕਾਰਨ ਇਹ ਸੀ ਕਿ ਅਜੀਤ ਸਿੰਘ ਦੀ ਪਤਨੀ ਦੀ ਗੋਤ ਕਰਮੇ ਦੀ ਗੋਤ ਨਾਲ ਰਲਦੀ ਸੀ। ਅਜੀਤ ਸਿੰਘ ਦਾ ਗੱਲ ਕਰਨ ਦਾ ਅੰਦਾਜ਼ ਆਪਣੀ ਕਿਸਮ ਦਾ ਸੀ। ਕੁਝ ਸਾਲ ਪਹਿਲਾਂ ਰੱਬ ਨੂੰ ਪਿਆਰਾ ਹੋ ਚੁੱਕਾ ਹੈ। ਏਡੀ ਲੰਬੀ ਸਾਂਝ, ਜੋ ਅੱਜ ਵੀ ਬਰਕਰਾਰ ਹੈ, ਬਹੁਤ ਮੁਸ਼ਕਲ ਬਣਦੀ ਅਤੇ ਨਿਭਦੀ ਹੈ। ਮੂੰਹ ਬੋਲੇ ਭੈਣਾਂ-ਭਰਾਵਾਂ ਦੇ ਰਿਸ਼ਤੇ ਸ਼ਾਇਦ ਸਕਿਆਂ ਨਾਲੋਂ ਵੀ ਕਈ ਵੇਰ ਪ੍ਰਪੱਕ ਹੋ ਨਿਭਦੇ ਹਨ। ਕਰਮੇ ਦੀ ਸਪੌਂਸਰਸ਼ਿਪ ਨੇ ਇਨ੍ਹਾਂ ਨੂੰ 10 ਸਾਲ ਅਮਰੀਕਾ-ਕੈਨੇਡਾ ਘੁਮਾਈ ਰੱਖਿਆ ਸੀ।

ਜੇਕਰ ਚਾਰੇ-ਪਾਸੇ ਕੋਈ ਪੇਸ਼ ਨਾ ਜਾਣੀ ਤਾਂ ਆਲੇ-ਨੰਗਲ ਤੋਂ ਦੋ ਚਾਚੇ-ਤਾਏ ਦੇ ਭਰਾ ਸੁੱਚਾ ਸਿੰਘ ਅਤੇ ਬਲਦੇਵ ਸਿੰਘ ਦੋਨੋਂ ਹੀ ਕਬੱਡੀ ਦੀ ਜ਼ਿਲ੍ਹਾ ਗੁਰਦਾਸਪੁਰ ਟੀਮ ਦੇ ਬਹੁਤ ਵਧੀਆ ਖਿਡਾਰੀ। ਇਨ੍ਹਾਂ ਦੇ ਨਾਲ ਹੀ ਮੇਵਾ ਸਿੰਘ ਚੱਕ-ਅਰਾਈਆਂ ਬਾਅਦ ਵਿਚ ਪਿੰਡ ਦਾ ਸਰਪੰਚ ਬਹੁਤ ਵਧੀਆ ਕਬੱਡੀ ਦਾ ਸਟਾਪਰ ਸੀ।

ਕੁਦਰਤ ਦੇ ਰੰਗ ਕਹਿ ਲਈਏ। ਕਦੇ-ਕਦੇ ਕਿਸੇ ਨਾਲ ਸਾਂਝ ਅਚਨਚੇਤ ਬਣ ਜਾਣੀ, ਸ਼ਾਇਦ ਸੋਚ-ਵਿਚਾਰ, ਗੱਲਬਾਤ ਦਾ ਤੌਰ-ਤਰੀਕਾ। ਏਸੇ ਤਰ੍ਹਾਂ ਪਿੰਡ ਸਿੰਧਵਾਂ-ਜਮੀਤਾ ਦੇ ਦੋ ਭਰਾ ਨਿਸ਼ਾਨ ਤੇ ਧਿਆਨ। ਧਿਆਨ ਸਰਕਾਰੀ ਕਾਲਜ ਗੁਰਦਾਸਪੁਰ ਪੜ੍ਹਦਾ ਸੀ ਜਦ ਕਿ ਕਰਮਾ ਗੁਰੂ ਨਾਨਕ ਕਾਲਜ ਵਿੱਚ ਸੀ। ਨਿਸ਼ਾਨ ਪਿੰਡ ਦਾ ਸਰਪੰਚ ਵੀ ਸੀ। ਸ਼ਰੀਕੇ ਵਿੱਚੋਂ ਕਿਸੇ ਦਾ ਕਤਲ ਹੋ ਗਿਆ ਸੀ। ਰਿਵਾਲਵਰ ਉਦੋਂ ਵੀ ਸੀ ਤੇ ਅੱਜ ਵੀ ਜਦ ਪਿਛਲੀ ਵਾਰ ਗੁਰਦਾਸਪੁਰ ਦੇ ਬਜ਼ਾਰ ਵਿਚ ਕਰਮੇ ਨੂੰ ਮਿਲਿਆ।

ਧਿਆਨ ਨੇ ਕਈ ਵਾਰ ਕਿਹਾ, 'ਭਾਊ ਕਦੇ ਕੋਈ ਭਾਰੀ ਮੁਸੀਬਤ ਆਣ ਪਵੇ ਤਾਂ ਇਕ ਸੁਨੇਹਾ ਜ਼ਰੂਰ ਘੱਲ ਦਈਂ। ਲੋਕ ਯਾਦ ਕਰਿਆ ਕਰਨਗੇ।' ਧਿਆਨ ਕੁਝ ਸਾਲ ਪਹਿਲਾਂ ਦੁਨੀਆ ਛੱਡ ਚੁੱਕਾ ਹੈ। ਇਹ ਵੀ ਕਰਮੇ ਨੂੰ ਜਿਵੇਂ ਕਾਹਲੀ ਵਿਚ ਧੋਖਾ ਦੇ ਗਿਆ ਹੋਵੇ!

ਕਰਮੇ ਨੇ ਬਹੁਤ ਕਠਿਨ ਘੜੀਆਂ ਅਤੇ ਔਖੇ ਸਮੇਂ ਵੇਖੇ। ਕੁਝ ਸਮੇਂ ਲਈ ਮਾਯੂਸ ਜ਼ਰੂਰ ਹੁੰਦਾ ਪਰ ਫਿਰ ਵੀ ਦਿਲ ਨਹੀਂ ਸੀ ਹਾਰਦਾ।

ਲਾਪਰਵਾਹ ਵੀ ਬਹੁਤ ਸੀ। ਬਹੁਤੀ ਵਾਰ ਬੜੀਆਂ ਚੰਗੀਆਂ ਗੱਲਾਂ ਨੂੰ ਵੀ ਅੱਖੋਂ-ਪਰੋਖੇ ਕਰ ਦਿੰਦਾ। ਜਿਥੇ ਲਾਪਰਵਾਹ ਸੀ ਉਥੇ ਆਪਣੀਆਂ ਜ਼ੁੰਮੇਵਾਰੀਆਂ ਨੂੰ ਵੀ ਨਿਭਾਉਂਦਾ ਰਿਹਾ।

ਘੁੰਮਣ-ਘੁਮਾਉਣ ਦਾ ਤਾਂ ਬਹੁਤ ਹੀ ਸ਼ੌਕੀਨ। ਖ਼ਾਸ ਕਰਕੇ ਪੁਰਾਣੀਆਂ ਇਤਿਹਾਸਕ ਥਾਵਾਂ ਜਿਥੇ ਬੈਠ ਕੇ ਉਹ ਬੀਤ ਚੁੱਕੇ ਸੈਂਕੜੇ ਸਾਲਾਂ ਨਾਲ ਸਾਂਝ ਪਾ ਲੈਂਦਾ ਅਤੇ ਸੁੱਤਿਆਂ ਪਿਆਂ ਨਾਲ ਗੱਲਾਂ ਦਾ ਸਿਲਸਿਲਾ ਤੋਰ ਬੈਠਦਾ।

ਜ਼ਿੰਦਗੀ ਨੂੰ ਕਦੇ ਨਾ ਖ਼ਤਮ ਹੋਣ ਵਾਲਾ ਨਾਟਕ ਸਮਝਦਾ। ਉਵੇਂ ਹੀ ਜਿਵੇਂ ਪਹਾੜਾਂ ਤੋਂ ਨਿਰੰਤਰ ਪਾਣੀ ਦੇ ਚਸ਼ਮੇ ਵਲ-ਵਿੰਗ, ਟੇਢੇ-ਮੇਢੇ, ਤੰਗ ਪਹਾੜੀ ਪੱਥਰਾਂ ਦੇ ਸੀਨਿਆਂ ਉੱਪਰੋਂ ਲੰਘਦੇ ਮੈਦਾਨੀ ਮਿੱਟੀ ਵਿਚ ਹਰੇ-ਭਰੇ ਜੀਵਨ ਦਾ ਸਬਬ ਬਣਦੇ। ਇਕ ਵਾਰ ਜਿਹੜਾ ਪਾਣੀ ਗੁਜ਼ਰ ਗਿਆ, ਉਹ ਕੁਝ ਨਵਾਂ ਦੇ ਕੇ ਆਪਣੀ ਹਸਤੀ ਨੂੰ ਫ਼ਨਾਹ ਕਰ ਗਿਆ।

ਤੇ ਏਸੇ ਤਰ੍ਹਾਂ ਇਕ ਦਿਨ ਕਰਮਾ ਆਪਣੇ ਬਾਪੂ ਨਾਲ ਸਲਾਹੀ ਪਿਆ ਬੜੀਆਂ ਡੂੰਘੀਆਂ ਗੱਲਾਂ ਕਰ ਰਿਹਾ ਸੀ। ਬਾਪੂ ਤਾਂ ਕਿੰਨੇ ਸਾਲ ਪਹਿਲਾਂ ਹੀ ਰੱਬ ਨੂੰ ਪਿਆਰਾ ਹੋ ਚੁੱਕਾ ਸੀ। ਉਸ ਨੂੰ ਮਿੱਟੀ ਨਾਲ ਕਿੰਨਾ ਇਸ਼ਕ ਸੀ ! ਪਿੰਡ ਦੇ ਚਾਰ-ਚੁਫ਼ੇਰੇ ਦੇ ਖੇਤਾਂ ਵਿਚ ਕੀ ਕੁਝ ਉਗਿਆ ਪਿਆ। ਸੁਆਲਾਂ ’ਤੇ ਸੁਆਲ।

* ਨਹਿਰ ਵਿਚ ਪਾਣੀ ਬਾਰ੍ਹਾਂ ਮਹੀਨੇ ਰਹਿੰਦਾ ਕਿ ਹਾੜ੍ਹੀ-ਸਾਉਣੀ ਹੋ ਗਿਆ?

* ਨਹਿਰ ਦੇ ਖ਼ਾਲ਼ਾਂ ਦੀ ਕੋਈ ਸਫ਼ਾਈ ਵੀ ਕਰਦਾ ਕਿ ਘਾਹ ਹੀ ਉਗਿਆ ਰਹਿੰਦਾ?

* ਪਿੰਡਾਂ ਵਿੱਚੋਂ ਲੜਾਈ-ਝਗੜੇ ਘਟੇ ਹਨ ਜਾਂ ਉਵੇਂ ਹੀ ਹਨ?

* ਆਪਣੀ ਹਵੇਲੀ ਵਿੱਚੋਂ ਸ਼ਰਾਬ ਕੱਢਣੀ-ਪੀਣੀ ਬੰਦ ਕਰ ਦਿੱਤੀ ਹੋਵੇਗੀ ? ਇਸ ਨੇ ਬਹੁਤ ਨੁਕਸਾਨ ਕੀਤਾ ਸਾਡੇ ਲੋਕਾਂ ਦਾ।

* ਭਗਠਾਣਾ, ਸ਼ਾਹਪੁਰ, ਹਰੂਵਾਲ ਤੇ ਕੀ ਨਾਂ ਸੀ ਬਾਬੇ ਦੇ ਕਰਤਾਰਪੁਰ ਸਾਹਿਬ ਲਾਗੇ? ਹਾਂ ਸੱਚ, ਪੱਖੋਂ-ਕੇ ਇੰਦਰ ਸਿੰਘ ਹੁਰਾਂ ਦਾ? ਠੀਕ ਹੋਣ ਸਹੀ ! ਐਵੇਂ ਮੇਰੇ ਵਾਂਗ ਕਾਹਲੀ ਨਾ ਕਰਨ।

‘ਬਾਪੂ, ਹੁਣ ਨਹਿਰ ਵਿਚ ਪਾਣੀ ਨਹੀਂ ਆਉਂਦਾ। ਬਸ ਘਾਹ-ਫੂਸ, ਕਾਨੇ-ਸਰਕੜੇ ਹੀ ਦਿਸਦੇ ਨੇ। ਨਹਿਰੀ ਖਾਲ ਜੱਟਾਂ ਆਪੋ-ਆਪਣੀਆਂ ਪੈਲੀਆਂ ਵਿਚ ਰਲਾ ਲਏ ਨੇ।’

‘ਬਾਪੂ ਤੇਰੇ ਵੇਲਿਆਂ ਵੇਲੇ ਤਾਂ ਲੜਾਈ-ਝਗੜੇ ਕਦੇ-ਕਦਾਈਂ ਹੁੰਦੇ ਸਨ

ਹੁਣ ਤਾਂ ਹਰ ਰੋਜ਼ ਹੀ ਨਵੇਂ ਤੋਂ ਨਵੇਂ ਕਾਰੇ ਪਏ ਹੁੰਦੇ ਨੇ।'

'ਬਾਪੂ ਤੇਰੇ ਵੇਲੇ ਸ਼ਰਾਬ ਜਾਂ ਵੱਧ ਤੋਂ ਵੱਧ ਲੋਕ ਅਫ਼ੀਮ ਦਾ ਨਸ਼ਾ ਕਰਦੇ ਸਨ ਪਰ ਅੱਜਕਲ੍ਹ ਤੇਰੇ ਪੰਜਾਬ ਅੰਦਰ ਨਵੀਂ ਕਿਸਮ ਦੇ ਰਸਾਇਣਕ ਨਸ਼ੇ ਆ ਗਏ ਨੇ। ਅਜਿਹੇ ਚਿੱਟੀ ਕਿਸਮ ਦੇ ਨਸ਼ੇ ਜਿਨ੍ਹਾਂ ਨੇ ਪਤਾ ਨਹੀਂ ਕਿੰਨੇ ਘਰਾਂ ਦੇ ਨੌਜਵਾਨ ਸਿਵਿਆਂ ਨੂੰ ਤੋਰ ਦਿੱਤੇ ਨੇ।'

'ਬਾਪੂ ਲਾਗਲੇ ਪਿੰਡਾਂ ਦੇ ਸਾਰੇ ਤੇਰੇ ਯਾਰ-ਬੇਲੀ ਦੁਨੀਆ ਨੂੰ ਅਲਵਿਦਾ ਕਹਿ ਚੁੱਕੇ ਨੇ। ਹਾਂ, ਅਗਾਂਹ ਉਨ੍ਹਾਂ ਦੇ ਧੀਆਂ-ਪੁੱਤਰਾਂ ਦਾ ਹਵੇਲੀ ਵਾਲਿਆਂ ਨਾਲ ਅੱਜ ਵੀ ਦੁਖ-ਸੁਖ ਵੇਲੇ ਆਉਣਾ-ਜਾਣਾ ਹੈ। ਪਰ ਜ਼ਿਆਦਾ ਨਹੀਂ। ਲੋਕਾਂ ਕੋਲ ਤੇਰੇ ਵਕਤਾਂ ਵਾਂਗ ਵਿਹਲ ਹੀ ਨਹੀਂ ਹੈ। ਹਰ ਬੰਦਾ ਆਪਣੀ ਦੌੜ ਵਿਚ ਲੱਗਾ ਪਿਆ। ਦੁਖੀ ਫਿਰ ਵੀ ਬਹੁਤ ਨੇ।'

'ਹਾਂ ਸੱਚ ਬਾਪੂ, ਕੁਝ ਦਿਨ ਹੋਏ ਬੀਜੀ ਵੀ ਹੱਸਦੇ-ਵੱਸਦੇ, ਪੁਰਾਣੀਆਂ ਯਾਦਾਂ ਸੁਣਾਉਂਦੇ ਖ਼ਾਸ ਕਰਕੇ ਸੰਤਾਲੀ ਦੀ ਵੱਢ-ਟੁੱਕ ਦਾ ਅੱਖੀਂ ਵੇਖਿਆ ਹਾਲ ਦੱਸਦੇ ਸਭਨਾਂ ਨੂੰ ਛੱਡ ਕੇ ਤੁਰ ਗਏ ਨੇ। ਤੇਰੇ ਅਤੇ ਤੇਰੇ ਵੱਡੇ ਪੁੱਤਰ ਨਿੰਮੇ ਤੋਂ ਠੀਕ 22 ਅਤੇ 18 ਸਾਲ ਬਾਅਦ। ਬਾਪੂ ਅਸਾਂ ਸਭਨਾਂ ਨੇ ਬੀਜੀ ਦੀ ਪੂਰੀ ਸੇਵਾ ਕੀਤੀ। ਸ਼ਾਇਦ ਤੇਰੀ ਓਨੀ ਸੇਵਾ ਨਹੀਂ ਸੀ ਕਰ ਸਕੇ।'

ਬਾਪੂ ਜੀ, ਬੀਜੀ ਦੇ ਤੁਰ ਜਾਣ ਤੋਂ ਠੀਕ ਇਕ ਸਾਲ ਬਾਅਦ ਤੁਹਾਡੀ ਵਿਚਕਾਰਲੀ ਬੇਟੀ ਕੁਲਵੰਤ ਕੌਰ, ਕਰਮੇ ਹੁਰਾਂ ਦੀ ਪਿਆਰੀ ਭੈਣ ਕੈਂਸਰ ਦੀ ਨਾਮੁਰਾਦ ਬੀਮਾਰੀ ਨਾਲ ਇਕ ਸਾਲ ਲੜਦੀ-ਲੜਦੀ ਅਖੀਰ ਸਭਨਾਂ ਨੂੰ ਅਲਵਿਦਾ ਕਹਿ ਗਈ। ਉਸ ਦਾ ਅਮਰੀਕਾ ਵਿਚ ਬਹੁਤ ਵਧੀਆ ਇਲਾਜ ਕਰਵਾਇਆ ਗਿਆ ਸੀ ਲੇਕਿਨ ਉਸ ਦਾ ਜਿਵੇਂ ਸਭਨਾਂ ਨੂੰ ਹੱਸਦਿਆਂ-ਵੱਸਦਿਆਂ ਛੱਡ ਜਾਣਾ ਤੈਅ ਹੀ ਹੋ ਚੁੱਕਾ ਸੀ। ਉਹ ਜਾਣ ਚੁੱਕੀ ਸੀ ਕਿ ਉਸ ਦੇ ਬਸ ਗਿਣਤੀ ਦੇ ਦਿਨ ਰਹਿ ਗਏ ਹਨ, ਫਿਰ ਵੀ ਉਸ ਨੇ ਬੜੀ ਹਿੰਮਤ, ਦਲੇਰੀ ਅਤੇ ਸਾਹਸ ਨਾਲ ਸਗੋਂ ਹੋਰਨਾਂ ਨੂੰ ਹੌਂਸਲਾ ਦਿੱਤਾ ਤੇ ਸਭਨਾਂ ਨੂੰ ਇਹੀ ਕਿਹਾ ਕਿ ਸਾਰੇ ਰਲ-ਮਿਲ ਕੇ ਪਿਆਰ ਨਾਲ ਰਹਿਣਾ!

ਹਸਪਤਾਲ ਵਿਚ ਉਸ ਦੇ ਕੋਲ ਕਰੀਬ 15-16 ਪਰਿਵਾਰਕ ਮੈਂਬਰ ਖੜ੍ਹੇ ਸਨ ਜਦ ਉਸ ਨੇ ਕਿਹਾ ਸੀ :

"ਮੇਰੇ ਵੱਲੋਂ ਸਾਰਿਆਂ ਨੂੰ ਆਖਰੀ ਸਤਿ ਸ੍ਰੀ ਅਕਾਲ ਕਹਿਣਾ।" ਇੰਝ ਲੱਗਿਆ ਜਿਵੇਂ ਅੰਬਰ ਹੀ ਫਟ ਗਿਆ ਹੋਵੇ।

ਕੁਲਵੰਤ ਦਾ ਬੀਜੀ ਵਰਗਾ ਸ਼ਾਂਤਚਿਤ ਸੁਭਾਅ, ਘਰ-ਪਰਵਾਰ ਦੀ ਪੂਰੀ ਸਾਂਭ-ਸੰਭਾਲ, ਸਮਾਜ ਅੰਦਰ ਪ੍ਰਚਲਤ ਬੇਮਾਅਨਾ ਰਹੁ-ਰੀਤਾਂ ਤੋਂ ਦੂਰ ਰਹਿਣ ਦੀ ਸੋਚ, ਜ਼ਿੰਦਗੀ ਨੂੰ ਪਲ-ਪਲ ਜਿਊਣ ਦਾ ਚਾਅ ਜਿਵੇਂ ਬਹੁਤਾ ਚਿਰ ਨਹੀਂ

ਸੀ ਰਹਿਣਾ। ਉਸ ਦਾ ਇੰਞ ਤੁਰ ਜਾਣਾ ਜਿਵੇਂ ਝੂਠ ਹੋਵੇ ! ਕੁਲਵੰਤ ਦੇ ਵਿਛੋੜੇ ਦੀ ਪੀੜਾ ਤਾਂ ਸਮੂਹ ਪਰਿਵਾਰ ਅੰਦਰ ਬਹੁਤ ਬੁਰੀ ਤਰ੍ਹਾਂ ਮਹਿਸੂਸ ਹੋ ਰਹੀ ਏ ਪਰ ਜੋ ਅਕਹਿ ਅਤੇ ਅਸਹਿ ਦੁੱਖ ਉਸ ਦੀ ਵੱਡੀ ਭੈਣ ਦੇਵਿੰਦਰ ਅਤੇ ਛੋਟੀ ਭੈਣ ਹਰਦੀਪ ਨੂੰ ਹੋਇਆ ਉਹ ਤਾਂ ਬਿਆਨ ਕਰਨਾ ਹੀ ਔਖਾ ਹੈ।

ਬਾਪੂ ਦੀਆਂ ਸਹਿਜ-ਸੁਭਾਅ ਕੀਤੀਆਂ ਗੱਲਾਂ ਵਿੱਚ ਕਿੰਨੀ ਸਚਾਈ ਸੀ, ਉਸ ਦਾ ਅੱਜ ਪਤਾ ਲੱਗਦਾ ! ਕਰਮਾ ਅਜੇ ਸਕੂਲ ਪੜ੍ਹਨ ਜਾਂਦਾ ਹੁੰਦਾ ਸੀ ਤੇ ਉਸ ਨੂੰ ਕਹਿਣਾ 'ਇਹ ਮੇਰਾ ਬਾਦਸ਼ਾਹ ਪੁੱਤਰ ਏ।' ਵਾਕਿਆ ਹੀ ਬਾਪੂ ਤੂੰ ਕਰਮੇ ਨੂੰ ਬਾਦਸ਼ਾਹ ਬਣਾ ਦਿੱਤਾ। ਅੱਜ ਉਸ ਕੋਲ ਦੁਨੀਆ ਦੀਆਂ ਸਭ ਸੁਖ-ਸਹੂਲਤਾਂ ਹਨ। ਜੇ ਕੁਝ ਨਹੀਂ ਹੈ ਤਾਂ ਉਹ ਹਨ ਉਸ ਦੇ ਮਾਂ-ਪਿਉ।

ਮਾਂ ਦੀ ਗੱਲ ਚੱਲਦੀ ਹੈ ਤਾਂ ਸੰਸਾਰ ਦੀ ਗੱਲ ਤੁਰਦੀ ਏ। ਸਮਾਜ ਦਾ ਇਕ ਅਜਿਹਾ ਅਹਿਮ ਹਿੱਸਾ ਜਿਵੇਂ ਸਰੀਰ ਅੰਦਰ ਦਿਲ ਹੋਵੇ। ਰੱਬ ਤੋਂ ਬਿਨਾਂ ਭਾਵੇਂ ਸਰ ਜਾਵੇ ਪਰ ਮਾਂ ਤੋਂ ਬਿਨਾਂ ਬੰਦੇ ਦੀ ਹੋਂਦ ਨਾਮੁਮਕਿਨ ਹੈ। ਹਾਂ ਸੱਚ, ਬੰਦੇ ਨਾਲ ਹੀ ਤਾਂ ਰੱਬ ਦਾ ਰੁਤਬਾ ਆਪਣੀ ਹੈਸੀਅਤ ਰੱਖਦਾ ਹੈ।

ਕਰਮਾ ਬੜੀ ਕੋਸ਼ਿਸ਼ ਕਰਦਾ ਉਹ ਪਲ-ਘੜੀ, ਦਿਨ-ਦਿਹਾੜੇ ਜਦ ਕਦੇ ਉਸ ਦੇ ਬਾਪੂ ਦੀ ਉਸ ਦੇ ਬੀਜੀ ਨਾਲ ਕਦੇ ਕੋਈ ਗੁੱਸਾ-ਗਿਲਾ, ਉੱਚੀ ਬੋਲ-ਚਾਲ, ਕਿਸੇ ਕਿਸਮ ਦੀ ਤਲਖੀ, ਕਾਹਲੀ ਵਾਪਰੀ ਹੋਵੇ।

ਕਰਮਾ ਹੈਰਾਨ ਹੁੰਦਾ ਏਡੇ ਵੱਡੇ ਪਰਿਵਾਰ ਦੀਆਂ ਜ਼ੁੰਮੇਵਾਰੀਆਂ ਨੂੰ ਉਸ ਦਾ ਬਾਪੂ ਬਾਹਰ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੁੰਦਾ ਨਿਭਾਉਂਦਾ ਅਤੇ ਘਰ ਦਾ ਸਾਰਾ ਕੰਮ-ਕਾਜ ਬੀਜੀ ਦੇ ਸਿਰ।

ਕਿੱਡਾ ਜ਼ੇਰਾ ਹੁੰਦਾ ਏ ਮਾਵਾਂ ਦਾ ! ਜਿਵੇਂ ਧਰਤੀ ਦਾ ਹੋਵੇ, ਜਿਵੇਂ ਸਮੁੰਦਰ ਦਾ ਹੋਵੇ। ਜਿਵੇਂ ਪਰਬਤ ਅਤੇ ਜਿਵੇਂ ਅਸਮਾਨ ਦਾ ਹੋਵੇ !

ਕਿੱਡੀ ਅਮੀਰ ਸੀ ਕਰਮੇ ਦੀ ਮਾਂ ! ਕੋਲ ਕੁਝ ਵੀ ਨਹੀਂ ਸੀ ਫਿਰ ਵੀ ਕੱਲ੍ਹੇ-ਕੱਲ੍ਹੇ ਜੀਅ ਦਾ ਚਾਅ ਪੂਰਾ ਕੀਤਾ। ਕਦੇ ਕਿਸੇ ਨੂੰ ਸ਼ਿਕਾਇਤ ਦਾ ਮੌਕਾ ਨਾ ਦਿੱਤਾ।

ਧੀਆਂ-ਪੁੱਤਰਾਂ ਨੌਕਰਾਂ ਤੋਂ ਇਲਾਵਾ ਕੱਪੜੇ-ਰਜਾਈਆਂ-ਤਲਾਈਆਂ ਦੀ, ਘਰ ਦੀ ਹਰ ਨੁੱਕਰ ਤਕ ਦੀ ਖਬਰ-ਸਾਰ ਰੱਖਣੀ।

ਅਮਰੀਕਾ ਆ ਕੇ ਕਰੀਬ 94 ਸਾਲ ਦੀ ਉਮਰ ਤਕ ਆਪਣੇ ਕੱਪੜੇ ਆਪਣੇ ਹੱਥੀਂ ਧੋਣੇ ਅਤੇ ਤਹਿਆਂ ਲਾਉਣੀਆਂ।

ਮਾਤਾ-ਪਿਤਾ ਵੱਲੋਂ ਦਿੱਤੇ ਸੰਸਕਾਰ ਜਿਨ੍ਹਾਂ ਦੀ ਬਦੌਲਤ ਅੱਜ ਵੀ ਸਾਰੇ ਭੈਣ-ਭਰਾ ਧੀਆਂ-ਪੁੱਤਰਾਂ, ਦੋਹਤੇ-ਦੋਹਤੀਆਂ ਵਾਲੇ ਹੋ ਚੁੱਕੇ ਹਨ, ਇੰਞ ਇਕ-ਦੂਸਰੇ ਨਾਲ ਵਿਚਰ ਰਹੇ ਹਨ ਜਿਵੇਂ ਸਾਰੇ ਇਕ ਹੀ ਛੱਤ ਹੇਠਾਂ ਰਹਿ ਰਹੇ ਹੋਵਣ।

ਜਿਨ੍ਹਾਂ ਘਰਾਂ-ਵਿਹੜਿਆਂ ਅੰਦਰ ਆਪਸੀ ਪਿਆਰ ਸਤਿਕਾਰ ਹੋਵੇ, ਵੱਡੇ-ਛੋਟੇ ਇਕ-ਦੂਸਰੇ ਦਾ ਆਦਰ ਮਾਣ ਕਰਦੇ ਹੋਵਣ, ਉਹ ਸਮਾਜ ਨੂੰ ਬਹੁਤ ਕੁਝ ਨਵਾਂ ਅਤੇ ਸਦੀਵੀ ਕੀਮਤੀ ਖ਼ਜ਼ਾਨਾ ਦੇ ਜਾਂਦੇ ਹਨ।

ਕਰਮੇ ਦੇ ਮਾਤਾ-ਪਿਤਾ ਨੇ ਜੋ ਕੁਝ ਖੱਟਿਆ-ਕਮਾਇਆ ਉਸ ਵਿਚ ਕਿਧਰੇ ਕੋਈ ਮਿਲਾਵਟ ਨਹੀਂ ਸੀ। ਉਹ ਸ਼ਾਖਸ਼ਾਤ ਰੱਬ ਦਾ ਰੂਪ ਸਨ।

ਬੀਜੀ ਹੁਰਾਂ ਦੇ ਸਦੀਵੀਂ ਤੁਰ ਜਾਣ ਤੋਂ ਚਾਰ ਦਿਨ ਪਹਿਲਾਂ ਹਰਬੀਰ ਹੁਰਾਂ ਘਰ ਤਕਰੀਬਨ ਪੰਝੀ ਪਰਵਾਰਿਕ ਜੀਅ ਇਕੱਠੇ ਬੈਠੇ ਸਨ। ਸਤਾਨਵੇਂ ਸਾਲਾਂ ਦੀ ਉਮਰ ਵਿਚ ਪੂਰੇ ਹੋਸ਼-ਹਵਾਸ ਵਿਚ ਦਿਲ ਖੋਲ੍ਹ ਕੇ ਇੰਝ ਗੱਲਾਂ ਕੀਤੀਆਂ ਜਿਵੇਂ ਉਹ ਕੁਝ ਵੀ ਨਾਲ ਨਹੀਂ ਸਨ ਲਿਜਾਣਾ ਚਾਹੁੰਦੇ।

ਜਦ ਕਦੇ ਮੌਤ ਦੀ ਗੱਲ ਹੁੰਦੀ ਤਾਂ ਬੜੇ ਆਰਾਮ ਨਾਲ ਕਹਿੰਦੇ :

'ਮੈਂ ਤਿਆਰ ਹਾਂ। ਜਾ ਕੇ ਤੁਹਾਡੇ ਪਿਤਾ ਜੀ ਨੂੰ ਮਿਲਾਂਗੀ ਤੇ ਤੁਹਾਡੀ ਰਾਜ਼ੀ-ਬਾਜ਼ੀ ਦਾ ਸੁਨੇਹਾ ਦੇਵਾਂਗੀ।'

'ਬਾਪੂ ਬੇਲੇ ਬਾਰਡਰ ਕੰਢੇ ਜਿਹੜੀ ਜ਼ਮੀਨ ਤੂੰ ਨਾਜ਼ਰ ਸਿੰਘ ਹਰੂਵਾਲ ਤੋਂ ਲਈ ਸੀ ਉਸ ਜ਼ਮੀਨ ਨੇ ਵਾਰੇ-ਨਿਆਰੇ ਕਰ ਦਿੱਤੇ ਸਨ। ਕਿੰਝ ਉੱਚੇ-ਨੀਵੇਂ ਟਿੱਬਿਆਂ ਨੂੰ ਤੂੰ ਆਪਣੇ ਬਲਦਾਂ ਦੀਆਂ ਜੋੜੀਆਂ ਮਗਰ ਕਰਾਹ ਪਾ ਕੇ ਇਕਸਾਰ ਕੀਤਾ ਸੀ। ਕਰੀਬ ਪੰਦ੍ਹਰਾਂ ਕਿੱਲਿਆਂ ਨੂੰ ਇੱਕੋ ਖਾਲ ਨਾਲ ਬੰਬੀ ਦਾ ਪਾਣੀ ਲੱਗਦਾ ਸੀ। ਬਾਪੂ ਤੇਰੇ ਤੁਰ ਜਾਣ ਤੋਂ ਬਾਅਦ ਜਦ ਵੀ ਕਰਮਾ ਬੇਲੇ ਪੈਲੀ ਵੱਲ ਗੇੜਾ ਲਾਉਂਦਾ ਤਾਂ ਇੰਝ ਜਾਪਣਾ ਜਿਵੇਂ ਤੂੰ ਥੱਕਾ-ਟੁੱਟਾ ਵਗਦੇ ਠੰਡੇ ਪਾਣੀ ਦੇ ਖਾਲ ਦਾ ਸਿਰਹਾਣਾ ਬਣਾਈ ਕਿਸੇ ਅਲਾਹੀ ਸਰੂਰ ਵਿਚ ਬਾਬਾ ਨਾਨਕ ਤੇ ਭਾਈ ਮਰਦਾਨੇ ਦੀ ਸੰਗਤ ਦਾ ਨਜ਼ਾਰਾ ਲੁੱਟ ਰਿਹਾ ਹੋਵੇ।'

'ਬਾਪੂ ਸੁਣ ਕੇ ਜ਼ਰੂਰ ਦੁਖੀ ਹੋਵੇਂਗਾ। ਪਸੀਨਾ ਵਹਾ ਕੇ, ਕਰਜ਼ਾ ਚੁੱਕ ਕੇ ਇਹ ਪੰਦਰਾਂ ਕਿਲੇ, ਇਕ ਟੱਕ, ਹੁਣ ਕਰਮੇ ਹੁਰਾਂ ਮਜਬੂਰੀ ਵੱਸ ਵੇਚ ਘੱਤੇ ਹਨ। ਤੈਨੂੰ ਤਾਂ ਪਤਾ ਹੀ ਏ 'ਖੇਤੀ ਖਸਮਾਂ ਸੇਤੀ।' ਜਦ ਪਿੰਡ ਹਵੇਲੀ ਵਿਚ ਕੋਈ ਰਿਹਾ ਹੀ ਨਾ ਤਾਂ ਬੜੇ ਔਖੇ ਹੋ ਕੇ ਉਨ੍ਹਾਂ ਇਹ ਜ਼ਮੀਨ ਵੇਚਣ ਦਾ ਫੈਸਲਾ ਲਿਆ ਸੀ। ਉਹ ਜ਼ਮੀਨ ਨੂੰ ਲਾਵਾਰਿਸ ਨਹੀਂ ਸਨ ਵੇਖਣਾ ਚਾਹੁੰਦੇ। ਬਾਪੂ ਯਾਦ ਈ, ਜਦ ਤੂੰ ਪਿੰਡ ਦੇ ਸ਼ਰੀਕ, ਜਿਸ ਨਾਲ ਤੇਰਾ ਜ਼ਮੀਨ ਦਾ ਕਈ ਸਾਲ ਮੁਕੱਦਮਾ ਚੱਲਦਾ ਰਿਹਾ ਸੀ, ਉਹੀ ਮੇਜਾ ਸਿੰਘ, ਉਸ ਦੇ ਘਰੇ ਕੋਈ ਪੁੱਤਰ ਨਹੀਂ ਸੀ ਤੇ ਤੂੰ ਉਸ ਨੂੰ ਕਹਿੰਦਾ ਹੁੰਦਾ ਸੀ—ਚਾਚਾ ਤੇਰੇ ਘਰੇ ਪੁੱਤਰ ਜੰਮੇ, ਤੇਰੀ ਪੈਲੀ-ਬੰਨੇ ਦਾ ਵਾਰਸ—ਮੈਂ ਤੈਨੂੰ ਵਧਾਈ ਦੇਣ ਆਵਾਂਗਾ ? ਫਿਰ ਉਸ ਘਰ ਪੁੱਤਰ ਜੰਮਣ 'ਤੇ ਤੂੰ ਤੇ ਚਾਚਾ ਬੰਸ ਉਸ ਨੂੰ ਵਧਾਈ ਦੇਣ ਗਏ ਸੀ। ਘਰ ਦੀ ਪਹਿਲੇ ਤੋੜ ਦੀ ਕੱਢੀ ਸ਼ਰਾਬ ਦੀ ਬੋਤਲ, ਲਾਲ ਰੰਗ ਦਾ ਕੁੱਕੜ ਤੇ ਚਿੱਟੀ ਮਾਇਆ ਲੱਗੀ ਪੱਗ।'

ਕਈ ਵਾਰੀ ਕਰਮਾ ਸੁਣਦਾ ਰਿਹਾ ਬਾਪੂ ਦੇ ਇਹ ਬੋਲ 'ਇਹ ਦੁਨੀਆ ਇਕ ਸੁਪਨਾ, ਇਕ ਮੇਲਾ। ਭਰੇ-ਭਰਾਏ ਮੇਲੇ ਨੂੰ ਛੱਡਣ ਦਾ ਆਪਣਾ ਮਜ਼ਾ ਏ।' ਜਦ ਕਦੇ ਉਹ ਬੰਦਿਆਂ ਦੀ ਢਾਣੀ ਵਿੱਚ ਬੈਠਾ ਹੁੰਦਾ, ਇਹ ਸਹਿਜ-ਸੁਭਾਅ ਹੀ ਉਸ ਦੇ ਬੋਲ ਹੁੰਦੇ ਸਨ।

ਕਰਮਾ ਵੀ ਕਈਆਂ ਮਿੱਤਰ-ਮੰਡਲੀਆਂ ਵਿਚ ਆਪਣੇ ਬਾਪੂ ਦੇ ਬੋਲ ਬੜੇ ਮਾਣ ਨਾਲ ਯਾਦ ਕਰਦਾ।

ਏਸੇ ਤਰ੍ਹਾਂ ਬਾਪੂ ਦੇ ਭਰੇ ਮੇਲੇ ਨੂੰ ਛੱਡ ਜਾਣ ਦੀ ਬਾਤ ਬਾਰ-ਬਾਰ ਕਰਮੇ ਨੂੰ ਜਿਵੇਂ ਕੋਈ ਸੁਨੇਹਾ ਦੇ ਰਹੀ ਹੋਵੇ! ਫਿਰ ਇਕ ਦਿਨ ਜਿਵੇਂ ਕਿਸੇ ਅਧੂਰੇ ਸਫ਼ਰ ਨੂੰ ਅੱਧਵਾਟੇ ਹੀ ਬਾਪੂ ਦੀਆਂ ਕਹੀਆਂ ਗੱਲਾਂ ਨੂੰ ਯਾਦ ਕਰਦਿਆਂ ਕਰਮਾ ..................।

ਸੁਰਤ ਜਿਵੇਂ ਕਿਧਰੇ ਗੁਆਚ ਗਿਆ ਹੋਵੇ।

ਬੀਤੇ ਵਕਤ ਦੀਆਂ ਅਭੁੱਲ ਯਾਦਾਂ ਇਕ ਫ਼ਿਲਮ ਦੀ ਤਰ੍ਹਾਂ। ਚੌਥੀ-ਪੰਜਵੀਂ ਵਿੱਚ ਪੜ੍ਹਦਿਆਂ ਗਰਮੀਆਂ ਦੇ ਦਿਨੀਂ ਪਿੰਡ ਦੀ ਨਹਿਰ ਦੇ ਪੁਲ ਤੋਂ ਠੋਕਰ ਅੱਗੇ ਛਾਲਾਂ ਮਾਰਨੀਆਂ। ਏਸ ਗੱਲ ਦਾ ਪਤਾ ਹੁੰਦਿਆਂ ਕਿ ਜੇਕਰ ਛਾਲ ਵਿਚ ਢਿੱਲ ਰਹਿ ਗਈ ਤਾਂ ਸਿਰ ਜ਼ਰੂਰੀ ਨਹੀਂ ਤਾਂ ਲੱਤ-ਬਾਂਹ ਤਾਂ ਜ਼ਰੂਰ ਹੀ ਟੁੱਟ-ਭੱਜ ਜਾਊ। ਨੌਂਵੀਂ ਜਮਾਤ ਦੇ ਛਿਮਾਹੀ ਪੇਪਰ। ਪੰਜਾਬੀ ਦੇ ਪੇਪਰ ਵਿਚ 'ਸ਼ਹੀਦ ਭਗਤ ਸਿੰਘ' ਉੱਪਰ ਲੇਖ ਲਿਖਿਆ। ਆਨਸਰ-ਸ਼ੀਟ ਦੇ ਵੱਡੇ-ਵੱਡੇ ਅੱਠ ਵਰਕਿਆਂ ਦਾ ਲੇਖ ਭਾਵ ਪੂਰੀ ਇਕ ਸ਼ੀਟ ਹੀ ਸ਼ਹੀਦ ਭਗਤ ਸਿੰਘ ਦੇ ਨਾਮ ਕਰ ਦਿੱਤੀ ਸੀ। ਪੰਜਾਬੀ ਦੇ ਗੁਰੂ ਸਰਦਾਰ ਪ੍ਰੀਤਮ ਸਿੰਘ ਨਿੱਕੋ-ਸਰਾਂ ਅਤੇ ਪ੍ਰਿੰਸੀਪਲ ਦੀਵਾਨ ਸਿੰਘ ਨੂੰ ਲੇਖ ਏਨਾ ਚੰਗਾ ਲੱਗਾ ਕਿ ਸਵੇਰ ਦੀ ਪਰੇਅਰ ਵਿਚ ਲਗਾਤਾਰ ਦੋ ਦਿਨ ਪੂਰੇ ਸਕੂਲ ਮੂਹਰੇ ਪੜ੍ਹ ਕੇ ਸੁਣਾਇਆ ਗਿਆ ਸੀ। ਇਹ ਕਿੰਝ ਸੰਭਵ ਹੋਇਆ? ਘਰ ਵਿਚ ਹਰ ਮਹੀਨੇ ਪ੍ਰੀਤਲੜੀ ਅਤੇ ਰੋਜ਼ਾਨਾ ਅਖ਼ਬਾਰਾਂ ਦੇ ਆਉਣ ਕਰਕੇ।

ਪਾਕਿਸਤਾਨ ਦੇ ਉਜੜੇ ਪਿੰਡਾਂ ਦੀ ਦਾਸਤਾਨ। ਜੰਗਲ-ਬੇਲਿਆਂ ਅੰਦਰ ਟੈਂਕਾਂ-ਤੋਪਾਂ ਦੇ ਗੁੱਸੇ ਦਾ ਕਹਿਰ। ਉੱਚੇ-ਲੰਬੇ ਜੰਡ-ਕਰੀਰ, ਟਾਹਲੀਆਂ, ਕਿੱਕਰ, ਬੋਹੜ ਇਕ-ਦੂਜੇ ਦੇ ਗਲੀਂ ਲੱਗ ਕੇ ਆਪਣੇ ਦਰਦਾਂ ਦੀ ਪੀੜਾ ਸਾਂਝੀ ਪਏ ਕਰਦੇ। ਕੱਚੇ ਸਕੂਲ, ਕਿੱਕਰਾਂ-ਧਰੇਕਾਂ ਨਾਲ ਘਿਰੇ, ਬੱਚਿਆਂ ਦੀਆਂ ਖਿੱਲਰੀਆਂ ਕਿਤਾਬਾਂ-ਕਾਪੀਆਂ, ਅੱਖਰ-ਅੱਖਰ ਹੋਏ ਪਏ ਕਲਮਾਂ ਨਾਲ ਬੱਚਿਆਂ ਦੇ ਲਿਖੇ ਸ਼ਬਦ ਜਿਵੇਂ ਆਪਸ ਵਿਚ ਰੁੱਸੇ ਇਕ-ਦੂਸਰੇ ਨੂੰ ਮਿਹਣੇ ਮਾਰ ਰਹੇ ਹੋਵਣ। ਜਿਵੇਂ ਕਹਿ ਰਹੇ ਹੋਵਣ—ਕਿਉਂ ਸਾਡੇ ਅਰਥਾਂ ਨੂੰ ਕੋਈ ਬੇ-ਅਰਥ ਕਰ ਗਿਆ? ਸਾਰੇ ਕਹਿੰਦੇ ਨੇ ਬੱਚੇ ਰੱਬ ਦਾ ਰੂਪ ਹੁੰਦੇ ਨੇ ਫਿਰ ਉਨ੍ਹਾਂ ਨਾਲ ਐਡਾ ਭਿਆਨਕ ਕਹਿਰ ਵਰਤਾਰਾ ਕਿਉਂ? ਇਨ੍ਹਾਂ ਪਿੰਡਾਂ ਦੀ ਕਰਮੇ ਨਾਲ ਤਾਂ ਕੋਈ ਸਾਂਝ ਨਹੀਂ ਸੀ ਫਿਰ ਵੀ ਉਹ

ਇਹ ਮਨੁੱਖ ਵੱਲੋਂ ਵਰਤਾਈ ਕਹਿਰ ਵੇਖ ਕੇ ਕਿਉਂ ਸੁੰਨ ਹੋ ਗਿਆ।

ਕੀ ਕਹੋਗੇ ਜੁਰਅਤ, ਹਿੰਮਤ, ਦਲੇਰੀ, ਮੂਰਖਤਾ ਜਾਂ ਉਜੱਡਪੁਣਾ ਜਦ ਕਰਮਾ ਲੁਧਿਆਣੇ ਸ਼ਹਿਰ ਦੇ ਮਾਡਲ-ਟਾਊਨ ਜਾ ਕੇ ਕਿਸੇ ਐੱਮ. ਏ. ਇੰਗਲਿਸ਼ ਪੜ੍ਹੀ ਕੁੜੀ ਨੂੰ ਕਹਿ ਰਿਹਾ ਹੋਵੇ—ਚਲੋ ਤਿਆਰੀ ਕਰੋ ਆਪਾਂ ਜਰਮਨ ਜਾਣਾ ਹੈ। ਫਿਰ ਕੁੜੀ ਦੇ ਮਾਪਿਆਂ ਨਾਲ ਤੂੰ-ਤੂੰ-ਮੈਂ-ਮੈਂ। ਕਰਮੇ ਦਾ ਉਥੋਂ ਬਚ ਨਿਕਲਣਾ ਬਸ ਚਮਤਕਾਰ। ਠੀਕ ਤਿੰਨ ਸਾਲ ਬਾਅਦ ਉਸ ਕੁੜੀ ਦਾ ਹਵੇਲੀ ਆ ਕੇ ਤਰਲੇ ਕਰਨੇ ਕਿ ਮੈਂ ਵਿਆਹ .......... ਨਾਲ ਹੀ ਕਰਵਾਉਣਾ ਏ ਨਹੀਂ ਤੇ ਆਪਣੇ ਆਪ ਨੂੰ ਖਤਮ ਕਰ ਲਉ। ਆਪਣੀ ਜ਼ਿੱਦ ਪੁਗਾ ਕੇ ਹਟੀ।

ਬੰਦੇ ਨੂੰ ਖਿਝ ਚੜ੍ਹੇ ਵੀ ਕਿਉਂ ਨਾ ? ਹੈ ਤਾਂ ਹੱਡ-ਮਾਸ ਦਾ ਹੀ ਬੁੱਤ ਏ। ਜਦ ਕੰਤਾ ਆਪਣੇ ਵੱਡੇ ਭਰਾ ਨਿੰਮੇ ਨਾਲ ਟਰੈਕਟਰ ’ਤੇ ਸਵਾਰ ਹੋ ਕਰਮੇ ਨੂੰ ਗੁਰਦਾਸਪੁਰ ਮਿਲੇ, ਕਰਮੇ ਨੂੰ ਪਛਤਾਵਾ ਰਿਹਾ ਕਿ ਉਸ ਨੇ ਆਪਣੇ ਵੱਡੇ ਭਰਾ ਪ੍ਰੋ. ਨਿੰਮੇ ਨੂੰ ਆਪਣੀ ਇਕਨਾਮਿਕਸ ਵਾਲੀ ਮੈਡਮ ਭੁੱਲਰ ਨਾਲ ਕਿਉਂ ਨਾ ਮਿਲਵਾਇਆ। ਕੁਦਰਤ ਵੱਲੋਂ ਸਮਾਂ ਤੇ ਸਥਿਤੀ ਦਾ ਜੋੜ-ਮੇਲ ਨਾ ਬਣ ਸਕਿਆ। ਅਗਰ ਇੰਝ ਹੋ ਜਾਂਦਾ ਯਕੀਨਨ ਪ੍ਰੋਫੈਸਰ ਨਿੰਮਾ ਅੱਜ ਵੀ ਕੁਝ ਨਾ ਕੁਝ ਲਿਖ ਰਿਹਾ ਹੁੰਦਾ। ਕਿਧਰੇ ਗੁਰਦਾਸਪੁਰ ਪਾਰਟੀ ਮੀਟਿੰਗ ’ਤੇ ਆਏ ਸਨ।

ਬਾਰਾਂਦਰੀ ’ਚ ਨਿਕਲਦੀ ਸੜਕ ਲਹਿਲ-ਕਾਲੋਨੀ ਦੇ ਨਾਲੇ ਦੇ ਪੁਲ ਤੋਂ ਸਟੇਟ ਕਾਲਜ ਨੂੰ ਜਾਂਦੀ। ਜਦ ਇਕ ਟਰੱਕ ਦਾ ਪੁਲ ਉੱਪਰ ਐਕਸੀਡੈਂਟ ਦਾ ਖੜਕਾ ਸੰਪੂਰਨ ਬਿਲਡਿੰਗ ਦੀ ਤੀਸਰੀ ਮੰਜ਼ਲ ’ਤੇ ਕਰਮੇ ਦੇ ਕੰਨੀਂ ਪਿਆ ਤਾਂ ਅੱਖ ਦੇ ਪਲਕਾਰੇ ਨਾਲ ਪੁਲੀ ’ਤੇ ਆ ਗਿਆ। ਕੁਦਰਤੀ ਉਦੋਂ ਤਕ ਪਟਿਆਲੇ ਦੀ ਪੁਲੀਸ ਜੀਪ ਵੀ ਆਣ ਰੁੱਕੀ। ਕਰਮੇ ਨੇ ਜਾਂਚਿਆ ਟਰੱਕ ਵਾਲੇ ਦਾ ਕਸੂਰ ਨਹੀਂ। ਜਦ ਉਹ ਟਰੱਕ ਡਰਾਈਵਰ ਦੇ ਹੱਕ ਵਿਚ ਵਕਾਲਤ ਕਰਨ ਲੱਗਾ ਤਦੋਂ ਕਿਸੇ ਨੇ ਗੁੱਸੇ ਵਿਚ ਕਰਮੇ ਉੱਪਰ ਹੱਥ ਚੁੱਕਿਆ ਤਾਂ ਅੱਗੋਂ ਕਰਮੇ ਨੇ ਉਸ ਨੂੰ ਜ਼ੋਰ ਨਾਲ ਪਿੱਛੇ ਕਰ ਦਿੱਤਾ। ਉਹ ਬੰਦਾ ਪਿੱਛੇ ਖਲੋਤੇ ਸੂਟ-ਬੂਟ ਪਾਈ ਬੰਦੇ ਵਿਚ ਜਾ ਲੱਗਾ। ਲਾਗੇ ਖੜ੍ਹੇ ਸਿਪਾਹੀਆਂ ਨੇ ਕਰਮੇ ਨੂੰ ਬਾਹਾਂ ਤੋਂ ਫੜ ਲਿਆ। ਯੂਨੀਵਰਸਿਟੀ ਦਾ ਫੋਟੋ ਵਾਲਾ ਸ਼ਨਾਖਤੀ ਕਾਰਡ ਵੇਖ ਕੇ ਅਗਲੇ ਦਿਨ ਕਰਮੇ ਨੂੰ ਸਿਟੀ-ਠਾਣੇ ਆਉਣ ਲਈ ਕਹਿ ਕੇ ਛੱਡ ਦਿੱਤਾ। ਉਨ੍ਹੀਂ ਦਿਨੀਂ ਪਟਿਆਲੇ ਗੁਰਬਚਨ ਜਗਤ ਸ਼ਾਇਦ ਪੁਲੀਸ ਮਹਿਕਮੇ ਅੰਦਰ ਉੱਚਾ ਅਫਸਰ ਸੀ। ਉਸ ਦੀ ਸਾਲੀ ਰਮਨ ਕਰਮੇ ਦੀ ਕਲਾਸ-ਫ਼ੈਲੋ ਸੀ। ਇੰਝ ਠਾਣੇ ਦਾ ਚੱਕਰ ਬਚ ਗਿਆ। ਪਿੱਛੇ ਖਲੋਤਾ ਕੋਈ ਹੋਰ ਨਹੀਂ ਸਗੋਂ ਪਟਿਆਲੇ ਦਾ ਐਡੀਸ਼ਨਲ ਡਿਪਟੀ ਕਮਿਸ਼ਨਰ ਸੀ।

ਕਰਮੇ ਨੂੰ ਇਕ ਪਰੇਸ਼ਾਨੀ ਤੇ ਦੁੱਖ ਸਤਾਉਂਦਾ ਰਿਹਾ। ਉਹ ਸੀ ਬਾਰਡਰ

ਦੇ ਕੰਢੇ ਵੱਸਦੇ ਲੋਕਾਂ ਦੀ ਜੀਵਨ-ਸ਼ੈਲੀ। ਜੋ ਸੁਖ-ਸਹੂਲਤਾਂ ਮੁਲਖ ਅੰਦਰਲੇ ਖੇਤਰਾਂ ਵਿਚ ਲੋਕਾਂ ਨੂੰ ਮੁਹੱਈਆ ਹੁੰਦੀਆਂ ਸਨ ਉਹ ਇਨ੍ਹਾਂ ਦੇ ਤਾਂ ਕਿਧਰੇ ਨੇੜੇ-ਤੇੜੇ ਵੀ ਨਹੀਂ ਸਨ। ਇੱਕੋ ਮੁਲਕ ਵਿਚ ਕਿੰਨੇ ਅਸਾਵੇਂਪਨ ਨਾਲ ਲੋਕ ਪਏ ਰਹਿੰਦੇ ਨੇ! ਇਨ੍ਹਾਂ ਸਰਹੱਦੀ ਲੋਕਾਂ ਨੇ ਵੱਡੇ-ਵੱਡੇ ਪਿੰਡਾਂ ਅਤੇ ਸ਼ਹਿਰਾਂ ਨਾਲ ਕੀ ਮੁਕਾਬਲਾ ਕਰਨਾ ਸੀ। ਹਰ ਖੇਤਰ ਵਿਚ ਫਾਡੀ! ਕਿੱਥੋਂ ਚੰਗੇ ਅਧਿਆਪਕ, ਪ੍ਰੋਫ਼ੈਸਰ, ਡਾਕਟਰ, ਇੰਜੀਨੀਅਰ, ਆਈ.ਪੀ.ਐੱਸ., ਆਈ.ਏ.ਐੱਸ. ਬਣਦੇ? ਕਿਉਂ ਨਾ ਦੇਸ਼ ਨੂੰ ਮਿਲੀ ਬਹੁਤ ਮਹਿੰਗੀ 'ਆਜ਼ਾਦੀ' ਤੋਂ ਬਾਅਦ, ਘਟੋ-ਘੱਟ ਤੀਹ ਸਾਲਾਂ ਲਈ ਇਨ੍ਹਾਂ ਤੋਂ ਜ਼ਮੀਨੀ, ਨਹਿਰੀ ਮਾਮਲਾ ਲੈਣਾ ਬੰਦ ਕੀਤਾ ਹੁੰਦਾ! ਸਰਕਾਰੀ ਨੌਕਰੀਆਂ ਲਈ ਬਾਰਡਰ ਪਿੰਡਾਂ ਦੇ ਨੌਜਵਾਨਾਂ ਨੂੰ ਪਹਿਲ ਦਿੱਤੀ ਜਾਂਦੀ! ਲੜਾਈਆਂ-ਜੰਗਾਂ ਦੇ ਵਕਤਾਂ ਵਿਚ ਹਰ ਏਥੇ ਵੱਸਦੇ ਤਬਕੇ ਨੂੰ ਖਾਸ ਸਹੂਲਤਾਂ ਦਿੱਤੀਆਂ ਜਾਂਦੀਆਂ!

ਲਾਹਨਤ ਹੈ, ਰਾਜਨੀਤਿਕ ਲੀਡਰਾਂ ਦੀ ਸੋਚ ਨੂੰ ਜਿਨ੍ਹਾਂ ਆਪਣੇ ਘਰ ਤਾਂ ਭਰ ਲਏ ਪਰ ਆਮ ਲੋਕਾਂ ਨੂੰ ਮੰਗਤੇ ਬਣਾ ਕੇ ਰੱਖ ਦਿੱਤਾ!

ਸੱਤਰਵਿਆਂ ਤਕ ਅਜੇ ਪੰਜਾਬ ਦੀਆਂ ਪੁਰਾਤਨ ਇਮਾਰਤਾਂ, ਇਤਿਹਾਸਕ ਸਥਾਨ, ਗੁਰਦੁਆਰੇ ਜਿਵੇਂ ਆਖਰੀ ਸਾਹ ਲੈ ਰਹੇ ਸਨ। ਅਜੇ ਉਨ੍ਹਾਂ ਦੀ ਪੁਰਾਤਨ ਦਿੱਖ ਨੂੰ ਸਾਂਭਿਆ ਜਾ ਸਕਦਾ ਸੀ। ਉਦਾਹਰਣ ਦੇ ਤੌਰ 'ਤੇ ਸਰਹਿੰਦ ਸ਼ਹਿਰ ਅੰਦਰ ਠੰਢੇ ਬੁਰਜ, ਜੋ ਸੰਨ 1977 ਤਕ ਵੀ ਕਾਇਮ ਸਨ। ਡੇਰਾ ਬਾਬਾ ਨਾਨਕ ਅਤੇ ਕਰਤਾਰਪੁਰ (ਪਾਕਿਸਤਾਨ) ਦੇ ਖੂਹ, ਰਮਦਾਸ ਬਾਬਾ ਬੁੱਢਾ ਜੀ ਦਾ ਗੁਰਦਵਾਰਾ, ਗੁਰਦਾਸ ਨੰਗਲ ਦਾ ਥੇਹ ਜਿਥੇ ਬਾਬਾ ਬੰਦਾ ਸਿੰਘ ਬਹਾਦਰ ਨੇ ਕਈ ਮਹੀਨੇ ਮੋਰਚਾਬੰਦੀ ਕਰਕੇ ਮੁਗ਼ਲਾਂ ਦਾ ਮੁਕਾਬਲਾ ਕੀਤਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਗਰਮੀਆਂ ਦੇ ਮੌਸਮ ਲਈ ਬਣਾਈ ਰਾਜਧਾਨੀ ਦੀਨਾ ਨਗਰ (ਗੁਰਦਾਸਪੁਰ) ਜਿਸ ਦੀ ਸਾਂਭ-ਸੰਭਾਲ ਕੋਈ ਨਹੀਂ। ਅਕਬਰ ਦੀ ਤਾਜ਼ਪੋਸ਼ੀ ਤਖ਼ਤ ਕਲਾਨੌਰ ਵੀ ਪੁਰਾਣੀ ਸ਼ਕਲ ਵਿਚ ਰਹਿ ਸਕਦਾ ਸੀ! ਕਲਾਨੌਰ ਸ਼ਹਿਰ ਦੇ ਚਾਰ-ਚੁਫੇਰੇ ਸੁਰੰਗਾਂ ਜਿਵੇਂ ਕੋਈ ਸ਼ਹਿਰ ਪਿਆ ਵੱਸਦੇ ਸੀ। ਹੁਣ ਸਭ ਕੁਝ ਨੇਸਤੋ-ਨਾਬੂਦ ਹੋ ਚੁੱਕਾ ਹੈ।

ਸਿੱਖ ਇਤਿਹਾਸ ਅਤੇ ਵਿਰਸੇ ਨਾਲ ਸਬੰਧਿਤ ਇਨ੍ਹਾਂ ਸਥਾਨਾਂ ਨੂੰ ਤਹਿਸ-ਨਹਿਸ ਕਰਕੇ ਰਾਜਸਥਾਨ ਦੇ ਸੰਗਮਰਮਰ ਵਿਚ ਲਪੇਟ ਦਿੱਤਾ ਗਿਆ। ਉਹ ਕੌਣ ਲੋਕ ਸਨ ਜਿਨ੍ਹਾਂ ਨੇ ਅਖੌਤੀ 'ਕਾਰ ਸੇਵਾ' ਦੇ ਬੈਨਰ ਹੇਠ ਅਜਿਹੀ ਤਬਾਹੀ ਕੀਤੀ ਜਿਸ ਦੀ ਸਜ਼ਾ ਉਨ੍ਹਾਂ ਦੀਆਂ ਆਉਣ ਵਾਲੀਆਂ ਪੁਸ਼ਤਾਂ ਤਕ ਜਾਣੀ ਚਾਹੀਦੀ ਹੈ? ਨਾਲ ਹੀ ਕਿਉਂ ਨਾ ਤੱਤਕਾਲੀ ਸਿੱਖ ਸੰਸਥਾਵਾਂ ਨੂੰ ਇਸ ਅਤੀ ਘਿਨਾਉਣੇ ਵਰਤਾਰੇ ਲਈ ਦੋਸ਼ੀ ਦੇ ਤੌਰ 'ਤੇ ਕਟਿਹਰੇ ਵਿਚ ਖੜ੍ਹਾ ਕੀਤਾ ਜਾਵੇ?

ਜਿਥੇ ਇਕ ਪਾਸੇ ਕੱਟੜਪੰਥੀ ਸੌੜੀ ਸੋਚ ਦੇ ਹਾਕਮ ਸਿੱਖ ਇਤਿਹਾਸ ਅਤੇ ਗੁਰੂਆਂ ਦੀਆਂ ਰਚਨਾਵਾਂ ਨਾਲ ਖਿਲਵਾੜ ਕਰ ਰਹੇ ਨੇ ਉਥੇ ਦੂਸਰੇ ਪਾਸੇ ਪੰਜਾਬੀਆਂ ਦੇ ਸੂਰਬੀਰਾਂ ਦੇ ਵਿਰਸੇ ਨੂੰ ਮਿੱਟੀ ਵਿਚ ਮਿਲਾ ਰਹੇ ਨੇ। ਐਸੇ ਲੋਕਾਂ ਦਾ ਗੁਰੂਆਂ ਦੀ ਰਚੀ ਬਾਣੀ ਨਾਲ ਵੈਰ ਤਾਂ ਸਮਝ ਵਿਚ ਆਉਂਦਾ ਏ ਪਰ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿੱਥੇ ਖੜ੍ਹੀ ਏ ?

ਕਰਮਾ ਦੁਖੀ ਏਸ ਕਰਕੇ ਹੈ ਕਿਉਂਕਿ ਉਸ ਨੂੰ ਹਿੰਦੋਸਤਾਨ ਦੇ ਲੋਕਾਂ ਦੇ ਭਵਿੱਖ ਦੀ ਚਿੰਤਾ ਐ।

ਲੋਕਾਂ ਦਾ ਕਰਮ-ਕਾਂਡਾਂ ਵਿੱਚ ਪੈ ਕੇ ਆਪਣੀ 'ਜ਼ਿੰਦਗੀ' ਸੰਵਾਰਨ ਦੀ ਚਿੰਤਾ।

ਹਰ ਵਰਗ ਅੰਦਰ ਫ਼ੈਲ ਚੁੱਕੀ ਦੂਸਰਿਆਂ ਪ੍ਰਤੀ ਘਿਰਣਾ ਦੀ ਚਿੰਤਾ।

ਸਮਾਜ ਅੰਦਰ ਤਰੱਕੀ ਅਤੇ ਮਨੁੱਖੀ ਫ਼ਿਤਰਤ ਵਿਚ ਆਏ ਨੀਵੇਂ ਦਰਜੇ ਦੇ ਕਿਰਦਾਰ ਦੀ ਚਿੰਤਾ।

ਅਖ਼ੀਰ ਕਰਮਾ ਤੁਰਦਾ ਹੋਇਆ ਆਪਣੇ ਪਿੰਡ ਨੂੰ ਪਛਾਨਣ ਦਾ ਯਤਨ ਕਰਦਾ। ਉਹ ਕੋਈ ਐਸੀ ਜਗ੍ਹਾ ਲੱਭ ਰਿਹਾ ਸੀ ਜਿਸ ਨੂੰ ਆਧਾਰ ਬਣਾ ਕੇ ਆਪਣੇ ਪੁਰਾਣੇ ਪਿੰਡ ਦੀਆਂ ਤੰਦਾਂ ਜੋੜ ਸਕੇ।

ਪਿੰਡ ਤੋਂ ਦਸ ਕਿੱਲੇ ਪਹਿਲਾਂ ਖੱਬੇ ਹੱਥ ਬਹੁਤ ਵੱਡਾ ਬੋਹੜ ਅਲੋਪ ਸੀ।

ਪਿੰਡ ਤੋਂ ਪਹਿਲਾਂ ਸੱਜੇ ਹੱਥ ਦੋਹਰਟਾ ਖੂਹ ਵੀ ਗਵਾਚ ਚੁੱਕਾ ਸੀ।

ਪਿੰਡ ਦੇ ਲਹਿੰਦੇ ਪਾਸੇ ਉੱਚਾ ਥੇਹ ਆਪਣੀ ਹਸਤੀ ਗਵਾ ਕੇ ਖੇਤਾਂ ਦਾ ਰੂਪ ਧਾਰ ਚੁੱਕਾ ਸੀ।

ਪਿੰਡ ਵਿੱਚੋਂ ਮਿੱਟੀ ਦੇ ਘਰ ਮਿੱਟੀ ਹੋ ਚੁੱਕੇ ਸਨ।

ਪਿੰਡ ਵਿੱਚੋਂ ਕਿੱਕਰਾਂ, ਧਰੇਕਾਂ, ਪਿੱਪਲ, ਸ਼ਰੀਂਹ, ਨਿੰਮ ਕਿਧਰੇ ਅਲੋਪ ਹੋ ਚੁੱਕੇ ਸਨ।

ਕਰਮੇ ਦੀਆਂ ਅੱਖਾਂ ਵਿਚ ਕੁਝ ਚਮਕ ਆਈ ਜਦੋਂ ਉਸ ਨੇ ਆਪਣੀ ਹਵੇਲੀ ਵਰਗੀ ਜਾਪਦੀ ਹਵੇਲੀ ਅੰਦਰ ਜਾਮਨੂੰ ਦਾ ਉਹ ਦਰਖ਼ਤ ਵੇਖਿਆ ਜਿਸ ਉੱਪਰ ਚੜ੍ਹ ਕੇ ਕਈ ਸਾਲ ਸਾਉਣ-ਭਾਦਰੋਂ ਦੇ ਮਹੀਨੇ ਰਸੇ ਜਾਮਨੂੰ ਤੋੜ ਕੇ ਖਾਂਦਾ ਹੁੰਦਾ ਸੀ ਭਾਵੇਂ ਹੁਣ ਜਾਮਨੂੰ ਪਹਿਲਾਂ ਨਾਲੋਂ ਛੋਟਾ ਲੱਗਦਾ ਸੀ। ਸ਼ਾਇਦ ਦਰਖ਼ਤ ਹੁਣ ਬੁੱਢਾ ਹੋ ਚੁੱਕਾ ਸੀ। ਜਾਮਨੂੰ ਇਹ ਤਾਂ ਗਵਾਹੀ ਭਰ ਰਿਹਾ ਸੀ ਕਿ 'ਪੁੱਤ ਕਰਮਿਆ ! ਇਹੀ ਤੁਹਾਡਾ ਘਰ ਏ, ਐਵੇਂ ਉਦਾਸ ਨਾ ਹੋ !' ਕਰਮਾ ਨਾ ਮੰਨਦਾ ਹੋਇਆ ਵੀ ਮੰਨਣ ਲਈ ਮਜਬੂਰ ਸੀ ਕਿਉਂਕਿ ਬੁੱਢੇ ਦਰਖ਼ਤ ਝੂਠ ਨਹੀਂ ਬੋਲਦੇ। ਉਹ ਬੰਦੇ ਦੀ ਜੂਨ ਨਹੀਂ ਸੀ।

ਸੋਚਦਾ, ਚਲੋ ਪਿੰਡ ਦੁਆਲੇ ਗੇੜਾ ਮਾਰਦੇ ਹਾਂ, ਪੁਰਾਣੇ ਹਾਣੀਆਂ ਨੂੰ ਮਿਲਦੇ ਹਾਂ। ਪਹਿਲਾਂ ਘਰਾਂ ਦੇ ਬੂਹੇ ਖੁੱਲ੍ਹੇ ਹੁੰਦੇ ਸਨ, ਹੁਣ ਪੱਕੀਆਂ ਕੋਠੀਆਂ, ਵੱਡੇ-

ਵੱਡੇ ਗੇਟ ਸਨ। ਪਿੰਡ ਘੁੰਮਦੇ-ਘੁੰਮਦੇ ਜੋ ਲੋਕ ਮਿਲੇ ਉਹ ਅਜਨਬੀ ਲੱਗਦੇ ਸਨ। ਹਿੰਮਤ ਕਰਕੇ ਕੁਝ ਗੇਟ ਖੜਕਾਏ :

'ਕੌਣ ਆ?'

'ਮੈਂ ਕਰਮਾ ਹਾਂ?'

'ਕੌਣ ਕਰਮਾ, ਅਸੀਂ ਨਹੀਂ ਜਾਣਦੇ!'

'ਓ ਭਾਈ ਮੈਂ ਲੰਬੜਾਂ ਦਾ ਕੰਮਾ।'

'ਓਹ ਨਹੀਂ ਭਾਈ ਨਹੀਂ ਜਾਣਦੇ, ਖਹਿੜਾ ਛੱਡੋ!'

ਇਕ ਹੋਰ ਗੇਟ ਦੀ ਬੈੱਲ ਦਬਾਈ।

'ਅਰੇ ਕੌਨ ਹੈ?'

'ਮੈਂ ਕਰਮਾ ਅਮਰੀਕਾ ਵਾਲਾ।'

'ਅਰੇ ਹਮ ਨਾ ਜਾਨੂੰ।'

'ਇਹ ਘਰ ਤਾਂ ਬਾਰੀਆਂ ਦਾ ਸੀ ਤੇ ਤੁਸੀਂ ਕੌਣ?'

'ਅਰੇ ਸਾਹਿਬ ਹਮ ਘਰ ਕੇ ਮਾਲਿਕ।'

'ਇਹ ਕਿੱਦਾਂ ਹੋ ਗਿਆ?'

'ਅਰੇ ਹਿੰਦੀ ਬੋਲੀਏ ਯੇ ਕਿ .... ਕਿ ... ਕਿਆ ਹੈ?'

'ਪਹਲੇ ਲੋਗ ਜੋ ਰਹਿਤੇ ਥੇ ਵੋਹ ਕਹਾਂ ਗਏ?'

'ਅਰੇ ਕੁਛ ਨਸ਼ੇ ਮੇਂ ਡੂਬ ਕਰ ਚਲ ਬਸੇ ਔਰ ਕੁਛ ਜ਼ਮੀਨ ਬੇਚ ਕਰ ਕਹੀਂ ਬਾਹਰ।'

ਕਰਮੇ ਨੂੰ ਲੱਗਾ ਜਿਵੇਂ ਇਹ ਪਿੰਡ ਉਸ ਦਾ ਨਹੀਂ ਹੋ ਸਕਦਾ।

ਕਿੱਥੇ ਗਏ ਉਹ ਸੱਚੇ-ਸੁੱਚੇ ਲੋਕ?

ਕਿੱਥੇ ਗਏ ਉਹ ਨਿੱਘੇ ਚੁੱਲ੍ਹੇ-ਚੌਂਕੇ।

ਕਿੱਥੇ ਗਏ ਉਹ ਅਨਪੜ੍ਹ ਸੁਘੜ-ਸਿਆਣੇ ਸੰਤ ਲੋਕ ?

ਕਿੱਥੇ ਗਈਆਂ ਉਹ ਮਿੱਟੀ ਨਾਲ ਮਿੱਟੀ ਹੁੰਦੀਆਂ ਰੂਹਾਂ।

ਕਿੱਥੇ ਗਏ : ਕੁੜੀਆਂ ਦੇ ਝੁੰਡ, ਹਵਾ ਵਿਚ ਲਹਿਰਾਉਂਦੀਆਂ ਫੁਲਕਾਰੀਆਂ, ਉਨ੍ਹਾਂ ਦੇ ਹਾਸੇ, ਉਨ੍ਹਾਂ ਦੇ ਦੰਦਾਸੇ, ਉਨ੍ਹਾਂ ਦੇ ਹੱਥੀਂ ਛਣਕਦੇ ਰੰਗ-ਬਰੰਗੇ ਗਜਰੇ-ਚੂੜੀਆਂ।

ਹੁਣ ਤਕ ਪਿੰਡ ਦੁਆਲੇ ਦੂਸਰਾ ਗੇੜਾ ਵੀ ਲੱਗ ਚੁੱਕਾ ਸੀ। ਕਰਮੇ ਨੂੰ ਨਾ ਕਿਸੇ ਨੇ ਚਾਹ, ਨਾ ਹੀ ਰੋਟੀ-ਪਾਣੀ ਲਈ ਸੁਲਹ ਮਾਰੀ।

ਭੂਰੇ ਰੰਗ ਦੀ ਚਾਦਰ ਦੀ ਬੁੱਕਲ ਮਾਰੀ ਕਰਮਾ ਪਿੰਡੋਂ ਬਾਹਰਵਾਰ ਇਕ ਸੁੱਕੇ ਬਰੋਟੇ ਹੇਠ ਕੁਝ ਆਰਾਮ ਕਰਨ ਲਈ ਬੈਠ ਗਿਆ। ਪਿੰਡ ਦੇ ਕੁਝ ਬੱਚੇ ਆਉਣੇ ਸ਼ੁਰੂ ਹੋ ਗਏ। ਕੁਝ ਰਾਹਗੀਰ ਵੀ ਰੁਕ ਗਏ।

'ਇਹ ਕੌਣ ਨੇ?' ਇਕ ਰਾਹਗੀਰ ਦੇ ਬੋਲ ਸਨ।

'ਇਹ ਸਵੇਰ ਦਾ ਸਾਡੇ ਪਿੰਡ ਆਇਆ ਹੋਇਆ। ਲੱਗਦਾ ਕੋਈ ਬਾਬਾ ਹੋਊ!'

ਕਰਮਾ ਸਵੇਰ ਦਾ ਥੱਕਾ-ਟੁੱਟਾ ਕਿਸੇ ਅਗੰਮੀ ਸਮਾਧੀ ਵਿਚ ਗਵਾਚ ਚੁੱਕਾ ਸੀ। ਜਨਮ ਤੋਂ ਲੈ ਕੇ ਅੱਜ ਤਕ ਦੇ ਸਫ਼ਰ ਨੂੰ ਆਪਣੇ ਪਿੰਡ ਨਾਲ ਜੋੜ-ਜੋੜ ਕੇ ਵੇਖਦਾ। ਐਡਾ ਵੀ ਕੀ ਸਿਤਮ ਢਹਿ ਪਿਆ? ਆਪਣੀ ਮਿੱਟੀ, ਆਪਣੇ ਪਿੰਡ, ਆਪਣੇ ਹੀ ਲੋਕਾਂ ਵਿਚ ਏਨੀ ਬੇਗਾਨਗੀ?

ਮਾਇਆ ਦੀ ਸਰਦਾਰੀ ਨੇ, ਇਸ ਦੀ ਭੁੱਖ ਨੇ ਸਮਾਜ ਨੂੰ ਤੀਲਾ-ਤੀਲਾ ਕਰਕੇ ਖਿੰਡਾ ਦਿੱਤਾ। ਅਜਿਹਾ ਹੋਣਾ ਹੀ ਸੀ। ਮਾਇਆ ਦੇ ਕੋਹੜ ਨੇ ਹਰ ਵਰਗ, ਹਰ ਖੇਤਰ ਨੂੰ ਬਿਮਾਰ ਕਰਨਾ ਸੀ। ਕਰਮਾ ਇਸ ਕੋਹੜ ਤੋਂ ਨਿਜਾਤ ਪਾਉਣ ਲਈ ਕਿਸੇ ਕਾਫ਼ਲੇ ਦੀ ਭਾਲ ਕਰਨ ਲੱਗਾ। ਉਸ ਨੂੰ ਮਰਜੀਵੜਿਆਂ ਦੀ ਲੋੜ ਸੀ। ਕਰਮਾ ਜ਼ਿੰਦਗੀ ਦੇ ਤੀਸਰੇ ਪੜਾਅ ਅੰਦਰ ਪਹੁੰਚ ਚੁੱਕਾ ਸੀ। ਮੋਢੇ ਉੱਪਰ ਝੋਲਾ, ਚਾਦਰ ਦੀ ਬੁੱਕਲ ਮਾਰੀ ਕਰਮਾ ਆਪਣੇ ਰਾਹੇ ਪੈ ਚੁੱਕਾ ਸੀ। ਚਾਹੇ ਉਹ ਰਾਹਾਂ ਤੋਂ ਅਣਜਾਣ ਸੀ ਪਰ ਉਸ ਨੂੰ ਆਪਣੀ ਮੰਜ਼ਿਲ ਦਾ ਪਤਾ ਸੀ।

ਰੁੱਸਿਆ ਰੁੱਸਿਆ ਚਾਰ-ਚੁਫੇਰਾ ਲੱਗਦਾ ਏ।
ਹਰ ਕੋਈ ਏਥੇ ਖਿਝਿਆ ਖਿਝਿਆ ਲੱਗਦਾ ਏ।
ਆਪਣੇ ਘਰ ਦਾ ਪਤਾ ਮੈਂ ਡਰਦਾ ਪੁੱਛਦਾ ਨਹੀਂ,
ਹਰ ਕੋਈ ਜਿਵੇਂ ਬਾਹਰੋਂ ਆਇਆ ਲੱਗਦਾ ਏ।
ਵੱਟਾਂ ਬੰਨੇ ਖੇਤ ਓਪਰੇ ਦਿਸਦੇ ਨੇ,
ਪਾਣੀ ਨਾਲ ਯਾਰਾਨਾ ਟੁੱਟਿਆ ਲੱਗਦਾ ਏ।
ਵਾਹੋ-ਦਾਹੀ ਖਲਕਤ ਦੌੜੀ ਫਿਰਦੀ ਏ,
ਸੁੱਕਾ ਪੱਤਾ ਰੁਲ਼ਦਾ ਬੰਦਾ ਲੱਗਦਾ ਏ।
ਉਮਰੋਂ ਪਹਿਲਾਂ ਮੁੱਕ ਜਾਣ ਦੀ ਠਾਣ ਲਈ,
ਹਰ ਕੋਈ ਕਾਹਲੀ ਤੋਂ ਵੀ ਕਾਹਲਾ ਲੱਗਦਾ ਏ।
ਕੱਲ-ਮੁ-ਕੱਲਾ ਹਰ ਕੋਈ ਹੋਣ ਨੂੰ ਫਿਰਦਾ ਏ,
ਗੁੰਮ ਹੋਇਆ ਵਿਚ ਭੀੜ-ਭੜੱਕਾ ਲੱਗਦਾ ਏ।
ਮਨ-ਮਸਤਕ ਸੰਗ ਰੂਹ ਦਾ ਰਿਸ਼ਤਾ ਲਾ ਵੇਖੀਂ,
ਬੇੜਾ ਹੋਜੂ ਪਾਰ ਕਰਮਿਆ ਲੱਗਦਾ ਏ!

-o-